# ਸੰਤ ਰਵਿਦਾਸ ਅਤੇ ਗੁਰੂ ਨਾਨਕ : ਇੱਕ ਤੁਲਨਾਤਮਕ ਅਧਿਐਨ
## (ਦਾਰਸ਼ਨਿਕ ਦ੍ਰਿਸ਼ਟੀ ਤੋਂ)

# SANT RAVI DASS ATE GURU NANAK : IK TULNATMAK ADHYAN (DARSHNIK DRISHTI TON)

THESIS

SUBMITTED TO THE PANJAB UNIVERSITY, CHANDIGARH
FOR THE DEGREE OF

**DOCTOR OF PHILOSOPHY**

IN THE FACULTY OF LANGUAGES

**1991**

PANJAB UNIVERSITY LIBRARY

**Makhan Singh**

## ਦੋ ਸ਼ਬਦ

ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀ ਢਰੈ।
ਨੀਚਹੁ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ।।

ਸ਼੍ਰੀ ਗੁਰੂ ਗ੍ਰੰਥ ਸਾਹਿਬ ਮਹਾਂਕਾਲੀ ਸੰਤਾਂ ਦੀ ਅਮੁੱਲ ਅਤੇ ਪਵਿੱਤਰ ਬਾਣੀ ਦਾ ਇੱਕ ਅਮੁੱਲਾ ਸੰਗ੍ਰਹਿ ਹੈ। ਜਿਸ ਨੂੰ ਪੰਜਾਬੀ ਅਤੇ ਹਿੰਦੀ ਸਾਹਿਤ ਵਿਚ ਬੜਾ ਸਤਿਕਾਰ ਤੇ ਮਾਣਯੋਗ ਸਥਾਨ ਪ੍ਰਾਪਤ ਹੈ। ਇਹ ਅਮਰ ਸਾਹਿਤ ਜਿੱਥੇ ਇੱਕ ਅਕਾਲ-ਪੁਰਖ ਦਾ ਸੁਨੇਹਾ ਦਿੰਦਾ ਹੈ, ਉਥੇ ਅੱਜ ਕਲਿਜੁੱਗ ਦੇ ਸਮੇਂ ਵਿੱਚ ਮਨੁੱਖ ਦੀ ਹਰ ਪੱਖੋਂ ਅਗਵਾਈ ਵੀ ਕਰਦਾ ਹੈ। ਕਿਉਂ ਕਿ ਮਨੁੱਖਾ ਜੀਵਨ ਇੱਕ ਅਥਾਹ ਸਮੁੰਦਰ ਹੈ। ਇਸ ਦੇ ਘੂਰ, ਮੁਸ਼ਕਲਾਂ ਅਤੇ ਚੁਣੌਤੀਆਂ ਭਰੇ ਰਾਹਾਂ ਤੇ ਅਗਵਾਈ ਦੀ ਸਖ਼ਤ ਜ਼ਰੂਰਤ ਹੈ। ਸੁਚੱਜੀ ਅਗਵਾਈ ਦੀ ਅਣਹੋਂਦ ਸਦਕਾ ਮਨੁੱਖਾ ਜਿੰਦਗੀ ਦੀ ਸੇਧ, ਉਦੇਸ਼ ਅਤੇ ਮਨੋਰਥ ਹੀ ਬਦਲ ਜਾਂਦਾ ਹੈ। ਇਹ ਸੁਚੱਜੀ ਅਗਵਾਈ ਗੁਰੂ ਸਾਹਿਬਾਨ ਦੀ ਬਾਣੀ ਵਿਚੋਂ ਸਹਿਜੇ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਭਾਵੇਂ ਹਰ ਉਦੇਸ਼ ਅਤੇ ਕਾਰਜ ਲਈ ਸਮੇਂ ਤੇ ਸਥਾਨ ਦੀ ਏਕਤਾ ਬਹੁਤ ਜ਼ਰੂਰੀ ਹੈ, ਪਰ ਕਿਸਮਤ ਜਾਂ ਤਕਦੀਰ ਮਨੁੱਖ ਦੇ ਆਪਣੇ ਹੱਥ ਹੁੰਦਿਆਂ ਹੋਇਆਂ ਵੀ ਮੈਂ ਇਸ ਨੂੰ ਸਮੇਂ ਤੇ ਸਥਾਨ ਨਾਲ ਹੀ ਜੋੜਾਂਗਾ, ਕਿਉਂਕਿ ਕਈ ਵਾਰ ਹੋਣੀ ਮਨੁੱਖ ਦੇ ਮੂੰਹ ਤੇ ਅਜਿਹਾ ਥੱਪੜ ਮਾਰਦੀ ਹੈ ਕਿ ਉਸ ਦੀ ਤਕਦੀਰ ਹੀ ਪਲਟ ਕੇ ਰੱਖ ਦਿੰਦੀ ਹੈ। ਇਸੇ ਸੁਚੱਜੀ ਅਗਵਾਈ ਦੀ ਘਾਟ ਕਰਕੇ ਜਿਸ ਕਾਰਜ ਨੂੰ ਮੈਂ 1986 ਵਿੱਚ ਛੋਹਿਆ, ਇਸ ਨੂੰ 10–12 ਸਾਲ ਪਹਿਲਾਂ ਵੀ ਛੋਹਿਆ ਜਾ ਸਕਦਾ ਸੀ ਅਤੇ ਜੀਵਨ ਖੇਤਰ ਨੂੰ ਹੀ ਬਦਲਿਆ ਜਾ ਸਕਦਾ ਸੀ।

ਐਮ.ਏ. ਦੀ ਪੜ੍ਹਾਈ ਪੂਰੀ ਕਰਨ ਉਪਰੰਤ ਮਨ ਵਿਚ ਇਸ ਕਾਰਜ ਦੀ ਪੂਰਤੀ ਲਈ ਰੀਝ ਤਾਂ ਪੈਦਾ ਹੋਈ ਪਰ ਸਮੇਂ ਦੀ ਲੁਕਣਮੀਟੀ ਨੇ ਇਹ ਮੌਕਾ ਪ੍ਰਦਾਨ ਨਾ ਕੀਤਾ। 1979 ਵਿੱਚ ਪੰਜਾਬ ਸਰਕਾਰ ਦੁਆਰਾ ਚਲਾਏ ਆਦਰਸ਼ ਸਕੂਲਾਂ ਵਿਚ ਨਿਯੁਕਤੀ ਹੋ ਜਾਣ ਤੇ ਇੱਕ ਵਾਰ ਮਨ ਸੰਤੁਸ਼ਟੀ ਮਹਿਸੂਸ ਕਰਨ ਲੱਗਾ, ਪਰ ਛੇਤੀ ਹੀ ਆਦਰਸ਼ ਸਕੂਲਾਂ ਦਾ ਭਵਿੱਖ ਧੁੰਦਲਾ ਤੇ ਡਾਵਾਂ ਡੋਲ ਹੋ ਜਾਣ ਤੇ ਮਨ ਵਿੱਚ ਇੱਕ ਵਾਰ ਫਿਰ ਹਲਚਲ ਮਚ ਉੱਠੀ। ਉਦੋਂ ਤੱਕ ਜਿੰਦਗੀ ਦਾ ਇੱਕ ਸੁਨਹਿਰੀ ਮੌਕਾ ਤੇ ਕੀਮਤੀ ਸਮਾਂ ਹੱਥੋਂ ਨਿਕਲ ਚੁੱਕਾ ਸੀ।

ਭਾਵੇਂ 1979 ਤੋਂ 1983 ਤੱਕ ਸ੍ਰੀ ਸੁਰਿੰਦਰ ਮੋਹਨ ਖੋਸਲਾ ਦਾ ਇਸੇ ਆਦਰਸ਼ ਸਕੂਲ ਵਿਚ ਸਾਥ ਤੇ ਪਿਆਰ ਰਿਹਾ, ਪਰ ਉਨ੍ਹਾਂ ਦੇ ਇਸ ਸਕੂਲ ਵਿਚੋਂ ਜਾਣ ਪਿਛੋਂ ਸਤੰਬਰ, 1986 ਵਿੱਚ ਅਚਾਨਕ ਉਨ੍ਹਾਂ ਨਾਲ ਇੱਕ ਦਿਨ ਮੇਲ ਹੋਣ ਤੇ ਇਸ ਸੰਬੰਧੀ ਗੱਲ ਹੋਈ। ਉਨ੍ਹਾਂ ਨੇ ਡਾ. ਸ੍ਰੀ ਧਰਮਪਾਲ ਸਿੰਗਲ ਜੀ ਦਾ ਜ਼ਿਕਰ ਕੀਤਾ। ਬੱਸ ਫਿਰ ਕੀ ਸੀ, ਸਮੇਂ ਨੇ ਸਬੱਬ ਆਪੇ ਜੋੜ ਲਿਆ। ਪ੍ਰੋਗਰਾਮ ਤਹਿ ਕਰਕੇ ਡਾ. ਸ੍ਰੀ ਧਰਮਪਾਲ ਸਿੰਗਲ ਜੀ ਕੋਲ ਪਹੁੰਚ ਗਏ। ਉਨ੍ਹਾਂ ਦੀ ਇੱਕੋ ਮਿਲਣੀ ਤੇ ਦਰਸ਼ਨਾਂ ਨੇ ਚਿਰਾਂ ਤੋਂ ਲਟਕਦੀ ਰੀਝ ਦੇ ਪੂਰਾ ਹੋਣ ਬਾਰੇ ਯਕੀਨ ਬੰਨ੍ਹ ਦਿੱਤਾ। ਮਨ ਵਿੱਚ ਉਨ੍ਹਾਂ ਲਈ ਅਥਾਹ, ਪਿਆਰ, ਸਤਿਕਾਰ ਤੇ ਸ਼ਰਧਾ ਪੈਦਾ ਕਰ ਦਿੱਤੀ, ਤੇ ਹੁਣ ਇਸ ਮਨੋਰਥ ਦੀ ਪੂਰਤੀ ਲਈ ਤਾਂਘ ਮਨ ਵਿਚ ਉਛਾਲੇ ਖਾਣ ਲੱਗੀ। ਪ੍ਰੋ. ਸਾਹਿਬ ਨੇ ਮੇਰੇ ਨਿਮਾਣੇ ਤੇ ਅੰਤਾਂ ਦੀ ਮਿਹਰ ਕੀਤੀ। 'ਹਾਂ' ਕਰਕੇ ਮੈਨੂੰ ਜ਼ਿੰਦਗੀ ਵਿਚ ਇੱਕ ਚਿਤਾਰਿਆ ਤੇ ਭੁੱਲਿਆ ਵਿਸਰਿਆ ਸੁਨਹਿਰੀ ਮੌਕਾ ਬਖ਼ਸ਼ ਦਿੱਤਾ। ਉਂਞ ਤਾਂ ਪ੍ਰੋ. ਸਾਹਿਬ ਦੇ ਨਾਂ ਤੋਂ ਹੀ ਸਪਸ਼ਟ ਹੈ, ਧਰਮ--ਪਾਲ। ਪਰ ਫਿਰ ਵੀ ਮੈਂ ਜ਼ਿਕਰ ਕਰਨੋਂ ਨਹੀਂ ਰਹਿ ਸਕਦਾ ਕਿ ਜੋ ਪਿਆਰ, ਸਤਿਕਾਰ ਅਤੇ ਸੁਚੱਜੀ ਅਗਵਾਈ ਮੈਨੂੰ ਪ੍ਰੋ. ਸਾਹਿਬ ਤੋਂ ਮਿਲੀ ਹੈ, ਮੈਂ ਸਦਾ ਹੀ ਰਿਣੀ ਹਾਂ। ਇਸ ਲਈ, 'ਧੰਨਵਾਦ', 'ਭੁਲਾ ਨਹੀਂ ਸਕਦਾ', 'ਬਹੁਤ-ਬਹੁਤ ਸ਼ੁਕਰ ਗੁਜ਼ਾਰ' ਆਦਿ ਰਸਮੀ ਸ਼ਬਦ ਮੈਨੂੰ ਬਹੁਤ ਛੋਟੇ ਜਾਪਦੇ ਹਨ। ਦਿਲ ਦੀਆਂ ਇਨ੍ਹਾਂ ਭਾਵਨਾਵਾਂ ਨੂੰ ਵਿਅਕਤ ਕਰਨਾ ਬਹੁਤ ਮੁਸ਼ਕਲ ਹੈ।

ਬਾਣੀ ਲਈ ਮੇਰੇ ਮਨ ਵਿਚ ਪਿਆਰ ਤੇ ਸਤਿਕਾਰ ਤਾਂ ਪਹਿਲਾਂ ਹੀ ਸੀ, ਪਰ ਪੀ.ਐਚ.ਡੀ. ਵਿੱਚ ਨਾਂ ਦਰਜ ਹੋ ਜਾਣ ਤੇ ਗੁਰਬਾਣੀ ਲਈ ਇਸ ਪਿਆਰ ਤੇ ਸਤਿਕਾਰ ਨੇ ਇੱਕ ਨਵੀਂ ਦਿਸ਼ਾ/ਉਤਸ਼ਾਹ ਪ੍ਰਦਾਨ ਕੀਤਾ। ਆਪਣੇ ਇਸ ਅਰਸੇ ਦੁਹਰਾਨ ਮੈਂ ਸ੍ਰੀ ਗੁਰੂ ਰਵਿਦਾਸ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਦਰਸ਼ਨ ਕਰਨ ਅਤੇ ਪੜ੍ਹਨ ਦੇ ਨਾਲ ਨਾਲ ਇਸ ਨੂੰ ਨਿਹਾਰਨ ਦੀ ਵੀ ਪੂਰੀ ਕੋਸ਼ਿਸ਼ ਕੀਤੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸ੍ਰੀ ਗੁਰੂ ਰਵਿਦਾਸ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ-ਦਰਸ਼ਨ ਬਾਰੇ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿੱਚ ਕਾਫ਼ੀ ਕੁਝ ਲਿਖਿਆ ਜਾ ਚੁੱਕਾ ਹੈ, ਪ੍ਰੰਤੂ ਇਨ੍ਹਾਂ ਦੇ ਜੀਵਨ ਅਤੇ ਦਰਸ਼ਨ ਬਾਰੇ ਤੁਲਨਾਤਮਿਕ ਅਧਿਐਨ ਅਜੇ ਤੱਕ ਬਹੁਤ ਘੱਟ ਹੋਇਆ ਹੈ। ਕਿਉਂਕਿ ਦੋਵੇਂ ਗੁਰੂ ਸਾਹਿਬਾਨ ਸਮਕਾਲੀ ਹੋਏ ਹਨ ਅਤੇ ਦੋਵੇਂ ਹੀ ਮਹਾਨ ਵਿਦਵਾਨ ਸਨ, ਵਿਚਾਰਧਾਰਾ ਵੀ ਆਪਸ ਵਿੱਚ ਮੇਲ ਖਾਂਦੀ ਹੈ। ਇਸ ਲਈ ਉਨ੍ਹਾਂ ਦੀ ਵਿਚਾਰਧਾਰਾ ਨੂੰ ਇਕੱਠਿਆਂ ਪੇਸ਼ ਕਰਕੇ ਜਨ ਸਾਧਾਰਣ ਸਾਹਮਣੇ ਰੱਖਣ ਦੀ ਜ਼ਰੂਰਤ ਹੈ ਤਾਂ ਕਿ ਇਸ ਦੁਬਿਧਾ ਅਤੇ ਮੁਸ਼ਕਲਾਂ ਭਰੇ ਮਾਹੌਲ ਵਿਚ ਜਨ-

ਸਾਧਾਰਣ ਨੂੰ ਸਹੀ ਅਗਵਾਈ ਅਤੇ ਮਾਰਗ ਮਿਲ ਸਕੇ। ਇਸੇ ਉਦੇਸ਼ ਨੂੰ ਮੁੱਖ ਰੱਖ ਕੇ ਮੈਂ ਆਪਣੇ ਸ਼ੋਧ-ਪ੍ਰਬੰਧ ਵਿੱਚ ਇਨ੍ਹਾਂ ਦੀ ਵਿਚਾਰਧਾਰਾ ਸੰਬੰਧੀ ਆਪਣੇ ਨਿਗੂਣੇ ਜਿਹੇ ਵਿਚਾਰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਂਞ ਤਾਂ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਤੇ ਜੀਵਨ ਦਰਸ਼ਨ ਨੂੰ ਸਮਝਣਾ ਬਹੁਤ ਦੂਰ ਦੀ ਗੱਲ ਹੈ, ਕਿਉਂਕਿ ਉਨ੍ਹਾਂ ਵਰਗੀ ਉੱਚੀ ਆਤਮਕ ਅਵਸਥਾ ਤੇ ਪਹੁੰਚ ਕੇ ਹੀ ਉਨ੍ਹਾਂ ਦੀ ਵਿਚਾਰਧਾਰਾ ਨੂੰ ਸਮਝਿਆ ਜਾ ਸਕਦਾ ਹੈ ਪਰ ਅਸੀਂ ਕਲਜੁਗੀ ਜੀਵ ਤਾਂ ਉਸ ਆਤਮਕ ਅਵਸਥਾ ਤੋਂ ਕੋਹਾਂ ਦੂਰ ਹਾਂ। ਫਿਰ ਵੀ ਉਨ੍ਹਾਂ ਦੀ ਵਿਚਾਰਧਾਰਾ ਨੂੰ ਸਮਝਣਾ ਜੀਵ ਦੀ ਕੋਸ਼ਿਸ਼ ਹੋਣੀ ਚਾਹੀਦੀ ਹੈ।

ਸ੍ਰੀ ਗੁਰੂ ਰਵਿਦਾਸ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੁੱਚੇ ਜੀਵਨ ਅਤੇ ਵਿਚਾਰਧਾਰਾ ਦੀ ਖੋਜ ਅਤੇ ਪੜਚੋਲ ਕਰਨੀ ਬੜੀ ਔਖੀ ਗੱਲ ਤੇ ਅਸੀਮਤ ਖੇਤਰ ਹੈ। ਮੇਰੀ ਨਜ਼ਰ ਇਨ੍ਹਾਂ ਦੇ ਦਾਰਸ਼ਨਿਕ ਸਿਧਾਂਤਾਂ ਵਿੱਚੋਂ ਬ੍ਰਹਮ, ਜੀਵ, ਜਗਤ, ਮਾਇਆ ਅਤੇ ਮੋਕਸ਼ ਤੱਕ ਹੀ ਸੀਮਤ ਹੈ। ਭਾਰਤੀ ਦਰਸ਼ਨ ਤੇ ਪਿਛੋਕੜ ਬਾਰੇ ਬੜੀ ਸੰਖੇਪ ਵਿਚ ਚਰਚਾ ਕੀਤੀ ਗਈ ਹੈ। ਇਸ ਤਰ੍ਹਾਂ ਸਮੁੱਚੇ ਸੋਧ ਪ੍ਰਬੰਧ ਨੂੰ ਪੰਜ ਅਧਿਆਇ ਵਿੱਚ ਵੰਡਿਆ ਗਿਆ ਹੈ। ਅੰਤ ਵਿੱਚ ਸਮੁੱਚਾ ਮੁਲਿਆਂਕਣ ਕੀਤਾ ਗਿਆ ਹੈ।

ਪਹਿਲੇ ਅਧਿਆਇ ਵਿੱਚ ਵੇਦਾਂ ਤੋਂ ਲੈ ਕੇ ਗੁਰੂ ਸਾਹਿਬਾਨ ਤੱਕ ਭਾਰਤੀ ਦਰਸ਼ਨ ਪਰੰਪਰਾ ਨੂੰ ਸੰਖੇਪ ਵਿੱਚ ਘੋਖਿਆ ਗਿਆ ਹੈ। ਇਹ ਵੇਖਿਆ ਗਿਆ ਕਿ ਗੁਰੂ ਸਾਹਿਬਾਨ ਤੱਕ ਪਹੁੰਚਦਿਆਂ ਇਸ ਲੰਮੇਰੀ ਪਰੰਪਰਾ ਨੇ ਕਈ ਰੂਪ ਵਟਾਏ। ਗੁਰੂ ਸਾਹਿਬਾਨ ਨੇ ਇਸ ਲੰਮੇਰੀ ਪਰੰਪਰਾ ਨੂੰ ਘੋਖਣ ਪਿਛੋਂ ਹੀ ਆਪਣੀ ਨਵੀਨ ਤੇ ਨਵੇਕਲੀ ਵਿਚਾਰਧਾਰਾ ਪੇਸ਼ ਕੀਤੀ। ਜੋ ਵੇਦਾਂ ਤੇ ਉਪਨਿਸ਼ਦਾਂ ਦੇ ਮੁਕਾਬਲੇ ਜ਼ਿਆਦਾ ਸਰਲ, ਅਤੇ ਲੋਕ ਕਲਿਆਣਕਾਰੀ ਸੀ। ਇਸ ਲਈ ਵੇਦਾਂ ਅਤੇ ਉਪਨਿਸ਼ਦਾਂ ਵਿਚਲੇ ਕਰਮਕਾਂਡਾਂ ਅਤੇ ਜਟਿਲ ਵਿਚਾਰਧਾਰਾ ਤੋਂ ਤੰਗ ਆਈ ਜਨਤਾ ਨੇ ਸਹਿਜੇ ਹੀ ਕ੍ਰਾਂਤੀ ਲਹਿਰ ਦੀ ਵਿਚਾਰਧਾਰਾ ਨੂੰ ਅਪਣਾ ਲਿਆ।

ਦੂਜੇ ਅਧਿਆਇ ਵਿੱਚ ਸੰਤ ਰਵਿਦਾਸ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬ੍ਰਹਮ ਦਰਸ਼ਨ ਤੇ ਤੁਲਨਾਤਮਕ ਵਿਚਾਰ ਕੀਤੀ ਗਈ ਹੈ। ਇਹ ਸਿੱਟਾ ਕੱਢਿਆ ਗਿਆ ਹੈ ਕਿ ਸੰਤ ਰਵਿਦਾਸ ਦੀ ਵਿਚਾਰਧਾਰਾ ਰਾਮਾਨੁਜ ਵਿਚਾਰਧਾਰਾ ਨਾਲ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ

ਦੀ ਵਿਚਾਰਧਾਰਾ ਵੱਲਭ ਦੀ ਵਿਚਾਰਧਾਰਾ ਨਾਲ ਜ਼ਿਆਦਾ ਮੇਲ ਖਾਂਦੀ ਹੈ। ਪਰ ਬਹੁਤੇ ਥਾਵਾਂ ਤੇ ਦੋਹਾਂ ਗੁਰੂ ਸਾਹਿਬਾਨ ਦੇ ਵਿਚਾਰ ਆਪਸ ਵਿਚ ਬਿੱਲਕੁੱਲ ਮਿਲਦੇ ਹਨ। ਦੋਵੇਂ ਗੁਰੂ ਭਾਵੇਂ ਨਿਰਗੁਣਵਾਦੀ ਸਨ ਪਰ ਉਨ੍ਹਾਂ ਦਾ ਵਿਸ਼ਵਾਸ ਸਗੁਣ ਬ੍ਰਹਮ ਵਿਚ ਵੀ ਉਨਾ ਹੀ ਸੀ। ਉਨ੍ਹਾਂ ਨੇ ਬਹੁਦੇਵਵਾਦ, ਮੂਰਤੀਪੂਜਾ ਦਾ ਵਿਰੋਧ ਕੀਤਾ ਅਤੇ ਸਰਬ ਸ਼ਕਤੀਮਾਨ ਅਤੇ ਸਰਬ-ਵਿਆਪਕ ਅਕਾਲ ਪੁਰਖ ਦੇ ਖਿਆਲ ਦਾ ਪ੍ਰਚਾਰ ਕੀਤਾ।

ਤੀਜੇ ਅਧਿਆਇ ਵਿੱਚ ਦੋਵੇਂ ਗੁਰੂ ਸਾਹਿਬਾਨ ਦੀ ਜੀਵ-ਜਗਿਆਸਾ ਨੂੰ ਘੋਖਣ ਤੋਂ ਬਾਅਦ ਇਹ ਪਤਾ ਲੱਗਦਾ ਹੈ ਕਿ ਗੁਰੂ ਰਵਿਦਾਸ ਜੀ ਬ੍ਰਹਮ ਅਤੇ ਜੀਵ ਵਿਚਲੇ ਸੰਬੰਧ ਨੂੰ ਵਿਸ਼ਿਸ਼ਟ ਅਦਵੈਤ ਮੰਨਦੇ ਹਨ ਜਦੋਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਸ਼ੁੱਧ ਅਦਵੈਤ ਦੇ ਧਾਰਨੀ ਹਨ। ਪਰ ਦੋਵੇਂ ਗੁਰੂ ਸਾਹਿਬਾਨ ਆਤਮਾ ਨੂੰ ਸ਼ੁੱਧ, ਮੁਕਤ ਅਤੇ ਪਰਮਾਤਮਾ ਦਾ ਰੂਪ ਮੰਨਦੇ ਹਨ।

ਚੌਥੇ ਅਧਿਆਇ ਵਿੱਚ ਗੁਰੂ ਸਾਹਿਬਾਨ ਦੇ ਜਗਤ ਅਤੇ ਮਾਇਆ ਦੇ ਸਿਧਾਂਤ ਤੇ ਵਿਚਾਰ ਪਿਛੋਂ ਪਤਾ ਲਗਦਾ ਹੈ ਕਿ ਸੰਤ ਰਵਿਦਾਸ ਜੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਗਤ ਰਚਨਾ ਦਾ ਨਮਿੱਤ ਅਤੇ ਉਪਾਦਾਨ ਕਾਰਣ ਬ੍ਰਹਮ ਨੂੰ ਹੀ ਮੰਨਿਆ ਹੈ। ਸ੍ਰਿਸ਼ਟੀ ਤੋਂ ਪਹਿਲਾਂ ਅਨੰਤ ਜੁੱਗਾਂ ਤੱਕ ਅੰਧਕਾਰ ਦੀ ਅਵਸਥਾ ਸੀ। ਬ੍ਰਹਮ ਦੀ ਇੱਛਾ ਹੋਈ ਤਾਂ ਸ੍ਰਿਸ਼ਟੀ ਹੋਂਦ ਵਿਚ ਆਈ। ਪਰਮਾਰਥਕ ਸਤਿ ਕੇਵਲ ਪਰਮਾਤਮਾ ਹੈ, ਜਗਤ ਮਿਥਿਆ ਹੈ। ਸਮੁੱਚੇ ਜਗਤ ਵਿੱਚ ਅਵਿਦਿਆ ਅਤੇ ਅਗਿਆਨਤਾ ਹਿੱਤ ਕੀਤੇ ਸਾਰੇ ਕਰਮ ਮਾਇਆ ਹੈ, ਜੋ ਪ੍ਰਭੂ ਦੀ ਪ੍ਰਬਲ ਸ਼ਕਤੀ ਤੇ ਸੰਸਾਰਕ ਪ੍ਰਪੰਚ ਹੈ। ਮਨ ਅਤੇ ਮਾਇਆ ਦਾ ਆਪਸੀ ਗੂੜ੍ਹਾ ਰਿਸ਼ਤਾ ਹੈ।

ਪੰਜਵੇਂ ਅਧਿਆਇ ਵਿਚ ਮੋਕਸ਼ ਸਿਧਾਂਤ ਤੇ ਵਿਚਾਰ ਕੀਤੀ ਗਈ ਹੈ। ਦੋਵੇਂ ਗੁਰੂ ਸਾਹਿਬਾਨ ਨੇ 'ਜੀਵਨ-ਮੁਕਤੀ' ਨੂੰ ਸ੍ਰੇਸ਼ਠ ਮੰਨਿਆ ਹੈ। ਅਸਲ ਵਿਚ ਸੰਸਾਰ ਵਿਚ ਰਹਿੰਦਿਆਂ ਸੰਸਾਰਕ ਕਾਰ-ਵਿਹਾਰ ਕਰਦਿਆਂ ਮੋਹ-ਮਾਇਆ ਤੋਂ ਨਿਰਲੇਪ ਰਹਿਕੇ ਪ੍ਰਭੂ ਨਾਲ ਜੁੜਨਾ ਹੀ ਮੁਕਤੀ ਹੈ। ਮੁਕਤੀ ਸੰਬੰਧੀ ਧਾਰਨਾ ਦੇ ਅੰਸ਼ ਭਾਵੇਂ ਵੇਦਾਂ ਉਪਨਿਸ਼ਦਾਂ ਵਿਚ ਮਿਲਦੇ ਹਨ ਪਰ ਫਿਰ ਵੀ

ਉਨ੍ਹਾਂ ਦੀ ਇਹ ਧਾਰਨਾ ਮੌਲਿਕ ਅਤੇ ਸਮੇਂ ਦੀਆਂ ਲੋੜਾਂ ਅਨੁਸਾਰ ਹੈ।

ਇਸ ਖੋਜ ਲਈ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਸੰਬੰਧੀ ਪ੍ਰੋ. ਧਰਮ ਪਾਲ ਸਿੰਗਲ ਦੁਆਰਾ ਸੰਪਾਦਤ ਕੀਤੀ ਪੁਸਤਕ 'ਬਾਣੀ –ਸ੍ਰੀ ਗੁਰੂ ਰਵਿਦਾਸ ਜੀ' ਨੂੰ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਸੰਬੰਧੀ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਨੂੰ ਮੁੱਖ ਤੌਰ ਤੇ ਆਧਾਰ ਬਣਾਇਆ ਗਿਆ ਹੈ। ਕਿਉਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਬਾਕੀ ਗੁਰੂ ਸਾਹਿਬਾਨ ਇੱਕ 'ਜੋਤਿ ਸਰੂਪ' ਹਨ, ਅਸੀਂ ਉਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਦਾ ਹੀ ਰੂਪ ਮੰਨਦੇ ਹਾਂ, ਇਸ ਲਈ ਲੋੜ ਅਨੁਸਾਰ ਵਿਚਾਰਾਂ ਦੀ ਸਪਸ਼ਟਤਾ ਲਈ ਬਾਕੀ ਗੁਰੂ ਸਾਹਿਬਾਨ ਦੀ ਬਾਣੀ ਵਿਚੋਂ ਵੀ ਉਦਾਹਰਣਾਂ ਤੇ ਟੂਕਾਂ ਦਿੱਤੀਆਂ ਗਈਆਂ ਹਨ। ਜਿਸ ਕਰਕੇ ਸ਼ੋਧ-ਪ੍ਰਬੰਧ ਦਾ ਆਕਾਰ ਵੀ ਕੁਝ ਵੱਡਾ ਹੋ ਗਿਆ ਹੈ। ਸੰਤ ਰਵਿਦਾਸ ਕਿਉਂ ਕਿ ਸੰਤ ਹੋਣ ਦੇ ਨਾਲ-ਨਾਲ ਗੁਰੂ ਵੀ ਹਨ, ਇਸ ਲਈ ਉਨ੍ਹਾਂ ਲਈ ਬਹੁਤ ਥਾਵਾਂ ਤੇ 'ਗੁਰੂ' ਸ਼ਬਦ ਵੀ ਵਰਤਿਆ ਗਿਆ ਹੈ।

ਅੰਤ ਵਿੱਚ ਮੈਂ ਸ੍ਰੀ ਕਮਲੇਸ਼ ਭਾਰਤੀ, ਸ੍ਰੀ ਸੁਰਿੰਦਰ ਮੋਹਨ ਖੋਸਲਾ, ਸ. ਹਰਨੇਕ ਸਿੰਘ ਘੜੋਆ, ਸੁਰਜੀਤ ਸਿੰਘ, ਸ੍ਰੀ ਸੇਵਾ ਸਿੰਘ ਅਤੇ ਉਨ੍ਹਾਂ ਸਭ ਵਿਦਵਾਨਾਂ ਅਤੇ ਦੋਸਤਾਂ ਦਾ ਤਹਿ ਦਿਲੋਂ ਧੰਨਵਾਦੀ ਹਾਂ, ਜਿਨ੍ਹਾਂ ਨੇ ਸਿੱਧੇ ਜਾਂ ਅਸਿੱਧੇ ਢੰਗ ਨਾਲ ਮੈਨੂੰ ਇਸ ਸ਼ੋਧ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਪਾਠ-ਸਮੱਗਰੀ ਅਤੇ ਹੱਲਾ-ਸ਼ੇਰੀ ਦਿੱਤੀ। ਆਪਣੀ ਧਰਮ ਪਤਨੀ ਸ੍ਰੀਮਤੀ ਤਰਸੇਮ ਕੌਰ ਅਤੇ ਬੱਚਿਆਂ ਦਾ ਵੀ ਰਿਣੀ ਹਾਂ ਜਿਨ੍ਹਾਂ ਨੇ ਇਸ ਸਮੇਂ ਦੌਰਾਨ ਮੇਰੀ ਹਰ ਪ੍ਰਕਾਰ ਦੀ ਸਹਾਇਤਾ ਕੀਤੀ। ਅਕਾਲਪੁਰਖ ਦੇ ਚਰਨਾਂ ਵਿੱਚ ਮੇਰੀ ਹਮੇਸ਼ਾ ਡੰਡਉਤ ਹੈ, ਜਿਸ ਨੇ ਜੀਵਨ ਸਫ਼ਰ ਨੂੰ ਸਾਰਥਕ ਬਣਾਉਣ ਲਈ ਮੈਨੂੰ ਸਰਬਪੱਖੀ ਸਖ਼ਸ਼ੀਅਤ ਪ੍ਰੋ. ਧਰਮ ਪਾਲ ਸਿੰਗਲ ਦੀ ਰਹਿਨੁਮਾਈ ਅਤੇ ਅਗਵਾਈ ਹੇਠ ਜ਼ਿੰਦਗੀ ਵਿਚ ਇਕ ਗਵਾਚਿਆ ਤੇ ਹੱਥੋਂ ਛੁਟਕਿਆ ਸੁਨਹਿਰੀ ਮੌਕਾ ਦੁਬਾਰਾ ਬਖ਼ਸ਼ਿਆ ਹੈ।

ਜਾ ਤੂ ਕਿਸੈ ਨ ਦੇਹੀ ਮੇਰੇ ਸਾਹਿਬਾ ਕਿਆ ਕੋ ਕਢੈ ਗਹਣਾ।।
ਨਾਨਕ ਬਿਨਵੈ ਸੋ ਕਿਛੁ ਪਾਈਐ ਪੁਰਬਿ ਲਿਖੇ ਕਾ ਲਹਣਾ ।।

ਮੱਖਣ ਸਿੰਘ
(ਮੱਖਣ ਸਿੰਘ)

## ਤ ਤ ਕ ਰਾ


ਪੰਨਾ ਨੰਬਰ

ਦੋ ਸ਼ਬਦ ੳ – ਹ

ਅਧਿਆਇ ਪਹਿਲਾ: ਭਾਰਤੀ ਦਰਸ਼ਨ ਪਰੰਪਰਾ ਅਤੇ ਮੱਧਕਾਲੀਨ ਦਾਰਸ਼ਨਿਕ ਸੰਪ੍ਰਦਾਇ। 1 –54

ਦਰਸ਼ਨ ਦਾ ਅਰਥ
ਭਾਰਤੀ ਦਰਸ਼ਨ ਦੀ ਉਤਪਤੀ, ਸਰੂਪ ਤੇ ਵਿਕਾਸ
ਵੈਦਿਕ ਦਰਸ਼ਨਾਂ ਦੀ ਉਤਪਤੀ –ਨਿਆਂ ਦਰਸ਼ਨ, ਵੈਸ਼ੇਸ਼ਿਕ ਦਰਸ਼ਨ, ਸਾਂਖਯ ਦਰਸ਼ਨ, ਯੋਗ ਦਰਸ਼ਨ, ਪੂਰਵ-ਮੀਮਾਂਸਾ ਦਰਸ਼ਨ, ਵੇਦਾਂਤ।

ਵੇਦਾਂ ਵਿਚ ਭਗਤੀ–ਕਰਮ ਮਾਰਗ, ਗਿਆਨ ਮਾਰਗ, ਭਗਤੀ ਮਾਰਗ
ਅਵੈਦਿਕ ਦਰਸ਼ਨਾਂ ਦੀ ਉਤਪਤੀ –ਚਾਰਵਾਕ ਦਰਸ਼ਨ, ਬੋਧ ਦਰਸ਼ਨ, ਜੈਨ ਦਰਸ਼ਨ।

ਉਪਨਿਸ਼ਦ ਜਾਂ ਵੇਦਾਂਤ –ਬ੍ਰਹਮ, ਓਂਕਾਰ
ਨਾਰਦ ਭਗਤੀ ਸੂਤਰ ਵਿੱਚ ਭਗਤੀ
ਸਾਂਡਿਲਯ ਭਗਤੀ ਸੂਤਰਾਂ ਵਿੱਚ ਭਗਤੀ
ਸ਼੍ਰੀਮਦ ਭਗਵਤ ਗੀਤਾ ਵਿਚ ਭਗਤੀ
ਮੱਧਕਾਲੀਨ ਦਾਰਸ਼ਨਿਕ ਸੰਪ੍ਰਦਾਇ –ਵੈਸ਼ਣਵ ਮੱਤ, ਅਦਵੈਤਵਾਦ ਅਨੁਸਾਰ ਭਗਤੀ, ਵਿਸ਼ਿਸ਼ਟਾਦਵੈਤ ਦਰਸ਼ਨ, ਦਵੈਤ ਦਰਸ਼ਨ, ਦਵੈਤ-ਅਦਵੈਤ ਜਾਂ ਭੇਦ-ਅਭੇਦ ਦਰਸ਼ਨ, ਰਾਮਾਨੰਦ ਸੰਪ੍ਰਦਾਇ, ਸ਼ੁੱਧ ਅਦਵੈਤ ਦਰਸ਼ਨ, ਚੈਤਨਯ ਮੱਤ, ਸ਼ੈਵ ਮੱਤ।

ਭਗਤੀ ਅੰਦੋਲਨ –ਸਮਾਜਿਕ ਕਾਰਣ, ਧਾਰਮਿਕ ਕਾਰਣ, ਰਾਜਨੀਤਿਕ ਕਾਰਣ, ਸਾਹਿਤਕ ਕਾਰਣ।

ਮੱਧਕਾਲੀਨ ਭਗਤੀ – ਨਾਥ ਕਾਵਿਧਾਰਾ, ਸ਼ਾਕਤ ਮਾਰਗ, ਸੂਫ਼ੀ ਕਾਵਿ ਧਾਰਾ, ਨਿਰਗੁਣ ਕਾਵਿਧਾਰਾ।

ਧਾਰਮਿਕ ਜਾਗ੍ਰਿਤੀ ਅਤੇ ਨੈਤਿਕ ਤੇ ਭੇਦਵਾਦੀ ਪ੍ਰਵਿਰਤੀਆਂ ਦਾ ਵਿਕਾਸ।
ਟਿੱਪਣੀਆਂ ਤੇ ਹਵਾਲੇ

ਅਧਿਆਇ ਦੂਜਾ: ਬ੍ਰਹਮ ਦਰਸ਼ਨ (ਸੰਤ ਰਵਿਦਾਸ ਅਤੇ ਗੁਰੂ ਨਾਨਕ ਦੇ ਦਾਰਸ਼ਨਿਕ ਸਿਧਾਂਤ) ਦਾ ਤੁਲਨਾਤਮਕ ਅਧਿਐਨ। 55–275.

ਬ੍ਰਹਮ ਦਾ ਸਰੂਪ
ਸੰਤ ਰਵਿਦਾਸ ਅਤੇ ਗੁਰੂ ਨਾਨਕ ਦਾ ਬ੍ਰਹਮ ਨਿਰੂਪਣ –ਪਰਮਾਤਮਾ ਦੇ ਭਿੰਨ ਭਿੰਨ ਨਾਮ

ਅਵਿਅਕਤ ਬ੍ਰਹਮ –ਅਵਿਅਕਤ ਨਿਰਗੁਣ ਓਂਕਾਰ ਰੂਪ, ਸ਼ਬਦ ਰੂਪ, ਸੁੰਨ ਰੂਪ, ਨਿਰੰਜਨ ਰੂਪ, ਅਨਿਰਵਚਨੀਯ ਤੱਤ ਰੂਪ (ਨਿਰਗੁਣਵਾਚੀ ਵਿਸ਼ੇਸ਼ਣਾਂ ਰਾਹੀਂ, ਰੂਪਾਤਮਕ ਸ਼ੈਲੀ ਰਾਹੀਂ, ਵਿਰੋਧਾਤਮਕ ਸ਼ੈਲੀ, ਨਕਾਰਾਤਮਕ ਸ਼ੈਲੀ ਰਾਹੀਂ, ਸ੍ਰਿਸ਼ਟੀ ਪੂਰਵ ਅਵਸਥਾ ਰਾਹੀਂ, ਵਿਭਾਤਮਕ ਸ਼ੈਲੀ ਰਾਹੀਂ)

ਅਵਿਅਕਤ ਸਗੁਣ ਬ੍ਰਹਮ – ਇੱਕ ਈਸ਼ਵਰਵਾਦ, ਜੋਤਿ ਸਰੂਪ ਬ੍ਰਹਮ, ਸਤਿ-ਸਰੂਪ ਬ੍ਰਹਮ, ਸੈਭੰ ਸਰੂਪ ਬ੍ਰਹਮ।

ਵਿਅਕਤ ਸਗੁਣ ਬ੍ਰਹਮ – ਵਿਰਾਟ ਰੂਪ, ਅੰਤਰਜਾਮੀ, (ਸਰਬਵਿਆਪਕ) ਭਾਵਨਾਮਈ ਵਿਵਧ ਰੂਪ(ਸੁਆਮੀ, ਮਾਤਾ-ਪਿਤਾ), ਕਰਤਾ ਪੁਰਖ ਰੂਪ ਪ੍ਰਭੂ, ਪ੍ਰੀਤਮ-ਰੂਪ ਪ੍ਰਭੂ, ਸੁਲਤਾਨ ਰੂਪ, ਲੇਖਾ ਮੰਗਣਹਾਰ, ਅੰਸ਼ੀ ਰੂਪ, ਭਗਤ ਰੱਖਿਅਕ, ਪ੍ਰਤੀਕ ਰੂਪ, ਆਸ਼ਕ-ਮਾਸ਼ੂਕ, ਕ੍ਰਿਪਾਨਿਧ, ਮਸ਼ੀ ਰੂਪ ਬ੍ਰਹਮ।

ਬ੍ਰਹਮ ਦਾ ਨਿਵਾਸ ਸਥਾਨ

ਪਰਮਾਤਮਾ ਪ੍ਰਾਪਤੀ ਦਾ ਸਾਧਨ– ਗੁਰੂ ਗੁਰਪ੍ਰਸਾਦ, ਹਉਮੈ ਦਾ ਤਿਆਗ, ਪ੍ਰਭੂ ਪ੍ਰੇਮ ਤੇ ਗੁਰੂ ਪ੍ਰੇਮ, ਨਿਸ਼ਕਾਮ ਕਰਮ, ਖੋਜੀ ਮਨ, ਸਾਧ ਸੰਗਤ, ਨਾਮ ਸਿਮਰਨ, ਪ੍ਰਭੂ ਦੀ ਸ਼ਰਨ-ਵਿਸ਼ਵਾਸ।

ਮੂਰਤੀ ਪੂਜਾ
ਅਵਤਾਰਵਾਦ , ਸਿੱਟਾ
ਟਿੱਪਣੀਆਂ ਤੇ ਹਵਾਲੇ

ਅਧਿਆਇ ਤੀਜਾ: ਸੰਤ ਰਵਿਦਾਸ ਅਤੇ ਗੁਰੂ ਨਾਨਕ ਦਾ ਜੀਵ ਦਰਸ਼ਨ 276–340

ਆਤਮ ਨਿਰੂਪਣ– ਸਰੂਪ ਤੇ ਪਰੰਪਰਾ
ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦਾ ਆਤਮ-ਦਰਸ਼ਨ– ਸਰੂਪ, ਜੋਤਿ-ਸਰੂਪ ਆਤਮਾ, ਪਰਮ ਰੂਪ ਆਤਮਾ, ਪੰਛੀ-ਰੂਪ ਆਤਮਾ, ਭੰਵਰਾ-ਰੂਪੀ ਆਤਮਾ, ਤੱਤ ਰੂਪ ਆਤਮਾ, ਆਤਮਾ ਸ਼ੁੱਧ ਅਤੇ ਮੁਕਤ ਸਰੂਪ ਹੈ।
ਜੀਵ ਨਿਰੂਪਣ
ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੀ ਜੀਵ ਜਗਿਆਸਾ–ਸਰੂਪ, ਜੀਵ ਦੀ ਉਤਪਤੀ, ਜੀਵ ਸਿੱਖਿਆ, ਜੀਵ ਦੀ ਖੋਟੀ, ਜਾਂ ਛੋਟੀ ਮੱਤ, ਜੀਵ ਦੀ ਬੇਵਸੀ, ਸਿੱਟਾ
ਟਿੱਪਣੀਆਂ ਤੇ ਹਵਾਲੇ

ਅਧਿਆਇ ਚੌਥਾ: ਸੰਤ ਰਵਿਦਾਸ ਅਤੇ ਗੁਰੂ ਨਾਨਕ ਦਾ ਜਗਤ ਤੇ ਮਾਇਆ ਦਾ ਸਿਧਾਂਤ 341–470

ਸ੍ਰਿਸ਼ਟੀ ਚਿਤਰਣ

ਸੰਤ ਰਵਿਦਾਸ ਅਤੇ ਗੁਰੂ ਨਾਨਕ ਦੀ ਜਗਤ ਬਾਰੇ ਧਾਰਨਾ
ਜਗਤ ਦਾ ਸਰੂਪ- ਅਸੱਤ ਜਗਤ, ਨਾਸ਼ਵਾਨ ਜਗਤ, ਮਿਥਿਆ ਜਗਤ, ਜਗਤ ਸੱਚ ਹੈ।
ਜਗਤ ਭਵਸਾਗਰ- ਪਾਰ ਕਰਨ ਦਾ ਉਪਾਅ
ਜਗਤਿਕ ਸੁੱਖ-ਦੁੱਖ
ਆਨੰਦ ਜਾਂ ਅਲੌਕਿਕ ਸੁੱਖ- ਅਲੌਕਿਕ ਸੁੱਖਾਂ ਦੀ ਪ੍ਰਾਪਤੀ ਦੇ ਸਾਧਨ
ਮਾਇਆ ਸਿਧਾਂਤ - ਪ੍ਰੰਪਰਾ, ਸਰੂਪ ਅਤੇ ਸੁਭਾਅ, ਮਾਇਆ ਤ੍ਰਿਗੁਣਾਤਮਕ ਸ਼ਕਤੀ।
ਮਾਇਆ ਦਾ ਪਰਿਵਾਰ
ਮਾਇਆ ਦਾ ਪ੍ਰਭਾਵ ਖੇਤਰ
ਮਾਇਆ ਅਤੇ ਸੰਸਾਰ
ਮਾਇਆ ਅਤੇ ਮਨ
ਮਾਇਆ ਤੋਂ ਮੁਕਤੀ
ਸਿੱਟਾ
ਟਿੱਪਣੀਆਂ ਤੇ ਹਵਾਲੇ

ਅਧਿਆਇ ਪੰਜਵਾਂ: ਸੰਤ ਰਵਿਦਾਸ ਅਤੇ ਗੁਰੂ ਨਾਨਕ ਦੀ ਮੋਕਸ਼ ਧਾਰਨਾ 471-535

ਮੁਕਤੀ ਦੀ ਪਰੰਪਰਾ ਅਤੇ ਉਦੇਸ਼
ਗੁਰੂ ਰਵਿਦਾਸ ਅਤੇ ਗੁਰੂ ਨਾਨਕ ਬਾਣੀ ਵਿਚ ਮੁਕਤੀ ਦਾ ਸਰੂਪ।
ਮੁਕਤੀ ਪ੍ਰਾਪਤੀ ਦੇ ਸਾਧਨ
ਮੋਕਸ਼ ਜਾਂ ਮੁਕਤੀ ਦੀਆਂ ਕਿਸਮਾਂ
ਗੁਰਮੁਖ ਦਾ ਆਦਰਸ਼ ਅਤੇ ਜੀਵਨ ਮੁਕਤੀ
ਨਚੋੜ
ਟਿੱਪਣੀਆਂ ਤੇ ਹਵਾਲੇ

ਸਮੁੱਚਾ ਮੁਲਿਆਂਕਣ 536-545

ਸਹਾਇਕ ਪੁਸਤਕ - ਸੂਚੀ 546-557

# ਅਧਿਆਇ ਪਹਿਲਾ

## ਭਾਰਤੀ ਦਰਸ਼ਨ; ਪਰੰਪਰਾ ਅਤੇ ਮੱਧਕਾਲੀਨ ਦਾਰਸ਼ਨਿਕ ਸੰਪ੍ਰਦਾਇ

# ਭਾਰਤੀ ਦਰਸ਼ਨ ਪਰੰਪਰਾ ਅਤੇ ਮੱਧਕਾਲੀਨ ਦਾਰਸ਼ਨਿਕ ਸਿਧਾਂਤ

## ਦਰਸ਼ਨ ਦਾ ਅਰਥ

ਭਾਰਤੀ ਦਰਸ਼ਨ ਭਾਰਤ ਦੇਸ਼ ਦੀ ਚਿੰਤਨ ਪਰੰਪਰਾ ਦੀ ਅਨੋਖੀ ਤੇ ਵਡਮੁੱਲੀ ਦੇਣ ਹੈ। ਇਸ ਦਰਸ਼ਨ ਵਿੱਚ ਪ੍ਰਤਿਪਾਦਿਤ ਭਿੰਨ ਭਿੰਨ ਦ੍ਰਿਸ਼ਟੀਕੋਣਾਂ ਨਾਲ ਜੀਵਨ ਅਤੇ ਜਗਤ ਦੇ ਆਪਸੀ ਸੰਬੰਧ ਬਾਰੇ ਸੋਚਿਆ ਜਾ ਸਕਦਾ ਹੈ ਅਤੇ ਅਨੇਕਾਂ ਮੌਲਿਕ ਸਵਾਲਾਂ ਦਾ ਹੱਲ ਨਿਕਲ ਸਕਦਾ ਹੈ। ਭਾਰਤ ਦੀ ਚਿੰਤਨ ਪਰੰਪਰਾ ਵਿੱਚ ਫ਼ਿਲਾਸਫ਼ੀ ਨੂੰ ਦਰਸ਼ਨ ਕਿਹਾ ਜਾਂਦਾ ਹੈ। 'ਦਰਸ਼ਨ' ਸੰਸਕ੍ਰਿਤ ਭਾਸ਼ਾ ਦੇ ਸ਼ਬਦ ਦ੍ਰਿਸ਼ ਦਾ ਸੂਚਕ ਹੈ ਜਿਸ ਦਾ ਸਾਧਾਰਣ ਅਰਥ ਦੇਖਣਾ ਹੈ। ਪਰ ਦੇਖਣ ਅਤੇ ਗਿਆਨ ਵਿੱਚ ਅੰਤਰ ਹੋਣਾ ਚਾਹੀਦਾ ਹੈ। ਭਰਤਮੁਨੀ ਦੇਖਣ ਦੇ ਤਿੰਨ ਪ੍ਰਕਾਰ ਮੰਨਦਾ ਹੈ:–

(1) ਬਾਹਰੀ ਜਗਤ ਨੂੰ ਗਿਆਨ ਇੰਦਰੀਆਂ ਦੁਆਰਾ ਮਹਿਸੂਸ ਕਰਨਾ।
(2) ਚਿੰਤਨ ਤੇ ਬੁੱਧੀ ਦੇ ਪ੍ਰਕਾਸ਼ ਵਿਚ ਨਵੀਨ ਸੱਚ ਨੂੰ ਲੱਭਣਾ।
(3) ਅੰਤਰ ਦ੍ਰਿਸ਼ਟੀ ਦੁਆਰਾ ਸੱਚ ਦਾ ਦਰਸ਼ਨ ਕਰਨਾ।

ਦਰਸ਼ਨ ਸ਼ਾਸਤਰ ਸਾਰੀਆਂ ਚੀਜ਼ਾਂ ਨੂੰ ਜਾਨਣ ਦੀ ਇੱਕ ਵਿਧੀ ਪੂਰਬਕ ਕੋਸ਼ਿਸ਼ ਹੈ। ਇਹ ਗਿਆਨ ਦੀ ਖੋਜ ਹੈ, ਦਰਸ਼ਨ ਸ਼ਾਸਤਰ ਗਿਆਨ ਹੀ ਹੈ ਅਤੇ ਗਿਆਨ ਹੀ ਦਰਸ਼ਨ ਸ਼ਾਸਤਰ ਹੈ।[1] ਅਸਲ ਵਿਚ ਸੰਪੂਰਨ ਗਿਆਨ ਹੀ ਦਰਸ਼ਨ ਸ਼ਾਸਤਰ ਹੋਣ ਕਰਕੇ ਇਹ ਵਿਗਿਆਨ ਤੋਂ ਵੱਖਰਾ ਹੈ, ਕਿਉਂਕਿ ਵਿਗਿਆਨ ਜਗਤ ਅਤੇ ਜੀਵਨ ਦੇ ਕੇਵਲ ਇੱਕ ਹਿੱਸੇ ਦਾ ਹੀ ਗਿਆਨ ਦਿੰਦਾ ਹੈ। ਦਰਸ਼ਨ ਸ਼ਾਸਤਰ ਗਿਆਨ ਦਾ ਹੀ ਦੂਜਾ ਨਾਂ ਹੈ। ਦਰਸ਼ਨ ਸ਼ਾਸਤਰ ਦੀਆਂ ਸਮੱਸਿਆਵਾਂ ਮੌਲਿਕ ਤੇ ਸਾਧਾਰਨ ਹਨ। ਜਿਵੇਂ ਕਿ ਜਗਤ ਦਾ ਕਰਤਾ ਕੌਣ ਹੈ? ਜਗਤ ਦਾ ਮੂਲ ਕਾਰਣ ਕੀ ਹੈ ? ਜਨਮ ਕੀ ਹੈ ? ਮੌਤ ਕੀ ਹੈ ? ਮਨੁੱਖ ਕੀ ਹੈ ? ਮਨੁੱਖਾ ਜੀਵਨ ਦਾ ਉਦੇਸ਼ ਕੀ ਹੈ ? ਉਦੇਸ਼ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ ? ਆਦਿ। ਸੰਪੂਰਨ ਸੱਚ ਅਤੇ ਸੰਪੂਰਨ ਅਸਲੀਅਤ ਦੀ ਸਿੱਧੀ ਹੀ ਦਰਸ਼ਨ ਸ਼ਾਸਤਰ ਦਾ ਮੁੱਖ ਉਦੇਸ਼ ਹੈ।

## ਭਾਰਤੀ ਦਰਸ਼ਨ ਦੀ ਉਤਪਤੀ, ਸਰੂਪ ਤੇ ਵਿਕਾਸ

ਭਾਰਤ ਧਰਮ ਪ੍ਰਧਾਨ ਦੇਸ਼ ਹੋਣ ਕਰਕੇ ਦਰਸ਼ਨ ਦੀ ਉਤਪਤੀ ਨਾਲ ਇਸ

ਦਾ ਨੇੜਲਾ ਸੰਬੰਧ ਹੈ। ਵੇਖਿਆ ਜਾਵੇ ਤਾਂ ਭਾਰਤ ਵਿਚ ਦਾਰਸ਼ਨਿਕ ਵਿਚਾਰ ਦੀ ਪਰੰਪਰਾ ਵੇਦਾਂ ਤੋਂ ਆਰੰਭ ਹੁੰਦੀ ਹੈ। ਉਪਨਿਸ਼ਦਾਂ ਵਿਚ ਰਿਸ਼ੀਆਂ ਨੇ ਆਪਣੇ ਅਧਿਆਤਮਕ ਅਨੁਭਵ ਦੀ ਗਹਿਰਾਈਆਂ ਨਾਲ ਜਿਹੜੀਆਂ ਭੇਤ ਭਰੀਆਂ ਉਕਤੀਆਂ ਕਹੀਆਂ ਹਨ। ਦਰਸ਼ਨ ਉਨ੍ਹਾਂ ਬੀਜਾਂ ਤੋਂ ਬਣਿਆ ਦਰਖਤ ਹੈ।[2]

ਵੇਦਾਂ ਵਿਚ ਅਧਿਆਤਮਵਾਦ ਦੇ ਨਾਲ ਨਾਲ ਪਦਾਰਥਵਾਦੀ ਸੰਕੇਤ ਵੀ ਹਨ ਅਤੇ ਭਾਰਤੀ ਦਰਸ਼ਨ ਦਾ ਪ੍ਰੇਰਨਾ ਸਰੋਤ ਹਮੇਸ਼ਾ ਵੇਦ ਹੀ ਰਹੇ ਹਨ। ਪ੍ਰੰਤੂ ਕੁੱਝ ਵਿਚਾਰਕ ਵੈਦਿਕ ਵਿਚਾਰਧਾਰਾ ਨੂੰ ਵੀ ਸਵੀਕਾਰ ਨਹੀਂ ਕਰਦੇ। ਭਾਰਤੀ ਦਰਸ਼ਨ ਵਿਚ ਵੈਦਿਕ ਅਤੇ ਅਵੈਦਿਕ ਦੋ ਪਰੰਪਰਾਵਾਂ ਪ੍ਰਚਲਿਤ ਹਨ। ਵੈਦਿਕ ਪਰੰਪਰਾ ਵੇਦਾਂ ਨੂੰ ਹੀ ਆਖਰੀ ਸਬੂਤ ਮੰਨਦੀ ਹੈ ਪਰ ਦੂਜੀ ਵੇਦਾਂ ਨੂੰ ਆਖਰੀ ਸਬੂਤ ਨਹੀਂ ਮੰਨਦੀ।

ਭਾਰਤੀ ਦਰਸ਼ਨ ਦੀ ਉਤਪਤੀ ਬਾਰੇ ਵਿਦਵਾਨਾਂ ਦੇ ਵਿਚਾਰ ਵੱਖ-ਵੱਖ ਹਨ। ਕੁੱਝ ਵਿਦਵਾਨ ਭਾਰਤੀ ਦਰਸ਼ਨ ਨੂੰ ਈਸਾਈ ਮੱਤ ਦੀ ਦੇਣ ਮੰਨਦੇ ਹਨ। ਇਨ੍ਹਾਂ ਵਿਦਵਾਨਾਂ ਵਿਚ ਵਿਲਸਨ, ਗ੍ਰੀਅਰਸਨ ਅਤੇ ਲੈਸਨ ਆਦਿ ਦੇ ਨਾਂ ਵਰਣਨ ਯੋਗ ਹਨ। ਡਾ. ਗ੍ਰੀਅਰਸਨ ਅਨੁਸਾਰ ਦੂਜੀ ਤੀਜੀ ਸ਼ਤਾਬਦੀ ਵਿਚ ਕੁਝ ਈਸਾਈ ਮਦਰਾਸ ਵਿਚ ਆ ਕੇ ਵਸ ਗਏ ਸਨ ਅਤੇ ਉਨ੍ਹਾਂ ਦੇ ਨਾਲ ਹੀ ਭਾਰਤ ਵਿਚ ਭਗਤੀ ਦਾ ਵਿਕਾਸ ਹੋਇਆ।[3] ਡਾ. ਵਿਲਸਨ ਭਗਤੀ ਨੂੰ ਬਹੁਤ ਮਗਰੋਂ ਦੇ ਯੁੱਗ ਦੀ ਉਪਜ ਸਿੱਧ ਕਰਦੇ ਹਨ ਅਤੇ ਕਹਿੰਦੇ ਹਨ ਕਿ ਵਿਭਿੰਨ ਆਚਾਰੀਆ ਨੇ ਆਪਣੀ ਪ੍ਰਤਿਸ਼ਠਾ ਲਈ ਭਗਤੀ ਦਾ ਪ੍ਰਚਾਰ ਕੀਤਾ।[4]

ਪੱਛਮੀ ਵਿਦਵਾਨ ਵੇਬਰ ਅਤੇ ਲੈਸਨ ਭਾਰਤੀ ਭਗਤੀ ਦੇ ਮਹਾਨ ਗ੍ਰੰਥਾਂ ਭਗਵਤ ਗੀਤਾ ਅਤੇ ਮਹਾਂਭਾਰਤ ਉਤੇ ਈਸਾਈਆਂ ਦਾ ਪ੍ਰਭਾਵ ਮੰਨਦੇ ਹਨ। ਉਹ ਇਹ ਪ੍ਰਭਾਵ ਸਵੇਤਦੀਪ ਰਾਹੀਂ ਮੰਨਦੇ ਹਨ। ਉਨ੍ਹਾਂ ਅਨੁਸਾਰ ਭਾਰਤ ਦੇ ਬ੍ਰਾਹਮਣ ਯਾਤਰੀ ਪਾਰਖੀਆ ਵਿਖੇ ਥਾਮਸ ਦੁਆਰਾ ਈਸਾਈ ਮੱਤ ਦੇ ਸਿਧਾਂਤਾਂ ਦੇ ਪ੍ਰਚਾਰ ਤੋਂ ਪ੍ਰਭਾਵਤ ਹੋਏ ਅਤੇ ਉਹ ਇਸਾਈ ਮੱਤ ਵਿਚਾਰ ਆਪਣੇ ਦੇਸ਼ ਨੂੰ ਲੈ ਆਏ।[5]

ਪਰ ਆਰ.ਗਾਰਬੇ ਵਰਗੇ ਵਿਦਵਾਨ ਵੇਬਰ ਦੇ ਵਿਚਾਰਾਂ ਨਾਲ ਸਹਿਮਤ ਨਹੀਂ ਉਹ ਇਨ੍ਹਾਂ ਦੇ ਵਿਚਾਰਾਂ ਵਿਚ ਕਾਲਪਨਿਕ ਅੰਸ਼ਾਂ ਦੀ ਭਰਮਾਰ ਮੰਨਦੇ ਹਨ। ਮੁਨਸ਼ੀ ਰਾਮ ਸ਼ਰਮਾ ਵੀ ਇਨ੍ਹਾਂ ਵਿਦਵਾਨਾਂ ਦੁਆਰਾ ਦਰਸਾਏ ਸਵੇਤਦੀਪ ਦਾ ਸੰਬੰਧ ਮਨੁੱਖੀ ਅੰਦਰ ਨਾਲ ਜੋੜਦੇ ਹਨ। ਉਹ ਇਸ ਨੂੰ ਅਧਿਆਤਮਿਕ ਸਤੋਗੁਣੀ ਸਥਿਤੀ ਮੰਨਦੇ ਹਨ ਜਿਥੇ ਪੁੱਜ ਕੇ

ਸਾਧਕ ਦੀ ਪ੍ਰਭੂ ਨਾਲ ਇਕਮਿਕਤਾ ਹੋ ਜਾਂਦੀ ਹੈ ਅਤੇ ਉਸ ਨੂੰ ਜੋਤਿ ਸਰੂਪ ਪ੍ਰਭੂ ਦੇ ਅਨੰਤ ਪ੍ਰਕਾਸ਼ ਦੇ ਦਰਸ਼ਨ ਹੁੰਦੇ ਹਨ।[6]

ਵਿਦਵਾਨ ਹਜ਼ਾਰੀ ਪ੍ਰਸਾਦ ਦਿਵੇਦੀ ਅਤੇ ਦੁਰਗਾ ਸ਼ੰਕਰ ਮਿਸਰ ਵੀ ਭਾਰਤੀ ਭਗਤੀ ਨੂੰ ਭਾਰਤ ਵਿਚਲੀ ਉਪਜ ਹੀ ਮੰਨਦੇ ਹਨ। ਪੱਛਮੀ ਵਿਦਵਾਨ ਵਿੰਟਰਨਿਟਜ਼ ਅਨੁਸਾਰ ਵੀ ਭਾਰਤੀ ਭਗਤੀ ਬਾਹਰੋਂ ਨਹੀਂ ਆਈ, ਸਗੋਂ ਇੱਥੋਂ ਦੀ ਮਿੱਟੀ ਵਿਚ ਹੀ ਇਸ ਦਾ ਬੀਜ ਮੌਜੂਦ ਸੀ।[7] ਇਨ੍ਹਾਂ ਸਾਰੇ ਵਿਦਵਾਨਾਂ ਦੇ ਵਿਚਾਰਾਂ ਦੀ ਘੋਖ ਕਰਨ ਤੋਂ ਪਤਾ ਲੱਗਦਾ ਹੈ ਕਿ ਭਾਰਤ ਵਿਚ ਦਰਸ਼ਨ ਦੀ ਉਤਪਤੀ ਬਹੁਤ ਦੇਰ ਪਹਿਲਾਂ ਹੋ ਚੁੱਕੀ ਸੀ। ਭਾਰਤ ਦੇ ਪ੍ਰਾਚੀਨ ਗ੍ਰੰਥ ਵੇਦਾਂ ਵਿਚ ਭਗਤੀ ਦਾ ਸੂਰਜ ਉਦੈ ਹੋਇਆ। ਸੰਤ ਰਵਿਦਾਸ ਜੀ ਵੀ ਇਸ ਵਿਚਾਰ ਨਾਲ ਸਹਿਮਤ ਹਨ। ਉਨ੍ਹਾਂ ਅਨੁਸਾਰ ਵੀ ਵੇਦਾਂ ਤੋਂ ਉਪਨਿਸ਼ਦ ਅਤੇ ਉਪਨਿਸ਼ਦਾਂ ਤੋਂ ਭਾਗਵਤ ਗੀਤਾ ਗ੍ਰੰਥ ਬਣਿਆ ਅਤੇ ਫਿਰ ਭਗਤੀ ਦਾ ਵਿਕਾਸ ਹੋਇਆ:-

ਵੇਦ ਤੈ ਪੁਰਾਨ ਪੁਰਾਨ ਤੈਂ ਭਾਗਵਤ,
ਭਾਗਵਤ ਤੇ ਭਗਤਿ ਪ੍ਰਗਟ ਕੀਨੀ॥[8]

ਇਹ ਗੱਲ ਕਹਿਣ ਵਿਚ ਕੋਈ ਝਿਜਕ ਨਹੀਂ ਕਿ ਭਾਰਤ ਵਿਚ ਭਗਤੀ ਦਾ ਆਰੰਭ ਵੇਦਾਂ ਤੋਂ ਵੀ ਪਹਿਲਾਂ ਹੋ ਚੁੱਕਾ ਸੀ। ਕਿਉਂ ਕਿ ਭਾਰਤ ਧਰਮ ਪ੍ਰਧਾਨ ਦੇਸ਼ ਹੈ। ਪਰਮਾਤਮਾ ਦੀ ਪੂਜਾ ਕਿਸੇ ਨਾ ਕਿਸੇ ਰੂਪ ਵਿਚ ਮੁੱਢ ਤੋਂ ਹੀ ਚਲੀ ਆ ਰਹੀ ਹੈ। ਧਰਮ ਅਤੇ ਭਗਤੀ ਦਾ ਆਪਸੀ ਗੂੜ੍ਹਾ ਸੰਬੰਧ ਹੈ। ਸੋ ਇਹ ਨਹੀਂ ਹੋ ਸਕਦਾ ਕਿ ਭਾਰਤ ਧਰਮ ਪ੍ਰਧਾਨ ਦੇਸ਼ ਹੋਣ ਦੇ ਬਾਵਜੂਦ ਭਗਤੀ ਤੋਂ ਸੱਖਣਾ ਹੋਵੇ। ਹਾਂ ਇਹ ਗੱਲ ਜ਼ਰੂਰ ਹੈ ਕਿ ਹਰ ਚੀਜ਼ ਦੇ ਵਿਕਾਸ ਲਈ ਸਮਾਂ ਲੱਗਦਾ ਹੈ। ਚਾਰ ਮਹਾਨ ਵੇਦਾਂ ਦੀ ਰਚਨਾ ਇਹ ਦਰਸਾਉਂਦੀ ਹੈ ਕਿ ਭਾਰਤ ਵਿਚ ਭਗਤੀ ਕਾਫ਼ੀ ਸਮਾਂ ਪਹਿਲਾਂ ਵਿਕਸਿਤ ਹੋ ਚੁੱਕੀ ਸੀ ਤੇ ਇਸ ਤੋਂ ਵੀ ਪਹਿਲਾਂ ਇਸ ਦੇ ਬੀਜ ਮੌਜੂਦ ਸਨ। ਵੈਦਿਕ ਪ੍ਰਣਾਲੀਆਂ ਵਿਚ ਛੇ ਦਰਸ਼ਨ ਪ੍ਰਣਾਲੀਆਂ ਆਉਂਦੀਆਂ ਹਨ ਅਤੇ ਅਵੈਦਿਕ ਧਾਰਾ ਵਿਚ ਬੋਧ, ਜੈਨ ਅਤੇ ਚਾਰਵਾਕ ਦਰਸ਼ਨ ਆਉਂਦੇ ਹਨ। ਪੁਰਾਤਨ ਭਾਰਤੀ ਦਰਸ਼ਨ ਨੂੰ ਇਸ ਤਰ੍ਹਾਂ ਵੰਡਿਆ ਜਾ ਸਕਦਾ ਹੈ। (1) ਵੈਦਿਕ ਦਰਸ਼ਨ, (2) ਚਾਰਵਾਕ, (3) ਜੈਨ ਮੱਤ, (4) ਬੁੱਧ ਮੱਤ, (5) ਗੀਤਾ ਦਾ ਦਰਸ਼ਨ, (6) ਸਾਂਖਯ ਯੋਗ, (7) ਨਿਆਂ ਵੈਸ਼ੇਸ਼ਿਕ, (8) ਪੂਰਵ ਮੀਮਾਂਸਾ ਤੇ ਉੱਤਰ ਮੀਮਾਂਸਾ। ਇਨ੍ਹਾਂ ਵਿਚ ਹਰੇਕ ਦਾ ਆਪਣਾ ਸੁਤੰਤਰ ਦ੍ਰਿਸ਼ਟੀਕੋਣ ਹੈ ਅਤੇ ਉਸਦਾ ਲੰਮੇ ਸਮੇਂ ਵਿਚ ਇਤਿਹਾਸਿਕ ਵਿਕਾਸ ਹੋਇਆ।

## ਵੈਦਿਕ ਦਰਸ਼ਨਾਂ ਦੀ ਉਤਪਤੀ

ਵੈਦਿਕ ਦਾਰਸ਼ਨਿਕ ਪਰੰਪਰਾ ਦਾ ਜਨਮ ਵੇਦਾਂ ਤੋਂ ਹੋਇਆ ਮੰਨਿਆ ਜਾਂਦਾ ਹੈ। ਇਸ ਪਰੰਪਰਾ ਵਿਚ ਉਹ ਦਾਰਸ਼ਨਿਕ ਪ੍ਰਣਾਲੀਆਂ ਆਉਂਦੀਆਂ ਹਨ ਜਿਹੜੀਆਂ ਵੇਦ ਨੂੰ ਪ੍ਰਮਾਣ ਮੰਨਦੀਆਂ ਹਨ। ਇਸ ਮੱਤ ਦੇ ਚਿੰਤਕਾਂ ਅਨੁਸਾਰ ਕਿਸੇ ਇਕ ਗੱਲ ਨੂੰ ਆਖਰੀ ਪ੍ਰਮਾਣ ਮੰਨਣ ਤੋਂ ਬਿਨਾਂ ਚਿੰਤਨ ਭਟਕ ਜਾਂਦਾ ਹੈ ਅਤੇ ਵਿਚਾਰਕ ਕਿਸੇ ਇੱਕ ਸਿੱਟੇ ਤੇ ਨਹੀਂ ਪਹੁੰਚ ਸਕਦਾ। ਇਸ ਲਈ ਉਨ੍ਹਾਂ ਨੇ ਵੇਦ ਨੂੰ ਸ਼ਬਦ ਮੰਨ ਲਿਆ। ਇਸ ਵੈਦਿਕ ਸਾਹਿਤ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। (1) ਰਿਗਵੇਦ ਤੇ ਅਥਰਵਵੇਦ(2) ਬ੍ਰਾਹਮਣ (3) ਆਰਣਯਕ ਤੇ ਉਪਨਿਸ਼ਦ – ਗੁਰੂ ਸ਼ਿਸ਼ ਪਰੰਪਰਾ ਰਿਗਵੇਦ ਦੀਆਂ ਰਿਚਾਵਾਂ ਭਗਤੀ ਨਾਲ ਭਰਪੂਰ ਹਨ। ਇਨ੍ਹਾਂ ਵਿਚ ਕੁਦਰਤੀ ਸ਼ਕਤੀਆਂ ਤੇ ਦੇਵਤਿਆਂ ਦੀ ਪ੍ਰਸੰਸਾ ਕੀਤੀ ਗਈ ਹੈ। ਬ੍ਰਾਹਮਣਾਂ ਨੂੰ ਕਰਮਕਾਂਡਾਂ ਵਿਚ ਲੀਨ ਦੱਸਿਆ ਗਿਆ ਹੈ। ਆਰਣਯਕ ਅਤੇ ਉਪਨਿਸ਼ਦ ਗਿਆਨ ਪ੍ਰਧਾਨ ਗ੍ਰੰਥ ਹਨ। ਜਿਨ੍ਹਾਂ ਵਿਚ ਸੰਸਾਰ, ਆਤਮਾ ਤੇ ਪਰਮਾਤਮਾ ਦਾ ਭੇਤ ਪ੍ਰਗਟ ਕੀਤਾ ਗਿਆ ਹੈ।

ਡਾ. ਸੁਰਿੰਦਰ ਸਿੰਘ ਕੋਹਲੀ ਤਾਂ ਭਾਰਤੀ ਰਹੱਸਵਾਦ ਦਾ ਆਰੰਭ ਉਪਨਿਸ਼ਦਾਂ ਤੋਂ ਮੰਨਦੇ ਹਨ। ਉਨ੍ਹਾਂ ਅਨੁਸਾਰ ਜਿੱਥੇ ਉਪਨਿਸ਼ਦ ਦਾ ਰਹੱਸਵਾਦ ਸਾਧਾਰਨ ਦਾਰਸ਼ਨਿਕ ਰਹੱਸਵਾਦ ਸੀ, ਉੱਥੇ ਮੱਧ ਸਮੇਂ ਦਾ ਰਹੱਸਵਾਦ ਅਮਲੀ ਅਤੇ ਭਗਤੀ-ਭਾਵ ਪੂਰਬਕ ਰਹੱਸਵਾਦ ਸੀ। ਉਪਨਿਸ਼ਦਾਂ ਦਾ ਰਹੱਸਵਾਦ ਉਨ੍ਹਾਂ ਲੋਕਾਂ ਦਾ ਸੀ, ਜੋ ਆਮ ਜਨਤਾ ਤੋਂ ਦੂਰ ਰਹਿੰਦੇ ਸਨ।[9] ਵੈਦਿਕ ਗਿਆਨ ਨੂੰ ਸਰੋਤ ਕਿਹਾ ਗਿਆ ਹੈ। ਕਿਉਂਕਿ ਇਹ ਸੁਣਨ ਤੇ ਨਿਰਭਰ ਹੈ। ਇਹ ਗਿਆਨ ਰਿਸ਼ੀਆਂ ਮੁਨੀਆਂ ਨੂੰ ਪ੍ਰਾਪਤ ਹੋਇਆ ਅਤੇ ਉਨ੍ਹਾਂ ਨੇ ਲੋਕਾਂ ਨੂੰ ਸੁਣਾ ਦਿੱਤਾ।[10]

ਵੇਦਾਂ ਤੋਂ ਬਿਨਾਂ ਪੁਰਾਤਨ ਕਾਲ ਵਿਚ ਅਨੇਕ ਪੁਰਾਣਾਂ ਦੀ ਵੀ ਰਚਨਾ ਹੋਈ ਜੋ ਕਿਸੇ ਇੱਕ ਦੇਵਤਾ ਦੀ ਉਪਾਸਨਾ ਨਾਲ ਸੰਬੰਧਤ ਹਨ, ਜਿਵੇਂ ਸ਼ਿਵ ਪੁਰਾਣ, ਵਿਸ਼ਨੂੰ ਪੁਰਾਣ ਆਦਿ। ਦੋ ਮਹਾਂਕਾਵਿ ਰਾਮਾਇਣ ਤੇ ਮਹਾਂਭਾਰਤ ਵਿਚ ਕਰਮਵਾਦ, ਮੁਕਤੀਵਾਦ, ਭਵਚੱਕਰ, ਅਵਤਾਰਵਾਦ ਆਦਿ ਹਿੰਦੂ ਧਰਮ ਦੇ ਅਨੇਕ ਸਿਧਾਂਤਾਂ ਨੂੰ ਦਰਸਾਇਆ ਗਿਆ ਹੈ। ਮਹਾਂਭਾਰਤ ਦੇ ਇਕ ਭਾਗ ਭਗਵਤ ਗੀਤਾ ਨੂੰ ਸੰਪੂਰਨ ਉਪਨਿਸ਼ਦਾਂ ਦਾ ਸਾਰ ਤੇ ਹਿੰਦੂ ਦਰਸ਼ਨ ਦੀ ਅਨੋਖੀ ਨਿਧੀ ਮੰਨਿਆ ਗਿਆ ਹੈ। ਜਿਹੜੀ ਅੱਗੇ ਚੱਲ ਕੇ ਛੇ ਦਾਰਸ਼ਨਿਕ ਪ੍ਰਣਾਲੀਆਂ ਦਾ ਸਰੋਤ ਬਣੀ।[11]

ਵੈਦਿਕ ਪ੍ਰੰਪਰਾ ਦੀਆਂ ਛੇ ਦਾਰਸ਼ਨਿਕ ਪ੍ਰਣਾਲੀਆਂ ਦੁਆਰਾ ਵੈਦਿਕ ਗਿਆਨ ਨੂੰ

ਆਪਣੇ ਅਨੁਸੰਧਾਨ ਦਾ ਵਿਸ਼ਾ ਬਣਾਉਣ ਕਰਕੇ ਇਨ੍ਹਾਂ ਨੂੰ ਵੈਦਿਕ ਕਿਹਾ ਜਾਂਦਾ ਹੈ। ਇਹ ਵੇਦ (ਸ਼ਬਦ)ਨੂੰ ਪ੍ਰਮਾਣ ਮੰਨਦੀਆਂ ਹਨ, ਪ੍ਰੰਤੂ ਹੈ ਸੁਤੰਤਰ ਦਰਸ਼ਨ। ਭਾਰਤੀ ਦਰਸ਼ਨ ਦੀਆਂ ਮੂਲ ਸਮੱਸਿਆਵਾਂ ਭਾਵ ਕਾਰਣਤਾ, ਜਗਤ, ਗਿਆਨ, ਸੱਚ, ਪ੍ਰਮਾਣ, ਮੁਕਤੀ, ਮੁਕਤੀ ਸਾਧਨ, ਧਰਮ, ਈਸ਼ਵਰ, ਆਤਮਾ ਜੀਵ ਆਦਿ ਬਾਰੇ ਇਨ੍ਹਾਂ ਦੇ ਮੱਤ ਵੱਖ ਹਨ। ਇਹ ਛੇ ਵੈਦਿਕ ਦਰਸ਼ਨ ਹਨ:— (1) ਨਿਆਂ, (2) ਵੈਸ਼ੈਸ਼ਿਕ, (3) ਸਾਂਖਯ, (4) ਯੋਗ, (5) ਪੂਰਵਮੀਮਾਂਸਾ, (6) ਵੇਦਾਂਤ(ਉਤਰ ਮੀਮਾਂਸਾ)

## 1. ਨਿਆਂ ਦਰਸ਼ਨ

ਇਸ ਦਾ ਮੋਢੀ ਰਿਸ਼ੀ ਗੌਤਮ ਹੈ। ਨਿਆਂ ਦਰਸ਼ਨ ਵੇਦਾਂ ਵਿੱਚ ਵਰਣਤ ਗਿਆਨ ਦੇ ਸਰੂਪ ਤੇ ਗਿਆਨ ਨੂੰ ਸੱਚਾ ਸਿੱਧ ਕਰਨ ਦੀ ਵਿਧੀ ਨਾਲ ਸੰਬੰਧ ਰੱਖਦਾ ਹੈ। ਇਸ ਦਾ ਮੂਲ ਵਿਸ਼ਾ ਗਿਆਨ ਮੀਮਾਂਸਾ ਤੇ ਤਰਕ ਸ਼ਾਸ਼ਤਰ ਹੈ। ਇਹ ਸ਼ੁੱਧ-ਗਿਆਨ ਦੀ ਖੋਜ ਕਰਦਾ ਹੈ। ਗਿਆਨ ਦੇ ਚਾਰ ਸਰੋਤ ਤੇ ਪ੍ਰਮਾਣ ਹਨ (ੳ) ਪ੍ਰਤੱਖ, (ਅ) ਅਨੁਮਾਨ(ੲ) ਉਪਮਾਨ, (ਸ) ਸ਼ਬਦ (ਵੇਦ) ਨਿਆਂ ਸ਼ਾਸਤਰ ਦਾ ਪ੍ਰਵਰਤਕ ਗੌਤਮ ਰਿਸ਼ੀ ਹੈ। ਇਸ ਦਰਸ਼ਨ ਦਾ ਵਿਕਾਸ ਨਿਆਂ ਸੂਤਰਾਂ ਦੇ ਆਧਾਰ ਤੇ ਹੁੰਦਾ ਹੈ ਅਤੇ ਉਸ ਤੇ ਨਿਆਂਏ-ਭਾਸ਼ਯ ਲਿਖਿਆ ਗਿਆ ਹੈ। ਇਹ ਗਿਆਨ ਦੇ ਸਰੂਪ ਦਾ ਵਿਸ਼ਲੇਸ਼ਣ ਕਰਕੇ ਸ਼ੁੱਧ ਤੇ ਅਸ਼ੁੱਧ ਗਿਆਨ ਨੂੰ ਵੱਖ ਕਰਦਾ ਹੈ।

## 2. ਵੈਸ਼ੇਸ਼ਿਕ ਦਰਸ਼ਨ

ਵੈਸ਼ੇਸਿਕ ਸ਼ਬਦ ਵਿਸ਼ੇਸ਼ ਤੋਂ ਨਿਕਲਿਆ ਹੈ, ਜਿਸ ਦਾ ਭਾਵ ਅਨੇਕਤਾ ਦਾ ਸਿਧਾਂਤ ਹੈ। ਇਸ ਦਰਸ਼ਨ ਦੀ ਮੂਲ ਸਮੱਸਿਆ ਤੱਤ ਤੇ ਸੱਤਾਮੀਮਾਂਸਾ ਹੈ। ਇਸ ਅਨੁਸਾਰ ਹਰੇਕ ਪ੍ਰਮਾਣੂ, ਜੀਵ ਤੇ ਪਦਾਰਥ ਅਨੋਖਾ ਹੈ। ਇਹ ਪਦਾਰਥਵਾਦੀ ਦਰਸ਼ਨ ਵਿਸ਼ੇ ਨੂੰ ਹੀ ਅਸਲੀ ਮੰਨਦਾ ਹੈ ਅਤੇ ਅਨੇਕਤਾ ਵਿੱਚ ਵਿਸ਼ਵਾਸ਼ ਰੱਖਦਾ ਹੈ। ਇਸ ਦਾਰਸ਼ਨਿਕ ਪ੍ਰਣਾਲੀ ਦਾ ਜਨਮਦਾਤਾ ਕਣਾਦ ਰਿਸ਼ੀ ਸੀ। ਇਹ ਪਦਾਰਥਾਂ ਤੇ ਅਣੂਆਂ ਦੇ ਆਧਾਰ ਤੇ ਭੌਤਿਕ ਜਗਤ ਦੀ ਵਿਆਖਿਆ ਵੀ ਕਰਦਾ ਹੈ। ਅਤੇ ਅਨੇਕ ਜੀਵਾਤਮਾ ਨੂੰ ਮੰਨਦਾ ਹੈ।

## 3. ਸਾਂਖਯ ਦਰਸ਼ਨ

ਇਸ ਦਰਸ਼ਨ ਦੇ ਜਨਮਦਾਤਾ ਕਪਿਲ ਰਿਸ਼ੀ ਮੰਨੇ ਜਾਂਦੇ ਹਨ। ਇਹ ਦਰਸ਼ਨ

ਵਸਤੂਆਂ ਤੇ ਪੁਰਖ-ਪ੍ਰਕ੍ਰਿਤੀ ਵਿਚ ਭੇਦ ਦਾ ਗਿਆਨ ਦਿੰਦਾ ਹੈ। ਇਹ ਪਦਾਰਥਾਂ ਤੇ ਤੱਤਾਂ ਦੀ ਸੰਖਿਆ ਦੱਸਦਾ ਹੈ। ਗਿਆਨ ਲਈ ਸਾਂਖਯ ਸਿਰਫ ਤਿੰਨ ਪ੍ਰਮਾਣ ਮੰਨਦਾ ਹੈ 1) ਪ੍ਰਤੱਖ (Perception) 2) ਉਪਮਾਨ (Comparison ) 3) ਸ਼ਬਦ (ਵੇਦ Testimony )। ਸਾਂਖਯ ਜਗਤ ਦੇ 25 ਪਦਾਰਥਾਂ ਦੇ ਭੇਦ ਨੂੰ ਸਮਝਾਉਂਦਾ ਹੈ ਅਤੇ ਉਨ੍ਹਾਂ ਦੇ ਵਿਕਾਸ ਦੀ ਲੜੀ ਨੂੰ ਦੱਸਦਾ ਹੈ। ਜਗਤ ਦੇ 25 ਪਦਾਰਥ ਦੋ ਮੂਲ ਤੱਤਾਂ ਕੁਦਰਤ ਤੇ ਪੁਰਖ ਤੋਂ ਪੈਦਾ ਹੋ ਕੇ ਵਿਕਸਿਤ ਹੁੰਦੇ ਹਨ। ਪ੍ਰਕ੍ਰਿਤੀ ਜੜ੍ਹ ਅਤੇ ਪੁਰਖ ਚੇਤਨ ਹੈ ਅਤੇ ਇਹ ਆਖਰੀ ਰੂਪ ਤੋਂ ਵੱਖ ਹੈ। ਇਹ ਜੀਵਾਂ ਦੀ ਅਨੇਕਤਾ ਨੂੰ ਤਰੀਕੇ ਨਾਲ ਸਿੱਧ ਕਰਦਾ ਹੈ ਅਤੇ ਜੀਵ ਦੀ ਮੁਕਤੀ ਕੁਦਰਤ ਨਾਲੋਂ ਭੇਦ ਦੀ ਸੰਥਿਤੀ ਹੈ। ਇਹ ਮੁਕਤੀ ਸਿਰਫ਼ ਭੇਦ ਦੇ ਗਿਆਨ ਤੋਂ ਪੈਦਾ ਹੋ ਸਕਦੀ ਹੈ।[12]

ਜਗਤ ਵਿੱਚ ਵਿਖਾਈ ਦਿੰਦੀਆਂ ਕਈ ਪ੍ਰਕਾਰ ਦੀਆਂ ਚੀਜ਼ਾਂ ਦੀ ਕਾਰਣਤਾ ਬਾਰੇ ਅਸਲੀ ਕਾਰਣ ਕੁੱਝ ਨਾ ਕੁੱਝ ਜਰੂਰ ਹੁੰਦਾ ਹੈ, ਜੋ ਪ੍ਰਕ੍ਰਿਤੀ ਹੈ। ਪ੍ਰਕ੍ਰਿਤੀ ਅਚੇਤ ਅਤੇ ਜੜ੍ਹ ਹੋਣ ਕਰਕੇ ਜਗਤ ਅਤੇ ਵਸਤੂਆਂ ਨੂੰ ਪੈਦਾ ਕਰਨ ਵਾਲੀ ਸ਼ਕਤੀ ਹੈ। ਸਾਂਖਿਆ ਸ਼ਾਸਤਰੀ ਇਹ ਆਖਦੇ ਹਨ ਕਿ ਜੇ ਜਗਤ ਦਾ ਕਾਰਨ ਚੇਤਨ ਤੱਤ (ਬ੍ਰਹਮ) ਹੋਵੇ ਤਾਂ ਚੇਤਨ ਦਾ ਜੜ੍ਹ ਵਿਚ ਪਰਿਵਰਤਨ ਨਹੀਂ ਹੋ ਸਕਦਾ। ਇਸ ਲਈ ਜੜ੍ਹ ਦਾ ਕਾਰਨ ਜੜ੍ਹ ਅਤੇ ਚੇਤਨ ਦਾ ਕਾਰਨ ਚੇਤਨ ਮੰਨਣਾ ਜਰੂਰੀ ਹੈ। ਇਸ ਲਈ ਪ੍ਰਕ੍ਰਿਤੀ ਅਤੇ ਪੁਰਖ ਦੋਵੇਂ ਹੀ ਜਗਤ ਦੀ ਵਿਆਖਿਆ ਲਈ ਜ਼ਰੂਰੀ ਹਨ।[13] ਉਪਨਿਸ਼ਦਾਂ ਵਿਚ ਸਾਂਖਯ ਦੀਆਂ ਧਾਰਨਾਵਾਂ (ਪੁਰਖ ਅਤੇ ਕੁਦਰਤ ) ਦਾ ਵਰਣਨ ਆਉਂਦਾ ਹੈ। ਸਾਂਖਯ ਦਾ ਵਰਣਨ ਭਗਵਤ ਗੀਤਾ ਵਿਚ ਵੀ ਮਿਲਦਾ ਹੈ, ਪਰ ਗੀਤਾ ਸਾਂਖਯ ਨੂੰ ਗਿਆਨ ਦੇ ਰੂਪ ਵਿਚ ਲੈਂਦੀ ਹੈ। ਸਾਂਖਯ ਦਰਸ਼ਨ ਦੇ ਅਨੁਸਾਰ ਪੁਰਖ ਅਨੇਕ ਹਨ। ਇਨ੍ਹਾਂ ਦਾ ਸਰੂਪ ਇਕ ਹੋਣ ਦੇ ਬਾਵਜੂਦ ਵੀ ਇਨ੍ਹਾਂ ਦੀ ਬਹੁਲਤਾ ਨਿਸ਼ਚਿਤ ਹੈ। ਇਸ ਗੱਲ ਉੱਤੇ ਸਾਂਖਯ ਰਾਮਾਨੁਜ ਦੇ ਦਰਸ਼ਨ ਨਾਲ ਜਾ ਮਿਲਦਾ ਹੈ। ਪਰ ਸ਼ੰਕਰ ਦੇ ਅਦਵੈਤ ਦਾ ਵਿਰੋਧ ਕਰਦਾ ਹੈ। ਜੈਨੀ ਵੀ ਜੀਵਾਂ ਦੀ ਅਨੇਕਤਾ ਵਿਚ ਵਿਸ਼ਵਾਸ਼ ਰੱਖਦੇ ਹਨ। ਸ਼ੰਕਰ ਆਤਮਾ ਨੂੰ ਆਨੰਦ ਸਰੂਪ ਮੰਨਦਾ ਹੈ, ਪਰ ਸਾਂਖਯ ਨਹੀਂ। ਸ਼ੰਕਰ ਆਤਮਾ ਨੂੰ ਇੱਕ ਮੰਨਦਾ ਹੈ , ਪਰ ਸਾਂਖਯ ਨਹੀਂ। ਸਾਂਖਯ ਦੇ ਅਨੁਸਾਰ ਮੋਕਸ਼ ਦੀ ਅਵਸਥਾ ਵਿਚ ਕਈ ਪੁਰਖ ਵੱਖ ਵੱਖ (ਕੇਵਲ) ਰਹਿੰਦੇ ਹਨ। ਇਸ ਲਈ ਮੋਕਸ਼ ਨੂੰ ਇਹ 'ਕੇਵਲਤਾ' (Isolation ) ਆਖਦਾ ਹੈ।

## 4. ਯੋਗ ਦਰਸ਼ਨ

ਇਹ ਦਰਸ਼ਨ ਬਹੁਤ ਪੁਰਾਣਾ ਹੈ। ਹੜੱਪਾ ਅਤੇ ਮਹਿੰਜੋਦੜੋ ਦੀ ਖੁਦਾਈ ਵਿਚੋਂ ਪ੍ਰਾਪਤ ਹੋਈਆਂ ਮੋਹਰਾਂ ਵਿਚ ਯੋਗ ਦਾ ਧਿਆਨ-ਮੁਦਰਾ ਵਿਚ ਬੈਠੇ ਵਿਅਕਤੀ ਦਾ ਆਕਾਰ ਨਜ਼ਰ

ਆਉਂਦਾ ਹੈ। ਜੋ ਸ਼ਿਵ ਦੀ ਮੂਰਤੀ ਮੰਨੀ ਜਾਂਦੀ ਹੈ। ਯੋਗ ਦਰਸ਼ਨ ਨੂੰ ਚਲਾਉਣ ਵਾਲਾ ਪਾਤੰਜਲੀ ਰਿਸ਼ੀ ਹੈ, ਜਿਸ ਨੇ 'ਯੋਗ ਸੂਤਰ' ਗ੍ਰੰਥ ਦੀ ਰਚਨਾ ਕੀਤੀ। ਇਸ ਵਿਚ ਯਮ, ਨਿਯਮ, ਆਸਣ, ਪ੍ਰਾਣਾਯਾਮ ਆਦਿ ਅਸ਼ਟਾਂਗ ਦਾ ਵਰਣਨ ਹੈ। ਜਿਹੜੇ ਅਖੀਰ ਵਿਚ ਸਮਾਧੀ ਤੇ ਖਤਮ ਹੁੰਦੇ ਹਨ। ਇਹੋ ਮੁਕਤੀ ਦੀ ਅਵਸਥਾ ਹੈ। ਯੋਗ ਸੰਬੰਧੀ ਸੰਕੇਤ ਰਿਗਵੇਦ ਵਿਚ ਵੀ ਮਿਲਦੇ ਹਨ। ਇਸ ਤਰ੍ਹਾਂ ਅਸੀਂ ਵੇਖਦੇ ਹਾਂ, ਯੋਗ ਦੀ ਪਰੰਪਰਾ ਵੀ ਉਤਨੀ ਹੀ ਪੁਰਾਣੀ ਹੈ ਜਿੰਨੀ ਗਿਆਨ, ਕਰਮ ਅਤੇ ਭਗਤੀ ਉਪਾਸਨਾ ਦੀ। ਬੁੱਧ ਧਰਮ ਵਿਚ ਅਸ਼ਟਾਂਗ-ਮਾਰਗ ਦਾ ਮਹੱਤਵ ਪੂਰਨ ਸਥਾਨ ਹੈ। ਜੈਨ ਧਰਮ ਵਿਚ ਵੀ ਯੋਗ ਦਾ ਕਾਫੀ ਵਰਣਨ ਮਿਲਦਾ ਹੈ।[14]

ਯੋਗ ਦਰਸ਼ਨ ਸਾਂਖਯ ਦੇ ਗਿਆਨ ਨੂੰ ਵਿਵਹਾਰਿਕ ਜੀਵਨ ਵਿਚ ਢਾਲਦਾ ਹੈ। ਜਿੱਥੇ ਸਾਂਖਯ 25 ਤੱਤਾਂ ਵਿਚ ਯਕੀਨ ਰੱਖਦਾ ਹੈ। ਉੱਥੇ ਯੋਗ ਉਨ੍ਹਾਂ ਵਿਚ ਈਸ਼ਵਰ ਦੇ ਇਕ ਹੋਰ ਤੱਤ ਨੂੰ ਵਧਾ ਕੇ 26 ਤੱਤਾਂ ਨੂੰ ਮੰਨਦਾ ਹੈ। ਯੋਗ ਈਸ਼ਵਰ ਵਿਚ ਵਿਸ਼ਵਾਸ ਨੂੰ ਜ਼ਰੂਰੀ ਮੰਨਦਾ ਹੈ। ਈਸ਼ਵਰ ਮਨੁੱਖ ਨੂੰ ਪ੍ਰੇਰਣਾ ਦਿੰਦਾ ਹੈ।

'ਯੋਗ' ਸ਼ਬਦ ਇਕ ਸੰਸਕ੍ਰਿਤ ਧਾਤੂ 'ਯੁਜ' ਤੋਂ ਨਿਕਲਿਆ ਹੈ। ਜਿਸ ਦਾ ਅਰਥ ਜੁੜਨਾ, ਮਿਲਣਾ, ਪਹੁੰਚਣਾ ਆਦਿ ਹੈ ਅਤੇ 'ਯੋਗ' ਦਾ ਅਰਥ ਉਹ ਸਾਧਨਾ ਹੋਇਆ ਜੋ ਵਿਅਕਤੀ ਨੂੰ ਆਪਣੇ ਉਦੇਸ਼ ਦੇ ਨਾਲ ਮਿਲਾਉਂਦੀ ਹੈ। ਇਸ ਦਾ ਅਰਥ ਆਤਮਾ-ਪਰਮਾਤਮਾ ਦਾ ਮਿਲਣ ਵੀ ਹੋ ਸਕਦਾ ਹੈ।[15] ਪਰ ਪਾਤੰਜਲੀ ਅਨੁਸਾਰ ਯੋਗ ਦਾ ਮੇਲ ਸੰਜੋਗ ਨਹੀਂ ਹੋ ਸਕਦਾ। ਪਾਤੰਜਲੀ 'ਯਾਜ 'ਯਾਜਵਲਕਯ' ਦੇ ਸੂਤਰ 'ਯੋਗ-ਸੰਜੋਗ' ਦਾ ਖੰਡਨ ਕਰਦਾ ਹੈ। ਜੀਵ ਦਾ ਪੁਰਸ਼ ਨੂੰ ਉਸ ਦੀ ਸੁਭਾਵਿਕ ਅਵਸਥਾ ਵਿਚ ਲਿਆਉਣਾ ਹੀ ਯੋਗ ਹੈ ਤਾਂ ਕਿ ਯੋਗ ਦੁਆਰਾ ਉਹ ਆਪਣੇ ਸ਼ੁੱਧ ਸਰੂਪ ਵਿਚ ਸਥਿਤ ਰਹੇ। ਪੁਰਸ਼ ਦਾ ਸਰੂਪ ਕੀ ਹੈ? ਅਤੇ ਉਹ ਉਸ ਨੂੰ ਕਿਵੇਂ ਪ੍ਰਾਪਤ ਕਰ ਸਕਦਾ ਹੈ। ਇਹੀ ਯੋਗ ਸ਼ਾਸਤਰ ਦੱਸਦਾ ਹੈ। ਪਾਤੰਜਲੀ ਅਨੁਸਾਰ ਯੋਗ ਚਿੱਤ-ਵਿਰਤੀ ਦੀ ਰੁਕਾਵਟ ਹੈ। (ਯੋਗ: ਚਿੱਤ-ਵਿਰਤੀ ਨਿਰੋਧਾ)। ਚਿੱਤ ਦੇ ਕਾਰਣ ਜੋ ਵਿਕਾਰ ਪੈਦਾ ਹੁੰਦੇ ਹਨ, ਉਨ੍ਹਾਂ ਦੀਆਂ ਵਿਰਤੀਆਂ ਨੂੰ ਰੋਕਣਾ ਹੀ ਯੋਗ ਹੈ।

ਭਾਰਤੀ ਦਰਸ਼ਨ ਦੀ ਪਰੰਪਰਾ ਅਤੇ ਸੰਸਕ੍ਰਿਤੀ ਵਿਚ ਯੋਗ ਦੀਆਂ ਮੁੱਖ ਨੌ ਕਿਸਮਾਂ ਹਨ: (1) ਹਠ ਯੋਗ, (2) ਸਹਿਜਯੋਗ (3) ਰਾਜਯੋਗ, (4) ਸਮਤਵਯੋਗ, (5) ਧਿਆਨ ਯੋਗ (6) ਕ੍ਰਿਆਯੋਗ, (7) ਤਾਂਤਰਿਕ ਯੋਗ, (8) ਕੁੰਡਲਿਨੀਯੋਗ, (9) ਨਾਮਯੋਗ। ਚਿੱਤ ਵਿਰਤੀਆਂ ਨੂੰ ਰੋਕ ਕੇ ਸਮਾਧੀ ਤੱਕ ਪਹੁੰਚਣ ਲਈ ਪਾਤੰਜਲੀ ਨੇ ਅਸ਼ਟਾਂਗ ਮਾਰਗ ਦਰਸਾਇਆ ਹੈ:- (1) ਯਮ, (2) ਨਿਯਮ, (3) ਆਸਨ, (4) ਪ੍ਰਾਣਾਯਾਮ, (5) ਪ੍ਰਤਯਾਹਾਰ, (6) ਧਾਰਨਾ, (7) ਧਿਆਨ, (8) ਸਮਾਧੀ।

## 5. ਪੂਰਵ-ਮੀਮਾਂਸਾ ਦਰਸ਼ਨ

ਇਸ ਦਰਸ਼ਨ ਦਾ ਵਿਕਾਸ ਬੁੱਧਮੱਤ ਅਤੇ ਜੈਨਮੱਤ ਤੋਂ ਪਿਛੋਂ ਹੋਇਆ। ਇਹ ਦਰਸ਼ਨ ਵੇਦਾਂ ਦੇ ਕਰਮਕਾਂਡ ਦੀ ਵਿਆਖਿਆ ਕਰਦਾ ਹੈ। ਵਿਧੀ ਪੂਰਬਕ ਕੀਤੀ ਖੋਜ ਜਾਂ ਵਿਗਿਆਨ ਨੂੰ ਮੀਮਾਂਸਾ ਆਖਦੇ ਹਨ। ਇਹ ਦਰਸ਼ਨ ਜੈਮਿਨੀ ਦੇ ਸੂਤਰਾਂ ਤੇ ਆਧਾਰਤ ਹੈ। ਜੈਮਿਨੀ ਤਿੰਨ ਪ੍ਰਮਾਣਾਂ ਨੂੰ ਮੰਨਦਾ ਹੈ 1) ਪ੍ਰਤੱਖ 2) ਅਨੁਮਾਨ, 3) ਸ਼ਬਦ। ਪਹਿਲੇ ਦੋ ਜਗਤ ਦੀ ਵਿਆਖਿਆ ਕਰਦੇ ਹਨ, ਪਰ ਧਰਮ ਕਰਮ ਦੀ ਵਿਆਖਿਆ ਸਿਰਫ਼ ਸ਼ਬਦ ਦੁਆਰਾ ਹੀ ਹੁੰਦੀ ਹੈ। ਗਿਆਨ ਦੇ ਖੇਤਰ ਵਿਚ ਵੀ ਮੀਮਾਂਸਾ ਦਾ ਬਹੁਤ ਯੋਗਦਾਨ ਹੈ। ਇਸ ਵਿਚ ਪ੍ਰਭਾਕਰ ਤੇ ਕੁਮਾਰਿਲ ਦੀ ਵਿਸ਼ੇਸ਼ ਦੇਣ ਹੈ।

ਅਸਲ ਵਿਚ ਦਰਸ਼ਨ ਧਰਮ ਦੇ ਸਰੂਪ ਨੂੰ ਸਮਝਾਉਂਦਾ ਹੈ ਅਤੇ ਅੰਤ ਵਿਚ ਮੁਕਤੀ ਦੇ ਸਾਧਨ ਵੀ ਦੱਸਦਾ ਹੈ।[16] ਜੈਮਨੀ ਨੇ ਈਸ਼ਵਰ ਦੇ ਵਿਸ਼ੇ ਨੂੰ ਸਮੱਸਿਆ ਹੀ ਨਹੀਂ ਮੰਨਿਆ ਕਿਉਂ ਕਿ ਉਸ ਦਾ ਮੁੱਖ ਵਿਸ਼ਾ ਧਰਮ ਦੀ ਵਿਆਖਿਆ ਕਰਨਾ ਸੀ।

## 6. ਵੇਦਾਂਤ

ਵੇਦਾਂਤ ਦੇ ਦਰਸ਼ਨ ਦਾ ਵਿਕਾਸ ਵੇਦਾਂ, ਉਪਨਿਸ਼ਦਾਂ ਤੇ ਭਗਵਤ ਗੀਤਾ ਦੇ ਆਧਾਰ ਤੇ ਹੋਇਆ। ਉਪਨਿਸ਼ਦ ਵੇਦਾਂ ਦੇ ਹੀ ਭਾਗ ਮੰਨੇ ਜਾਂਦੇ ਹਨ। ਜੇਕਰ ਵੇਦ ਦਾ ਅਰਥ ਗਿਆਨ ਹੈ ਤਾਂ ਇਨ੍ਹਾਂ ਨੂੰ ਵੇਦਾਂਤ ਆਖਿਆ ਜਾਂਦਾ ਹੈ। ਉਪਨਿਸ਼ਦਾਂ ਦਾ ਮੂਲ ਵਿਸ਼ਾ ਆਤਮਾ ਤੇ ਪਰਮਾਤਮਾ ਦੇ ਸੰਬੰਧ ਤੇ ਜਗਤ ਦੀ ਵਿਆਖਿਆ ਕਰਨਾ ਸੀ। ਇਸ ਉਪਨਿਸ਼ਦਕ ਦਰਸ਼ਨ ਨੂੰ ਬਾਦਾਰਾਯਨ ਨੇ 'ਬ੍ਰਹਮ-ਸੂਤਰ' ਦੇ ਗ੍ਰੰਥ ਵਿਚ ਸੂਤਰ ਬੱਧ ਕੀਤਾ। ਇਨ੍ਹਾਂ ਸੂਤਰਾਂ ਤੇ ਸ਼ੰਕਰ, ਰਾਮਾਨੁਜ ਅਤੇ ਮਾਧਵ ਆਦਿ ਦਾਰਸ਼ਨਿਕਾਂ ਨੇ ਆਲੋਚਨਾ ਲਿਖ ਕੇ ਵਿਭਿੰਨ ਵਿਚਾਰ ਧਾਰਾਵਾਂ ਦਾ ਵਿਕਾਸ ਕੀਤਾ। ਵੇਦਾਂਤ ਕੀ ਹੈ ? ਇਸ ਦੀ ਨੀਂਹ ਜੀਵ ਤੇ ਬ੍ਰਹਮ ਦੀ ਏਕਤਾ ਵਿੱਚ ਲੱਭੀ ਜਾਂਦੀ ਹੈ। ਸੰਸਾਰ ਝੂਠਾ ਹੈ ਤੇ ਸਾਡੀ ਆਤਮਾ, ਅਕਰਤਾ, ਅਸੰਗ ਤੇ ਨਿਰਲੇਪ ਹੈ। ਅਸੀਂ ਨਾ ਕੁਝ ਕਰਦੇ ਹਾਂ ਤੇ ਨਾ ਕਰਵਾ ਸਕਦੇ ਹਾਂ।[17]

ਉਪਨਿਸ਼ਦ ਬ੍ਰਹਮ ਨੂੰ ਇਕ ਪੁਰਖ ਜਾਂ ਵਿਅਕਤੀ ਦੇ ਰੂਪ ਵਿੱਚ ਉਹ ਸ਼ਕਤੀ ਨਹੀਂ ਲੈਂਦੇ, ਜੋ ਸ੍ਰਿਸ਼ਟੀ ਦੀ ਉਤਪਤੀ ਕਰਦਾ ਹੈ। ਉਪਨਿਸ਼ਦਾਂ ਅਨੁਸਾਰ ਬ੍ਰਹਮ ਨਿੱਤ ਅਤੇ ਪਰਿਵਰਤਨ

ਰਹਿਤ ਰਹਿੰਦਾ ਹੈ ਅਤੇ ਸੰਸਾਰ ਦੀ ਪ੍ਰਕਿਰਿਆ ਉਸ ਵਿੱਚ ਤਬਦੀਲੀ ਦੀ ਝਲਕ ਹੈ ਜਾਂ ਉਸ ਦਾ ਅਪੂਰਣ ਪ੍ਰਗਟਾਵਾ ਹੈ। ਜੇਕਰ ਅਪੂਰਣ ਅਨੁਭਵ ਦੁਆਰਾ ਬ੍ਰਹਮ ਨੂੰ ਵੇਖਿਆ ਜਾਵੇ ਤਾਂ ਉਹ ਜਗਤ ਪ੍ਰਪੰਚ ਨਜ਼ਰ ਆਉਂਦਾ ਹੈ ਜਦ ਕਿ ਅਸਲ ਵਿੱਚ ਬ੍ਰਹਮ-ਬ੍ਰਹਮ ਹੀ ਰਹਿੰਦਾ ਹੈ ਅਤੇ ਜਗਤ ਉਸ ਤੋਂ ਪ੍ਰਗਟ ਹੁੰਦਾ ਹੈ। ਉਪਨਿਸ਼ਦਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਜੇਕਰ ਆਤਮਾ ਪਰਮੇਸ਼ਰ ਹੈ ਅਤੇ ਬ੍ਰਹਮ ਵੀ ਪਰਮੇਸ਼ਰ ਹੈ ਤਾਂ ਇਹ ਦੋਵੇਂ ਇਕ ਹੋਣੇ ਚਾਹੀਦੇ ਹਨ। ਇਸ ਲਈ ਉਪਨਿਸ਼ਦ ਆਤਮਾ ਅਤੇ ਪਰਮਾਤਮਾ ਨੂੰ ਇੱਕ ਮੰਨਦੇ ਹਨ।[18]

ਸ਼ੰਕਰ ਸ਼ੁੱਧ ਆਤਮਾ ਨੂੰ ਬ੍ਰਹਮ ਹੀ ਮੰਨਦਾ ਹੈ। ਰਾਮਾਨੁਜ ਜਗਤ ਤੇ ਜੀਵ ਨੂੰ ਬ੍ਰਹਮ ਦੀ ਏਕਤਾ ਵਿਚ ਅਸਲੀ ਸਿੱਧ ਕਰਦਾ ਹੈ। ਇਸ ਨੂੰ ਵਿਸ਼ਿਸ਼ਟ ਅਦਵੈਤ ਕਹਿੰਦੇ ਹਨ । ਮਾਧਵਦਵੈਤ ਨੂੰ ਮੰਨਦਾ ਹੈ। ਜਿਸ ਦੇ ਅਨੁਸਾਰ ਜਗਤ ਤੇ ਈਸ਼ਵਰ ਦੋਵੇਂ ਅਸਲੀ ਹਨ। ਸ਼ੰਕਰ ਦਾ ਅਦਵੈਤ ਬੋਧਮੱਤ ਦੇ ਦਾਰਸ਼ਨਿਕ ਹਮਲੇ ਦਾ ਉੱਤਰ ਸੀ। ਡਾ. ਧਰਮਪਾਲ ਸਿੰਗਲ ਸ਼ੰਕਰ ਦੇ ਵੇਦਾਂਤ ਦੀ ਵਿਆਖਿਆ ਕਰਦੇ, ਪੰਡਤ ਰਾਮ ਗੋਪਾਲ ਸ਼ਾਸਤਰੀ ਦੇ ਵਿਚਾਰ ਦੱਸਦੇ ਹਨ, 'ਪ੍ਰਾਚੀਨ ਵੈਦਿਕ ਇਤਿਹਾਸ ਪੜ੍ਹਨ ਨਾਲ ਪਤਾ ਲੱਗਦਾ ਹੈ ਕਿ ਆਰੀਆ ਲੋਕ ਚਰਿੱਤਰ ਵਿਚ ਉੱਚੇ, ਵਿਗਿਆਨ ਵਿਚ ਨਿਪੁੰਨ, ਯੁੱਧ ਵਿਦਿਆ ਵਿਚ ਕੁਸ਼ਲ ਹੁੰਦੇ ਸਨ। ਉਨ੍ਹਾਂ ਵਿਚ ਬੁੱਧੀ, ਵੀਰਤਾ ਤੇ ਨਿਰਭੈਤਾ ਕੁੱਟ ਕੁੱਟ ਕੇ ਭਰੀ ਹੋਈ ਸੀ - - - - ਇਹ ਵੀਰ ਜਾਤੀ ਡਰਪੋਕ ਕਿਵੇਂ ਹੋ ਗਈ ? ਇਸ ਦਾ ਕਾਰਣ ਭਾਰਤ ਵਰਸ਼ ਵਿਚ ਤਿੰਨ ਤਰ੍ਹਾਂ ਦੇ ਮੱਤਾਂ ਦੇ ਅਵੈਦਿਕ ਵਿਚਾਰ ਹਨ। ਇਹ ਤਿੰਨ ਮੱਤ ਹਨ, ਜੈਨ, ਬੋਧ ਅਤੇ ਨਵੀਨ ਵੇਦਾਂਤ - - - ਸਵਾਮੀ ਸ਼ੰਕਰਾਚਾਰੀਆ ਦੇ ਅਦਵੈਤਵਾਦ ਦੇ ਪ੍ਰਭਾਵ ਸਦਕਾ ਆਰੀਆ ਜਾਤੀ ਵਿਚ ਸੰਸਾਰ ਤੋਂ ਉਦਾਸੀਨਤਾ, ਝੂਠਾ ਵੈਰਾਗ ਅਤੇ ਨਿਰਉੱਦਮ ਭਾਵਨਾ ਨੇ ਜਨਮ ਲਿਆ।'[19] ਛਾਂਦੋਗਯ ਉਪਨਿਸ਼ਦ ਅਨੁਸਾਰ ਬ੍ਰਹਮ ਹੀ ਜਗਤ ਬਣ ਜਾਂਦਾ ਹੈ ਅਤੇ ਇਹ ਪ੍ਰਕਿਰਿਆ ਵਾਸਤਵਿਕ ਹੈ। ਬ੍ਰਹਮ ਵਿਚ ਹੀ ਸਭ ਕੁਝ ਨਿਵਾਸ ਕਰਦਾ ਹੈ। ਜੜ੍ਹ ਪਦਾਰਥ ਉਸ ਦਾ ਸਰੀਰ ਹੈ ਅਤੇ ਜੀਵ ਉਸ ਦੀ ਅੰਤਰ ਆਤਮਾ ।ਜਗਤ ਬ੍ਰਹਮ ਦਾ ਇਕ ਵਰਤਨ ਹੈ।

ਉਪਨਿਸ਼ਦਾਂ ਵਿਚ ਬ੍ਰਹਮ ਦੇ ਨਿਰਗੁਣ ਸਰੂਪ ਦਾ ਸ਼ੰਕਰ ਦੇ ਵਿਵਰਤਵਾਦ ਦੇ ਸਿਧਾਂਤ ਅਨੁਸਾਰ ਬ੍ਰਹਮ ਜਗਤ ਦਾ ਕਾਰਣ ਤਾਂ ਹੈ ਪਰ ਉਹ ਆਪ ਜਗਤ ਵਿਚ ਤਬਦੀਲ ਨਹੀਂ ਹੁੰਦਾ। ਬ੍ਰਿਹਦਾਰਣਕ ਉਪਨਿਸ਼ਦ ਵਿਚ ਯਾਗਵਲਕਯ ਗਾਰਗੀ ਨੂੰ ਆਖਦਾ ਹੈ ਕਿ ਬ੍ਰਹਮ ਨਾ ਤਾਂ ਸਥੂਲ ਹੈ, ਨਾ ਸੂਖਮ ਹੈ, ਨਾ ਲੰਮਾ ਹੈ ਨਾ ਛੋਟਾ ਹੈ। ਗੰਧਹੀਣ, ਸਵਾਦਹੀਣ,

ਛਾਇਆਹੀਣ, ਦ੍ਰਿਸ਼ਟੀਹੀਣ ਆਦਿ ਹੈ। ਪਰ ਉਹ ਇਹ ਨਹੀਂ ਆਖਦੀ ਕਿ ਬ੍ਰਹਮ ਕੁਝ ਵੀ ਨਹੀਂ ਹੈ। ਭਾਵ-ਬ੍ਰਹਮ ਨਿਰਗੁਣ ਹੈ।

## ਵੇਦਾਂ ਵਿੱਚ ਭਗਤੀ

ਵੇਦ ਭਾਰਤੀ ਸੰਸਕ੍ਰਿਤੀ, ਧਰਮ, ਭਾਸ਼ਾ ਅਤੇ ਸਾਹਿਤ ਦਾ ਅਮੁੱਲ ਭੰਡਾਰ ਹੈ। ਭਗਤੀ ਈਸ਼ਵਰ ਦੀ ਹੋਂਦ ਨਾਲ ਸੰਬੰਧ ਰੱਖਦੀ ਹੈ। ਰਿਗਵੇਦ ਵਿਚ ਈਸ਼ਵਰ ਦੀ ਹੋਂਦ ਤੇ ਭਗਤੀ ਸੰਬੰਧੀ ਇਕ ਰਿਸ਼ੀ ਆਖਦਾ ਹੈ, " ਹੇ ਪ੍ਰਭੂ, ਤੁਹਾਡੀ ਹੋਂਦ ਤੋਂ ਵਧਕੇ ਹੋਰ ਕਿਸੇ ਚੀਜ਼ ਦੀ ਹੋਂਦ ਨਹੀਂ। ਆਪਦੀ ਸਰਵੋਤਮ ਸੱਤਾ ਹੈ।"[20] ਵੇਦਾਂ ਦੇ ਦੇਵਤੇ ਪ੍ਰਾਕ੍ਰਿਤਕ, ਅਧਿਆਤਮਕ ਸ਼ਕਤੀਆਂ ਦੇ ਪ੍ਰਤੀਕ ਸਨ। ਰਿਗਵੈਦਿਕ ਆਰੀਅਨ ਦੇਵਤਿਆਂ ਦੀ ਅਰਾਧਨਾ ਕਰਦੇ ਸਨ।[21] ਇਹ ਲੋਕ ਪ੍ਰਾਕ੍ਰਿਤਕ ਸੰਕਟਾਂ ਜਿਵੇਂ ਮੌਤ, ਹੜ੍ਹ ਆਦਿ ਦੇ ਡਰ ਕਾਰਨ ਸੁਖੀ ਜੀਵਨ ਲਈ ਦੇਵਤਿਆਂ ਦੀ ਅਰਾਧਨਾ ਕਰਦੇ ਸਨ।

ਪੱਛਮੀ ਵਿਦਵਾਨਾਂ ਅਨੁਸਾਰ ਵੇਦਾਂ ਵਿਚ ਬਹੁਦੇਵਵਾਦ ਦਾ ਸਾਮਰਾਜ ਹੈ। ਭਾਰਤੀ ਵਿਦਵਾਨ ਭਾਰਤੀ ਦਰਸ਼ਨ ਦੀ ਹਰ ਪਰੰਪਰਾ ਨੂੰ ਵੇਦਾਂ ਨਾਲ ਸੰਬੰਧਿਤ ਕਰਦੇ ਹਨ। ਡਾ. ਬੈਨੀ ਪ੍ਰਸਾਦ ਸ਼ਰਮਾ ਅਨੁਸਾਰ ਰਿਗਵੇਦ ਵਿਚ ਭਾਰਤੀ ਧਰਮਾਂ ਦੇ ਬੀਜ ਮੂਲ ਰੂਪ ਵਿਚ ਮੌਜੂਦ ਹਨ ਅਤੇ ਉਨ੍ਹਾਂ ਦੇ ਕ੍ਰਮਿਕ ਵਿਕਾਸ ਨਾਲ ਭਾਰਤੀ ਭਗਤੀ ਦੀ ਰੂਪ ਰੇਖਾ ਬਣੀ।[22] ਵੈਦਿਕ ਕਵੀਆਂ ਦੀ ਨਿਜੀ ਵਿਸ਼ੇਸਤਾ ਇਸੇ ਵਿਚ ਹੈ ਕਿ ਉਨ੍ਹਾਂ ਨੇ ਇਸ ਜਗਤ ਦੇ ਮੂਲ ਵਿਚ ਵਿਦਮਾਨ, ਅਨੰਤ ਸ਼ਕਤੀ ਬ੍ਰਹਮ ਦੀ ਅਲੌਕਿਕਤਾ, ਅਖੰਡਤਾ ਅਤੇ 'ਏਕਤੱਵ' ਬਾਰੇ ਪਹਿਲ ਕੀਤੀ। ਵੈਦਿਕ ਕਵੀਆਂ ਨੇ ਬ੍ਰਹਮ ਦੀ ਪ੍ਰਾਪਤੀ ਲਈ ਗਿਆਨ, ਕਰਮ ਅਤੇ ਭਗਤੀ ਤਿੰਨ ਸਾਧਨ ਦੱਸੇ ਹਨ।

## ਕਰਮ ਮਾਰਗ

ਵੇਦਾਂ ਅਨੁਸਾਰ ਸੱਭ ਤੋਂ ਪਹਿਲਾਂ ਸਾਧਕ ਸ਼ੁਭ-ਕਰਮਾਂ ਰਾਹੀਂ ਅੰਤਹਕਰਨ ਨੂੰ ਸ਼ੁੱਧ ਕਰਦਾ ਹੈ। ਰਿਗਵੇਦ ਅਨੁਸਾਰ ਪੂਰਵ ਜਨਮ ਦੇ ਕੀਤੇ ਕਰਮਾਂ ਤੋਂ ਛੁਟਕਾਰਾ ਪ੍ਰਾਪਤ ਕਰਨ ਲਈ ਮਨੁੱਖ ਦੇਵਤਿਆਂ ਕੋਲ ਪ੍ਰਾਰਥਨਾ ਕਰਦਾ ਹੈ।[23] ਵੈਦਿਕ ਲੋਕ ਦੇਵਤਿਆਂ ਨੂੰ ਖ਼ੁਸ਼ ਕਰਨ ਲਈ ਦੂਜੇ ਜੀਵਾਂ ਦੀ ਬਲੀ ਦਿੰਦੇ ਸਨ। 'ਵੇਦਾਂ ਵਿਚ ਕੁਝ ਨਿੱਤ ਕਰਮਾਂ ਦਾ ਜ਼ਿਕਰ ਹੈ ਜਿਨ੍ਹਾਂ ਦੇ ਕਾਰਨ ਨਾਲ ਪੁੰਨ ਜਾਂ ਅਪੂਰਵ ਵਸਤ ਨਹੀਂ ਮਿਲਦੀ ਅਤੇ ਕੁਝ ਨੈਮਿਤਿਕ ਕਰਮਾਂ ਦੇ ਕਰਨ ਨਾਲ ਕਰਮ ਫਲ ਮਿਲਦਾ ਹੈ।[24]

ਗਿਆਨ ਮਾਰਗ

ਕਰਮ ਮਾਰਗ ਤੋਂ ਅਗਲੀ ਅਵਸਥਾ ਗਿਆਨ ਮਾਰਗ ਦੀ ਹੈ। ਗਿਆਨ ਮਾਰਗ ਵਿਚ ਸਾਧਕ ਬੁਧੀ ਰਾਹੀਂ ਬ੍ਰਹਮ ਦੇ ਸਰੂਪ ਦਾ ਚਿੰਤਨ ਕਰਦਾ ਹੈ। ਹੰਕਾਰ ਦਾ ਤਿਆਗ ਅਤੇ ਆਤਮ ਸਮਰਪਣ ਗਿਆਨ ਪ੍ਰਾਪਤੀ ਲਈ ਜ਼ਰੂਰੀ ਹੈ। ਵੈਦਿਕ ਲੋਕ ਵਿਸ਼ਿਸ਼ਟ ਸ਼ਕਤੀ ਦੀ ਉਪਾਸ਼ਨਾ ਕਰਦੇ ਸਨ। ਉਪਾਸਨਾ ਦੇ ਸਮੇਂ ਸਾਧਕ ਸਾਧਯ ਨਾਲ ਇਕ ਰਸ ਹੋ ਜਾਂਦਾ ਸੀ।[25] ਵੈਦਿਕ ਲੋਕਾਂ ਨੂੰ ਇਸ ਗੱਲ ਦਾ ਗਿਆਨ ਸੀ ਕਿ ਪਰਮ ਉਦੇਸ਼ ਦੀ ਪ੍ਰਾਪਤੀ ਲਈ ਗਿਆਨ ਜ਼ਰੂਰੀ ਹੈ।

ਭਗਤੀ ਮਾਰਗ

ਭਗਤੀ ਮਾਰਗ ਵਿਚ ਸਾਧਕ ਬ੍ਰਹਮ ਦਾ ਸਿਮਰਨ ਕਰਦਾ ਹੈ। ਉਹ ਦੇਵਤਿਆਂ ਅੱਗੇ ਪ੍ਰਾਰਥਨਾ ਕਰਦਾ ਹੈ ਕਿ ਅਸੀਂ ਆਪਣੇ ਚਿੱਤ ਦੀਆਂ ਸਾਰੀਆਂ ਸ਼ਕਤੀਆਂ ਨੂੰ ਤੇਰੇ ਅੰਦਰ ਕੇਂਦ੍ਰਤ ਕਰਕੇ ਤੇਰਾ ਅਤੇ ਕੇਵਲ ਤੇਰਾ ਸਿਮਰਨ ਕਰਦੇ ਹਾਂ।[26] ਸਾਧਕ ਦੇ ਦੇਵਤਿਆਂ ਨਾਲ ਪਿਤਾ, ਮਾਤਾ ਆਦਿ ਦੇ ਸੰਬੰਧ ਹੁੰਦੇ ਹਨ। ਵੈਦਿਕ ਮੰਤਰਾਂ ਵਿਚ ਵਿਸ਼ਿਸ਼ਟ ਦੇਵਤਿਆਂ ਦੀ ਉਸਤਤ ਕੀਤੀ ਗਈ ਹੈ। ਇਹ ਉਸਤੁਤ ਗਾਇਣ ਭਗਤੀ ਭਾਵ ਦੇ ਕਾਰਨ ਹੀ ਸੰਭਵ ਹੋ ਸਕਦਾ ਹੈ। ਵੇਦਾਂ ਵਿਚ ਨਾਮ ਭਗਤੀ, ਕਾਂਤਾ ਭਗਤੀ, ਪੂਜਾ ਭਗਤੀ, ਸਖਾ ਭਗਤੀ, ਦਾਸਾ ਭਗਤੀ, ਸਗੁਣ ਰੂਪ ਭਗਤੀ ਅਨਿੰਨ ਭਗਤੀ, ਵਾਤਸਲਯ ਭਗਤੀ, ਸਿਮਰਨ ਭਗਤੀ ਆਦਿ ਸਭ ਤਰ੍ਹਾਂ ਦੀ ਭਗਤੀ ਦਾ ਜ਼ਿਕਰ ਹੈ।

ਪ੍ਰਭੂ ਕਿਰਪਾ, ਸ਼ਰਧਾ, ਕੀਰਤਨ, ਗੁਰੂ ਕਿਰਪਾ ਸਤਿਸੰਗ, ਪ੍ਰਾਰਥਨਾ, ਪ੍ਰਭੂ ਮਹਿਮਾ ਆਦਿ ਭਗਤੀ ਦੇ **ਸਾਧਨਾਂ** ਦਾ ਵੇਦਾਂ ਵਿਚ ਵਰਣਨ ਆਉਂਦਾ ਹੈ। ਵੇਦਾਂ ਵਿਚਲੀ ਭਗਤੀ ਪਰੰਪਰਾ ਨੂੰ ਵੇਖਦਿਆਂ ਕਿਹਾ ਜਾ ਸਕਦਾ ਹੈ ਕਿ ਭਗਤੀ ਦੇ ਇਨ੍ਹਾਂ ਤਿੰਨਾਂ ਮਾਰਗਾਂ ਦੇ ਵਿਕਾਸ ਨਾਲ ਭਾਰਤ ਵਿਚ ਭਿੰਨ ਭਿੰਨ ਧਰਮਾਂ, ਸੰਪਰਦਾਵਾਂ ਵਿਭਿੰਨ ਵਰਗਾਂ ਦੀ ਹੋਂਦ ਕਾਰਨ ਵਿਭਿੰਨ ਭਗਤੀ ਮਾਰਗ ਸਥਾਪਤ ਹੋਏ। ਆਚਾਰੀਆ ਪਰਸ਼ੂ ਰਾਮ ਚਤੁਰਵੇਦੀ ਵੀ ਇਸ ਗੱਲ ਦੀ ਪੁਸ਼ਟੀ ਕਰਦੇ ਲਿਖਦੇ ਹਨ, ਆਰੀਆ ਦੇ ਇਤਿਹਾਸ ਦੇ ਪਹਿਲੇ ਯੁੱਗ ਵਿਚ ਜੋ ਸਾਧਨਾ ਪਹਿਲਾਂ ਸਿੱਧੇ ਸਾਦੇ ਉਸਤਤ ਗਾਣ ਜਾਂ ਪਸ਼ੂਬਲੀ ਨਾਲ ਆਰੰਭ ਹੋਈ ਸੀ, ਉਹ ਕ੍ਰਮਵਾਰ ਯੱਗ, ਕਰਮ, ਤਪੱਸਿਆ, ਤੱਤ-ਗਿਆਨ, ਸਦਾਚਾਰ ਅਤੇ ਭਗਤੀ ਦੇ ਅਲੱਗ ਅਲੱਗ ਰੂਪ ਧਾਰਨ ਕਰਨ ਲੱਗੀ ਅਤੇ ਵਿਵਿਧਤਾ ਦੇ ਕਾਰਨ ਮੱਤਭੇਦ ਪੈਦਾ ਹੋਏ ਅਤੇ ਸਾਧਨਾ ਦੀ ਵਿਭਿੰਨਤਾ ਕਾਰਨ ਸਮਾਜ ਵਿਚ ਭਿੰਨ ਭਿੰਨ ਵਰਗਾਂ ਦੀ ਸਿਰਜਣੀ ਹੋਣ ਲੱਗੀ।[27]

## ਅਵੈਦਿਕ ਦਰਸ਼ਨਾਂ ਦੀ ਉਤਪਤੀ

ਅਵੈਦਿਕ ਪ੍ਰਣਾਲੀਆਂ ਦੀ ਉਤਪਤੀ ਤੇ ਵਿਕਾਸ ਵੈਦਿਕ ਕਾਲ ਦੇ ਪ੍ਰਕਿਰਤੀਵਾਦੀ, ਪਰਖਵਾਦੀ ਤੇ ਮਾਨਵਵਾਦੀ ਪ੍ਰਵਿਰਤੀ ਨਾਲ ਹੋਇਆ। ਇਹ ਸ਼ਬਦ (ਵੇਦ) ਨੂੰ ਆਖਰੀ ਪ੍ਰਮਾਣ ਨਹੀਂ ਮੰਨਦੀਆਂ, ਪਰ ਜੀਵਨ ਦੇ ਇੱਕ ਪ੍ਰਣਾਲੀਬੱਧ ਦ੍ਰਿਸ਼ਟੀਕੋਣ ਦਾ ਵਿਕਾਸ ਕਰਨ ਲਈ ਇਨ੍ਹਾਂ ਨੇ ਵੱਖ-ਵੱਖ ਦਾਰਸ਼ਨਿਕ ਵਿਧੀਆਂ ਦਾ ਆਸਰਾ ਲਿਆ। ਅਵੈਦਿਕ ਪ੍ਰਣਾਲੀਆਂ ਵਿਚ ਮੁੱਖ ਰੂਪ ਵਿਚ ਤਿੰਨ ਦਰਸ਼ਨ ਆਉਂਦੇ ਹਨ:--

(1) ਚਾਰਵਾਕ ਦਰਸ਼ਨ
(2) ਬੋਧ ਦਰਸ਼ਨ।
(3) ਜੈਨ ਦਰਸ਼ਨ

### 1. ਚਾਰਵਾਕ ਦਰਸ਼ਨ

ਚਾਰ ਵਾਕ ਸਾਧਾਰਣ ਵਿਅਕਤੀ ਦਾ ਦ੍ਰਿਸ਼ਟੀਕੋਣ ਪੇਸ਼ ਕਰਦੇ ਹਨ। ਇਸ ਦਾ ਵਿਕਾਸ ਪ੍ਰਕ੍ਰਿਤੀਵਾਦੀ, ਦ੍ਰਿਸ਼ਟੀਵਾਦੀ, ਭੌਤਿਕਵਾਦੀ ਤੇ ਸੁਖਵਾਦੀ ਆਧਾਰਾਂ ਤੇ ਹੋਇਆ। ਉਪਕ ਤੇ ਰੈਗੁਆਲ ਨੇ ਇਹ ਦਰਸ਼ਨ ਪੇਸ਼ ਕੀਤਾ। ਇਹ ਦਰਸ਼ਨ ਸਾਰਿਆਂ ਨੂੰ ਚੰਗੇ ਲੱਗਣ ਵਾਲੇ ਬਚਨ ਕਹਿੰਦਾ ਹੈ। ਇਸ ਲਈ ਇਸ ਨੂੰ ਚਾਰਵਾਕ ਕਹਿੰਦੇ ਹਨ।[28] ਚਾਰ ਵਾਕ ਸਿਰਫ਼ ਪ੍ਰਤੱਖ ਨੂੰ ਪ੍ਰਮਾਣ ਮੰਨਦਾ ਹੈ। ਅਨੁਮਾਨ ਵੀ ਉਥੋਂ ਤੱਕ ਸੱਚ ਹੈ। ਜਿਥੋਂ ਤੱਕ ਇਹ ਪ੍ਰਤੱਖ ਦੇ ਅਨੁਕੂਲ ਹੈ। ਚਾਰਵਾਕ ਦਰਸ਼ਨ ਵੇਦਾਂ ਦੇ ਸਿਧਾਂਤਾਂ, ਕਰਮਕਾਂਡ ਤੇ ਮੁਕਤੀਵਾਦ ਦਾ ਜ਼ੋਰ ਨਾਲ ਖੰਡਨ ਕਰਦਾ ਹੈ। ਸਵਰਗ ਨਰਕ ਦੇ ਖ਼ਿਆਲਾਂ ਨੂੰ ਵੀ ਨਹੀਂ ਮੰਨਦਾ। ਈਸ਼ਵਰ ਦੀ ਸੱਤਾ ਵਿਚ ਵਿਸ਼ਵਾਸ਼ ਨਹੀਂ ਰਖਦਾ।

ਇਸ ਦਰਸ਼ਨ ਅਨੁਸਾਰ ਆਤਮਾ ਦੀ ਸਰੀਰ ਤੋਂ ਬਾਹਰ ਹੋਂਦ ਨਹੀਂ ਹੋ ਸਕਦੀ। ਪ੍ਰਕ੍ਰਿਤੀ ਤੋਂ ਪਰੇ ਕੋਈ ਨਾ ਦਿਖਾਈ ਦੇਣ ਵਾਲੀ ਸੱਤਾ ਨਹੀਂ ਹੋ ਸਕਦੀ। ਜਗਤ, ਵਸਤੂਆਂ ਤੇ ਸਰੀਰ ਪਰਮਾਣੂਆਂ ਦੇ ਸੰਜੋਗ ਵਿਯੋਗ ਦੇ ਸਿਧਾਂਤ ਅਨੁਸਾਰ ਬਣਦੇ ਤੇ ਨਸ਼ਟ ਹੁੰਦੇ ਹਨ। ਜਦੋਂ ਮੌਤ ਨਾਲ ਚੇਤਨਾ ਨਸ਼ਟ ਹੋ ਜਾਂਦੀ ਹੈ ਤਾਂ ਆਤਮਾ ਕਿਵੇਂ ਰਹਿ ਸਕਦੀ ਹੈ?

ਮੁਕਤੀ ਦੀ ਇੱਛਾ ਦੀ ਥਾਂ ਸੁੱਖ ਦੀ ਇੱਛਾ ਕਰਨੀ ਚਾਹੀਦੀ ਹੈ ਚਾਰਵਾਕ ਦਾ

ਸੁੱਖਵਾਦ ਉਨ੍ਹਾਂ ਦੇ ਪ੍ਰਕ੍ਰਿਤੀਵਾਦ ਅਤੇ ਪਰਮਾਣੂਵਾਦ ਦਾ ਸਿੱਟਾ ਹੈ। ਚਾਰਵਾਕ ਇਕੱਲਾ ਇਸ ਤਰ੍ਹਾਂ ਦਾ ਦਰਸ਼ਨ ਹੈ ਜਿਹੜਾ ਭਾਰਤੀ ਪਰੰਪਰਾ ਵਿਚ ਮੁਕਤੀ ਜਾਂ ਨਿਰਵਾਣ ਨੂੰ ਜੀਵਨ ਦਾ ਉਦੇਸ਼ ਨਹੀਂ ਮੰਨਦਾ।[29] ਇਸ ਦਰਸ਼ਨ ਦਾ ਕੋਈ ਨਿਸ਼ਚਿਤ ਗ੍ਰੰਥ ਨਹੀਂ ਮਿਲਦਾ, ਸਿਰਫ਼ ਬ੍ਰਹਸਪਤੀ ਸੂਤਰ ਵਲ ਸੰਕੇਤ ਕੀਤਾ ਗਿਆ ਹੈ।

2. ਬੋਧ ਦਰਸ਼ਨ

ਇਸ ਦਰਸ਼ਨ ਦਾ ਵਿਕਾਸ ਮਹਾਤਮਾ ਬੁੱਧ ਦੇ ਵਿਚਾਰਾਂ ਨਾਲ ਹੋਇਆ। ਮਹਾਤਮਾ ਬੁੱਧ ਪ੍ਰਤੱਖ ਤੇ ਅਨੁਮਾਨ ਨੂੰ ਪ੍ਰਮਾਣ ਮੰਨਦਾ ਹੈ ਪਰ ਵੇਦ ਨੂੰ ਨਹੀਂ। ਉਸਨੇ ਵੈਦਿਕ ਪਰੰਪਰਾ ਦੇ ਸਿਧਾਂਤਾਂ ਨਿੱਤ-ਆਤਮਾ, ਈਸ਼ਵਰ, ਨਿੱਤਦ੍ਰਵ, ਕਰਮਕਾਂਡ ਤੇ ਮੁਕਤੀਵਾਦ ਦਾ ਖੰਡਨ ਕੀਤਾ ਹੈ। ਇਸ ਦਰਸ਼ਨ ਦੇ ਬਾਨੀ ਮਹਾਤਮਾ ਬੁੱਧ ਕਿਸੇ ਨਵੇਂ ਧਰਮ ਦੇ ਬਾਨੀ ਨਹੀਂ ਸਨ। ਉਨ੍ਹਾਂ ਨੇ ਤਾਂ ਸਿਰਫ਼ ਸਮਾਜ ਸੁਧਾਰ ਲਈ ਉਪਨਿਸ਼ਦਾਂ ਦੀ ਸਿੱਖਿਆ ਸਰਲ ਬੋਲੀ ਵਿੱਚ ਕੀਤੀ। ਪਵਿੱਤਰ ਜੀਵਨ ਜੀ ਕੇ ਲੋਕਾਂ ਸਾਹਮਣੇ ਇਕ ਮਿਸਾਲ ਰੱਖੀ ਤੇ ਮਜ਼ਬੂਤ ਸੰਘ ਦੀ ਨੀਂਹ ਰੱਖ ਕੇ ਆਪਣੇ ਉਪਦੇਸ਼ ਨੂੰ ਦੇਸ਼ ਦੇ ਕੋਨੇ ਕੋਨੇ ਵਿਚ ਫੈਲਾ ਦਿੱਤਾ। ਉਹ ਉਦੋਂ ਅਲੱਗ ਧਰਮ ਬਣ ਗਿਆ ਜਦੋਂ ਬੁੱਧ ਦੇ ਜੀਵਨ ਪਿਛੋਂ ਭਿਖਸ਼ੂਆਂ ਨੇ ਬ੍ਰਾਹਮਣਾਂ ਤੋਂ ਅਲੱਗ ਜੀਵਨ ਬਤੀਤ ਕਰਨਾ ਸ਼ੁਰੂ ਕਰ ਦਿੱਤਾ। ਵੀ.ਏ. ਸਮਿੱਥ ਲਿਖਦੇ ਹਨ, " ਇਹ ਕਹਿਣਾ ਠੀਕ ਨਹੀਂ ਕਿ ਬੁੱਧ ਕਿਸੇ ਨਵੇਂ ਧਰਮ ਦੀ ਰਚਨਾ ਕਰਨਾ ਚਾਹੁੰਦੇ ਸਨ। ਉਨ੍ਹਾਂ ਨੇ ਕੋਈ ਵੀ ਦੈਵੀ ਗ੍ਰੰਥ ਆਪਣੇ ਪੈਰੋਕਾਰਾਂ ਨੂੰ ਨਹੀਂ ਦਿੱਤਾ ਅਤੇ ਨਾ ਉਨ੍ਹਾਂ ਨੇ ਬ੍ਰਾਹਮਣ ਮੱਤ ਦੇ ਕਿਸੇ ਬੁਨਿਆਦੀ ਸਿਧਾਂਤ ਦਾ ਹੀ ਖੰਡਨ ਕੀਤਾ। ਉਹ ਆਪ ਕਸ਼ੱਤਰੀ ਰਾਜ ਕੁਮਾਰ ਸਨ ਅਤੇ ਉਨ੍ਹਾਂ ਨੇ ਉਪਨਿਸ਼ਦਾਂ ਦੀ ਫਿਲਾਸਫੀ ਤੋਂ ਪ੍ਰੇਰਨਾ ਲਈ ਸੀ। ਉਨ੍ਹਾਂ ਨੇ ਆਪਣੇ ਉਪਦੇਸ਼ ਲੋਕ ਬੋਲੀ ਵਿਚ ਦਿੱਤੇ।"[30]

ਬੋਧ ਦਰਸ਼ਨ ਅਧਿਆਤਮ ਸਾਸ਼ਤਰ ਵੀ ਨਹੀਂ ਹੈ। ਮਹਾਤਮਾ ਬੁੱਧ ਨੇ ਇਸ ਵਿਸ਼ੇ ਵਿਚ ਵੀ ਆਪਣੇ ਵਿਚਾਰ ਪੇਸ਼ ਨਹੀਂ ਕੀਤੇ। ਸ਼੍ਰਿਸ਼ਟੀ ਦਾ ਪਰਮਤੱਤ ਕੀ ਹੈ? ਉਸ ਦੀ ਵਿਆਖਿਆ ਕੀ ਹੈ? ਸ਼੍ਰਿਸ਼ਟੀ ਦੀ ਉਸਾਰੀ ਕਿੰਨਾਂ ਤੱਤਾਂ ਨਾਲ ਹੁੰਦੀ ਹੈ?ਆਦਿ ਪ੍ਰਸ਼ਨਾਂ ਨੂੰ ਮਹਾਤਮਾ ਬੁੱਧ ਮਨੁੱਖੀ ਸ਼੍ਰੇਸ਼ਟਤਾ ਲਈ ਵਿਅਰਥ ਸਮਝਦੇ ਸਨ। ਬੋਧ ਦਰਸ਼ਨ ਇਸੇ ਜੀਵਨ ਵਿੱਚ ਨਿਰਵਾਣ ਪ੍ਰਾਪਤੀ ਦੀ ਗੱਲ ਕਰਦਾ ਹੈ। ਇਸ ਦਰਸ਼ਨ ਵਿੱਚ ਕਿਤੇ ਵੀ ਅੰਧ-ਵਿਸ਼ਵਾਸਾਂ ਅਤੇ ਅੰਧ-ਪਰੰਪਰਾਵਾਂ ਲਈ ਥਾਂ ਨਹੀਂ ਸੀ। ਬੋਧ ਧਰਮ ਕਿਸੇ ਤੰਤ੍ਰਿਕ ਕਰਮ-ਕਾਂਡ ਜਾਂ ਸੂਖਮ ਦਾਰਸ਼ਨਿਕਤਾ ਤੇ ਆਧਾਰਤ ਨਹੀਂ ਹੈ। ਉਨ੍ਹਾਂ ਦਾ ਧਰਮ ਵਿਸ਼ਵ ਧਰਮ

ਸੀ। ਡਾ. ਸੁਨੀਤੀ ਕੁਮਾਰ ਚੈਟਰਜੀ ਦੇ ਸ਼ਬਦਾਂ ਵਿਚ, " ਉਹ ਆਦਰਸ਼ ਦਾ ਇਕ ਮਹਾਂਸਾਗਰ ਹੈ ਜਿਸ ਵਿਚ ਪੂਰਬੀ ਵਿਚਾਰਧਾਰਾ ਦੀਆਂ ਵੱਖ ਵੱਖ ਨਦੀਆਂ ਮਿਲਦੀਆਂ ਹਨ।"[31]

ਬੁੱਧ ਦੀ ਮੁੱਖ ਸਮੱਸਿਆ ਨੈਤਿਕ ਸੀ ਅਤੇ ਮੱਧ-ਮਾਰਗ ਤੇ ਅਸ਼ਟਾਂਗ ਮਾਰਗ ' ਦਾ ਦਰਸ਼ਨ ਮਨੁੱਖ ਨੂੰ ਦੁੱਖ ਤੋਂ ਛੁਟਕਾਰਾ ਦਿਵਾਉਣ ਲਈ ਸੀ। ਪਰ ਬੁੱਧ ਦਾ ਪ੍ਰਤੱਖਵਾਦੀ ਦ੍ਰਿਸ਼ਟੀਕੋਣ ਅਨੇਕਾਂ ਦਾਰਸ਼ਨਿਕ ਸਮੱਸਿਆਵਾਂ ਨੂੰ ਹੱਲ ਨਾ ਕਰ ਸਕਿਆ ਅਤੇ ਬੁੱਧ ਦੇ ਮਰਨ ਪਿਛੋਂ ਬੋਧ ਮੱਤ ਦੇ ਅਨੇਕਾਂ ਵਿਚਾਰਾਂ ਦੀ ਪੂਰਵ ਵਿਆਖਿਆ ਕਰਨ ਲਈ ਅਨੇਕ ਦਾਰਸ਼ਨਿਕ ਪ੍ਰਣਾਲੀਆਂ ਦਾ ਵਿਕਾਸ ਹੋਇਆ। ਜਿਹੜਾ ਹੀਨਯਾਨ ਤੇ ਮਹਾਂਯਾਨ ਦੇ ਮਾਰਗਾਂ ਦੇ ਅੰਤਰਗਤ ਹੈ।

### 3. ਜੈਨ ਦਰਸ਼ਨ

ਜੈਨ ਧਰਮ ਜੈਨ ਦਰਸ਼ਨ ਤੇ ਆਧਾਰਤ ਹੈ। ਇਹ ਅਵੈਦਿਕ ਪ੍ਰਣਾਲੀ 24 ਤੀਰਥਾਂਕਰਾਂ ਖਾਸ ਕਰਕੇ ਮਹਾਂਵੀਰ ਦੀਆਂ ਸਿੱਖਿਆਵਾਂ ਤੇ ਨਿਰਭਰ ਹੈ। ਇਹ ਯਥਾਰਥਵਾਦੀ ਦਰਸ਼ਨ ਵਸਤੂਆਂ ਦੀ ਹੋਂਦ ਨੂੰ ਗਿਆਤਾ ਦੇ ਅਨੁਭਵ ਤੋਂ ਬਾਹਰ ਸਿੱਧ ਕਰਦਾ ਹੈ। ਇਹ ਤੱਤ ਅਨੁਕੂਲਤਾ ਨੂੰ ਸੱਚ ਦੀ ਕਸੌਟੀ ਮੰਨਦਾ ਹੈ। ਸੰਪੂਰਨ ਗਿਆਨ ਜੀਵ ਵਿਚ ਪਹਿਲਾਂ ਹੀ ਮੌਜੂਦ ਰਹਿੰਦਾ ਹੈ। ਸਾਰੇ ਤਰਕ ਸਾਪੇਖ ਹਨ।

ਜੈਨ ਧਰਮ ਦੇ ਆਰੰਭ ਬਾਰੇ ਇਤਿਹਾਸਕਾਰਾਂ ਦੀਆਂ ਵੱਖ ਵੱਖਰੀਆਂ ਰਾਵਾਂ ਹਨ। ਕੁਝ ਇਸ ਨੂੰ ਬੁੱਧ ਧਰਮ ਤੋਂ ਪਹਿਲਾਂ ਦਾ ਧਰਮ ਮੰਨਦੇ ਹਨ ਤੇ ਕੁਝ ਬਾਦ ਦਾ, ਪਰ ਜੈਨ ਲੋਕਾਂ ਦਾ ਵਿਸ਼ਵਾਸ਼ ਹੈ ਕਿ ਉਨ੍ਹਾਂ ਦਾ ਧਰਮ ਵੈਦਿਕ ਕਾਲ ਤੋਂ ਹੀ ਚਲਿਆ ਆ ਰਿਹਾ ਹੈ। ਕਿਉਂ ਕਿ ਰਿਗਵੇਦ ਦੇ ਰਿਸ਼ਭ ਅਤੇ ਅਰਿਸ਼ਟਨੇਮੀ ਨਾਂ ਦੇ ਜੈਨ ਤੀਰਥੰਕਰਾਂ ਦਾ ਨਾਂ ਆਉਂਦਾ ਹੈ। ਰਿਸ਼ਭ ਜੈਨ ਧਰਮ ਦਾ ਬਾਨੀ ਸੀ। ਉਸਦਾ ਵਰਣਨ ਵਿਸ਼ਨੂੰ ਅਤੇ ਭਾਗਵਤ ਪੁਰਾਣ ਵਿਚ ਵੀ ਆਉਂਦਾ ਹੈ। ਇਨ੍ਹਾਂ ਪੁਰਾਣਾਂ ਵਿਚ ਇਸ ਨੂੰ ਨਾਰਾਇਣ ਦਾ ਅਵਤਾਰ ਦੱਸਿਆ ਗਿਆ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਜੈਨ ਧਰਮ ਉੱਨਾਂ ਹੀ ਪੁਰਾਣਾ ਹੈ ਜਿੰਨਾ ਕਿ ਵੈਦਿਕ ਧਰਮ।[32] ਕੁੰਦਰਾ ਅਤੇ ਬਾਵਾਵੀ 'ਪ੍ਰਾਚੀਨ ਭਾਰਤ ਦਾ ਇਤਿਹਾਸ' ਵਿਚ ਲਿਖਦੇ ਹਨ 'ਜੈਨੀ ਇਹ ਮੰਨਦੇ ਹਨ ਕਿ ਮਹਾਂਵੀਰ ਤੋਂ ਪਹਿਲਾਂ ਤੇਈ ਤੀਰਥੰਕਰ ਹੋ

ਚੁੱਕੇ ਸਨ, ਜਿਨ੍ਹਾਂ ਵਿਚ ਸੱਭ ਤੋਂ ਪਹਿਲੇ ਰਿਸ਼ਭਦੇਵ ਸਨ ਅਤੇ ਇਸ ਤਰ੍ਹਾਂ ਮਹਾਂਵੀਰ ਚੌਵੀਵੇਂ ਤੀਰਥੰਕਰ ਮੰਨੇ ਜਾਂਦੇ ਹਨ।[33] ਐਸ.ਸੀ.ਰਾਏ ਚੌਧਰੀ ਦੇ ਵਿਚਾਰ ਵੀ ਇਨ੍ਹਾਂ ਨਾਲ ਮਿਲਦੇ ਹਨ ਉਹ ਵੀ ਰਿਸ਼ਭਦੇਵ ਨੂੰ ਜੈਨ ਧਰਮ ਦਾ ਬਾਨੀ ਮੰਨਦੇ ਹਨ। "In fact we have reference to Rishabha and Arishtanemi two of the Jain Tiy-thankaras in the Vedic literature. The former is considered to be the founder of Jainism. In the Vishnu and Bhagvata Puranas also Rishabha is depicted as an incarnation of Narayana."[34]

ਪਰ ਪ੍ਰੋ. ਜੈਕੋਬ ਦੇ ਵਿਚਾਰ ਅਨੁਸਾਰ ਜੈਨ ਧਰਮ ਦਾ ਅਸਲੀ ਬਾਨੀ ਪਰਸ਼੍ਵ ਨਾਥ ਸੀ।[35] ਜੈਨ ਦਰਸ਼ਨ ਈਸ਼ਵਰ ਦੀ ਸੱਤਾ ਦਾ ਖੰਡਨ ਕਰਦਾ ਹੈ। ਮੁਕਤੀ ਨੂੰ ਪ੍ਰਾਪਤ ਕਰਨਾ ਮਨੁੱਖਾ ਜੀਵਨ ਦਾ ਪਰਮ ਧਰਮ ਹੈ। ਬੰਧਨ ਕਰਮਾਂ ਦੇ ਪ੍ਰਵੇਸ਼ ਦੇ ਕਾਰਣ ਪੈਦਾ ਹੁੰਦਾ ਹੈ ਅਤੇ ਕਰਮਾਂ ਦੇ ਦੂਸ਼ਣ ਨੂੰ ਸਾਫ਼ ਕਰਨਾ ਅਤੇ ਅੱਗੇ ਕਰਮ ਪੈਦਾ ਨਾ ਹੋਣ ਦੇਣਾ ਹੀ ਨੈਤਿਕਤਾ ਹੈ।[36] ਐਸ.ਸੀ.ਰਾਏ ਚੌਧਰੀ ਵੀ ਇਸੇ ਵਿਚਾਰ ਦੀ ਪੁਸ਼ਟਤਾ ਕਰਦੇ ਹਨ ਉਨ੍ਹਾਂ ਅਨੁਸਾਰ ਵੀ ਮਹਾਂਵੀਰ ਨਾ ਪਰਮਾਤਮਾ ਵਿਚ ਵਿਸ਼ਵਾਸ਼ ਰੱਖਦਾ ਸੀ ਤੇ ਨਾ ਹੀ ਪਰਮਾਤਮਾ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ। ਮਹਾਂਵੀਰ ਅਨੁਸਾਰ ਸ੍ਰਿਸ਼ਟੀ ਤੱਤਾਂ ਦੁਆਰਾ ਬਣੀ ਹੈ ਇਸ ਦਾ ਖਾਤਮਾ ਨਹੀਂ ਹੋ ਸਕਦਾ ਇਸ ਦਾ ਰੂਪ ਬਦਲ ਸਕਦਾ ਹੈ।[37]

ਜੈਨ ਧਰਮ ਦੀ ਨੀਤੀ ਤਿੰਨ ਰਤਨ, ਪੰਚਾਚਾਰ ਪੰਜ ਕਰਮ ਤੇ ਦਾਨ ਦੇ ਲਈ ਅਨੇਕਾਂ ਸਾਧਨਾਂ ਦੀ ਤਪੱਸਿਆ ਦੇ ਰਸਤੇ ਤੇ ਨਿਰਭਰ ਹੈ। ਇਸ ਲਈ ਜੈਨ ਦਰਸ਼ਨ ਭੌਤਿਕ-ਵਾਦੀ ਹੁੰਦਾ ਹੋਇਆ ਵੀ ਅਧਿਆਤਮਕ ਨੈਤਿਕਤਾ ਦਾ ਸਮਰਥਨ ਕਰਦਾ ਹੈ ਅਤੇ ਮੁਕਤੀ ਨੂੰ ਜੀਵਨ ਦਾ ਪਰਮ ਉਦੇਸ਼ ਮੰਨਦਾ ਹੈ। ਡਾ. ਵੀ.ਏ.ਸਮਿੱਥ ਦਾ ਇਹੋ ਹੀ ਵਿਚਾਰ ਹੈ, " ਜੈਨ ਧਰਮ ਮਨੁੱਖ ਦੇ ਭੌਤਿਕ ਅਤੇ ਅਧਿਆਤਮਕ ਗੁਣਾਂ ਦਾ ਮੇਲ ਹੈ। ਇਹ ਜੈਨ ਧਰਮ ਵੇਦਾਂਤ ਦੇ ਅਦਵੈਤਵਾਦ ਦਾ ਖੰਡਨ ਕਰਦਾ ਹੈ।[38]

## ਉਪਨਿਸ਼ਦ ਜਾਂ ਵੇਦਾਂਤ

ਵੈਦਿਕ ਭਗਤੀ ਖੁਸ਼ਕ, ਜਟਿਲ ਅਤੇ ਕਰਮਕਾਂਡੀ ਸੀ। ਵੈਦਿਕ ਸਾਹਿਤ ਵੀ ਲੋਕਾਂ ਦੀ ਸਮਝ ਤੋਂ ਉੱਪਰ ਸੀ। ਲੋਕਾਂ ਨੂੰ ਸਰਲ ਭਾਸ਼ਾ ਵਿੱਚ ਸਰਲ ਭਗਤੀ ਸਾਧਨਾਂ ਦੀ

ਜ਼ਰੂਰਤ ਸੀ। ਵੇਦਾਂ ਵਿਚ ਇਸ ਦੀ ਅਣਹੋਂਦ ਹੀ ਉਪਨਿਸ਼ਦਾਂ ਦੀ ਜਨਮਦਾਤਾ ਹੈ। ਉਪਨਿਸ਼ਦਾਂ ਵਿਚ ਗਿਆਨ ਅਤੇ ਭਗਤੀ ਰਸ ਦੀ ਬਹੁਲਤਾ ਹੈ।

ਉਪਨਿਸ਼ਦ ਸ਼ਬਦ ਦਾ ਅਰਥ ਰਹੱਸ ਜਾਂ ਉਪਾਸ਼ਨਾ ਹੈ। ਉਪਨਿਸ਼ਦ ਅਧਿਆਤਮਕ ਗਿਆਨ ਭਰਪੂਰ ਗ੍ਰੰਥ ਹਨ। ਇਨ੍ਹਾਂ ਨੂੰ ਵੇਦਾਂਤ ਵੀ ਕਿਹਾ ਜਾਂਦਾ ਹੈ। ਇਨ੍ਹਾਂ ਵਿਚ ਆਰੀਆਂ ਦਾ ਫਲਸਫਾ ਹੈ। ਇਨ੍ਹਾਂ ਵਿਚ ਜੀਵਨ ਦੇ ਬਹੁਤ ਸਾਰੇ ਭੇਦਾਂ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਆਤਮਾ ਕੀ ਹੈ ? ਪਰਮਾਤਮਾ ਕੀ ਹੈ ? ਆਦਿ। ਜਰਮਨੀ ਦਾ ਪ੍ਰਸਿੱਧ ਫਿਲਾਸਫਰ ਸ਼ੋਪਨਹਾਇਰ ਇਨ੍ਹਾਂ ਨੂੰ ਪੜ੍ਹਕੇ ਬਹੁਤ ਖੁਸ਼ ਹੋਇਆ ਉਸ ਦਾ ਕਹਿਣਾ ਹੈ ਕਿ ਕੋਈ ਵੀ ਅਧਿਐਨ ਇੰਨਾ ਲਾਭਕਾਰੀ ਅਤੇ ਸੱਚੀ ਪ੍ਰਸੰਨਤਾ ਦੇਣ ਵਾਲਾ ਨਹੀਂ ਜਿੰਨਾ ਇਨ੍ਹਾਂ ਉਪਨਿਸ਼ਦਾਂ ਦਾ ਹੈ। ਐਸ.ਸੀ.ਰਾਏ ਚੌਧਰੀ ਦੇ ਵਿਚਾਰ ਅਨੁਸਾਰ ਉਪਨਿਸ਼ਦਾਂ ਤੋਂ ਬਿਨਾਂ ਵੈਦਿਕ ਸਾਹਿਤ ਜੀਵਨ ਰਹਿਤ ਹੈ।[39] ਉਪਨਿਸ਼ਦਾਂ ਦੀ ਗਿਣਤੀ ਭਾਵੇਂ 300 ਹੈ ਪਰ ਪ੍ਰਮੁੱਖ ਈਸ਼,ਕੇਨ, ਮੁੰਡਿਕ, ਕਠੋਪਨਿਸ਼ਦ ਮਾਂਡਕ, ਐਤਰੇ, ਤੈਤਰੀ, ਸਵੇਤਸਵੇਤਰ ਆਦਿ ਹਨ।

## ਬ੍ਰਹਮ

ਉਪਨਿਸ਼ਦਾਂ ਅਨੁਸਾਰ ਪਰਮਤੱਤ ਹੀ ਬ੍ਰਹਮ ਹੈ। ਉਪਨਿਸ਼ਦਾਂ ਵਿਚ ਬ੍ਰਹਮ ਦੇ ਪਰਬ੍ਰਹਮ ਅਤੇ ਅਪਰਬ੍ਰਹਮ ਦੋ ਰੂਪ ਹਨ। ਬ੍ਰਿਹਦਾਰਣਯਕ ਉਪਨਿਸ਼ਦ ਵਿਚ ਆਤਮਾ ਨੂੰ ਬ੍ਰਹਮ ਕਿਹਾ ਗਿਆ ਹੈ।[40] 'ਮੈਂ ਬ੍ਰਹਮ ਹਾਂ'। ਇਸਤੋਂ ਹੀ 'ਸੋਹੰ' ਸਾਧਨਾ ਪ੍ਰਚੱਲਿਤ ਹੋਈ। ਕਠੋਪਨਿਸ਼ਦ ਵਿਚ ਅੱਖਰ ਨੂੰ ਬ੍ਰਹਮ ਕਿਹਾ ਗਿਆ ਹੈ।[41] ਉਪਨਿਸ਼ਦਾਂ ਅਨੁਸਾਰ ਬ੍ਰਹਮ ਕੇਵਲ ਇੱਕ ਹੈ। ਉਹ ਜਗਤ ਦਾ ਸੰਚਾਲਕ, ਉਤਪਾਦਕ ਅਤੇ ਨਾਸ਼ ਕਰਤਾ ਹੈ, ਉਹ ਸਰਵ-ਵਿਆਪਕ ਹੈ। ਐਸ.ਸੀ.ਰਾਏ ਚੌਧਰੀ ਅਨੁਸਾਰ ਵੀ ਉਪਨਿਸ਼ਦਾਂ ਵਿਚ ਇਕ ਬ੍ਰਹਮ ਦੀ ਹੋਂਦ ਨੂੰ ਸਵੀਕਾਰ ਕੀਤਾ ਗਿਆ ਹੈ। ਜੋ ਸ੍ਰਿਸ਼ਟੀ ਦਾ ਕਰਤਾ ਹੈ ,ਜੋ ਸੱਚ ਹੈ ਤੇ ਹਰ ਥਾਂ ਹਾਜ਼ਰ ਨਾਜ਼ਰ ਹੈ।[42]

ਉਪਨਿਸ਼ਦਾਂ ਵਿਚ ਗਿਆਨ ਦੀ ਪ੍ਰਧਾਨਤਾ ਅਤੇ ਕਰਮਕਾਂਡੀ ਪੂਜਾ ਦੀ ਵਿਰੋਧਤਾ ਹੋਣ ਦੇ ਬਾਵਜੂਦ ਭਗਤੀ ਦੇ ਪ੍ਰਮੁੱਖ ਮਾਰਗਾਂ ਕਰਮ, ਗਿਆਨ, ਭਗਤੀ ਬਾਰੇ ਪੂਰੀ ਜਾਣਕਾਰੀ ਮਿਲਦੀ ਹੈ। ਉਪਨਿਸ਼ਦਾਂ ਵਿਚ ਕਰਮ ਮਾਰਗ ਦਾ ਜ਼ਿਕਰ ਕਰਦਿਆਂ ਦੱਸਿਆ ਗਿਆ ਹੈ ਕਿ ਜੂਨਾਂ ਕਰਮਾਂ ਦੇ ਫਲ ਨਾਲ ਹੀ ਮਿਲਦੀਆਂ ਹਨ। ਨੇਕ ਕਰਮ ਕਰਨ ਦੀ ਪ੍ਰੇਰਨਾ ਦਿੱਤੀ

ਗਈ ਹੈ। ਉਮੇਸ਼ ਮਿਸਰ ਅਨੁਸਾਰ, " ਉਪਨਿਸ਼ਦਾਂ ਵਿਚ ਕਰਮ ਦੀ ਗਤੀ ਦਾ ਵਿਸਥਾਰ ਪੂਰਬਕ ਵਰਣਨ ਹੈ। ਪੁੰਨ ਕਰਮਾਂ ਨਾਲ ਅੱਛੀ ਅਤੇ ਪਾਪ ਕਰਮਾਂ ਨਾਲ ਭੈੜੀ ਜੂਨ ਪ੍ਰਾਪਤ ਹੁੰਦੀ ਹੈ।[43] ਹਿੰਦੂ ਧਰਮ ਦਰਸ਼ਨ ਦੇ ਪੁਨਰ-ਜਨਮ ਦੇ ਸਿਧਾਂਤ ਤੋਂ ਛੁਟਕਾਰਾ ਪ੍ਰਾਪਤ ਕਰਨ ਲਈ ਨਿਸ਼ਕਾਮ ਕਰਮ ਕਰਨ ਦੀ ਪ੍ਰੇਰਨਾ ਉਪਨਿਸ਼ਦਾਂ ਦੀ ਦੇਣ ਹੈ। ਸ਼ਵੇਤਸ਼ਵੇਤਰ ਉਪਨਿਸ਼ਦ ਅਨੁਸਾਰ ਕਰਮ-ਬੰਧਨ ਤੋਂ ਮੁਕਤ ਹੋਣ ਲਈ ਨਿਸ਼ਕਾਮ, ਭਾਵ ਨਾਲ ਕੰਮ ਕਰਨੇ ਚਾਹੀਦੇ ਹਨ।[44]

ਕਰਮ ਮਾਰਗ ਤੋਂ ਅਗਲੀ ਅਵਸਥਾ ਗਿਆਨ ਮਾਰਗ ਵਿਚ ਸਾਧਕ ਉਪਨਿਸ਼ਦਾਂ ਦੇ ਅਧਿਐਨ ਅਤੇ ਕਿਸੇ ਗੁਰੂ ਰਾਹੀਂ ਗਿਆਨ ਪ੍ਰਾਪਤ ਕਰਦਾ ਹੈ। ਕਠੋਪਨਿਸ਼ਦ ਵਿਚ ਆਉਂਦਾ ਹੈ,'ਉਠੋ, ਜਾਗੋ, ਸ੍ਰੇਸ਼ਠ ਪੁਰਖਾਂ ਦੇ ਸਮੀਪ ਜਾਕੇ, ਉਨ੍ਹਾਂ ਤੋਂ ਉਸ ਪਾਰਬ੍ਰਹਮ ਪਰਮੇਸ਼ਰ ਨੂੰ ਜਾਣ ਲਓ।'[45]

ਮਨੁੱਖ ਦੇ ਕੀਤੇ ਕਰਮਾਂ ਅਨੁਸਾਰ ਹੀ ਮਨੁੱਖ ਜਨਮ ਪ੍ਰਾਪਤ ਕਰਦਾ ਹੈ। ਇਸ ਲਈ ਤਪੱਸਿਆ ਜਾਂ ਸ਼ੁੱਭ ਕਰਮ ਜ਼ਰੂਰੀ ਹਨ। ਤਪੱਸਿਆ ਕਾਰਣ ਪੁੰਨ ਦੇ ਉਦੈ ਹੋਣ ਨਾਲ ਜਿਸ ਮਨੁੱਖ ਨੂੰ ਤੱਤ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ, ਗਿਆਨ ਦੇ ਪ੍ਰਭਾਵ ਨਾਲ ਉਸ ਅੰਦਰੋਂ ਵਾਸ਼ਨਾ ਨਸ਼ਟ ਹੋ ਜਾਂਦੀ ਹੈ। ਸੰਚਿਤ ਕਰਮ ਨਸ਼ਟ ਹੋ ਜਾਣ ਨਾਲ ਜੀਵਾਤਮਾ ਨੂੰ ਆਪੇ ਦਾ ਗਿਆਨ ਹੋ ਜਾਂਦਾ ਹੈ ਅਤੇ ਪਰਮ ਪਦ ਦੀ ਪ੍ਰਾਪਤੀ ਹੁੰਦੀ ਹੈ।[46]

ਗਿਆਨ ਪ੍ਰਾਪਤ ਹੋਣ ਨਾਲ ਸਾਧਕ ਭਗਤੀ ਵਿਚ ਜੁਟ ਜਾਂਦਾ ਹੈ। ਸਾਧਕ ਪ੍ਰਭੂ ਦੀ ਸ਼ਰਣ ਵਿਚ ਜਾਂਦਾ ਹੈ। ਉਪਨਿਸ਼ਦਾਂ ਵਿਚ ਵੀ ਭਗਤੀ ਨੂੰ ਮਹੱਤਵਪੂਰਣ ਥਾਂ ਪ੍ਰਾਪਤ ਹੈ। ਉਪਨਿਸ਼ਦਾਂ ਵਿਚ ਵੀ ਆਉਂਦਾ ਹੈ ਕਿ ਪ੍ਰਭੂ ਪ੍ਰਾਪਤੀ ਲਈ ਉਸ ਦੀ ਸ਼ਰਣ ਵਿਚ ਆਉਣਾ ਤੇ ਨਿਸ਼ਕਾਮ ਭਗਤੀ ਜ਼ਰੂਰੀ ਹੈ। ਸ਼ਵੇਤਸ਼ਵੇਤਰ ਉਪਨਿਸ਼ਦ ਅਨੁਸਾਰ, " ਹੇ ਭਗਵਾਨ, ਮੈਂ ਮੋਕਸ਼ ਪ੍ਰਾਪਤੀ ਦੀ ਇੱਛਾ ਵਾਲਾ, ਆਪ ਦੀ ਸ਼ਰਣ ਆਉਂਦਾ ਹਾਂ।"[47]

ਪਰਮਾਤਮਾ ਪ੍ਰਤੀ ਸ਼ਰਧਾ ਅਤੇ ਗੁਰੂ ਪ੍ਰਤੀ ਆਤਮ ਸਮਰਪਣ ਅਤੇ ਅਹੰਭਾਵ ਦਾ ਤਿਆਗ ਮਾਨਸਿਕ ਅਤੇ ਅੰਤਹਿਕਰਣ ਦੀ ਸ਼ੁੱਧੀ ਲਈ ਜ਼ਰੂਰੀ ਹੈ। ਅਜਿਹਾ ਕਰਨ ਨਾਲ ਜੀਵ ਨੂੰ ਆਤਮ-ਗਿਆਨ ਪ੍ਰਾਪਤ ਹੋਣ ਨਾਲ ਜੀਵ ਆਪਣੀ ਆਤਮਾ ਵਿਚ 'ਬ੍ਰਹਮ' ਦਾ ਅਨੁਭਵ ਕਰਦਾ ਹੈ। ਇਸ ਤਰ੍ਹਾਂ ਸਾਧਕ ਸਭ ਵਸਤੂਆਂ ਦਾ ਗਿਆਨ ਪ੍ਰਾਪਤ ਕਰਕੇ ਬ੍ਰਹਮ ਦੀ ਅਨੁਭੂਤੀ ਕਰ ਲੈਂਦਾ ਹੈ। ਇਹ ਸੱਚ ਹੈ ਕਿ ਜਿਹੜਾ ਪਰਮਾਤਮਾ ਨੂੰ ਜਾਣ ਲੈਂਦਾ ਹੈ। ਉਹ ਬ੍ਰਹਮ ਹੀ ਹੋ ਜਾਂਦਾ ਹੈ।[48]

## ਓਅੰਕਾਰ

ਉਪਨਿਸ਼ਦਾਂ ਵਿਚ ਓਅੰਕਾਰ ਨੂੰ ਖਾਸ ਮਹੱਤਵ ਪ੍ਰਾਪਤ ਹੈ। ਇਸ ਦੀ ਅਰਾਧਨਾ ਤੇ ਉਪਾਸਨਾ ਤੇ ਜ਼ੋਰ ਦਿੱਤਾ ਗਿਆ ਹੈ। "ਓਅੰਕਾਰ ਪਰਮਤੱਤ ਹੈ ਅਤੇ ਅੱਖਰ ਰੂਪ ਬ੍ਰਹਮ ਹੈ। ਇਸ ਦਾ ਨਿਰੰਤਰ ਧਿਆਨ ਧਰਨ ਨਾਲ ਪਰਮ ਰੂਪ ਦੇ ਦਰਸ਼ਨ ਹੁੰਦੇ ਹਨ।"[49] ਸਾਧਕ ਪ੍ਰਭੂ ਦੀ ਕ੍ਰਿਪਾ ਦਾ ਪਾਤਰ ਬਣਨ ਲਈ, ਸੰਸਾਰ ਰੂਪੀ ਅੰਧਕਾਰ ਤੋਂ ਬਚਣ ਲਈ, ਅਸੱਤ, ਮਿਤ. ਤੋਂ ਬਚਣ ਲਈ ਉਸ ਅੱਗੇ ਅਰਜੋਈਆਂ ਕਰਦਾ ਹੈ। ਉਪਨਿਸ਼ਦਾਂ ਵਿਚ ਪ੍ਰਭੂ ਪ੍ਰਾਪਤੀ ਲਈ ਪ੍ਰਭੂ-ਕ੍ਰਿਪਾ, ਸਤਿਸੰਗ, ਸ਼ਰਧਾ ਤੇ ਵਿਸ਼ਵਾਸ, ਆਤਮ ਸਮਰਪਣ, ਗੁਰੂ ਕ੍ਰਿਪਾ ਤੇ ਵਾਸ਼ਨਾਵਾਂ ਦਾ ਤਿਆਗ ਆਦਿ ਭਗਤੀ ਸਾਧਨਾਂ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਹੁੰਦੀ ਹੈ।

ਇਸ ਤਰ੍ਹਾਂ ਉਪਨਿਸ਼ਦਾਂ ਦੀ ਸੰਖੇਪ ਜਾਣਕਾਰੀ ਤੋਂ ਸਪਸ਼ਟ ਹੁੰਦਾ ਹੈ ਕਿ ਉਪਨਿਸ਼ਦਾਂ ਵਿਚ ਵਧੇਰੇ ਸਰਲ ਤੇ ਸਪਸ਼ਟ ਰੂਪ ਵਿਚ ਭਗਤੀ ਦੀ ਪਰੰਪਰਾ ਸ਼ੁਰੂ ਹੋ ਚੁਕੀ ਸੀ। ਇਨ੍ਹਾਂ ਅਨੁਸਾਰ ਕੇਵਲ ਇੱਕ ਹੀ ਅਦੁੱਤੀ ਬ੍ਰਹਮ ਹੈ ਜੋ ਸਤਿ, ਗਿਆਨ ਤੇ ਅਨੰਤ ਹੈ। ਉਹ ਅੰਤਰਜਾਮੀ ਅਤੇ ਸਰਬ-ਵਿਆਪਕ ਹੈ। ਪ੍ਰੋਫੈਸਰ ਮੈਕਸਮੂਲਰ ਜਿਹਾ ਪ੍ਰਸਿੱਧ ਫ਼ਿਲਾਸਫ਼ਰ ਵੀ ਉਪਨਿਸ਼ਦਾਂ ਬਾਰੇ ਲਿਖਦਾ ਹੈ,"ਉਪਨਿਸ਼ਦ ਸੰਸਾਰ ਦੇ ਸਾਹਿਤ ਵਿਚ ਹਮੇਸ਼ਾ ਮਹੱਤਵਪੂਰਣ ਸਥਾਨ ਰੱਖਣਗੇ ਅਤੇ ਹਰੇਕ ਕਾਲ ਅਤੇ ਹਰੇਕ ਜਾਤੀ ਵਿਚ ਉਹ ਮਨੁੱਖ-ਮਾਤਰ ਦੀ ਮਾਨਸਿਕ ਉੱਨਤੀ ਦੇ ਪ੍ਰਤੀਕ ਰਹਿਣਗੇ।[50] ਰਾਜਾ ਗੋਪਾਲਚਾਰੀਆ ਵੀ ਮੰਨਦੇ ਹਨ ਕਿ ਉਪਨਿਸ਼ਦ ਸੰਸਾਰ ਦੀਆਂ ਮਹਾਨ ਪਵਿੱਤਰ ਪੁਸਤਕਾਂ ਵਿਚੋਂ ਇਕ ਹੈ ਜੋ ਰੂਹਾਨੀ ਪ੍ਰਾਪਤੀ ਲਈ ਵਿਗਿਆਨਕ ਸ਼ਕਤੀ ਵਜੋਂ ਰੋਲ ਅਦਾ ਕਰਦੇ ਹਨ।[51]

## ਨਾਰਦ ਭਗਤੀ ਸੂਤਰ ਵਿੱਚ ਭਗਤੀ

ਅਸਲੀ ਰਹੱਸਵਾਦੀ ਲਹਿਰ ਦੇ ਜਨਮ ਦਾ ਕਾਰਣ ਭਾਗਵ ਪੁਰਾਣ-ਨਾਰਦ ਦੇ ਭਗਤੀ ਸੂਤਰ ਅਤੇ ਸਾਂਡਲਯ ਦੇ ਭਗਤੀ ਸੂਤਰ ਹਨ।[52] ਨਾਰਦ ਭਗਤੀ ਸੂਤਰਕਾਰ ਰਿਸ਼ੀ ਨਾਰਦ ਦੇ ਮੱਤ ਅਨੁਸਾਰ ਭਗਤੀ ਕਰਮ, ਗਿਆਨ ਅਤੇ ਯੋਗ ਆਦਿ ਤੋਂ ਸ੍ਰੇਸ਼ਠ ਹੈ। ਉਸ ਅਨੁਸਾਰ ਭਗਤੀ ਸਾਧਨ ਨਹੀਂ, ਸਾਧਕ ਹੈ, ਮਾਧਿਅਮ ਨਹੀਂ, ਉਦੇਸ਼ ਹੈ।[53] ਭਗਤੀ ਦੀ ਸੰਪੂਰਨਤਾ ਲਈ ਨਾਰਦ ਭਗਤੀ ਸੂਤਰ ਵਿਚ ਕੀਰਤਨ, ਭਗਵਤ ਗੁਣਾਂ ਦਾ ਸ੍ਰਵਣ, ਅਖੰਡ ਭਜਨ, ਸਤਸੰਗ ਅਤੇ ਪ੍ਰਭੂ ਦੀ ਕ੍ਰਿਪਾ ਆਦਿ ਸਾਧਨਾਂ ਦਾ ਜ਼ਿਕਰ ਹੈ।[54] ਨਾਰਦ ਭਗਤੀ ਸੂਤਰਾਂ ਵਿਚ ਪ੍ਰਭੂ ਪ੍ਰਾਪਤੀ ਲਈ ਕੁਸੰਗਤ ਅਤੇ ਵਿਸ਼ੇ-ਵਿਕਾਰਾਂ ਦੇ ਤਿਆਗ ਦੀ ਜ਼ਰੂਰਤ ਹੈ। ਨਾਰਦ ਭਗਤੀ ਸੂਤਰ ਜਾਤਪਾਤ ਦਾ ਖੰਡਨ ਕਰਦੇ ਹਨ। ਭਗਤ ਅਤੇ ਭਗਵਾਨ ਦਾ ਨਿੱਜੀ ਅਤੇ ਨਜ਼ਦੀਕੀ ਸੰਬੰਧ ਹੁੰਦਾ ਹੈ।

ਨਾਰਦ ਭਗਤੀ ਸੂਤਰਾਂ ਅਨੁਸਾਰ ਅੰਨਿਨ ਭਗਤੀ ਕਰਨ ਨਾਲ ਮਨੁੱਖ ਆਪ ਹੀ ਨਹੀਂ ਤਰਦਾ, ਸਗੋਂ ਆਪਣਿਆਂ ਕੁੱਲਾਂ ਵੀ ਤਾਰ ਲੈਂਦਾ ਹੈ। ਪ੍ਰਭੂ ਪ੍ਰੇਮ-ਭਗਤੀ ਪ੍ਰਮਾਣ-ਰੂਪ ਹੋਣ ਕਰਕੇ ਸੁਲੱਭ ਹੈ। ਇਸੇ ਪ੍ਰੇਮ-ਅੰਮ੍ਰਿਤ ਸਰੂਪ ਭਗਤੀ ਦੀ ਮਹਿਮਾ ਅੱਗੇ ਚੱਲ ਕੇ ਸੰਤਾਂ ਨੇ ਗਾਈ।[55] ਨਾਰਦ ਭਗਤੀ ਸੂਤਰ ਵੇਦਾਂ, ਉਪਨਿਸ਼ਦਾਂ ਦੇ ਟਾਕਰੇ ਤੇ ਵਧੇਰੇ ਸਪੱਸ਼ਟ ਤੇ ਮੌਲਿਕ ਹਨ।

ਸਾਂਡਿਲਯ ਭਗਤੀ ਸੂਤਰਾਂ ਵਿਚ ਭਗਤੀ

ਇਹ ਸੂਤਰ ਨਾਰਦ ਸੂਤਰਾਂ ਤੋਂ ਵੀ ਵਧੇਰੇ ਦਾਰਸ਼ਨਿਕ ਹਨ। ਇਨ੍ਹਾਂ ਸੂਤਰਾਂ ਤੇ ਗੀਤਾ ਦਾ ਪ੍ਰਭਾਵ ਨਜ਼ਰੀ ਆਉਂਦਾ ਹੈ। ਇਹ ਸੂਤਰ ਵੀ ਭਗਤੀ ਦੇ ਪ੍ਰੇਮ ਰੂਪ ਨੂੰ ਮੰਨਦੇ ਹਨ, ਜੋ ਪ੍ਰਭੂ ਵਿਚ ਸ਼ਰਧਾ ਤੇ ਵਿਸ਼ਵਾਸ ਤੇ ਆਧਾਰਤ ਹੈ। ਬ੍ਰਹਮ, ਜੀਵ ਤੇ ਸ੍ਰਿਸ਼ਟੀ ਦੇ ਆਪਸੀ ਸੰਬੰਧਾਂ ਨੂੰ ਇਹ ਸੂਤਰ ਬਿਆਨ ਕਰਦੇ ਹਨ। ਸਾਂਡਿਲਯ ਸੂਤਰਾਂ ਵਿਚ ਉਪਨਿਸ਼ਦਾਂ ਦੇ ਗਿਆਨ-ਭਗਤੀ ਦੇ ਸਾਧਨ ਨੂੰ ਪੂਰਨ ਨਹੀਂ ਮੰਨਿਆ ਗਿਆ। ਇਨ੍ਹਾਂ ਸੂਤਰਾਂ ਅਨੁਸਾਰ ਗਿਆਨ-ਭਗਤੀ, ਸ਼ਰਧਾ ਤੇ ਪ੍ਰੇਮ ਦੀ ਹੋਂਦ ਤੋਂ ਬਿਨ੍ਹਾਂ ਸੱਖਣੀ ਹੁੰਦੀ ਹੈ।[56] ਸਤਿ ਸਰੂਪ ਦੀ ਪ੍ਰਾਪਤੀ ਲਈ ਭਗਤੀ ਹੀ ਅੰਤਿਮ ਸਾਧਨ ਹੈ। ਇਹ ਸੱਭ ਤੋਂ ਉੱਤਮ ਹੈ। ਸਾਂਡਿਲਯ ਸੂਤਰ ਸ਼ਰਧਾ ਅਤੇ ਪ੍ਰੇਮ ਨਾਲ ਪ੍ਰਭੂ ਭਗਤੀ ਦਾ ਉਪਦੇਸ਼ ਦਿੰਦੇ ਹਨ ਕਿਉਂ ਕਿ ਇਸ ਦਾ ਫਲ ਅਨੰਤ ਹੈ ਅਤੇ ਅੰਤਿਮ ਸੱਚ ਦੀ ਪ੍ਰਾਪਤੀ ਲਈ ਜ਼ਰੂਰੀ ਹੈ। ਮੁਕਤੀ ਪ੍ਰਾਪਤ ਕਰਨ ਲਈ ਇਹ ਸਰਵੋਤਮ ਹੈ।

ਸ੍ਰੀਮਦ ਭਗਵਤ ਗੀਤਾ ਵਿੱਚ ਭਗਤੀ

ਉਪਨਿਸ਼ਦਕ ਭਗਤੀ ਰਹੱਸ ਅਤੇ ਔਖੇ ਗਿਆਨ ਕਾਰਨ ਆਮ ਲੋਕਾਂ ਤੋਂ ਦੂਰ ਹੋ ਚੁਕੀ ਸੀ। ਜਨ ਸਾਧਾਰਣ ਦੀਆਂ ਇਨ੍ਹਾਂ ਲੋੜਾਂ ਕਾਰਨ ਹੀ ਭਾਗਵਤ ਭਗਤੀ ਦਾ ਜਨਮ ਤੇ ਵਿਕਾਸ ਹੋਇਆ। ਡਾ. ਸੁਰਿੰਦਰ ਸਿੰਘ ਕੋਹਲੀ ਅਨੁਸਾਰ, 'ਭਾਰਤੀ ਰਹੱਸਵਾਦ ਦਾ ਆਰੰਭ ਉਪਨਿਸ਼ਦਾਂ ਤੋਂ ਹੁੰਦਾ ਹੈ। ਜਿਥੇ ਉਪਨਿਸ਼ਦਾਂ ਦਾ ਰਹੱਸਵਾਦ ਸਾਧਾਰਨ ਦਾਰਸ਼ਨਿਕ ਰਹੱਸਵਾਦ ਸੀ, ਉਥੇ ਮੱਧ ਸਮੇਂ ਦਾ ਰਹੱਸਵਾਦ ਅਮਲੀ ਅਤੇ ਭਗਤੀ-ਭਾਵ ਪੂਰਬਕ ਰਹੱਸਵਾਦ ਸੀ। ਉਪਨਿਸ਼ਦਾਂ ਦਾ ਰਹੱਸਵਾਦ ਉਨ੍ਹਾਂ ਲੋਕਾਂ ਦਾ ਸੀ, ਜੋ ਆਮ ਜਨਤਾ ਤੋਂ ਦੂਰ ਰਹਿੰਦੇ ਸਨ। ਆਮ ਜਨਤਾ ਨੂੰ ਸਦਾਚਾਰਕ ਤੌਰ ਤੇ ਚੇਤਨ ਕਰਨ ਲਈ ਧਰਮ ਦੀ ਸੋਝੀ ਦੇਣ ਦੀ

ਜ਼ਰੂਰਤ ਸੀ। ਇਹ ਕੰਮ ਭਗਵਤ ਗੀਤਾ ਨੇ ਕੀਤਾ। ਪਰ ਭਗਵਤ ਗੀਤਾ ਦੇ ਰਹੱਸਵਾਦ ਦੀ ਉਸਾਰੀ ਦਾਰਸ਼ਨਿਕ ਨੀਂਹ ਉੱਤੇ ਸੀ। ਇਸ ਦੇ ਉਲਟ ਮੱਧ ਸਮੇਂ ਦਾ ਰਹੱਸਵਾਦ ਕਿਸੇ ਕਿਸਮ ਦੀ ਦਾਰਸ਼ਨਿਕ ਸਹਾਇਤਾ ਤੋਂ ਬਿਨ੍ਹਾਂ ਸੁਤੰਤਰ ਰਹੱਸਵਾਦ ਸੀ।[57]

ਭਗਵਤ ਗੀਤਾ ਦਾ ਅਰਥ ਹੈ, 'ਭਗਵਾਨ ਦਾ ਗੀਤ' ਇਹ ਉਪਦੇਸ਼ ਮਹਾਂਭਾਰਤ ਦਾ ਇੱਕ ਹਿੱਸਾ ਹੈ, ਜੋ ਸ੍ਰੀ ਕ੍ਰਿਸ਼ਨ ਨੇ ਅਰਜਨ ਨੂੰ ਲੜਾਈ ਸਮੇਂ ਦਿੱਤਾ ਸੀ । ਜਦੋਂ ਅਰਜਨ ਨੇ ਲੜਨ ਤੋਂ ਇਨਕਾਰ ਕਰ ਦਿੱਤਾ ਅਤੇ ਆਪਣੇ ਹਥਿਆਰ ਧਰਤੀ ਉੱਤੇ ਸੁੱਟ ਦਿੱਤੇ ਤਾਂ ਸ੍ਰੀ ਕ੍ਰਿਸ਼ਨ ਨੇ ਉਸ ਨੂੰ ਸਮਝਾਇਆ ਕਿ ਆਤਮਾ ਅਮਰ ਹੈ ਅਤੇ ਧਰਮ ਲਈ ਲੜਨਾ ਜਾਇਜ਼ ਹੈ।[58]

ਭਗਵਤ ਭਗਤੀ ਵਿੱਚ ਭਗਤੀ ਦਾ ਸੱਭ ਨੂੰ ਬਰਾਬਰ ਹੱਕ ਪ੍ਰਾਪਤ ਸੀ। ਗੀਤਾ ਵਿਚ ਭਗਵਾਨ ਕ੍ਰਿਸ਼ਨ ਨੇ ਕਿਹਾ ਹੈ, " ਜਿਨ੍ਹਾਂ ਨੇ ਮੇਰਾ ਆਸਰਾ ਗ੍ਰਹਿਣ ਕੀਤਾ ਹੈ, ਉਹ ਪਾਪ ਯੋਨਿ, ਇਸਤ੍ਰੀ, ਪੁਰਖ, ਵੈਸ਼, ਸ਼ੂਦਰ ਵੀ ਪਰਮਗਤੀ ਪ੍ਰਾਪਤ ਕਰਦੇ ਹਨ।"[59] ਡਾ. ਮੁਨਸ਼ੀ ਰਾਮ ਸ਼ਰਮਾ ਲਿਖਦੇ ਹਨ ਕਿ ਭਗਵਤ ਭਗਤੀ ਆਪਣੀ ਸਗੁਣ ਪ੍ਰਕ੍ਰਿਤੀ ਕਾਰਨ ਜਨ ਸਾਧਾਰਣ ਲਈ ਖਿੱਚ ਤੇ ਦਿਲਚਸਪੀ ਦਾ ਕਾਰਨ ਬਣੀ। ਮੰਦਰਾਂ ਵਿਚ ਮੂਰਤੀਆਂ ਬਣਾ ਕੇ ਸਗੁਣ ਬ੍ਰਹਮ ਨੂੰ ਉਪਸਥਿਤ ਕੀਤਾ ਗਿਆ। ਪਰਮ ਸੱਤਾ ਨੂੰ ਵੱਖ ਵੱਖ ਦੇਵੀ ਦੇਵਤਿਆਂ ,ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ (ਸਿਰਜਣਹਾਰ, ਪਾਲਣਹਾਰ ਅਤੇ ਰੱਖਿਅਕ) ਦੇ ਰੂਪ ਵਿੱਚ ਮੂਰਤੀਮਾਨ ਕੀਤਾ ਗਿਆ।[60] ਅਵਤਾਰਵਾਦ ਇਸੇ ਧਰਮ ਦੀ ਦੇਣ ਹੈ। ਵੈਸ਼ਨਵ ਲੋਕ ਕਰਮਕਾਂਡੀ ਅਤੇ ਮੂਰਤੀ ਪੂਜਕ ਸਨ।

ਗੀਤਾ ਵਿਚ ਬ੍ਰਹਮ ਦੇ ਵਿਰਾਟ ਸਰੂਪ ਦਾ ਵਰਣਨ ਹੈ। ਬ੍ਰਹਮ ਨੂੰ ਸਗੁਣ ਅਤੇ ਨਿਰਗੁਣ ਵੀ ਦਰਸਾਇਆ ਗਿਆ ਹੈ।[61] ਭਗਤੀ ਦੇ ਤਿੰਨ ਮਾਰਗ ਕਰਮ, ਗਿਆਨ ਅਤੇ ਭਗਤੀ ਦੇ ਮਹੱਤਵ ਨੂੰ ਦਰਸਾਇਆਂ ਭਗਤੀ ਮਾਰਗ ਨੂੰ ਸੱਭ ਤੋਂ ਉੱਤਮ ਮੰਨਿਆ ਗਿਆ ਹੈ। ਨਿਸ਼ਕਾਮ ਕਰਮਾਂ ਦੀ ਸਾਧਨਾ ਤੋਂ ਗਿਆਨ ਪੈਦਾ ਹੁੰਦਾ ਹੈ ਅਤੇ ਗਿਆਨ ਦੀ ਪਰਿਪੱਕਤਾ ਤੇ ਪੂਰਣਤਾ ਨਾਲ ਭਗਤੀ ਉਤਪੰਨ ਹੁੰਦੀ ਹੈ। ਗੀਤਾ ਵਿੱਚ ਵਰਣਤ ਸਾਧਯ ਰੂਪਾ ਭਗਤੀ ਪ੍ਰੇਮ ਮਈ ਹੈ। ਸਾਧਕ ਉਸ ਦੀ ਧੁਨ ਵਿਚ ਲੀਨ ਰਹਿੰਦਾ ਹੈ। ਮੁਕਤੀ ਦਾ ਇੱਛਕ ਨਹੀਂ ਹੁੰਦਾ।

ਗੀਤਾ ਨਿਸ਼ਕਾਮ ਕਰਮ ਕਰਨ ਦੀ ਪ੍ਰੇਰਨਾ ਕਰਦੀ ਹੈ। ਗੀਤਾ ਵਿੱਚ ਆਉਂਦਾ ਹੈ, " ਜੋ ਕਰਮ ਕੀਤਾ ਜਾਵੇ, ਉਸਦੇ ਫਲ ਦੀ ਇੱਛਾ ਕਦੀ ਵੀ ਨਹੀਂ ਕਰਨੀ ਚਾਹੀਦੀ

ਅਤੇ ਉਹ ਕਰਮ ਕੇਵਲ ਕਰਤਵ ਸਮਝ ਕੇ ਕਰਨਾ ਚਾਹੀਦਾ ਹੈ।"[62] ਗੀਤਾ ਵਿੱਚ ਯੱਗ, ਦਾਨ ਅਤੇ ਤਪ ਤਿੰਨ ਕਰਮ ਪਵਿੱਤਰ ਮੰਨੇ ਗਏ ਹਨ। ਪਰ ਕਾਮਨਾ ਅਤੇ ਅਹੰਭਾਵ ਦਾ ਤਿਆਗ ਕਰਕੇ ਕੀਤੇ ਕਰਮਾਂ ਨਾਲ ਹੀ ਸ਼ਾਂਤੀ ਮਿਲਦੀ ਹੈ ਅਤੇ ਕਰਮ-ਬੰਧਨ ਤੋਂ ਮੁਕਤ ਹੁੰਦਾ ਹੈ।[63]

ਭਗਵਾਨ ਕ੍ਰਿਸ਼ਨ ਸਾਧਨਾ ਰੂਪੀ ਅਤੇ ਫਲਰੂਪ ਗਿਆਨ ਦੋਹਾਂ ਨੂੰ ਹੀ ਠੀਕ ਮੰਨਦੇ ਹਨ, ਕਿਉਂ ਸਾਰੇ ਕਰਮ ਗਿਆਨ ਵਿੱਚ ਸਮਾਪਤ ਹੋ ਜਾਂਦੇ ਹਨ। ਗਿਆਨ ਦੀ ਪ੍ਰਾਪਤੀ ਸੰਤ-ਪੁਰਸ਼ਾਂ ਦੀ ਸ਼ਰਨ ਵਿੱਚ ਜਾਕੇ ਸ਼ਰਧਾ, ਵਿਸ਼ਵਾਸ ਅਤੇ ਸਤਿਸੰਗ ਆਦਿ ਰਾਹੀਂ ਹੁੰਦੀ ਹੈ। ਸ਼ਰਧਾ, ਵਿਸ਼ਵਾਸ ਹੋਣ ਨਾਲ ਤੱਤ ਗਿਆਨ ਤੋਂ ਜਲਦੀ ਹੀ ਪਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ।[64]

ਭਗਵਾਨ ਕ੍ਰਿਸ਼ਨ ਭਗਤ ਨੂੰ ਨਿਸ਼ਕਾਮ ਭਗਤੀ ਕਰਨ ਦੀ ਪ੍ਰੇਰਨਾ ਦਿੰਦੇ ਹਨ। ਉਨ੍ਹਾਂ ਅਨੁਸਾਰ ਨਿਸ਼ਕਾਮ ਭਗਤੀ ਨਾਲ ਸਾਧਕ ਭਗਵਤ ਰੂਪ ਹੋ ਜਾਂਦਾ ਹੈ।[65] ਭਗਵਤ ਵਿੱਚ ਨਵਧਾ ਭਗਤੀ-ਸ਼੍ਰਵਣ, ਕੀਰਤਨ, ਸਿਮਰਨ, ਬੰਦਨਾ ਆਦਿ ਦਾ ਵਰਨਣ ਹੈ। ਸ਼ਰਧਾ, ਵਿਸ਼ਵਾਸ, ਸਤਿਸੰਗ ਅਤੇ ਪ੍ਰੇਮ-ਭਗਤੀ ਦਾ ਵਰਣਨ ਵੀ ਹੈ। ਸ਼੍ਰੀ ਮਦ ਭਗਵਤ ਗੀਤਾ ਵਿਚ ਪ੍ਰਭੂ ਪ੍ਰਾਪਤੀ ਦੇ ਮਾਰਗਾਂ ਵਿਚੋਂ ਭਗਤੀ ਨੂੰ ਉੱਤਮ ਮੰਨਿਆ ਗਿਆ ਹੈ। ਡਾ. ਸੁਰਿੰਦਰ ਸਿੰਘ ਕੋਹਲੀ ਲਿਖਦੇ ਹਨ ਕਿ ਭਗਵਤ ਗੀਤਾ ਦੀ ਵਿਚਾਰ ਪ੍ਰਣਾਲੀ ਦੇ ਪਿੱਛੇ ਕ੍ਰਿਸ਼ਨ ਦੀ ਸਖਸ਼ੀਅਤ ਹੈ। ਕ੍ਰਿਸ਼ਨ ਅਤੇ ਵਾਸਦੇਵ ਜੋ ਭਾਗਵਤ ਮੱਤ ਦਾ ਬਾਨੀ ਸੀ ਇਕੋ ਸਖਸ਼ੀਅਤ ਦੇ ਨਾਂ ਕਹੇ ਜਾਂਦੇ ਹਨ। ਉਪਨਿਸ਼ਦਾਂ ਵਿਚ ਭਗਤੀ ਉੱਤੇ ਜ਼ੋਰ ਦੇਣ ਵਾਲਾ ਰਹੱਸਵਾਦੀ ਰੰਗ ਵਾਸਦੇਵ ਮੱਤ ਜਾਂ ਭਾਗਵਤ ਮੱਤ ਵਿਚ ਵੀ ਮਿਲਦਾ ਹੈ। ਦੋਹਾਂ ਦੇ ਸਿਧਾਂਤਾਂ ਪਿੱਛੇ ਕ੍ਰਿਸ਼ਨ ਦੀ ਸਖਸ਼ੀਅਤ ਹੈ। ਮਗਰਲੇ ਸਮਿਆਂ ਵਿਚ ਮਿਥਿਹਾਸਕਾਰਾਂ ਨੇ ਇਸ ਨੂੰ ਇੱਕ ਅਨੂਠੀ ਅਤੇ ਕਰਮਕਾਂਡੀ ਰੰਗਣ ਦੇ ਦਿੱਤੀ।[66]

ਭਾਗਵਤ ਧਰਮ ਦੇ ਤੱਤ ਵੇਦਾਂ ਵਿਚ ਵੀ ਮਿਲਦੇ ਹਨ। ਵਿਸ਼ਨੂੰ ਅਤੇ ਉਨ੍ਹਾਂ ਦੇ ਅਵਤਾਰਾਂ ਦੀ ਪੂਜਾ ਇਸ ਮੱਤ ਦਾ ਮੁੱਖ ਅੰਗ ਹੈ। ਵੈਸ਼ਣਵ ਮੱਤ ਹੌਲੀ ਹੌਲੀ ਏਕਾਂਤਿਕ ਮੱਤ ਕਹਾਉਣ ਲੱਗਾ ਤੇ ਬਾਅਦ ਵਿਚ ਭਗਵਤ ਮੱਤ ਨਾਲ ਪ੍ਰਸਿੱਧ ਹੋਇਆ। ਡਾ. ਗੁਰਚਰਨ ਸਿੰਘ ਪਦਮ ਲਿਖਦੇ ਹਨ, ਵੈਸ਼ਣਵ ਮੱਤ ਦਾ ਪਹਿਲਾ ਨਾਮ ਏਕਾਂਤਿਕ ਮੱਤ ਸੀ। ਇਹੀ

ਏਕਾਂਤਿਕ ਮੱਤ ਸੰਪ੍ਰਦਾਇਕ ਰੂਪ ਧਾਰਨ ਕਰਕੇ ਪਾਂਚ ਰਤਨ ਅਥਵਾ ਭਾਗਵਤ ਮੱਤ ਨਾਲ ਪ੍ਰਸਿੱਧ ਹੋਇਆ। ਇਸ ਮੱਤ ਨੂੰ ਮੰਨਣ ਵਾਲੇ ਸਾਤਵਤ ਜਾਤੀ ਦੇ ਖੱਤਰੀ ਵਧੇਰੇ ਸਨ, ਇਸ ਲਈ ਇਹ 'ਸਾਤਵਤ ਧਰਮ' ਦੇ ਨਾਮ ਨਾਲ ਵੀ ਪੁਕਾਰਿਆ ਜਾਂਦਾ ਰਿਹਾ।[67]

ਭਾਗਵਤ ਵਿੱਚ ਸਾਧਕ ਭਗਤੀ ਨੂੰ ਵਿਸ਼ੇਸ਼ ਥਾਂ ਪ੍ਰਾਪਤ ਹੈ। ਇਹੋ ਪ੍ਰੇਮ ਭਗਤੀ ਹੈ। ਪ੍ਰੇਮ ਭਗਤੀ ਹੀ ਭਗਵਤ ਗੀਤਾ ਦਾ ਮੁੱਖ ਵਿਸ਼ਾ ਹੈ। ਸੰਤ ਭਗਤੀ ਸਾਹਿਤ ਵਿਚ ਪ੍ਰੇਮ-ਭਗਤੀ ਦੀ ਸਪਸ਼ਟ ਛਾਪ ਹੈ। ਗਿਆਨ ਦੇ ਪ੍ਰਕਾਸ਼ ਅਤੇ ਸੁੱਖ-ਚੈਨ ਤੇ ਸ਼ਾਂਤੀ ਦੀ ਪ੍ਰਾਪਤੀ ਲਈ ਜਾਂਦੀ ਜੀ ਦੀ ਨਿਰਾਹ ਵਿੱਚ ਗੀਤਾ ਮਨੁੱਖ ਦੇ ਹਰੇਕ ਪਹਿਲੂ ਵਿਚ ਇੱਕ ਅਤਿ ਉੱਤਮ ਰਾਹ ਦਿਖਾਉਣ ਵਾਲੀ ਹੈ।

ਡਾ. ਕੈਲਾਸ਼ ਨਾਥ ਕਾਟਜੂ ਵਰਗੇ ਵਿਦਵਾਨਾਂ ਦਾ ਖਿਆਲ ਹੈ ਕਿ ਜੇ ਗੀਤਾ ਉੱਤੇ ਸਾਡੇ ਦੇਸ਼ ਵਾਸੀਆਂ ਦੀ ਅਗਾਧ ਸ਼ਰਧਾ ਨਾ ਹੁੰਦੀ ਤਾਂ ਆਪਣੇ ਦੇਸ਼ ਦੀ ਸੁਤੰਤਰਤਾ ਦਾ ਰਾਹ ਏਨਾ ਆਸਾਨ ਨਾ ਹੁੰਦਾ। ਜੇ ਅਸੀਂ ਗੀਤਾ ਉਤੇ ਅਮਲ ਨਾ ਕਰਦੇ, ਇਸ ਤੋਂ ਗਿਆਨ ਪ੍ਰਾਪਤ ਨਾ ਕਰਦੇ, ਤਾਂ ਹੋ ਸਕਦਾ ਸੀ ਕਿ ਅਸੀਂ ਅਜੇ ਸੁਤੰਤਰ ਨਾ ਹੋ ਸਕਦੇ।[68]

ਮੱਧਕਾਲੀਨ ਦਾਰਸ਼ਨਿਕ ਸੰਪ੍ਰਦਾਇ

ਭਗਤੀਵਾਦ ਦਾ ਜਨਮ ਰਿਗਵੇਦ ਦੀਆਂ ਰਚਨਾਵਾਂ ਤੋਂ ਹੋਇਆ, ਜਿਨ੍ਹਾਂ ਵਿਚ ਅਨੇਕਾਂ ਦੇਵੀ ਦੇਵਤਿਆਂ ਦੀ ਪ੍ਰਸੰਸਾ ਰਾਈ ਗਈ ਹੈ। ਭਗਤੀ ਦਾ ਵਿਕਾਸ ਵੇਦਾਂ ਉਪਨਿਸ਼ਦਾਂ, ਭਗਤੀ-ਸੂਤਰਾਂ ਅਤੇ ਗੀਤਾ ਵਿਚ ਸ਼ੁਰੂ ਹੋ ਚੁੱਕਾ ਸੀ। ਭਗਤੀਵਾਦ ਨੂੰ ਪੁਰਾਣਾਂ, ਸ੍ਰੀ ਮਦ ਭਗਵਤ ਗੀਤਾ, ਰਾਮਾਇਣ ਤੇ ਮਹਾਂਭਾਰਤ ਤੋਂ ਸ਼ਕਤੀ ਮਿਲੀ। ਵੇਦਾਂਤ ਨੇ ਭਗਤੀਵਾਦ ਨੂੰ ਦਾਰਸ਼ਨਿਕ ਰੂਪ ਦਿੱਤਾ ਅਤੇ ਉਹ ਅਨੇਕ ਤਰ੍ਹਾਂ ਭਾਰਤ ਦੇ ਲੋਕਾਂ ਦੇ ਜੀਵਨ ਵਿਚ ਉਤਰ ਗਿਆ।[69] ਮੱਧਕਾਲ ਵਿਚ ਮੁੱਖ ਰੂਪ ਵਿਚ ਤਿੰਨ ਭਗਤੀਵਾਦੀ ਲਹਿਰਾਂ ਵਿਕਸਿਤ ਹੋਈਆਂ:

(1) ਵੈਸ਼ਣਵ, (2) ਸ਼ੈਵ, (3) ਸ਼ਕਤ।

1. ਵੈਸ਼ਣਵ ਮੱਤ

700 ਈ. ਤੋਂ 1400 ਈ. ਤੱਕ ਦਾ ਸਮਾਂ ਭਗਤੀ ਦੇ ਵਿਕਾਸ ਦਾ

ਸੁਨਹਿਰੀ ਸਮਾਂ ਸੀ, ਜਿਸ ਦਾ ਆਰੰਭ ਆਲਵਾਰ ਸੰਤਾਂ ਨਾਲ ਹੁੰਦਾ ਹੈ। ਅਸਲ ਵਿਚ ਹਰਸ਼ ਦੇ ਰਾਜ ਤੋਂ ਬਾਅਦ ਰਾਜਪੂਤ ਵੰਸ਼ ਦੇ ਉੱਤਰ ਤੇ ਪੂਰਬ ਵਲ ਫੈਲਣ ਨਾਲ ਇਹ ਲਹਿਰ ਹੋਰ ਜ਼ੋਰ ਫੜ ਗਈ। ਡਾ. ਤਾਰਾ ਚੰਦ ਲਿਖਦੇ ਹਨ, " ਜਦ ਹਰਸ਼ ਦਾ ਰਾਜ ਖਤਮ ਹੋਇਆ ਤਾਂ ਉੱਤਰੀ ਭਾਰਤ ਛੋਟੀਆਂ ਛੋਟੀਆਂ ਰਿਆਸਤਾਂ ਵਿੱਚ ਵੰਡਿਆ ਗਿਆ। ਕਈ ਰਾਜਪੂਤ ਵੰਸ਼ ਉੱਤਰ ਤੇ ਪੂਰਬ ਵਲ ਫੈਲ ਗਏ। ਮੁਸਲਮਾਨਾਂ ਦੇ ਆਉਣ ਤੋਂ ਪਹਿਲਾਂ ਪੰਜਾਬ ਤੋਂ ਲੈ ਕੇ ਦੱਖਣ ਤੱਕ ਅਤੇ ਅਰਬ ਸਾਗਰ ਤੋਂ ਲੈ ਕੇ ਬੰਗਾਲ ਤੱਕ ਰਾਜਪੂਤ ਹੀ ਭਾਰਤ ਦੀ ਕਿਸਮਤ ਦੇ ਮਾਲਕ ਸਨ।[70] ਇਸੇ ਸਮੇਂ ਭਗਤੀ ਦੇ ਵਿਚਾਰ ਜਿਹੜੇ ਆਲਵਾਰਾਂ ਨੇ ਦੱਖਣ ਵਿਚ ਪ੍ਰਚਾਰੇ ਸਨ, ਉੱਤਰ ਵਿਚ ਵੀ ਪ੍ਰਚਾਰੇ ਜਾਣ ਲੱਗੇ ਅਤੇ ਵੈਸ਼ਣਵ ਲਹਿਰ ਹੋਰ ਤਕੜੀ ਹੋਣ ਲੱਗੀ।[71] ਭਗਵਤ ਪੁਰਾਣ ਦਾ ਜਨਮ ਵੀ ਇਸੇ ਸਮੇਂ ਹੋਇਆ। ਭਗਵਤ ਪੁਰਾਣ ਨਾਲ ਪ੍ਰਾਚੀਨ ਕਰਮਕਾਂਡੀ ਮੱਤ ਦਾ ਵਿਕਾਸ ਹੋਇਆ ਅਤੇ ਇਹ ਮੱਧਯੁੱਗ ਦੇ ਭਗਤੀ ਮੱਤ ਵਿੱਚ ਪਲਟ ਗਿਆ। ਇਸ ਭਗਤੀ ਮੱਤ ਨੇ ਵਿਅਕਤੀ ਦੀ ਆਤਮਕ ਸੁਧਾਰੀ ਵਲ ਧਿਆਨ ਦਿਵਾਇਆ। ਪਰ ਸਮਾਜਕ ਬੰਧਨਾਂ ਵਿਚ ਉਹ ਉਵੇਂ ਹੀ ਜਕੜਿਆ ਰਿਹਾ। ਭਾਗਵਤ ਪੁਰਾਣ ਦੇ ਯਾਰ੍ਹਵੇਂ ਸਕੰਧ ਵਿਚ ਲਿਖਿਆ ਹੈ, " ਭਗਵਾਨ ਊਧੋ ਨੂੰ ਕਹਿੰਦੇ ਹਨ ਕਿ ਮੈਂ ਨਾ ਹੀ ਯੋਗ ਦੁਆਰਾ ਅਤੇ ਨਾ ਹੀ ਸਾਂਖ ਦਵਾਰਾ ਪ੍ਰਾਪਤ ਹੋ ਸਕਦਾ ਹਾਂ। ਮੇਰੀ ਪ੍ਰਾਪਤੀ ਦਾ ਪਹਿਲਾ ਸਾਧਨ ਤਾਂ ਭਗਤੀ ਹੈ। ਇਕਾਗਰ ਚਿੱਤ ਹੋਕੇ ਕੀਤੀ ਮੇਰੀ ਭਗਤੀ ਚੰਡਾਲ ਤੱਕ ਨੂੰ ਪਵਿੱਤਰ ਕਰ ਦਿੰਦੀ ਹੈ। ਭਾਗਵਤ ਪੁਰਾਣ ਤੋਂ ਪਹਿਲਾਂ ਸਾਂਡਿਲਯ ਅਤੇ ਨਾਰਦ ਦੇ ਭਗਤੀ ਸੂਤਰ ਰਚੇ ਜਾ ਚੁੱਕੇ ਹਨ। ਅਵਤਾਰਵਾਦ ਭਾਗਵਤ ਧਰਮ ਦੀ ਹੀ ਦੇਣ ਹੈ।[72]

ਬਾਰਾਂ ਵਿਸ਼ੇਸ਼ ਆਲਵਰਾਂ ਦੀ ਦ੍ਰਾਵਿੜ ਭਾਸ਼ਾ ਵਿਚ ਲਿਖੀ 'ਪਦਾਵਲੀ' ਵੇਦ - ਮੰਤਰਾਂ ਵਾਂਗ ਪਵਿੱਤਰ ਅਤੇ ਮਧੁਰ ਮੰਨੀ ਜਾਂਦੀ ਹੈ। ਇਨ੍ਹਾਂ ਵੈਸ਼ਣਵ ਆਲਵਾਰਾਂ ਦਾ ਮਹਾਨ ਗ੍ਰੰਥ 'ਨਾਲਯੀਰ ਪ੍ਰਬੰਧਮ' ਹੈ। ਇਸ ਨੂੰ ਤਾਮਿਲਵੇਦ ਵੀ ਕਿਹਾ ਜਾਂਦਾ ਹੈ। ਇਹ ਭਗਤੀ ਗਿਆਨ, ਪ੍ਰੇਮ, ਸੌਂਦਰਯ ਅਤੇ ਸਮਾਨਤਾ ਦੀ ਅਣਮੋਲ ਖਜ਼ਾਨਾ ਹੈ। ਚਾਰ ਹਜ਼ਾਰ ਪਦਿਆਂ ਦੀ ਇਸ ਰਚਨਾ ਦਾ ਸੰਕਲਨ ਅਤੇ ਸੰਪਾਦਨ ਨਾਥ ਮੁਨੀ (825 ਈ:- 924 ਈ:) ਨੇ ਕੀਤਾ।

ਆਲਵਰਾਂ ਦੇ ਸਾਹਿਤ ਵਿਚ ਪਹਿਲੀ ਵਾਰੀ ਪ੍ਰੇਮ-ਭਗਤੀ ਦਾ ਵਧੀਆ ਰੂਪ ਸਾਹਮਣੇ ਆਇਆ। ਆਲਵਰਾਂ ਨੇ ਸ਼ਰਨਾਗਤੀ ਅਤੇ ਦਾਸ ਭਾਵ ਨੂੰ ਹੀ ਭਗਤੀ ਦਾ ਵਧੀਆ ਸਰੂਪ ਮੰਨਿਆ ਹੈ। ਇਸ ਦਾਰਸ਼ਨਿਕ ਲਹਿਰ ਦੇ ਚਾਰ ਮਹਾਨ ਪ੍ਰਤਿਨਿਧ ਹਨ। ਸ਼ੰਕਰ, ਰਾਮਾਨੁਜ, ਮਾਧਵ ਅਤੇ ਵੱਲਭ। ਸ਼ੰਕਰਾਚਾਰੀਆ ਦਾ ਸਿਧਾਂਤ ਭਗਤੀ ਲਹਿਰ ਦੇ ਪ੍ਰਤੀਕੂਲ ਮੰਨਿਆ ਜਾਂਦਾ ਹੈ ਅਤੇ ਏਸੇ ਕਰਕੇ ਰਹੱਸਵਾਦ ਦਾ ਵਿਰੋਧੀ। ਰਾਮਾਨੁਜ, ਮਾਧਵ ਅਤੇ

ਵੱਲਭ ਜਿਨ੍ਹਾਂ ਨੇ ਦਾਰਸ਼ਨਿਕ ਲਹਿਰ ਦੇ ਤਿੰਨ ਵੱਖਰੇ ਵੱਖਰੇ ਸਕੂਲ ਚਲਾਏ, ਪੰਦਰਵੀਂ ਸਦੀ ਦੇ ਅਖੀਰ ਤੱਕ ਆਪਣੇ ਵਿਚਾਰਾਂ ਨਾਲ ਪ੍ਰਭਾਵਤ ਕਰਦੇ ਰਹੇ। ਇਨ੍ਹਾਂ ਤਿੰਨਾਂ ਦੇ ਸਿਧਾਂਤਾਂ ਨੂੰ ਕਰਮਵਾਰ ਵਸ਼ਿਸ਼ਟ ਦਵੈਤ, ਦ੍ਵੈਤ ਅਤੇ ਸ਼ੁੱਧ ਅਦਵੈਤ ਕਿਹਾ ਜਾਂਦਾ ਹੈ। ਇਨ੍ਹਾਂ ਤਿੰਨਾਂ ਦੇ ਸਕੂਲਾਂ ਤੋਂ ਤੇਹਰਵੀਂ ਸਦੀ ਦੇ ਮਗਰੋਂ ਭਾਰਤ ਦੇ ਕਈ ਹਿੱਸਿਆਂ ਵਿਚ ਮਹਾਨ ਭਗਤੀ ਲਹਿਰਾਂ ਚੱਲੀਆਂ। ਇਹ ਗੱਲ ਰੌਚਿਕਤਾ ਭਰਪੂਰ ਹੈ ਕਿ ਆਪਣੀ ਜਨਮ ਭੂਮੀ ਵਿਚ ਰਾਮਾਨੁਜ ਦਾ ਪ੍ਰਭਾਵ ਘਟਦਾ ਗਿਆ ਅਤੇ ਉੱਤਰੀ ਭਾਰਤ ਵਿਚ ਵਧੇਰੇ ਤਾਕਤ ਨਾਲ ਪ੍ਰਗਟ ਹੋਇਆ।[73]

ਆਲਵਰਾਂ ਦਾ ਸੱਭ ਤੋਂ ਵੱਧ ਪ੍ਰਭਾਵ ਰਾਮਾਨੁਜ ਦੇ ਵਿਸ਼ਿਸ਼ਟ ਅਦਵੈਤ ਉੱਤੇ ਪਿਆ। ਆਲਵਰਾਂ ਅਨੁਸਾਰ, ਈਸ਼ਵਰ ਹੀ ਜਗਤ ਦੀ ਉਤਪਤੀ ਦਾ ਕਾਰਨ ਹੈ। ਜਗਤ ਦੀ ਸਿਰਜਨਾ ਭਗਵਾਨ ਦੀ ਲੀਲ੍ਹਾ ਤੋਂ ਹੁੰਦੀ ਹੈ। ਜੀਵ ਤੇ ਜਗਤ ਵਿਚ ਪ੍ਰਭੂ ਅੰਤਰਜਾਮੀ ਰੂਪ ਵਿਚ ਵਿਦਮਾਨ ਹੁੰਦਾ ਹੈ। ਇਸ ਲਈ ਉਹ ਪਰਮਸੱਤਾ ਦੇ ਅਧੀਨ ਹਨ ਅਤੇ ਉਸਦੇ ਸਰੀਰ ਜਾਂ ਪ੍ਰਕਾਰ ਹਨ। ਬ੍ਰਹਮ ਅਤੇ ਜੀਵ ਵਿਚ ਅੰਸ਼ੀ ਅਤੇ ਅੰਸ਼ ਦਾ ਸੰਬੰਧ ਹੈ। ਰਾਮਾਨੁਜ ਦੇ ਵਿਸ਼ਿਸ਼ਟ ਅਦਵੈਤ ਸਿਧਾਂਤ ਵਿਚ ਇਸੇ ਤੱਥ ਨੂੰ ਮੰਨਿਆ ਗਿਆ ਹੈ।

ਪੂਰਬੀ ਭਾਰਤ ਵਿਚ ਖਾਸ ਕਰਕੇ ਬੰਗਾਲ ਵਿਚ ਮਾਧਵਾਚਾਰੀਆ ਦੇ ਦਾਰਸ਼ਨਿਕ ਸਿਧਾਂਤਾਂ ਦਾ ਬਹੁਤ ਪ੍ਰਭਾਵ ਸੀ। ਅਤੇ ਦੱਖਣ ਵਿਚ ਰਾਮਾਨੁਜ ਅਤੇ ਵੱਲਭ ਦੇ ਸਿਧਾਂਤਾਂ ਦਾ। ਵਿਸ਼ਨੂੰ ਦੇ ਅਵਤਾਰ ਕ੍ਰਿਸ਼ਨ ਦੀ ਭਗਤੀ ਉੱਤੇ ਰਾਮਾਨੁਜ ਅਤੇ ਹੋਰ ਦੱਖਣੀ ਆਚਾਰੀਆਂ ਨੇ ਜ਼ੋਰ ਦਿੱਤਾ।[74] ਵੱਲਭ ਗੁਰੂ ਨਾਨਕ ਦਾ ਸਮਕਾਲੀ ਸੀ। ਬੰਗਾਲ ਦਾ ਪ੍ਰਸਿੱਧ ਭਗਤ ਚੈਤਨਯ ਮਹਾਂਪ੍ਰਭੂ ਵੀ ਜੋ ਮਾਧਵਾਚਾਰੀਆ ਦੀ ਸਕੂਲ ਨਾਲ ਸੰਬੰਧਤ ਸੀ, ਗੁਰੂ ਨਾਨਕ ਦਾ ਸਮਕਾਲੀ ਸੀ। ਇਹ ਸੰਭਵ ਹੈ ਕਿ ਗੁਰੂ ਨਾਨਕ ਦਾ ਮੇਲ ਇਨ੍ਹਾਂ ਮਹਾਂਪੁਰਸ਼ਾਂ ਨਾਲ ਹੋਇਆ ਹੋਵੇ। ਵਿਚਾਰ ਵਟਾਂਦਰੇ ਨਾਲ ਉਨ੍ਹਾਂ ਨੇ ਇੱਕ-ਦੂਜੇ ਨੂੰ ਪ੍ਰਭਾਵਤ ਕੀਤਾ ਹੋਵੇ। ਪਰ ਮਾਧਵਾਚਾਰੀਆ ਦੇ ਦਵੈਤਵਾਦ ਵਿਚ ਉਨ੍ਹਾਂ ਦਾ ਵਿਸ਼ਵਾਸ਼ ਨਹੀਂ। ਵੱਲਭ ਦੇ ਸ਼ੁੱਧ-ਅਦਵੈਤ ਦੇ ਕੁੱਝ ਨੁਕਤੇ ਗੁਰੂ ਨਾਨਕ ਦੇ ਰਹੱਸਵਾਦ ਵਿਚ ਮਿਲਦੇ ਹਨ।[75] ਪੰਜਾਬ ਵਿਚ ਵੀ ਕ੍ਰਿਸ਼ਨ ਭਗਤੀ ਜ਼ੋਰਾਂ ਤੇ ਸੀ, ਕ੍ਰਿਸ਼ਨ ਲੀਲਾ ਤੇ ਰਾਸ ਰਚਾਈ ਜਾਂਦੀ ਸੀ। ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਵਿਚ ਇਸ ਵਲ ਸੰਕੇਤ ਕੀਤਾ ਹੈ:

ਵਾਇਨਿ ਚੇਲੇ ਨਚਨਿ ਗੁਰ।
ਪੈਰ ਹਿਲਾਇਨਿ ਫੇਰਨਿ ਸਿਰ।[76]

ਅਸੀਂ ਕਹਿ ਸਕਦੇ ਹਾਂ ਕਿ ਇਹ ਲਹਿਰ ਛੇਤੀ ਹੀ ਸਾਰੇ ਭਾਰਤ ਵਿਚ ਫੈਲ ਗਈ। ਉੱਤਰੀ ਭਾਰਤ ਗਰੀਬੀ ਅਤੇ ਪਵਿੱਤਰਤਾ ਦਾ ਜੀਵਨ ਬਤੀਤ ਕਰਦੇ ਭਗਤਾਂ ਨਾਲ ਭਰ ਗਿਆ।[77] ਅਤੇ ਮੱਧ ਯੁੱਗ ਵਿਚ ਭਗਤੀ ਦੇ ਜੋ ਅਨੁਭਵ ਸੰਤਾਂ ਦੀ ਬਾਣੀ ਵਿਚ ਪ੍ਰਾਪਤ ਹੁੰਦੇ ਹਨ, ਉਨ੍ਹਾਂ ਦੇ ਪਿਛੋਕੜ ਵਿਚ ਦੱਖਣ ਦੇ ਆਲਵਰਾਂ ਦਾ ਕਾਫੀ ਯੋਗਦਾਨ ਹੈ। 14ਵੀਂ ਤੇ 15ਵੀਂ ਸਦੀ ਵਿਚ ਅੰਦੋਲਨ ਦਾ ਰੂਪ ਧਾਰਨ ਕਰਨ ਵਾਲੀ ਭਗਤੀ ਦੀ ਨੀਂਹ ਇਨ੍ਹਾਂ ਆਲਵਰਾਂ ਵਲੋਂ ਪਹਿਲਾਂ ਹੀ ਰੱਖੀ ਜਾ ਚੁੱਕੀ ਸੀ।

## ਅਦਵੈਤਵਾਦ ਅਨੁਸਾਰ ਭਗਤੀ

ਸ਼ੰਕਰਾਚਾਰਯ ਦੇ ਅਦਵੈਤਵਾਦ ਦੇ ਸਿਧਾਂਤ ਨੂੰ ਮਾਇਆਵਾਦ ਵੀ ਕਿਹਾ ਜਾਂਦਾ ਹੈ। ਇਸ ਮੱਤ ਅਨੁਸਾਰ ਕੇਵਲ ਬ੍ਰਹਮ ਹੀ ਸੱਚ ਹੈ, ਜਗਤ ਮਿਥਿਆ ਹੈ। ਜੀਵ ਹੀ ਬ੍ਰਹਮ ਹੈ। ਸ਼ੰਕਰ ਜਗਤ ਨੂੰ ਮਾਇਆ ਤੇ ਭਰਮ ਆਖਦਾ ਹੈ। ਉਸ ਅਨੁਸਾਰ ਮਨੁੱਖੀ ਆਤਮਾ ਸਦੀਵੀ ਨਿੱਤ ਅਤੇ ਬ੍ਰਹਮ ਰੂਪ ਹੈ। ਜੀਵਾਤਮਾ ਅਤੇ ਪਰਮਾਤਮਾ ਵਿਚ ਤਦਰੂਪਤਾ ਹੈ। ਅਸਲ ਵਿੱਚ ਸ਼ੰਕਰ ਆਪਣੇ ਦਾਰਸ਼ਨਿਕ ਦ੍ਰਿਸ਼ਟੀਕੋਣ ਨੂੰ ਉਪਨਿਸ਼ਦਾਂ ਵਿਚ ਪ੍ਰਤੀਪਾਦਿਤ ਵਿਧੀ ਤੋਂ ਹੀ ਵਿਕਸਿਤ ਕਰਦਾ ਹੈ।

## ਬ੍ਰਹਮ

ਭਾਰਤੀ ਦਾਰਸ਼ਨਿਕ ਪਰੰਪਰਾ ਵਿੱਚ ਕੁੱਝ ਅਜਿਹੇ ਸ਼ਾਸਤਰ ਹਨ, ਜਿਨ੍ਹਾਂ ਦਾ ਮੁੱਖ ਵਿਸ਼ਾ ਕੇਵਲ ਬ੍ਰਹਮ ਦੀ ਖੋਜ ਕਰਨਾ ਹੈ। ਜਿਸ ਨੂੰ 'ਬ੍ਰਹਮ ਸ਼ਾਸਤਰ' ਆਖਦੇ ਹਨ ਅਤੇ ਉਸ ਗਿਆਨ ਨੂੰ 'ਬ੍ਰਹਮ-ਵਿਦਿਆ' ਆਖਦੇ ਹਨ। ਸ਼ੰਕਰ ਵੀ ਆਪਣੀ ਖੋਜ ਬ੍ਰਹਮ ਤੋਂ ਸ਼ੁਰੂ ਕਰਦਾ ਹੈ, ਜੋ ਪਰਮਸੱਤਾ ਹੈ ਅਤੇ ਜਿਸਨੂੰ ਉਪਨਿਸ਼ਦਾਂ, ਬ੍ਰਹਮ ਸੂਤਰਾਂ ਅਤੇ ਭਗਵਦ ਗੀਤਾ ਆਦਿ ਧਰਮ ਗ੍ਰੰਥਾਂ ਤੋਂ ਧਾਰਨ ਕੀਤਾ ਹੈ।

ਸ਼ੰਕਰਾਚਾਰਯ ਅਨੁਸਾਰ ਬ੍ਰਹਮ ਨਿਰਵਸ਼ੇਸ਼ਤੱਤ ਹੈ। ਇਹ ਸਰਵ-ਵਿਆਪੀ, ਸਵੈ ਸਿੱਧ ਅਤੇ ਸਵੈ-ਪ੍ਰਕਾਸ਼ ਹੈ। ਸ਼ੰਕਰਾਚਾਰਯ ਨੇ ਬ੍ਰਹਮ ਨੂੰ ਇੱਕ ਮਾਤਰ ਪਰਮਾਰਥਿਕ ਸਤ੍ਹ ਮੰਨਿਆ ਹੈ। ਭਰਮ ਵਸ ਜੀਵ ਇਸਨੂੰ ਨਹੀਂ ਜਾਣ ਸਕਦਾ। ਵੇਦਾਂਤ ਦਾ ਪ੍ਰਯੋਜਨ ਇਸੇ ਸ਼ੰਕੇ ਦਾ ਨਿਵਾਰਣ ਕਰਨਾ ਹੈ। ਬ੍ਰਹਮ ਦੇ ਨਿਰਗੁਣ ਅਤੇ ਸਗੁਣ ਦੋ ਸਰੂਪ ਹਨ। ਉਪਨਿਸ਼ਦਾਂ ਵਿਚ

ਬ੍ਰਹਮ ਦੇ ਨਿਰਗੁਣ ਸਰੂਪ ਦਾ ਸ਼ੰਕਰ ਦੇ ਵਿਵਰਤਵਾਦ ਦੇ ਸਿਧਾਂਤ ਅਨੁਸਾਰ ਬ੍ਰਹਮ ਜਗਤ ਦਾ ਕਾਰਣ ਤਾਂ ਹੈ ਪਰ ਉਹ ਆਪ ਜਗਤ ਵਿਚ ਤਬਦੀਲ ਨਹੀਂ ਹੁੰਦਾ।[78]

ਮਾਇਆ-ਵਿਸ਼ਿਸ਼ਟ ਬ੍ਰਹਮ ਨੂੰ ਸਗੁਣ ਕਹਿੰਦੇ ਹਨ। ਇਹ ਹੀ ਈਸ਼ਵਰ ਹੈ। ਇਹ ਹੀ ਜਗਤ ਦਾ ਕਰਤਾ ਧਰਤਾ ਹੈ ਪਰੰਤੂ ਨਿਰਗੁਣ ਬ੍ਰਹਮ ਮਾਇਆ ਦੇ ਸੰਬੰਧ ਵਿਚ ਨਿਤਾਂਤ ਸ਼ੂਨਯ ਹੈ। ਉਹ ਅਖੰਡ, ਸਰਵ-ਵਿਆਪਕ, ਸੱਚਿਦਾ-ਨੰਦ ਸਰੂਪ ਹੈ। ਨਿਰਗੁਣ ਬ੍ਰਹਮ ਹੀ ਸਰਵ ਸ੍ਰੇਸ਼ਠ ਅਤੇ ਸਤਿ-ਸਰੂਪ ਹੈ। ਈਸ਼ਵਰ ਉਸ ਤੋਂ ਨਯੂਨ ਹੈ ਅਤੇ ਮਾਇਆ ਤੋਂ ਪ੍ਰਭਾਵਤ ਹੈ। ਇਸ ਤਰ੍ਹਾਂ ਸ਼ੰਕਰ ਨੇ ਬ੍ਰਹਮ ਅਤੇ ਈਸ਼ਵਰ ਨੂੰ ਅਲੱਗ ਅਲੱਗ ਮੰਨਿਆ ਹੈ।[79]

ਸ਼ੰਕਰ ਆਖਦੇ ਹਨ ਕਿ ਉਹ ਸੰਸਾਰ ਦੇ ਗੁਣਾਂ ਦੁਆਰਾ ਵਰਣਨ ਨਹੀਂ ਕੀਤਾ ਜਾ ਸਕਦਾ। ਉਹ ਆਪ ਬਿਆਨ ਤੋਂ ਰਹਿਤ ਹੈ ਅਤੇ ਨਿਰਗੁਣ ਹੈ। ਇਹ ਅਨੁਭਵ ਦੇ ਪਦਾਂ ਤੋਂ ਅਤੀਤ ਹੈ। ਇਸ ਲਈ ਬ੍ਰਹਮ ਦੇ ਲਈ ਨੇਤੀ-ਨੇਤੀ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ।[80]

ਭਗਤੀ

ਇਸ ਮੱਤ ਅਨੁਸਾਰ ਮੁਕਤੀ ਲਈ ਗਿਆਨ ਬਹੁਤ ਜ਼ਰੂਰੀ ਹੈ। ਸ਼ੰਕਰ ਨੇ ਆਪੇ ਤੋਂ ਪ੍ਰਭੂ ਨੂੰ ਪਛਾਨਣ ਨੂੰ ਹੀ ਭਗਤੀ ਕਿਹਾ ਹੈ। ਉਹ ਭਗਤੀ ਨੂੰ ਗਿਆਨ ਦੀ ਪਹਿਲੀ ਮੰਜ਼ਲ ਆਖਦੇ ਹਨ। ਜਦੋਂ ਸਾਧਕ ਦੇ ਮਨ ਵਿੱਚ 'ਸੋਹੰ ਬ੍ਰਹਮ(ਮੈਂ ਬ੍ਰਹਮ ਹਾਂ) ਦੀ ਭਾਵਨਾ ਪੈਦਾ ਹੋ ਜਾਂਦੀ ਹੈ ਤਾਂ ਉਹ ਬ੍ਰਹਮ ਦਾ ਅਖੰਡ ਬੋਧ ਪ੍ਰਾਪਤ ਕਰ ਲੈਂਦਾ ਹੈ ਅਤੇ ਆਪਣੇ 'ਜੀਵ' ਨੂੰ ਨਿੱਤਯ, ਸ਼ੁੱਧ, ਮੁਕਤ ਅਤੇ ਸੱਚ ਸੁਭਾਅ ਦਾ ਅਨੁਭਵ ਕਰਦਾ ਹੈ। ਅਗਿਆਨ ਦੇ ਨਾਲ ਨਾਲ ਚਿੱਤ ਬਿਰਤੀਆਂ ਦਾ ਨਾਸ਼ ਹੋਣ ਨਾਲ ਚਿੱਤ-ਪ੍ਰਤੀਬਿੰਬ ਬ੍ਰਹਮ-ਸਰੂਪ ਹੋ ਜਾਂਦਾ ਹੈ। ਜੀਵ ਅਤੇ ਬ੍ਰਹਮ ਦਾ ਏਕਤਵ ਹੋ ਜਾਂਦਾ ਹੈ। ਇਹ ਹੀ ਬ੍ਰਹਮ ਸਾਖਿਆਤਕਾਰ ਹੈ। ਇਹ ਹੀ ਵੇਦਾਂਤ ਦਾ ਪਰਮ ਉਦੇਸ਼ ਹੈ। ਇਹ ਅਵਸਥਾ ਪ੍ਰਾਪਤ ਕਰਨ ਲਈ ਯੋਗ ਸਾਧਨ, ਸ਼੍ਰਵਣ, ਮਨਨ ਅਤੇ ਨਿਧਿਆਸਨ ਯੁਕਤ ਸਮਾਧੀ ਰਾਹੀਂ ਚਿੱਤ-ਬਿਰਤੀਆਂ ਦਾ ਸੋਧਨ ਹੋ ਸਕਦਾ ਹੈ। ਇਸ ਨਾਲ ਹੀ ਬ੍ਰਹਮ ਸੰਬੰਧੀ ਅਗਿਆਨ ਦਾ ਨਾਸ਼ ਹੁੰਦਾ ਹੈ। ਇਸ ਲਈ ਸਾਧਕ ਨੂੰ ਅਸ਼ਟਾਂਗ-ਯੋਗ ਦਾ ਅਭਿਆਸ ਕਰਨ ਦਾ ਉਪਦੇਸ਼ ਦਿੱਤਾ ਗਿਆ।[81]

ਇਸ ਮੱਤ ਅਨੁਸਾਰ ਮਨੁੱਖ ਦਾ ਪਰਮ ਉਦੇਸ਼ ਮੁਕਤੀ ਪ੍ਰਾਪਤ ਕਰਨਾ ਹੈ। ਸ਼ੰਕਰ ਆਖਦਾ ਹੈ ਕਿ ਮਨੁੱਖ ਦਾ ਅੰਤਿਮ ਉਦੇਸ਼ ਆਪਣੇ ਅਸਲੀ ਅਤੇ ਸ਼ੁੱਧ ਸਰੂਪ ਦੇ ਨਾਲ ਇਕ ਰਸ ਹੋਣਾ ਜਾਂ ਏਕਾਕਾਰ ਹੋਣਾ ਹੈ ਅਤੇ ਉਹ ਸ਼ੁੱਧ ਆਤਮਾ ਹੈ। ਇਸ ਆਤਮਾ ਦਾ ਸਰੂਪ ਸ਼ੁੱਧ ਚੇਤਨ ਤੱਤ ਜਾਂ ਅਧਿਆਤਮਕ ਤੱਤ ਹੈ। ਇਸ ਸ਼ੁੱਧ ਚੇਤਨ ਨੇ ਹੀ ਪੂਰਨ ਰੂਪ ਨਾਲ ਪ੍ਰਗਟ ਹੋਣਾ ਚਾਹੀਦਾ ਹੈ। ਜੇ ਇਸ ਤੇ ਲੱਗੀਆਂ ਪਾਬੰਦੀਆਂ ਚੁੱਕ ਲਈਆਂ ਜਾਣ ਤਾਂ ਇਹੀ ਸ਼ੁੱਧ ਚੇਤਨ ਜੀਵ ਬ੍ਰਹਮ ਜਾਂ ਪਰਮਾਤਮਾ ਹੈ। ਮੋਕਸ਼ ਦੀ ਪ੍ਰਾਪਤੀ ਪਰਮ ਗਿਆਨ ਦੁਆਰਾ ਅਵਿਦਿਆ ਨੂੰ ਨਸ਼ਟ ਕਰਨਾ ਹੈ ਅਤੇ ਕੇਵਲ ਗਿਆਨ ਦੁਆਰਾ ਹੀ ਮੋਕਸ਼ ਪ੍ਰਾਪਤ ਹੁੰਦਾ ਹੈ ਕਿਉਂ ਕਿ ਮੋਕਸ਼ ਗਿਆਨ ਸਰੂਪ ਹੈ। ਮਾਰਗ ਦੀ ਅੰਤਿਮ ਮੰਜ਼ਿਲ ਹੀ ਉਦੇਸ਼ ਬਣਦੀ ਹੈ ਅਤੇ ਸਾਧਨ ਦੀ ਪੂਰਣਤਾ ਹੀ ਟੀਚਾ ਹੈ। ਸਾਧਕ ਜਦੋਂ ਗਿਆਨ ਦੁਆਰਾ ਪਰਮ ਸੱਚ ਨੂੰ ਜਾਣ ਲੈਂਦਾ ਹੈ ਤਾਂ ਉਸ ਨੂੰ ਪਤਾ ਲੱਗਦਾ ਹੈ ਕਿ ਇਹ ਪਰਮ ਤੱਤ ਗਿਆਨ ਹੀ ਹੈ। ਇਸ ਲਈ ਮਨੁੱਖ ਨੂੰ ਸੱਚਾ ਗਿਆਨ ਹੋਣ ਨਾਲ ਉਹ ਮੁਕਤ ਹੋਣਾ ਚਾਹੁੰਦਾ ਹੈ। ਇਹ ਜੀਵਨ ਕਾਲ ਵਿੱਚ ਹੀ ਸੰਭਵ ਹੈ। ਇਹ ਸ਼ੰਕਰ ਦਾ ਵਿਲੱਖਣ ਸਿਧਾਂਤ ਹੈ ਜਿਸ ਨੂੰ ਜੀਵਨ-ਮੁਕਤੀ ਆਖਿਆ ਜਾਂਦਾ ਹੈ।[32]

ਕਿਹਾ ਜਾ ਸਕਦਾ ਹੈ ਕਿ ਸ਼ੰਕਰ ਦਾ ਦਰਸ਼ਨ ਗੂੜ੍ਹ ਦਰਸ਼ਨ ਹੈ। ਉਸ ਨੇ ਅਵੈਦਿਕ ਮੱਤਾਂ ਦਾ ਖੰਡਨ ਕਰਕੇ ਵੈਦਿਕ ਮੱਤ ਦੀ ਸਥਾਪਨਾ ਕੀਤੀ ਅਤੇ ਬ੍ਰਹਮ ਅਤੇ ਜੀਵ ਦੀ ਏਕਤਾ ਦਰਸਾਈ। ਪਰ ਪੰਡਤ ਰਾਮ ਗੋਪਾਲ ਸ਼ਾਸਤਰੀ ਸ਼ੰਕਰ ਦੇ ਵੇਦਾਂਤ ਨੂੰ ਆਰੀਆ ਲੋਕਾਂ ਲਈ ਘਾਤਕ ਸਿੱਧ ਕਰਦੇ ਲਿਖਦੇ ਹਨ ਕਿ ਸਵਾਮੀ ਸ਼ੰਕਰਾਚਾਰੀਆ ਦੇ ਅਦਵੈਤਵਾਦ ਦੇ ਪ੍ਰਭਾਵ ਸਦਕਾ ਆਰੀਆ ਜਾਤੀ ਵਿਚ ਸੰਸਾਰ ਤੋਂ ਉਦਾਸੀਨਤਾ, ਝੂਠਾ ਵੈਰਾਗ ਅਤੇ ਨਿਰਉਦਮ ਭਾਵਨਾ ਨੇ ਜਨਮ ਲਿਆ ਹੈ - - - - ਇਸ ਦਾ ਕਾਰਣ ਲੱਭਣ ਤੋਂ ਪਤਾ ਚਲਦਾ ਹੈ ਕਿ ਜਾਤੀ ਵਿਚ ਝੂਠੀ ਅਹਿੰਸਾ, ਝੂਠਾ ਵੈਰਾਗ ਸੰਸਾਰ ਤੋਂ ਉਦਾਸੀਨਤਾ ਅਤੇ ਵਿਅਕਤੀਗਤ ਜੀਵਨ ਹੀ ਸਾਡੀ ਗਿਰਾਵਟ ਦਾ ਕਾਰਣ ਹੈ।[33]

ਫਿਰ ਵੀ ਸ਼ੰਕਰਾਚਾਰੀਆ ਦੇ ਦਾਰਸ਼ਨਿਕ ਵਿਚਾਰਾਂ ਨੇ ਸਾਰੇ ਭਾਰਤ ਨੂੰ ਪ੍ਰਭਾਵਤ ਕੀਤਾ ਹੈ। ਉਸਦਾ ਅਦਵੈਤਵਾਦ ਭਾਵੇਂ ਭਗਤੀ ਲਹਿਰ ਦੇ ਪ੍ਰਤਿਕੂਲ ਹੈ, ਪਰ ਉਸ ਦਾ ਵਿਚਾਰ, 'ਬ੍ਰਹਮ ਸਤਿਅਮ' ਸਮੁੱਚੀ ਭਗਤੀ ਲਹਿਰ ਨੇ ਸਵੀਕਾਰ ਕੀਤਾ ਹੈ। ਫਿਰ 'ਜੀਵ ਬ੍ਰਹਮੈਵ ਨਾਪਰਾ' ਨਾਲ ਵੀ ਸੱਭ ਭਗਤ ਸਹਿਮਤ ਹਨ। "ਜਗਤ ਮਿਥਿਆ" ਦੇ ਵਿਚਾਰ ਨੂੰ ਗੁਰੂ ਨਾਨਕ ਨੇ " ਸਚੇ ਤੇਰੇ ਖੰਡ ਸਚੇ ਬ੍ਰਹਿਮੰਡ" ਕਹਿ ਕੇ ਰੱਦਿਆ ਹੈ।[34]

## ਵਿਸ਼ਿਸ਼ਟਾਦਵੈਤ ਦਰਸ਼ਨ

ਰਾਮਾਨੁਜ ਵੇਦਾਂਤ ਦਾ ਇੱਕ ਪ੍ਰਸਿੱਧ ਦਾਰਸ਼ਨਿਕ ਹੈ ਉਸ ਦਾ ਨਾਂ ਸ਼ੰਕਰ ਦੇ ਪਿਛੋਂ ਆਉਂਦਾ ਹੈ। ਰਾਮਾਨੁਜ ਵੀ ਉਪਨਿਸ਼ਦ, ਭਗਵਦ ਗੀਤਾ ਅਤੇ ਬ੍ਰਹਮ ਸੂਤਰਾਂ ਨੂੰ ਮੰਨਦਾ ਹੈ। ਉਸ ਨੇ ਸ਼ੰਕਰ ਦੇ ਮਾਇਆ ਦੇ ਸਿਧਾਂਤ ਦਾ ਖੰਡਨ ਕੀਤਾ ਹੈ। ਉਹ ਜਗਤ ਨੂੰ ਮਿਥਿਆ ਨਹੀਂ ਮੰਨਦਾ। ਉਹ ਬ੍ਰਹਮ ਨੂੰ ਅਦੁੱਤੀ ਤਾਂ ਮੰਨਦਾ ਹੈ, ਪਰ ਉਸ ਵਿਚ ਈਸ਼ਵਰ, ਜੀਵ ਅਤੇ ਜਗਤ ਦੇ ਵਿਸ਼ੇਸ਼ ਗੁਣ ਮੰਨਦਾ ਹੈ। ਸ਼ੰਕਰ ਦੇ ਨਿਰਗੁਣ ਬ੍ਰਹਮ ਦੀ ਥਾਂ ਤੇ ਉਹ ਸਗੁਣ ਬ੍ਰਹਮ ਨੂੰ ਵਧੇਰੇ ਪ੍ਰਧਾਨਤਾ ਦਿੰਦਾ ਹੈ। ਉਹ ਆਖਦਾ ਹੈ ਕਿ ਬ੍ਰਹਮ ਦੇ ਇਲਾਵਾ ਹੋਰ ਕੋਈ ਸਤ੍ਹ ਨਹੀਂ ਹੈ। ਇਸ ਲਈ ਉਹ ਅਦਵੈਤਵਾਦੀ ਹੈ। ਪਰ ਇਹ ਬ੍ਰਹਮ ਸ਼ੰਕਰ ਦੇ ਬ੍ਰਹਮ ਵਾਂਗ ਵਿਸ਼ੇਸ਼ ਰਹਿਤ ਨਹੀਂ, ਇਸ ਵਿਚ ਸਥਿਤ ਵਸਤੂਆਂ ਵਿਚ ਭੇਦ ਹੈ।[85]

ਰਾਮਾਨੁਜ ਅਨੁਸਾਰ ਚਿੱਤ, ਅਚਿੱਤ ਅਤੇ ਈਸ਼ਵਰ ਤਿੰਨ ਮੂਲ ਤੱਤ ਹਨ। ਈਸ਼ਵਰ ਮੁੱਖ ਤੱਤ ਹੈ ਅਤੇ ਚਿੱਤ, ਅਚਿੱਤ ਇਸ ਦੇ ਦੋ ਅੰਗ ਹਨ। ਇਸ ਲਈ ਇਹ ਮੱਤ ਵਿਸ਼ਿਸ਼ਟ ਅਦਵੈਤ ਕਹਾਉਂਦਾ ਹੈ।

### ਈਸ਼ਵਰ

ਬ੍ਰਹਮ ਦੇ ਜੀਵ, ਜਗਤ ਅਤੇ ਈਸ਼ਵਰ ਭਿੰਨ-ਭਿੰਨ ਅੰਗ ਹਨ ਅਤੇ ਬ੍ਰਹਮ ਉਨ੍ਹਾਂ ਦੀ ਏਕਤਾ ਹੈ। ਜਗਤ ਅਚੇਤਨ(ਅਚਿੱਤ) ਜੀਵ ਚੇਤਨ ਹੈ(ਚਿੱਤ) ਅਤੇ ਈਸ਼ਵਰ ਇਸ ਦਾ ਮਾਲਕ(ਪ੍ਰਭੂ) ਹੈ। ਜਦ੍ਹ ਜਗਤ ਦਾ ਕਾਰਨ ਈਸ਼ਵਰ ਹੈ ਜੋ ਜਗਤ ਅਤੇ ਜੀਵਾਂ ਵਿਚ ਆਤਮਾ ਵਾਂਗ ਹੈ ਅਤੇ ਉਹ ਅੰਤਰਜਾਮੀ ਹੈ। ਅਨੰਤ ਗਿਆਨ ਵਾਨ, ਆਨੰਦ ਦਾ ਇੱਕ ਮਾਤ੍ਰ ਸ੍ਰੂ ਸਰੂਪ, ਜਗਤ ਦੀ ਉਤਪਤੀ, ਸਥਿਤੀ ਅਤੇ ਸੰਹਾਰ ਕਰਨ ਵਾਲਾ, ਧਰਮ, ਅਰਥ, ਕਾਮ, ਮੋਕਸ਼ ਦੇਣ ਵਾਲਾ ਭਗਤਾਂ ਦੀ ਰੱਖਿਆ ਕਰਨ ਵਾਲਾ, ਦਿਆਲੂ ਈਸ਼ਵਰ ਹੈ।[86] ਰਾਮਾਨੁਜ ਅਨੁਸਾਰ ਪ੍ਰਭੂ ਸਰਵਗੁਣ ਤੇ ਅਨੰਤਗੁਣ ਸੰਪਨ ਹੋਣ ਕਰਕੇ ਸਗੁਣ ਸਰੂਪ ਹੈ।

### ਭਗਤੀ

ਰਾਮਾਨੁਜ ਅਨੁਸਾਰ ਈਸ਼ਵਰ ਦਾ ਸ਼ਰਧਾ ਪੂਰਬਕ ਧਿਆਨ ਹੀ ਮੋਕਸ਼ ਦਾ ਇਕ ਸਾਧਨ ਬਣਦਾ ਹੈ। ਜਦ ਜੀਵ ਇਹ ਸਮਝ ਲੈਂਦਾ ਹੈ ਕਿ ਸੱਭ-ਕੁੱਝ ਪਰਮਾਤਮਾ

ਤੇ ਨਿਰਭਰ ਹੈ। ਉਹ ਸੱਭ ਕੁੱਝ ਈਸ਼ਵਰ ਨੂੰ ਹੀ ਦਿੰਦਾ ਹੈ ਤਾਂ ਉਹ ਨਾ ਕੇਵਲ ਨਵੇਂ ਕਰਮ ਹੀ ਨਹੀਂ ਕਰਦਾ, ਸਗੋਂ ਕਰਮਾਂ ਦੇ ਬੀਜ ਨੂੰ ਵੀ ਨਸ਼ਟ ਕਰ ਦਿੰਦਾ ਹੈ। ਸ਼ੁਭ ਕਰਮ ਕਰਨ ਨਾਲ ਚਿੱਤ ਦੀ ਸ਼ੁੱਧੀ ਹੁੰਦੀ ਹੈ। ਚਿੱਤ-ਸ਼ੁੱਧੀ ਨਾਲ ਭਗਤੀ ਅਤੇ ਭਗਤੀ ਨਾਲ ਮੋਕਸ਼ ਪ੍ਰਾਪਤ ਹੁੰਦਾ ਹੈ। ਰਾਮਾਨੁਜ ਕਰਮ ਦੇ ਨਾਸ਼ ਲਈ ਤਿੰਨ ਗੱਲਾਂ ਜ਼ਰੂਰੀ ਸਮਝਦਾ ਹੈ, (1) ਕਰਤੱਵ (2) ਭਗਤੀ ,(3) ਗਿਆਨ। ਇਨ੍ਹਾਂ ਨਾਲ ਮਨੁੱਖ ਦੇ ਜੀਵਨ ਵਿਚ ਸ਼ਰਣਾਗਤੀ ਪ੍ਰਾਪਤ ਹੁੰਦੀ ਹੈ। ਕਰਤੱਵ ਕਰਨ ਨਾਲ ਭਗਤੀ ਪੈਦਾ ਹੁੰਦੀ ਹੈ ਅਤੇ ਭਗਤੀ ਨਾਲ ਅੰਤਰ ਗਿਆਨ ਪੈਦਾ ਹੁੰਦਾ ਹੈ। ਇਹ ਗਿਆਨ ਈਸ਼ਵਰ ਤੇ ਨਿਰਭਰਤਾ ਦੀ ਸਮਝ ਹੈ। ਇਸ ਸੱਚੇ ਗਿਆਨ ਨਾਲ ਜੀਵ ਅਹੰਕਾਰ ਤੋਂ ਮੁਕਤ ਹੋ ਜਾਂਦਾ ਹੈ, ਉਸ ਤੇ ਭਗਵਾਨ ਦੀ ਕਿਰਪਾ ਹੁੰਦੀ ਹੈ ਅਤੇ ਉਹ ਮੁਕਤ ਹੋ ਜਾਂਦਾ ਹੈ। ਇਸ ਤਰ੍ਹਾਂ ਰਾਮਾਨੁਜ ਦੇ ਦਰਸ਼ਨ ਅਨੁਸਾਰ ਮੋਖਸ਼ ਪ੍ਰਾਪਤੀ ਲਈ ਕਰਮ-ਮਾਰਗ, ਗਿਆਨ-ਮਾਰਗ ਅਤੇ ਭਗਤੀ-ਮਾਰਗ ਤਿੰਨ ਮੁੱਖ ਮਾਰਗ ਹਨ।

ਰਾਮਾਨੁਜ ਦੇ ਦਰਸ਼ਨ ਅਨੁਸਾਰ ਭਗਤੀ ਮਨੁੱਖ ਦੇ ਈਸ਼ਵਰ ਦੇ ਸੰਪੂਰਨ ਗਿਆਨ ਤੱਕ ਮੋਹ ਰੂਪ ਵਿਚ ਅਤੇ ਇਕਾਗਰ ਸਮਾਧੀ ਪੂਰਬਕ ਪਹੁੰਚਣ ਦਾ ਨਾਮ ਹੈ। ਡਾ. ਰਾਧਾ ਕ੍ਰਿਸ਼ਨਨ ਅਨੁਸਾਰ ਰਾਮਾਨੁਜ ਦੇ ਭਗਤੀ ਮਾਰਗ ਵਿਚ ਚਾਰ ਗਤੀਆਂ ਹਨ: -

(ੳ) ਆਤਮਾ ਦੀ ਇੱਛਾ- ਜਦ ਉਹ ਈਸ਼ਵਰ ਵਲ ਝੁਕਦੀ ਹੈ ਤਾਂ ਮਨੋਭਾਵ ਪ੍ਰਭੂ ਨੂੰ ਪੁਕਾਰਦੇ ਹਨ।

(ਅ) ਅਤ੍ਰਿਪਤ ਪ੍ਰੇਮ ਦਾ ਦੁੱਖ ਮਹਿਸੂਸ ਕਰਨਾ।

(ੲ) ਪ੍ਰਭੂ-ਪ੍ਰੇਮ ਤੋਂ ਪ੍ਰਾਪਤ ਖੁਸ਼ੀ ਦਾ ਅਨੁਭਵ ਕਰਨਾ।

(ਸ) ਦੈਵੀ ਪ੍ਰੇਮ ਦਾ ਨਿੱਤਪ੍ਰਤੀ ਸੁੱਖ।[87]

ਰਾਮਾਨੁਜ ਮੱਤ ਵਿਚ ਯਾਤਨਾ(ਮੰਦਰਾਂ ਦਾ ਨਿਰਮਾਣ) ਸ਼੍ਰਵਣ(ਪ੍ਰਭੂ ਸੰਬੰਧੀ ਵਿਚਾਰ ਸੁਣਨਾ), ਕੀਰਤਨ, ਅਰਚਨਾ, ਮਹਿਮਾ, ਵਰਨ, ਬੰਦਨਾ, ਸਿਮਰਨ, ਧਿਆਨ ਨੌਂ ਪ੍ਰਕਾਰ ਦੀ ਭਗਤੀ ਦਾ ਵਿਸ਼ੇਸ਼ ਮਹੱਤਵ ਹੈ।

ਇਹ ਕਹਿਣ ਚ ਕੋਈ ਝਿਜਕ ਨਹੀਂ ਕਿ ਰਾਮਾਨੁਜ ਨੇ ਸ਼ੰਕਰ ਦੇ ਅਦਵੈਤ ਮੱਤ ਵਿਚ ਸੁਧਾਰ ਕਰਕੇ ਵਿਸ਼ਿਸ਼ਟਦਵੈਤਵਾਦ ਦਾ ਸੁਧਰਿਆ ਹੋਇਆ ਰੂਪ ਜਨਤਾ ਅੱਗੇ ਪੇਸ਼ ਕੀਤਾ, ਜਿਸ ਦਾ ਬਾਦ ਦੇ ਆਚਾਰੀਆਂ ਨੇ ਕਾਫ਼ੀ ਹੱਦ ਤੱਕ ਅਨੁਕਰਣ ਕੀਤਾ। ਰਾਮਾਨੁਜ ਨੇ ਮਨੁੱਖ ਦੇ 'ਸਵੈ' ਨੂੰ ਇਕ ਅੰਤਿਮ ਸੱਤ ਮੰਨ ਕੇ ਮਾਨਵਵਾਦ ਨੂੰ ਸਿੱਧ ਕੀਤਾ ਹੈ। ਇਹ ਜੀਵ ਨੈਤਿਕ ਯਤਨ ਦੁਆਰਾ ਈਸ਼ਵਰ ਦੇ ਨੇੜੇ ਜਾਂਦਾ ਹੈ ਪਰ ਉਸ ਦੀ ਬਰਾਬਰੀ ਨਹੀਂ ਕਰ ਸਕਦਾ। ਉਹ ਅੰਤਿਮ ਭੇਦਭਾਵ ਭਗਤੀ-ਭਾਵਨਾ ਨੂੰ ਤੀਬਰ ਬਣਾਉਂਦਾ ਹੈ, ਜੋ ਸ਼ੰਕਰ ਦੇ ਅਦਵੈਤ ਵਿਚ ਸੰਭਵ ਨਹੀਂ ਹੈ।

## ਦਵੈਤਦਰਸ਼ਨ

ਇਸ ਮੱਤ ਦੇ ਮੋਢੀ ਮਾਧਵ ਦਾ ਜਨਮ 1199 ਈ. ਨੂੰ ਕੰਨੜ ਪ੍ਰਦੇਸ਼ ਵਿਚ ਹੋਇਆ। ਉਨ੍ਹਾਂ ਨੇ ਕਈ ਸਾਲ ਪ੍ਰਾਰਥਨਾ, ਉਪਾਸਨਾ, ਸਮਾਧੀ ਅਤੇ ਸ਼ਾਸਤਰਾਰਥ ਵਿਚ ਬਤੀਤ ਕੀਤੇ। ਉਨ੍ਹਾਂ ਨੇ ਸ਼ੰਕਰ ਮੱਤ ਦੇ ਅਨੁਯਾਈ ਆਪਣੇ ਗੁਰੂ ਅਚਯੁਤ ਪ੍ਰੇਖ ਨਾਲ ਵਾਦ-ਵਿਵਾਦ ਕਰਕੇ ਆਪਣੇ ਦਵੈਤ ਪਰਕ ਦਰਸ਼ਨ ਦਾ ਵਿਕਾਸ ਕੀਤਾ।[38]

ਇਸ ਦਰਸ਼ਨ ਅਨੁਸਾਰ ਪਰਮਾਤਮਾ ਅਨੰਤ ਗੁਣਾਂ ਨਾਲ ਪੂਰਣ ਹੈ। ਸ੍ਰਿਸ਼ਟੀ, ਸਥਿਤੀ, ਨਾਸ਼, ਨਿਯਮ, ਅਗਿਆਨ, ਬੋਧ, ਮੋਖਸ਼ ਆਦਿ ਕਾਰਜ ਪਰਮਾਤਮਾ ਲਗਾਤਾਰ ਕਰਦਾ ਰਹਿੰਦਾ ਹੈ। ਪਰਮਾਤਮਾ ਆਪਣੇ ਸਰੀਰ ਨਾਲ ਸ੍ਰਿਸ਼ਟੀ ਰਚਦਾ ਹੈ। ਇਹ ਸਰੀਰ ਨਿੱਤਯ, ਗਿਆਨਾਤਮਕ, ਆਨੰਦਾਤਮਕ ਅਤੇ ਅਪ੍ਰਾਕ੍ਰਿਤਕ ਹੈ। ਪਰਮਾਤਮਾ ਅਪਰੰਪਰ ਹੈ। ਪ੍ਰਭੂ ਸਵਤੰਤਰ ਪਰ ਜੀਵ ਪਰਤੰਤਰ ਹੈ। ਇਸ ਮੱਤ ਵਾਲੇ ਸਗੁਣ ਬ੍ਰਹਮ ਨੂੰ ਮੰਨਦੇ ਹਨ।

ਇਸ ਮੱਤ ਅਨੁਸਾਰ ਮਨੁੱਖ ਨੂੰ ਕਰਮਾਂ ਦਾ ਫਲ ਜ਼ਰੂਰ ਮਿਲਦਾ ਹੈ। ਮੋਕਸ਼ ਲਈ ਸ਼ੁੱਭ ਕਰਮ ਜ਼ਰੂਰੀ ਹਨ। ਉਮੇਸ਼ ਮਿਸ਼ਰ ਅਨੁਸਾਰ ਇਹ ਮੱਤ ਕਰਮ ਤਿੰਨ ਤਰ੍ਹਾਂ ਦੇ ਮੰਨਦਾ ਹੈ:-

(ੳ) ਵਿਹਿਤਕਰਮ – ਵਿਧੀ ਪੂਰਬਕ ਕ੍ਰਿਆਵਾਂ(ਯੱਗ ਆਦਿ)।
(ਅ) ਨਿਸ਼ਿਧ ਕਰਮ- ਮਨ, ਵਾਣੀ ਅਤੇ ਸਰੀਰ ਰਾਹੀਂ ਅਪਰਾਧ।
(ੲ) ਉਦਾਸੀਨ ਕਰਮ – ਵਿਧੀ ਅਤੇ ਨਿਸ਼ੇਧ ਤੋਂ ਭਿੰਨ ਕਰਮ ਉਦਾਸੀਨ ਹਨ।[39]

ਗਿਆਨ ਮਾਰਗ ਵਿਚ ਮਾਧਵ ਗਿਆਨ ਦੇ ਪ੍ਰਤੱਖ, ਅਨੁਮਾਨ ਅਤੇ ਸ਼ਬਦ ਪ੍ਰਮਾਣ। ਇਹ ਮੱਤ ਭਗਤੀ ਮਾਰਗ ਨੂੰ ਸ਼੍ਰੇਸ਼ਠ ਮੰਨਦਾ ਹੈ। ਸ਼ਾਸਤਰਾਂ ਦੇ ਅਭਿਆਸ ਨਾਲ ਅਤੇ ਧਿਆਨ ਜਮਾਉਣ ਨਾਲ ਦੋ ਤਰ੍ਹਾਂ ਦੀ ਭਗਤੀ ਮੰਨਦਾ ਹੈ। ਇਸ ਮੱਤ ਅਨੁਸਾਰ ਪ੍ਰਭੂ ਦੇ ਧਿਆਨ ਦੀ ਵਿਸ਼ੇਸ਼ ਮਹੱਤਤਾ ਹੈ। ਪਰ ਇਸ ਲਈ ਸੰਸਾਰਕ ਵਿਸ਼ਿਆਂ ਦਾ ਤਿਆਗ ਬਹੁਤ ਜ਼ਰੂਰੀ ਹੈ। ਪ੍ਰਭੂ ਮਹਿਮਾ ਨੂੰ ਵੀ ਵਡਿਆਇਆ ਗਿਆ ਹੈ। ਉੱਤਮ ਸ਼੍ਰੇਣੀ ਦੇ ਲੋਕ ਸੱਤ, ਚਿੱਤ, ਅਨੰਦ ਅਤੇ ਆਤਮ-ਸਰੂਪ ਗੁਣਾਂ ਨਾਲ ਸੰਪਨ ਭਗਵਾਨ ਦੀ ਉਪਾਸਨਾ ਕਰਦੇ ਹਨ। ਮੁਕਤੀ ਦੇ ਇਨ੍ਹਾਂ ਸਾਧਨਾ ਤੋਂ ਬਿਨਾਂ ਕੀਰਤਨ, ਸਿਮਰਨ, ਜਪ ਆਦਿ ਵੀ ਮੁਕਤੀ ਦੇ ਸਾਧਨ ਹਨ।

## ਦਵੈਤ-ਅਦਵੈਤ ਜਾਂ ਭੇਦ-ਅਭੇਦ ਦਰਸ਼ਨ

ਇਸ ਮੱਤ ਦੇ ਮੋਢੀ ਨਿੰਬਾਰਕ ਨੇ ਚਿੱਤ, ਅਚਿੱਤ ਅਤੇ ਈਸ਼ਵਰ ਤਿੰਨ ਤੱਤ ਮੰਨੇ ਹਨ। ਜੀਵ, ਜਗਤ ਈਸ਼ਵਰ ਦੀ ਮਰਜ਼ੀ ਅਨੁਸਾਰ ਚਲ ਰਿਹਾ ਹੈ। ਇਸੇ ਕਰਕੇ ਜੀਵ, ਜਗਤ ਅਤੇ ਈਸ਼ਵਰ ਵਿਚ ਅਭਿੰਨਤਾ ਜਾਂ ਅਦਵੈਤ ਹੈ। ਪਰ ਸਰੂਪ ਦੀ ਦ੍ਰਿਸ਼ਟੀ ਤੋਂ ਜੀਵ ਅਤੇ ਜਗਤ ਈਸ਼ਵਰ ਤੋਂ ਭਿੰਨ ਹੋਣ ਕਰਕੇ ਦੋਹਾਂ ਵਿਚ ਦਵੈਤ ਹੈ। ਇਨ੍ਹਾਂ ਦੋਹਾਂ ਮੱਤਾਂ ਵਿਚ ਸਮਨਵਯਕਰਣ ਦੇ ਕਾਰਣ ਹੀ ਨਿੰਬਾਰਕ ਦਵੈਤ-ਅਦਵੈਤ ਦੇ ਅਨੁਯਾਈ ਹਨ।

ਬ੍ਰਹਮ ਪਰਮ ਤੱਤ ਹੈ। ਇਹ ਸਜੀਵ, ਸ੍ਰਿਸ਼ਟੀ ਕਰਤਾ ਤੇ ਪਾਲਕ ਹੈ। ਨਿਰਗੁਣ, ਸਗੁਣ ਦੋਵੇਂ ਹੈ। ਈਸ਼ਵਰ ਸਰਬ ਵਿਆਪਕ ਤੇ ਸਵਤੰਤਰ ਹੈ। ਜੀਵ ਪਰਤੰਤਰ ਹੈ। ਬ੍ਰਹਮ ਸੱਤ, ਚਿੱਤ ਅਤੇ ਅਨੰਦ ਸਰੂਪ ਹੈ। ਨਿੰਬਾਰਕ ਈਸ਼ਵਰ ਨੂੰ ਕ੍ਰਿਸ਼ਨ ਦਾ ਰੂਪ ਮੰਨਦੇ ਹਨ। ਮੋਖਸ਼ ਪ੍ਰਾਪਤੀ ਲਈ ਕ੍ਰਿਸ਼ਨ ਦੇ ਚਰਣਾਰਬਿੰਦ ਦਾ ਆਸਰਾ ਜ਼ਰੂਰੀ ਹੈ। ਬ੍ਰਹਮ ਪ੍ਰਾਪਤੀ ਲਈ ਭਗਤੀ ਬਹੁਤ ਜ਼ਰੂਰੀ ਹੈ। ਪਰ ਇਹ ਭਗਤੀ ਸ਼ਾਂਤ, ਦਾਸ, ਸਖਾ ਅਤੇ ਵਾਤਸਲਯ ਭਾਵ ਨਾਲ ਕਰਨੀ ਜ਼ਰੂਰੀ ਹੈ। ਬ੍ਰਹਮ ਗਿਆਨ ਦੀ ਪ੍ਰਾਪਤੀ ਲਈ ਕਰਮ ਕਰਨੇ ਪੈਂਦੇ ਹਨ ਪਰ ਮੁਕਤੀ ਲਈ ਭਗਤੀ ਬਹੁਤ ਜ਼ਰੂਰੀ ਹੈ। ਜੋ ਦੋ ਤਰ੍ਹਾਂ ਦੀ ਦੱਸੀ ਗਈ ਹੈ। ਸਾਧਨ-ਰੂਪਾ ਭਗਤੀ ਅਤੇ ਪ੍ਰੇਮ-ਲਕਸ਼ਣਾ ਭਗਤੀ। ਕਿਹਾ ਜਾ ਸਕਦਾ ਹੈ ਕਿ ਨਿੰਬਾਰਕ ਦਾ ਮੱਤ ਸ਼ੰਕਰ ਅਤੇ ਰਾਮਾਨੁਜ ਨਾਲੋਂ ਵਧੇਰੇ ਯਥਾਰਥਕ ਹੈ।

## ਰਾਮਾਨੰਦ ਸੰਪ੍ਰਦਾਇ

ਸਵਾਮੀ ਰਾਮਾਨੰਦ ਰਾਮਾਨੁਜ ਦੀ ਸ਼ਿਸ਼ ਪਰੰਪਰਾ ਵਿਚੋਂ ਸਨ। ਭਗਤੀ ਦੇ ਵਿਕਾਸ ਵਿਚ ਸਵਾਮੀ ਰਾਮਾਨੰਦ ਦਾ ਵਿਸ਼ੇਸ਼ ਯੋਗਦਾਨ ਹੈ। ਰਾਮਾਨੰਦ ਨੇ ਰਾਮਾਨੁਜ ਦੇ ਵਿਸ਼ਿਸ਼ਟਾਦਵੈਤ ਨੂੰ ਜਿਉਂ ਦਾ ਤਿਉਂ ਸਵੀਕਾਰ ਕੀਤਾ ਹੈ। ਰਾਮਾਨੰਦ ਭਗਵਾਨ ਸ੍ਰੀ ਰਾਮ ਚੰਦਰ ਨੂੰ ਪਰਮ ਪੁਰਖ ਮੰਨਦੇ ਹਨ। ਆਲਵਰਾਂ ਨੇ ਵੀ ਇਸ ਦਾ ਪ੍ਰਚਾਰ ਕੀਤਾ ਪਰ ਜਨ ਸਾਧਾਰਣ ਤੱਕ ਪਹੁੰਚਾਉਣ ਦਾ ਕੰਮ ਸ੍ਰੀ ਰਾਮਾਨੰਦ ਨੇ ਹੀ ਕੀਤਾ। ਇਨ੍ਹਾਂ ਦਾ ਮੂਲ ਮੰਤਰ 'ਸ੍ਰੀ ਰਾਂ ਰਾਮਾਯ ਨਮੋ' ਹੈ। ਗੁਰੂ ਰਵਿਦਾਸ ਜੀ ਨੇ ਵੀ ਆਪਣੀ ਬਾਣੀ ਵਿਚ ਇਸ ਮੰਤਰ ਦਾ ਜ਼ਿਕਰ ਕੀਤਾ ਹੈ।

ਰਾਮਾਨੰਦ ਭਗਵਾਨ ਦੀ ਪ੍ਰਾਪਤੀ ਲਈ ਭਗਤੀ ਨੂੰ ਸਾਧਨ ਮੰਨਦੇ ਹਨ। ਇਸ ਲਈ ਉਹ ਭਗਵਾਨ ਸ੍ਰੀ ਰਾਮ ਚੰਦਰ ਜੋ ਸੰਸਾਰ ਦਾ ਕਰਤਾ, ਪਾਲਕ ਤੇ ਦਿਵਯ ਗੁਣਾਂ ਦਾ ਸਾਗਰ ਹੈ, ਦਾ ਧਿਆਨ ਧਰਨ ਦਾ ਉਪਦੇਸ਼ ਦਿੰਦੇ ਹਨ। ਇਸ ਭਗਤੀ ਦੇ ਸੱਤ ਉਪਾਅ

ਵਿਵੇਕ, ਵਿਮੋਕ, ਅਭਿਆਸ, ਕ੍ਰਿਆ, ਕਲਿਆਣ, ਅਨਵਸਾਦ ਅਤੇ ਅਨੁਦਵਰਸ ਹਨ।

(ੳ) ਵਿਵੇਕ– ਦੂਸ਼ਤ ਆਹਾਰ ਤੋਂ ਸਾਤਵਿਕ ਆਹਾਰ ਦਾ ਵਿਵੇਚਨ।

(ਅ) ਵਿਮੋਕ– ਕਾਮ ਵਿਚ ਅਨਾਸਕਤੀ।

(ੲ) ਅਭਿਆਸ– ਭਗਵਾਨ ਸ੍ਰੀ ਰਾਮ ਚੰਦਰ ਦਾ।

(ਸ) ਕ੍ਰਿਆ– ਨਿੱਤ ਦੇ ਕਰਮਾਂ ਦੀ ਪਾਲਣਾ (ਅਤਿਥੀ ਸੁਆਗਤ, ਧਾਰਮਕ ਗ੍ਰੰਥਾਂ ਦਾ ਅਧਿਅਨ ਆਦਿ)।

(ਹ) ਕਲਿਆਣ– ਸੱਚ, ਦਇਆ, ਦਾਨ, ਆਦਿ।

(ਕ) ਅਨਵਸਾਦ – ਅਧਿਆਤਮਕ ਮਾਰਗ ਤੇ ਆਪਣੇ ਉਦੇਸ਼ ਪ੍ਰਾਪਤੀ ਲਈ ਉਤਸ਼ਾਹ।

(ਖ) ਅਨੁਦਵਰਸ– ਸੰਸਾਰਕ ਇਛਾਵਾਂ ਦਾ ਤਿਆਗ।

ਰਾਮਾਨੰਦ ਸੰਪ੍ਰਦਾਇ ਵਿਚ ਜਾਤਪਾਤ, ਇਸਤ੍ਰੀ ਪੁਰਖ ਦਾ ਕੋਈ ਫਰਕ ਨਹੀਂ ਸੀ। ਸੈਨ-ਨਾਈ, ਪੀਪਾ, ਸੰਤ ਰਵਿਦਾਸ, ਕਬੀਰ, ਧੰਨਾ, ਪਦਮਾਵਤੀ, ਸੁਰਸੁਰੀ, ਸੁਖਾਨੰਦ, ਅਨੰਤਾਨੰਦ, ਭਾਵਾਨੰਦ, ਸੁਰਸੁਰਾਨੰਦ ਆਦਿ ਹਨ।

## ਸ਼ੁੱਧ ਅਦਵੈਤ ਦਰਸ਼ਨ

ਇਸ ਸੰਪਰਦਾ ਦੀ ਪਰੰਪਰਾ ਅਨੁਸਾਰ ਵਿਸ਼ਨੂੰ ਸੁਆਮੀ ਇਸ ਦੇ ਮੋਢੀ ਅਤੇ ਵੱਲਭਾਚਾਰਯ ਇਸ ਦਾ ਪ੍ਰਚਾਰ ਕਰਨ ਕਰਕੇ ਪਰਵਰਤਕ ਹਨ। ਵੱਲਭਾਚਾਰਯ ਦਾ ਦਾਰਸ਼ਨਿਕ ਸਿਧਾਂਤ ਸ਼ੰਕਰ ਅਤੇ ਰਾਮਾਨੁਜ ਦੋਹਾਂ ਤੋਂ ਭਿੰਨ ਹੈ। ਸ਼ੰਕਰ ਜਗਤ ਦੀ ਉਤਪਤੀ ਮਾਇਆ ਸ਼ਕਤੀ ਰਾਹੀਂ ਬ੍ਰਹਮ ਤੋਂ ਹੋਈ ਮੰਨਦੇ ਹਨ। ਪਰ ਵੱਲਭ ਅਨੁਸਾਰ ਬ੍ਰਹਮ ਮਾਇਆ ਵਰਗੇ ਕਿਸੇ ਤੱਤ ਦੇ ਸੰਬੰਧ ਤੋਂ ਬਿਨਾਂ ਵੀ ਜਗਤ ਦਾ ਨਿਰਮਾਣ ਕਰ ਸਕਦਾ ਹੈ। ਇਸ ਮੱਤ ਅਨੁਸਾਰ ਸ਼ੁੱਧ ਬ੍ਰਹਮ ਜਗਤ ਦਾ ਕਾਰਣ ਹੈ। ਈਸ਼ਵਰ ਸੱਚਿਦਾਨੰਦ ਸਰੂਪ ਹੈ। ਵਿਸ਼ਨੂੰ ਸੁਆਮੀ ਅਨੁਸਾਰ ਉਹ ਨਿਰਗੁਣ ਤੇ ਸਗੁਣ ਦੋਵੇਂ ਹੈ। ਜਗਤ ਪ੍ਰਭੂ ਦੇ ਅਧੀਨ ਹੈ। ਈਸ਼ਵਰ ਅਤੇ ਜੀਵ ਵਿਚਕਾਰ ਅੰਤਰ ਹੈ। ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਕੇਵਲ ਬ੍ਰਹਮ ਹੀ ਸੀ। ਪ੍ਰਭੂ ਦੇ ਹੁਕਮ ਨਾਲ ਸ੍ਰਿਸ਼ਟੀ ਹੋਂਦ ਵਿਚ ਆਈ।

ਇਸ ਮੱਤ ਅਨੁਸਾਰ ਸ਼੍ਰੀ ਕ੍ਰਿਸ਼ਨ ਹੀ ਸੱਚਿਦਾਨੰਦ ਹੈ। ਜੀਵ ਅਤੇ ਬ੍ਰਹਮ ਵਿੱਚ ਅੰਸ਼ ਤੇ ਅੰਸ਼ੀ ਦਾ ਸੰਬੰਧ ਹੈ। ਇਹ ਮੱਤ ਅਵਤਾਰਵਾਦ ਵਿੱਚ ਵਿਸ਼ਵਾਸ਼ ਰੱਖਦਾ ਹੈ। ਬ੍ਰਹਮ ਭਿੰਨ-ਭਿੰਨ ਰੂਪਾਂ ਵਿਚ ਪ੍ਰਗਟ ਹੁੰਦਾ ਹੈ। ਮਨੁੱਖ ਕੀਤੇ ਕਰਮਾਂ ਅਨੁਸਾਰ ਜੂਨਾਂ ਭੋਗਦਾ ਹੈ।

ਵੱਲਭਾਚਾਰਯ ਦਾ ਦਾਰਸ਼ਨਿਕ ਸਿਧਾਂਤ ਗੀਤਾ ਦੇ ਅਨੁਕੂਲ ਹੈ। ਇਨ੍ਹਾਂ ਦੀ ਸਾਧਨਾ ਪੱਧਤੀ ਸੇਵਾ ਮਾਰਗ ਜਾਂ ਪੁਸ਼ਟੀ ਮਾਰਗ ਕਹਿਲਾਉਂਦੀ ਹੈ। ਸੇਵਾ ਵਿਚ ਸ਼ੁੱਧ ਪ੍ਰੇਮ ਦੀ ਪ੍ਰਧਾਨਤਾ ਹੋਣ ਕਰਕੇ ਇਸ ਮੱਤ ਅਨੁਸਾਰ ਇਸਨੂੰ ਪ੍ਰੇਮ-ਲਕਸ਼ਣਾ ਭਗਤੀ ਵੀ ਕਹਿੰਦੇ ਹਨ। ਜਦੋਂ ਭਗਵਾਨ ਨਾਲ ਜੀਵਾਂ ਦਾ ਸੰਬੰਧ ਹੋ ਜਾਂਦਾ ਹੈ ਤਾਂ ਹੀ ਮੁਕਤੀ ਮਿਲਦੀ ਹੈ। ਸਰਵ-ਉੱਤਮ ਗਿਆਨ ਪ੍ਰਾਪਤੀ ਤੋਂ ਬਾਅਦ ਕਰਮ ਦੀ ਥਾਂ ਹੈ। ਉਸ ਦਾ ਗਿਆਨ ਹੋ ਜਾਣ ਤੇ ਵੀ ਕਰਮ ਵਿਦਮਾਨ ਰਹਿੰਦਾ ਹੈ। ਮੁਕਤ ਪੁਰਖ ਵੀ ਸਾਰੇ ਕਰਮ ਕਰਦੇ ਹਨ। ਉੱਚਤਮ ਉਦੇਸ਼ ਕ੍ਰਿਸ਼ਨ ਦੀ ਨਿਰੰਤਰ ਸੇਵਾ ਹੈ, ਮੁਕਤੀ ਨਹੀਂ।

ਵੱਲਭਾਚਾਰਯ ਅਨੁਸਾਰ ਪ੍ਰੇਮ-ਭਗਤੀ ਵਿਚ ਸਨੇਹ, ਆਸਕਤੀ(ਲਗਾਓ) ਅਤੇ ਵਿਅਸਨ (ਧੁਨ) ਤਿੰਨ ਅਵਸਥਾਵਾਂ ਹਨ। ਭਗਤੀ ਵਿਚ ਵਲਭਾਚਾਰਯ ਨੇ ਗਿਆਨ ਅਤੇ ਪ੍ਰੇਮ ਦੀ ਲੋੜ ਨੂੰ ਜ਼ਰੂਰੀ ਮੰਨਿਆ ਹੈ। ਉਸ ਅਨੁਸਾਰ ਭਗਤ ਉੱਤਮ, ਮੱਧਮ ਅਤੇ ਹੀਨ ਤਿੰਨ ਤਰ੍ਹਾਂ ਦੇ ਹੁੰਦੇ ਹਨ। ਇਸ ਮੱਤ ਅਨੁਸਾਰ ਲੋੜ ਪੈਣ ਤੇ ਸੰਨਿਆਸ ਵੀ ਲਿਆ ਜਾ ਸਕਦਾ ਹੈ ਪਰ ਇਸ ਅਵਸਥਾ ਵਿਚ ਬਾਹਰੀ ਭੇਸ ਧਾਰਨ ਕਰਨ ਦੀ ਲੋੜ ਨਹੀਂ।[90]

## ਚੈਤੰਨਯ ਮੱਤ

ਇਹ ਵੈਸ਼ਨੋ ਮੱਤ ਦੀ ਹੀ ਇਕ ਸ਼ਾਖਾ ਹੈ। ਇਸ ਦੇ ਬਾਨੀ ਚੈਤੰਨਯ ਮਹਾਂ ਪ੍ਰਭੂ ( 1485–1533) ਮੰਨੇ ਜਾਂਦੇ ਹਨ। ਇਸ ਮੱਤ ਵਾਲੇ ਸਿਰਫ ਰਾਧਾ-ਕ੍ਰਿਸ਼ਨ ਦੀ ਪੂਜਾ ਕਰਦੇ ਹਨ। ਇਸ ਨੂੰ ਵਿਕਸਿਤ ਕਰਨ ਵਾਲਾ 'ਚੰਡੀਦਾਸ' ਹੈ। ਇਹ ਮੱਤ ਕ੍ਰਿਸ਼ਨ ਨੂੰ ਹੀ ਆਖਰੀ ਸੱਚ ਮੰਨਦਾ ਹੈ। ਕ੍ਰਿਸ਼ਨ ਦੇ ਤਿੰਨ ਰੂਪ ਹਨ (1) ਚਿੱਤ,(2) ਮਾਇਆ, (3) ਜੀਵ। ਚਿੱਤ ਸ਼ੁੱਧ ਸਰੂਪ ਹੈ ਅਤੇ ਮਾਇਆ ਤੋਂ ਸੰਸਾਰ ਦੀ ਰਚਨਾ ਹੁੰਦੀ ਹੈ। ਅਤੇ ਜੀਵਾਂ ਤੋਂ ਜੀਵਾਂ ਦੀ ਸ੍ਰਿਸ਼ਟੀ ਹੁੰਦੀ ਹੈ। ਚੈਤੰਨਯ ਮੱਤ ਦੀ ਵਚਿੱਤਰਤਾ ਉਸਦੇ ਪ੍ਰੇਮ ਭਗਤੀ ਦੇ ਸਿਧਾਂਤ ਵਿਚ ਹੈ। ਕ੍ਰਿਸ਼ਨ ਪ੍ਰੇਮ ਸਰੂਪ ਹੈ। ਉਹ ਸਾਰਿਆਂ ਜੀਵਾਂ ਨੂੰ ਪਿਆਰ ਕਰਦੇ ਹਨ। ਰਾਧਾ ਉਸ ਪ੍ਰੇਮ ਦਾ ਪ੍ਰਤੀਕ ਹੈ। ਵਿਅਕਤੀ ਪ੍ਰੇਮ-ਭਗਤੀ ਦੁਆਰਾ ਹੀ ਕ੍ਰਿਸ਼ਨ

ਤੱਕ ਪਹੁੰਚ ਸਕਦਾ ਹੈ।[91]

ਇਸ ਮੱਤ ਅਨੁਸਾਰ ਭਗਵਾਨ ਕ੍ਰਿਸ਼ਨ ਹੀ ਪਰਮ ਤੱਤ ਹੈ। ਸ਼ਕਤੀ(ਜੀਵ) ਅਤੇ ਸ਼ਕਤੀਮਾਨ(ਪ੍ਰਭੂ) ਦਾ ਪਰਸਪਰ ਸੰਬੰਧ ਨਿਤਾਂਤ ਵਿਲੱਖਣ ਹੈ। ਸ਼ਕਤੀਆਂ ਸ਼ਕਤੀਮਾਨ ਤੋਂ ਨਾ ਤਾਂ ਭਿੰਨ ਪ੍ਰਮਾਣਿਤ ਕੀਤੀਆਂ ਜਾ ਸਕਦੀਆਂ ਹਨ ਤੇ ਨਾ ਹੀ ਅਭਿੰਨ। ਇਸ ਲਈ ਇਸ ਮੱਤ ਨੂੰ ਅਚਿੰਤ ਭੇਦਾ-ਭੇਦ ਕਿਹਾ ਜਾਂਦਾ ਹੈ। ਇਸ ਮੱਤ ਵਿਚ ਪ੍ਰੇਮ ਨੂੰ ਮਹਾਨ ਪੁਰਸ਼ਾਰਥ ਮੰਨਿਆ ਗਿਆ ਹੈ। ਇਹ ਪ੍ਰੇਮ-ਭਗਤੀ ਧਰਮ, ਅਰਥ, ਕਾਮ, ਮੋਖਸ਼ ਤੋਂ ਛੁੱਟ ਪੰਜਵਾਂ ਪੁਰਸ਼ਾਰਥ ਹੈ।

ਇਸ ਮੱਤ ਵਿਚ ਭਗਤੀ ਦਾ ਦੁਆਰ ਸੱਭ ਲਈ ਖੁਲ੍ਹਾ ਹੈ। ਦਾਸਾ ਭਗਤੀ ਨੂੰ ਵਿਸ਼ੇਸ਼ ਥਾਂ ਪ੍ਰਾਪਤ ਹੈ। ਚੈਤੰਨਯ ਮਹਾਂ ਪ੍ਰਭੂ ਅਨੁਸਾਰ, ਮੈਂ ਬ੍ਰਾਹਮਣ ਨਹੀਂ ਹਾਂ, ਖੱਤਰੀ ਨਹੀਂ ਹਾਂ, ਵੈਸ਼ ਜਾਂ ਸ਼ੂਦਰ ਵੀ ਨਹੀਂ, ਪਰ ਮੈਂ ਜਵੈ ਪ੍ਰਕਾਸ਼ਿਤ ਪੂਰਨ ਅੰਮ੍ਰਿਤ-ਸਾਗਰ ਸਰੂਪ ਗੋਪੀ ਵੱਲਭ ਸ਼੍ਰੀ ਕ੍ਰਿਸ਼ਨ ਚਰਣਾਰਬਿੰਦ ਦੇ ਦਾਸ ਦਾ ਵੀ ਦਾਸ ਹਾਂ।"[92]

ਇਸ ਮੱਤ ਵਿਚ ਭਗਤੀ ਦੋ ਪ੍ਰਕਾਰ ਦੀ ਮੰਨੀ ਗਈ ਹੈ। ਵੈਧੀ(ਸ਼ਾਸਤਰਾਂ ਅਨੁਸਾਰ) ਅਤੇ ਰਾਗਾਤਮਕ(ਪ੍ਰੇਮ ਰੂਪਾ) ਪ੍ਰੇਮ-ਭਗਤੀ ਹੀ ਅਸਲੀ ਮੁਕਤੀ ਹੈ। ਇਸ ਨਾਲ ਜੀਵ ਪੁਨਰ ਜਨਮ ਦੇ ਬੰਧਨ ਤੋਂ ਮੁਕਤ ਹੋ ਜਾਂਦਾ ਹੈ ਅਤੇ ਆਤਮਾ ਈਸ਼ਵਰ ਦੇ ਬਰਾਬਰ ਸਥਾਨ ਪ੍ਰਾਪਤ ਕਰ ਲੈਂਦੀ ਹੈ। ਪ੍ਰੇਮ-ਭਗਤੀ ਦੀ ਉੱਤਮਤਾ ਸੰਬੰਧੀ ਸ਼੍ਰੀ ਗੋਸਵਾਮੀ ਲਿਖਦੇ ਹਨ ਕਿ ਚਾਹੇ ਬ੍ਰਹਮ ਦੇ ਅੰਤਰ-ਗਿਆਨ ਦੇ ਵਿਗ੍ਰਹੇ ਵਿਚ ਜੀਵਨ-ਮੁਕਤੀ ਸੰਭਵ ਹੈ, ਪ੍ਰੰਤੂ ਭਗਵਾਨ ਦੇ ਪ੍ਰੇਮ ਲਈ ਇਹ ਉਪਯੋਗੀ ਨਹੀਂ।[93] ਮੁਕਤੀ ਸਾਰਸ਼ਟੀ, ਸਾਰੂਪਯ, ਸਾਲੋਕਯ, ਸਾਮੀਪਯ ਅਤੇ ਸਾਯੁਜਯ ਪੰਜ ਪ੍ਰਕਾਰ ਦੀ ਮੰਨੀ ਗਈ ਹੈ। ਦਇਆ, ਨਿਮਰਤਾ, ਸਾਂਤੀ ਭਾਵ, ਸੰਸਾਰਕ ਇਛਾਵਾਂ ਪ੍ਰਤੀ ਅਰੁਚੀ ਅਤੇ ਹਿਰਦੇ ਦੀ ਸ਼ੁੱਧਤਾ ਆਦਿ ਤੇ ਜ਼ੋਰ ਦਿੱਤਾ ਗਿਆ ਹੈ।

ਸ਼ੈਵਮੱਤ

ਸ਼ੈਵ ਮੱਤ ਦਾ ਵਿਕਾਸ ਵੇਦਾਂਤ ਕਾਲ ਪਿਛੋਂ ਹੋਇਆ। ਇਸ ਦੇ ਦਾਰਸ਼ਨਿਕ ਆਧਾਰ (1) ਵੇਦ, (2) ਆਗਮ ਹਨ। ਇਹ ਪੰਜ ਪਦਾਰਥਾਂ ਨੂੰ ਮੰਨਦਾ ਹੈ। ਕਾਰਜ(ਜਗਤ) ਕਾਰਣ (ਸ਼ਿਵ) ਯੋਗ(ਸਮਾਧੀ) ਵਿਧੀ(ਪੂਜਾ) ਮੁਕਤੀ(ਦੁੱਖ ਦਾ ਅੰਤ) ।ਸ਼ੈਵ ਮੱਤ ਦੇ ਅਨੁਸਾਰ ਜੀਵ ਅਨੇਕ ਤੇ ਅਨਾਦਿ ਹਨ ਅਤੇ ਸ਼ਿਵ ਉਨ੍ਹਾਂ ਦਾ ਪਤੀ ਹੈ। ਜੀਵ ਦੇ ਬੰਧਨ ਦੇ ਕਾਰਣ ਅਵਿਧੀ,

ਕਰਮ ਤੇ ਮਾਨਿਆ ਹਨ ਅਤੇ ਮੁਕਤੀ ਦੀ ਸਾਧਨਾ ਦਸ ਪੌੜੀਆਂ 'ਚ ਲੰਘਦੀ ਹੈ। ਮੁਕਤੀ ਪਦ ਦਾ ਅਰਥ ਸ਼ਿਵ ਦੇ ਕੋਲ ਰਹਿਣਾ ਹੈ। ਸ਼ਿਵ ਦੀਆਂ ਪੰਜ ਸ਼ਕਤੀਆਂ ਹਨ। ਆਖੀਰ ਵਿਚ ਅਨੰਦ ਪਦ ਹੈ।[94] ਡਾ. ਸੁਰਿੰਦਰ ਸਿੰਘ ਕੋਹਲੀ ਲਿਖਦੇ ਹਨ ਕਿ ਹਰਸ਼ ਦੇ ਸਮੇਂ ਦਾ ਭਾਰਤ ਬਹੁਤਾ ਬੋਧੀ ਜਾਂ ਸ਼ੈਵ ਸੀ। ਗਾਰਵੀਂ ਸਦੀ ਵਿਚ ਜਦੋਂ ਅਲਬਰੂਨੀ ਭਾਰਤ ਵਿਚ ਆਇਆ ਤਾਂ ਬੁੱਧ ਮੱਤ ਤੇ ਸ਼ਾਕਤ ਮੱਤ ਦੇ ਮੇਲ ਤੋਂ ਉਪਜਿਆ ਤੰਤਰ ਮੱਤ ਬੰਗਾਲ ਵਿਚ ਸੀਮਿਤ ਸੀ। ਗੁਜਰਾਤ ਅਤੇ ਰਾਜਪੂਤਾਨੇ ਵਿੱਚ ਜੈਨ ਧਰਮ ਦਾ ਜ਼ੋਰ ਸੀ ਪਰ ਭਾਰਤ ਦਾ ਵੱਡਾ ਮੱਤ ਹਿੰਦੂ ਮੱਤ ਹੀ ਸੀ। ਬ੍ਰਾਹਮਣ ਹਿੰਦੂ ਸਮਾਜ ਉੱਤੇ ਛਾਇਆ ਹੋਇਆ ਸੀ। ਭਾਵੇਂ ਅਲਬਰੂਨੀ ਨੇ ਵਿਸ਼ਨੂੰ ਦੀ ਪੂਜਾ ਦਾ ਵਧੇਰੇ ਜ਼ਿਕਰ ਕੀਤਾ ਹੈ ਪਰ ਆਮ ਲੋਕ ਉਸ ਸਮੇਂ ਸ਼ਿਵ ਦੇ ਉਪਾਸ਼ਕ ਸਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਪਤ ਰਾਜਿਆਂ ਨੇ ਵਿਸ਼ਨੂੰ ਦੀ ਪੂਜਾ ਉੱਤੇ ਜ਼ੋਰ ਦਿੱਤਾ ਸੀ ਪਰ ਇਹ ਉਨ੍ਹਾਂ ਦੇ ਰਾਜ ਦੇ ਖ਼ਾਤਮੇ ਦੇ ਨਾਲ ਹੀ ਮੱਠਾ ਪੈ ਗਿਆ ਸੀ। ਪਰ ਰਾਜਪੂਤ ਰਾਜਿਆਂ ਦੇ ਸਮੇਂ ਫਿਰ ਵਿਸ਼ਨੂੰ ਪੂਜਾ ਪ੍ਰਧਾਨ ਹੋ ਗਈ।[95]

## ਭਗਤੀ ਅੰਦੋਲਨ

ਮੱਧ ਯੁੱਗ ਵਿਚ ਭਗਤੀ ਲਹਿਰ ਦੇ ਵਿਕਾਸ ਲਈ ਸਮਾਜਿਕ, ਧਾਰਮਿਕ, ਰਾਜਨੀਤਿਕ ਅਤੇ ਸਾਹਿਤਕ ਕਾਰਣ ਬਹੁਤ ਸਹਾਈ ਸਿੱਧ ਹੋਏ ਹਨ:–

### 1. ਸਮਾਜਿਕ ਕਾਰਣ

ਕਿਸੇ ਵੀ ਸਮੇਂ ਦੀਆਂ ਧਾਰਮਿਕ ਅਤੇ ਰਾਜਨੀਤਿਕ ਪ੍ਰਸਥਿਤੀਆਂ ਦਾ ਪ੍ਰਭਾਵ ਸਮਾਜ ਤੇ ਜ਼ਰੂਰ ਪੈਂਦਾ ਹੈ। ਮੱਧਕਾਲੀਨ ਭਗਤੀ ਅੰਦੋਲਨ ਦੇ ਸਮੇਂ ਭਾਰਤ ਰਾਜਨੀਤਿਕ ਅਤੇ ਧਾਰਮਿਕ ਸੰਕਟ ਦਾ ਸ਼ਿਕਾਰ ਸੀ। ਮੁਸਲਮਾਨਾਂ ਦਾ ਰਾਜ ਹੋਣ ਕਰਕੇ ਹਿੰਦੂ ਨਿਰਾਸ਼ ਤੇ ਬੇਚੈਨ ਹੋ ਕੇ ਮਨੋਬਲ ਗਵਾ ਬੈਠੇ ਸਨ। ਦਾਸਤਾ ਦੀ ਪ੍ਰਥਾ, ਬਲਾਤਕਾਰ ਅਤੇ ਵਿਭਚਾਰ ਆਮ ਜਿਹੀ ਗੱਲ ਸੀ। ਵੇਸਵਾ ਬਿਰਤੀ ਆਮ ਸੀ। ਹਿੰਦੂਆਂ ਨੂੰ ਜਜ਼ੀਆ ਦੇਣਾ ਪੈਂਦਾ ਸੀ ਅਤੇ ਉਨ੍ਹਾਂ ਨੂੰ ਧਰਮ ਦੀ ਖੁੱਲ੍ਹ ਨਹੀਂ ਸੀ। ਸਗੋਂ ਜ਼ਬਰੀ ਉਨ੍ਹਾਂ ਨੂੰ ਮੁਸਲਮਾਨ ਬਣਾਇਆ ਜਾਂਦਾ ਸੀ। ਹਿੰਦੂਆਂ ਨਾਲ ਨਫ਼ਰਤ ਕੀਤੀ ਜਾਂਦੀ ਸੀ। ਹਿੰਦੂਆਂ ਵਿਚ ਵੀ ਧਰਮ-ਵਰਗ ਭੇਦ ਪ੍ਰਚਲਿਤ ਸੀ। ਜਿਉਂ ਜਿਉਂ ਸਮਾਂ ਬੀਤਦਾ ਗਿਆ, ਜਾਤਪਾਤ ਦੇ ਬੰਧਨ ਹੋਰ ਵੀ ਸਖ਼ਤ ਹੋ ਗਏ। ਸੂਦਰਾਂ ਦੀ ਹਾਲਤ ਤਾਂ ਬਹੁਤ ਹੀ ਤਰਸਯੋਗ ਸੀ। ਧਾਰਮਿਕ ਦ੍ਰਿਸ਼ਟੀ ਤੋਂ ਉਨ੍ਹਾਂ ਤੇ ਬਹੁਤ

ਬੰਧਨ ਸਨ। ਹਿੰਦੂਆਂ ਅਤੇ ਮੁਸਲਮਾਨਾਂ ਦੀਆਂ ਬਸਤੀਆਂ ਤੋਂ ਦੂਰ ਲਹਿੰਦੇ ਵਲ ਉਨ੍ਹਾਂ ਨੂੰ ਰਹਿਣਾ ਪੈਂਦਾ ਸੀ। ਗੁਰੂ ਰਵਿਦਾਸ ਜੀ ਹਿੰਦੂਆਂ ਦੇ ਵਰਤਾਰੇ ਅਤੇ ਅਛੂਤਾਂ ਦੀ ਤਰਸਯੋਗ ਹਾਲਤ ਤੋਂ ਚੰਗੀ ਤਰ੍ਹਾਂ ਜਾਣੂ ਸਨ ਉਹ ਆਪਣੀ ਬਾਣੀ ਵਿਚ ਇਸ ਦਾ ਜ਼ਿਕਰ ਵੀ ਕਰਦੇ ਹਨ:-

(ੳ) ਜਾਂਤਿ ਭੀ ਓਛੀ, ਜਨਮ ਵੀ ਓਛਾ, ਓਛਾ ਕਸਬ ਹਮਾਰਾ,
ਹਮ ਸਰਨਾਗਤਿ ਰਾਮ ਰਾਇ ਕੀ, ਕਹਿ ਰਵਿਦਾਸ ਚਮਾਰਾ।।[96]

(ਅ) ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ
ਮੇਰਾ ਕਰਮ ਕੁਟਿਲਤਾ ਜਨਮੁ ਕੁਭਾਂਤੀ।।[97]

ਗੁਰੂ ਜੀ ਨੂੰ ਸਭ ਪਾਸੇ ਨਿਰਾਸ਼ ਤੇ ਦੁਖੀ ਲੋਕ ਹੀ ਨਜ਼ਰ ਆਉਂਦੇ ਹਨ। ਉਨ੍ਹਾਂ ਨੇ ਹਰ ਦੁਖਿਆਰੇ ਨੂੰ ਨਾਮ ਜਪਣ ਦਾ ਉਪਦੇਸ਼ ਦਿੱਤਾ:-

1) ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ।[98]
2) ਦੁਖਿਆਰੀ ਦੁਖਿਆਰਾ ਜਗਮਹਿ।
ਮਨ ਜਪ ਲੈ ਰਾਮ ਪਿਆਰਾ ਰੇ।।[99]

ਇਸ ਤਰ੍ਹਾਂ ਸਮੁੱਚਾ ਸਮਾਜ ਉਸ ਵੇਲੇ ਸਮਾਜਕ ਬੁਰਾਈਆਂ ਨਾਲ ਨਪੀੜਿਆ ਜਾ ਰਿਹਾ ਸੀ। ਇਸ ਨਿੱਘਰਦੇ ਸਮਾਜ ਨੂੰ ਘੋਰ ਦਲਦਲ ਵਿਚੋਂ ਕੱਢਣ ਅਤੇ ਠੁੰਮ੍ਹਣਾ ਦੇਣ ਲਈ ਕਿਸੇ ਸਹਾਰੇ ਤੇ ਅਗਵਾਈ ਦੀ ਲੋੜ ਸੀ। ਉਹ ਅਗਵਾਈ ਭਗਤੀ ਅੰਦੋਲਨ ਨੇ ਕੀਤੀ।

## 2. ਧਾਰਮਿਕ ਕਾਰਣ

ਨਵੇਂ ਵਿਚਾਰ ਨਵੀਂ ਸੰਪ੍ਰਦਾਇ ਨੂੰ ਜਨਮ ਦਿੰਦੇ ਹਨ। ਹਰ ਸੰਪ੍ਰਦਾਇ ਵਿਚ ਵਿਚਾਰਾਂ ਦਾ ਅੰਤਰ ਜ਼ਰੂਰ ਹੁੰਦਾ ਹੈ। ਵਿਚਾਰਾਂ ਦਾ ਅੰਤਰ ਹੀ ਅੰਦੋਲਨਾਂ ਦਾ ਕਾਰਨ ਬਣਦਾ ਹੈ। ਜਿਉਂ ਜਿਉਂ ਸਮਾਂ ਬੀਤਦਾ ਗਿਆ। ਸਮਾਜ ਨੂੰ ਪ੍ਰਭਾਵਤ ਕਰਨ ਵਾਲੇ ਦਾਰਸ਼ਨਿਕ ਸਿਧਾਂਤ ਕੁਰੀਤੀਆਂ ਦਾ ਸ਼ਿਕਾਰ ਹੋ ਗਏ। ਬ੍ਰਹਮ ਮੰਦਰਾਂ ਤੱਕ ਸੀਮਤ ਹੋ ਗਿਆ। ਹਿੰਦੂ ਤੇ ਬੋਧੀ ਮੂਰਤੀ ਪੂਜਾ ਕਰਨ ਲੱਗੇ, ਮੰਦਰਾਂ ਤੇ ਮੂਰਤੀਆਂ ਦੀ ਗਿਣਤੀ ਵਧ ਗਈ। ਬ੍ਰਾਹਮਣਾਂ ਦਾ ਮਹੱਤਵ ਵਧ ਗਿਆ। ਸ਼ੂਦਰਾਂ ਦੀ ਸਥਿਤੀ ਦਿਨ ਬਦਿਨ ਨਿੱਘਰਦੀ ਗਈ। ਰਸਮਾਂ ਰਿਵਾਜਾਂ, ਮੂਰਤੀ ਪੂਜਾ, ਯੱਗਾਂ, ਊਚ-ਨੀਚ ਅਤੇ ਜਾਤਪਾਤ ਦੇ ਵਿਤਕਰੇ ਕਰਮਕਾਂਡੀ ਪੂਜਾ, ਵਹਿਮਾਂ

ਭਰਮਾਂ, ਸ਼ੰਕਿਆਂ, ਅੰਧਵਿਸ਼ਵਾਸਾਂ ਅਤੇ ਬਾਹਰੀ ਆਚਾਰ-ਵਿਹਾਰਾਂ ਨੇ ਹਿੰਦੂ ਧਰਮ ਨੂੰ ਵਿਕਰਤ ਕਰ ਦਿੱਤਾ। ਗੁਰੂ ਰਵਿਦਾਸ ਵੀ ਆਪਣੀ ਬਾਣੀ ਵਿਚ ਇਸ ਦਾ ਜ਼ਿਕਰ ਕਰਦੇ ਲਿਖਦੇ ਹਨ:-

ਥੋਥੇ ਜਿਨਿ ਪਛੋਰੇ ਰੇ ਕੋਈ, ਪਛੋਰੋ ਜਾ ਮੈਂ ਨਿਜ ਕਨ ਹੋਈ।
ਥੋਥੀ ਕਾਇਆ, ਥੋਥੀ ਮਾਇਆ, ਥੋਥਾ ਹਰਿ ਬਿਨੁ ਜਨਮ ਗਵਾਇਆ।
ਥੋਥਾ ਪੰਡਿਤ ਥੋਥੀ ਬਾਨੀ, ਥੋਥੀ ਹਰਿ ਬਿਨ ਸਬੈ ਕਹਾਨੀ।।
ਥੋਥਾ ਮੰਦਿਰ ਭੋਗ ਬਿਲਾਸਾ, ਥੋਥੀ ਆਨਦੇਵ ਕੀ ਆਸਾ।।[100]

ਹਿੰਦੂ ਧਰਮ ਦੇ ਵਿਰੋਧ ਵਿਚ ਬੁੱਧ ਅਤੇ ਇਸਲਾਮ ਖੜ੍ਹੇ ਸਨ। ਹਿੰਦੂ ਧਰਮ ਗੁੰਝਲਦਾਰ ਹੋਣ ਕਰਕੇ ਲੋਕ ਬੁੱਧ ਧਰਮ ਦੇ ਸਰਲ ਉਪਦੇਸ਼ਾਂ ਕਾਰਨ ਬੁੱਧ ਧਰਮ ਵਲ ਖਿੱਚੇ ਗਏ। ਅ ਅਤੇ ਇਸਲਾਮ ਨੇ ਵੀ ਸੰਤਾਂ ਦੀ ਬਾਣੀ ਤੇ ਪ੍ਰਭਾਵ ਪਾਇਆ। ਵੇਖਿਆ ਜਾਵੇ ਤਾਂ ਸਮੁੱਚੇ ਸੰਤ ਸਾਹਿਤ ਤੇ ਹੀ ਭਾਰਤੀ ਦਰਸ਼ਨ ਦਾ ਪ੍ਰਭਾਵ ਵੇਖਿਆ ਜਾ ਸਕਦਾ ਹੈ। ਅੱਠਵੀਂ ਸਦੀ ਵਿਚ ਪਰਮਾਰਥਕ ਉਦੇਸ਼ ਦੀ ਪੂਰਤੀ ਹਿੱਤ ਪ੍ਰਚਲਿਤ ਕਰਮ-ਮਾਰਗ, ਯੋਗ ਮਾਰਗ ਅਤੇ ਗਿਆਨ ਮਾਰਗ ਕਰਮਕਾਂਡੀ, ਖੁਸ਼ਕ ਅਤੇ ਔਖੇ ਮਾਰਗ ਹੋਣ ਕਰਕੇ ਲੋਕਾਂ ਤੋਂ ਦੂਰ ਹੋ ਗਏ। ਲੋਕਾਂ ਲਈ ਸੁਖੈਨ ਮਾਰਗ ਤੇ ਪ੍ਰੇਮ ਦੀ ਲੋੜ ਸੀ। ਇਨ੍ਹਾਂ ਵਿਚਾਰਧਾਰਾਵਾਂ ਨੂੰ ਤੋੜਨ ਦੀ ਲੋੜ ਸੀ। ਇਸ ਸਮੇਂ ਨਿਰਾਸ਼ ਹੋ ਚੁੱਕੀ ਲੁਕਾਈ ਲਈ ਭਗਤੀ ਅੰਦੋਲਨ ਨੇ ਮਾਰਗ ਦਰਸ਼ਨ ਕੀਤਾ ਅਤੇ ਪ੍ਰੇਮ ਭਗਤੀ ਅੰਦੋਲਨ ਨੇ ਜਨਮ ਲਿਆ। ਆਚਾਰਯ ਪਰਸ਼ੂ ਰਾਮ ਚਤੁਰਵੇਦੀ ਅਨੁਸਾਰ ਇਸ ਸਮੇਂ ਪਹਿਲਾਂ ਪ੍ਰਚੱਲਿਤ ਵਿਚਾਰਧਾਰਾਵਾਂ ਦੀ ਆਲੋਚਨਾ ਕੀਤੀ ਗਈ ਅਤੇ ਇਨ੍ਹਾਂ ਵਿਚ ਸੁਧਾਰ ਨੀਤੀ ਅਪਣਾਈ ਗਈ। ਸਭ ਦਾ ਉਦੇਸ਼ ਤਤਕਾਲੀਨ ਸਥਿਤੀ ਵਿਚ ਪਰਿਵਰਤਨ ਲਿਆਉਣਾ ਸੀ।[101]

ਭਗਤੀ ਲਹਿਰ ਨੇ ਨਿਰਾਸ਼ ਹੋ ਚੁੱਕੀ ਜਨਤਾ ਨੂੰ ਈਸ਼ਵਰ ਦੀ ਪ੍ਰੇਮ ਭਗਤੀ ਵਲ ਪ੍ਰੇਰਿਤ ਕੀਤਾ। ਰਾਮਾਨੰਦ ਦੇ ਪ੍ਰਭਾਵ ਨਾਲ ਸਾਰਾ ਉੱਤਰੀ ਭਾਰਤ ਭਗਤੀ ਅੰਦੋਲਨ ਵਲ ਖਿੱਚਿਆ ਗਿਆ। ਬੈਨੀ ਪ੍ਰਸਾਦ ਸ਼ਰਮਾ ਵੀ ਸਵਾਮੀ ਰਾਮਾਨੰਦ ਨੂੰ ਹੀ ਭਗਤੀ ਅੰਦੋਲਨ ਦਾ ਸੰਚਾਲਕ(.ਨੇਤਾ) ਮੰਨਦੇ ਹਨ। ਉਹ ਲਿਖਦੇ ਹਨ ਕਿ ਮੱਧਕਾਲੀਨ ਅਸ਼ਾਂਤ ਅਤੇ ਵਿਸ਼ਮ ਪਰਿਸਥਿਤੀਆਂ ਵਿਚ ਸਵਾਮੀ ਰਾਮਾਨੰਦ ਦੀ ਸੰਤੁਲਿਤ ਸਮਨਵੈ ਵਾਲੀ ਨਿਸ਼ਕਾਮ ਸਾਧਨਾ [illegible] ਦੇ ਯੁੱਗ ਦਾ ਧਰਮ ਬਣ ਗਈ।[102]

ਡਾ. ਧਰਮ ਪਾਲ ਸਿੰਗਲ ਵੀ ਇਸੇ ਵਿਚਾਰ ਨਾਲ ਸਹਿਮਤੀ ਪ੍ਰਗਟਾਉਂਦੇ ਲਿਖਦੇ ਹਨ, 'ਕੁਝ ਵੀ ਹੋਵੇ, ਇੱਕ ਗੱਲ ਸਪਸ਼ਟ ਹੈ ਕਿ ਭਗਤੀ ਦਾ ਉਦੈ ਦੱਖਣ ਭਾਰਤ ਵਿਚ ਹੋਇਆ ਤੇ ਸਵਾਮੀ ਰਾਮਾਨੰਦ ਦੀ ਕਿਰਪਾ ਨਾਲ ਇਹ ਉੱਤਰ-ਭਾਰਤ ਵਿਚ ਰਾਮ-ਭਗਤੀ ਦੇ ਰੂਪ ਵਿਚ ਫੈਲੀ। ---- ਨਿਰਵਿਵਾਦ ਰੂਪ ਵਿਚ ਸਵਾਮੀ ਰਾਮਾਨੁਜ-ਆਚਾਰਯ ਵੈਸ਼ਨਵ ਭਗਤੀ ਸੰਪ੍ਰਦਾਇ ਦੇ ਆਦਿ ਆਚਾਰਯ ਮੰਨੇ ਜਾਂਦੇ ਹਨ। ਇਨ੍ਹਾਂ ਦੀ ਹੀ ਸ਼ਿਸ਼ ਪਰੰਪਰਾ ਵਿਚੋਂ ਸਵਾਮੀ ਰਾਮਾਨੰਦ ਹੋਏ ਹਨ, ਜਿਨ੍ਹਾਂ ਨੂੰ ਉੱਤਰ ਭਾਰਤ ਵਿਚ ਭਗਤੀ ਅੰਦੋਲਨ ਦਾ ਮੋਢੀ ਮੰਨਿਆ ਜਾਂਦਾ ਹੈ।'[103]

ਅਸੀਂ ਕਹਿ ਸਕਦੇ ਹਾਂ ਕਿ ਹਿੰਦੂ ਧਰਮ ਦੇ ਗੂੜ੍ਹ ਦਰਸ਼ਨ, ਕਰਮਕਾਂਡ, ਖੁਸ਼ਕ ਤੇ ਜਟਿਲ ਭਗਤੀ ਤੇ ਹੋਰ ਤਰੁਟੀਆਂ ਤੋਂ ਨੀਰਸ ਹੋਈ ਜਨਤਾ, ਅਤੇ ਵਿਰੋਧੀ ਧਰਮਾਂ ਦੇ ਜ਼ੁਲਮਾਂ ਨੇ ਇਕ ਨਵੇਂ ਅੰਦੋਲਨ ਨੂੰ ਜਨਮ ਦਿੱਤਾ, ਜੋ ਬਾਅਦ ਵਿਚ ਭਗਤੀ ਅੰਦੋਲਨ ਕਹਿਲਾਇਆ ਤੇ ਰਾਮਾਨੰਦ ਦੇ ਉਦਾਰ ਦ੍ਰਿਸ਼ਟੀਕੋਣ ਨੇ ਉਸਨੂੰ ਬਲ ਬਖਸ਼ਿਆ। ਸਵਾਮੀ ਰਾਮਾਨੰਦ ਵੈਸ਼ਨਵ ਅਤੇ ਰਾਮਾਨੁਜ ਮਗਰੋਂ ਮੱਧਕਾਲ ਦੇ ਵੈਸ਼ਨਵ ਭਗਤੀ ਸੰਪ੍ਰਦਾਇ ਦੇ ਸੱਭ ਤੋਂ ਵੱਡੇ ਪ੍ਰਭਾਵਸ਼ਾਲੀ ਨੇਤਾ ਸਨ। ਇਨ੍ਹਾਂ ਦੇ ਉਦਾਰ, ਸਰਲ ਅਤੇ ਪ੍ਰਗਤੀਸ਼ੀਲ ਵਿਅਕਤਿਤ੍ਵ ਨੇ ਸਾਰੇ ਉੱਤਰੀ ਭਾਰਤ ਵਿਚ ਵੈਸ਼ਨਵ ਭਗਤੀ ਨੂੰ ਲੋਕ ਲਹਿਰ ਦਾ ਰੂਪ ਦਿੱਤਾ।[104]

## 3. ਰਾਜਨੀਤਿਕ ਕਾਰਣ

10ਵੀਂ ਤੋਂ 17ਵੀਂ ਸਦੀ ਤੱਕ ਭਾਰਤ ਵਿਚ ਬਹੁਤ ਰਾਜਨੀਤਿਕ ਅਸ਼ਾਂਤੀ ਰਹੀ। 10ਵੀਂ ਸਦੀ ਤੋਂ ਪਹਿਲਾਂ ਹੀ ਛੇਵੀਂ ਸੱਤਵੀਂ ਈ. ਸੰਮਤ ਤੋਂ ਅਰਬਾਂ ਨੇ ਭਾਰਤ ਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ ਸਨ। ਭਾਰਤ ਵਰਸ਼ ਵਿਚ ਢਾਈ ਹਜ਼ਾਰ ਸਾਲਾਂ ਵਿਚ ਸਮੇਂ ਸਮੇਂ ਵੱਡੇ ਵੱਡੇ ਵਿਦਵਾਨ ਤੇ ਯੋਧੇ ਪੈਦਾ ਹੋਏ। ਉਨ੍ਹਾਂ ਰਾਹੀਂ ਦੇਸ਼ ਅਸਥਾਈ ਹੁੰਦਾ ਰਿਹਾ, ਕੁੱਝ ਸਮਾਂ ਤਾਕਤਵਰ ਰਹਿ ਕੇ ਫੇਰ ਗੁਲਾਮ ਤੇ ਦੁਖੀ ਹੋ ਗਿਆ।[105]

ਮੁਹੰਮਦ ਗਜ਼ਨਵੀ ਨੇ ਭਾਰਤ ਤੇ 70 ਹਮਲੇ ਕੀਤੇ, ਹਿੰਦੂਆਂ ਦੇ ਮੰਦਰ ਢਾਹ ਦਿੱਤੇ, ਮੂਰਤੀਆਂ ਤੋੜ ਦਿੱਤੀਆਂ। ਵਿਸ਼ੇਸ਼ ਕਰਕੇ 1025 ਈ. ਵਿਚ ਮੁਹੰਮਦ ਗਜ਼ਨਵੀ ਨੇ ਸੋਮਨਾਥ ਦੇ ਮੰਦਰ ਤੇ ਹਮਲਾ ਕਰਕੇ ਭਾਰਤੀ ਚੇਤਨਾ ਨੂੰ ਬੁਰੀ ਤਰ੍ਹਾਂ ਝੰਜੋੜ ਦਿੱਤਾ। ਉਸ ਸਮੇਂ ਰਾਜਨੀਤੀ ਧਾਰਮਿਕ ਸੰਕਟ ਨਾਲ ਜੁੜੀ ਹੋਈ ਸੀ। ਤੈਮੂਰ ਕਹਿੰਦਾ ਹੈ ਕਿ ਉਸਨੇ

ਕਾਫ਼ਰਾਂ ਨੂੰ ਦੀਨ ਦੇਣ ਅਤੇ ਬਹੁਦੇਵਵਾਦ ਅਤੇ ਮੂਰਤੀ ਪੂਜਾ ਦਾ ਅੰਤ ਕਰਕੇ ਗਾਜ਼ੀ ਅਤੇ ਮੁਜਾਹਿਦ ਹੋਣ ਪਦਵੀਆਂ ਪ੍ਰਾਪਤ ਕਰਨ ਲਈ ਭਾਰਤ ਤੇ ਹਮਲਾ ਕੀਤਾ।[106]

ਮੁਸਲਮਾਨ ਹਿੰਦੁਸਤਾਨ ਤੇ ਹਮਲਾ ਕਰਕੇ ਇਸਲਾਮ ਦਾ ਪ੍ਰਚਾਰ ਕਰਨਾ ਚਾਹੁੰਦੇ ਸਨ। ਇਸ ਕਰਕੇ ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਇਆ ਜਾਂਦਾ ਸੀ। ਡਾ. ਧਰਮਪਾਲ ਸਿੰਗਲ ਪ੍ਰੋ. ਪੂਰਨ ਸਿੰਘ ਅੰਕ ਵਿਚ ਪੰਡਤ ਰਾਮ ਗੋਪਾਲ ਸ਼ਾਸਤਰੀ ਦੇ ਵਿਚਾਰ ਅੰਕਿਤ ਕਰਦੇ ਲਿਖਦੇ ਹਨ ਕਿ ਬਿਹਾਰ ਵਿਚ ਬੋਧਾਂ ਦੇ ਸੈਂਕੜੇ ਮਠ ਸਨ, ਨਾਲੰਦਾ ਤੇ ਵਿਕ੍ਰਮਸ਼ਿਲਾ ਬੋਧਾਂ ਦੇ ਦੋ ਪ੍ਰਸਿੱਧ ਵਿਸ਼ਵ ਵਿਦਿਆਲੇ। ਉਨ੍ਹਾਂ ਵਿਚ ਲੱਖਾਂ ਗ੍ਰੰਥ ਸਨ ਤੇ ਪੰਜਾਹ ਹਜ਼ਾਰ ਤੋਂ ਵੀ ਵਧੇਰੇ ਬੋਧ ਭਿਖਸ਼ੂ ਸਿੱਖਿਆ ਲੈਂਦੇ ਸਨ। ਸੰਨ 1197 ਈ. ਵਿਚ ਮੁਹੰਮਦ ਬਿਨ ਬਖਤਿਆਰ ਖਿਲਜੀ ਨੇ ਦੋ ਸੌ ਸੈਨਿਕ ਲੈ ਕੇ ਪਹਿਲਾਂ ਨਾਲੰਦਾ ਤੇ ਮਗਰੋਂ ਵਿਕ੍ਰਮਸ਼ਿਲਾ ਤੇ ਹਮਲਾ ਕੀਤਾ। ਭਿਖਸ਼ੂ ਲੋਕ ਹੱਥ ਵਿਚ ਮਾਲਾ ਫੜ ਕੇ 'ਅਹਿੰਸਾ ਪਰਮੋ ਧਰਮ' ਅਤੇ 'ਨਮੋ ਬੁਧਾਇ' ਮੰਤ੍ਰਾਂ ਦਾ ਜਾਪ ਕਰਦੇ ਹਮਲਾਵਰਾਂ ਨੂੰ ਪ੍ਰਾਰਥਨਾ ਕਰਨ ਲੱਗੇ। ਦੋ ਸੌ ਸੈਨਿਕਾਂ ਨੇ ਤੀਹ ਹਜ਼ਾਰ ਤੋਂ ਵੀ ਵੱਧ ਭਿਖਸ਼ੂਆਂ ਨੂੰ ਗਾਜਰਾਂ ਵਾਂਗ ਵੱਢ ਸੁੱਟਿਆ। ਸੋਮਨਾਥ ਦਾ ਪ੍ਰਸਿੱਧ ਮੰਦਰ ਸੀ। ਮਹਿਮੂਦ ਦੀ ਸੈਨਾ ਆਈ, ਮੰਦਰ ਤੋੜ ਦਿੱਤਾ ਗਿਆ ਤੇ ਭਗਤ 'ਨਮੋ ਸ਼ੰਕਰਾਇ' ਦਾ ਜਾਪ ਕਰਦੇ ਕਰਦੇ ਮਾਰੇ ਗਏ।[107]

ਸਾਰਾ ਹਿੰਦੁਸਤਾਨ ਗੁਲਾਮੀ ਦਾ ਜੀਵਨ ਬਤੀਤ ਕਰ ਰਿਹਾ ਸੀ। ਮੋਰਾਲੈਂਡ ਲਿਖਦਾ ਹੈ ਕਿ ਗੁਲਾਮੀ ਹਿੰਦੂਆਂ ਲਈ ਅਭਿਸ਼ਾਪ ਬਣ ਗਈ। ਲੱਖਾਂ ਦੀ ਗਿਣਤੀ ਵਿਚ ਲੋਕਾਂ ਨੂੰ ਮੁਸਲਮਾਨ ਬਣਾਇਆ ਜਾਣ ਲੱਗਾ। ਫਿਰੋਜ਼ ਤੁਗਲਕ ਦੇ ਗੁਲਾਮਾਂ ਦੀ ਸੰਖਿਆ ਦੋ ਲੱਖ ਸੀ। ਇਸਤ੍ਰੀਆਂ ਨੂੰ ਵੀ ਗੁਲਾਮ ਬਣਾਇਆ ਜਾਂਦਾ ਸੀ।[108]

ਚੌਧਵੀਂ ਸਦੀ ਵਿਚ ਲੋਧੀ ਆਏ। ਉਨ੍ਹਾਂ ਨੇ ਵੀ ਹਿੰਦੂਆਂ ਨੂੰ ਦਬਾਉਣ ਦੀ ਨੀਤੀ ਜਾਰੀ ਰੱਖੀ। ਇਸ ਤਰ੍ਹਾਂ ਰਾਜਨੀਤਿਕ ਦ੍ਰਿਸ਼ਟੀ ਤੋਂ ਇਹ ਸਮਾਂ ਅੱਤਿਆਚਾਰਾਂ, ਪਾਪਾਂ, ਜ਼ੁਲਮਾਂ, ਧਾਰਮਿਕ ਕੱਟੜਤਾ, ਸੰਕੀਰਣਤਾ, ਅਸ਼ਾਂਤੀ ਅਤੇ ਅਸੁਰੱਖਿਆ ਦਾ ਸਮਾਂ ਸੀ। ਜਨਤਾ ਬਾਹਰਲੇ ਹਮਲਿਆਂ ਤੇ ਉਨ੍ਹਾਂ ਦੀਆਂ ਵਧੀਕੀਆਂ ਕਾਰਨ ਕਾਫ਼ੀ ਨਿਰਾਸ਼ ਹੋ ਚੁੱਕੀ ਸੀ। ਨਿਰਾਸ਼ ਹੋ ਚੁੱਕੀ ਜਨਤਾ ਨੂੰ ਕਿਸੇ ਸਹਾਰੇ ਦੀ ਲੋੜ ਸੀ, ਜੋ ਸਹਾਰਾ ਭਗਤੀ ਦੀ ਸ਼ਕਤੀ ਅਤੇ ਪ੍ਰਭੂ ਪ੍ਰੇਮ ਦੇ ਗੀਤ ਗਾਉਣ ਤੋਂ ਬਿਨ੍ਹਾਂ ਹੋਰ ਕੋਈ ਨਹੀਂ ਸੀ। ਇਹੋ ਸਹਾਰਾ ਭਗਤੀ ਅੰਦੋਲਨ ਨੇ ਨਿਰਾਸ਼ ਹੋਈ ਜਨਤਾ ਨੂੰ ਦਿੱਤਾ। ਪ੍ਰਸਿੱਧ ਆਲੋਚਕ ਆਚਾਰਯ ਰਾਮਚੰਦਰ ਸ਼ੁਕਲ ਵੀ ਲਿਖਦੇ ਹਨ, ਭਗਤੀ ਦਾ ਜਿਹੜਾ ਸੋਮਾ ਦੱਖਣ ਵਲੋਂ ਹੌਲੀ ਹੌਲੀ ਉੱਤਰ ਭਾਰਤ ਵਲ ਪਹਿਲਾਂ ਹੀ ਤੋਂ ਆ ਰਿਹਾ ਸੀ, ਉਸਨੂੰ ਰਾਜਨੀਤਕ ਪਰਿਵਰਤਨ ਕਾਰਨ ਸੁੰਨੇ ਹੋਏ ਜਨਤਾ ਦੇ ਹਿਰਦੇ-ਖੇਤਰ ਵਿਚ ਫੈਲਾਉਣ

ਲਈ ਪੂਰਾ ਸਥਾਨ ਮਿਲਿਆ। ---------- ਦੇਸ਼ ਵਿਚ ਮੁਸਲਮਾਨਾਂ ਦਾ ਰਾਜ ਕਾਇਮ ਹੋ ਜਾਣ ਤੇ ਹਿੰਦੂ ਜਨਤਾ ਦੇ ਦਿਲ ਵਿਚ ਗੌਰਵ, ਗਰਵ ਤੇ ਉਤਸ਼ਾਹ ਲਈ ਉਹ ਥਾਂ ਨਾ ਰਿਹਾ ---- ਏਡੇ ਭਾਰੇ ਰਾਜਨੀਤਕ ਉਲਟ ਫੇਰ ਪਿਛੋਂ ਆਮ ਹਿੰਦੂ ਜਨਤਾ ਉੱਤੇ ਬਹੁਤ ਦਿਨਾਂ ਤੱਕ ਉਦਾਸੀ ਛਾਈ ਰਹੀ। ਆਪਣੀ ਸੂਰਬੀਰਤਾ ਤੋਂ ਨਿਰਾਸ਼ ਹੋ ਚੁੱਕੀ ਕੌਮ ਲਈ ਭਗਵਾਨ ਦੀ ਸ਼ਕਤੀ ਅਤੇ ਕਰੁਣਾ ਵੱਲ ਧਿਆਨ ਲੈ ਜਾਣ ਤੋਂ ਛੁੱਟ ਦੂਜਾ ਰਸਤਾ ਹੀ ਕਿਹੜਾ ਸੀ।"[109]

ਇਸ ਤਰ੍ਹਾਂ ਭਗਤੀ ਅੰਦੋਲਨ ਦਾ ਉਦੈ ਉੱਤਰੀ ਭਾਰਤ ਵਿਚ ਹੋਈ ਰਾਜਸੀ ਉਥਲ-ਪੁਥਲ ਤੇ ਹਿੰਦੂ ਕੌਮ ਦੀ ਹਾਰ ਕਾਰਨ ਕਿਸੇ ਪਰਮ ਸ਼ਕਤੀ ਦੇ ਸਹਾਰੇ ਦੀ ਭਾਲ ਵਿਚੋਂ ਹੋਇਆ। ਇਹ ਕੰਮ ਭਗਤ-ਕਵੀਆਂ ਨੇ ਕੀਤਾ ਅਤੇ ਜਨਤਾ ਦੇ ਮਨਾਂ ਵਿਚ ਭਗਤੀ-ਭਾਵ ਪੈਦਾ ਕੀਤੇ।

4. <u>ਸਾਹਿਤਕ ਕਾਰਣ</u>

ਸਮੇਂ ਦੇ ਸਮਾਜ, ਧਰਮ, ਆਰਥਕ ਦਸ਼ਾ ਅਤੇ ਰਾਜਨੀਤਕ ਦਸ਼ਾ ਦਾ ਮਨੁੱਖ ਤੇ ਜ਼ਰੂਰ ਅਮਰ ਪੈਂਦਾ ਹੈ। ਭਗਤੀ ਅੰਦੋਲਨ ਤੋਂ ਪਹਿਲਾਂ ਕਿਉਂ ਕਿ ਸਮਾਜਕ, ਆਰਥਕ, ਧਾਰਮਕ ਅਤੇ ਰਾਜਨੀਤਕ ਅਸ਼ਾਂਤੀ ਸੀ ਇਸ ਲਈ ਇਸ ਦਾ ਪ੍ਰਭਾਵ ਤਾਂ ਆਉਣ ਵਾਲੀ ਪੀੜ੍ਹੀ ਤੇ ਜ਼ਰੂਰੀ ਸੀ। ਜਿਸ ਕਰਕੇ ਇਹ ਭਗਤ ਕਵੀ ਵੀ ਇਸ ਪ੍ਰਭਾਵ ਤੋਂ ਨਾ ਬਚ ਸਕੇ।

ਸ੍ਰੀ ਦਿਨਕਰ ਨਾਥ, ਡਾ. ਹਜ਼ਾਰੀ ਪ੍ਰਸਾਦ ਦਿਵੇਦੀ ਤੇ ਤ੍ਰਿਲੋਚਨ ਪਾਂਡੇ ਆਦਿ ਵਿਦਵਾਨ ਸੰਤ ਸਾਹਿਤ ਦਾ ਮੂਲ ਸਿੱਧ ਨਾਥਾਂ ਦੀਆਂ ਬਾਣੀਆਂ ਨੂੰ ਮੰਨਦੇ ਹਨ। ਪ੍ਰੰਤੂ ਸੰਤ ਬਾਣੀ ਅਤੇ ਗੁਰੂ ਬਾਣੀ ਦਾ ਸਿੱਧ ਅਤੇ ਨਾਥ ਸਾਹਿਤ ਨਾਲ ਤੁਲਨਾਤਮਿਕ ਅਧਿਐਨ ਕਰਨ ਤੋਂ ਇਹ ਸਚਾਈ ਨਜ਼ਰ ਨਹੀਂ ਆਉਂਦੀ। ਜੇਮਜ਼, ਹੇਸਟਿੰਗਜ਼ ਲਿਖਦੇ ਹਨ ਕਿ ਗੁਰੂ ਨਾਨਕ ਦੇ ਵਿਚਾਰਾਂ ਨੂੰ ਵੇਖ ਕੇ ਉਨ੍ਹਾਂ ਉੱਤੇ ਵੀ ਇਸਾਈ ਮੱਤ ਦੇ ਪ੍ਰਭਾਵ ਦਾ ਸ਼ੱਕ ਕੀਤਾ ਗਿਆ ਹੈ।[110] ਪਰ ਇਹ ਸ਼ੱਕ ਕਰਨਾ ਠੀਕ ਨਹੀਂ ਲੱਗਦਾ, ਕਿਉਂ ਕਿ ਇਕੋ ਜਿਹੀਆਂ ਸਮਾਜਕ ਹਾਲਤਾਂ ਵਿਚ ਇਕੋ ਜਿਹੇ ਹੀ ਵਿਚਾਰ ਪੈਦਾ ਹੁੰਦੇ ਹਨ। ਭਾਰਤੀ ਸਾਹਿਤ ਦੀ ਵਿਚਾਰਧਾਰਾ ਨੂੰ ਅਪਣਾਉਂਦਿਆਂ ਸੰਤ ਕਵੀਆਂ ਨੇ ਸਗੁਣ-ਨਿਰਗੁਣ ਧਾਰਾ ਦਾ ਨਿਰੰਤਰ ਪ੍ਰਵਾਹ ਜਾਰੀ ਕੀਤਾ।

ਇਸ ਅਨੰਦਮਈ ਬਾਣੀ ਦਾ ਪ੍ਰਵਾਹ ਸਰਲ ਤੇ ਸਪੱਸ਼ਟ ਹੋਣ ਕਰਕੇ ਹਰ ਇਕ ਨੂੰ ਆਪਣੇ ਵਲ ਖਿੱਚਿਆ। ਸੰਤ ਕਵੀਆਂ ਨੇ ਕਰਣੀ ਤੇ ਕਥਨੀ ਨੂੰ ਅਮਲ ਵਿਚ ਲਿਆਂਦਾ।

ਕਿਸੇ ਪੱਖੋਂ ਤਾਂ ਸੰਤ ਸਾਹਿਤ ਦਾ ਪੁਰਾਣੇ ਵੈਦਿਕ ਸਾਹਿਤ ਨਾਲ ਨੇੜਲਾ ਸੰਬੰਧ ਹੈ। ਪਰ ਵੈਦਿਕ ਸਾਹਿਤ ਦੀ ਭਾਸ਼ਾ ਸੰਸਕ੍ਰਿਤ ਤੇ ਹੋਰ ਅਪਭ੍ਰੰਸ਼ ਭਾਸ਼ਾਵਾਂ ਹੋਣ ਕਰਕੇ ਆਮ ਜਨਤਾ ਦੀ ਸਮਝ ਤੋਂ ਉੱਪਰ ਸੀ। ਉਂਜ ਵੀ ਮੁਸਲਮਾਨੀ ਰਾਜ ਕਾਰਨ ਮੁਸਲਿਮ ਧਰਮ ਅਪਨਾਉਣ ਲਈ ਆਮ ਜਨਤਾ ਨੂੰ ਮਜਬੂਰ ਕੀਤਾ ਜਾ ਰਿਹਾ ਸੀ। ਅਜਿਹੇ ਬਿਖੜੇ ਸਮੇਂ ਸੰਤਾਂ ਦੀ ਲੋਕ ਭਾਸ਼ਾ ਵਿਚ ਸਰਲ ਤੇ ਸਪੱਸ਼ਟ ਬਾਣੀ ਲੋਕਾਂ ਦਾ ਮਾਰਗ ਦਰਸ਼ਨ ਕਰਨ ਵਿਚ ਸਹਾਈ ਹੋਈ। ਇਸ ਨੇ ਭਗਤੀ ਨੂੰ ਅੰਦੋਲਨ ਦਾ ਰੂਪ ਦਿੱਤਾ। ਇਸ ਤਰ੍ਹਾਂ ਸਮੁੱਚੇ ਭਾਰਤੀ ਸਾਹਿਤ ਨੇ ਸਿੱਧੇ ਅਤੇ ਅਸਿੱਧੇ ਤੌਰ ਤੇ ਸੰਤਾਂ ਦੀ ਬਾਣੀ ਨੂੰ ਪ੍ਰਭਾਵਿਤ ਕੀਤਾ ਅਤੇ ਭਗਤੀ ਦਾ ਅਸਲ ਰੂਪ ਉਘੜ ਕੇ ਸਾਹਮਣੇ ਆਇਆ। ਇਹ ਕਹਿਣ ਵਿਚ ਕੋਈ ਅਤਿਕਥਨੀ ਨਹੀਂ ਕਿ ਭਗਤੀ ਦਾ ਜਨਮ ਮਨੁੱਖ ਦੇ ਨਾਲ ਹੀ ਹੋ ਗਿਆ ਸੀ । ਹੌਲੀ ਹੌਲੀ ਇਹ ਪੂਰੀ ਤਰ੍ਹਾਂ ਪ੍ਰਫੁਲਤ ਹੋ ਗਈ। ਸੰਤਾਂ ਨੇ ਆਪਣੇ ਅਮਰ ਤੇ ਸਦੀਵੀ ਵਚਨਾਂ ਨਾਲ ਇਸ ਵਿੱਚ ਮੌਲਿਕਤਾ ਤੇ ਨਵੀਨਤਾ ਪੈਦਾ ਕੀਤੀ।

## ਮੱਧਕਾਲੀਨ ਭਗਤੀ

ਮੱਧਕਾਲੀਨ ਭਗਤੀ ਦਾ ਸਮਾਂ 10ਵੀਂ ਤੋਂ 17ਵੀਂ ਸਦੀ ਤੱਕ ਦਾ ਮੰਨਿਆ ਜਾਂਦਾ ਹੈ। ਇਹ ਭਗਤੀ ਅੰਦੋਲਨ ਦਾ ਸਮਾਂ ਵੀ ਕਹਿਲਾਉਂਦਾ ਹੈ। ਇਸ ਸਮੇਂ ਤਿੰਨ ਪ੍ਰਮੁੱਖ ਕਾਵਿ-ਧਾਰਾਵਾਂ ਨਾਥ, ਸੂਫੀ, ਨਿਰਗੁਣ ਕਾਵਿਧਾਰਾ ਪ੍ਰਚੱਲਿਤ ਹੋਈਆਂ, ਜਿਨ੍ਹਾਂ ਨੇ ਇੱਕ ਦੂਜੀ ਨੂੰ ਪ੍ਰਭਾਵਿਤ ਕੀਤਾ।

### 1. ਨਾਥ ਕਾਵਿ ਧਾਰਾ

ਨਾਥ ਸੰਪ੍ਰਦਾਇ ਦੇ ਗ੍ਰੰਥਾਂ ਵਿਚ 'ਆਦਿ ਨਾਥ' ਨੂੰ ਨਾਥ ਸੰਪ੍ਰਦਾਇ ਦਾ ਸੰਸਥਾਪਕ ਮੰਨਿਆ ਜਾਂਦਾ ਹੈ। ਇਸੇ ਕਰਕੇ ਕੁੱਝ ਵਿਦਵਾਨ ਇਸ ਨੂੰ 'ਨਾਥੋਕਤ' ਵੀ ਕਹਿੰਦੇ ਹਨ। ਕੁੱਝ ਇਸ ਨੂੰ 'ਸਿੱਧ ਮੱਤ' ਵੀ ਕਹਿੰਦੇ ਹਨ। 'ਸਿੱਧ' ਸ਼ਬਦ ਦਾ ਅਰਥ ਹੈ 'ਨਿਰਨੇ ਕੀਤਾ ਹੋਇਆ' ਜਿਸ ਤੋਂ ਹੀ ਸਿਧਾਂਤ ਸ਼ਬਦ ਦੀ ਬਣਤਰ ਹੋਈ। ਨਾਥਾਂ ਨੂੰ ਸਿੱਧ, ਜੋਗੀ, ਅਬਧੂਤ, ਅਵਧੂ ਔਧੇ, ਔਧੂ ਆਦਿ ਨਾਂ ਦਿੱਤੇ ਗਏ ਹਨ। ਇਨ੍ਹਾਂ ਦੀ ਉਤਪਤੀ 'ਆਦਿ ਨਾਥ' ਤੋਂ

ਮੰਨੀ ਜਾਂਦੀ ਹੈ। ਪਰ ਨਾਥ ਕਿਉਂ ਕਿਹਾ ਜਾਂਦਾ ਹੈ ? ਇਸ ਸੰਬੰਧ ਵਿਚ ਆਚਾਰੀਆ ਹਜ਼ਾਰੀ ਪ੍ਰਸਾਦ ਦ੍ਵਿਵੇਦੀ ਦਾ ਮੱਤ ਹੈ ਕਿ 'ਨਾ' ਦਾ ਅਰਥ ਹੈ ਅਨਾਦਿ ਰੂਪ ਅਤੇ 'ਥ' ਦਾ ਅਰਥ ਹੈ (ਤਿੰਨ ਲੋਕਾਂ ਦਾ) ਸਥਾਪਤ ਹੋਣਾ। ਇਸ ਤਰ੍ਹਾਂ ਨਾਥ ਮੱਤ ਦਾ ਸਪੱਸ਼ਟ ਅਰਥ ਹੈ ਉਹ ਅਨਾਦਿ ਧਰਮ ਜਿਹੜਾ ਤਿੰਨਾਂ ਲੋਕਾਂ ਦੀ ਸਥਿਰਤਾ ਦਾ ਕਾਰਣ ਹੈ।

ਨਾਥ ਪੰਥ ਦੇ ਮੂਲ ਪ੍ਰਵਰਤਕ ਗੁਰੂ ਗੋਰਖ ਨਾਥ ਮੰਨੇ ਜਾਂਦੇ ਹਨ। ਗੋਰਖਨਾਥ ਪ੍ਰਭਾਵਸ਼ਾਲੀ ਸੁਧਾਰਕ ਸਨ। ਉਸ ਦੀ ਸੰਪ੍ਰਦਾਇ ਨੇ ਸਿੱਧਾਂ, ਜੈਨ ਮੁਨੀਆਂ, ਸ਼ੰਕਰ ਦੇ ਦਵੈਤਵਾਦ ਅਤੇ ਸ਼ੈਵ ਸੰਪ੍ਰਦਾਇ ਦੀਆਂ ਜ਼ਰੂਰੀ ਗੱਲਾਂ ਦਾ ਸੁਮੇਲ ਕਰਕੇ ਨਵੀਨ ਪੱਧਤੀ ਚਲਾਉਣ ਦਾ ਯਤਨ ਕੀਤਾ। ਡਾਕਟਰ ਮੋਹਨ ਸਿੰਘ ਆਪ ਦਾ ਸਮਾਂ 9ਵੀਂ ,10ਵੀਂ ਈ. ਮੰਨਦੇ ਹਨ। ਪੰਡਤ ਰਾਹੁਲ ਸੰਕ੍ਰਿਤਾਇਨ ਵੀ ਇਨ੍ਹਾਂ ਦਾ ਸਮਾਂ 9ਵੀਂ ,10ਵੀਂ ਸ਼ਤਾਬਦੀ ਮੰਨਦੇ ਹਨ। ਡਾ. ਹਜ਼ਾਰੀ ਪ੍ਰਸਾਦ ਦ੍ਵਿਵੇਦੀ ਇਨ੍ਹਾਂ ਦਾ ਸਮਾਂ 10ਵੀਂ ਸਦੀ ਮੰਨਦੇ ਹਨ।[111]

ਗੋਰਖ ਇੱਕ ਅਧਿਆਤਮਵਾਦੀ ਕਵੀ ਸੀ। ਉਸਨੇ ਸਾਧੂ ਸਮਾਜ ਦੇ ਸੁਧਾਰ ਵਲ ਬੜਾ ਧਿਆਨ ਦਿੱਤਾ। ਬ੍ਰਾਹਮਣਵਾਦ ਦੇ ਉਹ ਵਿਰੁੱਧ ਸੀ। ਗੋਰਖ ਇਸਤਰੀ ਦੀ ਨਿੰਦਾ ਕਰਦਾ ਹੈ। ਉਹ ਤਿਆਗ ਮਾਰਗ ਦਾ ਉਪਦੇਸ਼ ਦਿੰਦਾ ਹੈ। ਗੋਰਖ ਦੇ ਵਿਚਾਰ ਵੇਦਾਂਤ ਪਰਕ ਜਾਪਦੇ ਹਨ। ਉਸ ਅਨੁਸਾਰ ਸਰੀਰ ਦੇ ਨੌਂ ਦੁਆਰਿਆਂ ਨੂੰ ਬੰਦ ਕਰਕੇ ਜੋ ਹਵਾ ਦੇ ਆਉਣ ਜਾਣ ਦਾ ਮਾਰਗ ਬੰਦ ਕਰ ਦਿੱਤਾ ਜਾਵੇ ਤਾਂ ਉਸ ਦਾ ਵਪਾਰ 64 ਸੰਧੀਆਂ ਵਿੱਚ ਹੋਣ ਲੱਗੇਗਾ ਅਤੇ ਸਾਧਕ ਨੂੰ ਸਿੱਧੀ ਪ੍ਰਾਪਤ ਹੋ ਜਾਵੇਗੀ।[112]

ਗੋਰਖ ਨਾਥ ਮਾਇਆ ਨੂੰ ਮਿਥਿਆ ਸਮਝਦਾ ਹੈ। ਉਹ ਹਠ ਯੋਗ ਸਾਧਨਾਂ ਨੂੰ ਸਵੀਕਾਰ ਕਰਦਾ ਹੈ। ਨਾਥ ਪੰਥ ਅਨੁਸਾਰ ਸਭ ਸਰੀਰਾਂ ਵਿਚ ਅਨੇਕ ਰੂਪ ਧਾਰੀ ਚੇਤਨ ਸਰੂਪ ਪਰਮਾਤਮਾ ਨਿਵਾਸ ਕਰਦਾ ਹੈ। ਭਾਵੇਂ ਨਾਥ ਮੱਤ ਯੋਗ ਮੱਤ ਤੋਂ ਪ੍ਰਭਾਵਿਤ ਸੀ ਤਾਂ ਵੀ ਉਹ ਸ਼ੈਵ ਮੱਤ ਦੇ ਪ੍ਰਭਾਵ ਤੋਂ ਅਛੂਤਾ ਨਾ ਰਹਿ ਸਕਿਆ। ਨਾਥ ਮੱਤ ਦਾ ਪ੍ਰਭਾਵ ਭਾਰਤ ਵਰਸ਼ ਵਿਚ ਕਾਬੁਲ ਕੰਧਾਰ ਤੋਂ ਲੈ ਕੇ ਕੰਨਿਆ ਕੁਮਾਰੀ ਤੱਕ ਬਲੋਚਿਸਤਾਨ ਤੋਂ ਲੈ ਕੇ ਬੰਗਾਲ ਤੱਕ ਸੀ।

## ਸ਼ਾਕਤ ਮਾਰਗ

'ਸ਼ਾਕਤ ਮਾਰਗ' ਜਿਹੜਾ ਤਾਂਤ੍ਰਿਕਾਂ ਦਾ ਇਕ ਵਿਸ਼ੇਸ਼ ਮੱਤ ਮੰਨਿਆ ਜਾਂਦਾ ਹੈ। ਆਦਿ ਨਾਥ ਦੁਆਰਾ ਹੀ ਪ੍ਰਚੱਲਿਤ ਕੀਤਾ ਮੰਨਿਆ ਜਾਂਦਾ ਹੈ। ਇਸਦਾ ਉਲੇਖ ਸਾਨੂੰ 'ਸ਼ੋਡਸ਼ਨਿਤਿਆ-ਤੰਤਰ' ਤੋਂ ਮਿਲਦਾ ਹੈ। ਉਸ ਵਿੱਚ ਆਦਿ ਨਾਥ ਭਗਵਾਨ ਸ਼ੰਕਰ ਕਹਿੰਦੇ ਹਨ ਕਿ ਉਨ੍ਹਾਂ

ਕਥਿਤ ਤੰਤਰਾਂ ਦਾ ਹੀ ਕੁਝ ਨਾਲ ਉਚਰਿਤ 'ਨਵਨਾਥਾਂ' ਨੇ ਲੋਕਾਂ ਵਿੱਚ ਪ੍ਰਚਾਰ ਕੀਤਾ ਹੈ।[113] ਨਵਨਾਥਾਂ ਦੀ ਤਿੰਨ ਪ੍ਰਕਾਰ ਦੀ ਸੂਚੀ ਵਿੱਚੋਂ 'ਸੁਧਾਕਰ ਚੰਦ੍ਰਿਕਾ' ਦੇ ਪੰਨਾ 241 ਤੇ ਦਿੱਤੀ ਸੂਚੀ ਜ਼ਿਆਦਾ ਮੰਨਣ ਯੋਗ ਹੈ। ਜਿਸ ਅਨੁਸਾਰ ਏਕਨਾਥ, ਆਦਿ ਨਾਥ, ਮਤਿਸਏਂਦਰ ਨਾਥ, ਉਦਯ ਨਾਥ, ਦੰਡ ਨਾਥ, ਸਤਿਨਾਥ, ਸੰਤੋਖਨਾਥ, ਕੂਰਮ ਨਾਥ, ਜਲੰਧਰ ਨਾਥ ਆਦਿ 9 ਨਾਥ ਹਨ।

ਸ਼ਕਤੀ ਦੀ ਪੂਜਾ ਵੈਦਿਕ ਕਾਲ ਤੋਂ ਹੀ ਪ੍ਰਚਲਿਤ ਸੀ। ਮੱਧਕਾਲ ਵਿਚ ਆਕੇ ਸਿਰਫ਼ ਸ਼ਕਤੀ ਨੂੰ ਮੰਨਣ ਵਾਲਿਆਂ ਦਾ ਮੱਤ ਪ੍ਰਬਲ ਹੋਇਆ। ਸ਼ਕਤੀ ਦੁਰਗਾ, ਕਾਲੀ, ਮਨਸਾ ਆਦਿ ਦੇ ਰੂਪ ਵਿਚ ਪ੍ਰਗਟ ਹੋਈ। ਸ਼ਕਤੀ ਨੂੰ ਮਾਤਾ ਕਿਹਾ ਗਿਆ ਹੈ ਕਿਉਂਕਿ ਇਸੇ ਤੋਂ ਸੱਭ ਕੁੱਝ ਪੈਦਾ ਹੋਇਆ ਹੈ। ਸ਼ਕਤੀ ਨੂੰ ਸ਼ਿਵ ਦੀ ਪਤਨੀ ਵੀ ਮੰਨਿਆ ਗਿਆ ਹੈ, ਕਿਉਂਕਿ ਸ਼ਿਵ ਸ੍ਰਿਸ਼ਟੀ ਕਰਨ ਵੇਲੇ ਸਮੇਂ ਦਾ ਸਹਾਰਾ ਲੈਂਦਾ ਹੈ। ਸੰਸਾਰ ਦਾ ਪਸਾਰ ਸ਼ਕਤੀ ਤੋਂ ਹੁੰਦਾ ਹੈ ਅਤੇ ਅਖੀਰ ਸ਼ਿਵ ਵਿਚ ਲੀਨ ਹੋ ਜਾਂਦਾ ਹੈ। ਸੰਸਾਰ ਦੀ ਰਚਨਾ ਬੀਜ ਅਵਸਥਾ, ਮਿਸ਼ਰਤ ਅਵਸਥਾ ਤੇ ਸਥੂਲ ਅਵਸਥਾ ਵਿਚੋਂ ਲੰਘਦੀ ਹੈ।[114]

ਸ਼ਾਕਤ ਮੱਤ ਦੇ ਮੰਨਣ ਵਾਲੇ ਤਾਂਤਰਿਕਾਂ ਅਵਧੂਤਾਂ ਜਾਂ ਨਾਥ ਮੱਤ ਦੇ ਮੰਨਣ ਵਾਲਿਆਂ ਵਿਚ ਮੋਟਾ ਵਿਤਕਰਾ ਇਹੋ ਹੀ ਹੈ ਕਿ ਤਾਂਤਰਿਕ ਲੋਕ ਪਹਿਲਾਂ ਬਾਹਰੋਂ ਹੀ ਉਪਾਸਨਾ ਕਰਦੇ ਹਨ ਅਤੇ ਅੰਤ ਵਿਚ ਹੌਲੀ ਹੌਲੀ ਸਿੱਧੀ ਪ੍ਰਾਪਤ ਕਰਦੇ ਹੋਏ ਕੁੰਡਲਿਨੀ ਸ਼ਕਤੀ ਦੀ ਉਪਾਸਨਾ ਕਰਦੇ ਹਨ, ਜਿਹੜੀ ਭਿੰਨ-ਭਿੰਨ ਅਵਧੂਤ ਮਾਰਗ ਦੀ ਹੀ ਉਪਾਸਨਾ ਹੈ।

ਸ਼ਾਕਤ ਮੱਤ ਵਿਚ ਯੋਗ ਦੀ ਸਾਧਨਾ ਕੁੰਡਲਿਨੀ ਦੇ ਜਾਗਣ ਤੇ ਨਿਰਭਰ ਹੈ। ਕੁੰਡਲਨੀ ਕੁਦਰਤ ਦੀ ਉਲਟੀ ਦਸ਼ਾ ਨੂੰ ਪ੍ਰਗਟ ਕਰਦੀ ਹੈ ਅਤੇ ਜਦੋਂ ਇਸ ਦੀ ਦਸ਼ਾ ਹੇਠਾਂ ਤੋਂ ਉੱਪਰ ਹੋ ਜਾਂਦੀ ਹੈ ਤਾਂ ਵਿਅਕਤੀ ਦੀ ਯੋਗ ਸਾਧਨਾ ਸਮਾਧੀ ਵਲ ਜਾਂਦੀ ਹੈ। ਸ਼ਾਕਤ ਮੱਤ ਦੇ ਅਨੁਸਾਰ ਮੁੱਖ ਆਚਾਰ ਹਨ — ਵੈਦਿਕ, ਵੈਸ਼ਨਵ, ਸ਼ੈਵ ਅਤੇ ਸ਼ਾਕਤ। ਸ਼ਾਕਤ ਆਚਾਰ ਵੀ ਹੋਰ ਚਾਰ ਉਪਭੇਦਾਂ ਵਿਚ ਵੰਡਿਆ ਜਾਂਦਾ ਹੈ — ਵਾਮਾਚਾਰ, ਦਕਸ਼ਿਣਾਚਾਰ, ਸਿਧਾਂਤਚਾਰ ਅਤੇ ਕੌਲਾਚਾਰ। - - - - ਸ਼ਾਕਤ ਆਚਾਰਾਂ ਵਿਚ ਵੀ ਵਾਮ ਦਕਸ਼ਿਨ ਅਤੇ ਕੌਲ ਇਕ ਦੂਜੇ ਨਾਲੋਂ ਸ੍ਰੇਸ਼ਠ ਹਨ ਅਤੇ ਕੌਲ ਮਾਰਗ ਹੀ ਅਵਧੂਤ ਮਾਰਗ ਹੈ। ਇਸ ਤਰ੍ਹਾਂ ਕੌਲ ਜਾਂ ਅਵਧੂਤ ਮਾਰਗ ਤੰਤਰ ਰਿਸ਼ੀਆਂ ਦੇ ਅਨੁਸਾਰ ਸ੍ਰੇਸ਼ਠ ਹਨ।[115] ਇਸ ਤੋਂ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਸ਼ਾਕਤ ਤੰਤਰ ਵੀ ਨਾਥਾਂ ਦਾ ਹੀ ਇੱਕ ਰੂਪ ਹੈ। ਨਾਥਾਂ ਦੇ 12 ਭੇਦਾਂ ਦਾ ਉਲੇਖ ਨਾਨਕ ਬਾਣੀ ਵਿੱਚ ਵੀ ਆਉਂਦਾ ਹੈ:—

1. ਬਾਰਹਿ ਮਹਿ ਜੋਗੀ ਭਰਮਾਏ।
ਸੰਨਿਆਸੀ ਛਿਅਚਾਰ।।[116]

2. ਬਾਰਹਿ ਮਹਿ ਰਾਵਲ ਖਪਿ ਜਾਵਹਿ।
ਚਹੁ ਛਿਅ ਮਹਿ ਸੰਨਿਆਸੀ।
ਜੋਗੀ ਕਪੜੀਏ ਸਿਰ ਖੂਥੇ।
ਬਿਨੁ ਸਬਦੈ ਗਲਿ ਫਾਸੀ।[117]

## ਸੂਫ਼ੀ ਕਾਵਿਧਾਰਾ

ਸੂਫ਼ੀ ਕਾਵਿਧਾਰਾ ਦੇ ਨਿਕਾਸ ਬਾਰੇ ਵਿਦਵਾਨਾਂ ਦੀਆਂ ਵੱਖ-ਵੱਖ ਰਾਵਾਂ ਹਨ। ਕਈਆਂ ਅਨੁਸਾਰ ਇਹ ਮੱਤ ਹਜ਼ਰਤ ਮੁਹੰਮਦ ਸਾਹਿਬ ਦੇ ਜਿਉਂਦਿਆਂ ਹੀ ਸ਼ੁਰੂ ਹੋ ਗਿਆ ਸੀ। ਕੁੱਝ ਵੀ ਹੋਵੇ ਇਹ ਗੱਲ ਨਿਸ਼ਚੇ ਨਾਲ ਕਹੀ ਜਾ ਸਕਦੀ ਹੈ ਕਿ ਸੂਫ਼ੀ ਮੱਤ ਰਹੱਸਵਾਦ ਦੀ ਇਸਲਾਮੀ ਸ਼ਕਲ ਹੈ। ਸੂਫ਼ੀ ਮੱਤ ਦਾ ਜਨਮ ਇਸਲਾਮ ਦੇ ਨਾਲ ਹੀ ਹੋਇਆ। ਵਿਦਵਾਨਾਂ ਦਾ ਇਹ ਵੀ ਵਿਚਾਰ ਹੈ ਕਿ ਮੁਹੰਮਦ ਸਾਹਿਬ ਦੇ ਨਿਕਟਵਰਤੀ ਮੁਸਲਮਾਨ ਹੀ ਮੁੱਢਲੇ ਸੂਫ਼ੀ ਮੰਨੇ ਜਾ ਸਕਦੇ ਹਨ। ਇਸ ਲਈ ਸੂਫ਼ੀਮੱਤ ਦਾ ਜਨਮ ਅਰਬ ਵਿਚ ਹੋਇਆ।

ਇਹ ਗੱਲ ਵੀ ਨਿਸ਼ਚੇ ਨਾਲ ਕਹੀ ਜਾ ਸਕਦੀ ਹੈ ਕਿ ਭਾਰਤ ਵਿੱਚ ਇਸ ਸੰਪ੍ਰਦਾਇ ਦਾ ਜਨਮ 12ਵੀਂ ਸਦੀ ਵਿਚ ਹੋਇਆ। ਖਵਾਜਾ ਮੁਹਨੁਦੀਨ ਭਾਰਤ ਵਿਚ ਇਸਦੇ ਪਹਿਲੇ ਪ੍ਰਚਾਰਕ ਸਨ। ਸੰਸਾਰ ਤੋਂ ਉਦਾਸੀਨਤਾ ਤੇ ਪਰਮੇਸ਼ਰ ਦੀ ਪ੍ਰਾਪਤੀ ਇਨ੍ਹਾਂ ਦਾ ਉਦੇਸ਼ ਸੀ। ਸੂਫ਼ੀ ਏਕੇਸ਼ਵਰ-ਵਾਦ ਵਿੱਚ ਵਿਸ਼ਵਾਸ ਰੱਖਦੇ ਹਨ। ਉਹ ਪਰਮਾਤਮਾ ਨੂੰ ਸਰਵ-ਵਿਆਪਕ ਮੰਨਦੇ ਹਨ। ਪ੍ਰਭੂ ਪ੍ਰਾਪਤੀ ਲਈ ਪ੍ਰਭੂ ਦੇ ਪਿਆਰਿਆਂ ਨਾਲ ਪਿਆਰ ਉਨ੍ਹਾਂ ਲਈ ਜ਼ਰੂਰੀ ਹੈ। ਸੂਫ਼ੀਆਂ ਦੀ ਸਾਧਨਾ ਪ੍ਰੇਮ-ਸਾਧਨਾ ਹੈ। ਡਾ. ਗੋਬਿੰਦ ਤ੍ਰਿਗੁਣਾਇਤ ਸੂਫ਼ੀ ਰਹੱਸਵਾਦ ਦੀਆਂ ਚਾਰ ਵਿਸ਼ੇਸ਼ਤਾਵਾਂ ਦੱਸਦੇ ਹਨ। ਪ੍ਰੇਮ, ਵਿਰਹੋਂ, ਸੁਰਾ ਅਤੇ ਉਪਭਾਵੁਕਤਾ।[118]

ਸੂਫ਼ੀ ਮੱਤ ਉੱਤੇ ਸੱਭ ਤੋਂ ਪਹਿਲਾ ਪ੍ਰਭਾਵ ਈਸਾਈ ਮੱਤ ਦਾ ਸੀ। ਨਿਮਰਤਾ, ਤਿਆਗ, ਰਜ਼ਾ ਵਿਚ ਰਾਜ਼ੀ ਰਹਿਣਾ ਤੇ ਜਪ, ਤਪ ਦੇ ਢੰਗ ਈਸਾਈ ਮੱਤ ਦੇ ਪ੍ਰਭਾਵ ਦਾ ਹੀ ਨਤੀਜਾ ਸਨ। ਮੱਠਵਾਦ, ਬ੍ਰਹਮਚਾਰਜ ਬੋਧੀ ਮੱਤ ਦਾ ਪ੍ਰਭਾਵ ਸੀ। ਬਗਦਾਦ ਜੋ ਸਾਹਿੱਤ, ਧਰਮ, ਕਾਨੂੰਨ ਤੇ ਦਰਸ਼ਨ ਦਾ ਗੜ੍ਹ ਸੀ, ਵਿਚ ਭਾਰਤੀ ਵਿਚਾਰਾਂ ਦੇ ਪਰਛਾਵੇਂ ਵੀ ਪੈਂਦੇ ਸਨ। ਇਥੇ ਸੂਫ਼ੀ ਮਤ

ਆਪਣੀ ਜ਼ੁਹਦ, ਇਬਾਦਤ ਤੇ ਮੌਤ ਦੇ ਭੈਅ ਵਾਲੀ ਅਵਸਥਾ ਵਿਚੋਂ ਨਿਕਲ ਕੇ ਈਰਾਨੀਆਂ ਦੀ ਕੋਮਲਤਾ, ਯੂਨਾਨ ਦੇ ਨਵ-ਅਫਲਾਤੂਨੀਆਂ ਦੀ ਹੁਸਨ-ਪ੍ਰਸਤੀ, ਸੰਸਾਰ ਤੋਂ ਪਰਮਾਤਮਾ ਦੇ ਨੂਰ ਪ੍ਰਕਾਸ਼ ਅਤੇ ਭਾਰਤੀਆਂ ਦੇ ਸਰਵ-ਈਸ਼ਵਰਵਾਦ ਦੇ ਸਿਧਾਂਤ ਅਪਣਾਉਣ ਲੱਗਾ। ਸੂਫੀਆਂ ਉੱਤੇ ਅਗਲਾ ਪ੍ਰਭਾਵ ਭਾਰਤੀ ਦਰਸ਼ਨ ਅਤੇ ਵੇਦਾਂਤ ਦਾ ਸੀ। ਵਿਦਵਾਨਾਂ ਦਾ ਵਿਚਾਰ ਹੈ ਕਿ ਸੂਫੀਆਂ ਦੇ 'ਹਮਾ ਅਜ਼ੋਸਤ ਤੇ ਹਮਾ ਓਸਤ' ਦੇ ਸਿਧਾਂਤ ਤੇ ਵੇਦਾਂਤ ਦਾ ਅਸਰ ਹੈ। ਡਾ. ਪਰਮਿੰਦਰ ਸਿੰਘ 'ਪੰਜਾਬੀ ਸਾਹਿਤ ਦਾ ਇਤਿਹਾਸ' ਵਿਚ ਲਿਖਦੇ ਹਨ ਕਿ ਸੂਫੀ ਮੱਤ ਵਿਚ ਭਾਰਤੀ ਵੇਦਾਂਤ ਤੇ ਭਗਵਤਵਾਦ ਦੇ ਪ੍ਰਭਾਵ ਨੇ ਰੂਪ ਤੇ ਵਿਸ਼ੇ ਦੇ ਪੱਖ ਤੋਂ ਕਾਫੀ ਤਬਦੀਲੀ ਲਿਆਂਦੀ।[119]

ਸੂਫੀਆਂ ਉੱਤੇ ਭਾਰਤੀਆਂ ਦੇ ਪ੍ਰੇਮ ਮਾਰਗ ਦਾ ਵੀ ਅਸਰ ਪਿਆ। ਸੂਫੀਆਂ ਉੱਪਰ ਭਾਰਤ ਦੇ ਜੋਗੀਆਂ ਨਾਥਾਂ ਦਾ ਅਸਰ ਵੀ ਪਿਆ। ਸ਼ੰਕਰ ਦੇ ਵਿਚਾਰ ਸੂਫੀ ਵਿਚਾਰਧਾਰਾ ਵਿਚ ਆ ਸਮੋਏ। ਆਤਮਾ ਅਤੇ ਬ੍ਰਹਮ ਦੀ ਇਕਸੁਰਤਾ ਨੂੰ ਹੀ ਉਹ ਫਨਾ ਫਿੱਲਾ ਅਤੇ ਬਕਾ ਬਿੱਲਾ ਦੇ ਨਾਂ ਨਾਲ ਪੁਕਾਰਦੇ ਹਨ। ਰਾਮਾਨੰਦ ਦੀ ਭਗਤੀ ਲਹਿਰ ਚੱਲਣ ਸਮੇਂ ਸੂਫੀਆਂ ਦੇ ਪੈਰ ਭਾਰਤ ਵਿਚ ਕਾਫ਼ੀ ਜੰਮ ਗਏ ਸਨ।[120]

ਸੂਫੀਆਂ ਦੀ ਪ੍ਰੇਮ ਸਾਧਨਾ ਵਿਚ ਪ੍ਰੇਮ ਨਿਰਾਕਾਰ ਪ੍ਰਭੂ ਨੂੰ ਆਲੰਬਨ ਬਣਾਉਂਦਾ ਹੈ। ਸੂਫੀ ਇਸ਼ਕ ਤੋਂ ਬਾਅਦ ਬਿਰਹੋਂ ਨੂੰ ਪ੍ਰਭੂ ਦੇ ਵਸਲ ਲਈ ਜ਼ਰੂਰੀ ਮੰਨਦੇ ਹਨ। ਸਮੁੱਚੇ ਸੋਚ ਵਿਚਾਰ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਸੂਫੀ ਕਾਵਿ ਧਾਰਾ ਮਹੱਤਵਪੂਰਨ ਕਾਵਿ ਧਾਰਾ ਹੋਣ ਦੇ ਬਾਵਜੂਦ ਵੀ ਇਸਨੇ ਇਸਾਈ ਤੇ ਬੋਧੀ ਮੱਤ ਦਾ ਪ੍ਰਭਾਵ ਗ੍ਰਹਿਣ ਕੀਤਾ ਪਰ ਇਸ ਨੇ ਸੰਤ ਮੱਤ ਤੇ ਕੋਈ ਖਾਸ ਪ੍ਰਭਾਵ ਨਹੀਂ ਪਾਇਆ।

## ਨਿਰਗੁਣ ਕਾਵਿ ਧਾਰਾ

ਇਹ ਕਾਵਿ ਧਾਰਾ ਮੱਧਕਾਲ ਦੀ ਮਹੱਤਵਪੂਰਨ ਕਾਵਿਧਾਰਾ ਹੈ। ਇਸ ਕਾਵਿ ਧਾਰਾ ਦਾ ਮੁੱਖ ਗ੍ਰੰਥ ਸ਼੍ਰੀ ਗੁਰੂ ਗ੍ਰੰਥ ਸਾਹਿਬ ਹੈ। ਇਸ ਕਾਵਿਧਾਰਾ ਵਿੱਚ ਸੰਤ ਨਾਮਦੇਵ,ਕਬੀਰ, ਰਵਿਦਾਸ,ਪੀਪਾ, ਸੈਨ, ਤ੍ਰਿਲੋਚਨ ਆਦਿ ਕਵੀਆਂ ਤੋਂ ਬਿਨ੍ਹਾਂ ਗੁਰੂਆਂ ਦੀ ਬਾਣੀ ਸ਼ਾਮਲ ਹੈ। ਡਾ. ਪਰਮਿੰਦਰ ਸਿੰਘ ਗੁਰੂ ਨਾਨਕ ਕਾਲ ਵਿੱਚ ਰਚੇ ਗਏ ਸਾਹਿਤ ਬਾਰੇ ਲਿਖਦੇ ਹਨ ਕਿ ਗੁਰੂ ਨਾਨਕ ਕਾਲ ਵਿਚ ਰਚੇ ਗਏ ਸਮੁੱਚੇ ਸਾਹਿਤ ਵਿਚੋਂ ਸੱਭ ਤੋਂ ਸ੍ਰੇਸ਼ਠ ਰਚਨਾ ਗੁਰੂ ਸਾਹਿਬਾਨ ਦੀ ਬਾਣੀ ਹੈ, ਜਿਹੜੀ 'ਆਦਿ ਗ੍ਰੰਥ' ਵਿਚ ਸੰਕਲਿਤ ਕੀਤੀ ਗਈ। ਇਹ ਬਾਣੀ ਆਪਣੀ ਸਿਧਾਂਤਕ ਪਕਿਆਈ ਤੇ ਕਲਾਗਤ ਨਿਪੁੰਨਤਾ ਕਰਕੇ, ਮੱਧਕਾਲ ਦੇ ਸਮੁੱਚੇ ਅਧਿਆਤਮਿਕ ਸਾਹਿਤ ਵਿਚ ਇੱਕ ਵਿਸ਼ੇਸ਼ ਸਥਾਨ ਰੱਖਦੀ ਹੈ। ਜਿੱਥੇ ਇਹ ਰਚਨਾ ਭਗਤੀ ਮੱਤ ਦੇ ਆਸ਼ਿਆਂ ਦੇ ਅਨੁਕੂਲ ਰਚੀ ਗਈ, ਉੱਥੇ ਇਸ ਦੀ ਇੱਕ ਵਿਲੱਖਣਤਾ ਇਹ ਹੈ ਕਿ ਲੋਕ-ਜੀਵਨ ਦੇ ਵੱਧ ਤੋਂ ਵੱਧ

ਨਿਕਟ ਹੈ ਤੇ ਲੋਕ ਭਾਸ਼ਾ ਤੇ ਪ੍ਰਚੱਲਿਤ ਕਾਵਿ-ਰੂਪਾਂ ਵਿਚ ਹੋਣ ਕਰਕੇ, ਲੋਕਮਨਾਂ ਨੂੰ ਵੱਧ ਤੋਂ ਵੱਧ ਖਿੱਚ ਪਾਉਂਦੀ ਅਤੇ ਸਮਾਜਿਕ, ਸੱਭਿਆਚਾਰਿਕ ਤੇ ਧਾਰਮਿਕ ਖੇਤਰਾਂ ਵਿਚ ਉਨ੍ਹਾਂ ਦੀ ਵੱਧ ਤੋਂ ਵੱਧ ਅਗਵਾਈ ਕਰਦੀ ਹੈ।[121]

ਨਿਰਗੁਣ ਭਗਤੀ ਆਪਣੇ ਸਮੇਂ ਦੀਆਂ ਪ੍ਰਚੱਲਿਤ ਧਾਰਾਵਾਂ ਦਾ ਸਾਰਤੱਤ ਹੈ। ਇਸ ਵਿੱਚ ਸੰਤ ਕਵੀਆਂ ਨੇ ਆਪਣੇ ਮੌਲਿਕ ਅਨੁਭਵ ਮਿਲਾ ਕੇ ਨਵੀਨ ਭਗਤੀ ਤਿਆਰ ਕੀਤੀ। ਸੰਤ ਮੱਤ ਵਿਚ 'ਨਾਮ' ਨੂੰ ਵਿਸ਼ੇਸ਼ ਥਾਂ ਪ੍ਰਾਪਤ ਹੈ। ਸੰਤਾਂ ਨੇ ਕਾਰ-ਵਿਹਾਰ ਕਰਦਿਆਂ ਗ੍ਰਿਹਸਥ ਵਿਚ ਰਹਿਕੇ ਹੀ ਨਾਮ ਸਿਮਰਨ ਦਾ ਉਪਦੇਸ਼ ਦਿੱਤਾ ਹੈ। ਸੰਤ ਮੱਤ ਅਨੁਸਾਰ ਸ੍ਰਿਸ਼ਟੀ ਦਾ ਆਦਿ ਕਾਰਣ 'ਸ਼ਬਦ' ਹੈ। ਸੰਤਾਂ ਦੁਆਰਾ ਦਰਸਾਇਆ ਬ੍ਰਹਮ, ਅੱਖਰ, ਸ਼ਬਦ, ਸਤਿਨਾਮ, ਕਰਤਾ-ਪੁਰਖ, ਅਕਾਲ ਮੂਰਤਿ, ਅਗਮ-ਅਗੋਚਰ, ਨਿਰਗੁਣ, ਸਰਗੁਣ, ਪਰਮਾਨੰਦ ਆਦਿ ਹੈ।

ਨਾਥ ਪੰਥ ਦੀ ਸਾਧਨਾ ਪੱਧਤੀ ਨੇ ਕੁਝ ਹੱਦ ਤੱਕ ਸੰਤ ਸਾਹਿਤ ਨੂੰ ਪ੍ਰਭਾਵਿਤ ਕੀਤਾ, ਪਰ ਸੂਫ਼ੀ ਮੱਤ ਦਾ ਸਪਸ਼ਟ ਰੂਪ ਵਿਚ ਸੰਤ ਮੱਤ ਨੇ ਕੋਈ ਪ੍ਰਭਾਵ ਗ੍ਰਹਿਣ ਨਹੀਂ ਕੀਤਾ। ਸੂਫ਼ੀ ਸਾਹਿਤ ਦਾ ਪ੍ਰੇਮ ਤੱਤ ਹੀ ਸੰਤ ਸਾਹਿਤ ਵਿਚ ਸ਼ਾਮਲ ਹੈ ਜੋ ਵੈਸ਼ਣਵ ਭਗਤੀ ਦਾ ਹਿੱਸਾ ਵੀ ਹੈ। ਮਧਕਾਲੀਨ ਸੰਤ ਸਾਧਨਾਂ ਦੀਆਂ ਕੁਝ ਸਾਂਝੀਆਂ ਗੱਲਾਂ ਇੱਕ ਈਸ਼ਵਰਵਾਦ, ਨਾਮ ਸਿਮਰਨ ਗਿਆਨ, ਕਰਮ ਅਤੇ ਭਗਤੀ ਦਾ ਸੁਮੇਲ, ਗੁਰੂ ਮਹਿਮਾ, ਸਹਿਜ ਮਾਰਗ ਕਰਮਕਾਂਡਾਂ ਦਾ ਵਿਰੋਧ, ਜਾਤਪਾਤ ਦਾ ਵਿਰੋਧ, ਹਿੰਦੂ-ਮੁਸਲਿਮ ਏਕਤਾ ਅਤੇ ਕਰਨੀ ਤੇ ਕਥਨੀ ਦਾ ਸੁਮੇਲ ਆਦਿ ਦਾ ਪ੍ਰਚਾਰ ਤੇ ਪ੍ਰਸਾਰ ਸੰਤ ਕਵੀਆਂ ਨੇ ਕੀਤਾ। ਸੰਤ ਸਾਹਿਤ ਵਿਚੋਂ ਗੁਰਮਤਿ ਸਾਹਿਤ ਬਾਰੇ ਡਾ. ਮੋਹਨ ਸਿੰਘ ਦਾ ਕਹਿਣਾ ਹੈ ਕਿ ਗੁਰੂ ਸਾਹਿਬਾਨ ਨੇ ਉੱਚੇ ਆਦਰਸ਼ਾਂ ਨੂੰ ਹਮੇਸ਼ਾ ਸਾਮ੍ਹਣੇ ਰੱਖਿਆ। ਉਹ ਮਨੁੱਖੀ ਆਤਮਾਵਾਂ ਦੇ ਉਸਰਈਏ ਸਨ। ਉਹ ਨਾ ਕੇਵਲ ਪੈਗ਼ੰਬਰ ਦੇ ਦਰਸ਼ਕ ਸਨ, ਸਗੋਂ ਅਜਿਹੇ ਘਾੜੇ ਸਨ, ਜਿਨ੍ਹਾਂ ਨੇ ਮਨੁੱਖੀ ਜੀਵਨ ਨੂੰ ਨਵਾਂ ਰੂਪ ਦਿੱਤਾ।[122]

ਕਿਹਾ ਜਾ ਸਕਦਾ ਹੈ ਕਿ ਮੱਧਕਾਲ ਵਿੱਚ ਚੱਲੀਆਂ ਭਗਤੀ ਲਹਿਰਾਂ ਵਿੱਚੋਂ ਸੰਤ ਲਹਿਰ ਜਾਂ ਨਿਰਗੁਣ ਭਗਤੀ 'ਕਾਵਿਧਾਰਾ' ਨੇ ਮਨੁੱਖੀ ਆਸ਼ਿਆਂ ਤੇ ਆਦਰਸ਼ਾਂ ਨੂੰ ਸਾਹਮਣੇ ਰੱਖਦਿਆਂ ਆਮ ਜਨਤਾ ਤੇ ਬੱਝਵਾਂ ਪ੍ਰਭਾਵ ਪਾਇਆ ਅਤੇ ਜਨਤਾ ਨੂੰ ਨਵਾਂ ਮਾਰਗ ਦਿੱਤਾ। ਇਸ ਸੰਤ ਕਾਵਿਧਾਰਾ ਨੇ ਆਪਣੀ ਪਵਿੱਤਰ ਬਾਣੀ ਨਾਲ ਲੋਕਾਂ ਦੇ ਤਪਦਿਆਂ ਹਿਰਦਿਆਂ ਨੂੰ ਤੇ ਧਰਤੀ ਦੇ ਕਣ ਕਣ ਨੂੰ ਨਾਮਰਸ ਨਾਲ ਸਿੰਜਿਆ। ਗੁਰਮਤ ਸਾਹਿਤ ਵਿਚ ਜਿੱਥੇ ਜੀਵਨ ਦੀਆਂ ਅਮਰ ਸਚਾਈਆਂ ਰੂਪਮਾਨ ਕੀਤੀਆਂ ਗਈਆਂ ਹਨ, ਉਥੇ ਜੀਵਨ ਦੀ ਨਿਝੱਕ ਆਲੋਚਨਾ ਵੀ ਕੀਤੀ ਗਈ ਹੈ। ਤੇ ਗਲਤ ਕੀਮਤਾਂ ਦਾ ਜੋਰਦਾਰ ਭਾਸ਼ਾ ਵਿਚ ਖੰਡਨ ਵੀ ਕੀਤਾ ਗਿਆ ਹੈ।[123]

## ਧਾਰਮਿਕ ਜਾਗ੍ਰਿਤੀਵਾਦ ਅਤੇ ਨੈਤਿਕ ਤੇ ਭੇਤਵਾਦੀ ਪ੍ਰਵਿਰਤੀਆਂ ਦਾ ਵਿਕਾਸ

ਇਹ ਪ੍ਰਵਿਰਤੀਆਂ ਭਾਰਤ ਤੇ ਇਸਲਾਮ ਧਰਮ ਦੇ ਹਮਲੇ ਤੋਂ ਬਾਅਦ ਪੈਦਾ ਹੋਈਆਂ। ਇਨ੍ਹਾਂ ਵਿਚ ਸੰਤ ਪਰੰਪਰਾ ਤੇ ਭਗਤ ਪਰੰਪਰਾ ਦੋ ਪ੍ਰਸਿੱਧ ਲਹਿਰਾਂ ਹਨ। ਸੰਤ ਪਰੰਪਰਾ ਵਿੱਚ, ਰਾਮਾਨੰਦ, ਕਬੀਰ, ਰਵਿਦਾਸ,ਨਾਮਦੇਵ ਤੇ ਗੁਰੂ ਨਾਨਕ ਦੇਵ ਜੀ ਆਉਦੇ ਹਨ।

ਭਗਤ ਪਰੰਪਰਾ ਵਿਚ ਸੂਰਦਾਸ, ਰਸਖਾਨ,ਮੀਰਾਂ, ਅਤੇ ਤੁਲਸੀਦਾਸ ਜੀ ਆਉਦੇ ਹਨ। ਸੰਤ ਪਰੰਪਰਾ ਵਿੱਚ ਨਿਰਾਕਾਰ ਪਰਮਾਤਮਾ ਦੀ ਭਗਤੀ ਕੀਤੀ ਜਾਂਦੀ ਹੈ ਅਤੇ ਭਗਤ ਪਰੰਪਰਾ ਵਿਚ ਸ੍ਰੀ ਕ੍ਰਿਸ਼ਨ ਤੇ ਸ੍ਰੀ ਰਾਮ ਅਵਤਾਰ ਦੀ ਭਗਤੀ ਕੀਤੀ ਜਾਂਦੀ ਹੈ। ਨਾਨਕ ਕਾਲ ਤੋਂ ਪਹਿਲਾਂ ਪੰਜਾਬ ਵਿਚ ਭਗਤੀ ਲਹਿਰ ਪ੍ਰਵੇਸ਼ ਕਰ ਚੁੱਕੀ ਸੀ ---- ਇਸ ਮੱਧਯੁੱਗ ਦਾ ਪਸਾਰਾ ਅੱਠਵੀਂ ਤੋਂ ਲੈ ਕੇ ਅਠਾਰਵੀਂ ਸਦੀ ਤੱਕ ਮੰਨਿਆ ਜਾਂਦਾ ਹੈ। ਪਹਿਲੇ ਪੰਜ ਸੌ ਸਾਲਾਂ ਵਿੱਚ ਇਸਲਾਮ ਦੱਖਣ, ਸਿੰਧ ਅਤੇ ਉੱਤਰ-ਪੱਛਮੀ ਸੀਮਾ ਵਲੋਂ ਭਾਰਤ ਵਿਚ ਦਾਖਲ ਹੋਇਆ ਅਤੇ ਪਿਛਲੇ ਪੰਜ ਸੌ ਸਾਲਾਂ ਵਿਚ ਇਹ ਧਰਮ ਰਾਜ ਸ਼ਕਤੀ ਦੇ ਰੂਪ ਵਿੱਚ ਸਾਰੇ ਭਾਰਤ ਉਤੇ ਛਾ ਗਿਆ।[124]

ਭਗਤ ਰਾਮਾਨੰਦ ਨੇ ਭਗਤੀ ਲਹਿਰ ਨੂੰ ਇੱਕ ਨਵੀਂ ਰੰਗਣ ਦਿੱਤੀ। ਇਸ ਵਿਚ ਨਵਾਂ ਬਲ ਭਰਿਆ। ਮਧ ਸਮੇਂ ਦੀ ਭਗਤੀ ਲਹਿਰ ਵਿਚ ਪਲਟਾ ਆਇਆ। ਰਾਮਾਨੰਦ ਨੇ ਕ੍ਰਿਸ਼ਨ ਲੀਲਾ ਅਤੇ ਰਾਸਾਂ ਵਾਲੇ ਹਿੰਦੂ ਸਮਾਜ ਵਿਚ ਗਿਰਾਵਟ ਆਉਂਦੀ ਵੇਖਕੇ ਰਾਮ ਭਗਤੀ ਦਾ ਪ੍ਰਚਾਰ ਕੀਤਾ। ਇਸ ਪਰਚਾਰ ਨੇ ਕੌਮੀ ਸਦਾਚਾਰ ਨੂੰ ਉਚਿਆਂ ਕੀਤਾ।

ਰਾਮਾਨੰਦ ਨੇ ਜਾਤਪਾਤ ਦੇ ਬੰਧਨਾਂ ਨੂੰ ਤਿਆਗ ਕੇ ਨੀਚ ਜਾਤੀਆਂ ਦੇ ਬੰਦਿਆਂ ਨੂੰ ਗੁਰ-ਮੰਤਰ ਦਿੱਤਾ। ਕਬੀਰ ਤੇ ਰਵਿਦਾਸ ਵਰਗੇ ਪ੍ਰਸਿੱਧ ਭਗਤ ਉਸਦੇ ਚੇਲੇ ਸਨ। ਉਸਦੇ ਕੁੱਝ ਚੇਲਿਆਂ ਨੇ ਇਸ ਦਾ ਵਿਰੋਧ ਕੀਤਾ। ਜਿਸ ਕਾਰਣ ਰਾਮਾਨੰਦ ਤੋਂ ਮਗਰੋਂ ਉਸਦੇ ਚੇਲੇ ਦੋ ਹਿੱਸਿਆਂ ਵਿਚ ਵੰਡੇ ਗਏ। ਰਾਮਾਨੰਦ ਦੇ ਵਿਚਾਰਾਂ ਵਿਚ ਵੀ ਵਿਕਾਸ ਹੋਇਆ। ਇਕ ਕੱਟੜ ਵੈਸ਼ਨਵ ਤੋਂ ਨਿਰਗੁਣ ਸੰਪ੍ਰਦਾਇ ਦਾ ਧਾਰਨੀ ਹੋਇਆ। ਕਬੀਰ, ਰਵਿਦਾਸ,ਪੀਪਾ,ਧੰਨਾ ਆਦਿ ਨਿਰਗੁਣ ਸੰਪਰਦਾਇ ਨਾਲ ਸੰਬੰਧਤ ਸਨ। ਇਨ੍ਹਾਂ ਦੋਹਾਂ ਸਾਖਾਂ ਦੇ ਭਗਤਾਂ ਨੇ ਪੰਜਾਬ ਦੇ ਜੀਵਨ ਨੂੰ ਪ੍ਰਭਾਵਤ ਕੀਤਾ।[125]

ਇਕ ਧਿਰ ਲੋਕਾਂ ਦੀ ਰੁਚੀ ਅਵਤਾਰਾਂ ਦੀ ਭਗਤੀ ਵਲ ਸੀ। ਭਗਵਤ ਪੁਰਾਣ ਤੇ ਰਾਮਾਇਣ ਦੀਆਂ ਕਥਾ ਕਹਾਣੀਆਂ ਆਮ ਪ੍ਰਚਲਿਤ ਸਨ। ਮਹਾਰਾਸ਼ਟਰ ਦਾ ਪ੍ਰਸਿੱਧ ਭਗਤ ਨਾਮਦੇਵ ਪੰਜਾਬ ਆਇਆ। ਉਹ ਪਹਿਲਾਂ ਵੈਸ਼ਨਵ ਸੀ ਪਰ ਗੁਰੂ ਗ੍ਰੰਥ ਵਿਚ ਉਨ੍ਹਾਂ ਦੀ ਬਾਣੀ ਆਉਣ ਤੋਂ ਪਤਾ ਲੱਗਦਾ ਹੈ ਕਿ ਉਹ ਬਾਅਦ ਵਿਚ ਨਿਰਗੁਣ ਬ੍ਰਹਮ ਦਾ ਉਪਾਸ਼ਕ ਬਣ ਗਿਆ ਸੀ। ਕਬੀਰ ਵੀ ਹੋ ਸਕਦਾ ਹੈ ਕਿ ਪੰਦਰਵੀਂ ਸਦੀ ਵਿਚ ਹੀ ਆਪਣੇ ਚੇਲਿਆਂ ਸਮੇਤ ਪੰਜਾਬ ਵਿਚ ਆਇਆ ਹੋਵੇ। ਸ੍ਰੀ ਪਰਸ਼ੂ ਰਾਮ ਚਤੁਰਵੇਦੀ ਨੇ ਵੀ ਕਬੀਰ ਜੀ ਦੀਆਂ ਪੰਜਾਬ ਯਾਤਰਾਵਾਂ ਦੀ ਚਰਚਾ ਕੀਤੀ ਹੈ।[126]

ਨਾਮਦੇਵ ਅਤੇ ਸ਼ਾਇਦ ਕਬੀਰ ਦਾ ਪੰਜਾਬ ਵਿਚ ਆਉਣਾ ਇਹ ਦਰਸਾਂਦਾ ਹੈ ਕਿ ਗੁਰੂ ਨਾਨਕ ਦੇ ਆਉਣ ਤੋਂ ਪਹਿਲਾਂ ਪੰਜਾਬ ਵਿਚ ਨਿਰਗੁਣ ਸੰਪ੍ਰਦਾਇ ਦਾ ਬੀਜ ਬੋਇਆ ਜਾ ਚੁੱਕਾ ਸੀ। ਇਕ ਧਿਰ ਅਵਤਾਰਵਾਦ ਦੇ ਹਾਮੀ ਪੰਜਾਬ ਦੇ ਨਿਵਾਸੀ ਸਨ ਅਤੇ ਦੂਜੀ ਧਿਰ ਇਕ ਬ੍ਰਹਮ ਦੇ ਉਪਾਸ਼ਕ।[127] ਸ੍ਰੀ ਗੁਰੂ ਨਾਨਕ ਦੇਵ ਜੀ ਦੀ ਧੁਰ ਦੀ ਬਾਣੀ ਨਾਲ ਜਿਥੇ ਨਿਰਗੁਣ ਸੰਪ੍ਰਦਾਇ ਆਪਣੇ ਜੋਬਨ ਤੇ ਪਹੁੰਚੀ, ਉਥੇ ਸਿੱਖ ਧਰਮ ਦਾ ਵਿਕਾਸ ਵੀ ਹੋਇਆ। ਜਿਸ ਵਿੱਚ ਵਿਖਾਵੇ ਤੋਂ ਰਹਿਤ ਸ਼ੁੱਭ-ਕਰਮ, ਸੇਵਾ ਤੇ ਨਾਮ ਸਿਮਰਨ ਦੁਆਰਾ ਪਰਮ ਜੋਤੀ ਤੱਕ ਪਹੁੰਚਣ ਦਾ ਰਸਤਾ ਦੱਸਿਆ ਗਿਆ ਹੈ। ਭਗਤ ਪਰੰਪਰਾ ਵਿਚ ਭਗਤੀ ਤੇ ਪ੍ਰੇਮ ਦਾ ਸਿਮਰਨ ਹੈ, ਜਿਹੜਾ ਪਰਮਾਤਮਾ ਤੱਕ ਪਹੁੰਚਣ ਦਾ ਇਕ ਮਾਤਰ ਰਸਤਾ ਮੰਨਿਆ ਗਿਆ ਹੈ।

ਇਸ ਭਗਤੀ ਅੰਦੋਲਨ ਦੇ ਤਿੰਨ ਮੁਖ ਲੱਛਣ ਸਨ, ਸਾਂਤੀ, ਉਦਾਰਤਾ ਤੇ ਨਿਰਲੇਪਤਾ ਸਾਂਤੀ ਦਾ ਭਾਵ ਪੁਰਾਣਾ ਉਪਨਿਸ਼ਦਕ ਭਾਵ ਹੈ। ਇਸ ਭਾਵ ਦੇ ਅਧੀਨ ਭਗਤ, ਮਹਾਤਮਾ, ਤੁਰਕ ਜਾਂ ਮੁਗਲ ਸਾਮਰਾਜ ਨਾਲ ਆਢਾ ਲਾਉਣ ਨੂੰ ਕੋਈ ਜ਼ਰੂਰੀ ਜਾਂ ਉੱਤਮ ਕਰਮ ਨਹੀਂ ਸਨ ਸਮਝਦੇ। ਰਾਜ ਇਕ ਘਟੀਆ ਸੰਸਾਰਕ ਕਰਮ ਹੈ:-

1. ਏ ਭੂਪਤਿ ਸਭ ਦਿਵਸ ਚਾਰ ਕੇ
   ਝੂਠੇ ਕਰਤ ਦਿਵਾਜਾ।[128]
2. ਰਾਜ ਨ ਚਾਹਉ, ਮੁਕਤ ਨ ਚਾਹਉ।[129]

ਜੇ ਇਕ ਉਦਾਰਤਾਵਾਦੀ ਮਨੁੱਖ ਵਪਾਰ ਤੇ ਲੋਭਾਂ ਨੂੰ ਤਿਆਗਣਾ ਉਚਿਤ ਸਮਝਦਾ ਹੈ ਤਾਂ ਰਾਜ ਦੇ ਲੋਭਾਂ ਨੂੰ ਤਿਆਗਣਾ ਵੀ ਉਤਨਾ ਹੀ ਯੋਗ ਹੈ। ਰਾਜ ਦੇ ਉਚ ਅਧਿਕਾਰੀ ਹਿੰਦੂ, ਰਾਜਪੂਤ ਕਸ਼ੱਤਰੀ, ਤੁਰਕ, ਮੁਗਲ ਜਾਂ ਪਠਾਣ ਹੋਣ ਦਾ ਜਨ ਸਾਧਾਰਣ ਨੂੰ ਕੋਈ ਫਰਕ ਨਹੀਂ ਪੈਂਦਾ:-

ਖੂਬ ਤੇਰੀ ਪਗਰੀ ਮੀਠੇ ਤੇਰੇ ਬੋਲ।
ਦੁਆਰਕਾ ਨਗਰੀ ਕਾਹਕੇ ਮਗੋਲ।[130]

ਭਗਤੀ ਦੀ ਉਦਾਰਤਾ ਵਜੋਂ ਭਗਤਾਂ ਨੂੰ ਸਾਰੇ ਮਨੁੱਖ ਇੱਕ ਨਜ਼ਰ ਆਉਂਦੇ ਸਨ। ਕਬੀਰ ਵਰਗਾ ਭਗਤ ਤਾਂ ਇਸ ਸਮਤਾ ਨੂੰ ਸਿੱਧ ਕਰਨ ਲਈ ਬ੍ਰਾਹਮਣ ਨੂੰ ਦਿਲ ਦੁਖਾਵੇਂ ਸ਼ਬਦ ਕਹਿਣ ਤੋਂ ਵੀ ਸੰਕੋਚ ਨਹੀਂ ਕਰਦਾ, ਪਰ ਰਵਿਦਾਸ ਨੇ ਨਰਮ ਭਾਸ਼ਾ ਵਰਤੀ ਹੈ। ਇਸ ਉਦਾਰਤਾ ਦੇ ਅਧੀਨ ਭਗਤ ਜਨ ਇਸਲਾਮੀ ਵਿਚਾਰਾਂ, ਧਾਰਨਾਵਾਂ ਆਦਿ ਤੋਂ ਕੰਨੀ ਨਹੀਂ ਕਤਰਾਂਦੇ। ਪਰ ਕਬੀਰ ਵਿਚ ਇਹ ਕਾਜੀ ਵਿਰੋਧ ਵੀ ਬਹੁਤ ਤਕੜਾ ਹੈ:-

1. ਤੁਮ ਕਤ ਬ੍ਰਾਹਮਣ ਹਮ ਕਤ ਸੂਦ, ਹਮ ਕਤ ਲੋਹੂ ਤੁਮ ਕਤ ਦੂਧ।
   ਜਉ ਤੂੰ ਬ੍ਰਾਹਮਣ ਬ੍ਰਹਮਣੀ ਜਾਇਆ, ਤਉ ਆਨਿ ਬਾਟਿ ਕਾਹੇ ਨਹੀਂ ਆਇਆ।[131]
2. ਨੀਚਹੁ ਊਚ ਕਰਹਿ ਮੇਰਾ ਗੋਵਿੰਦ, ਕਾਹੂ ਤੇ ਨ ਡਰੈ।
   ਨਾਮਦੇਵ ਕਬੀਰ ਤਿਲੋਚਨ ਸਧਨਾ ਸੈਨੁ ਤਰੈ।[132]
3. ਕਾਜੀ ਤੇ ਕਵਨ ਕਤੇਬ ਬਖਾਨੀ।
   ਪੜ੍ਹਤ ਗੁਣਤਿ ਐਸੇ ਸਭ ਮਾਰੇ ਕਿਨ ਹੂੰ ਖਬਰ ਨ ਜਾਨੀ।[133]

ਪੰਜਾਬ ਵਿਚ ਭਗਤੀ ਅੰਦੋਲਨ ਨੂੰ ਗੁਰੂ ਨਾਨਕ ਨੇ ਇੱਕ ਵੱਖਰੀ ਰੁਚੀ ਪ੍ਰਦਾਨ ਕੀਤੀ ਪਰ ਗੁਰੂ ਅਰਜਨ ਨੇ ਭਗਤਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਕਰਕੇ ਗੁਰਮਤਿ ਦਾ ਭਗਤੀ ਮੱਤ ਨਾਲ ਸੰਬੰਧ ਸਪੱਸ਼ਟ ਕਰ ਦਿੱਤਾ। ਗੁਰੂ ਨਾਨਕ ਨੇ ਭਗਤੀ ਅੰਦੋਲਨ ਦੇ ਦੋ ਮੁਖ ਆਧਾਰਾਂ ਵੇਦ ਦੀ ਪ੍ਰਮਾਣਿਕਤਾ ਤੇ ਅਵਤਾਰ ਦੇ ਸਿਧਾਂਤ ਨੂੰ ਨਹੀਂ ਮੰਨਿਆ।[134]

ਕਿਹਾ ਜਾਂਦਾ ਹੈ ਕਿ ਮੱਧ ਯੁੱਗ ਵਿਚ ਚੱਲੀਆਂ ਭਗਤੀ ਲਹਿਰਾਂ ਵਿਚੋਂ ਨਿਰਗੁਣ ਸੰਪ੍ਰਦਾਇ ਨੇ ਭਾਰਤੀ ਖਾਸ ਤੌਰ ਤੇ ਪੰਜਾਬੀ ਲੋਕਾਂ ਦੇ ਜੀਵਨ ਵਿਚ ਇਕ ਨਵਾਂ ਮੋੜ ਲਿਆਂਦਾ। ਸੰਤ ਪਰੰਪਰਾ ਵਿਚੋਂ ਰਾਮਾਨੰਦ, ਕਬੀਰ ਰਵਿਦਾਸ ਤੇ ਗੁਰੂ ਨਾਨਕ ਦੀ ਵਿਸ਼ੇਸ਼ ਤੇ ਸਲਾਹੁਣ ਯੋਗ ਦੇਣ ਹੈ।

ਭਾਰਤੀ ਦਰਸ਼ਨ ਪ੍ਰਤੀ ਸੰਖੇਪ ਜਿਹੇ ਵਿਚਾਰ ਤੋਂ ਪਿੱਛੋਂ ਅਸੀਂ ਕਹਿ ਸਕਦੇ ਹਾਂ ਕਿ ਭਾਰਤੀ ਦਰਸ਼ਨ ਪਰੰਪਰਾ ਦਾ ਇਤਿਹਾਸ ਬੜਾ ਡੂੰਘਾ ਹੈ ਤੇ ਇਹ ਪਰੰਪਰਾ ਬੜੀ ਰੋਚਿਕ, ਅਮੀਰ ਤੇ ਗੌਰਵਮਈ ਪਰੰਪਰਾ ਹੈ। ਭਾਵੇਂ ਬਹੁਤੇ ਪੱਛਮੀ ਵਿਦਵਾਨ ਭਾਰਤੀ ਦਰਸ਼ਨ ਦੀ ਭਗਤੀ ਪਰੰਪਰਾ ਦਾ ਸੰਬੰਧ ਵੀ ਈਸਾਈ ਮੱਤ ਨਾਲ ਜੋੜਨ ਦੀ ਅਸਫਲ ਕੋਸ਼ਿਸ਼ ਕਰਦੇ ਹਨ ਤੇ ਇਹ ਠੀਕ ਵੀ ਨਹੀਂ ਹੈ। ਤਾਂ ਵੀ ਇਹ ਮੰਨਣਾ ਹੀ ਠੀਕ ਹੈ ਕਿ ਭਾਰਤ ਹੀ ਦਰਸ਼ਨ ਪਰੰਪਰਾ ਅਤੇ ਅਧਿਆਤਮਿਕ ਸਾਹਿਤ ਦੀ ਜਨਮ ਭੂਮੀ ਹੈ।

ਅਸਲ ਵਿੱਚ ਭਾਰਤੀ ਦਰਸ਼ਨ ਪਰੰਪਰਾ ਦਾ ਆਰੰਭ ਪੂਰਵ-ਵੈਦਿਕ ਕਾਲ ਵਿਚ ਹੋ ਚੁੱਕਾ ਸੀ। ਹੜੱਪਾ ਤੇ ਮੋਹਿੰਜੋਦੜੋ ਦੇ ਥੇਹਾਂ ਦੀ ਖੁਦਾਈ ਤੋਂ ਮਿਲੀ ਸ਼ਿਵ ਦੀ ਮੂਰਤੀ ਇਸ ਗੱਲ ਦਾ ਪ੍ਰਮਾਣ ਹੈ। ਆਰੀਅਨ ਸੱਭਿਅਤਾ ਦੇ ਅੰਤਰਗਤ ਭਾਰਤੀ ਦਰਸ਼ਨ ਦਾ ਮੁੱਢ ਵੇਦਾਂ ਵਿਚ ਹੈ। ਪੁਰਾਣ ਤੇ ਭਾਗਵਤ ਇਸ ਦੇ ਵਿਕਾਸ ਦਾ ਅਗਲਾ ਪੜਾਅ ਤੇ ਸਬੂਤ ਹਨ। ਸੰਤ ਰਵਿਦਾਸ ਦੀ ਬਾਣੀ ਵੀ ਇਸ ਗੱਲ ਦੀ ਪੱਕੀ ਹਾਮੀ ਭਰਦੀ ਹੈ:-

ਵੇਦ ਤੈਂ ਪੁਰਾਨ ਪੁਰਾਨ ਤੈਂ ਭਾਗਵਤ
ਭਾਗਵਤ ਤੇ ਭਗਤਿ ਪ੍ਰਗਟ ਕੀਨੀ।[135]

ਦਰਅਸਲ 7ਵੀਂ ਸਦੀ ਈਸਵੀ ਤੋਂ 14ਵੀਂ ਸਦੀ ਈ. ਤੱਕ ਦਾ ਸਮਾਂ ਭਾਰਤੀ ਦਰਸ਼ਨ ਦੇ ਵਿਕਾਸ ਦਾ ਸੁਨਹਿਰੀ ਸਮਾਂ ਸੀ। ਰਾਮਾਨੁਜ, ਰਾਮਾਨੰਦ,ਮਾਧਵ, ਨਿੰਬਾਰਕ,ਵੱਲਭ ਅਤੇ ਚੈਤੰਨਯ ਆਦਿ ਚਿੰਤਕਾਂ ਨੇ ਯੋਗ ਮਾਰਗ, ਕਰਮ-ਮਾਰਗ, ਗਿਆਨ ਮਾਰਗ ਅਤੇ ਭਗਤੀ ਮਾਰਗ ਰਾਹੀਂ ਮਨੁੱਖੀ ਆਤਮਾ ਦਾ ਪਰਮਾਤਮਾ ਵਿਚ ਲੀਨ ਹੋਣ ਬਾਰੇ ਲੋੜੀਂਦੀ ਸਾਧਨਾ ਪੱਧਤੀ ਦਾ ਜ਼ਿਕਰ ਕੀਤਾ ਹੈ। ਇਸ ਤੋਂ ਅਗਲੇ ਪੜਾਅ ਵਿਚ ਭਗਤੀ ਦੇ ਵਿਕਾਸ ਵਿਚ ਕਬੀਰ, ਰਵਿਦਾਸ ਤੇ ਗੁਰੂ ਨਾਨਕ ਦਾ ਵਿਸ਼ੇਸ਼ ਯੋਗਦਾਨ ਹੈ। ਗੁਰੂ ਰਵਿਦਾਸ ਤੇ ਗੁਰੂ ਨਾਨਕ ਦੀ ਬਾਣੀ ਵਿੱਚ ਭਾਰਤੀ ਦਰਸ਼ਨ ਦੇ ਮਹਾਨ ਅੰਸ਼ ਲੁਪਤ ਹਨ ਅਤੇ ਇਨ੍ਹਾਂ ਦੀ ਬਾਣੀ ਵਿਚ ਨਿਰਗੁਣ ਤੇ ਸਗੁਣ ਭਗਤੀ ਦੋਹਾਂ ਦਾ ਸੁਮੇਲ ਹੈ।

ਇਸ ਸ਼ੋਧ ਪ੍ਰਬੰਧ ਦਾ ਕਾਰਜ ਖੇਤਰ ਮੁੱਖ ਤੌਰ ਤੇ ਗੁਰੂ ਰਵਿਦਾਸ ਤੇ ਗੁਰੂ ਨਾਨਕ ਦੇਵ ਜੀ ਦਾ ਦਾਰਸ਼ਨਿਕ ਦ੍ਰਿਸ਼ਟੀ ਕੋਣ ਤੋਂ ਇੱਕ ਤੁਲਨਾਤਮਕ ਅਧਿਐਨ ਪੇਸ਼ ਕਰਨਾ ਹੈ। ਇਸ ਲਈ ਇਸ ਪਹਿਲੇ ਅਧਿਆਇ ਵਿਚ ਬਹੁਤ ਸੰਖੇਪ ਤੇ ਸੀਮਤ ਰਹਿ ਕੇ ਹੀ ਭਾਰਤੀ ਦਰਸ਼ਨ ਪਰੰਪਰਾ ਤੇ ਵਿਚਾਰ ਕੀਤਾ ਗਿਆ ਹੈ।

## ਟਿੱਪਣੀਆਂ ਤੇ ਹਵਾਲੇ


1 ਤੇ 2. ਡਾ. ਐਸ.ਐਨ. ਗੁਪਤਾ, ਦਰਸ਼ਨ ਸ਼ਾਸਤਰ ਦੀ ਨਵੀਨ ਰੂਪ ਰੇਖਾ, ਪੰਨਾ- 3,8.

3. ਡਾ. ਗ੍ਰੀਅਰਸਨ, 'ਭਗਤੀ ਮਾਰਗ' ਐਨਸਾਈਕਲੋਪੀਡੀਆ ਆਫ਼ ਰਿਲੀਜਨ ਐਂਡ ਐਥਿਕਸ, ਪੰ.544.

4. ਡਾ. ਪੀਤਾਂਬਰ ਦੱਤ ਬੜਥਵਾਲ, 'ਹਿੰਦੀ ਕਾਵਿਯ ਮੇਂ ਨਿਰਗੁਣ ਸੰਪ੍ਰਦਾਇ, ਪੰਨਾ-350-56.

5. ਆਰ.ਡੀ.ਰਾਨਾਡੇ, ਦੀ ਭਗਵਤ ਗੀਤਾ ਐਜ਼ ਏ ਫਿਲਾਸਫ਼ੀ ਆਫ਼ ਗਾਡਰੀਅਲਾਈਜ਼ੇਸ਼ਨ, ਪੰਨਾ-108.

6. ਮੁਨਸ਼ੀ ਰਾਮ ਸ਼ਰਮਾ, ਭਗਤੀ ਕਾ ਵਿਕਾਸ, ਪੰਨਾ- 243.

7. ਹਜ਼ਾਰੀ ਪ੍ਰਸਾਦ ਦਿਵੇਦੀ, ਸੂਰ ਸਾਹਿਤ, ਪੰਨਾ- 17-18.

8. ਡਾ. ਧਰਮਪਾਲ ਸਿੰਗਲ, ਖਾਸੇ ਸ੍ਰੀ ਗੁਰੂ ਰਵਿਦਾਸ ਜੀ, ਪਦ- 117.

9. ਡਾ. ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ ਦਾ ਇਤਿਹਾਸ(ਭਾਗ ਪਹਿਲਾ) ਪੰਨਾ-119.

10. ਤੋਂ 13. ਡਾ. ਐਸ.ਐਨ. ਗੁਪਤਾ, ਦਰਸ਼ਨ ਸ਼ਾਸਤਰ ਦੀ ਨਵੀਨ ਰੂਪ ਰੇਖਾ, ਪੰਨਾ-14,16, 18 ਅਤੇ 70.

14. ਡਾ. ਬਲਦੇਵ ਉਪਾਧਿਆਇ, ਭਾਰਤੀਯ ਦਰਸ਼ਨ, ਪੰਨਾ- 349.

15 ਤੇ 16. ਡਾ. ਐਸ.ਐਨ. ਗੁਪਤਾ, ਦਰਸ਼ਨ ਸ਼ਾਸਤਰ ਦੀ ਨਵੀਨ ਰੂਪ ਰੇਖਾ, ਪੰਨਾ- 126,19.

17. ਡਾ. ਧਰਮਪਾਲ ਸਿੰਗਲ, ਪ੍ਰੋ. ਪੂਰਨ ਸਿੰਘ ਅੰਕ(ਪੰਜਾਬੀ ਦੁਨੀਆਂ) ਪੰਨਾ- 306-07.

18. ਡਾ. ਐਸ.ਐਨ.ਗੁਪਤਾ, ਦਰਸ਼ਨ ਸ਼ਾਸਤਰ ਦੀ ਨਵੀਨ ਰੂਪ ਰੇਖਾ, ਪੰਨਾ- 77.

19. ਡਾ. ਧਰਮਪਾਲ ਸਿੰਗਲ, ਪ੍ਰੋ. ਪੂਰਨ ਸਿੰਘ ਅੰਕ(ਪੰਜਾਬੀ ਦੁਨੀਆਂ) ਪੰਨਾ- 305.

20 ਤੇ 21. ਰਿਗਵੇਦ, 1/165/9, 8/30/1

22. ਡਾ. ਬੀ.ਪੀ.ਸ਼ਰਮਾ, ਹਿੰਦੁਸਤਾਨ ਕੀ ਪੁਰਾਨੀ ਸੱਭਿਅਤਾ, ਪੰਨਾ- 52.

23. ਰਿਗਵੇਦ, 6/2/11

24. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ- 32.

25. ਯਜੁਰਵੇਦ, 1/5/10.

26. ਰਿਗਵੇਦ, 3,44,19,6.

27. ਪਰਸ਼ੂ ਰਾਮ ਚਤੁਰਵੇਦੀ, ਉੱਤਰੀ ਭਾਰਤ ਕੀ ਸੰਤ ਪਰੰਪਰਾ, ਪੰਨਾ- 21.

28. ਤੇ 29. ਡਾ. ਐਸ.ਐਨ. ਗੁਪਤਾ, ਦਰਸ਼ਨ ਸ਼ਾਸਤਰ ਦੀ ਨਵੀਨ ਰੂਪ ਰੇਖਾ, ਪੰਨਾ-30.

30. ਕੁੰਦਰਾ ਬਾਵਾ, ਪ੍ਰਾਚੀਨ ਭਾਰਤ ਦਾ ਇਤਿਹਾਸ, ਪੰਨਾ- 171.

31 ਤੇ 32. ਗੁਰਜੀਤ ਬੁੱਕ ਡਿਪੋ, ਪ੍ਰਾਚੀਨ ਭਾਰਤ ਦਾ ਇਤਿਹਾਸ, ਪੰਨਾ- 171.

33. ਕੁੰਦਰਾ ਬਾਵਾ, ਪ੍ਰਾਚੀਨ ਭਾਰਤ ਦਾ ਇਤਿਹਾਸ, ਪੰਨਾ- 15[illegible].

34 ਤੇ 35. ਐਸ.ਜੀ.ਕਾਲੇ ਕੈਪਰੀ, ਸੋਸ਼ਲ,ਕਲਚਰਲ ਐਂਡ ਇਕਨਾਮਿਕ ਹਿਸਟਰੀ ਆਫ਼ ਇੰਡੀਆ, ਪੰਨਾ- 135.

36. ਡਾ. ਐਸ.ਐਨ.ਗੁਪਤਾ, ਦਰਸ਼ਨ ਸ਼ਾਸਤਰ ਦੀ ਨਵੀਨ ਰੂਪ ਰੇਖਾ, ਪੰਨਾ- 21.

37. ਐਸ.ਸੀ.ਰਾਏ ਚੌਧਰੀ, ਸੋਸ਼ਲ, ਕਲਚਰਲ ਐਂਡ ਇਕਨਾਮਿਕ ਹਿਸਟਰੀ ਆਫ ਇੰਡੀਆ, ਪੰਨਾ -183.

38. ਹੁੰਦਰਾ ਬਾਵਾ, ਪ੍ਰਾਚੀਨ ਭਾਰਤ ਦਾ ਇਤਿਹਾਸ, ਪੰਨਾ- 157.

39. ਐਸ.ਸੀ. ਰਾਏ ਚੌਧਰੀ, ਸੋਸ਼ਲ, ਕਲਚਰਲ ਐਂਡ ਇਕਨਾਮਿਕ ਹਿਸਟਰੀ ਆਫ ਇੰਡੀਆ, ਪੰ.59.

40. ਬ੍ਰਿਹਦਾਰਣਯਕ ਉਪਨਿਸ਼ਦ, 2-4-19.

41. ਕਠੋਪਨਿਸ਼ਦ, 3-1-1.

42. ਐਸ.ਸੀ.ਰਾਏ ਚੌਧਰੀ, ਸੋਸ਼ਲ, ਕਲਚਰਲ ਐਂਡ ਇਕਨਾਮਿਕ ਹਿਸਟਰੀ ਆਫ ਇੰਡੀਆ ਪੰਨਾ- 59.

43. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ- 61.

44. ਸ਼ਵੇਤਾਸ਼ਵਤਰ ਉਪਨਿਸ਼ਦ, 8

45. ਕਠੋਪਨਿਸ਼ਦ, 1,2,8

46. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ- 61.

47. ਸ਼ਵੇਤਾਸ਼ਵਤਰ ਉਪਨਿਸ਼ਦ, 6,18.

48. ਮੁੰਡਕ ਉਪਨਿਸ਼ਦ, 3,2,9.

49. ਸ਼ਵੇਤਾਸ਼ਵਤਰ ਉਪਨਿਸ਼ਦ, 1,14.

50. ਹੁੰਦਰਾ ਬਾਵਾ, ਪ੍ਰਾਚੀਨ ਭਾਰਤ ਦਾ ਇਤਿਹਾਸ, ਪੰਨਾ- 108.

51. ਐਸ.ਸੀ.ਰਾਏ ਚੌਧਰੀ, ਸੋਸ਼ਲ, ਕਲਚਰਲ ਐਂਡ ਇਕਨਾਮਿਕ ਹਿਸਟਰੀ ਆਫ ਇੰਡੀਆ, ਪੰ.59.

52. ਡਾ. ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ- 119.

53 ਤੋਂ 55. ਨਾਰਦ ਭਗਤੀ ਸੂਤਰ, 25-26,36-37-38-39-40-41,55-58-98.

56. ਸ਼ਾਂਡਿਲਯ ਸੂਤਰ, 4

57. ਡਾ. ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ-119.

58. ਹੁੰਦਰਾ ਬਾਵਾ, ਪ੍ਰਾਚੀਨ ਭਾਰਤ ਦਾ ਇਤਿਹਾਸ, ਪੰਨਾ- 131.

59. ਗੀਤਾ, 9/32.

60. ਡਾ. ਮੁੰਸ਼ੀ ਰਾਮ ਸ਼ਰਮਾ, ਭਗਤੀ ਕਾ ਵਿਕਾਸ, ਪੰਨਾ- 378.

61 ਤੋਂ 65. ਗੀਤਾ, 11/6,17/7,4/20,4/31,18/54.

66. ਡਾ. ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ ਦਾ ਇਤਿਹਾਸ(ਭਾਗ ਪਹਿਲਾ)ਪੰ. 119.

67. ਡਾ. ਗੁਰਚਰਨ ਸਿੰਘ ਪਦਮ, ਸੰਤ ਰਵਿਦਾਸ-ਵਿਚਾਰਕ ਔਰ ਕਵੀ, ਪੰਨਾ-62.

68. ਹੁੰਦਰਾ ਬਾਵਾ, ਪ੍ਰਾਚੀਨ ਭਾਰਤ ਦਾ ਇਤਿਹਾਸ, ਪੰਨਾ- 132.

69. ਡਾ. ਐਸ.ਐਨ.ਗੁਪਤਾ, ਦਰਸ਼ਨ ਸ਼ਾਸਤਰ ਦੀ ਨਵੀਨ ਰੂਪ ਰੇਖਾ, ਪੰਨਾ- 22.

70. ਡਾ. ਤਾਰਾ ਚੰਦ, ਇਨਫਲੂਐਂਸ ਆਫ ਇਸਲਾਮ ਆਨ ਇੰਡੀਅਨ ਕਲਚਰ, ਪੰਨਾ-78.

71 ਡਾ. ਸੁਰਿੰਦਰ ਸਿੰਘ ਕੋਹਲੀ- ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ- 109.

72. ਡਾ. ਮੁਨਸ਼ੀ ਰਾਮ ਸ਼ਰਮਾ, ਭਾਰਤੀ ਸਾਧਨਾ ਔਰ ਸੂਰ ਸਾਹਿਤਯ

73. ਡਾ. ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ- 120.

74. ਡਾ. ਜਾਰਜ ਗ੍ਰੀਅਰਸਨ (ਭਗਤੀ ਮਾਰਗ) ਐਨਸਾਈਕਲੋਪੀਡੀਆ ਆਫ ਰਿਲੀਜਨ ਐਂਡ ਐਥਿਕਸ

75. ਡਾ. ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ- 120-21.

76. ਗੁਰੂ ਨਾਨਕ, ਵਾਰ ਆਸਾ, ਪੰਨਾ- 465.

77. ਡਾ. ਜਾਰਜ ਗ੍ਰੀਅਰਸਨ (ਭਗਤੀ ਮਾਰਗ) ਐਨਸਾਈਕਲੋਪੀਡੀਆ ਆਫ ਰਿਲੀਜਨ ਐਂਡ ਐਥਿਕਸ

78. ਡਾ. ਐਸ.ਐਨ.ਗੁਪਤਾ, ਦਰਸ਼ਨ ਸ਼ਾਸਤਰ ਦੀ ਨਵੀਨ ਰੂਪ ਰੇਖਾ, ਪੰਨਾ- 82-83.

79. ਡਾ. ਬਲਦੇਵ ਉਪਾਧਿਆਇ, ਭਾਰਤੀਯ ਧਰਮ ਔਰ ਦਰਸ਼ਨ ਕਾ ਅਨੁਸ਼ੀਲਨ, ਪੰਨਾ-287.

80. ਡਾ. ਐਸ.ਐਨ. ਗੁਪਤਾ, ਦਰਸ਼ਨ ਸ਼ਾਸਤਰ ਦੀ ਨਵੀਨ ਰੂਪ ਰੇਖਾ, ਪੰਨਾ- 83.

81. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ- 369.

82. ਡਾ. ਐਸ.ਐਨ. ਗੁਪਤਾ, ਦਰਸ਼ਨ ਸ਼ਾਸਤਰ ਦੀ ਨਵੀਨ ਰੂਪ ਰੇਖਾ, ਪੰਨਾ- 119.

83. ਡਾ. ਧਰਮਪਾਲ ਸਿੰਗਲ, ਪ੍ਰੋ. ਪੂਰਨ ਸਿੰਘ ਅੰਕ (ਪੰਜਾਬੀ ਦੁਨੀਆ) ਪੰਨਾ- 305.

84. ਡਾ. ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ- 120.

85. ਡਾ. ਐਸ.ਐਨ.ਗੁਪਤਾ, ਦਰਸ਼ਨ ਸ਼ਾਸਤਰ ਦੀ ਨਵੀਨ ਰੂਪ ਰੇਖਾ, ਪੰਨਾ- 101.

86. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ- 369.

87 ਤੇ 88. ਡਾ. ਰਾਧਾ ਕ੍ਰਿਸ਼ਨਨ, ਭਾਰਤੀਯ ਦਰਸ਼ਨ, ਪੰਨਾ- 709, 740.

89. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ- 440.

90. ਸ਼੍ਰੀ ਦੀਨ ਦਯਾਲ ਗੁਪਤ, ਅਸ਼ਟਛਾਪ ਔਰ ਵੱਲਭ ਸੰਪ੍ਰਦਾਇ, ਪੰਨਾ- 690.

91. ਡਾ. ਐਸ.ਐਨ. ਗੁਪਤਾ, ਭਾਰਤੀ ਦਰਸ਼ਨ ਦੀ ਰੂਪਰੇਖਾ ਅਤੇ ਵਿਕਾਸ, ਪੰਨਾ- 22.

92. ਡਾ. ਬਲਦੇਵ ਉਪਾਧਿਆਇ, ਭਾਰਤੀਯ ਧਰਮ ਔਰ ਦਰਸ਼ਨ ਕਾ ਅਨੁਸ਼ੀਲਨ, ਪੰਨਾ-139.

93. ਡਾ. ਰਾਧਾ ਕ੍ਰਿਸ਼ਨਨ, ਭਾਰਤੀਯ ਦਰਸ਼ਨ, ਪੰਨਾ- 765.

94. ਡਾ. ਐਸ.ਐਨ.ਗੁਪਤਾ, ਦਰਸ਼ਨ ਸ਼ਾਸਤਰ ਦੀ ਨਵੀਨ ਰੂਪ ਰੇਖਾ, ਪੰਨਾ- 22.

95. ਡਾ. ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ- 109.

96 ਤੋਂ 100. ਡਾ. ਧਰਮਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪਦ- 159, 164, 109, 110 ਅਤੇ 107.

101. ਆਚਾਰਯ ਪਰਸ਼ੂ ਰਾਮ ਚਤੁਰਵੇਦੀ, ਉੱਤਰੀ ਭਾਰਤ ਕੀ ਸੰਤ ਪਰੰਪਰਾ, ਪੰਨਾ- 126.

102. ਬੇਨੀ ਪ੍ਰਸ਼ਾਦ ਸ਼ਰਮਾ, ਸੰਤ ਰਵਿਦਾਸ ਕੀ ਭਕਤਿ ਸਾਧਨਾ, ਪੰਨਾ- 51.

103. ਡਾ. ਧਰਮਪਾਲ ਸਿੰਗਲ, ਸੰਤ ਸ਼ਿਰੋਮਣੀ ਰਵਿਦਾਸ, ਪੰਨਾ- 44-45.

104. ਡਾ. ਬੀ.ਪੀ.ਸ਼ਰਮਾ, ਸੰਤ ਗੁਰੂ ਰਵਿਦਾਸ ਬਾਣੀ(ਹਿੰਦੀ)ਪੰਨਾ- 44.

105. ਡਾ. ਧਰਮਪਾਲ ਸਿੰਗਲ, ਪ੍ਰੋ. ਪੂਰਨ ਸਿੰਘ ਅੰਕ, ਪੰਨਾ- 305.

106. ਡਾ. ਟੀ.ਐਲ.ਸ਼੍ਰੀਵਾਸਤਵ, ਸਲਤਨਤ ਆਫ ਦੇਹਲੀ, ਪੰਨਾ- 497.

107. ਡਾ. ਧਰਮਪਾਲ ਸਿੰਗਲ, ਪ੍ਰੋ. ਪੂਰਨ ਸਿੰਘ ਅੰਕ, ਪੰਨਾ- 305.

108. ਮੈਕਾਲਿਫ, ਦੀ ਸਿਖ ਰਿਲੀਜਨ ਭਾਗ ਪਹਿਲਾ, ਪੰਨਾ- 42.

109. ਡਾ. ਰਾਮਚੰਦਰ ਸ਼ੁਕਲ, ਹਿੰਦੀ ਸਾਹਿਤ ਕਾ ਇਤਿਹਾਸ, ਪੰਨਾ- 42.

110. ਜੇਮਜ਼ ਹੇਸਟਿੰਗਜ਼, ਐਨਸਾਈਕਲੋਪੀਡੀਆ ਆਫ਼ ਰੀਲੀਜਨ ਐਂਡ ਐਥਿਕਸ, ਪੰਨਾ-184.

111. ਡਾ. ਹਜ਼ਾਰੀ ਪ੍ਰਸਾਦ ਦਿਵੇਦੀ, ਨਾਥ ਸੰਪ੍ਰਦਾਇ, ਪੰਨਾ- 54.

112. ਆਚਾਰਯ ਪਰਸ਼ੂ ਰਾਮ ਚਤੁਰਵੇਦੀ, ਉੱਤਰੀ ਭਾਰਤ ਕੀ ਸੰਤ ਪਰੰਪਰਾ, ਪੰਨਾ- 53.

113. ਨਰਿੰਦਰ ਧੀਰ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ- 53.

114. ਡਾ. ਐਸ.ਐਨ.ਗੁਪਤਾ, ਦਰਸ਼ਨ ਸ਼ਾਸਤਰ ਦੀ ਨਵੀਨ ਰੂਪ ਰੇਖਾ, ਪੰਨਾ- 22.

115. ਡਾ. ਹਜ਼ਾਰੀ ਪ੍ਰਸਾਦ ਦਿਵੇਦੀ, ਨਾਥ ਸੰਪ੍ਰਦਾਇ, ਪੰਨਾ- 4-5.

116. ਰਾਮਕਲੀ, ਸਿਧ ਗੋਸਟਿ, ਪੰਨਾ- 941.

117. ਸ੍ਰੀ ਗੁਰੂ ਗ੍ਰੰਥ ਸਾਹਿਬ, ਪ੍ਰਭਾਤੀ ਮ:1, ਪੰਨਾ- 1332.

118. ਡਾ. ਗੋਬਿੰਦ ਤ੍ਰਿਗੁਣਾਯਤ, ਹਿੰਦੀ ਨਿਰਗੁਣ ਕਾਵਿਧਾਰਾ ਕੀ ਪ੍ਰਿਸ਼ਟਭੂਮੀ, ਪੰਨਾ- 580.

119. ਡਾ. ਪਰਮਿੰਦਰ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ- 66.

120. ਹਰਭਜਨ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ- 153.

121. ਡਾ. ਪਰਮਿੰਦਰ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ- 35.

122. ਡਾ. ਮੋਹਨ ਸਿੰਘ, ਐਨ ਇੰਟਰੋਡਕਸ਼ਨ ਟੂ ਪੰਜਾਬੀ ਲਿਟਰੇਚਰ, ਪੰਨਾ- 56.

123 . ਡਾ. ਪਰਮਿੰਦਰ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ- 42.

124. ਡਾ. ਤਾਰਾ ਚੰਦ, ਇਨਫਲੂਐਂਸ ਆਫ ਇਸਲਾਮ ਆਨ ਇੰਡੀਅਨ ਕਲਚਰ, ਪੰਨਾ-6.

125. ਡਾ. ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ- 111.

126. ਆਚਾਰਯ ਪਰਸ਼ੂ ਰਾਮ ਚਤੁਰਵੇਦੀ, ਉੱਤਰੀ ਭਾਰਤ ਕੀ ਸੰਤ ਪਰੰਪਰਾ, ਪੰਨਾ- 163-64.

127. ਡਾ. ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ- 112.

128. ਕਬੀਰ ਬਿਲਾਵਲ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ- 856.

129. ਸ੍ਰੀ ਗੁਰੂ ਅਮਰ ਦੇਵ, ਦੇਵਗੰਧਾਰੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ- 534.

130. ਨਾਮਦੇਵ, ਤਿਲੰਗ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ- 727.

131. ਕਬੀਰ, ਗਉੜੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ- 324.

132. ਰਵਿਦਾਸ ਮਾਰੂ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ- 1106

133. ਕਬੀਰ, ਆਸਾ, " ਪੰਨਾ- 477.

134. ਸੰਤ ਸਿੰਘ ਸੇਖੋਂ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ- 21.

135. ਡਾ. [illegible] ਪੰਨਾ- 17

# ਅਧਿਆਇ ਦੂਜਾ

## ਬ੍ਰਹਮ ਦਰਸ਼ਨ (ਸੰਤ ਰਵਿਦਾਸ ਅਤੇ ਗੁਰੂ ਨਾਨਕ ਦੇ ਦਾਰਸ਼ਨਿਕ ਸਿਧਾਂਤ) ਦਾ ਤੁਲਨਾਤਮਕ ਅਧਿਐਨ

# ਸੰਤ ਰਵਿਦਾਸ ਅਤੇ ਗੁਰੂ ਨਾਨਕ ਦੇ ਦਾਰਸ਼ਨਿਕ ਸਿਧਾਂਤ ਦਾ ਤੁਲਨਾਤਮਕ

# ਅਧਿਐਨ

## ਬ੍ਰਹਮ ਦਾ ਸਰੂਪ

ਆਦਿ ਕਾਲ ਤੋਂ ਹੀ ਮਨੁੱਖ ਨੇ ਆਪਣੀ ਉਪਾਸਨਾ ਦੇ ਲਈ ਕਿਸੀ ਨਾ ਕਿਸੀ ਰੂਪ ਵਿਚ ਪਰਮਸਤ੍ਹਾ ਦੀ ਕਲਪਣਾ ਕਰਨੀ ਸ਼ੁਰੂ ਕਰ ਦਿੱਤੀ ਸੀ। ਇਸ ਕਲਪਣਾ ਦਾ ਵਿਕਾਸ ਸਮੇਂ ਤੇ ਸਥਾਨ ਦੇ ਭੇਦ ਅਨੁਸਾਰ ਹੁੰਦਾ ਰਿਹਾ। ਇਸੇ ਕਲਪਣਾ ਅਧੀਨ ਆਦਿ ਕਾਲ ਤੋਂ ਹੀ ਬ੍ਰਹਮ ਜੀਵ ਤੇ ਜਗਤ ਦਾ ਆਪਸੀ ਸੰਬੰਧ, ਈਸ਼੍ਵਰੀ ਹੋਂਦ ਤੇ ਅਣਹੋਂਦ ਦੀ ਸਮੱਸਿਆ ਜਾਰੀ ਹੈ। ਵੈਦਿਕ ਰਿਸ਼ੀਆਂ ਨੇ ਵੱਖ-ਵੱਖ ਦੇਵੀ-ਦੇਵਤਿਆਂ ਨੂੰ ਭਿੰਨ-ਭਿੰਨ ਸ਼ਕਤੀਆਂ ਦੇ ਰੂਪ ਵਿਚ ਕਲਪਣਾ ਕੀਤੀ। ਬਹੁਦੇਵਵਾਦ (ਵਰੁਣ, ਇੰਦਰ, ਸੂਰਜ, ਚੰਦਰਮਾ, ਅੱਗ, ਹਵਾ, ਵਿਸ਼ਨੂੰ) ਆਦਿ ਦੇਵਤਿਆਂ ਦੀ ਪੂਜਾ ਇਸੇ ਦਾ ਸਿੱਟਾ ਹੈ। ਬਾਅਦ ਵਿਚ ਇਨ੍ਹਾਂ ਭਿੰਨ ਭਿੰਨ ਸ਼ਕਤੀਆਂ ਦੀ ਪ੍ਰਤਿਨਿਧਤਾ ਕਰਨ ਵਾਲੀ ਸ਼ਕਤੀ ਨੂੰ ਬ੍ਰਹਮ ਕਿਹਾ ਜਾਣ ਲੱਗਾ ਅਤੇ ਇਸ ਪਰਮਸ਼ਕਤੀ ਨੂੰ ਭਿੰਨ-ਭਿੰਨ ਨਾਵਾਂ ਨਾਲ ਯਾਦ ਕੀਤਾ ਜਾਣ ਲੱਗਾ। ਖਿਆਲ ਦੀ ਆਖਰੀ ਮੰਜਲ ਵਿਚ ਰੱਬ ਨੂੰ ਅਦ੍ਵੈਤ-ਬ੍ਰਹਮ ਦੀ ਸ਼ਕਲ ਵਿਚ ਵੇਖਿਆ ਜਾਣ ਲੱਗਾ।

ਵੇਦਾਂ ਦੇ ਮੁੱਢਲੇ ਸਮੇਂ ਵਿਚ ਸਾਨੂੰ ਕੋਈ ਬਹੁਤੀ ਡੂੰਘੀ ਵਿਚਾਰ-ਭਰੇ ਮੰਤਰ ਪ੍ਰਤੀਤ ਨਹੀਂ ਹੁੰਦੇ। ਕਿਉਂ ਕਿ ਪੁਰਾਣੇ ਰਿਸ਼ੀਆਂ ਦਾ ਮਨ ਸਾਦਾ ਤੇ ਮੋਟੀ ਵਿਚਾਰ ਵਾਲਾ ਸੀ। ਇਸ ਲਈ ਉਨ੍ਹਾਂ ਦੇ ਰਚੇ ਮੰਤਰਾਂ ਵਿਚ ਕੋਈ ਗਹਿਰੀ ਫਿਲਾਸਫੀ ਦੀ ਝਲਕ ਨਹੀਂ ਪੈਂਦੀ। ਯਜੁਰਵੇਦ ਵਿੱਚ ਅਨੇਕ ਮੰਤਰਾਂ ਵਿਚ ਪਰਮਸਤਾ ਦਾ ਵਰਣਨ ਹੈ। ਆਚਾਰੀਆ ਬਲਦੇਵ ਉਪਾਧਿਆਇ ਲਿਖਦੇ ਹਨ, "ਵੈਦਿਕ ਭਗਤੀ ਅਦ੍ਵੈਤ ਤੱਤ ਤੇ ਆਧਾਰਤ ਹੈ, ਅਨੇਕਤਾ ਵਿਚ ਏਕਤਾ, ਭਿੰਨਤਾ ਵਿਚ ਅਭਿੰਨਤਾ ਦੀ ਕਲਪਣਾ ਵੈਦਿਕ-ਰਿਸ਼ੀਆਂ ਦੀ ਮਹੱਤਵ-ਪੂਰਣ ਦੇਣ ਹੈ।"[1]

ਭਿੰਨ-ਭਿੰਨ ਸ਼ਕਤੀਆਂ ਦੇ ਰੂਪ ਵਿਚ ਪਰਮਸਤਾ ਦੀ ਕਲਪਣਾ ਦੇ ਸਿੱਟੇ ਵਜੋਂ ਦੇਵਤਿਆਂ ਦੀ ਗਿਣਤੀ ਵਧਦੀ ਰਹੀ ਤੇ ਵਧਦੀ-ਵਧਦੀ 33 ਕਰੋੜ ਤੱਕ ਪੁੱਜ ਗਈ। ਸ਼ਰਧਾਲੂ ਏਨੀ ਵੱਡੀ ਗਿਣਤੀ ਵਿਚੋਂ ਕਿਸ ਦੀ ਪੂਜਾ ਕਰੇ ਤੇ ਕਿਸ ਦੀ ਨਾ ਕਰੇ ? ਇਹ ਮਨੁੱਖ ਸਾਮ੍ਹਣੇ ਵੱਡੀ ਸਮੱਸਿਆ ਸੀ। ਬਸ ਇਹੋ ਸਮੱਸਿਆ ਹੀ ਅਸਲ ਮੰਜ਼ਲ ਦੀ ਪ੍ਰਾਪਤੀ ਲਈ ਸਹਾਈ ਸਿੱਧ

ਹੁੰਦੀ ਹੈ। ਇਸ ਸਮੱਸਿਆ ਦੇ ਹੱਲ ਲਈ ਉਸ ਨੇ ਇਕ ਦੇਵਤੇ ਨੂੰ ਬਾਕੀ ਸਾਰਿਆਂ ਦਾ ਸਿਰਤਾਜ ਮੰਨ ਲਿਆ ਤੇ ਇਹ ਵੀ ਮੰਨ ਲਿਆ ਕਿ ਬਾਕੀ ਸਾਰੇ ਨਾਂ ਉਸੇ ਦੇਵਤੇ ਦੇ ਹਨ। ਪਰ ਪੁਰਾਣੇ ਸਮੇਂ ਵਿਚ ਵੱਖ ਵੱਖ ਰਿਸ਼ੀਆਂ ਨੇ ਵੱਖ ਵੱਖ ਦੇਵਤਿਆਂ ਨੂੰ ਸਭ ਤੋਂ ਵੱਡਾ ਜਾਂ ਸਾਰਿਆਂ ਦਾ ਸਿਰਤਾਜ ਮੰਨਿਆ। ਫਿਰ ਭੇਦ ਸਮੇਂ ਤੇ ਸਥਾਨ ਕਰਕੇ ਹੁੰਦਾ ਰਿਹਾ। ਇਸ ਕਸ਼ਮਕਸ਼ ਵਿਚੋਂ ਹੀ ਬ੍ਰਹਮ ਦਾ ਖਿਆਲ ਪੈਦਾ ਹੁੰਦਾ ਹੈ।

ਉਪਨਿਸ਼ਦਾਂ ਵਿਚ ਬ੍ਰਹਮ ਦੇ ਵਿਅਕਤ, ਅਵਿਅਕਤ, ਨਿਰਗੁਣ, ਨਿਰਾਕਾਰ, ਅਜਨਮਾ, ਅਕਰਤਾ ਆਦਿ ਸਰੂਪ ਦੱਸੇ ਗਏ ਹਨ। ਬ੍ਰਹਮ ਸਤਿ, ਗਿਆਨ-ਰੂਪ, ਅਨੰਤ ਰੂਪ ਅਤੇ ਅਨੰਦ ਰੂਪ ਵੀ ਹੈ। ਉਪਨਿਸ਼ਦ ਸੰਪੂਰਨ ਵਿਸ਼ਵ ਨੂੰ ਹੀ ਬ੍ਰਹਮ ਮੰਨਦੇ ਹਨ। ਬ੍ਰਹਮ ਨੂੰ ਕਿਸੇ ਵੀ ਰੂਪ ਵਿਚ ਪੂਜਿਆ ਜਾ ਸਕਦਾ ਹੈ।

ਸ੍ਰੀ ਮਦ ਭਗਵਤ ਗੀਤਾ ਵਿਚ ਕ੍ਰਿਸ਼ਨ ਜੀ ਮਹਾਰਾਜ ਨੂੰ ਵਿਸ਼ਨੂੰ ਦਾ ਅਵਤਾਰ ਮੰਨਿਆ ਗਿਆ ਹੈ। ਈਸ਼ਵਰ ਬ੍ਰਹਮ ਆਪ ਦੇਹ ਧਾਰਕੇ ਅਰਜੁਨ ਮਨੁੱਖ ਨੂੰ ਉਪਦੇਸ਼ ਕਰਦਾ ਹੈ। ਗੀਤਾ ਵਿਚ ਪੁਰਸ਼ੋਤਮ ਬ੍ਰਹਮ ਦੇ ਵਿਅਕਤ, ਅਵਿਅਕਤ ਅਤੇ ਵਿਅਕਤ-ਵਿਅਕਤ ਆਦਿ ਰੂਪਾਂ ਦਾ ਵਰਣਨ ਹੈ।[2] ਅਵਿਅਕਤ ਦੇ ਸਗੁਣ, ਨਿਰਗੁਣ ਅਤੇ ਸਗੁ-ਨਿਰਗੁਣ ਤਿੰਨ ਭੇਦ ਹਨ। ਬ੍ਰਹਮ ਨੂੰ ਵਿਰਾਟ ਅਤੇ ਵਿਅਕਤ-ਰੂਪ ਵਿਚ ਚਿਤਰਿਆ ਗਿਆ ਹੈ। ਜਿਸਦਾ ਆਦਿ, ਮੱਧ, ਅੰਤ ਵਿਖਾਈ ਨਹੀਂ ਦਿੰਦਾ। ਉਸ ਵਿਰਾਟ ਸਰੂਪ ਦੀਆਂ ਅਨੇਕਾਂ ਬਾਹਾਂ, ਅਨੇਕ ਮੂੰਹ ਅਤੇ ਅਨੇਕ ਨੇਤਰ ਹਨ।

ਬੁੱਧ ਮੱਤ ਵਿਚ ਭਾਵੇਂ ਪਰਮਸਤਾ ਲਈ 'ਬ੍ਰਹਮ' ਨਾਮ ਦੀ ਵਰਤੋਂ ਨਹੀਂ ਹੋਈ ਪਰ ਮਹਾਯਾਨ ਸ਼ਾਖਾ ਦੇ ਪ੍ਰਵਰਤਕ ਨਾਗਾਰਜੁਨ ਨੇ ਪਰਮਸਤਾ ਨੂੰ ਸ਼ੂਨਯ ਸਤ੍ਹਾ ਮੰਨਿਆ ਹੈ। ਉਨ੍ਹਾਂ ਦਾ ਸ਼ੂਨਯ ਨਾ ਸੱਤ ਹੈ, ਨਾ ਅਸੱਤ ਹੈ ਅਤੇ ਨਾ ਸੱਤ-ਅਸੱਤ ਦੋਨੋਂ ਅਤੇ ਨਾ ਹੀ ਦੋਹਾਂ ਤੋਂ ਭਿੰਨ।"[3]

ਜੈਨਮੱਤ ਵਾਲੇ ਈਸ਼ਵਰ ਦੀ ਥਾਂ ਤੀਰਥੰਕਰਾਂ ਨੂੰ ਮੰਨਦੇ ਹਨ। ਜਿਨ੍ਹਾਂ ਸਾਧੂਆਂ ਵਿਚ ਤੀਰਥੰਕਰਾਂ ਦਾ ਪਦ ਸਭ ਤੋਂ ਵੱਡਾ ਹੈ। ਇਨ੍ਹਾਂ ਅਨੁਸਾਰ ਤੀਰਥੰਕਰ ਵੀ ਈਸ਼ਵਰ ਦੀ ਤਰ੍ਹਾਂ ਸਰਬੱਗ ਅਤੇ ਸਰਬ-ਸ਼ਕਤੀਮਾਨ ਹੁੰਦੇ ਹਨ।[4]

ਨਿਆਇ ਦਰਸ਼ਨ ਅਨੁਸਾਰ ਈਸ਼ਵਰ ਇਸ ਜਗਤ ਦੀ ਰਚਨਾ, ਪਾਲਣਾ ਅਤੇ ਨਾਸ਼ ਕਰਨ ਵਾਲਾ ਹੈ। ਈਸ਼ਵਰ ਦੀ ਪ੍ਰੇਰਨਾ ਨਾਲ ਪਰਮਾਣੂ ਵਿਚ ਕਿਰਿਆ ਹੁੰਦੀ ਹੈ ਅਤੇ ਪਰਮਾਣੂ ਸੰਜੋਗ ਹੀ ਸ੍ਰਿਸ਼ਟੀ ਦਾ ਨਿਰਮਾਣ ਹੁੰਦਾ ਹੈ। ਵੈਸ਼ੇਸ਼ਿਕ ਮੱਤ ਵਿਚ ਵੀ ਈਸ਼ਵਰ ਦੇ ਇਸੇ ਰੂਪ ਨੂੰ ਮਾਨਤਾ ਪ੍ਰਦਾਨ ਕੀਤੀ ਗਈ ਹੈ। ਵੇਦਾਂਤ ਤੋਂ ਦੋਨੋਂ ਭਿੰਨ ਹਨ।[5] ਨਿਆਇ ਦਰਸ਼ਨ ਅਨੁਸਾਰ ਕਿਉਂਕਿ ਮਨੁੱਖ ਦੀ ਬੁੱਧੀ ਅਤੇ ਸ਼ਕਤੀ ਸੀਮਿਤ ਹਨ, ਇਸ ਲਈ ਵਿਸ਼ਵ ਦਾ ਨਿਰਮਾਤਾ ਕੋਈ ਚੇਤਨ ਆਤਮਾ ਹੈ ਜੋ ਸਰਬੱਗ, ਸਰਵਸ਼ਕਤੀਮਾਨ ਅਤੇ ਸੰਸਾਰ ਦੀ ਨੈਤਿਕ ਅਵਸਥਾ ਦਾ ਸਰੰਖਿਅਕ ਹੈ। ਉਹ ਹੀ ਈਸ਼ਵਰ ਹੈ।[6]

ਸਾਂਖਯ ਦਰਸ਼ਨ ਅਨੁਸਾਰ ਪੁਰਸ਼ ਅਤੇ ਪ੍ਰਕ੍ਰਿਤੀ ਦੋ ਮੂਲ ਤੱਤ ਹਨ। ਪੁਰਸ਼ ਸਾਖੀ ਹੈ, ਪਰਧਾਨ ਤੱਤ ਤੋਂ ਬਿਲਕੁਲ ਵੱਖਰਾ। ਸਾਖੀ ਹੋਣ ਦੇ ਨਾਲ ਨਾਲ ਇਹ ਦ੍ਰਿਸ਼ਟਾ ਵੀ ਹੈ ਭਾਵ ਨਿਰਾ ਵੇਖਦਾ ਹੀ ਨਹੀਂ, ਸਮਝਦਾ ਤੇ ਬੁੱਝਦਾ ਵੀ ਹੈ। ਇਹ ਨਾ ਉਤਪੰਨ ਹੋਇਆ ਹੈ ਤੇ ਨਾ ਹੀ ਇਹ ਕੁਝ ਉਤਪੰਨ ਕਰਦਾ ਹੈ। ਇਹ ਸਰਬ-ਵਿਆਪਕ ਹੈ। ਜਿਸ ਤਰ੍ਹਾਂ ਚੁੰਬਕ ਲੋਹੇ ਦੇ ਨੇੜੇ ਜਾਣ ਤੇ ਕ੍ਰਿਆ ਪੈਦਾ ਕਰ ਦਿੰਦਾ ਹੈ। ਇਸ ਤਰ੍ਹਾਂ ਇਸ ਦੀ ਨੇੜਤਾ ਪ੍ਰਕ੍ਰਿਤੀ ਵਿਚ ਕ੍ਰਿਆ ਪੈਦਾ ਕਰ ਦਿੰਦੀ ਹੈ। ਪੁਰਸ਼ (ਆਤਮਾ) ਦੀ ਸਤ੍ਹਾ ਸ੍ਵੈ-ਸਿਧ ਹੈ। ਇਹ ਸ੍ਵੈ-ਪ੍ਰਕਾਸ਼ਤ ਹੈ। ਜਗਤ ਦਾ ਕਰਤਾ ਪ੍ਰਕ੍ਰਿਤੀ ਹੈ। ਪ੍ਰਕ੍ਰਿਤੀ ਸਦੈਵ ਹਸਤੀ ਹੈ। ਕਿਸੇ ਨੇ ਇਸਨੂੰ ਪੈਦਾ ਨਹੀਂ ਕੀਤਾ, ਪਰ ਸੰਸਾਰ ਦਾ ਪਸਾਰਾ, ਸਤ, ਰਜ ਅਤੇ ਤਮ ਗੁਣ ਇਸ ਦੇ ਹੀ ਹਨ। ਪ੍ਰਕ੍ਰਿਤੀ ਤਿੰਨਾਂ ਗੁਣਾਂ ਦੇ ਸੰਤੁਲਨ ਦੀ ਅਵਸਥਾ ਹੈ। ਵੇਦਾਂਤ ਦੇ ਉਲਟ ਪੁਰਸ਼ ਇੱਕ ਨਹੀਂ, ਅਨੇਕ ਹਨ। ਹਰ ਜੀਵ ਦੀ ਵੱਖ ਵੱਖ ਆਤਮਾ ਹੈ। ਪ੍ਰਕ੍ਰਿਤੀ ਇਕ ਹੈ, ਪੁਰਸ਼ ਅਨੇਕ ਹਨ। ਪ੍ਰਕ੍ਰਿਤੀ ਵਿਸ਼ਿਆਂ ਦੀ ਜੜ੍ਹ ਆਧਾਰ ਹੈ।[7] ਸਤੀਸ਼ ਚੰਦਰ ਚਟੋਪਾਧਿਆਇ ਲਿਖਦੇ ਹਨ ਕਿ ਪੁਰਸ਼ ਚੇਤਨ ਤੱਤ ਹੈ ਅਤੇ ਪ੍ਰਕ੍ਰਿਤੀ ਜੜ੍ਹ ਤੱਤ ਹੈ। ਪੁਰਸ਼ ਸਰੀਰ, ਇੰਦਰੀਆਂ ਅਤੇ ਮਨ ਕਰਕੇ ਭਿੰਨ ਹੈ। ਪੁਰਸ਼ ਉਪਭੋਗਤਾ ਹੋਣ ਕਰਕੇ ਇੱਕ ਨਹੀਂ ਅਨੇਕ ਹਨ। ਪ੍ਰਕ੍ਰਿਤੀ ਤਿੰਨਾਂ ਗੁਣਾਂ ਸਤ, ਰਜ, ਅਤੇ ਤਮ ਨਾਲ ਯੁਕਤ ਹੈ। ਇਸ ਲਈ ਇਹ ਸੰਸਾਰ ਦਾ ਮੂਲ ਕਾਰਨ ਹੈ।[8] ਡਾ. ਰਾਧਾ ਕ੍ਰਿਸ਼ਨਨ ਦੇ ਅਨੁਸਾਰ ਸਾਂਖਯ ਦਾ ਪੁਰਸ਼ ਸੰਬੰਧੀ ਵਿਚਾਰ ਉਪਨਿਸ਼ਦਾਂ ਦੀ ਆਤਮਾ ਸੰਬੰਧੀ ਧਾਰਣਾ ਰਾਹੀਂ ਨਿਰਧਾਰਿਤ ਹੈ।[9]

ਯੋਗ ਦਰਸ਼ਨ ਵਿਚ ਪਰਮਤੱਤ ਨੂੰ 'ਈਸ਼ਵਰ' ਕਿਹਾ ਗਿਆ ਹੈ। ਯੋਗ ਦਰਸ਼ਨ ਅਨੁਸਾਰ ਜੋ ਪੁਰਸ਼ ਵਿਸ਼ੇਸ਼ ਕਲੇਸ਼, ਕਰਮ, ਵਿਪਾਕ(ਕਰਮ ਫਲ) ਅਤੇ ਆਸ਼ਯ ਤੋਂ ਸ਼ੂਨਯ

ਰਹਿੰਦਾ ਹੈ, ਉਹ ਈਸ਼ਵਰ ਹੈ। ਈਸ਼ਵਰ ਪਰਮਪੁਰਸ਼ ਅਤੇ ਸਾਰੇ ਦੋਸ਼ਾਂ ਤੋਂ ਮੁਕਤ ਹੈ। ਉਹ ਨਿਤਯ, ਸਰਵ-ਵਿਆਪਕ, ਸਰਵ-ਸ਼ਕਤੀਮਾਨ, ਦੋਸ਼-ਰਹਿਤ, ਨਿਰਵਿਕਾਰ, ਪੂਰਣ, ਅਨੰਤ ਅਤੇ ਸਾਰੇ ਜੀਵਾਂ ਤੋਂ ਭਿੰਨ ਤੇ ਸ੍ਰੇਸ਼ਠ ਹੈ। ਉਸਦਾ ਕਾਲ ਦੁਆਰਾ ਖੰਡਨ ਨਹੀਂ ਹੁੰਦਾ।

ਪੂਰਵ-ਮੀਮਾਂਸਾ ਅਨੇਕ ਦੇਵਤਿਆਂ ਦੇ ਅਸਤਿੱਤਵ ਨੂੰ ਸਵੀਕਾਰ ਕਰਦੀ ਹੈ। ਮੀਮਾਂਸਾ ਦਰਸ਼ਨ ਈਸ਼ਵਰ ਨੂੰ ਨਹੀਂ, ਸਗੋਂ ਵੇਦ ਨੂੰ ਮੰਨਦਾ ਹੈ। ਵੇਦ ਦੁਆਰਾ ਹੀ ਵਿਭਿੰਨ ਫਲਾਂ ਦੀ ਪ੍ਰਾਪਤੀ ਹੁੰਦੀ ਹੈ। ਕੁਮਾਰਿਲ ਈਸ਼ਵਰ ਨੂੰ ਸਰਵੱਗ ਨਹੀਂ ਮੰਨਦਾ। ਉਸ ਅਨੁਸਾਰ ਪਰਮਾਤਮਾ ਬਾਰੇ ਜਾਨਣ ਲਈ ਵੇਦਾਂਤ ਸ਼ਾਸਤਰ ਦਾ ਅਧਿਐਨ ਕਰਨਾ ਜ਼ਰੂਰੀ ਹੈ।[10]

ਵੇਦਾਂਤ ਵਿਚ ਬ੍ਰਹਮ ਦੀ ਹੋਂਦ ਨੂੰ ਸਵਿਕਾਰਿਆ ਗਿਆ ਹੈ। ਵੇਦਾਂਤ ਅਨੁਸਾਰ ਬ੍ਰਹਮ ਹੀ ਸੱਤ ਹੈ। ਸੰਸਾਰ ਉਦੋਂ ਤੱਕ ਸਤਿ ਭਾਸਦਾ ਹੈ, ਜਦੋਂ ਤੱਕ ਗਿਆਨ ਪੈਦਾ ਨਹੀਂ ਹੁੰਦਾ। ਮਾਇਆ ਤੇ ਅਵਿੱਦਿਆ ਦੀ ਵਜ੍ਹਾ ਨਾਲ ਏਕ ਬ੍ਰਹਮ ਅਨੇਕ ਹੋ ਕੇ ਭਾਸਦਾ ਹੈ। ਜਿਵੇਂ ਭਰਮ ਕਾਰਣ ਰੱਸੀ ਹਨੇਰੇ ਵਿਚ ਸੱਪ ਹੋ ਕੇ ਦਿਸਦੀ ਹੈ ਪਰ ਅਸਲ ਵਿਚ ਉਹ ਸੱਪ ਨਹੀਂ ਹੁੰਦੀ। ਇਸੇ ਤਰ੍ਹਾਂ ਅਵਿੱਦਿਆ ਦੇ ਅਸਰ ਹੇਠ ਅਗਿਆਨੀ ਜੀਵਾਤਮਾ ਆਪਣੇ ਆਪ ਨੂੰ ਬ੍ਰਹਮ ਨਾਲੋਂ ਵੱਖ ਸਮਝਦੀ ਹੈ ਤੇ ਸੰਸਾਰ ਨੂੰ ਸਤਿ ਸਮਝਦੀ ਹੈ। ਜਦੋਂ ਭਰਮ ਦੀ ਨਿਵਿਰਤੀ ਹੋ ਜਾਂਦੀ ਹੈ ਤਾਂ ਜੀਵ-ਬ੍ਰਹਮ ਤੇ ਜਗਤ ਨੂੰ ਬ੍ਰਹਮ ਜਾਣਦਾ ਹੈ। ਹੈ ਸੱਭ ਬ੍ਰਹਮ ਹੀ। ਮਾਇਆ ਦੇ ਲੇਸ ਕਰਕੇ ਬ੍ਰਹਮ ਈਸ਼ਵਰ ਅਖਵਾਂਦਾ ਹੈ ਤੇ ਅਵਿੱਦਿਆ ਦੇ ਸੰਗ ਕਰਕੇ ਜੀਵ।

ਰੱਸੀ ਤੇ ਸੱਪ ਦੀ ਉਦਾਹਰਣ ਰਾਹੀਂ ਸ਼ੰਕਰ ਦੱਸਣਾ ਚਾਹੁੰਦਾ ਹੈ ਕਿ ਸੰਸਾਰ ਦੀ ਹੋਂਦ ਬ੍ਰਹਮ ਦੀ ਹੋਂਦ ਤੇ ਹੀ ਨਿਰਭਰ ਹੈ। ਸੱਪ ਦਾ ਭਾਸਣਾ ਰੱਸੀ ਦੀ ਹੋਂਦ ਤੇ ਨਿਰਭਰ ਹੈ ਪਰ ਰੱਸੀ ਦੀ ਹੋਂਦ ਸੱਪ ਦੇ ਭਾਸਣ ਤੇ ਆਧਾਰਿਤ ਨਹੀਂ। ਬ੍ਰਹਮ ਦੇ ਅਸਤਿੱਤਵ ਤੇ ਸੰਸਾਰ ਦੀ ਹੋਂਦ ਆਧਾਰਿਤ ਹੈ, ਪਰ ਸੰਸਾਰ ਦੀ ਹੋਂਦ ਤੇ ਬ੍ਰਹਮ ਦਾ ਅਸਤਿਤ੍ਵ ਨਹੀਂ। ਬ੍ਰਹਮ ਪਰਿਣਾਮ ਰਹਿਤ ਹੈ ਪਰ ਸੰਸਾਰਕ ਵਸਤਾਂ ਵਿਚ ਪਰਿਣਾਮ ਹੈ।

ਅਦਵੈਤ-ਵੇਦਾਂਤ ਦਰਸ਼ਨ ਵਿਚ ਬ੍ਰਹਮ ਦਾ ਵਿਵੇਚਨ ਵਿਵਹਾਰਿਕ ਅਤੇ ਪਰਮਾਰਥਿਕ ਦੋ ਦ੍ਰਿਸ਼ਟੀਆਂ ਤੋਂ ਹੋਇਆ ਹੈ। ਵਿਵਹਾਰਿਕ ਦ੍ਰਿਸ਼ਟੀ ਤੋਂ ਉਪਾਸਨਾ ਨਮਿਤ ਬ੍ਰਹਮ ਦਾ ਸਰੂਪ ਸਗੁਣ ਹੈ ਪਰ ਪਰਮਾਰਥਿਕ ਦ੍ਰਿਸ਼ਟੀ ਤੋਂ ਨਿਰਗੁਣ ਹੈ।

ਪਰਮਾਰਥਿਕ ਸਰੂਪ ਨੂੰ ਸਪਸ਼ਟ ਕਰਦੇ ਹੋਏ ਸ਼ੰਕਰਾਚਾਰੀਆ ਨੇ ਕਿਹਾ ਹੈ ਕਿ ਜਿਸਦਾ ਸਰੂਪ ਅਖੰਡ ਰੂਪ ਵਿਚ ਇਕੋ ਜਿਹਾ ਬਣਿਆ ਰਹੇ, ਉਹੀ ਪਰਮਾਰਥਿਕ ਸਤ੍ਯ ਹੋ ਸਕਦੀ ਹੈ।[11] ਆਚਾਰੀਆ ਬਲਦੇਵ ਉਪਾਧਿਆਇ ਅਨੁਸਾਰ ਬ੍ਰਹਮ ਨਿਰਵਿਕਲਪ, ਨਿਰ-ਉਪਾਧੀ ਅਤੇ ਨਿਰਵਿਕਾਰ ਸਤ੍ਯ ਹੈ। ਉਹ ਸਤਿ, ਗਿਆਨ ਰੂਪ ਅਤੇ ਆਨੰਦ ਰੂਪ ਹੈ। ਇਹੀ ਬ੍ਰਹਮ ਮਾਇਆ ਦੇ ਆਵਰਣ ਥੱਲੇ ਸਗੁਣ ਬ੍ਰਹਮ, ਅਪਾਰ ਜਾਂ ਈਸ਼ਵਰ ਹੁੰਦਾ ਹੈ ਅਤੇ ਜਗਤ ਦੀ ਉਤਪਤੀ, ਸਥਿਤੀ ਅਤੇ ਵਿਲੀਨਤਾ ਦਾ ਕਾਰਨ ਬਣਦਾ ਹੈ।[12] ਨਿਰਗੁਣ ਬ੍ਰਹਮ ਸ੍ਵੈ-ਪ੍ਰਕਾਸ਼ਿਤ, ਸ੍ਵੈ-ਸਿਧ, ਸਰਵ-ਵਿਆਪੀ ਅਤੇ ਚੇਤਨ ਹੈ।[13]

ਰਾਮਾਨੁਜ ਦੇ ਵਿਸ਼ਿਸ਼ਟ-ਅਦ੍ਵੈਤ ਮੱਤ ਅਨੁਸਾਰ ਤਿੰਨ ਸੁਤੰਤਰ ਪਦਾਰਥ ਈਸ਼ਵਰ, ਚਿੱਤ(ਜੀਵ) ਅਤੇ ਅਚਿੱਤ(ਪ੍ਰਕ੍ਰਿਤੀ) ਹਨ। ਪਰ ਈਸ਼ਵਰ ਤੋਂ ਛੁੱਟ ਜਗਤ ਵਿਚ ਕੋਈ ਸੁਤੰਤਰ ਸਤ੍ਯ ਨਹੀਂ ਹੈ। ਜੀਵ ਅਤੇ ਜਗਤ ਸੁਤੰਤਰ ਹੋਣ ਦੇ ਬਾਵਜੂਦ ਵੀ ਈਸ਼ਵਰ ਦੇ ਅਧੀਨ ਹਨ। ਉਹ ਅਨੰਤ ਗੁਣਾਂ ਦਾ ਭੰਡਾਰ, ਸਰਵ-ਵਿਆਪਕ, ਸਰਵ-ਸ਼ਕਤੀਮਾਨ, ਕ੍ਰਿਪਾਲੂ ਤੇ ਦਿਆਲੂ ਹੈ। ਗੁਣ-ਯੁਕਤ ਹੋਣ ਕਰਕੇ ਉਹ ਸਗੁਣ ਹੈ। ਉਮੇਸ਼ ਮਿਸ਼ਰ ਲਿਖਦੇ ਹਨ ਕਿ ਈਸ਼ਵਰ ਅਨੰਤ, ਗਿਆਨਵਾਨ, ਕਲਿਆਣ-ਗੁਣ, ਆਨੰਦ-ਸਰੂਪ, ਜਗਤ ਦੀ ਸ੍ਰਿਸ਼ਟੀ, ਸਥਿਤੀ ਅਤੇ ਨਾਸ਼ ਕਰਨ ਵਾਲਾ। ਧਰਮ, ਅਰਥ, ਕਾਮ ਅਤੇ ਮੋਖਸ਼ ਦੇਣ ਵਾਲਾ, ਵਚਿੱਤਰ ਸਰੀਰ ਧਾਰਨ ਕਰਨ ਵਾਲਾ ਅਤੇ ਲੀਲ੍ਹਾ ਦਾ ਨਾਇਕ ਹੈ।[14]

ਰਾਮਾਨੁਜ ਬ੍ਰਹਮ ਅਤੇ ਜੀਵ ਨੂੰ ਵਿਸ਼ੇਸ਼ ਹਸਤੀਆਂ ਮੰਨਦਾ ਹੈ। ਭਾਵੇਂ ਉਹ ਇੱਕ ਦੂਜੀ ਤੋਂ ਅੱਡ ਨਹੀਂ। ਈਸ਼ਵਰ ਸਭ ਹਸਤੀਆਂ ਵਿਚ ਉਨ੍ਹਾਂ ਦੀ ਅੰਤਰੀਵ ਆਤਮਾ ਦੇ ਤੌਰ ਤੇ ਵਿਆਪਕ ਹੈ, ਪਰ ਅਲੇਪ ਹੈ। ਬ੍ਰਹਮ ਕੇਵਲ ਸੀਮਤ ਜੀਵ ਨੂੰ ਅਨੰਤ ਬਣਾਉਣ ਦੀ ਸ਼ਕਤੀ ਹੈ ਅਤੇ ਬ੍ਰਹਮ ਖੁਦ ਸੁਭਾਅ ਤੋਂ ਅਨੰਤ ਹੋਣ ਕਰਕੇ ਬ੍ਰਹਮ ਕਹਾਉਂਦਾ ਹੈ। ਬ੍ਰਹਮ ਜੀਵ ਦੇ ਵਿਅਕਤਿਤ੍ਵ ਨੂੰ ਨਾਸ਼ ਕੀਤੇ ਬਿਨ੍ਹਾਂ ਉਸਨੂੰ ਅਨੰਤ ਕਰ ਦਿੰਦਾ ਹੈ। ਬ੍ਰਹਮ ਅਨੁਭਵ ਦੁਆਰਾ ਜਾਣਿਆ ਜਾ ਸਕਦਾ ਹੈ। ਭਾਵੇਂ ਚੇਤਨਾ ਤੇ ਆਤਮਾ ਦੀ ਪਛਾਣ ਵਖੋ-ਵੱਖਰੀ ਹੈ ਪਰ ਚੇਤਨਾ ਨੂੰ ਆਤਮਾ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਜਿਵੇਂ ਦੀਵਾ ਅਤੇ ਚਾਨਣ ਅਨਿਖੜਵੇਂ ਹਨ ਭਾਵੇਂ ਦੋ ਨਾਵਾਂ ਨਾਲ ਪੁਕਾਰ ਕੇ ਅਸੀਂ ਉਹਨਾਂ ਨੂੰ ਅੱਡ ਕਰ ਦਿੰਦੇ ਹਾਂ। ਸਵੈ-ਚੇਤਨਾ

ਦਾ ਭਾਵ ਹੀ ਇਹ ਹੈ ਕਿ ਆਤਮਾ ਹੈ ਜੋ ਚੇਤਨ ਹੈ। ਨਿੰਬਾਰਕ ਦੇ ਦਵੈਤਾ-ਦ੍ਵੈਤ ਮੱਤ ਅਨੁਸਾਰ ਚਿੱਤ, ਅਚਿੱਤ ਅਤੇ ਈਸ਼ਵਰ ਤਿੰਨ ਤੱਤ ਹਨ। ਜੋ ਸਦੀਵੀ ਹਨ। ਈਸ਼ਵਰ ਸਾਰੇ ਪ੍ਰਾਕ੍ਰਿਤਕ ਦੋਸ਼ਾਂ ਤੋਂ ਮੁਕਤ ਹੈ। ਉਹ ਅਨੰਤ ਸ਼ਕਤੀਆਂ ਨਾਲ ਸੰਪੰਨ ਹੈ ਅਤੇ ਆਪਣੀ ਇੱਛਾ ਦੇ ਅਨੁਸਾਰ ਜਗਤ ਦੀ ਸ੍ਰਿਸ਼ਟੀ ਆਦਿ ਵਿਉਹਾਰ ਕਰਦਾ ਹੈ।[15] ਨਿੰਬਾਰਕ ਪਰਮਤੱਤ(ਬ੍ਰਹਮ) ਨੂੰ ਕ੍ਰਿਸ਼ਨ ਜਾਂ ਹਰੀ ਕਹਿੰਦਾ ਹੈ। ਉਸਦਾ ਬ੍ਰਹਮ ਵਡਿਆਈ ਦਾ ਮਾਲਕ, ਉੱਤਮ ਹਸਤੀ ਹੈ। ਉਹ ਦੇਸ਼ ਕਾਲ ਦੀਆਂ ਹੱਦਾਂ ਤੋਂ ਪਰੇ ਹੈ। ਬ੍ਰਹਮ ਹੀ ਇਸ ਵਿਸ਼ਾਲ ਬ੍ਰਹਮੰਡ ਵਿਚ ਪੁਰਸ਼ ਅਤੇ ਪ੍ਰਕ੍ਰਿਤੀ ਦਾ ਕਾਰਣ ਹੈ। ਬ੍ਰਹਮ ਹੀ ਜਗਤ ਦਾ ਉਪਾਦਾਨ ਅਤੇ ਨਮਿੱਤ ਕਾਰਣ ਹੈ ਤੇ ਜਗਤ ਬ੍ਰਹਮ ਦਾ ਪਰਿਣਾਮ ਹੀ ਹੈ। ਬ੍ਰਹਮ ਜਗਤ ਦਾ ਉਪਾਦਾਨ ਕਾਰਨ ਹੋਣ ਕਰਕੇ ਇਸ ਵਿਚ ਵਿਆਪਕ ਹੈ। ਜਿਵੇਂ ਮਿੱਟੀ ਦਾ ਘੜਾ ਨਿਰਾ ਮਿੱਟੀ ਹੀ ਹੈ। ਇਸ ਤਰ੍ਹਾਂ ਹਰ ਵਸਤੂ ਨਿਰੋਲ ਬ੍ਰਹਮ ਹੈ। ਜਗਤ ਦੀਆਂ ਸਾਰੀਆਂ ਵਸਤਾਂ ਵੇਖਣ ਵਿਚ ਭਾਵੇਂ ਬ੍ਰਹਮ ਤੋਂ ਅੱਡ ਹਨ ਪਰ ਬ੍ਰਹਮ ਦਾ ਪਰਿਣਾਮ ਹੋਣ ਕਰਕੇ ਅਸਲ ਵਿਚ ਨਿਰਾ ਬ੍ਰਹਮ ਹਨ। ਘੁਮਿਆਰ ਘੜੇ ਤੋਂ ਅੱਡ ਉਸ ਦਾ ਬਣਾਉਣ ਵਾਲਾ ਹੈ। ਪਰ ਬ੍ਰਹਮ ਜੋ ਜਗਤ ਦਾ ਸਿਰਜਣਹਾਰ ਹੈ, ਵੱਖ ਨਹੀਂ। ਭਾਵੇਂ ਬ੍ਰਹਮ ਜਗਤ ਨਾਲ ਬਿਲਕੁਲ ਇਕਮਿਕ ਨਹੀਂ ਤੇ ਇਸ ਤੋਂ ਉਚੇਰਾ ਤੇ ਵਡੇਰਾ ਹੈ, ਤਾਂ ਵੀ ਉਹ ਜਗਤ ਵਿਚ ਵਸਦਾ ਹੈ ਅਤੇ ਜਗਤ ਨੂੰ ਚਲਾਂਦਾ ਹੈ। ਬ੍ਰਹਮ ਸਦਾ ਹੀ ਪੂਰਣ, ਸੰਤੁਸ਼ਟ ਅਤੇ ਆਨੰਦਮਯ ਹੈ। ਜਗਤ ਉਸ ਦੀ ਲੀਲ੍ਹਾ ਹੈ। ਬ੍ਰਹਮ ਸਗੁਣ ਹੈ, ਨਿਰਗੁਣ ਨਹੀਂ। ਉਹ ਸਰਵੱਗ, ਸਰਵ-ਸ਼ਕਤੀਮਾਨ ਅਤੇ ਸਰਵ-ਵਿਆਪਕ ਹੈ। ਸੁੰਦਰ, ਆਨੰਦਮਯ, ਦਇਆਵਾਨ ਹੈ। ਬ੍ਰਹਮ ਅਲੇਪ ਹੈ। ਮਨੁੱਖ ਦੀ ਆਤਮਾ ਦਾ ਵਾਸੀ ਹੈ। ਪਰ ਬ੍ਰਹਮ ਸਾਧਾਰਣ ਸੂਝ ਜਾਂ ਅਨੁਮਾਨ ਦਾ ਵਿਸ਼ਾ ਨਹੀਂ। ਡਾ. ਰਤਨ ਸਿੰਘ ਜੱਗੀ ਅਨੁਸਾਰ ਉਹ ਕਲਿਆਣ-ਗੁਣਾਂ ਦਾ ਨਿਧਾਨ ਹੈ ਉਹ ਸਾਰੀਆਂ ਗੋਚਰ ਚੀਜ਼ਾਂ ਦੇ ਵਿਚਕਾਰ ਅਤੇ ਬਾਹਰ ਵਿਆਪਕ ਹੋ ਕੇ ਰਹਿੰਦਾ ਹੈ। ਉਹ ਹੋਰ ਪਦਾਰਥਾਂ ਤੋਂ ਭਿੰਨ ਅਤੇ ਅਭਿੰਨ ਦੋਵੇਂ ਹੈ। ਸੋ ਉਸ ਨੂੰ ਦ੍ਵੈਤ ਅਤੇ ਅਦ੍ਵੈਤ ਦੋਵੇਂ ਕਿਹਾ ਜਾ ਸਕਦਾ ਹੈ। ਉਹ ਸਗੁਣ ਹੈ, ਨਿਰਗੁਣ ਨਹੀਂ।[16]

ਜੀਵ ਅਤੇ ਜਗਤ ਕਿਉਂਕਿ ਈਸ਼ਵਰ ਤੇ ਨਿਰਭਰ ਹਨ ਇਸ ਲਈ ਅਭਿੰਨ ਹਨ। (ਅਦਵੈਤ-ਮੱਤ)। ਪਰ ਸਰੂਪ ਦੀ ਦ੍ਰਿਸ਼ਟੀ ਤੋਂ ਜੀਵ ਅਤੇ ਜਗਤ ਈਸ਼ਵਰ ਤੋਂ ਇਕਦਮ ਭਿੰਨ(ਦਵੈਤ-ਮੱਤ) ਹਨ। ਸੋ ਇਸੇ ਕਰਕੇ ਇਸ ਨੂੰ ਦ੍ਵੈਤਾਦ੍ਵੈਤ ਕਿਹਾ ਜਾਂਦਾ ਹੈ। ਨਿੰਬਾਰਕ ਦਾ ਬ੍ਰਹਮ ਸਗੁਣ ਹੈ ਅਤੇ ਸਭ ਦੋਸ਼ਾਂ ਤੋਂ ਰਹਿਤ ਹੈ ਅਤੇ ਉਹ ਗਿਆਨ, ਬਲ ਆਦਿ ਕਲਿਆਣ ਗੁਣਾਂ ਦਾ ਖਜ਼ਾਨਾ ਹੈ।

ਵੱਲਭਾਚਾਰੀਆ ਦੇ ਸ਼ੁੱਧ-ਅਦਵੈਤਵਾਦ ਅਨੁਸਾਰ ਬ੍ਰਹਮ ਹੀ ਇਕ ਮਾਤਰ ਜਾਨਣ ਯੋਗ ਤੱਤ ਹੈ। ਬ੍ਰਹਮ ਇੱਕ ਹੈ। ਉਸ ਦਾ ਸਾਨੀ ਕੋਈ ਨਹੀਂ। ਉਹ ਸੱਚਿਦਾਨੰਦ ਸਰੂਪ ਹੈ। ਉਹ ਸਾਕਾਰ ਰੂਪ ਹੈ। ਉਹ ਸਦੀਵੀ, ਨਿਰਵਿਕਾਰ, ਹਾਜ਼ਰ-ਨਾਜ਼ਰ, ਸਰਬੱਗ ਤੇ ਸਰਵ-ਸ਼ਕਤੀਮਾਨ ਹੈ। ਉਸ ਵਿੱਚ ਗਿਆਨ, ਕਰਮ ਆਦਿ ਸਭ ਸ਼ਕਤੀਆਂ ਹਨ। ਉਹ ਹਰ ਵਸਤੂ ਦਾ ਸਿਰਜਣਹਾਰ ਅਤੇ ਉਪਾਦਾਨ ਅਤੇ ਨਮਿੱਤ ਕਾਰਣ ਦੋਵੇਂ ਹੈ। ਉਹ ਆਤਮਾਵਾਂ ਜੋ ਉਸ ਤੋਂ ਉਪਜਦੀਆਂ ਹਨ, ਭਿੰਨ ਨਹੀਂ। ਉਹ ਭੋਗਤਾ ਹੈ। ਜਗਤ ਅਤੇ ਆਤਮਾਵਾਂ ਬ੍ਰਹਮ ਨਾਲ ਇਕਮਿਕ ਹਨ। ਇਸ ਲਈ ਵੱਲਭ ਦੀ ਵਿਚਾਰਧਾਰਾ ਨੂੰ ਸ਼ੁੱਧ ਅਦਵੈਤ ਆਖਿਆ ਗਿਆ ਹੈ। ਬ੍ਰਹਮ ਨਿਰਲੇਪ ਹੈ ਤੇ ਪਵਿੱਤਰ ਹੈ। ਇਸ ਮੱਤ ਅਨੁਸਾਰ ਬ੍ਰਹਮ ਦੇ ਪਾਰਬ੍ਰਹਮ, ਅੱਖਰ ਬ੍ਰਹਮ ਅਤੇ ਜਗਤ ਤਿੰਨ ਰੂਪ ਹਨ। ਜਗਤ ਬ੍ਰਹਮ ਰੂਪ ਹੈ ਅਤੇ ਜਗਤ ਉਸ ਦੀ ਲੀਲ੍ਹਾ ਹੈ। ਗਿਆਨੀ ਅੱਖਰ ਬ੍ਰਹਮ ਦਾ ਹੀ ਧਿਆਨ ਕਰਦੇ ਹਨ। ਅਕ੍ਸ਼ਰ ਬ੍ਰਹਮ ਤੋਂ ਆਤਮਾਵਾਂ ਅੱਗ ਤੋਂ ਚਿੰਗਾਰੀਆਂ ਵਾਂਗ ਉਪਜਦੀਆਂ ਹਨ। ਮਕੜੀ ਦੇ ਜਾਲ੍ਹਾ ਕੱਢਣ ਵਾਂਗ ਉਹ ਆਪਣੀ ਮਰਜ਼ੀ ਅਨੁਸਾਰ ਆਪਣੇ ਸਰੂਪ ਤੋਂ ਜਗਤ ਸਾਜਦਾ ਹੈ। ਜਗਤ ਵਿਚ ਹਰ ਵਸਤੂ ਬ੍ਰਹਮ ਹੈ ਅਤੇ ਅੱਡ-ਅੱਡ ਵਸਤਾਂ ਵਿਚ ਅੱਡ-ਅੱਡ ਗੁਣ ਈਸ਼ਵਰ ਦੀ ਇੱਛਾ ਅਨੁਸਾਰ ਪ੍ਰਗਟ ਹੁੰਦੇ ਹਨ। ਆਤਮਾਵਾਂ ਅਸੰਖਿਤ, ਸਦੀਵੀ, ਅਣੂ ਰੂਪ ਅਤੇ ਬ੍ਰਹਮ ਦੀ ਅੰਸ਼ ਹਨ। ਇਸ ਮੱਤ ਵਿਚ ਸ੍ਰੀ ਕ੍ਰਿਸ਼ਨ ਨੂੰ ਹੀ ਪਾਰਬ੍ਰਹਮ ਮੰਨਿਆ ਗਿਆ ਹੈ। ਪਾਰਬ੍ਰਹਮ ਆਨੰਦ ਘਨ ਹੈ ਅਤੇ ਅੱਖਰ ਬ੍ਰਹਮ ਆਨੰਦ ਲੇਸ਼ ਹੈ। ਮਨਮੁਖਾਂ ਅਤੇ ਦੁਸ਼ਟਾਂ ਦਾ ਨਾਸ਼ ਅਤੇ ਗੁਰਮੁਖ ਅਤੇ ਭਗਤਾਂ ਦੀ ਰਖਿਆ ਲਈ ਪਾਰਬ੍ਰਹਮ ਅਵਤਾਰ ਧਾਰਦਾ ਹੈ।

ਦਵੈਤਮੱਤ ਅਨੁਸਾਰ ਬ੍ਰਹਮ ਅਨੰਤ ਗੁਣਾਂ ਨਾਲ ਭਰਪੂਰ ਹੈ। ਉਹ ਸਰਬ-ਵਿਆਪਕ ਹੈ। ਉਹ ਸ੍ਰਿਸ਼ਟੀ, ਸਥਿਤੀ, ਨਾਸ਼, ਨਿਯਮਨ, ਗਿਆਨ, ਆਵਰਣ, ਬੋਧ ਅਤੇ ਮੋਕਸ਼ ਦਾ ਕਰਤਾ ਹੈ। ਮਾਧਵ ਅਨੁਸਾਰ ਵਿਸ਼ਣੂ ਹੀ ਸਾਖਿਆਤ ਪਰਮਾਤਮਾ ਹੈ। ਉਸਦੇ ਸਭ ਅਵਤਾਰ ਪੂਰਣ ਤੋਂ ਉਤਪੰਨ ਹੋ ਕੇ ਵੀ ਸੰਪੂਰਣ ਹਨ। ਇਸ ਲਈ ਭਗਵਾਨ ਅਤੇ ਉਸਦੇ ਅਵਤਾਰਾਂ ਵਿਚ ਕਿਸੇ ਕਿਸਮ ਦਾ ਭੇਦ ਨਹੀਂ ਰਹਿੰਦਾ।[17] ਗਿਆਨ, ਆਨੰਦ ਆਦਿ ਕਲਿਆਣ ਗੁਣ ਹੀ ਭਗਵਾਨ ਦੇ ਸਰੀਰ ਹਨ। ਉਹ ਸਰੀਰੀ ਹੋਣ ਤੇ ਵੀ ਸੁਤੰਤਰ ਹੈ।

ਬ੍ਰਹਮ ਸਰਵਪੂਰਣ ਦੇ ਰੂਪ ਵਿਚ ਸਮਝ ਤੋਂ ਪਰੇ ਹੈ। ਪਰੰਤੂ ਇਹ ਨਿੱਤਯ ਅਤੇ ਸਦੈਵੀ ਹੈ। ਇਹ ਵੇਖ ਕੇ ਕਿ ਉਹ ਸੱਤ ਦਾ ਮੂਲ ਹੈ, ਉਸਦੀ ਸਮਝ ਪੈਂਦੀ ਹੈ।

ਇਸਲਾਮ ਧਰਮ ਵਿਚ ਬ੍ਰਹਮ ਨੂੰ 'ਅੱਲਾਹ' ਰੂਪ ਵਿਚ ਮੰਨਿਆ ਗਿਆ ਹੈ। ਉਹ ਕੇਵਲ ਇਕ ਅਤੇ ਸ੍ਰਿਸ਼ਟੀ ਦਾ ਕਰਤਾ ਹੈ। ਉਹ ਸਰਬ-ਸ਼ਕਤੀਮਾਨ, ਲਾਸ਼ਰੀਕ, ਜੋਤਿ-ਸਰੂਪ, ਸਰਬ-ਵਿਆਪਕ, ਸਰਬ-ਵਿਦਮਾਨ, ਰੱਖਿਅਕ ਅਤੇ ਮਾਲਕ ਹੈ। ਜੀਵਨ ਤੇ ਮੌਤ ਉਸ ਦੇ ਹੱਥ ਹੈ। ਉਹ ਕਾਲ-ਰਹਿਤ ਹੈ ਅਤੇ ਸਥਾਨ ਤੋਂ ਵੀ ਮੁਕਤ ਹੈ। ਉਸ ਤੋਂ ਬਾਹਰ ਨਾ ਕਿਸੇ ਤਰ੍ਹਾਂ ਦਾ ਗਿਆਨ ਹੈ ਅਤੇ ਨਾ ਹੀ ਕਿਸੇ ਤਰ੍ਹਾਂ ਦੀ ਸਤ੍ਹਾ। ਉਹ ਨਿਆਂ-ਪੂਰਨ ਹੈ। ਸਰਬ-ਵਿਆਪਕ ਹੋਣ ਦੇ ਨਾਲ ਨਾਲ ਉਸ ਦਾ ਮੁੱਖ ਨਿਵਾਸ ਇਸ ਦੁਨੀਆਂ ਤੋਂ ਬਹੁਤ ਦੂਰ ਛੇ ਅਸਮਾਨਾਂ ਨੂੰ ਪਾਰ ਕਰਕੇ ਸੱਤਵੇਂ ਅਸਮਾਨ ਤੇ ਹੈ।[18]

ਸੂਫ਼ੀ ਸਾਧਕ ਵੀ ਇੱਕ ਈਸ਼ਵਰ ਵਿਚ ਵਿਸ਼ਵਾਸ ਰਖਦੇ ਹਨ। ਇਸ ਮੱਤ ਅਨੁਸਾਰ ਜਗਤ ਵਿਚ ਕੇਵਲ ਪਰਮਾਤਮਾ ਹੀ ਸੱਤਿ ਹੈ। ਰਾਮ ਪੂਜਨ ਤਿਵਾੜੀ ਵੀ ਲਿਖਦੇ ਹਨ ਕਿ ਇਹ ਮੰਨਦੇ ਹੋਏ ਵੀ ਕਿ ਪਰਮਾਤਮਾ ਇਕ ਹੈ ਅਤੇ ਨਿਰਪੇਖ ਹੈ, ਸੂਫ਼ੀ ਕਹਿੰਦੇ ਹਨ ਕਿ ਇਸ ਦ੍ਰਿਸ਼ਟਮਾਨ ਜਗਤ ਵਿਚ ਉਸ ਦੀ ਹੀ ਇਕ ਮਾਤਰ ਸਤ੍ਹਾ ਹੈ। ਉਹ ਪਰਮ ਸੱਤ ਅਤੇ ਪਰਮ-ਕਲਿਆਣ ਹੈ। ਸੰਪੂਰਨ ਸ੍ਰਿਸ਼ਟੀ ਉਸ ਦੇ ਪ੍ਰਕਾਸ਼ ਨਾਲ ਹੀ ਪ੍ਰਕਾਸ਼ਿਤ ਹੈ।[19] ਪਰਮਸਤ੍ਹਾ ਲਈ ਸੂਫ਼ੀਮੱਤ ਵਿਚ 'ਹੱਕ' ਸ਼ਬਦ ਵਰਤਿਆ ਗਿਆ ਹੈ। ਸੂਫ਼ੀ ਸੰਸਾਰ ਨੂੰ ਉਸ ਪਰਮਾਤਮਾ ਦੀ ਛਾਇਆ ਜਾਂ ਪ੍ਰਤੀਬਿੰਬ ਸਮਝਦੇ ਹਨ। ਉਹ ਆਦਿਸ਼ ਹੈ ਅਤੇ ਜਗਤ ਉਸ ਦਾ ਹੀ ਦ੍ਰਿਸ਼-ਰੂਪ ਹੈ।

ਕਿਹਾ ਜਾ ਸਕਦਾ ਹੈ ਕਿ 'ਬ੍ਰਹਮ' ਦੀ ਮੁੱਢ ਤੋਂ ਹੀ ਕਿਸੇ ਨਾ ਕਿਸੇ ਰੂਪ ਵਿਚ ਕਲਪਣਾ ਕੀਤੀ ਗਈ ਹੈ ਅਤੇ ਇਸ ਜਗਤ ਨੂੰ ਉਸ ਬ੍ਰਹਮ ਦਾ ਹੀ ਪਸਾਰਾ ਮੰਨਿਆ ਗਿਆ ਹੈ। ਥੋੜ੍ਹੇ ਬਹੁਤੇ ਫਰਕ ਨਾਲ ਬਹੁਤ ਸਾਰੇ ਮੱਤ ਬ੍ਰਹਮ ਦੀ ਹੋਂਦ ਨੂੰ ਕਿਸੇ ਨਾ ਕਿਸੇ ਰੂਪ ਵਿਚ ਸਵਿਕਾਰਦੇ ਹਨ। ਉਸਦੀ ਹੋਂਦ ਸਗੁਣ, ਨਿਰਗੁਣ ਅਤੇ ਸਗੁਣ-ਨਿਰਗੁਣ ਤਿੰਨ ਭੇਦਾਂ ਦੇ ਦੁਆਲੇ ਘੁੰਮਦੀ ਹੈ।

ਗੁਰੂ ਸਾਹਿਬ ਨੇ ਸਿੱਖੀ ਸਿਧਾਂਤਾਂ ਦੀ ਰਚਨਾ ਕਰਨ ਵੇਲੇ ਇਸ ਪੁਰਾਣੇ ਇਤਿਹਾਸ ਤੇ ਦਰਸ਼ਨ ਨੂੰ ਜ਼ਰੂਰ ਵਾਚਿਆ। ਗੁਰੂ ਨਾਨਕ ਦੇਵ ਅਤੇ ਗੁਰੂ ਰਵਿਦਾਸ ਨੇ ਇਨ੍ਹਾਂ ਦਾ ਪੂਰਾ ਪ੍ਰਭਾਵ ਤਾਂ ਭਾਵੇਂ ਨਹੀਂ ਕਬੂਲਿਆ ਪਰ ਇਸ ਘੋਖ-ਪੜਤਾਲ ਨੇ ਉਨ੍ਹਾਂ ਨੂੰ ਕਾਬ

539859
PANJAB UNIVERSITY

ਜ਼ਰੂਰ ਪਰੁੰਗਾਰਿਆ। ਬਹੁ-ਦੇਵ ਵਾਦ, ਦੇਵ-ਪੂਜਾ ਆਦਿ ਦੇ ਖਿਆਲ ਨੂੰ ਉਨ੍ਹਾਂ ਨੇ ਆਪਣੇ ਵਿਚਾਰਾਂ ਰਾਹੀਂ ਭੰਡਿਆ ਅਤੇ ਇਕ ਸਰਬਸ਼ਕਤੀਮਾਨ, ਸਰਬ-ਵਿਆਪਕ ਅਕਾਲ ਪੁਰਖ ਜਾਂ ਬ੍ਰਹਮ ਦੇ ਖਿਆਲ ਨੂੰ ਪ੍ਰਚਾਰਿਆ। ਏਕਤਾ ਤੇ ਅਨੇਕਤਾ ਦੀ ਸਮੱਸਿਆ ਦਾ ਹੱਲ ਵੈਦਕ ਮੰਤਰਾਂ ਨਾਲੋਂ ਗੁਰਬਾਣੀ ਵਿਚ ਵੱਖਰਾ ਹੈ। ਵੈਦਕ ਬ੍ਰਹਮ ਤਾਂ ਮਨੁੱਖ ਦੀ ਨਿਰਜੀਵ ਵਸਤੂਆਂ ਨੂੰ ਸਜੀਵ ਮਹਿਸੂਸ ਕਰਨ ਵਾਲੀ ਰੁਚੀ ਦਾ ਹੀ ਸਿੱਟਾ ਹੈ। ਪ੍ਰੰਤੂ ਗੁਰੂ ਸਾਹਿਬਾਨ ਦੇ ਦਰਸ਼ਨ ਅਨੁਸਾਰ ਬ੍ਰਹਮ ਦਾ ਖਿਆਲ ਅਕਾਲ ਪੁਰਖ ਦੀ ਏਕਤਾ ਤੋਂ ਚਲਦਾ ਹੈ। ਵੇਦਾਂ ਵਿਚ ਅਨੇਕ ਤੋਂ ਆਰੰਭ ਹੋ ਕੇ ਏਕਤਾ ਤੇ ਸਰਬੇਕਤਾ ਤੱਕ ਪੁੱਜੀਦਾ ਹੈ ਪ੍ਰੰਤੂ ਗੁਰਬਾਣੀ ਅਨੁਸਾਰ ਏਕਤਾ ਤੋਂ ਆਰੰਭ ਹੋ ਕੇ ਅਨੇਕਤਾ ਦਾ ਪਸਾਰਾ ਪਸਰਦਾ ਹੈ। ਗੀਤਾ ਵਿਚ ਤਾਂ ਕ੍ਰਿਸ਼ਨ ਜੀ ਮਹਾਰਾਜ ਨੂੰ ਵਿਸ਼ਨੂੰ ਦਾ ਅਵਤਾਰ ਮੰਨਿਆ ਗਿਆ ਹੈ ਪਰ ਗੁਰਬਾਣੀ ਅਤੇ ਰਵਿਦਾਸ ਬਾਣੀ ਵਿਚ ਇਸ ਦਾ ਖੰਡਨ ਕੀਤਾ ਗਿਆ ਹੈ। ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੀ ਵਿਚਾਰਧਾਰਾ ਬੋਧ ਮੱਤ ਅਤੇ ਜੈਨ ਮੱਤ ਨਾਲੋਂ ਬਿਲਕੁਲ ਵੱਖਰੀ ਹੈ। ਕਿਉਂਕਿ ਬੋਧੀ ਪਰਮਾਤਮਾ ਦੀ ਹੋਂਦ ਵਿਚ ਵਿਸ਼ਵਾਸ ਨਹੀਂ ਰਖਦੇ ਹਨ ਅਤੇ ਜੈਨ ਮੱਤ ਵਾਲੇ ਤੀਰਥੰਕਰਾਂ ਨੂੰ ਜ਼ਿਆਦਾ ਮਹੱਤਾ ਦਿੰਦੇ ਹਨ। ਪਰ ਗੁਰੂ ਰਵਿਦਾਸ ਬਾਣੀ ਅਤੇ ਗੁਰੂ ਨਾਨਕ ਬਾਣੀ ਵਿਚ ਇਕ ਅਕਾਲ ਪੁਰਖ ਤੋਂ ਬਿਨ੍ਹਾਂ ਕਿਸੇ ਹੋਰ ਸ਼ਕਤੀ ਦੀ ਹੋਂਦ ਨੂੰ ਨਕਾਰਿਆ ਗਿਆ ਹੈ ਅਤੇ ਨਿਆਇ ਦਰਸ਼ਨ ਅਤੇ ਵੈਸ਼ੇਸ਼ਿਕ ਮੱਤ ਵਾਂਗ ਇਕ ਈਸ਼ਵਰ ਦੀ ਹਸਤੀ ਨੂੰ ਮੰਨਿਆ ਗਿਆ ਹੈ ਜੋ ਅਦੁੱਤੀ, ਬੇਅੰਤ ਅਤੇ ਸਦਾ ਰਹਿਣ ਵਾਲਾ ਹੈ। ਸੰਸਾਰ ਦੀ ਉਤਪਤੀ, ਸਥਿਤੀ ਅਤੇ ਨਾਸ਼ ਦਾ ਕਾਰਣ ਬਣਦਾ ਹੈ। ਗੁਰਮਤਿ ਅਤੇ ਰਵਿਦਾਸ ਵਿਚਾਰਧਾਰਾ ਛੇਆਂ ਸ਼ਾਸਤ੍ਰਾਂ ਵਿਚੋਂ ਵੀ ਕਿਸੇ ਇੱਕ ਸ਼ਾਸਤਰ ਨਾਲ ਖੁਲ੍ਹੇ ਤੌਰ ਤੇ ਸਹਿਮਤ ਨਹੀਂ। ਗੁਰੂ ਨਾਨਕ ਦੇਵ ਜੀ ਸ਼ੁੱਧ ਅਦਵੈਤ ਦਾ ਉਪਦੇਸ਼ ਕਰਦੇ ਹਨ ਪਰ ਸ਼ੰਕਰਾਚਾਰਜ ਵਾਂਗ ਦੁਨੀਆਂ ਨੂੰ ਨਿਰਾ ਭਰਮ ਕਹਿ ਕੇ ਇਸਦਾ ਅਭਾਵ ਨਹੀਂ ਦੱਸਦੇ। ਉਹ ਸੰਸਾਰ ਦੀ ਸਤ੍ਹਾ ਨੂੰ ਤਾਂ ਮੰਨਦੇ ਹਨ ਪਰ ਇਹ ਸਤ੍ਹਾ ਸੁਤੰਤਰ ਨਹੀਂ ਪਰਤੰਤਰ ਹੈ। ਜੇਕਰ ਸਿਧਾਂਤਾਂ ਦੇ ਵਿਸਥਾਰ ਵਿਚ ਜਾਈਏ ਤਾਂ ਗੁਰਮਤਿ ਅਤੇ ਰਵਿਦਾਸ ਬਾਣੀ ਦੀਆਂ ਅੰਤਮ ਸਤਿਤਵਾਂਗਿਕ ਗੱਲਾਂ ਸਾਂਖ ਸ਼ਾਸਤ੍ਰ ਤੇ ਵੇਦਾਂਤ ਸ਼ਾਸਤ੍ਰ ਨਾਲ ਸਾਂਝੀਆਂ ਜਾਪਦੀਆਂ। ਪਰ ਇਹ ਸਾਂਝ ਬੁਨਿਆਦੀ ਗੱਲਾਂ ਦੀ ਨਹੀਂ ਹੈ। ਸਾਂਖ ਸ਼ਾਸਤਰ ਦਾ 'ਪੁਰਸ਼' ਦਾ ਖਿਆਲ ਗੁਰੂ ਸਾਹਿਬਾਂ ਦੇ ਅਕਾਲ ਪੁਰਖ ਦੇ ਖਿਆਲ ਤੋਂ ਬਿਲਕੁਲ ਭਿੰਨ ਹੈ। ਸਾਂਖ ਭੇਦਵਾਦੀ ਹੈ। ਪਰ ਗੁਰੂ ਨਾਨਕ ਅਤੇ ਗੁਰੂ ਰਵਿਦਾਸ ਦਾ ਮੱਤ ਅਭੇਦਵਾਦੀ। ਸਾਂਖ ਅਨੁਸਾਰ ਅਨੇਕ ਜੀਵਾਤਮਾਵਾਂ ਹਨ ਤੇ 'ਪੁਰਖ' ਪਰਮਾਤਮਾ ਵਾਂਗ ਹੀ ਸੱਤ ਹਨ। ਸਾਂਖ ਦੇ ਤਿੰਨ ਪਦਾਰਥ ਪੁਰਖ, ਪ੍ਰਕ੍ਰਿਤੀ ਤੇ ਜੀਵ ਗੁਰਮਤਿ ਵਿਚ ਵਰਤੇ ਗਏ ਹਨ। ਪਰ ਇਨ੍ਹਾਂ ਦੇ ਅਰਥ ਤੇ ਭਾਵ ਬਿਲਕੁਲ ਵੱਖ ਵੱਖ ਹਨ। ਇਸ ਪੱਖ ਵਿਚ ਗੁਰਮਤਿ ਵਿਚ ਆਏ ਵਿਚਾਰ ਬਹੁਤ ਕਰਕੇ ਵੇਦਾਂਤ ਅਨੁਸਾਰ ਹੀ ਹਨ। ਇਨ੍ਹਾਂ

ਵਿਸ਼ਿਆਂ ਉੱਤੇ ਨਿਆਇ ਸ਼ਾਸਤ੍ਰ ਤੇ ਵੈਸ਼ੇਸ਼ਿਕ ਸ਼ਾਸਤ੍ਰ ਨਾਲ ਗੁਰਬਾਣੀ ਤੇ ਰਵਿਦਾਸ ਬਾਣੀ ਦੀ ਕੋਈ ਸਾਂਝ ਨਹੀਂ ਹੈ। ਗੁਰੂ ਸਾਹਿਬਾਨ ਨੇ ਨਿਆਇ ਸ਼ਾਸਤ੍ਰ ਦੀ ਲੁਕਵੀਂ ਨਾਸਤਕਤਾ ਦੀ ਨਿਖੇਧੀ ਕੀਤੀ ਹੈ। ਫਿਰ ਈਸ਼ਵਰ ਨੂੰ ਸਰਗੁਣ ਬ੍ਰਹਮ ਸਮਝਦਾ ਹੈ ਜੋ ਰੂਪ-ਰੰਗ ਤੇ ਰੇਖ ਭੇਖ ਰਖਦਾ ਹੈ। ਪਰ ਅਜਿਹਾ ਈਸ਼ਵਰ ਕੇਵਲ ਕਲਪਤ ਹਸਤੀ ਹੈ। ਗੁਰੂ ਨਾਨਕ ਦੇਵ ਤੇ ਗੁਰੂ ਰਵਿਦਾਸ ਲਈ ਬ੍ਰਹਮ 'ਪੁਰਖ' ਹੈ। ਜੋ ਚੇਤਨ ਤੇ ਸਤਿ ਹੈ। ਦੋਵੇਂ ਗੁਰੂ ਜਗਤ ਨੂੰ ਮਿਥਿਆ ਜਾਂ ਭਰਮ ਨਹੀਂ ਸਮਝਦੇ। ਇਹ ਉਸ ਸੱਚੇ ਬ੍ਰਹਮ ਦੀ ਕੋਠੜੀ ਹੈ ਤੇ ਉਸ ਦਾ ਵਾਸਾ ਇਸੇ ਵਿਚ ਹੈ। ਦੋਵੇਂ ਗੁਰੂਆਂ ਨੇ ਦੂਜਾ ਭਾਉ ਤਿਆਗ ਕੇ ਇਕ ਬ੍ਰਹਮ ਨੂੰ ਆਪਣੇ ਗਿਆਨ-ਧਿਆਨ ਦਾ ਵਿਸ਼ਾ ਬਣਾਉਣ ਤੇ ਜੋਰ ਦਿੱਤਾ। ਅਕਾਲ ਪੁਰਖ ਬ੍ਰਹਮ ਸਭ ਦਾ ਮਾਤ-ਪਿਤਾ ਹੈ ਤੇ ਸਾਰੇ ਜੀਵ ਉਸੇ ਦੀ ਹੋਂਦ ਵਿਚ ਹੋਂਦ ਰੱਖਦੇ ਹਨ। ਇਸ ਲਈ ਸਾਰੇ ਜੀਵ ਇਕ ਹਨ। ਜੀਵਾਤਮਾ ਬ੍ਰਹਮ ਨਾਲੋਂ ਵੱਖਰੀ ਨਹੀਂ।

ਗੁਰੂ ਰਵਿਦਾਸ ਬਾਣੀ ਅਤੇ ਗੁਰੂ ਨਾਨਕ ਬਾਣੀ ਦਾ ਅਧਿਐਨ ਕਰਨ ਪਿਛੋਂ ਇਹ ਜ਼ਾਹਰ ਹੁੰਦਾ ਹੈ ਕਿ ਗੁਰੂ ਰਵਿਦਾਸ ਦੀ ਵਿਚਾਰਧਾਰਾ ਰਾਮਾਨੁਜ ਵਿਚਾਰਧਾਰਾ ਨਾਲ ਅਤੇ ਗੁਰੂ ਨਾਨਕ ਦੀ ਵਿਚਾਰਧਾਰਾ ਵੱਲਭ ਦੀ ਵਿਚਾਰਧਾਰਾ ਨਾਲ ਜ਼ਿਆਦਾ ਮੇਲ ਖਾਂਦੀ ਹੈ। ਰਾਮਾਨੁਜ ਕਿਉਂ ਕਿ ਵਿਸ਼ਸ਼ਟ-ਅਦ੍ਵੈਤਵਾਦੀ ਸੀ। ਰਾਮਾਨੁਜ ਵਾਂਗ ਗੁਰੂ ਰਵਿਦਾਸ ਵੀ ਮੰਨਦੇ ਹਨ ਕਿ ਬ੍ਰਹਮ ਅਤੇ ਜੀਵ ਵਿਸ਼ੇਸ਼ ਹਸਤੀਆਂ ਹਨ ਭਾਵੇਂ ਵੱਖ-ਵੱਖ ਨਹੀਂ। ਈਸ਼ਵਰ ਸਭ ਹਸਤੀਆਂ ਵਿਚ ਉਨ੍ਹਾਂ ਦੀ ਅੰਤ੍ਰੀਵ ਆਤਮਾ ਦੇ ਤੌਰ ਤੇ ਵਿਆਪਕ ਹੈ, ਪਰ ਅਲੇਪ ਹੈ। ਤੱਤ੍ਵ ਅਤੇ ਕੀਮਤ ਇਕੋ ਹਨ। ਪਰ ਗੁਰੂ ਨਾਨਕ ਸ਼ੁੱਧ ਅਦਵੈਤਵਾਦੀ ਹਨ। ਉਹ ਮੰਨਦੇ ਹਨ ਕਿ ਜੀਵਾਤਮਾਵਾਂ ਬ੍ਰਹਮ ਨਾਲ ਉਸੇ ਤਰ੍ਹਾਂ ਸੰਬੰਧਿਤ ਹਨ ਜਿਵੇਂ ਅੱਗ ਤੇ ਅੱਗ ਦੀਆਂ ਚੰਗਿਆੜੀਆਂ ਜਗਤ ਭਰਮ ਦੇ ਕਾਰਣ ਹੀ ਮਿਥਿਆ ਤੇ ਅਸੱਤ ਹੈ। ਭਰਮ ਕਾਰਨ ਹੀ ਜਗਤ ਈਸ਼ਵਰ ਤੋਂ ਵੱਖ ਵਿਖਾਈ ਦਿੰਦਾ ਹੈ। ਪਰ ਇਹ ਸਭ ਕੁਝ ਈਸ਼ਵਰ ਦੀ ਰਜ਼ਾ ਹੈ। ਭਰਮ ਦੀ ਨਵਿਰਤੀ ਤੇ ਗਿਆਨ ਦੀ ਪ੍ਰਾਪਤੀ ਵੀ ਈਸ਼ਵਰ ਦੀ ਮਿਹਰ ਨਾਲ ਹੀ ਹੋਣੀ ਹੈ। ਇਸ ਤਰ੍ਹਾਂ ਨਾਨਕ ਦਰਸ਼ਨ ਦੀ ਵੱਲਭ ਦਰਸ਼ਨ ਨਾਲ ਬਹੁਤ ਨੇੜੇ ਦੀ ਸਾਂਝ ਪ੍ਰਤੀਤ ਹੁੰਦੀ ਹੈ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਵੱਲਭ ਤੇ ਗੁਰੂ ਨਾਨਕ ਦਾ ਮੇਲ ਤੇ ਆਪਸੀ ਵਿਚਾਰ-ਵਟਾਂਦਰਾ ਹੋਇਆ ਹੋਵੇਗਾ। ਕਿਉਂ ਕਿ ਦੋਵੇਂ ਸਮਕਾਲੀ ਸਨ।

## ਸੰਤ ਰਵਿਦਾਸ ਅਤੇ ਗੁਰੂ ਨਾਨਕ ਦਾ ਬ੍ਰਹਮ ਨਿਰੂਪਣ

ਬ੍ਰਹਮ ਦੇ ਇਸ ਪਰੰਪਰਿਕ ਵਿਸ਼ਲੇਸ਼ਣ ਤੋਂ ਇਹ ਗੱਲ ਉਘੜ ਕੇ ਸਾਹਮਣੇ ਆਉਂਦੀ ਹੈ ਕਿ ਸਭ ਦਾਰਸ਼ਨਿਕ ਪਰਮਸੰਤ, ਬ੍ਰਹਮ ਦੇ ਦੋ ਸਰੂਪ-ਵਿਅਕਤ ਅਤੇ ਅਵਿਅਕਤ

ਨਾਲ ਸਹਿਮਤ ਹਨ। ਗੁਰੂ ਰਵਿਦਾਸ ਜੀ ਸਗੁਣ ਬ੍ਰਹਮ ਦੀ ਉਸਤਤਿ ਕਰਦੇ ਹੋਏ ਨਿਰਗੁਣ ਰੂਪ ਦੀ ਰਹੱਸ ਅਨੁਭੂਤੀ ਨੂੰ ਪ੍ਰਾਪਤ ਹੋਏ। ਉਨ੍ਹਾਂ ਦੀ ਬਾਣੀ ਵਿਚ ਅਵਿਅਕਤ ਅਤੇ ਵਿਅਕਤ ਬ੍ਰਹਮ ਦਾ ਨਿਰੂਪਣ ਬਹੁਤ ਸੁੰਦਰ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਹੋਇਆ ਹੈ। ਗੁਰੂ ਰਵਿਦਾਸ ਦੇ ਭਗਤ ਹਿਰਦੇ ਨੇ ਅਵਿਅਕਤ ਬ੍ਰਹਮ ਨੂੰ ਸ਼ਬਦਾਂ ਵਿਚ ਬੰਨ੍ਹ ਕੇ ਉਸਦੇ ਸਗੁਣ ਕ੍ਰਿਪਾਲੂ, ਦਿਆਲੂ ਅਤੇ ਕਰੁਣਾਮਈ ਰੂਪ ਨੂੰ ਵਿਅਕਤ ਕੀਤਾ ਹੈ।

ਗੁਰੂ ਨਾਨਕ ਨੇ ਵਿਸ਼ੇਸ਼ ਰੂਪ ਵਿਚ ਅਵਿਅਕਤ ਬ੍ਰਹਮ ਦਾ ਹੀ ਚਿਤਰਣ ਕੀਤਾ ਹੈ। ਪਰੰਤੂ ਕਿਤੇ ਕਿਤੇ ਉਨ੍ਹਾਂ ਨੇ ਪਰਮਾਤਮਾ ਦੇ ਵਿਅਕਤ ਰੂਪ ਦਾ ਵੀ ਚਿਤਰਣ ਕੀਤਾ ਹੈ। ਇਸ ਚਿਤਰਣ ਤੋਂ ਉਨ੍ਹਾਂ ਦੀ ਰਹੱਸ ਅਨੁਭੂਤੀ ਅਤੇ ਭਗਤੀ-ਭਾਵਨਾ ਦਾ ਵਰਣਨ ਬਹੁਤ ਸੁੰਦਰ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਹੋਇਆ ਹੈ। ਵਿਅਕਤ ਰੂਪ ਵਿਚ ਚਿਤਰਿਤ ਹੋਣ ਤੇ ਵੀ ਉਨ੍ਹਾਂ ਦਾ ਬ੍ਰਹਮ ਨਿਰਗੁਣ ਹੀ ਰਿਹਾ ਹੈ। ਉਨ੍ਹਾਂ ਨੇ ਬ੍ਰਹਮ ਦੇ ਸਰੂਪ ਨੂੰ 'ਜਪੁਜੀ' ਵਿਚ ਦਿੱਤੇ ਮੂਲ ਮੰਤਰ ਵਿਚ ਬੜੇ ਸੰਖੇਪ ਤੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਹੈ।

ੴ ਸਤਿਨਾਮ, ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ
ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ।।

ਇਸ ਤਰ੍ਹਾਂ ਗੁਰੂ ਨਾਨਕ ਦੀਆਂ ਰਚਨਾਵਾਂ ਵਿਚ ਬ੍ਰਹਮ ਦਾ ਨਿਰੂਪਣ ਅਵਿਅਕਤ ਅਤੇ ਵਿਅਕਤ ਦੋਹਾਂ ਢੰਗਾਂ ਨਾਲ ਹੋਇਆ ਹੈ। ਸੋ ਸੰਤ ਰਵਿਦਾਸ ਅਤੇ ਗੁਰੂ ਨਾਨਕ ਦੀ ਬਾਣੀ ਵਿਚ ਬ੍ਰਹਮ ਦਾ ਵਿਸ਼ਲੇਸ਼ਣ ਅਵਿਅਕਤ ਅਤੇ ਵਿਅਕਤ ਦੋਹਾਂ ਢੰਗਾਂ ਨਾਲ ਹੀ ਕੀਤਾ ਜਾਣਾ ਅਰਥ ਪੂਰਣ ਹੈ।

## ਪਰਮਾਤਮਾ ਦੇ ਭਿੰਨ ਭਿੰਨ ਨਾਮ

ਗੁਰੂ ਰਵਿਦਾਸ ਨੇ ਜਿਸ ਅਵਿਅਕਤ ਅਤੇ ਵਿਅਕਤ ਬ੍ਰਹਮ ਦਾ ਜ਼ਿਕਰ ਆਪਣੀ ਬਾਣੀ ਵਿਚ ਕੀਤਾ ਹੈ, ਉਸ ਨੂੰ ਆਪਣੀ ਸ਼ਰਧਾ ਭਾਵਨਾ ਅਧੀਨ ਭਿੰਨ ਭਿੰਨ ਨਾਵਾਂ ਨਾਲ ਯਾਦ ਕੀਤਾ ਹੈ। ਸੰਤ ਰਵਿਦਾਸ ਬ੍ਰਹਮ ਨੂੰ ਜਿਥੇ ਰਾਮ ਆਖਦੇ ਹਨ, ਉਥੇ ਉਨ੍ਹਾਂ ਨੇ ਪ੍ਰਭ,

ਨਿਰੰਜਨ, ਠਾਕੁਰ, ਬ੍ਰਹਮਾ, ਦੇਵ, ਮਹਾਂਦੇਵ, ਹਰਿ, ਪਰਮਾਤਮਾ, ਸਚਿਦਾਨੰਦ ਆਦਿ ਸ਼ਬਦ ਵੀ ਬ੍ਰਹਮ ਲਈ ਹੀ ਵਰਤੇ ਹਨ:-

(1) ਰਾਮ ਜਨ ਹੋਹੂ ਨ ਭਗਤ ਕਹਾਊਂ, ਚਰਨ ਪਖਾਲੂੰ ਨ ਦੇਵਾ।[20]

(2) ਪ੍ਰਭ ਜੀ ਤੁਮ ਚੰਦਨ ਹਮ ਪਾਨੀ, ਜਾਕੀ ਬਾਸ ਅੰਗ ਅੰਗ ਸਮਾਨੀ।[21]

(3) ਚਰਨ ਪਤਾਲਿ ਸੀਸ ਅਸਮਾਨਾ, ਸੋ ਠਾਕੁਰ ਕੈਸੇ ਸੰਪਟਿ ਸਮਾਨਾ।[22]

(4) ਸ਼ਿਵ ਸਨਕਾਦਿਕ ਅੰਤ ਨ ਪਾਯਾ, ਖੋਜਤ ਬ੍ਰਹਮਾ ਜਨਮ ਗਵਾਯਾ।[23]

(5) ਅਹੋ ਦੇਵ ਤੇਰੋ ਅਮਿਤ ਮਹਿਮਾ ਮਹਾਂਦੇਵ।[24]

(6) ਤੂੰ ਪਰਮਾਤਮਾ ਪਰਕਿਰਤੀ ਅਬਿਗਤਿ
ਸਚਿਦਾਨੰਦ ਗੁਣ ਰਮਨ ਕੇਰੀ।।[25]

ਇਸੇ ਤਰ੍ਹਾਂ ਸੰਤ ਰਵਿਦਾਸ ਨੇ ਆਪਣੇ ਬ੍ਰਹਮ ਨੂੰ ਰਾਜਾ ਰਾਮ,[26] ਸਾਹਿਬ[27], ਹਰਿ[28], ਬਨਵਾਰੀ[29], ਮਹਾਰਾਜ[30], ਗੋਬਿੰਦ[31], ਕਰਤਾਰ[32], ਭਗਵੰਤ[33], ਗੋਸਾਈ[34], ਮਾਧੋ[35], ਗੁਸਾਈਆਂ[36], ਗੋਬਿੰਦ[37], ਰਘੁਪਤਿ[38], ਪ੍ਰੀਤਮ[39], ਮਾਧਉ[40], ਭਗਵਤੁ[41], ਈਸਾ[42], ਕੇਸਵੇ[43], ਰਘੁਨਾਥ[44], ਰਘੁਰਾਈ[45], ਗੋਬਿੰਦੇ[46], ਮਾਧਵੇ[47], ਸੁਆਮੀ[48], ਦੀਨਾ ਨਾਥ[49], ਗੋਪਾਲ[50], ਨਾਥ[51], ਸਾਹਿਬ[52], ਨਾਰਾਇਣ[53], ਗੋਬਿੰਦ[54], ਗੁਸਾਈ[55], ਪਰਮੇਸ਼ੁਰ[56] ਆਦਿ ਨਾਵਾਂ ਨਾਲ ਵੀ ਯਾਦ ਕੀਤਾ ਹੈ।

ਗੁਰੂ ਨਾਨਕ ਦੀ ਵਿਸ਼ੇਸ਼ਤਾ ਵੀ ਇਸੇ ਵਿਚ ਹੈ ਕਿ ਉਨ੍ਹਾਂ ਨੇ ਵੀ ਪਰਮਾਤਮਾ ਨੂੰ ਬਹੁਤ ਸਾਰੇ ਨਾਵਾਂ ਨਾਲ ਯਾਦ ਕੀਤਾ ਹੈ। ਪ੍ਰੋ. ਹਰਨਾਮ ਦਾਸ ਲਿਖਦੇ ਹਨ ਕਿ ਕੁਰਾਨ ਵਿਚ ਪਰਮਾਤਮਾ ਦੇ 99 ਨਾਂ ਦਿੱਤੇ ਗਏ ਹਨ। ਮੁੱਖ ਤੌਰ ਤੇ ਉਹ ਕਹਿੰਦੇ ਹਨ ਕਿ ਪਰਮਾਤਮਾ ਅੱਲ੍ਹਾ ਹੈ, ਉਹ ਕਰਤਾ, ਮਹਾਨ, ਸਿਆਣਾ, ਰਹਿਮ ਦਿਲ, ਇੱਕ, ਵਧੀਆ ਪ੍ਰਬੰਧਕ, ਜ਼ਾਹਿਰ ਅਤੇ ਆਜ਼ਾਦ ਹੈ। ਕੁਰਾਨ ਵਿਚ ਪਰਮਾਤਮਾ ਨੂੰ ਜਾਬਰ ਤੇ ਕਾਹਰ (ਕਹਾਰ) ਵੀ ਕਿਹਾ ਹੈ, ਬਦਲਾ ਲਊ, ਕਾਫ਼ਰਾਂ ਤੇ ਦੈਂਤਾਂ ਦਾ ਦੁਸ਼ਮਣ। ਪਰ ਗੁਰਬਾਣੀ ਵਿਚ ਪਰਮਾਤਮਾ ਦੇ ਅਨੇਕਾਂ ਨਾਮ ਹਨ। ਪਰ ਗੁਰਬਾਣੀ ਵਿਚ ਪਰਮਾਤਮਾ ਦਾ ਕੁਰਾਨ ਵਾਲਾ ਵਿਨਾਸ਼ਾਤਮਕ ਪੱਖ ਨਹੀਂ ਲਿਆ ਗਿਆ।[57]

ਗੁਰੂ ਨਾਨਕ ਨੇ ਸੰਤ ਰਵਿਦਾਸ ਵਾਂਗ ਪਰਮਾਤਮਾ ਲਈ ਭਿੰਨ ਭਿੰਨ ਨਾਵਾਂ ਦੀ ਵਰਤੋਂ ਕੀਤੀ ਹੈ। ਪਰ ਗੁਰੂ ਨਾਨਕ ਦੁਆਰਾ ਪਰਮਾਤਮਾ ਲਈ ਵਰਤੇ ਨਾਵਾਂ ਦੀ ਗਿਣਤੀ

ਸੰਤ ਰਵਿਦਾਸ ਨਾਲੋਂ ਕਿਤੇ ਨਿਆਰਾ ਹੈ। ਗੁਰੂ ਨਾਨਕ ਨੇ ਜਿਥੇ ਸੰਤ ਰਵਿਦਾਸ ਦੁਆਰਾ ਵਰਤੇ ਨਾਂਵ ਗੋਬਿੰਦ, ਠਾਕੁਰ, ਪ੍ਰਭੂ, ਸੁਆਮੀ, ਮਾਧੋ, ਪ੍ਰੀਤਮ, ਹਰੀ, ਸਾਹਿਬ, ਪਾਰਬ੍ਰਹਮ, ਦੀਨਾਨਾਥ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਹੈ, ਉਥੇ ਪਰਮਾਤਮਾ ਲਈ ਹੋਰ ਵੀ ਬਹੁਤ ਸਾਰੇ ਨਾਵਾਂ ਦੀ ਵਰਤੋਂ ਕੀਤੀ ਹੈ:-

(1) ਪ੍ਰਭੁ ਨਾਰਾਇਣੁ ਰਤਨ ਪਿਆਰੀ, ਪ੍ਰਹਿਲਾਦ ਉਧਾਰੇ ਕਿਰਪਾ ਧਾਰੀ॥[58]
(2) ਸਾਹੁ ਹਮਾਰਾ ਠਾਕੁਰੁ ਭਾਰਾ ਹਮ ਤਿਸ ਕੇ ਵਣਜਾਰੇ॥[59]
(3) ਬਾਬਾ ਅਲਹੁ ਅਗਮੁ ਅਪਾਰੁ॥
ਹਰਿ ਵਰੁ ਨਾਰਿ ਸੁਹਾਵਣੀ ਮੈ ਭਾਵੈ ਪ੍ਰਭ ਸੋਇ॥[60]
(4) ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ॥[61]
(5) ਪ੍ਰੀਤਮ ਨਾਮੁ ਸਦਾ ਸਚੁ ਜੈਵੈ ਜਨਮ ਮਰਣ ਗਤਿ ਬੀਤੀ।
ਗੁਸਾਈ ਤੇਰਾ ਕਹਾ ਨਾਮੁ ਕੈਸੇ ਜਾਤੀ॥[62]

ਸੋ ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਸੰਬੰਧੀ ਪ੍ਰਚਲਿਤ ਨਾਵਾਂ ਤੋਂ ਬਿਨ੍ਹਾਂ ਪਰਮਾਤਮਾ ਲਈ ਪਾਤਿਸ਼ਾਹੁ, ਕੰਤ, ਪਰਮੇਸਰੋ, ਕਰਤਾਰ, ਪਿਰਹੁ, ਦੀਨ-ਦਇਆਲ, ਸਹੁ, ਪੁਰਖ ਬਿਧਾਤਾ, ਪਾਰਬ੍ਰਹਮ, ਮਧਸੂਦਨ, ਸਤਿਪੁਰਖ, ਕਰਨੈਹਰ, ਪਿਆਰਾ, ਮੀਤ, ਸਾਜਨ, ਚਿਤੇਰਾ, ਬਲਰਾਮ ਆਦਿ ਸ਼ਬਦਾਂ ਦੀ ਵੀ ਵਰਤੋਂ ਕੀਤੀ ਹੈ:-

(1) ਨਾਨਕ, ਸਚਾ ਪਾਤਿਸਾਹੁ ਪੂਛਿ ਨ ਕਰੇ ਬੀਚਾਰ।
ਮਿਲਿ ਕੈ ਕਰਹ ਕਹਾਣੀਆਂ ਸੰਮ੍ਰਥ ਕੰਤ ਕੀਆਹ॥[63]
(2) ਹਰਿ ਜੀਉ, ਤੂੰ ਕਰਤਾ ਕਰਤਾਰ।[64]
(3) ਸਚੇ ਦੀਨ ਦਇਆਲ ਮੇਰੇ ਸਾਹਿਬਾ ਸਚੇ ਮਨੁ ਪਤੀਆਵਣਿਆ॥[65]

ਇਨ੍ਹਾਂ ਤੋਂ ਬਿਨ੍ਹਾਂ ਗੁਰੂ ਸਾਹਿਬ ਨੇ ਠਾਕੁਰ, ਨਿਰੰਕਾਰ, ਸੁਲਤਾਨ, ਦਇਆਲ-ਗੋਪਾਲ, ਠਾਕੁਰੈ, ਗੁਸਾਈ, ਖਸਮ, ਭਗਵੰਤ, ਕਰਤਾਰ ਆਦਿ ਸ਼ਬਦਾਂ ਦੀ ਵਰਤੋਂ ਵਾਰ ਵਾਰ ਪਰਮਾਤਮਾ ਲਈ ਕੀਤੀ ਹੈ:-

(1) ਅਵੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ॥[66]
(2) ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ॥[67]

(3) ਪਰਸਿ ਜਿਨ੍ਹੀ ਸੁਖ ਪਾਇਆ, ਗੋਮਤਿ ਕਰਤੁ ਨਮਾਯੀ।।[68]

ਹੁਣ ਵੇਖਣ ਵਾਲੀ ਗੱਲ ਇਹ ਹੈ ਕਿ ਗੁਰੂ ਰਵਿਦਾਸ ਅਤੇ ਗੁਰੂ ਨਾਨਕ ਨੇ ਇਹ ਨਾਂ ਕਿਵੇਂ ਤੇ ਕਿਥੋਂ ਲਏ। ਇਹ ਵੇਖਣ ਲਈ ਅਸੀਂ ਇਨ੍ਹਾਂ ਦੀ ਬਾਣੀ ਵਿਚ ਵਰਤੇ ਪਰਮਾਤਮਾ ਦੇ ਨਾਵਾਂ ਨੂੰ ਦੋ ਹਿੱਸਿਆਂ ਵਿਚ ਵੰਡ ਸਕਦੇ ਹਾਂ। ਇਤਿਹਾਸਕ ਤੇ ਕਿਰਤਮ ਨਾਉਂ। ਗੁਰੂ ਸਾਹਿਬ ਅਨੁਸਾਰ ਪ੍ਰਭ ਦਾ ਅਸਲੀ ਨਾਉਂ ਕੋਈ ਨਹੀਂ ਹੈ। ਪ੍ਰਭ ਦਾ ਜਾਤੀ ਨਾਉਂ ਪ੍ਰਭ ਦੀ ਅਸਲੀਅਤ ਜਾਂ ਹੋਂਦ ਨੂੰ ਪ੍ਰਗਟ ਕਰਨ ਵਾਲਾ ਨਾਉਂ ਹੀ ਹੋ ਸਕਦਾ ਹੈ। ਬਾਕੀ ਜਿੰਨੇ ਵੀ ਨਾਂ ਵਰਤੇ ਗਏ ਹਨ, ਕਿਰਤਮ ਹਨ। ਪਰਮਾਤਮਾ ਦੀ ਹੋਂਦ ਨੂੰ ਪ੍ਰਗਟ ਕਰਨ ਵਾਲਾ ਨਾਉਂ ਕੇਵਲ 'ਸਤਿਨਾਮ' ਹੈ ਜਿਸ ਦਾ ਭਾਵ ਸਰਬ ਵਿਆਪੀ ਸੱਤ੍ਹਾ ਹੈ।

ਸਤਿਨਾਮੁ ਤੇਰਾ ਪਰਾ ਪੂਰਬਲਾ (ਮਾਰੂ ਸੋਲਹੇ ਮ:੫, ਪੰਨਾ 1083)

ਪਰਮਾਤਮਾ ਲਈ ਕੋਈ ਖਾਸ ਸ਼ਬਦ ਜਾਂ ਨਾਉਂ ਕੋਈ ਵਿਸ਼ੇਸ਼ ਅਰਥ ਨਹੀਂ ਰੱਖਦਾ। ਪਰਮਾਤਮਾ ਲਈ ਵਰਤੇ ਵੱਖ ਵੱਖ ਨਾਉਂ ਤਾਂ ਸਾਡੇ ਮਨ ਵਿਚ ਉਸ ਲਈ ਪ੍ਰੇਮ, ਭਾਵ ਦੇ ਬਾਹਰੀ ਚਿੰਨ੍ਹ ਹਨ। ਪਰਮਾਤਮਾ ਅੰਤਰਜਾਮੀ ਹੈ ਸਾਡੇ ਅੰਦਰਲੇ ਭਾਵਾਂ ਤੇ ਹਾਲਤ ਨੂੰ ਚੰਗੀ ਤਰ੍ਹਾਂ ਜਾਣਦਾ ਹੈ। ਇਸੇ ਕਰਕੇ ਗੁਰੂ ਰਵਿਦਾਸ ਅਤੇ ਗੁਰੂ ਨਾਨਕ ਨੇ ਪਰਮਾਤਮਾ ਦੇ ਨਾਵਾਂ ਸੰਬੰਧੀ ਕੋਈ ਖਾਸ ਤੁਅੱਸਬ ਮਨ ਵਿਚ ਨਹੀਂ ਲਿਆਂਦਾ। ਹਿੰਦੂ, ਮੁਸਲਿਮ ਨਾਉਂ ਦੋਹਾਂ ਗੁਰੂਆਂ ਨੇ ਬੜੇ ਆਦਰ ਤੇ ਸਤਿਕਾਰ ਨਾਲ ਵਰਤੇ ਹਨ। ਜਿਹੜੇ ਨਾਉਂ ਹਿੰਦੂ ਗ੍ਰੰਥਾਂ ਵਿਚ ਦੇਵਤਿਆਂ ਲਈ ਵਰਤੇ ਗਏ ਸਨ ਉਹ ਗੁਰੂ ਸਾਹਿਬਾਨ ਨੇ ਇਕ ਅਕਾਲ ਪੁਰਖ ਪਰਮਾਤਮਾ ਲਈ ਵਰਤੇ ਹਨ। ਹਜ਼ਰਤ ਮੁਹੰਮਦ ਸਾਹਿਬ ਤੋਂ 'ਅੱਲ੍ਹਾ' ਨਾਉਂ ਪਹਿਲਾਂ ਦੇਵਤੇ ਲਈ ਹੀ ਵਰਤਿਆ ਸੀ। ਪਰ ਕੁਰਾਨ ਸ਼ਰੀਫ ਵਿਚ 'ਅੱਲ੍ਹਾ' ਇਕ ਅਕਾਲ ਪੁਰਖ ਲਈ ਵਰਤਿਆ ਗਿਆ ਹੈ। ਇਸੇ ਤਰ੍ਹਾਂ ਹਿੰਦੂ ਅਵਤਾਰਾਂ ਦੇ ਨਾਮ ਵੀ ਗੁਰੂ ਸਾਹਿਬਾਨ ਨੇ ਅਕਾਲ ਪੁਰਖ ਲਈ ਵਰਤੇ ਹਨ। ਹਿੰਦੂ ਤੇ ਮੁਸਲਮਾਨ ਨਾਵਾਂ ਵਿਚ ਅੰਤਰ ਸੰਬੰਧੀ ਗੁਰਬਾਣੀ ਵਿਚ ਫੁਰਮਾਨ ਹੈ:-

ਕਾਰਨ ਕਰਮ ਕਰੀਮ।। ਸਰਬ ਪ੍ਰਤਿਪਾਲ ਰਹੀਮ।।
ਅਲਹ ਅਲਖ ਅਪਾਰ।। ਖੁਦਿ ਖੁਦਾਇ ਵਡ ਬੇਸੁਮਾਰ।।

ਉਨਮੋ ਭਗਵੰਤ ਗੁਸਾਈ।। ਖਾਲਕੁ ਰਵਿ ਰਹਿਆ ਸਰਬ ਠਾਈ।। ਰਹਾਉ।।
ਜਗੰਨਾਥ ਜਗਜੀਵਨ ਮਾਧੋ।। ਭਉ ਭੰਜਨ ਰਿਦ ਮਾਹਿ ਅਰਾਧੋ।।
ਰਿਖੀਕੇਸ ਗੋਪਾਲ ਗੋਵਿੰਦ।। ਪੂਰਨ ਸਰਬਤ੍ਰ ਮੁਕੰਦ।।
ਮਿਹਰਵਾਨ ਮਉਲਾ ਤੂਹੀ ਏਕ।। ਪੀਰ ਪੈਕਾਂਬਰ ਸੇਖ।।
ਦਿਲਾ ਕਾ ਮਾਲਕੁ ਕਰੇ ਹਾਕੁ।। ਕੁਰਾਨ ਕਤੇਬ ਤੇ ਪਾਕੁ।।
ਨਾਰਾਇਣ ਨਰਹਰ ਦਇਆਲ।। ਰਮਤ ਰਾਮ ਘਟ ਘਟ ਆਧਾਰ।।
ਬਾਸੁਦੇਵ ਬਸਤ ਸਭ ਠਾਇ।। ਲੀਲਾ ਕਿਛੁ ਲਖੀ ਨ ਜਾਇ।।
ਮਿਹਰ ਦਇਆ ਕਰਿ ਕਰਨੈਹਾਰ।। ਭਗਤਿ ਬੰਦਗੀ ਦੇਹਿ ਸਿਰਜਣਹਾਰ।।
ਕਹੁ ਨਾਨਕ ਗੁਰਿ ਖੋਏ ਭਰਮ।। ਏਕੋ ਅਲਹੁ ਪਾਰਬ੍ਰਹਮ।।
—(ਰਾਮਕਲੀ ਮ:5, ਪੰਨਾ-896)

ਸਪੱਸ਼ਟ ਹੈ ਕਿ ਗੁਰਬਾਣੀ ਵਿਚ ਅਕਾਲਪੁਰਖ ਲਈ ਵਰਤੇ ਵੱਖ-ਵੱਖ ਨਾਮ ਇਕੋ ਸਤ੍ਹਾ ਦੇ ਨਾਉਂ ਹਨ। ਇਸ ਲਈ 'ਇਕੋ ਅਲਹੁ ਪਾਰਬ੍ਰਹਮ' ਕਿਹਾ ਗਿਆ ਹੈ। ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੁਆਰਾ ਅਕਾਲਪੁਰਖ ਪਾਰਬ੍ਰਹਮ ਲਈ ਵਰਤੇ ਨਾਵਾਂ ਨੂੰ ਇਸ ਤਰ੍ਹਾਂ ਵੰਡਿਆ ਜਾ ਸਕਦਾ ਹੈ।

ਮੁਸਲਮਾਨੀ ਨਾਉਂ – ਅੱਲਾ, ਕਰੁ, ਖਾਲਿਕ, ਖੁਦਾ, ਮਾਲਿਕ, ਗਨੀ, ਹਕੁ, ਲਾਸ਼ਰੀਕ, ਰੱਬ, ਰਹੀਮ, ਪਾਕ, ਸਾਹਿਬ, ਰਾਜ਼ਿਕ, ਰਹਿਮਾਨੁਲ-ਰਹੀਮ।।

ਹਿੰਦੂ ਨਾਉਂ — ਵਾਸਦੇਵ, ਸਿਆਮ, ਭਗਵੰਤ, ਭਗਵਾਨ, ਬਿਸ਼ਨ, ਵਿਸ਼ਨੂੰ ਸਾਂਵਲ, ਸਾਰਿੰਗਧਰ, ਰਾਮ, ਬ੍ਰਹਮ, ਗਦਾਧਰ, ਚਕ੍ਰਪਾਨ, ਦਮੋਦਰ, ਗਿਰਧਾਰੀ, ਰਘੁਰਾਏ, ਪ੍ਰਭ, ਪੀਤਾਂਬਰ, ਪਰਮੇਸਰ, ਪਾਰਬ੍ਰਹਮ, ਗੋਪਾਲ, ਗੋਵਰਧਨਧਾਰੀ, ਗੋਬਿੰਦ, ਗੋਪੀਨਾਥ, ਗੁਸਾਈਂ, ਹਰੀ, ਈਸ਼ਰ, ਕੇਸ਼ਵ, ਕ੍ਰਿਸ਼ਨ, ਮਾਧੋ, ਕਾਨ੍ਹ, ਮਧਸੂਦਨ, ਮੁਰਾਰੀ, ਨਾਰਾਇਣ ਆਦਿ।

ਗੁਰੂ ਬਾਣੀ ਵਿਚ ਕੁਝ ਨਾਉਂ ਨਵੇਂ ਵਰਤੇ ਗਏ ਜਾਪਦੇ ਹਨ। ਇਨ੍ਹਾਂ ਨਾਵਾਂ ਵਿਚ ਮਿਤ੍ਰ, ਮੀਤ, ਪ੍ਰੀਤਮ, ਪਿਆਰਾ, ਸੱਜਣ, ਯਾਰ ਆਦਿ ਨਾਉਂ ਪਰਮੇਸ਼ਰ ਪਿਆਰ ਤੇ ਮਿਤ੍ਰਤਾ

ਦੇ ਭਾਵ ਵਿਚ ਵਰਤੇ ਗਏ ਹਨ। ਪਰਮੇਸ਼ਰ ਨੂੰ ਪਿਤਾ ਤਾਂ ਮੁੱਢ ਤੋਂ ਹੀ ਮੰਨਿਆ ਗਿਆ ਹੈ ਪਰ ਬਰਾਬਰ ਦਾ ਮਿਤ੍ਰ ਘੱਟ ਹੀ ਮੰਨਿਆ ਗਿਆ ਹੈ। ਇਸ ਭਾਵ ਅਧੀਨ ਜੀਵ ਬ੍ਰਹਮ ਦੀ ਨੇੜਲੀ ਸਾਂਝ ਪ੍ਰਾਪਤ ਕਰਕੇ ਡਰ ਤੇ ਸੰਕੋਚ ਮਨ ਵਿੱਚੋਂ ਕੱਢ ਕੇ ਉਸ ਨੂੰ ਮਿਲਣ ਦੀ ਲੋਚਾ ਕਰਦਾ ਹੈ।

ਗੁਰੂ ਸਾਹਿਬ ਨੇ ਅਕਾਲ ਪੁਰਖ ਨੂੰ ਫਿਰਕੇਦਾਰੀ ਤੋਂ ਰਹਿਤ ਮੰਨਿਆ ਹੈ। ਕਿਉਂਕਿ ਪਹਿਲੇ ਕਈ ਧਰਮਾਂ ਵਿਚ ਫਿਰਕੇਦਾਰੀ ਦਾ ਝਮੇਲਾ ਸੀ। ਗੁਰੂ ਸਾਹਿਬ ਨੇ ਇਨ੍ਹਾਂ ਤੰਗ ਖਿਆਲੀ ਨੂੰ ਖਤਮ ਕਰਨ ਲਈ ਕਿਹਾ ਕਿ 'ਰੱਬ' 'ਅਧਰਮ' ਹੈ, ਅਮੱਜ਼ਬੀ' ਹੈ। ਉਹ ਨਾ ਹਿੰਦੂ ਹੈ, ਨਾ ਮੁਸਲਮਾਨ ਤੇ ਨਾ ਹੀ ਈਸਾਈ ਹੈ। ਇਸ ਫਿਰਕੂਪੁਣੇ ਨੂੰ ਖਤਮ ਕਰਨ ਲਈ ਹੀ ਉਨ੍ਹਾਂ ਨੇ ਪਰਮਾਤਮਾ ਨੂੰ 'ਅਨਾਮ' ਨਾਉਂ ਤੋਂ ਰਹਿਤ ਮੰਨਿਆ ਹੈ। ਉਸ ਨੂੰ ਕੋਈ ਨਾਂ ਦੇਣਾ ਮਨੁੱਖਾ ਸਵਾਰਥ ਹੈ। ਗੁਰੂ ਸਾਹਿਬ ਦਾ ਇਹ ਬਿਲਕੁਲ ਨਵਾਂ ਖਿਆਲ ਹੈ।

ਅਕਾਲ ਪੁਰਖ ਦੀ ਨਿਰਲੇਪਤਾ ਤੇ ਉੱਚਤਾ ਨੂੰ ਦਰਸਾਉਣ ਲਈ ਗੁਰੂ ਸਾਹਿਬ ਨੇ ਅਕਾਲ ਪੁਰਖ ਲਈ ਉਸ ਦਾ ਸਰੂਪ ਸਮਝਾਉਣ ਲਈ ਤਰੋਵਰ, ਪੇੜ ਸ਼ਬਦ ਦੀ ਵਰਤੋਂ ਵੀ ਕੀਤੀ ਹੈ। ਇਸ ਰਾਹੀਂ ਪਰਮਾਤਮਾ ਦੀ ਲੇਪਤਾ ,ਨਿਰਲੇਪਤਾ, ਨਿਰਗੁਣਤਾ ਤੇ ਸਰਗੁਣਤਾ ਨੂੰ ਤਰੋਵਰ ਦੇ ਰੂਪ ਵਿੱਚ ਦਰਸਾਇਆ ਗਿਆ ਹੈ। ਇਹ ਵੀ ਇਕ ਨਵਾਂ ਖਿਆਲ ਸੀ।

ਗੁਰੂ ਸਾਹਿਬ ਦੁਆਰਾ ਵਰਤਿਆ 'ਵਾਹਿਗੁਰੂ' ਸ਼ਬਦ ਇੱਕ ਬਿਲਕੁਲ ਨਵਾਂ ਸ਼ਬਦ ਹੈ ਜੋ ਗੁਰਸਿਖ ਬੜੀ ਅਹਿਮੀਅਤ, ਪਿਆਰ ਤੇ ਅਪਣੱਤ ਨਾਲ ਵਰਤਦੇ ਹਨ। ਭਾਵੇਂ ਅੱਜ ਇਹ ਨਾਉਂ ਸਿੱਖਾਂ ਲਈ ਮੁਸਲਮਾਨਾਂ ਦੇ ਅੱਲ੍ਹਾ, ਹਿੰਦੂਆਂ ਦੇ ਰਾਮ, ਹਰੀ, ਵਿਸ਼ਨ ਵਾਂਗ ਫਿਰਕੂ ਨਾਉਂ ਬਣ ਗਿਆ ਹੈ। ਪਰ ਗੁਰੂ ਸਾਹਿਬ ਦਾ ਭਾਵ ਇਹ ਨਹੀਂ ਸੀ। ਉਹ ਸਿੱਖਾਂ ਲਈ ਇਹ ਨਵਾਂ ਨਾਉਂ ਮਿਤ੍ਰ ਭਾਵਨਾ ਦੇ ਖਿਆਲ ਨਾਲ ਨਹੀਂ ਸਨ ਘੜਨਾ ਚਾਹੁੰਦੇ। ਭਾਵੇਂ ਸਿੱਖਾਂ ਲਈ 'ਵਾਹਿਗੁਰੂ' ਦਾ ਜਾਪ ਜ਼ਰੂਰੀ ਹੈ ਪਰ ਇਹ ਉਸ ਲਈ ਅਕਾਲ ਪੁਰਖ ਦੀ ਹੋਂਦ ਤੇ ਸਤ੍ਹਾ ਨੂੰ ਜਾਣੇ ਜਾਣੇ ਵਿਚ ਮਹਿਸੂਸ ਕਰਨ ਲਈ ਹੈ। ਕਿਉਂਕਿ ਅਕਾਲਪੁਰਖ ਦੀ ਅਸੀਮਤਾ ਨੂੰ ਗੁਰਸਿੱਖ [illegible] ਵੇਖਣ ਨਾਲ ਵਿਸਮਾਦ ਵਿਚ ਆਕੇ ਵਾਹੁ-ਵਾਹੁ ਕਰਦਿਆਂ ਵਾਹਿਗੁਰੂ ਨੂੰ ਯਾਦ ਕਰੇਗਾ। ਇਸ ਤਰ੍ਹਾਂ ਵਾਹਿਗੁਰੂ ਮਨ ਦੀ ਅੰਦਰਲੀ ਵਿਸਮਾਦੀ ਹਾਲਤ

ਦਾ ਬਾਤਨੀ ਪ੍ਰਕਾਸ਼ ਹੈ। ਇਸ ਅਵਸਥਾ ਵਿਚ ਸਿਖ ਅੰਦਰੋਂ 'ਵਿਸਮਤੂੰਨਾ' ਆਖੇਗਾ। ਮੁਸਲਮਾਨ 'ਸੁਬਾਨ ਅੱਲ੍ਹਾ' ਕਹੇਗਾ। ਇਸ ਤਰ੍ਹਾਂ ਗੁਰੂ ਸਾਹਿਬ ਦੇ ਮਤਿ ਦਾ ਮੂਲ ਹੀ ਵਾਹੁ-ਵਾਹੁ ਹੈ। ਜੋ ਗੁਰਸਿੱਖ ਦੀ ਮਾਨਸਿਕ ਰੁਚੀ ਤੇ ਅੰਤਰੀਵ ਹਾਲਤ ਦਾ ਲਿਖਾਇਕ ਹੈ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੁਰੂ ਰਵਿਦਾਸ ਅਤੇ ਗੁਰੂ ਨਾਨਕ ਨੇ ਜਿਥੇ ਮੁਸਲਮਾਨੀ ਅਤੇ ਹਿੰਦੂ ਨਾਂ ਆਪਣੀ ਬਾਣੀ ਵਿਚ ਵਰਤੇ ਹਨ ਉਥੇ ਨਵੇਂ ਨਾਵਾਂ ਦੀ ਵਰਤੋਂ ਵੀ ਕੀਤੀ ਹੈ।

## ਅਵਿਅਕਤ ਬ੍ਰਹਮ

ਸੋ ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਬ੍ਰਹਮ ਦੇ ਅਵਿਅਕਤ ਸਰੂਪ ਦਾ ਵਰਣਨ ਦੋ ਤਰ੍ਹਾਂ ਹੋਇਆ ਹੈ—

(1) ਅਵਿਅਕਤ ਨਿਰਗੁਣ
(2) ਅਵਿਅਕਤ ਸਰਗੁਣ

(1) ਅਵਿਅਕਤ ਨਿਰਗੁਣ — ਅਵਿਅਕਤ ਨਿਰਗੁਣ ਤੋਂ ਭਾਵ ਜੋ ਅਨੰਤ ਗੁਣ ਹੈ, ਜੋ ਗੁਣਾਂ ਦੀ ਸੀਮਾ ਵਿਚ ਨਹੀਂ ਬੰਨ੍ਹਿਆ ਜਾ ਸਕਦਾ। ਕਿਉਂਕਿ ਉਸਦੇ ਗੁਣਾਂ ਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ। ਇਹ ਅਨਿਰਵਚਨੀਯ ਤਤੁ ਹੈ ਜੋ ਸਤ, ਰਜ ਅਤੇ ਤਮ ਤਿੰਨਾਂ ਗੁਣਾਂ ਤੋਂ ਉੱਪਰ ਹੈ। ਨਿਰਗੁਣ ਬ੍ਰਹਮ ਅਸੀਮ ਤੇ ਬੇਅੰਤ ਗੁਣਾਂ ਦਾ ਧਾਰਨੀ ਹੋਣ ਕਰਕੇ ਉਸ ਨੂੰ ਵਿਅਕਤ ਕਰਨਾ ਅਸੰਭਵ ਹੈ। ਨਿਰਗੁਣ ਬ੍ਰਹਮ ਸਭ ਜੀਵਾਂ ਅੰਦਰ ਵਿਦਮਾਨ ਹੈ, ਉਹ ਸਰਵ-ਵਿਆਪਕ ਹੈ।

ਸੰਤ ਰਵਿਦਾਸ ਬਾਣੀ ਦਾ ਅਧਿਐਨ ਕਰਨ ਪਿਛੋਂ ਉਨ੍ਹਾਂ ਦੀ ਬਾਣੀ ਵਿਚ ਅਵਿਅਕਤ ਨਿਰਗੁਣ ਬ੍ਰਹਮ ਨੂੰ ਕਈ ਰੂਪਾਂ ਵਿਚ ਵੇਖਿਆ ਜਾ ਸਕਦਾ ਹੈ:—

(ੳ) ਓਂਕਾਰ ਰੂਪ ਵਿਚ
(ਅ) ਸ਼ਬਦ ਰੂਪ

(ੲ) ਸੂਖਮ ਰੂਪ

(ਸ) ਨਿਰੰਜਨ ਰੂਪ

(ਹ) ਅਨਿਰਵਚਨੀਯ ਤੱਤ ਰੂਪ

## ਓਅੰਕਾਰ ਰੂਪ ਬ੍ਰਹਮ

ਵੇਦਾਂ, ਉਪਨਿਸ਼ਦਾਂ ਤੋਂ ਲੈ ਕੇ 'ਸੰਤ ਸਾਹਿਤ' ਤੱਕ 'ਓਅੰਕਾਰ' ਸ਼ਬਦ ਦਾ ਪ੍ਰਯੋਗ ਬ੍ਰਹਮ ਲਈ ਕੀਤਾ ਗਿਆ ਹੈ। 'ਓਅੰਕਾਰ' ਤੋਂ ਹੀ ਸ੍ਰਿਸ਼ਟੀ ਦਾ ਵਿਸਥਾਰ ਮੰਨਿਆ ਗਿਆ ਹੈ। ਗੁਰੂ ਰਵਿਦਾਸ ਜੀ ਬ੍ਰਹਮ ਨੂੰ ਓਅੰਕਾਰ ਰੂਪ ਵਿਚ ਵੇਖਦੇ ਹਨ। ਉਨ੍ਹਾਂ ਅਨੁਸਾਰ ਸਭ ਕੁਝ ਓਅੰਕਾਰ ਹੀ ਹੈ। ਬ੍ਰਹਮ ਦਾ ਆਕਾਰ 'ਬਟ' ਦੇ ਬੀਜ ਵਾਂਗ ਹੈ। ਤਿੰਨਾਂ ਲੋਕਾਂ ਵਿਚ ਇਸ ਦਾ ਪਸਾਰਾ ਹੈ। ਉਸਨੂੰ ਕਿਸੇ ਬੰਧਨ ਵਿਚ ਨਹੀਂ ਬੰਨ੍ਹਿਆ ਜਾ ਸਕਦਾ। ਮੁੱਢ ਵਿਚ ਇਕ 'ਓਅੰਕਾਰ' ਹੀ ਸੀ। ਉਹ ਓਅੰਕਾਰ ਰੂਪ ਬ੍ਰਹਮ ਮਾਤ ਲੋਕ, ਪਾਤਾਲ ਤੇ ਆਕਾਸ਼ ਦੇ ਕਣ ਕਣ ਵਿਚ ਵਿਚਰ ਰਿਹਾ ਹੈ। ਉਹ ਸਾਰੀਆਂ ਪੁਰੀਆਂ ਦਾ ਸੁਆਮੀ ਹੈ।--

(1) ਬਟ ਕੇ ਬੀਜ ਜੈਸਾ ਆਕਾਰੁ, ਪਸਰਿਓ ਤੀਨਿ ਲੋਕ ਪਸਾਰ॥ [69]

(2) ਥਾਂਭ੍ਹ ਨ ਬੰਧਨ, ਕਾਹੂੰਨ ਭਾਰਾ, ਤੁਮਹੀ ਸੇ ਓਅੰਕਾਰ ਨਿਰੰਜਨ ਰਾਜਾ॥ [70]

(3) ਆਖਰ ਅਨਾਦਿ ਏਕ ਓਅੰਕਾਰਾ, ਤੀਨ ਲੋਕ ਜਿਨਿ ਕੀਆ ਪਸਾਰਾ॥ [71]

(4) ਅਲਖ ਅਨਾਮ ਓਅੰਕਾਰ ਕੋ ਰੂਪੀ, ਘਟ ਮੇਂ ਸਤਿਗੁਰ ਨੇ ਲਾਖੀ॥ [72]

ਓਅੰਕਾਰ ਰੂਪੀ ਅੱਖਰ ਪੜ੍ਹ ਕੇ ਮਨੁੱਖ ਗਿਆਨੀ ਹੋ ਜਾਂਦਾ ਹੈ ਅਤੇ ਧਿਆਨ ਦੀ ਜੁਗਤੀ ਦਾ ਪਤਾ ਲੱਗਦਾ ਹੈ। ਸੰਤ ਜਸਬੀਰ ਸਿੰਘ ਅਨੁਸਾਰ, "ਇਕ ਓਅੰਕਾਰ ਅਤੇ ਉਸਦੀ ਸ਼ਿਵ ਸ਼ਕਤੀ 'ਪ੍ਰਕ੍ਰਿਤੀ' ਦੇ ਅਤਿਰਕਤ ਸਾਰੀ ਸ਼ਕਤੀਆਂ ਸਮਾਹਿਤ ਹੋ ਜਾਂਦੀਆਂ ਹਨ। ਓਅੰਕਾਰ ਹੀ ਆਦਿ ਪੁਰਸ਼ ਹੈ, ਉਸ ਤੋਂ ਹੀ ਮਾਇਆ ਦੇ ਬੀਜ ਦਾ ਵਿਕਾਸ ਹੋਇਆ ਹੈ।" [73]

ਅਖਰ ਓਅੰਕਾਰ ਪੜ੍ਹ ਕੇ ਗਿਆਨ ਗਿਆਨੀ, ਧਿਆਨ ਕੀ ਸੂਝੀ ਜੁਗਤੀ।

- - - - - - - - - - - - - - - - - - - - - - - - -

ਅਲਖ ਓਅੰਕਾਰ ਸਰਬ ਦੇਖੀ ਜਾਣੈ, ਸੰਖ ਚਕ ਸੋਹਿ ਮੇਂ ਦੇਖੀ ਹੈ। [74]

ਸੰਤ ਜਸਬੀਰ ਸਿੰਘ ਜੀ ਲਿਖਦੇ ਹਨ ਕਿ ਬ੍ਰਹਮ ਦਾ ਪਰਿਆਇ ਬੀਜ ਹੈ ਅਤੇ ਬੀਜ ਦਾ ਪਰਿਆਇ ਬ੍ਰਹਮ ਹੈ। ਇਸ ਤਰ੍ਹਾਂ ਬ੍ਰਹਮ ਦਾ ਨਾਮ ਬੀਜ ਦੇ ਜਾਂਦਾ ਹੈ ਅਤੇ ਬੀਜ ਦਾ ਨਾਮ ਬ੍ਰਹਮ ਕਿਹਾ ਜਾਂਦਾ ਹੈ। ਇਸ ਤੋਂ ਹੀ ਜਗਤ ਦੀ ਉਤਪਤੀ ਹੁੰਦੀ ਹੈ। ਬ੍ਰਹਮ ਤੇ ਮਾਇਆ ਦਾ ਸੰਬੰਧ ਮੁੱਢ ਤੋਂ ਹੀ ਚਲਿਆ ਆਉਂਦਾ ਹੈ।"[75]

ਵੇਦਾਂ ਵਿਚ ਪਰਮਤੱਤ ਲਈ ਓਂਕਾਰ, ਬ੍ਰਹਮ, ਈਸ਼ਰ, ਪ੍ਰਣਵ, ਹਰਿਨਾਮ ਆਦਿ ਸ਼ਬਦਾਂ ਦਾ ਪ੍ਰਯੋਗ ਹੋਇਆ ਮਿਲਦਾ ਹੈ। ਸਾਰੇ ਮੰਤ੍ਰ ਬ੍ਰਹਮਿੰਡ ਓਂਕਾਰ ਤੋਂ ਪੈਦਾ ਹੋ ਕੇ ਮੁੜ ਉਸੇ ਵਿਚ ਸਮਾ ਜਾਂਦੇ ਹਨ। ਇਸ ਲਈ ਇਸ ਨੂੰ 'ਬੀਜਾਖਰ' ਵੀ ਕਿਹਾ ਜਾਂਦਾ ਹੈ। ਸਾਰਾ ਜਗਤ ਉਸੇ ਦਾ ਹੀ ਪਸਾਰਾ ਹੈ। ਗੁਰੂ ਰਵਿਦਾਸ ਜੀ ਨੇ 'ਓਂਕਾਰ' ਦਾ ਸਮਾਨਾਰਥਕ ਸ਼ਬਦ 'ਹਰਿਨਾਮ' ਵੀ ਬ੍ਰਹਮ ਲਈ ਪ੍ਰਯੋਗ ਹੋਇਆ ਹੈ। ਜਿਸ ਦੇ ਜਾਪ ਨਾਲ ਇਸ ਸੰਸਾਰ ਰੂਪੀ ਭਵਸਾਗਰ ਨੂੰ ਤਰਿਆ ਜਾ ਸਕਦਾ ਹੈ:-

(1) ਕਹੈ ਰਵਿਦਾਸ ਹਰਿਨਾਮ ਜਪਤੀਹਿ, ਭੈਸਾਗਰੁ ਤਰਿ ਜਾਹੂੰ।।[76]

(2) ਰੇ ਪਾਪੀ ਤੈਂ ਰਾਮ ਅਮੋਲਕ।। ਟੇਕ।।
ਰਸ ਜਿਨਿ ਮਰਨ ਚੂਵੈ ਰਵਿਦਾਸਾ, ਹਰਿਨਾਮ ਜਾਪੀ ਕਿਤ ਰਮਨਾ।[77]

(3) ਜਬ ਰਾਮ ਨਾਮ ਕਹਿ ਗਾਵੈਗਾ।
ਹਰਿਨਾਮ ਰਤਨ ਜਵਾਹਰਮਨੀ, ਅੰਤਰ ਮੇਲ ਮਿਲਵੈਗਾ।।[78]

(4) ਭਣਤ 'ਰਵਿਦਾਸ' ਹਰਿਨਾਮ ਗੁਣ ਗਾਵੈਤ,
ਸੰਤ ਸਾਧੂ ਭਏ ਸਹਜਿ ਪਾਰੀ।।[79]

(5) ਜਾਤ ਬਰਨ ਕੁਲ ਛੁਟਿਹ, ਜਗਤ ਹਟਸਾਰ ਪਧਾਰੈ।।
ਉਚਰਤ ਹਰਿਨਾਮ, ਮਰਨ ਚੂਵੈ, ਜਮ ਜਾਲ ਤੈ ਨਸਾਵੈ।।[80]

ਗੁਰੂ ਰਵਿਦਾਸ ਜੀ ਨੇ ਪਰਮਤੱਤ ਲਈ 'ਰਾਮ' ਸ਼ਬਦ ਦਾ ਪ੍ਰਯੋਗ ਵੀ ਬਹੁਤ ਕੀਤਾ ਹੈ। ਬ੍ਰਹਮ ਵੀ ਉਸੇ ਦਾ ਵਾਚਕ ਹੈ ਜੋ ਸਾਰੇ ਭੇਖਾਂ ਵਿਚ ਮੌਜੂਦ ਹੈ। 'ਖਾਲਿਕ' ਵੀ ਉਸੇ ਲਈ ਵਰਤਿਆ ਗਿਆ ਹੈ। ਗੁਰੂ ਰਵਿਦਾਸ ਦਾ ਰਾਮ ਜ਼ਰੇ ਜ਼ਰੇ ਵਿਚ ਵਸਦਾ ਹੈ ਪਰ ਉਸ ਦਾ ਗਿਆਨ ਹੋਣ ਨਾਲ ਹੀ ਉਸਨੂੰ ਬੁੱਝਿਆ ਜਾ ਸਕਦਾ ਹੈ:-

(1) ਰਵਿਦਾਸ ਹਮਾਰੋ ਰਾਮ ਜੇ, ਸਕਲ ਰਹਯੋ ਭਰਪੂਰਿ।
ਰੋਮ ਰੋਮ ਮਹਿੰ ਰਮਿ ਰਹਯੋ, ਤਾਸ ਮਸੂਕਿਨ ਦੂਰਿ॥[81]

(2) ਰਵਿਦਾਸ ਹੈ ਖਾਲਿਕ ਤੋਰਿਆ, ਸਕਲ ਰਹਯਾ ਭਰਪੂਰਿ।
ਸਭ ਵਿਸ ਦੇਖਹੁ ਵਿਆਪਿਆ, ਖਾਲਿਕ ਨਾ ਹੀ ਦੂਰ॥[82]

(3) ਜੈਸੇ ਬ੍ਰਹਮ ਰਹਿ ਸਕਲ ਮਹਿੰ, ਅਰ ਸਕਲੁ ਬ੍ਰਹਮਹ ਮਾਹਿੰ।
'ਰਵਿਦਾਸ' ਬ੍ਰਹਮ ਸਭ ਭੇਖ ਮਹਿੰ, ਬ੍ਰਹਮ ਬਿਨਾ ਕਿਛੁ ਨਾਹਿੰ॥[83]

ਗੁਰੂ ਰਵਿਦਾਸ ਜੀ ਦਾ 'ਓਅੰਕਾਰ' ਸੱਤ ਨਾਮ ਹੀ ਹੈ ਜੋ ਆਦਿ ਜੁਗਾਦਿ ਸੱਚ ਹੀ ਹੈ। ਇਸ ਸੱਤ ਦੇ ਸਾਹਮਣੇ ਅਸੱਤ ਸੰਸਾਰ ਨਹੀਂ ਟਿਕ ਸਕਦਾ। ਜਦੋਂ ਤੱਕ ਸੁਰਤਿ ਇਸ ਓਅੰਕਾਰ ਵਿਚ ਨਹੀਂ ਟਿਕਦੀ, ਉਦੋਂ ਤੱਕ ਉਸ ਸੱਚੇ ਬ੍ਰਹਮ ਨੂੰ ਨਹੀਂ ਬੁੱਝਿਆ ਜਾ ਸਕਦਾ। ਜਿਸ ਜੀਵ ਦੇ ਅੰਦਰ ਇਸ ਜਗਦੀਸ਼ ਦਾ ਵਾਸਾ ਹੈ ਉਹ ਓਅੰਕਾਰ ਦਾ ਧਿਆਨ ਧਰਕੇ ਬੁਰਾ ਭਲਾ ਸਭ ਕੁਝ ਸਹਿ ਲੈਂਦਾ ਹੈ। ਗੁਰੂ ਰਵਿਦਾਸ ਜੀ ਮਨੁੱਖ ਨੂੰ ਅਧਿਆਤਮ ਮਾਰਗ ਵਿਚ ਰਹਿੰਦਿਆਂ ਹੱਥਾਂ ਨਾਲ ਕੰਮ ਕਰਨ ਤੇ ਜੀਭ ਨਾਲ ਇਸ ਪਰਮਤੱਤ ਨੂੰ ਜਪਣ ਦਾ ਉਪਦੇਸ਼ ਦਿੰਦੇ ਹਨ। ਕਿਸ ਤਰ੍ਹਾਂ ਹਰ ਸਮੇਂ ਰਾਮ ਦਾ ਨਾਮ ਆਧਾਰ ਮੰਨ ਕੇ ਚਿੱਤ ਇਸ ਓਅੰਕਾਰ ਵਿਚ ਜੋੜਨ ਨਾਲ ਘਰ ਵਿੱਚ ਹੀ ਇਸ ਦੀ ਪ੍ਰਾਪਤੀ ਹੋ ਜਾਂਦੀ ਹੈ।

(1) ਓਅੰਕਾਰ ਹੈ ਸੱਤ ਨਾਮ, ਆਦਿ ਜੁਗਾਦਿ ਸਭ ਸੱਤ।
'ਰਵਿਦਾਸ' ਸੱਤ ਲਹਿ ਜਾਹੁਰੇਂ, ਟਿਕਵੇਂ ਨਾਹਿੰ ਅਸੱਤ॥[84]

(2) ਓਅੰਕਾਰ ਕੇ ਧਯਾਨ ਮਹਿ, ਜੋ ਲੋਂ ਸੁਰਤਿ ਨ ਹੋਇ।
ਤੋਂ ਲੋਂ ਸਾਚੇ ਬ੍ਰਹਮ ਕੂੰ, 'ਰਵਿਦਾਸ' ਨ ਬੂਝੇ ਕੋਇ॥[85]

(3) ਰਵਿਦਾਸ ਜੋਗੀ ਸਾਧੂ ਸੋ, ਜਿਹ ਮਨ ਬਸਹੀ ਜਗਦੀਸ।
ਰਹਹੀ ਰਟ ਓਅੰਕਾਰ ਕਹਿ, ਬੁਰੋ ਭਲੋ ਸਹਹੀ ਸੀਸ॥[86]

(4) ਜਿਹਵਾ ਸੋਂ ਓਅੰਕਾਰ ਜਪ, ਹੱਥਨ ਸੋ ਕਰ ਕਾਰ।
ਰਾਮ ਮਿਲਹਿੰ ਘਰ ਆਇ ਕਰ, ਕਹਿ ਰਵਿਦਾਸ ਵਿਚਾਰ।[87]

(5) ਗ੍ਰਿਹਹਿੰ ਰਹਤੁ ਨਿਤਿ ਕਰਮ ਕਰਤੁ, ਹਰਦਮ ਚਿੰਤਤੁ ਓਅੰਕਾਰ।
'ਰਵਿਦਾਸ' ਹਮਾਰੋ ਸਾਂਧਣਾ, ਹਰੀ ਕੇਵਲ ਨਾਮ ਅਧਾਰ।[88]

ਇਸ ਤਰ੍ਹਾਂ ਜਿਸ ਜੀਵ ਦੇ ਮਨ ਵਿਚ ਹਰ-ਵਕਤ ਉਹ ਰਾਮ ਵਸਦਾ ਹੈ, ਉਹ ਭਗਤ ਭਗਵੰਤ ਰੂਪ ਹੋ ਜਾਂਦਾ ਹੈ ਅਤੇ ਕ੍ਰੋਧ ਰਹਿਤ ਹੋ ਜਾਂਦਾ ਹੈ:—

(1) ਰਵਿਦਾਸ ਕਹੈ ਜਾਕੈ ਹਿਰੈ, ਰਹੈ ਰੈਨ ਦਿਨ ਰਾਮ।
ਸੋ ਭਗਤਾ ਭਗਵੰਤ ਸਮ, ਕ੍ਰੋਧ ਨ ਬਿਆਪੈ ਕਾਮ॥[੭੯]

ਗੁਰੂ ਨਾਨਕ ਦੇਵ ਜੀ ਨੇ ਵੀ ਸਪਸ਼ਟ ਰੂਪ ਵਿਚ 'ਓਅੰਕਾਰ' ਸ਼ਬਦ ਨਿਰਗੁਣ ਬ੍ਰਹਮ ਲਈ ਵਰਤਿਆ ਹੈ। ਇਹ ਸ਼ਬਦ ਉਸ ਸ਼ਕਤੀ ਨੂੰ ਜ਼ਾਹਰ ਕਰਦਾ ਹੈ, ਜਿਸ ਦੀ ਵਰਤੋਂ ਅਸੀਂ ਇਕ ਪ੍ਰਭੂ ਲਈ ਕਰ ਸਕਦੇ ਹਾਂ। ਹਿੰਦੂ ਧਰਮ ਵਿਚ ਇਸ 'ਓਮ' ਉਚਾਰਾ ਜ਼ਾਹਿਰ ਹੁੰਦਾ ਹੈ। ਕਠਉਪਨਿਸ਼ਦ ਵਿਚ ਯਮਰਾਜ ਨਚਿਕੇਤ ਨੂੰ ਇਨ੍ਹਾਂ ਸ਼ਬਦਾਂ ਨਾਲ ਸੰਬੋਧਨ ਕਰਦਾ ਹੈ, " ਉਹ ਜਿਸ ਨੂੰ ਸਾਰੇ ਵੇਦ ਪੁਕਾਰਦੇ ਹਨ — ਉਹ ਓਮ ਹੈ।" ਉਹ ਸ਼ਬਦ ਆਪ ਹੀ ਬ੍ਰਹਮ ਹੈ। ਓਅੰਕਾਰ ਜਾਂ ਓਮਕਾਰ ਸ਼ਬਦ ਮਾਂਡਕ ਉਪਨਿਸ਼ਦ ਵਿਚ ਵੀ ਮਿਲਦਾ ਹੈ।

'ਓਂ' ਜਾਂ 'ਓਮ' ਦਾ ਮੂਲ ਧਾਤੂ 'ਅਵ' ਹੈ। ਜਿਸ ਦਾ ਅਰਥ ਹੈ ਰੱਖਿਆ ਕਰਨਾ, ਬਚਾਉਣਾ, ਤ੍ਰਿਪਤ ਹੋਣਾ, ਚੈਤਨਾ ਆਦਿ। 'ਓਮ' 'ਓਂ' ਬੋਧਕ ਹੈ ਸਭ ਦੀ ਰੱਖਿਆ ਕਰਨ ਵਾਲੇ ਕਰਤਾਰ ਦਾ।[੮੦]

ਓਅੰਕਾਰ ਹੀ ਸ੍ਰਿਸ਼ਟੀ ਦਾ ਰਚਨਹਾਰ ਹੈ। ਦਿਨ-ਰਾਤ, ਵਣ, ਤ੍ਰਿਣ, ਤ੍ਰਿਭਵਣ, ਪਾਣੀ, ਚਾਰੇ ਵੇਦ, ਚਾਰੇ ਖਾਣੀਆਂ, ਖੰਡ, ਦੀਪ, ਲੋਅ ਇਹ ਸਾਰੇ ਇਕੋ ਵਾਕ ਨਾਲ ਰਚੇ ਗਏ।

ਓਅੰਕਾਰਿ ਉਤਪਾਤੀ॥ ਕੀਆ ਦਿਨਸੁ ਸਭ ਰਾਤੀ॥
ਵਣੁ ਤ੍ਰਿਣੁ ਤ੍ਰਿਭਵਣ ਪਾਣੀ॥ ਚਾਰਿ ਬੇਦ ਚਾਰੇ ਖਾਣੀ॥
ਖੰਡ ਦੀਪ ਸਭਿ ਲੋਆ॥ ਏਕ ਕਵਾਵੈ ਤੇ ਸਭਿ ਹੋਆ॥[੮੧]

ਗੁਰੂ ਨਾਨਕ ਨੇ ਆਪਣੀ ਕਿਰਤ 'ਓਅੰਕਾਰ' ਵਿਚ ਪਰਮਾਤਮਾ ਦੀਆਂ ਸਾਰੀਆਂ ਸ਼ਕਤੀਆਂ ਦਾ 'ਓਅੰਕਾਰ' ਵਿਚ ਨਿਵਾਸ ਦੱਸਿਆ ਹੈ। ਓਅੰਕਾਰ ਤੋਂ ਹੀ ਬ੍ਰਹਮਾ ਦੀ ਉਤਪਤੀ ਹੋਈ, ਓਅੰਕਾਰ ਦਾ ਹੀ ਉਸ ਨੇ ਆਪਣੇ ਮਨ ਵਿਚ ਚਿੰਤਨ ਕੀਤਾ ਹੈ। ਓਅੰਕਾਰ ਤੋਂ ਹੀ ਬੇਦਾਂ, ਜੁੱਗਾਂ ਅਤੇ ਪਰਬਤਾਂ ਦੀ ਰਚਨਾ ਹੋਈ ਹੈ। ਵਿਅਕਤੀ ਦਾ ਨਿਸਤਾਰਾ ਵੀ ਇਸੇ ਸ਼ਬਦ ਰਾਹੀਂ ਹੁੰਦਾ ਹੈ। 'ਓਨਮ' ਅੱਖਰ ਹੀ ਤਿੰਨ ਲੋਕਾਂ ਦਾ ਸਾਰ ਤੱਤ ਹੈ।

ਓਅੰਕਾਰਿ ਬ੍ਰਹਮਾ ਉਤਪਤਿ।। ਓਅੰਕਾਰੁ ਕੀਆ ਜਿਨਿ ਚਿਤਿ।
ਓਅੰਕਾਰਿ ਸੈਲ ਜੁਗ ਭਏ। ਓਅੰਕਾਰਿ ਬੇਦ ਨਿਰਮਾਏ।
ਓਅੰਕਾਰਿ ਸਬਦਿ ਉਧਰੇ।। ਓਅੰਕਾਰਿ ਗੁਰਮੁਖਿ ਤਰੇ।
ਓਨਮ ਅਖਰ ਸੁਣਹੁ ਬੀਚਾਰੁ।। ਓਨਮ ਅਖਰੁ ਤ੍ਰਿਭਵਣ ਸਾਰੁ।।[92]

ਪ੍ਰੋ. ਪਰਕਾਸ਼ ਦਾਸ ਲਿਖਦੇ ਹਨ ਕਿ ਪਰਮਾਤਮਾ ਸਿਰਫ਼ ਇਕ ਹੈ। ਉਹ ਓਅੰਕਾਰ ਜਾਂ ਨਿਰਾ ਜੀਵਨ, ਨਿਰਾ ਗਿਆਨ ਅਤੇ ਨਿਰੀ ਸ਼ਕਤੀ ਹੈ। ਇਹੋ ਉਸਦਾ ਨਾਮ ਹੈ।ਉਹ ਸਿਰਜਕ ਅਤੇ ਪਾਰਬ੍ਰਹਮ ਸਰਬਗਿਆਤਾ ਹੈ। ਉਹ ਨਿੱਡਰ ਅਤੇ ਸੁਖੀ ਹੈ। ਉਹ ਵੈਰ ਰਹਿਤ ਅਤੇ ਨਿਰਾ ਪਿਆਰ ਹੈ। ਉਹ ਅਮਰ ਹੈ।[93]

ਓਅੰਕਾਰ ਜਗਤ ਤੋਂ ਨਿਰਾਲਾ ਤੇ ਨਿਰਲੇਪ ਰਹਿੰਦਾ ਹੈ। ਓਅੰਕਾਰ ਅਮਰ ਤੇ ਅਜੂਨੀ ਹੈ। ਜਾਤ ਰਹਿਤ ਅਤੇ ਸੰਸਾਰਕ ਪ੍ਰਪੰਚ ਤੋਂ ਉਪਰ ਹੈ। ਇਹ ਅਗਮ ਤੇ ਅਗੋਚਰ ਹੈ। ਰੂਪ ਅਤੇ ਰੇਖਾ ਤੋਂ ਵੀ ਰਹਿਤ ਹੈ। ਇਹ ਘਟ ਘਟ ਵਿਚ ਬਿਰਾਜਮਾਨ ਹੈ। ਉਹ ਕੇਵਲ ਇਕ ਹੈ: —

(1) ਏਕਮ ਏਕੰਕਾਰੁ ਨਿਰਾਲਾ। ਅਮਰੁ ਅਜੋਨੀ ਜਾਤਿ ਨ ਜਾਲਾ।।
ਅਗਮੁ ਅਗੋਚਰੁ ਰੂਪੁ ਨ ਰੇਖਿਆ। ਖੋਜਤ ਖੋਜਤ ਘਟਿ ਘਟਿ ਦੇਖਿਆ।।[94]
(2) ਵੇਖੈ ਨਦਰਿ ਕਰੇ ਜਾ ਦੇਖਾ ਦੂਜਾ ਕੋਈ ਨਾਹੀਂ।।
ਏਕੋ ਰਵਿ ਰਹਿਆ ਸਭ ਥਾਈਂ ਏਕੁ ਵਸਿਆ ਮਨ ਮਾਹੀ।।[95]
(3) ਸਾਹਿਬ ਮੇਰਾ ਏਕੋ ਹੈ। ਏਕੋ ਹੈ ਭਾਈ ਏਕੋ ਹੈ।[96]

ਡਾ. ਮਨਮੋਹਨ ਸਹਿਗਲ ਲਿਖਦੇ ਹਨ ਕਿ ਗੁਰੂ ਨਾਨਕ ਦੁਆਰਾ ਮੂਲ ਮੰਤਰ ਵਿਚ ਬ੍ਰਹਮਾ ਲਈ ('ਇੱਕ' ਅਤੇ 'ਓਅੰਕਾਰ' ਦੀ ਜੋ ਸੰਗਿਆ ਅਪਣਾਈ ਗਈ ਹੈ, ਉਹ ਨਿਰਸੰਦੇਹ ਸੰਮਿਲਿਤ ਪਰੰਪਰਾ ਦੀ ਪ੍ਰਤੀਕ ਹੈ। ਇਸਨੂੰ ਦੋਹਾਂ ਸ਼ਬਦਾਂ ਦਾ ਮਿਲਵਾਂ ਪ੍ਰਯੋਗ ਗੁਰੂ ਸਾਹਿਬ ਦੇ ਸੰਤੁਲਤ ਵਿਚ ਦ੍ਰਿਸ਼ਟੀਕੋਣ ਦੇ ਪ੍ਰਤੀਕ ਕਹੀ ਜਾਂਦਾ ਹੈ।[97]

ਗੁਰਮਤ ਵਿਚ ਸਿੱਖਾਂ ਨੂੰ ਇਕੋ ਮੰਤਰ ਦਿੱਤਾ ਗਿਆ ਹੈ। ਉਹ ਮੂਲ ਮੰਤਰ ਹੈ। '੧ਓ' ਆਦਿ ਗੁਰਬਾਣੀ ਸਰਬੀ ਬ੍ਰਹਮ ਦਾ ਲਖਾਇਕ ਹੈ। ਇਸ ਵਿਚ ੧ਓ ਜਾਂ ਏਕਾ ਮੂਲ ਦਾ ਬੀਜ ਹੈ। ਇਹ ਸ੍ਰਿਸ਼ਟੀ ਸਰੂਪ ਬ੍ਰਹਮ ਹੈ। ਇਸ ਤੋਂ ਹੀ ਸਮੁੱਚੀ ਦਾਰਸ਼ਨਿਕ ਪਰੰਪਰਾ

ਉਪਜਦੀ ਹੈ। ਜਿਥੇ ਕਿਤੇ ਗੁਰਬਾਣੀ ਵਿੱਚ ਸਤਿਮੰਤਰ ਜਾਂ ਗੁਰਮੰਤਰ ਆਇਆ ਹੈ, ਉਥੇ ਉਸ ਦਾ ਅਰਥ ਮੂਲ ਮੰਤਰ ਜਾਂ ਉਸਦੇ ਸਮਾਨ ਸ਼ਬਦ 'ਸਤਿਨਾਮ' ਜਾਂ 'ਵਾਹਿਗੁਰੂ' ਆਦਿ ਮੰਤ੍ਰ ਹਨ।

ਮੂਲ ਮੰਤ੍ਰ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ।।[98]

ਗੁਰਬਾਣੀ ਵਿੱਚ ਪਰਮਾਤਮਾ ਲਈ 'ਨਿਰੰਕਾਰ' ਸ਼ਬਦ ਵੀ ਵਰਤਿਆ ਗਿਆ ਹੈ। ਗੁਰਬਾਣੀ ਵਿਚ ਨਿਰਗੁਣ ਬ੍ਰਹਮ ਅਤੇ 'ਪਰਾ' ਲਈ ਭਿੰਨ ਭਿੰਨ ਨਾਵਾਂ ਦਾ ਪ੍ਰਯੋਗ ਹੋਇਆ ਹੈ। ਪਰ ਇਹ ਸਭ ਨਾਂ ਬ੍ਰਹਮ ਦੀ ਏਕਤਾ ਅਤੇ ਕਰਤਾ ਦੇ ਸਿਰਜਣਹਾਰ ਹਨ ਗੁਰਬਾਣੀ ਅਨੁਸਾਰ ਤਾਂ ਸਭ ਧਰਮਾਂ ਅਤੇ ਮੱਤਾਂ ਦੇ ਮੂਲ ਵਿਚ ਇਕ ਹੀ ਪਰਮਾਤਮਾ ਵਿਦਮਾਨ ਹੈ। ਗੁਰੂ ਰਵਿਦਾਸ ਜੀ ਵੀ ਇਸੇ ਵਿਚਾਰ ਦੇ ਧਾਰਨੀ ਹਨ:-

1. ਨਿਰੰਕਾਰ ਆਕਾਰੁ ਆਪਿ, ਨਿਰਗੁਨ ਸਰਗੁਨ ਏਕ।
   ਏਕਹਿ ਏਕ ਬਖਾਨਣੋ ਨਾਨਕ ਏਕ ਅਨੇਕ।।[99]
2. ਦੂਜਾ ਕਉਣੁ ਕਹਾ ਨਹੀ ਕੋਈ,
   ਸਭ ਮਹਿ ਏਕੁ ਨਿਰੰਜਨੁ ਸੋਈ।।[100]
3. ਏਕ ਅਨੇਕ, ਅਨੇਕ ਏਕ ਹਰਿ ਕਹੈ ਕਵਨ ਬਿਧਿ ਦੂਜਾ।।[101]

ਪਰਮਾਤਮਾ ਖੁਦ ਅਨੇਕ ਆਕਾਰਾਂ ਦਾ ਰਚਣਹਾਰਾ ਹੈ। ਉਹ ਉਨ੍ਹਾਂ ਆਕਾਰਾਂ ਵਿਚ ਆਪ ਰਮਿਆ ਹੋਇਆ ਹੈ। ਇਸੇ ਲਈ ਇਕ ਤੋਂ ਅਨੇਕ ਦਿਖਾਈ ਦਿੰਦਾ ਹੈ ਪਰ ਸਭ ਨੂੰ ਇਕ ਸੂਤਰ ਵਿਚ ਬੰਨ੍ਹ ਕੇ ਉਹ ਏਕਤਾ ਦੀ ਗੰਢ ਵੀ ਬੰਨ੍ਹੀ ਰੱਖਦਾ ਹੈ। ਇਸੇ ਤਰ੍ਹਾਂ ਤਿੰਨ ਗੁਣਾਂ ਦੇ ਪਸਾਰ ਤੋਂ ਭਿੰਨ ਭਿੰਨ ਰੰਗਾਂ ਦੀ ਰਚਨਾ ਕਰਕੇ ਆਕਾਰਾਂ ਅਤੇ ਗੁਣਾਂ ਨੂੰ ਸਰੂਪ ਦਿੱਤਾ ਹੈ। ਇਸੇ ਲਈ ਨਿਰਗੁਣ ਤੋਂ ਸਰਗੁਣ ਦਿਖਾਈ ਦਿੰਦਾ ਹੈ। ਪਰ ਉਹ ਇੱਕ ਹੈ ਅਤੇ ਨਿਰਗੁਣ ਹੀ ਕਹਾਉਂਦਾ ਹੈ:-

1. ਰੰਗੀ [illegible] ਅਕਾਰਾ। ਏਕਹਿ ਸੂਤ ਪਰੋਵਨਹਾਰਾ।
   ਭਿੰਨ ਭਿੰਨ ਤ੍ਰੈਗੁਣ ਬਿਸਥਾਰੀ। ਨਿਰਗੁਨ ਤੇ ਸਰਗੁਨ ਦ੍ਰਿਸਟਾਰੀ।।[102]

2. ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ।
ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ।।[103]

ਪਰਮਾਤਮਾ ਦੀ ਲੀਲ੍ਹਾ ਦਾ ਅੰਤ ਨਹੀਂ ਪਾਇਆ ਜਾ ਸਕਦਾ। ਆਦਿ, ਮੱਧ ਅਤੇ ਅੰਤ ਵਿਚ ਨਿਰੰਕਾਰ ਹੀ ਵਿਦਮਾਨ ਹੈ। ਸੁੰਨ ਸਮਾਧੀ ਵਿੱਚ ਵੀ ਉਹ ਹੀ ਹੈ ਅਤੇ ਸੁਖ ਆਸਨ ਵਿੱਚ ਵੀ ਉਹੀ। ਆਪਣੇ ਆਪ ਉਸਨੇ ਆਪ ਹੀ ਪੈਦਾ ਕੀਤਾ ਹੈ। ਬਾਪ ਵੀ ਆਪ ਹੀ ਹੈ ਤੇ ਮਾਂ ਵੀ ਆਪ ਹੀ। ਆਪੇ ਸੂਖਮ ਹੈ ਤੇ ਆਪੇ ਸਥੂਲ ਹੈ। ਅੰਤਰਜਾਮੀ, ਨਿਰੰਜਨ ਤੇ ਨਿਰਭਉ ਜਲਥਲ ਵਿਚ ਸਮਾਇਆ ਹੋਇਆ ਹੈ।

1. ਓਅੰ ਸਾਧ ਸਤਿਗੁਰ ਨਮਸਕਾਰੰ।। ਆਦਿ ਮਧਿ ਅੰਤਿ ਨਿਰੰਕਾਰੰ।।
ਆਪਹਿ ਸੁੰਨ ਆਪਹਿ ਸੁਖ ਆਸਨ।। ਆਪਹਿ ਸੁਨਤ ਆਪ ਹੀ ਜਾਸਨ।
ਆਪਹਿ ਸੂਖਮ ਆਪਹਿ ਅਸਥੂਲਾ।। ਲਖੀ ਨ ਜਾਇ ਨਾਨਕ ਲੀਲਾ।।[104]

2 ਅੰਤਰਜਾਮੀ ਜੀਅਨ ਕਾ ਦਾਤਾ ਦੇਖਤ ਤ੍ਰਿਪਤਿ ਅਘਾਈ।।
ਏਕੰਕਾਰ ਨਿਰੰਜਨ ਨਿਰਭਉ ਸਭ ਜਲ ਥਲ ਰਹਿਆ ਸਮਾਈ।।[105]

ਇਸ ਤਰ੍ਹਾਂ ਰਵਿਦਾਸ ਬਾਣੀ ਅਤੇ ਗੁਰਬਾਣੀ ਵਿਚ ਬ੍ਰਹਮ ਲਈ ਹੀ 'ਓਅੰਕਾਰ' ਸ਼ਬਦ ਦੀ ਵਰਤੋਂ ਕੀਤੀ ਗਈ ਹੈ ਜੋ ਤਿੰਨਾਂ ਲੋਕਾਂ ਵਿਚ ਪਸਰਿਆ ਹੋਇਆ ਹੈ। ਓਅੰਕਾਰ ਤੋਂ ਹੀ ਸ੍ਰਿਸ਼ਟੀ ਦੀ ਰਚਨਾ ਹੋਈ ਹੈ। ਆਦਿ, ਮੱਧ ਅਤੇ ਅੰਤ ਉਹ ਹੀ ਬਿਰਾਜਮਾਨ ਰਹੇਗਾ। ਬ੍ਰਹਮ ਲਈ ਵਰਤਿਆ ਇਹ ਸ਼ਬਦ ਵੇਦਾਂ ਦੇ ਸਮੇਂ ਤੋਂ ਹੀ ਪ੍ਰਚਲਿਤ ਸੀ ਅਤੇ ਸੰਤ ਸਾਹਿਤ ਤੱਕ ਇਸਦੀ ਵਰਤੋਂ ਹੁੰਦੀ ਰਹੀ ਹੈ। ਭਾਵੇਂ ਇਹ ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੁਆਰਾ ਵਰਤਿਆ ਕੋਈ ਨਵਾਂ ਸ਼ਬਦ ਨਹੀਂ ਸੀ। ਫਿਰ ਵੀ ਉਨ੍ਹਾਂ ਨੇ ਇਸ ਸ਼ਬਦ ਦੀ ਡੂੰਘਾਈ ਤੱਕ ਜਾਣ ਦੀ ਕੋਸ਼ਿਸ਼ ਕੀਤੀ ਤੇ ਇਸ ਨੂੰ ਵਿਸ਼ਾਲ ਅਰਥਾਂ ਵਿਚ ਵਰਤਿਆ।

## ਸ਼ਬਦ ਰੂਪ ਬ੍ਰਹਮ

ਸ਼ਬਦ ਨਿਤਯ, ਸੂਖਮ ਅਤੇ ਸਰਵ ਵਿਆਪਕ ਹੈ। ਉਹ ਪਰਮਾਤਮਾ ਸ਼ਬਦ ਰੂਪ ਹੈ ਜਾਂ ਅੱਖਰ ਰੂਪ। ਇਸ ਲਈ ਪ੍ਰਭੂ ਦੇ ਵਾਚਕ 'ਸ਼ਬਦ' ਵਿਚ ਵੀ ਅਪਾਰ ਗੁਣ ਹਨ।

ਸ਼ਬਦ ਜਾਂ ਅੱਖਰ ਪਰਮਾਤਮਾ ਦੀ ਕਰਤਾਰੀ ਸ਼ਕਤੀ ਦਾ ਨਾਮ ਹੈ।

ਵੈਦਿਕ ਸਾਹਿਤ ਵਿਚ ਵੀ ਬ੍ਰਹਮ ਨੂੰ ਸ਼ਬਦ ਰੂਪ ਵਿੱਚ ਵਿਅਕਤ ਕੀਤਾ ਗਿਆ ਹੈ। ਕਠੋਪਨਿਸ਼ਦ ਅਨੁਸਾਰ "ਬ੍ਰਹਮ ਅੱਖਰ ਸਰੂਪ ਹੈ। ਅੱਖਰ ਨੂੰ ਜਾਣ ਕੇ ਜੋ ਜਿਸ ਦੀ ਇੱਛਾ ਕਰਦਾ ਹੈ। ਉਹ ਉਸਦਾ ਹੀ ਹੋ ਜਾਂਦਾ ਹੈ।[106] ਬ੍ਰਹਮ ਸੂਤਰ ਸ਼ੰਕਰ ਭਾਸ਼ਯ ਵਿਚ ਵੀ ਸ਼ਬਦ ਤੋਂ ਸੰਸਾਰ ਦੀ ਉਤਪਤੀ ਹੋਈ ਮੰਨੀ ਗਈ ਹੈ।[107]

ਗੁਰੂ ਰਵਿਦਾਸ ਵੀ ਬ੍ਰਹਮ ਨੂੰ ਸ਼ਬਦ ਰੂਪ ਵਿਚ ਚਿਤਰਦੇ ਹਨ। ਉਨ੍ਹਾਂ ਅਨੁਸਾਰ ਸ਼ਬਦ ਬ੍ਰਹਮ ਅਗਮ, ਅਗੋਚਰ, ਅਛਰ, ਅਤਰਕ ਅਤੇ ਆਨੰਦ ਯੁਕਤ ਹੈ। ਉਹ ਸਭ ਥਾਂ ਵਿਆਪਕ ਹੈ। ਉਹ ਪਰਮਤੱਤ ਗੁਣੀ ਹੈ। ਉਹ ਨਿਰਵਿਕਾਰ ਅਤੇ ਅਬਿਨਾਸ਼ੀ ਹੈ।

(ੳ) ਅਗਮ ਅਗੋਚਰ ਅਛਰ ਅਤਰਕ, ਨਿਰਗੁਨ ਅੰਤਿ ਆਨੰਦਾ।।
ਸਦਾ ਅਤੀਤ ਗਯਾਨ ਘਨ ਬਰਜਿਤ, ਨਿਰਬੀਕਾਰ ਅਬਿਨਾਸੀ।।[108]
(2) ਸਕੰਤਿ ਸਨੇਹ ਇਸ਼ਟ ਅੰਗਿ ਲਾਵੈ, ਅਸਥਲਿ ਅਸਥਿਲ ਖੇਲੈ।
ਕੋ ਕੁਛ ਮਿਲੈ ਆਨ ਅਖਰ ਸੋਂ, ਸੁਤ ਦਾਰਾ ਸਿਰ ਮੇਲੈ।[109]

ਬ੍ਰਹਮ ਦੇ ਇਸ ਰੂਪ ਨਾਲ ਹੀ ਸੁਰਤਿ ਦਾ ਸੰਜੋਗ ਹੁੰਦਾ ਹੈ। ਡਾ. ਬਲਵੀਰ ਸਿੰਘ ਵੀ ਲਿਖਦੇ ਹਨ, 'ਸਰੀਰ ਦੇ ਅੰਦਰ ਅੰਤਰਜਾਮੀ ਪ੍ਰਭੂ ਬੈਠਾ ਹੈ, ਉਹ ਨਜ਼ਰ ਤੋਂ ਉਹਲੇ ਰਹਿੰਦਾ ਹੈ, ਪਰ ਸੁਰਤਿ ਵਾਲੇ ਨੂੰ ਉਹ ਅੰਤਰ ਦ੍ਰਿਸ਼ਟੀ ਨਾਲ ਪ੍ਰਤੱਖ ਹੋ ਜਾਂਦਾ ਹੈ।'[110]

ਸ਼ਬਦ ਬ੍ਰਹਮ ਦੇ ਜਪ ਨਾਲ ਸਾਧਕ ਸਤਿ ਸਰੂਪ ਦਾ ਅਨੁਭਵ ਕਰਦਾ ਹੋਇਆ ਅਨਹਦ ਨਾਦ ਸ੍ਰਵਣ ਕਰਨ ਦੇ ਯੋਗ ਹੋ ਜਾਂਦਾ ਹੈ। ਇਸ ਤਰ੍ਹਾਂ ਅੱਖਰ ਜਾਂ ਸ਼ਬਦ ਬ੍ਰਹਮ ਆਪ ਹੀ ਸਿੱਧ ਸ਼ਕਤੀ ਹੈ। ਇਸੇ ਵਿਚ ਬ੍ਰਹਮ ਹੈ। ਇਸ ਲਈ ਇਸਦੇ ਸਿਮਰਨ ਕਰਨ ਨਾਲ ਪਰਮਨਿਧ ਜੀਵਨ ਮੁਕਤੀ ਮਿਲਦੀ ਹੈ:--

(1) ਸ਼ਬਦ ਅਨਾਹਦ ਬਾਜਤ ਘਟ ਮਹੀਂ।
ਅਗਮ ਗਯਾਨ ਭੈ ਗੁਰ ਪ੍ਰਤਾਪ।।[111]
(2) ਪਯੰਡ ਪਰੈ ਜੀਵ ਜਿਸ ਘਰਿ ਜਾਤਾ।
ਸ਼ਬਦ ਅਤੀਤ ਅਨਾਹਦ ਰਾਤਾ।।[112]

(3) ਗੁਰ ਕੈ ਸ਼ਬਦ ਅਰੁ ਸੁਰਤਿ ਕੁਦਾਲੀ।
ਖੋਦਤ ਕੋਉ ਲਹੈ ਰੇ।।[113]

(4) ਸੁਰਤ ਸ਼ਬਦ ਜਉ ਏਕ ਹੋ, ਤਉ ਪਾਇਹਿੰ ਪਰਮ ਅਨੰਦ।
'ਰਵਿਦਾਸ' ਅੰਤਰ ਦੀਪਕ ਜਰਈ, ਘਟ ਉਪਜਈ ਬ੍ਰਹਮ ਅਨੰਦ।[114]

(5) ਰਵਿਦਾਸ ਸੁਭਾਵ ਸਦ ਜਰਹਿ, ਸੁਖਹ ਇਕਮਿਕ ਹੋਈ।[115]

(6) ਰੰਹੰਗ ਸੋਹੰਗ ਸ਼ਬਦ ਭਰਕ੍ਰਿਤ, ਅਨਹਦ ਬਾਜੈ ਬਾਜੈ।
ਗਾਵਨ ਹਾਰੇ ਸਦਾ ਤੇਰੇ ਦੁਆਰੇ, ਜਨ ਜਗਬੀਰ ਨਿਵਾਜੈ।।[116]

ਸੋ ਸਪਸ਼ਟ ਹੈ ਕਿ ਸ਼ਬਦ ਰੂਪੀ ਬ੍ਰਹਮ ਨੂੰ ਅਨਹਦ ਨਾਦ ਵੀ ਕਿਹਾ ਜਾਂਦਾ ਹੈ। ਇਹ ਉਹ ਧੁਨੀ ਹੈ ਜਿਸ ਦਾ ਅਨੁਭਵ ਸਾਧਕ ਨੂੰ ਭਗਤੀ ਦੀ ਅੰਤਿਮ ਅਵਸਥਾ ਤੱਕ ਪਹੁੰਚਣ ਤੇ ਹੁੰਦਾ ਹੈ। ਜਦੋਂ ਸਾਧਕ ਭਗਤੀ ਸਾਧਨਾ ਜਾਂ ਹੋਰ ਕਿਸੇ ਸਾਧਨਾ ਰਾਹੀਂ ਪਰਮਤਤ ਨਾਲ ਇਕਮਿਕ ਹੋ ਜਾਂਦਾ ਹੈ ਤਾਂ ਉਸ ਨੂੰ 'ਅਨਹਦ ਨਾਦ' ਦਾ ਅਨੁਭਵ ਪ੍ਰਾਪਤ ਹੁੰਦਾ ਹੈ। ਭੌਤਿਕ ਵਿਗਿਆਨੀਆਂ ਅਨੁਸਾਰ ਅਨਹਦ-ਨਾਦ ਕੇਵਲ ਸਾਹ ਦੇ ਨਾਲ ਅੰਦਰ ਗਈ ਹਵਾ ਦੀ ਕਿਰਿਆ ਦੇ ਪ੍ਰਤੀਕਰਮ ਵਜੋਂ ਪੈਦਾ ਹੁੰਦਾ ਹੈ। ਜਦੋਂ ਸਵਾਸ-ਸਵਾਸ ਸਿਮਰਨ ਨਾਲ ਪ੍ਰਾਣ-ਵਾਯੂ ਅੰਦਰ ਜਾਕੇ ਕੁੰਡਲਿਨੀ ਨੂੰ ਜਾਗ੍ਰਿਤ ਕਰਦਾ ਹੈ ਤਾਂ ਪ੍ਰਾਣ-ਵਾਯੂ ਵਿਚਲੇ ਸਮੇਂ ਅੰਤਰਾਲ ਅਤੇ ਸੁਖਮਨਾ ਨਾੜੀ ਵਿਚਲੀ ਆਂਤਰਿਕ ਦੂਰੀ ਦੇ ਮਿਲਾਣ(ਅਡਜਸਟਮੈਂਟ) ਨਾਲ ਪੈਦਾ ਹੋਈ ਧੁਨੀ ਸ਼ਬਦ ਬ੍ਰਹਮ ਜਾਂ ਨਾਦ ਨਾਲ ਇਕ ਸੁਰ ਹੋ ਜਾਂਦੀ ਹੈ ਤਾਂ ਉਹ ਸ਼ਬਦ ਰੂਪੀ ਬ੍ਰਹਮ ਜਾਂ ਅਨਹਦ ਨਾਦ ਸੁਣਾਈ ਦਿੰਦਾ ਹੈ। ਸੋ ਸੰਤ ਰਵਿਦਾਸ ਦੀ ਬਾਣੀ ਅਨੁਸਾਰ ਉਨ੍ਹਾਂ ਦੀ ਸਵਾਸ ਸਾਧਨਾ ਤੇ ਯੋਗ ਸਾਧਨਾ ਦਾ ਪ੍ਰਭਾਵ ਪਿਆ ਹੈ। ਡਾ. ਤਿਲਕ ਰਾਜ ਸ਼ਿੰਗਾਰੀ ਵੀ ਕੁਝ ਇਹੋ ਜਿਹਾ ਵਿਚਾਰ ਹੀ ਪੇਸ਼ ਕਰਦੇ ਹਨ, ਉਨ੍ਹਾਂ ਅਨੁਸਾਰ, " ਸ਼ਬਦ ਦੀ ਜ਼ਵੈਤੰਗਤਾ ਭਾਵ ਆਪਣੇ ਆਪ ਤੋਂ ਆਪ ਹੋਣਾ, ਆਪਣੀ ਹੋਂਦ ਲਈ ਦੂਸਰੇ ਉਤੇ ਨਿਰਭਰ ਨਾ ਹੋਣਾ, ਸਰਵ-ਵਿਆਪਕਤਾ, ਅਖੰਡਤਾ, ਨਿਰੰਤਰਤਾ ਦਾ ਭਾਵ ਦ੍ਰਿੜਾਉਣ ਲਈ ਹੀ ਮਹਾਤਮਾ ਨੇ ਸੱਚੇ ਸ਼ਬਦ ਨੂੰ ਅਨਾਹਦ ਸ਼ਬਦ ਕਿਹਾ ਹੈ।"[117]

ਅਸਲੀਅਤ ਇਹ ਹੈ ਕਿ ਇਹ ਅਨਾਹਦ ਸ਼ਬਦ ਸਦਾ ਤੇ ਸਰਵ-ਵਿਆਪਕ ਹੈ। ਮਨੁੱਖ ਵਿਸ਼ੇ ਵਿਕਾਰਾਂ ਤੇ ਸੰਸਾਰਕ ਭੋਗਾਂ ਵਿਚ ਲੀਨ ਹੋਣ ਕਰਕੇ ਇਸ ਦੀ ਪਹਿਚਾਣ ਨਹੀਂ ਕਰ ਸਕਦਾ। ਸੁਰਤਿ ਜੋੜਨ ਜਾਂ ਪ੍ਰਭੂ ਵਿਚ ਧਿਆਨ ਜਮਾਉਣ ਨਾਲ ਇਸ ਸ਼ਬਦ ਦਾ ਹੌਲੀ

ਹੌਲੀ ਅੰਦਰੋਂ ਹੀ ਅਹਿਸਾਸ ਹੋ ਜਾਂਦਾ ਹੈ। ਗੁਰੂ ਰਵਿਦਾਸ ਜੀ ਅਨੁਸਾਰ ਵੀ ਇਹ ਸ਼ਬਦ ਮਨੁੱਖ ਦੇ ਅੰਦਰ ਹੀ ਹੈ ਪਰ ਇਸ ਨੂੰ ਸੁਰਤਿ ਲਗਾ ਕੇ ਅੰਦਰੋਂ ਖੋਜਣ ਦੀ ਜ਼ਰੂਰਤ ਹੈ:-

(1) ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਮਾਨ।
ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧ ਬਿਕਾਰ।[118]
(2) ਬਾਹਰਿ ਖੋਜਤ ਜਨਮ ਗੰਵਾਏ, ਉਨਮਨਿ ਧਯਾਨ ਰਹੈ ਘਟ ਆਪ।
ਸ਼ਬਦ ਅਨਾਹਦ ਬਾਜਤ ਘਟ ਮਹਿ, ਅਗਮ ਗਯਾਨ ਭੌ ਗੁਰ ਪਰਤਾਪ।।[119]

ਇਹ ਅਨਾਹਦ ਸ਼ਬਦ ਹੀ ਬ੍ਰਹਮ ਹੈ ਅਤੇ ਇਹੋ ਹੀ ਗੁਰੂ ਹੈ। ਗੁਰੂ ਰਵਿਦਾਸ ਅਨੁਸਾਰ ਸਾਧਕ ਇਸ ਨੂੰ ਗੁਰੂ ਦੀ ਦੱਸੀ ਜੁਗਤ ਅਨੁਸਾਰ ਸ਼ਬਦ ਵਿਚ ਸੁਰਤਿ ਲਗਾ ਕੇ ਸੁਣਦਾ ਹੈ। ਇਸ ਸ਼ਬਦ ਦੀ ਹੋਂਦ ਅਤੇ ਨਿਰੰਤਰਤਾ ਨੂੰ ਸੁਰਤਿ ਰਾਹੀਂ ਹੀ ਅਨੁਭਵ ਕੀਤਾ ਜਾ ਸਕਦਾ ਹੈ। ਪਰ ਇਸ ਲਈ ਸਤਿਗੁਰ ਦੀ ਮਿਹਰ ਜ਼ਰੂਰੀ ਹੈ। ਧਨ, ਦਾਰਾ ਵਿਚ ਮਸਤ ਮਨੁੱਖ ਨੂੰ ਗੁਰੂ ਹੀ ਰਾਹ ਵਿਖਾ ਸਕਦਾ ਹੈ। ਗੁਰੂ ਦੀ ਮਿਹਰ ਨਾਲ ਮਨ ਦੇ ਸਾਰੇ ਸੰਤਾਪ ਦੂਰ ਹੋ ਜਾਂਦੇ ਹਨ। ਗੁਰੂ ਰਵਿਦਾਸ ਅਨੁਸਾਰ ਗੁਰੂ ਦਾ ਸ਼ਬਦ ਹੀ ਸ਼ਬਦ ਰੂਪੀ ਬ੍ਰਹਮ ਹੈ। ਗੁਰੂ ਦੇ ਸ਼ਬਦ ਦਾ ਸੁਰਤਿ ਨਾਲ ਸੰਜੋਗ ਹੋਣ ਤੇ ਹੀ ਪਰਮਪਦ ਦੀ ਪ੍ਰਾਪਤੀ ਹੁੰਦੀ ਹੈ:-

(1) ਗੁਰੂ ਕੌ ਸ਼ਬਦ ਅਰੁ ਸੁਰਤਿ ਕੁਦਾਲੀ, ਖੋਦਤ ਕੋਊ ਲਹੈ ਰੇ।
ਰਾਮ ਕਾਹੂ ਕੇ ਬਾਂਟੇ ਨ ਆਯੋ, ਸੋ ਨੇਕੁ ਲਬ ਹੈ ਰੇ।[120]
(2) ਧਨ ਦਾਰਾ ਮਹਿ ਰਹਿਯੋ ਮਗਨ ਨਿਤ, ਗੁਨਯੋ ਨ ਮਿਥੁ ਕੋਤਾਪ।।
ਕਹਿ ਰਵਿਦਾਸ ਗੁਰੂ ਰਾਹ ਦਿਖਾਵਇ, ਤ੍ਰਿਖਾ ਬੁਝਿ ਮਿਟਿ ਮਨ ਸੰਤਾਪ।[121]

ਗੁਰੂ ਰਵਿਦਾਸ ਅਨੁਸਾਰ ਸੁਰਤਿ ਅਤੇ ਸ਼ਬਦ ਵਿਚ ਸੰਜੋਗ, ਇਕਮਿਕਤਾ ਜਾਂ ਲੀਨਤਾ ਹੋਣ ਨਾਲ ਉਸ ਪਰਮਤੱਤ ਦੀ ਜੋਤਿ ਦਾ ਦਰਸ਼ਨ ਅੰਦਰੋਂ ਹੀ ਹੁੰਦਾ ਹੈ ਅਤੇ ਉਸ ਸਮੇਂ ਹੀ ਬ੍ਰਹਮ ਆਨੰਦ ਦੀ ਅਨੁਭੂਤੀ ਪ੍ਰਾਪਤ ਹੁੰਦੀ ਹੈ। ਅੰਮ੍ਰਿਤ ਰਸ ਦਾ ਝਰਨਾ ਨਿਰੰਤਰ ਝਰਨ ਲੱਗਦਾ ਹੈ ਅਤੇ ਸੁਰਤਿ ਸਾਧਕ ਨੂੰ ਰਾਮ-ਰਸ ਦੇ ਪਿਆਲੇ ਪ੍ਰਦਾਨ ਕਰਦੀ ਹੈ।

(1) ਸੁਰਤਿ ਸ਼ਬਦ ਜਉ ਏਕ ਹੋ, ਤਉ ਪਾਈਹਿੰ ਪਰਮ ਆਨੰਦ।
ਰਵਿਦਾਸ ਅੰਤਰਿ ਦੀਪਕ ਜਰਈ, ਘਟ ਉਪਜਈ ਬ੍ਰਹਮ ਆਨੰਦ।।[122]

(2) ਰਵਿਦਾਸ ਸਬਦਹ ਸਹ ਜਬਹਿ ਸੁਖਹ ਇਕਮਿਕ ਹੋਇ।
ਅਨੁਭੂਤਿ ਸੱਤਨਾਮਹ ਬੂਧੰ ਦੇਤਹਿੰ ਲੋਇ।।[123]

(3) ਰਵਿਦਾਸ ਦੀਆ ਜਗਮਗ ਜਰਈ, ਬਿਨ ਬਾਤੀ ਬਿਨ ਤੇਲ।
ਸੁਰਤਿ ਸਾਧਿ ਕਰ ਹੀਅ ਮਹਿੰ, ਦੇਖ ਪੀਆ ਕੇ ਖੇਲ।।[124]

(4) ਪੀਆ ਰਾਮ ਰਸ ਪੀਆ ਰੇ, ਭਰਿ ਭਰਿ ਦੇਵੈ ਸੁਰਤਿ ਕਲਾਲ,
ਦਰਿਆ ਦਰਿਆ ਪੀਨਾ ਰੇ।
ਪੀਵਤੁ ਪੀਵਤੁ ਆਪਾ ਜਗ ਭੂਲਾ, ਹਰਿ ਰਸ ਮਾਂਹਿ ਬੋਰਾਨਾ ਰੇ।[125]

(5) ਰਾਮਾਨੰਦ ਮੋਹਿ ਗੁਰੂ ਮਿਲਯੋ, ਪਾਯਾ ਬ੍ਰਹਮ ਵਿਸਾਸ।
ਰਾਮ ਨਾਮ ਅਮੀਰਸ ਪਿਯੋ, ਰਵਿਦਾਸ ਹੀ ਭਯੋ ਖਲਾਸ।[126]

ਗੁਰੂ ਰਵਿਦਾਸ ਜੀ ਇਸੇ ਨਾਮ ਰਸ ਨੂੰ ਪੀਣ ਦੀ ਵਾਰ ਵਾਰ ਨਸੀਹਤ ਕਰਦੇ ਹਨ:--

ਰਵਿਦਾਸ ਮਦੂਰਾ ਕਾ ਪੀਜੀਏ, ਜੋ ਚਢੈ ਚਢੈ ਉਤਰਾਇ।
ਨਾਂਵ ਮਹਾਰਸ ਪੀਜੀਏ, ਜੋ ਚਢੈ ਨਾਹਿੰ ਉਤਰਾਇ।।[127]

ਸੋ ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਰੂ ਰਵਿਦਾਸ ਨੇ ਅਨਾਹਦ ਸ਼ਬਦ ਨੂੰ ਯੋਗ ਸਾਧਨਾ ਰਾਹੀਂ ਸੁਰਤਿ ਵਿਚ ਧਿਆਨ ਧਰਨ ਨਾਲ ਅੰਦਰ ਹੀ ਉਸ ਪਰਮਾਤਮਾ ਦੇ ਦਰਸ਼ਨ ਕੀਤੇ ਪਰ ਸਤਨਾਮ ਦੀ ਪ੍ਰਾਪਤੀ ਪਿੱਛੋਂ ਉਨ੍ਹਾਂ ਨੇ ਇਸ ਨੂੰ (ਯੋਗ ਸਾਧਨਾ) ਨੂੰ ਛੱਡ ਦਿੱਤਾ:--

(1) ਇੜਾ ਪਿੰਗਲਾ ਸੁਖਮਣਾ, ਬਿਧ ਚਕ੍ਰ ਪ੍ਰਣਯਾਮ
ਰਵਿਦਾਸ ਹੌਂ ਸਬਹਿੰ ਛਾਂਡਿਯੋ ਜਬ ਪਾਇਹੁ ਸਤਿਨਾਮੁ।।[128]

ਗੁਰੂ ਜੀ ਅਨੁਸਾਰ ਪ੍ਰਭੂ ਦੇ ਨਾਮ, ਸ਼ਬਦ ਦਾ ਸਵਾਸ ਸਵਾਸ ਸਿਮਰਨ ਹੀ ਅਜਪਾ-ਜਾਪ ਹੈ। ਪਰ ਇਕ ਮਨ ਇਕ ਚਿੱਤ ਹੋ ਕੇ ਧਿਆਨ ਧਰਨ ਦੀ ਲੋੜ ਹੈ। ਜਦੋਂ ਸਾਧਕ ਅੰਤਰਾਤਮਾ ਰਾਹੀਂ ਸੱਤ ਨਾਮ ਦਾ ਜਾਪ ਕਰਦਾ ਹੈ ਤਾਂ ਉਸ ਤੋਂ ਜਗਤਿਕ ਤਿੰਨੇ ਤਾਪ ਦੂਰ ਭੱਜ ਜਾਂਦੇ ਹਨ। ਪਰ ਗੁਰੂ ਜੀ ਅਨੁਸਾਰ ਇਹ ਅਜਪਾ-ਜਾਪ ਕੋਈ ਵਿਰਲਾ ਹੀ ਕਰ ਸਕਦਾ ਹੈ। ਗੁਰੂ ਜੀ ਨੇ ਇਸ ਦਾ ਅਨੁਕਰਣ ਅਮਲੀ ਤੌਰ ਤੇ ਕੀਤਾ ਹੈ, ਨਾਥ ਸੰਪ੍ਰਦਾਇ ਵਿਚ ਪ੍ਰਚੱਲਿਤ ਸਾਧਨਾ

ਅਨੁਸਾਰ ਨਹੀਂ। ਗੁਰੂ ਰਵਿਦਾਸ ਜੀ ਦਾ ਇਸ ਸਾਧਨਾ ਸੰਬੰਧੀ ਦ੍ਰਿਸ਼ਟੀਕੋਣ ਵਿਗਿਆਨਕ ਹੈ:-

(1) ਰਵਿਦਾਸ ਅਰਾਧਹੁ ਦੇਵ ਕੂੰ, ਇਕ ਮਨ ਹੁਇ ਧਰਿ ਧਯਾਨ।
ਅਜਪਾ ਜਾਪ ਜਪਤੁ ਰਹਹੁ, ਸੱਤਨਾਮ ਸੱਤ ਨਾਮ।।[129]

(2) ਅੰਤਰਮੁਖੀ ਭਇ ਜਉ ਕਰਹਿੰ, ਸੱਤ ਨਾਮ ਕਰਿ ਜਾਪ।
ਰਵਿਦਾਸ ਤਿਨ੍ਹ ਸੈ ਭਜਹੁਹਿੰ, ਜਗਤਹ ਤੀਨ੍ਹੁ ਤਾਪ।।[130]

ਗੁਰੂ ਨਾਨਕ ਦੇਵ ਜੀ ਨੇ ਵੀ ਬ੍ਰਹਮ ਨੂੰ 'ਸ਼ਬਦ' ਰੂਪ ਵਿਚ ਚਿਤਰਿਆ ਹੈ। ਭਾਵੇਂ ਸ਼ਬਦ ਬ੍ਰਹਮ ਦੀ ਧਾਰਣਾ ਬਹੁਤ ਪ੍ਰਾਚੀਨ ਹੈ। ਰਿਗਵੇਦ, ਕਠੋਪਨਿਸ਼ਦ, ਮਾਂਡੂਕੋ-ਪਨਿਸ਼ਦ ਆਦਿ ਵਿਚ ਬ੍ਰਹਮ ਨੂੰ ਸ਼ਬਦ ਰੂਪ ਵਿਚ ਗਾਇਆ ਗਿਆ ਹੈ। ਫਿਰ ਵੀ ਗੁਰੂ ਨਾਨਕ ਦੀ ਬ੍ਰਹਮ ਨੂੰ 'ਸ਼ਬਦ ਰੂਪ' ਵਿਚ ਪੇਸ਼ ਕੀਤੀ ਧਾਰਣਾ ਨਿਵੇਕਲੀ ਹੀ ਹੈ। ਪਵਿੱਤਰ ਬਾਈਬਲ ਵਿਚ ਲਿਖਿਆ ਹੈ, "ਆਦਿ ਵਿਚ ਸ਼ਬਦ ਸੀ, ਸ਼ਬਦ ਪਰਮੇਸ਼ਰ ਦੇ ਨਾਲ ਸੀ ਅਤੇ ਸ਼ਬਦ ਪਰਮੇਸ਼ਰ ਸੀ।[131]

ਗੁਰਬਾਣੀ ਵਿਚ ਸ਼ਬਦ ਨੂੰ ਬ੍ਰਹਮ ਅਥਵਾ ਪਰਮਾਤਮਾ ਲਈ ਵਰਤਦੇ ਹੋਏ ਉਸ ਨੂੰ ਸਰਬ ਵਿਆਪਕ ਮੰਨਿਆ ਗਿਆ ਹੈ:-

ਸੁ ਸ਼ਬਦ ਕਉ ਨਿਰੰਤਰਿ ਵਾਸੁ ਅਲਖੰ ਜਹ ਦੇਖਾ ਤਹ ਸੋਈ।।[132]

ਬ੍ਰਹਮ ਨਿਰਗੁਣ ਅਤੇ ਸਰਗੁਣ ਦੋਹਾਂ ਹੀ ਸਥਿਤੀਆਂ ਵਿਚ ਸ਼ਬਦ ਰੂਪ ਵਿਚ ਵਿਦਮਾਨ ਰਹਿੰਦਾ ਹੈ। ਸ੍ਰਿਸ਼ਟੀ ਦੀ ਉਤਪਤੀ ਤੋਂ ਪਹਿਲਾਂ ਜਦੋਂ ਕਿਸੇ ਵੀ ਰੂਪ,ਰੇਖ,ਜਾਤਿ,ਪਾਤਿ ਦੀ ਕਲਪਣਾ ਨਹੀਂ ਸੀ ਕੀਤੀ ਜਾ ਸਕਦੀ, ਉਸ ਵੇਲੇ ਵੀ ਉਹ ਇਕੱਲਾ ਹੀ ਸ਼ਬਦ ਰੂਪ ਵਿਚ ਮੌਜੂਦ ਸੀ:-

ਸੋ ਸ਼ਬਦ ਨਿਰੰਤਰਿ ਨਿਜ ਘਰਿ ਆਛੈ।।
ਤ੍ਰਿਭਵਣ ਜੋਤਿ ਸੁ ਸ਼ਬਦ ਲਹੈ।।[133]

ਸਰਗੁਣ ਅਵਸਥਾ ਵਿਚ ਜਿਥੇ ਉਹ ਬ੍ਰਹਮ ਸਮੁੱਚੀ ਸ੍ਰਿਸ਼ਟੀ ਦੇ ਅੰਦਰ ਸ਼ਬਦ ਰੂਪ ਵਿਚ ਵਿਆਪਕ ਰਹਿੰਦਾ ਹੈ ਉਥੇ ਉਹ ਬ੍ਰਹਮ ਹਰ ਮਨੁੱਖੀ ਆਤਮਾ ਵਿਚ ਵੀ ਸ਼ਬਦ ਰੂਪ ਵਿਚ ਹੀ ਸਮਾਇਆ ਹੋਇਆ ਹੈ:-

(1) ਰੂਪ ਨ ਰੇਖਿਆ ਜਾਤਿ ਨ ਹੋਤੀ॥

ਤਉ ਅਕੁਲੀਣ ਰਹਤਉ ਸਬਦੁ ਸੁ ਸਾਰ।।[134]

(2) ਸਭ ਮਹਿ ਸਬਦ ਵਰਤੈ ਪ੍ਰਭ ਸਾਚਾ ਕਰਮ ਮਿਲੈ ਬੈਆਲੀ।।[135]

ਸਿੱਧਾਂ ਨਾਲ ਹੋਏ ਵਿਚਾਰ ਵਟਾਂਦਰੇ ਸਮੇਂ ਸਿੱਧ ਗੁਰੂ ਨਾਨਕ ਨੂੰ ਪੁੱਛਦੇ ਹਨ ਕਿ ਉਸ ਸ਼ਬਦ ਦਾ ਨਿਵਾਸ ਕਿੱਥੇ ਹੈ ਜਿਸ ਰਾਹੀਂ ਸੰਸਾਰ-ਸਾਗਰ ਨੂੰ ਤਰਿਆ ਜਾ ਸਕਦਾ ਹੈ:-

ਸੁ ਸਬਦੁ ਕਾ ਕਹਾ ਵਾਸੁ ਕਥੀਅਲੇ ਜਿਤੁ ਤਰੀਐ ਭਵਜਲੁ ਸੰਸਾਰੋ।।[136]

ਗੁਰੂ ਨਾਨਕ ਆਪਣੇ ਅਨੁਭਵੀ ਗਿਆਨ ਰਾਹੀਂ ਸਿੱਧਾਂ ਦੇ ਇਸ ਪ੍ਰਸ਼ਨ ਦਾ ਉੱਤਰ ਦਿੰਦੇ ਦੱਸਦੇ ਹਨ ਕਿ ਉਹ ਸ਼ਬਦ ਸਾਰੇ ਸਾਰੇ ਥਾਵਾਂ ਵਿਚ ਨਿਰੰਤਰ ਵਸ ਰਿਹਾ ਹੈ। ਸਰਬਤ ਭਰਪੂਰ ਹੈ,ਉਹ ਅਲੱਖ ਅਤੇ ਸਰਬ ਵਿਆਪਕ ਹੈ। ਪਵਨ ਦੇ ਨਿਵਾਸ ਦੀ ਤਰ੍ਹਾਂ ਸੁੰਨਯ-ਰੂਪ ਬ੍ਰਹਮ ਵਿਚ ਉਸਦਾ ਨਿਵਾਸ ਹੈ। ਪਰਮਾਤਮਾ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਸ਼ਬਦ ਹਿਰਦੈ ਰੂਪੀ ਘਟ ਵਿਚ ਵਸ ਜਾਂਦਾ ਹੈ ਅਤੇ ਜੀਵ ਉਸ ਸ਼ਬਦ ਨੂੰ ਪਹਿਚਾਣ ਲੈਂਦਾ ਹੈ। ਫਿਰ ਉਸ ਨਾਮ ਨੂੰ ਮਨ ਵਿਚ ਵਸਾਉਣ ਨਾਲ ਤਨ, ਮਨ ਤੇ ਬਾਣੀ ਨਿਰਮਲ ਹੋ ਜਾਂਦੀ ਹੈ। ਫਿਰ ਉਹ ਚਿੰਨ੍ਹ ਅਤੇ ਵਰਣ ਤੋਂ ਪਰੇ ਹੋ ਜਾਂਦਾ ਹੈ ਅਤੇ ਉਸ ਤੇ ਮਾਇਆ ਦਾ ਪ੍ਰਭਾਵ ਨਹੀਂ ਪੈਂਦਾ:-

ਸੁ ਸਬਦ ਕਉ ਨਿਰੰਤਰਿ ਵਾਸੁ ਅਲਖੰ ਜਹ ਦੇਖਾ ਤਹ ਸੋਈ।।
ਪਵਨ ਕਾ ਵਾਸਾ ਸੁੰਨ ਨਿਵਾਸਾ ਅਕਲ ਕਲਾ ਧਰ ਸੋਈ।।
ਨਦਰਿ ਕਰੇ ਸਬਦੁ ਘਟ ਮਹਿ ਵਸੈ ਵਿਚਹੁ ਭਰਮੁ ਗਵਾਏ।।
ਤਨੁ ਮਨੁ ਨਿਰਮਲ ਨਿਰਮਲ ਬਾਣੀ ਨਾਮੋ ਮੰਨਿ ਵਸਾਏ।।
ਸਬਦਿ ਗੁਰੂ ਭਵ ਸਾਗਰੁ ਤਰੀਐ ਇਤ ਉਤ ਏਕੋ ਜਾਣੈ।।
ਚਿਹਨੁ ਵਰਨੁ ਨਹੀ ਛਾਇਆ ਮਾਇਆ ਨਾਨਕ ਸਬਦੁ ਪਛਾਣੈ।।[137]

ਤ੍ਰਿਗੁਣਾਤਮਕ ਮਾਇਆ ਦਾ ਤਿਆਗ ਕਰਕੇ ਸ਼ਬਦ ਨੂੰ ਮਨ ਵਿਚ ਵਸਾਉਣ ਨਾਲ ਮਨ ਵਿਚੋਂ ਅਹੰਕਾਰ ਖਤਮ ਹੁੰਦਾ ਹੈ। ਜਿਸ ਨੂੰ ਉਹ ਅਲੱਖ ਆਪ ਲਖਾਉਂਦਾ ਹੈ ਉਹ ਹੀ ਇੜਾ, ਸੁਖਮਨਾ ਤੇ ਪਿੰਗੁਲਾ ਦੇ ਸੰਗਮ ਨੂੰ ਬੁਝ ਸਕਦਾ ਹੈ। ਉਹ ਪਰਮਾਤਮਾ ਇਨ੍ਹਾਂ ਤਿੰਨਾਂ ਤੋਂ ਉਪਰ ਸ਼ਬਦ ਵਿਚ ਸਮਾਇਆ ਹੋਇਆ ਹੈ। ਇਸ ਸ਼ਬਦ ਤੋਂ ਬਿਨਾਂ ਨਾਹੀ ਆਨੰਦ ਦੀ ਪ੍ਰਾਪਤੀ ਹੁੰਦੀ

ਹੈ ਅਤੇ ਨਾ ਹੀ ਅਹੰਕਾਰ ਟੁੱਟਦਾ ਹੈ ਜੋ ਜੀਵ ਸ਼ਬਦ ਵਿਚ ਲੀਨ ਹੋ ਜਾਂਦੇ ਹਨ ਉਹ ਪਰਮਾਤਮਾ ਰੂਪੀ ਅੰਮ੍ਰਿਤ ਪ੍ਰਾਪਤ ਕਰਕੇ ਤ੍ਰਿਪਤ ਹੋ ਜਾਂਦੇ ਹਨ:-

(1) ਤ੍ਰੈ ਗੁਣ ਮੇਟੇ ਸਬਦੁ ਵਸਾਏ ਤਾ ਮਨਿ ਚੂਕੈ ਅਹੰਕਾਰੋ।।
ਅੰਤਰਿ ਬਾਹਰਿ ਏਕੋ ਜਾਣੈ ਤਾ ਹਰਿਨਾਮ ਲਗੈ ਪਿਆਰੋ।।
ਸੁਖਮਨਾ ਇੜਾ ਪਿੰਗੁਲਾ ਬੂਝੈ ਜਾ ਆਪੇ ਅਲਖੁ ਲਖਾਏ।।
ਨਾਨਕ ਤਿਹੁ ਤੇ ਊਪਰਿ ਸਾਚਾ ਸਤਿਗੁਰ ਸਬਦਿ ਸਮਾਏ।।[138]

(2) ਬਿਨੁ ਸਬਦੈ ਰਸੁ ਨ ਆਵੈ ਅਉਧੂ ਹਉਮੈ ਪਿਆਸ ਨ ਜਾਈ।।
ਸਬਦਿ ਰਤੇ ਅੰਮ੍ਰਿਤ ਰਸੁ ਪਾਇਆ ਸਾਚੇ ਰਹੇ ਅਘਾਈ।।[139]

ਗੁਰੂ ਜੀ ਅਨੁਸਾਰ ਬ੍ਰਹਮ ਤਿੰਨ ਲੋਕਾਂ ਵਿਚ ਸ਼ਬਦ ਰੂਪ ਵਿਚ ਬਿਰਾਜਮਾਨ ਹੈ:-

(1) ਸਬਦ ਦੀਪਕੁ ਵਰਤੈ ਤਿਹੁ ਲੋਇ।।[140]

(2) ਤਿਹੁ ਲੋਕਾ ਮਹਿ ਸਬਦ ਰਵਿਆ ਹੈ ਆਪੁ ਗਇਆ ਮਨੁ ਮਾਨਿਆ।[141]

ਗੁਰੂ ਸਾਹਿਬ ਦਾ 'ਸ਼ਬਦ ਬ੍ਰਹਮ' ਸਿਧਾਂਤ ਭਾਰਤੀ ਪਰੰਪਰਾ ਦੇ ਅਨੁਕੂਲ ਹੈ। ਭਾਰਤੀ ਪਰੰਪਰਾ ਵਿਚ ਬ੍ਰਹਮ ਦੇ ਸਰੂਪ ਨੂੰ 'ਓਅੰਕਾਰ' ਅਤੇ 'ਪ੍ਰਣਵ' ਆਦਿ ਸ਼ਬਦਾਂ ਨਾਲ ਘੋਸ਼ਿਤ ਕੀਤਾ ਗਿਆ ਹੈ ਅਤੇ ਓਅੰਕਾਰ ਦੀ ਜੋ ਵਿਆਖਿਆ ਉਪਨਿਸ਼ਦ, ਨਾਥ ਅਤੇ ਸੰਤ ਸਾਹਿਤ ਆਦਿ ਭਾਰਤੀ ਧਾਰਮਿਕ ਗ੍ਰੰਥਾਂ ਵਿਚ ਮਿਲਦੀ ਹੈ, ਉਹੀ ਵਿਆਖਿਆ ਗੁਰੂ ਗ੍ਰੰਥ ਸਾਹਿਬ ਵਿਚ ਪਰਮਾਤਮਾ ਦੇ ਸ਼ਬਦ ਸਰੂਪ ਦੀ ਕੀਤੀ ਗਈ ਹੈ। ਭਾਵੇਂ ਇਹ ਸ਼ਬਦ ਸਰੂਪ ਏਕੰਕਾਰ ਸਤਿਗੁਰੂ ਰਾਹੀਂ ਹੀ ਪ੍ਰਾਪਤ ਹੁੰਦਾ ਹੈ ਪਰ ਸਤਿਗੁਰ ਵੀ ਤਾਂ ਏਕੰਕਾਰ ਪਾਰਬ੍ਰਹਮ ਹੀ ਹੈ। ਪੂਰੇ ਸਤਿਗੁਰ ਦੀ ਸੇਵਾ ਨਾਲ ਹੀ ਸ਼ਬਦ ਮਨ ਵਿਚ ਵਸਦਾ ਹੈ:-

(1) ਏਕੰਕਾਰ ਸਤਿਗੁਰ ਤੇ ਪਾਈਐ।। ਹਉ ਬਲਿ ਬਲਿ ਗੁਰ ਦਰਸਾਇਣ।।
ਗੁਰ ਕੀ ਸੇਵ ਨ ਜਾਣੈ ਕੋਈ।। ਗੁਰ ਪਾਰਬ੍ਰਹਮ ਅਗੋਚਰ ਸੋਈ।।[142]

(2) ਪੂਰਾ ਸਤਿਗੁਰ ਸੇਵ ਪੂਰਾ ਪਾਇਆ।।
ਪੂਰੇ ਕਰਮਿ ਧਿਆਇ, ਪੂਰਾ ਸਬਦ ਮਨ ਵਸਾਇਆ।।[143]

ਅੰਤਰ ਕੇਵਲ ਇਹ ਹੈ ਕਿ ਗੁਰਬਾਣੀ ਵਿਚ ਈਸ਼ਵਰ ਦੇ ਸ਼ਬਦ ਸਰੂਪ ਨੂੰ ਗਿਆਨ ਪ੍ਰਦਾਤਾ ਗੁਰੂ ਸਵੀਕਾਰ ਕਰਦੇ ਹੋਏ ਗੁਰਮਤਿ ਸਿਧਾਂਤ ਦਾ ਕੇਂਦਰੀ ਧੁਰਾ ਮੰਨ ਕੇ ਉਸ ਉਤੇ ਜ਼ੋਰ ਦਿੱਤਾ ਗਿਆ ਹੈ। ਗੁਰੂ ਦੇ ਸ਼ਬਦ ਤੋਂ ਬਿਨ੍ਹਾਂ ਤਾਂ ਮੁਕਤੀ ਵੀ ਅਸੰਭਵ ਮੰਨੀ ਗਈ ਹੈ। ਮੁਕਤੀ ਪ੍ਰਾਪਤੀ ਲਈ ਵੀ ਸ਼ਬਦ ਵੀਚਾਰ ਜ਼ਰੂਰੀ ਦੱਸਿਆ ਗਿਆ ਹੈ:-

(1) ਕਰਮ ਧਰਮ ਕਰਿ ਮੁਕਤਿ ਮੰਗਾਹੀ।। ਮੁਕਤਿ ਪਦਾਰਥੁ ਸਬਦਿ ਸਲਾਹੀ।।
ਬਿਨੁ ਗੁਰ ਸਬਦੈ ਮੁਕਤਿ ਨ ਹੋਈ ਪਰਪੰਚ ਕਰ ਭਰਮਾਈ ਹੈ।।[144]
(2) ਸਤਿਗੁਰੁ ਨੋ ਸਭ ਕੋ ਵੇਖਦਾ ਜੇਤਾ ਜਗਤ ਸੰਸਾਰੁ।।
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦ ਨ ਕਰੈ ਵੀਚਾਰੁ।।[145]
(3) ਵਿਣੁ ਸਤਿਗੁਰ ਗੁਣੈ ਨ ਜਾਪਨੀ ਜਿਚਰੁ ਸਬਦਿ ਨ ਕਰੇ ਬੀਚਾਰੁ।।[146]

ਪ੍ਰੋ. ਸਤਿਬੀਰ ਸਿੰਘ ਲਿਖਦੇ ਹਨ ਕਿ ਗਿਆਨ ਦੀ ਕੋਈ ਸੀਮਾ ਹੈ। ਸ਼ਬਦ ਦਾ ਕੋਈ ਹੱਦ ਬੰਨਾ ਨਹੀਂ, ਸੋ ਜ਼ਿੰਦਗੀ ਨੂੰ ਸਫ਼ਲ ਕਰਨ ਲਈ ਸ਼ਬਦ ਦੀ ਟੇਕ ਹੀ ਜ਼ਰੂਰੀ ਦੱਸੀ।[147]

ਗੁਰੂ ਨਾਨਕ ਨੇ ਸ਼ਬਦ ਨੂੰ 'ਨਾਮ' ਦੇ ਪਰਿਆਇ ਰੂਪ ਵਿਚ ਵੀ ਪ੍ਰਯੋਗ ਕੀਤਾ ਹੈ। ਪ੍ਰਭੂ ਦੇ ਨਾਮ ਵਿਚ ਰੰਗੇ ਹੋਏ ਗੁਰਮੁਖਿ ਬਖਸ਼ਿਸ਼ ਦੇ ਪਾਤਰ ਹਨ। ਬਾਣੀ ਵਿਚ ਹੀ ਹਰੀ ਦੇ ਨਾਮ ਦਾ ਵਾਸਾ ਹੈ। ਗੁਰੂ ਸਾਹਿਬ ਤਾਂ ਇਸ ਇਕੋ 'ਸ਼ਬਦ' ਨੂੰ ਅੰਮ੍ਰਿਤ ਆਖਦੇ ਹਨ ਜਿਸ ਦੀ ਪ੍ਰਾਪਤੀ ਗੁਰਮੁਖਾਂ ਨੂੰ ਹੀ ਹੁੰਦੀ ਹੈ:-

(1) ਗੁਰਮੁਖਿ ਆਪੇ ਬਖਸਿਓਨੁ ਹਰਿ ਨਾਮੁ ਸਮਾਣੇ।।
ਆਪੇ ਭਗਤੀ ਲਾਇਓਨੁ ਗੁਰ ਸਬਦਿ ਨਿਸਾਣੇ।।[148]
(2) ਰਹਸੀ ਨਾਮੁ ਰਿਦੈ ਇਕ ਭਾਇ।। ਅੰਤਰਿ ਸਬਦਿ ਸਾਚਿ ਲਿਵ ਲਾਇ।[149]
(3) ਅੰਮ੍ਰਿਤ ਏਕੋ ਸਬਦ ਹੈ ਨਾਨਕ ਗੁਰਮੁਖਿ ਪਾਇਆ।।[150]

ਸਿੱਧ ਗੋਸ਼ਟਿ ਵਿਚ 'ਸ਼ਬਦ' ਦੀ ਸਮਾਈ ਨਾਮ ਵਿਚ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਦੱਸਦੇ ਹਨ ਕਿ ਨਾਮ ਤੋਂ ਬਿਨਾ ਜੋਗ ਦੀ ਪ੍ਰਾਪਤੀ ਨਹੀਂ। ਨਾਮ ਵਿਚ ਰੰਗੇ ਹੋਏ ਜੀਵ ਰਾਤ ਦਿਨ ਉਸਦੇ ਹੀ ਰੰਗ ਵਿਚ ਮਸਤ ਸੁੱਖ ਮਾਣਦੇ ਹਨ। ਨਾਮ ਤੋਂ ਬਿਨਾ ਸੋਝੀ ਪ੍ਰਾਪਤ ਨਹੀਂ ਹੁੰਦੀ। ਸਤਿਗੁਰ ਦੀ ਕ੍ਰਿਪਾ ਨਾਲ ਹੀ ਨਾਮ ਦੀ ਪ੍ਰਾਪਤੀ ਹੁੰਦੀ ਹੈ। ਮਨ ਵਿਚ ਵਿਚਾਰ ਕਰਨ ਨਾਲ

ਪਤਾ ਲਗਦਾ ਹੈ ਕਿ ਨਾਮ ਤੋਂ ਬਿਨਾ ਮੁਕਤੀ ਨਹੀਂ:—

ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨ ਹੋਈ।।
ਨਾਮੇ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖੁ ਹੋਈ।।
ਨਾਮੈ ਹੀ ਤੇ ਸਭੁ ਪਰਗਟੁ ਹੋਵੈ ਨਾਮੈ ਸੋਝੀ ਪਾਈ।।
ਬਿਨੁ ਨਾਵੈ ਭੇਖ ਕਰਹਿ ਬਹੁਤੇਰੇ ਸਚੈ ਆਪਿ ਖੁਆਈ।।
ਸਤਿਗੁਰ ਤੇ ਨਾਮੁ ਪਾਈਐ ਅਉਧੂ ਜੋਗ ਜੁਗਤਿ ਤਾ ਹੋਈ।।
ਕਰਿ ਬੀਚਾਰੁ ਮਨਿ ਦੇਖਹੁ ਨਾਨਕ ਬਿਨੁ ਨਾਵੈ ਮੁਕਤਿ ਨ ਹੋਈ।।[151]

ਇਸ ਤਰ੍ਹਾਂ ਗੁਰੂ ਜੀ ਅਨੁਸਾਰ ਨਾਮ-ਅੰਮ੍ਰਿਤ ਗੁਰੂ ਦਾ ਸ਼ਬਦ ਹੀ ਹੈ ਜਿਸ ਦੀ ਪ੍ਰਾਪਤੀ ਗੁਰੂ ਕ੍ਰਿਪਾ ਨਾਲ ਹੀ ਹੁੰਦੀ ਹੈ। ਜਿਸ ਨੂੰ ਸੁਣਕੇ ਹਿਰਦੇ ਵਿਚ ਵਸਾ ਕੇ ਭਾਵ ਗੁਰ ਸ਼ਬਦ ਰਾਹੀਂ ਦਰਸਾਏ ਗੁਰੂ ਹੁਕਮ ਨੂੰ ਮੰਨ ਕੇ ਸਦੀਵੀ ਸੁੱਖ ਪ੍ਰਾਪਤ ਹੁੰਦਾ ਹੈ। ਜੀਵ ਸਦਾ ਆਤਮਕ ਆਨੰਦ ਵਿਚ ਵਿਚਰਦਾ ਹੈ। ਇਹ ਗੁਰ ਸ਼ਬਦ ਰੂਪੀ ਅੰਮ੍ਰਿਤ ਹੀ ਸਾਰੀਆਂ ਖੁਸ਼ੀਆਂ ਦੇਣ ਵਾਲਾ ਹੈ ਅਤੇ ਹਰ ਚਿੰਤਾ ਫਿਕਰ ਦੂਰ ਕਰਨ ਵਾਲਾ ਹੈ। ਜੋ ਇਸ ਨੂੰ ਚਖਦਾ ਹੈ ਉਹ ਹੀ ਇਸ ਦਾ ਸੁਆਦ ਮਾਣ ਸਕਦਾ ਹੈ:—

1 ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ।। ਮਨੁ ਪੀਵੈ ਸੁਨਿ ਸਬਦ ਬੀਚਾਰਾ।
ਅਨਦ ਬਿਨੋਦ ਕਰੇ ਦਿਨ ਰਾਤੀ।। ਸਦਾ ਸਦਾ ਹਰਿ ਕੇਲਾ ਜੀਉ।[152]

2 ਅੰਮ੍ਰਿਤ ਪੀਵਹੁ ਸਦਾ ਚਿਰੁ ਜੀਵਹੁ ਹਰਿ ਸਿਮਰਤ ਅਨਦ ਅਨੰਤਾ।।
ਰੰਗ ਤਮਾਸਾ ਪੂਰਨ ਆਸਾ ਕਬਹਿ ਨ ਬਿਆਪੈ ਚਿੰਤਾ।।[153]

3 ਵਿਣੁ ਚਾਖੇ ਸਾਦੁ ਕਿਸੈ ਨ ਪਾਇਆ।। ਗੁਰ ਕੈ ਸਬਦਿ ਅੰਮ੍ਰਿਤੁ ਪੀਆਇਆ।
ਅੰਮ੍ਰਿਤੁ ਪੀ ਅਮਰਾਪਦੁ ਹੋਏ ਗੁਰ ਕੈ ਸਬਦਿ ਰਸੁ ਤਾਹਾ ਹੈ।।[154]

ਗੁਰੂ ਜੀ ਨੇ ਬ੍ਰਹਮ ਦੇ ਸ਼ਬਦ ਸਰੂਪ ਤੋਂ ਬਿਨਾ ਉਸਦੇ ਅਨਹਦ ਸਰੂਪ ਦਾ ਵਰਣਨ ਵੀ ਮਿਲਦਾ ਹੈ:—

1. ਅਨਹਦ ਸਬਦ ਵਜੇ ਦਿਨੁ ਰਾਤੀ।। ਅਵਿਗਤ ਕੀ ਗਤਿ ਗੁਰਮੁਖਿ ਜਾਤੀ।।
ਤਉ ਜਾਨੀ ਜਾ ਸਬਦਿ ਪਛਾਨੀ।। ਏਕੋ ਰਵਿ ਰਹਿਆ ਨਿਰਬਾਨੀ।।[155]

2. ਅੰਮ੍ਰਿਤ ਰਸ ਸਤਿਗੁਰ ਚੁਆਇਆ।। ਦਸਵੈ ਦੁਆਰਿ ਪਰਗਟੁ ਹੋਇ ਆਇਆ।
ਤਹ ਅਨਹਦ ਸ਼ਬਦਿ ਵਜਹਿ ਧੁਨ ਬਾਣੀ।। ਸਹਿਜੇ ਸਹਿਜੁ ਸਮਾਈ ਹੇ।।[156]
3. ਰਹੈ ਗਗਨ ਪੁਰਿ ਦ੍ਰਿਸਟਿ ਸਮੈਸਰਿ ਅਨਹਤ ਸਬਦਿ ਰੰਗੀਣਾ।।[157]

ਪਰਮਾਤਮਾ ਵਿਚ ਨਿਰੰਤਰ ਰਮਣ ਕਰਨਾ ਹੀ ਗਿਆਨ ਹੈ। ਇਸ ਲਈ ਗੁਰੂ ਜੀ ਦੀ ਬਾਣੀ ਅਨੁਸਾਰ ਅਨਹਦ ਅਥਵਾ ਬ੍ਰਹਮ ਅਨੁਭੂਤੀ ਦੀ ਇਹ ਅਵਸਥਾ ਪ੍ਰਤੱਖ ਗਿਆਨ ਦੀ ਅਵਸਥਾ ਹੈ। ਇਸ ਅਨੁਭੂਤੀ ਵਿਚ ਹੋਈ ਪ੍ਰਾਪਤੀ ਗੁਰੂ ਰੂਪ ਵਿਚ ਪਰਮਾਤਮਾ ਦਾ ਪ੍ਰਕਾਸ਼ਨ ਹੈ। ਇਸੇ ਅਵਸਥਾ ਵਿਚ ਗੁਰੂ ਜੀ ਨੂੰ ਰੱਬੀ ਬਾਣੀ ਦਾ ਆਵੇਸ਼ ਹੁੰਦਾ ਸੀ। ਇਹ ਰੱਬੀ ਬਾਣੀ ਇਸ ਰਹੱਸ-ਮਈ ਅਨੁਭੂਤੀ ਦਾ ਹੀ ਵਿਅਕਤ ਰੂਪ ਹੁੰਦੀ ਹੈ। ਇਸ ਨੂੰ ਗੁਰਬਾਣੀ ਵਿਚ ਸ਼ਬਦ, ਧੁਰ ਕੀ ਬਾਣੀ ਅਥਵਾ ਅਨਹਦ ਬਾਣੀ, ਬ੍ਰਹਮ ਸਰੂਪ ਵੀ ਹੈ। ਗੁਰੂ ਜੀ ਅਨੁਸਾਰ ਪਰਮਾਤਮਾ ਹੀ ਗੁਰੂ ਹੈ। ਇਸ ਲਈ ਉਹ (ਪਰਮਾਤਮਾ) ਅਤੇ ਉਸਦੀ ਮਨੁੱਖੀ ਆਤਮਾ ਵਿਚ ਅਭਿਵਿਅਕਤੀ ਵੱਖ ਵੱਖ ਨਹੀਂ ਹੋ ਸਕਦੇ। ਜਿਸ ਕਰਕੇ ਪਰਮਾਤਮਾ ਦੀ ਅਨੁਭੂਤੀ ਦੇ ਪਲਾਂ ਵਿਚ ਗਿਆਨ ਪ੍ਰਕਾਸ਼ ਅਥਵਾ ਸ਼ਬਦ ਵੀ ਗੁਰੂ ਹੀ ਹੈ ,ਪੀਰ ਹੈ, ਗਹਿਰ ਅਤੇ ਗੰਭੀਰ ਹੈ। ਸ਼ਬਦ ਤੋਂ ਬਿਨਾ ਸਾਰਾ ਸੰਸਾਰ ਪਾਗਲ ਹੋਇਆ ਫਿਰਦਾ ਹੈ:-

ਸਬਦ ਗੁਰ ਪੀਰਾ ਗਹਿਰ ਗੰਭੀਰਾ ਬਿਨ ਸਬਦੇ ਜਗੁ ਬਉਰਾਨੰ।।[158]

ਸ਼ਬਦ ਦੀ ਸਮਾਈ ਨਾਮ ਰੂਪ ਵਿਚ ਕਰਦੇ ਹੋਏ ਗੁਰੂ ਸਾਹਿਬ ਦੱਸਦੇ ਹਨ ਕਿ ਸ਼ਬਦ ਤੋਂ ਹੀ ਨਾਮ ਉਪਜਦਾ ਹੈ ਅਤੇ ਸ਼ਬਦ ਨਾਲ ਹੀ ਪਰਮਾਤਮਾ ਦਾ ਮੇਲ ਹੁੰਦਾ ਹੈ। ਸ਼ਬਦ ਤੋਂ ਬਿਨਾ ਸਾਰਾ ਸੰਸਾਰ ਬਉਰਾ ਹੋਇਆ ਫਿਰਦਾ ਹੈ। ਸ਼ਬਦ ਤੋਂ ਬਿਨਾ ਜੀਵ ਇਸ ਸੰਸਾਰ ਤੋਂ ਜਨਮ ਬਿਰਥਾ ਗਵਾ ਕੇ ਤੁਰ ਜਾਂਦਾ ਹੈ।[159] ਜੋ ਇਸ ਸ਼ਬਦ ਨੂੰ ਨਹੀਂ ਪਹਿਚਾਣਦੇ ਉਹ ਜੀਵ ਅੰਨ੍ਹੇ ਤੇ ਬੋਲੇ ਹਨ। ਉਨ੍ਹਾਂ ਦਾ ਸੰਸਾਰ ਵਿਚ ਆਉਣਾ ਅਸਫਲ ਹੈ।[160]

ਗੁਰੂ ਸਾਹਿਬ ਗੁਰੂ ਉਪਦੇਸ਼ ਰੂਪੀ ਸ਼ਬਦ ਨੂੰ ਪਰਮਾਤਮਾ ਅਤੇ ਗੁਰੂ ਹੀ ਆਖਦੇ ਹਨ। ਗੁਰੂ ਦੇ ਸ਼ਬਦ ਤੋਂ ਬਿਨਾ ਇਸ ਸੰਸਾਰ ਰੂਪੀ ਭਵਸਾਗਰ ਨੂੰ ਨਹੀਂ ਤਰਿਆ ਜਾ ਸਕਦਾ। ਬਾਣੀ ਹੀ ਗੁਰੂ ਹੈ ਅਤੇ ਗੁਰੂ ਹੀ ਬਾਣੀ ਹੈ ਅਤੇ ਗੁਰੂ ਦੀ ਬਾਣੀ ਵਿਚ ਹੀ ਸਾਰੇ ਅੰਮ੍ਰਿਤ ਮੌਜੂਦ ਹਨ:--

1. ਸਬਦਿ ਗੁਰੂ ਭਵ ਸਾਗਰੁ ਤਰੀਐ ਇਤ ਉਤ ਏਕੋ ਜਾਣੈ।।[161]
2. ਬਾਣੀ ਗੁਰੂ ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤ ਸਾਰੇ।।[162]

ਗੁਰੂ ਸਾਹਿਬਾਨ ਨੇ ਗੁਰੂ ਦੇ ਉਪਦੇਸ਼ ਰੂਪ ਸ਼ਬਦ ਨੂੰ ਜਿਥੇ ਗੁਰੂ ਕਿਹਾ ਹੈ ਉਥੇ ਉਸ ਨੂੰ ਬ੍ਰਹਮ ਵੀ ਕਿਹਾ ਗਿਆ ਹੈ:-

1. ਸਤਿਗੁਰ ਕੀ ਬਾਣੀ ਸਤਿ ਸਰੂਪ ਹੈ ਗੁਰਬਾਣੀ ਬਣੀਐ।।[163]
2. ਗੁਰਮੁਖਿ ਬਾਣੀ ਬ੍ਰਹਮ ਹੈ ਸ਼ਬਦ ਮਿਲਾਵਾ ਹੋਇ।।[164]
3. ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ।।[165]

ਸ਼ਬਦ ਨੂੰ ਕਿਵੇਂ ਘੜਿਆ ਜਾਵੇ ? ਇਸ ਸੰਬੰਧੀ ਗੁਰੂ ਨਾਨਕ ਦੇਵ ਜੀ ਨੇ 'ਜਪੁ' ਨਾਮੀ ਆਪਣੀ ਕਿਰਤ ਵਿਚ ਦੱਸਿਆ ਹੈ ਕਿ ਜਤ ਭੱਠੀ ਹੈ, ਧੀਰਜ ਸੁਨਿਆਰਾ ਹੈ, ਅਕਲ ਅਹਿਰਣ ਹੈ ਤੇ ਵੇਦ ਹਥਿਆਰ ਹਨ, ਡਰ ਦੀ ਧੌਂਕਣੀ ਅਤੇ ਤਪੱਸਿਆ ਦੀ ਅੱਗ ਹੈ, ਪ੍ਰੇਮ ਦਾ ਭਾਂਡਾ ਹੈ, ਜਿਸ ਵਿਚ ਅੰਮ੍ਰਿਤ ਢਲਦਾ ਹੈ। ਇਹ ਹੀ ਸੱਚੀ ਟਕਸਾਲ ਹੈ ਜਿਸ ਵਿੱਚ ਹੀ ਸ਼ਬਦ ਘੜੀਦਾ ਹੈ ਪਰ ਜਿਨ੍ਹਾਂ ਉੱਤੇ ਪਰਮਾਤਮਾ ਦੀ ਕ੍ਰਿਪਾ ਹੁੰਦੀ ਹੈ ਉਹ ਜੀਵ ਹੀ ਇਹ ਕੰਮ ਕਰ ਸਕਦੇ ਹਨ।[166]

ਗੁਰੂ ਜੀ ਜੋਗੀਆਂ ਦੇ ਫੋਕਟ ਕਰਮਾਂ ਦਾ ਜ਼ਿਕਰ ਕਰਦੇ ਦੱਸਦੇ ਹਨ ਕਿ ਇਹ ਖਟ ਚਕ੍ਰੀ ਸਰੀਰ ਹੀ ਮਠ ਹੈ। ਇਸ ਮਠ ਵਿਚ ਮਨ ਨੂੰ ਟਿਕਾ ਕੇ ਮਨ ਨੂੰ ਵੈਰਾਗੀ ਕਰਨ ਦੀ ਜ਼ਰੂਰਤ ਹੈ। ਗੁਰੂ ਦਾ ਸ਼ਬਦਿ ਮੇਰੀ ਸੁਰਤਿ ਵਿਚ ਟਿਕ ਗਿਆ ਹੈ ਪਰਮਾਤਮਾ ਦੇ ਨਾਮ ਦੀ ਲਗਨ ਮੇਰੇ ਅੰਦਰ ਜਾਗ ਪਈ ਹੈ। ਗੁਰੂ ਦਾ ਸ਼ਬਦ ਇਕ-ਰਸ ਪ੍ਰਬਲ ਪ੍ਰਭਾਵ ਪਾ ਰਿਹਾ ਹੈ ਤੇ ਉਸ ਵਿਚ ਮਨ ਮਸਤ ਹੋ ਰਿਹਾ ਹੈ। ਗੁਰੂ ਦੀ ਬਾਣੀ ਦੀ ਬਰਕਤ ਨਾਲ ਮਨ ਸਦਾ ਥਿਰ ਪ੍ਰਭੂ ਦੇ ਨਾਮ ਵਿਚ ਗਿੱਝ ਗਿਆ ਹੈ:-

ਖਟ ਮਟੁ ਦੇਹੀ ਮਨੁ ਬੈਰਾਗੀ।। ਸੁਰਤਿ ਸਬਦੁ ਧੁਨਿ ਅੰਤਰਿ ਜਾਗੀ।
ਵਾਜੈ ਅਨਹਦੁ ਮੇਰਾ ਮਨੁ ਲੀਣਾ।। ਗੁਰ ਬਚਨੀ ਸਚਿ ਨਾਮਿ ਪਤੀਣਾ।।[161]

ਸ਼ਬਦ ਦੀ ਵਿਚਾਰ ਕਰਨ ਨਾਲ ਕੁਬੁੱਧ ਦਾ ਨਾਸ਼ ਹੋ ਜਾਂਦਾ ਹੈ।[168] ਬਾਣੀ ਦਾ ਉਚਾਰਣ ਕਰਨ ਨਾਲ ਗੁਰਮੁਖ ਹਉਮੈ ਤੋਂ ਸੁਤੰਤਰ ਹੋ ਜਾਂਦਾ ਹੈ।[169] ਘੁੱਪ ਹਨੇਰੇ ਵਿਚ ਗੁਰੂ ਦਾ ਉਪਦੇਸ਼ ਹੀ ਆਤਮਕ ਜੀਵਨ ਦਾ ਚਾਨਣ ਦਿੰਦਾ ਹੈ। ਜਿਸ ਮਨੁੱਖ ਦੇ ਹਿਰਦੇ ਵਿਚ ਗੁਰੂ

ਦਾ ਸ਼ਬਦ ਵਸ ਜਾਂਦਾ ਹੈ ਉਸਦੇ ਅੰਦਰੋਂ ਆਤਮਕ ਜੀਵਨ ਦੇ ਉਜਾਲੇ ਨੂੰ ਮਿਟਾਇਆ ਨਹੀਂ ਜਾ ਸਕਦਾ:—

> ਅੰਧਕਾਰ ਮਹਿ ਗੁਰ ਮੰਤ੍ਰ ਉਜਾਰਾ।। ਗੁਰ ਕੈ ਸੰਗਿ ਸਗਲ ਨਿਸਤਾਰਾ।।
>
> - - - - - - - - - - - - - - - - - - - - - - - - - -
>
> ਗੁਰ ਕਾ ਸਬਦੁ ਨ ਮੇਟੈ ਕੋਇ।। ਗੁਰੁ ਨਾਨਕੁ ਨਾਨਕੁ ਹਰਿ ਸੋਇ।।[170]

ਜੋ ਜੀਵ ਗੁਰੂ ਦੇ ਸ਼ਬਦ ਵਿਚ ਜੁੜ ਜਾਂਦਾ ਹੈ ਉਸ ਦੀ ਭਟਕਣਾ ਦੂਰ ਹੋ ਜਾਂਦੀ ਹੈ[171] ਜਗਤ ਕਿਉਂ ਕਿ ਤ੍ਰੈਗੁਣੀ ਮਾਇਆ ਵਿਚ ਗ੍ਰਸਿਆ ਹੋਇਆ ਹੈ। ਇਸ ਲਈ ਜਿਹੜਾ ਮਨੁੱਖ ਗੁਰੂ ਦੇ ਸ਼ਬਦ ਨੂੰ ਆਪਣੀ ਸੋਚ ਮੰਡਲ ਵਿਚ ਵਸਾਂਦਾ ਹੈ ਉਸਦੀ ਮੋਹ ਮਾਇਆ ਦੀ ਚਿੰਤਾ ਮਿਟ ਜਾਂਦੀ ਹੈ।[172] ਪਰਮਾਤਮਾ ਦੇ ਹੀ ਸੇਵਕ ਹੋ ਜਾਈਦਾ ਹੈ, ਮਨ ਵਿਚ ਗੁਰੂ ਦੀ ਸਿੱਖਿਆ ਪ੍ਰਬਲ ਹੋ ਜਾਂਦੀ ਹੈ ਤੇ ਭੈੜੀ ਮੱਤ ਦੂਰ ਹੋ ਜਾਂਦੀ ਹੈ।[173] ਗੁਰੂ ਦੇ ਸ਼ਬਦ ਰਾਹੀਂ ਉਹ ਕਾਮ ਆਦਿ ਪੰਜਾਂ ਚੋਰਾਂ ਨੂੰ ਮਾਰ ਦਿੰਦੇ ਹਨ। ਜਗਤ ਮੋਹ ਮਾਇਆ ਦੀ ਨੀਂਦ ਵਿਚ ਸੁੱਤਾ ਹੋਇਆ ਹੈ। ਆਤਮਕ ਮੌਤ ਸਹੇੜ ਕੇ ਜਨਮ ਮਰਨ ਦੇ ਗੇੜ ਵਿਚ ਪੈ ਜਾਂਦਾ ਹੈ। ਗੁਰੂ ਦੇ ਸ਼ਬਦ ਰਾਹੀਂ ਹੀ ਇਸ ਗੱਲ ਦੀ ਸੋਝੀ ਪ੍ਰਾਪਤ ਹੁੰਦੀ ਹੈ।[174]

ਇਸ ਵਿਚ ਕੋਈ ਅਤਿਕਥਨੀ ਨਹੀਂ ਕਿ ਦੋਹਾਂ ਹੀ ਗੁਰੂਆਂ ਨੇ 'ਸ਼ਬਦ' ਵਿਚੋਂ ਹੀ ਪਰਮਾਤਮਾ ਨੂੰ ਲੱਭਣ ਦੀ ਪ੍ਰੇਰਨਾ ਕੀਤੀ ਹੈ। ਪਰ ਸੁਰਤਿ ਅਤੇ ਸ਼ਬਦ ਦੀ ਏਕਤਾ ਜ਼ਰੂਰੀ ਹੈ। ਗੁਰੂ ਨਾਨਕ ਨੇ ਸ਼ਬਦ ਦੇ ਪੁਰਾਤਨ ਸੰਬੰਧ ਨੂੰ ਅਪਣਾ ਕੇ ਉਸ ਨੂੰ ਇਕ ਨਵਾਂ ਰੂਪ ਪ੍ਰਦਾਨ ਕੀਤਾ ਹੈ। ਜੋ ਕਬੀਰ ਆਦਿ ਸੰਤਾਂ ਦੇ ਸ਼ਬਦ ਵਰਣਨ ਨਾਲ ਬਹੁਤ ਸਮਾਨਤਾ ਰੱਖਦਾ ਹੈ। ਗੁਰੂ ਜੀ ਨੇ ਸ਼ਬਦ ਨੂੰ ਨਾਦ, ਅਨਹਤ ਨਾਦ ਆਦਿ ਯੋਗਿਕ ਸੀਮਾਵਾਂ ਤੋਂ ਬਾਹਰ ਕੱਢ ਕੇ ਭਾਵਨਾ ਅਤੇ ਪ੍ਰੇਮ ਦੀ ਰਾਗਾਤਮਕ ਭੂਮੀ ਤੇ ਲਿਆ ਖੜਾ ਕੀਤਾ ਹੈ।[175] ਵੈਦਿਕ ਸਮੇਂ ਤੋ ਹੀ ਸ਼ਬਦ ਦੀ ਅਰਾਧਨਾ ਤੇ ਜ਼ੋਰ ਦਿੱਤਾ ਜਾਂਦਾ ਰਿਹਾ ਹੈ। ਯੋਗ ਮੱਤ ਤੱਕ ਪਹੁੰਚਦਿਆਂ ਇਸ ਸ਼ਬਦ ਦੀ ਅਰਾਧਨਾ ਜਾਂ ਅਨਾਹਦ ਸ਼ਬਦ ਦਾ ਰੂਪ ਹੀ ਬਦਲ ਗਿਆ । ਗੁਰੂ ਸਾਹਿਬ ਨੇ ਇਸ ਸ਼ਬਦ ਦੀ ਵਰਤੋਂ ਫੋਕਟ ਕਰਮਾਂ ਤੋਂ ਰਹਿਤ ਹੋ ਕੇ ਕੀਤੀ।

## ਸ਼ੂਨਯ ਰੂਪ ਬ੍ਰਹਮ

ਬੋਧ ਦਰਸ਼ਨ ਅਨੁਸਾਰ ਸ਼ੂਨਯ ਨਾ ਸਤਿ ਹੈ, ਨਾ ਅਸਤਿ ਹੈ, ਨਾ ਸਤਿ-ਅਸਤਿ ਅਤੇ ਨਾ ਹੀ ਦੋਨਾਂ ਤੋਂ ਭਿੰਨ। ਇਨ੍ਹਾਂ ਚਾਰ ਕੋਟੀਆਂ ਤੋਂ ਵਿਲੱਖਣ ਇਕ ਤੱਤ ਹੈ। ਬੁੱਧ ਮੱਤ

ਅਤੇ ਸੰਤ ਸਾਹਿਤ ਵਿਚ ਕਾਫ਼ੀ ਅੰਤਰ ਹੈ। ਸੰਤ ਮੱਤ ਵਿਚ ਸ਼ੂਨਯ ਸ਼ਬਦ ਦਾ ਪ੍ਰਯੋਗ ਬੁੱਧ ਮੱਤ ਨਾਲੋਂ ਨਿਵੇਕਲੀ ਤਰ੍ਹਾਂ ਕੀਤਾ ਗਿਆ ਹੈ। ਬੁੱਧ ਮੱਤ ਦਾ ਢਾਂਚਾ ਨਾਸਤਿਕਤਾ ਤੇ ਖੋਖਲੇਪਨ ਤੇ ਖੜਾ ਹੈ। ਪਰ ਸੰਤ ਮੱਤ ਦੀ ਨੀਂਹ ਪਰਮਤੱਤ ਦੇ ਵਿਸ਼ਵਾਸ਼ ਤੇ ਹੈ। ਗੁਰੂ ਰਵਿਦਾਸ ਨੇ ਵੀ ਸ਼ੂਨਯ ਸ਼ਬਦ ਦਾ ਬ੍ਰਹਮ ਲਈ ਪ੍ਰਯੋਗ ਭਿੰਨ ਅਰਥਾਂ ਵਿਚ ਕੀਤਾ ਹੈ। ਗੁਰੂ ਰਵਿਦਾਸ ਨੇ ਸ਼ੂਨਯ, ਸੁੰਨਿ ਸ਼ਬਦ ਦੀ ਵਰਤੋਂ ਜੀਵਨ ਮੁਕਤੀ ਦੇਣ ਵਾਲੇ ਸਤਿ ਸਰੂਪ ਲਈ ਕੀਤੀ ਹੈ। ਇਸੇ ਸ਼ੂਨਯ ਬ੍ਰਹਮ ਤੋਂ ਮਨੁੱਖ ਦੀ ਉਤਪਤੀ ਹੁੰਦੀ ਹੈ ਅਤੇ ਮੁੜ ਉਸੇ ਵਿਚ ਸਮਾ ਜਾਂਦਾ ਹੈ:—

(1) ਕਹੈ ਰਵਿਦਾਸ ਸਹਜ ਸੁੰਨਿ ਸਤਿ।
ਜੀਵਨ ਮੁਕਤਿ ਨਿਧਿ ਕਾਸੀ।।[176]

(2) ਜਹਾਂ ਕਾ ਉਪਜਯਾ ਤਹਾਂ ਵਿਲਾਇਓ।
ਸਹਜ ਸੁੰਨਿ ਮੈਂ ਰਹਯੋ ਲੁਕਾਇਓ।।[177]

ਇਸ ਸੰਸਾਰ ਨਾਲ ਮੋਹ ਪਾਉਣ ਦੀ ਥਾਂ 'ਸੁੰਨਿ ਸਹਜ ਘਰ' ਦਾ ਵਾਸੀ ਹੋਣਾ ਕਿਤੇ ਬਿਹਤਰ ਹੈ। ਭਗਤੀ ਦਿਖਾਵੇ ਅਤੇ 'ਸੁੰਨਿ ਮੰਡਲ' ਘਰ ਨੂੰ ਸੋਧਣ ਵਿਚ ਨਹੀਂ :—

1. ਕਾ ਸਯੋਂ ਜੀਵ ਸੀਵ ਕਹੋਂ ਮਾਧੋ, ਸੁੰਨਿ ਸਹਜਿ ਘਰ ਭਾਈ।[178]
2. ਭਗਤਿ ਨ ਸੁੰਨਿ ਮੰਡਲ ਘਰ ਸੋਧੈ, ਭਗਤਿ ਨ ਕਛੂ ਦਿਖਾਏ।।[179]

ਗੁਰੂ ਰਵਿਦਾਸ ਅਨੁਸਾਰ ਇਸ ਸ਼ੂਨਯ ਬ੍ਰਹਮ ਦਾ ਵਾਸਾ ਸੁੰਨਿ ਮੰਡਲ ਵਿਚ ਹੈ। ਇਸ ਦਾ ਅਨੁਭਵ ਮਨੁੱਖ ਦੇ ਅੰਦਰ ਸਥਿਤ ਸ਼ੂਨਯ ਚੱਕਰ ਤੋਂ ਹੁੰਦਾ ਹੈ। ਇਸ ਦਾ ਅਨੁਭਵ ਹੋਣ ਨਾਲ ਸਾਧਕ ਨੂੰ ਪ੍ਰਕਾਸ਼ ਜੋਤਿ ਦੇ ਦਰਸ਼ਨ ਹੁੰਦੇ ਹਨ ਅਤੇ ਸਾਧਕ ਅਮਰਪਦ ਦੀ ਪ੍ਰਾਪਤੀ ਕਰ ਲੈਂਦਾ ਹੈ:—

1. ਸੁੰਨਿ ਮੰਡਲ ਮੇਂ ਤੇਰਾ ਵਾਸਾ, ਤਾਥੈਂ ਜੀਵ ਮੈਂ ਰਹਯੋ ਉਦਾਸਾ।[180]
2. ਚੰਦ ਸੂਰ ਦੋਊ ਸਨਮੁਖ ਹੋਇ, ਪੀਵੇ, ਪਿਆਲਾ ਮਰੈ ਨ ਕੋਇ।
ਸਹਜ ਸੁੰਨਿ ਮੈ ਭਈ ਸ੍ਵੈ, 'ਰਵਿਦਾਸ' ਗੁਰਮੁਖ ਦ੍ਵੈ।।[181]

ਗੁਰੂ ਰਵਿਦਾਸ ਜੀ ਆਪਣੀ ਬਾਣੀ ਵਿਚ ਸ਼ੂਨਯ ਸ਼ਬਦ ਦੀ ਵਰਤੋਂ ਪਰਮਨੰਦ ਅਵਸਥਾ

ਲਈ ਵੀ ਕਰਦੇ ਹਨ। ਇਸ ਅਵਸਥਾ ਤੇ ਪਹੁੰਚ ਕੇ ਸਾਧਕ ਰਾਮ ਤੇ ਖੁਦਾ ਦੀ ਥਾਂ 'ਸੂਨਯ ਬ੍ਰਹਮ' ਨੂੰ ਹੀ ਹਰ ਥਾਂ ਵੇਖਦਾ ਹੈ:—

1. ਸੁੰਨ ਸਹਜ ਮੈਂ ਦੋਊ ਤਿਆਗੀ, ਰਾਮ ਕਹੌਂ ਨ ਖੁਦਾਈ।।[182]

ਇਸ ਤਰ੍ਹਾਂ ਗੁਰੂ ਰਵਿਦਾਸ ਜੀ ਬਾਣੀ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਗੁਰੂ ਜੀ ਨੇ ਸੂਨਯ ਸ਼ਬਦ ਦੀ ਵਰਤੋਂ ਸੂਨਯ ਬ੍ਰਹਮ ਅਤੇ ਉਸ ਤੋਂ ਪ੍ਰਾਪਤ ਅਨੰਦਮਈ ਅਵਸਥਾ ਲਈ ਕੀਤੀ ਹੈ। ਉਨ੍ਹਾਂ ਅਨੁਸਾਰ ਉਸ ਸੂਨਯ ਬ੍ਰਹਮ ਦਾ ਵਾਸਾ ਵੀ ਸੁੰਨ ਮੰਡਲ ਵਿਚ ਹੈ।

ਵਿਭਿੰਨ ਯੁੱਗਾਂ ਦੀਆਂ ਦਰਸ਼ਨ ਪ੍ਰਣਾਲੀਆਂ ਵਿਚ ਇਸ ਸ਼ਬਦ ਦੀ ਧਾਰਣਾ ਭਿੰਨ ਭਿੰਨ ਰਹੀ ਹੈ। ਗੁਰੂ ਨਾਨਕ ਦੇ ਸਮੇਂ ਤੱਕ ਸੂਨਯ ਅਥਵਾ ਸੁੰਨ ਸੰਬੰਧੀ ਇਕ ਲੰਮੀ ਪ੍ਰੰਪਰਾ ਮੌਜੂਦ ਸੀ। ਗੁਰੂ ਨਾਨਕ ਦੇਵ ਜੀ ਨੇ ਇਸ ਸ਼ਬਦ ਨੂੰ ਨਵੀਨ ਅਤੇ ਮੌਲਿਕ ਰੂਪ ਦਿੱਤਾ। ਗੁਰੂ ਜੀ ਅਨੁਸਾਰ ਅਫੁਰ ਪਰਮਾਤਮਾ ਦਾ ਵਜੂਦ ਸ੍ਰਿਸ਼ਟੀ ਦੇ ਮੁੱਢ ਤੋਂ ਹੀ ਮੌਜੂਦ ਹੈ।[183] ਗੁਰੂ ਨਾਨਕ ਦੇਵ ਜੀ ਸੂਨਯ ਦਾ ਨਿਰਗੁਣ ਬ੍ਰਹਮ ਦੇ ਰੂਪ ਵਿਚ ਚਿਤਰਣ ਕਰਦੇ ਹੋਏ ਦੱਸਦੇ ਹਨ ਕਿ ਸਾਰਿਆਂ ਦੇ ਅੰਦਰ ਤੇ ਸਾਰਿਆਂ ਦੇ ਬਾਹਰ ਅਤੇ ਸਾਰੀ ਤ੍ਰਿਲੋਕੀ ਵਿਚ ਉਹੀ ਪ੍ਰਭੂ ਵਿਆਪਕ ਹੈ ਜਿਸ ਵਿਚ ਮਾਇਆ ਵਾਲੇ ਫੁਰਨੇ ਨਹੀਂ ਉੱਠਦੇ, ਕਿਉਂ ਕਿ ਮਾਇਆ ਤਾਂ ਉਸਦੀ ਆਪਣੀ ਬਣਾਈ ਖੇਡ ਹੈ। ਜੋ ਜੀਵ ਤ੍ਰੈਗੁਣੀ ਮਾਇਆ ਦੇ ਅਸਰ ਤੋਂ ਉੱਚੇ ਰਹਿਣ ਵਾਲੇ ਪ੍ਰਭੂ ਨੂੰ ਸਮਝ ਲੈਂਦਾ ਹੈ, ਉਹ ਕਿਉਂ ਕਿ ਚੌਥੇ ਪਦ ਅਥਵਾ ਸਹਿਜ ਅਵਸਥਾ ਦਾ ਧਾਰਨੀ ਬਣ ਜਾਂਦਾ ਹੈ ਇਸ ਲਈ ਉਸ ਨੂੰ ਪਾਪ-ਪੁੰਨ ਮੋਹ ਨਹੀਂ ਸਕਦਾ। ਜੋ ਜੀਵ ਸਰਬ ਵਿਆਪਕ ਨਿਰਗੁਣ ਪ੍ਰਭੂ ਦਾ ਭੇਤ ਜਾਣ ਲੈਂਦਾ ਹੈ ਉਹ ਨਿਰੰਜਨ ਪ੍ਰਭੂ ਦਾ ਹੀ ਰੂਪ ਹੋ ਜਾਂਦਾ ਹੈ:—

ਅੰਤਰਿ ਸੁੰਨੰ ਬਾਹਰਿ ਸੁੰਨੰ, ਤ੍ਰਿਭਵਣ ਸੁੰਨ ਮਸੁੰਨ।।
ਚਉਥੇ ਸੁੰਨੈ ਜੋ ਨਰੁ ਜਾਣੈ, ਤਾ ਕਉ ਪਾਪੁ ਨ ਪੁੰਨੰ।।
ਘਟ ਘਟਿ ਸੁੰਨ ਕਾ ਜਾਣੈ ਭੇਉ।। ਆਦਿ ਪੁਰਖੁ ਨਿਰੰਜਨ ਦੇਉ।।
ਜੋ ਜਨੁ ਨਾਮ ਨਿਰੰਜਨ ਰਾਤਾ।। ਨਾਨਕ ਸੋਈ ਪੁਰਖੁ ਬਿਧਾਤਾ।।[184]

ਇਸ 'ਅਫੁਰ ਅਵਸਥਾ' ਦਾ ਹਰ ਕੋਈ ਜ਼ਿਕਰ ਕਰਦਾ ਹੈ ਪਰ ਅਮਲੀ ਜੀਵਨ ਵਿੱਚ ਇਹ ਗੱਲ ਕੋਈ ਵਿਰਲਾ ਹੀ ਜਾਣਦਾ ਹੈ ਕਿ ਸਦਾ ਟਿਕੀ ਰਹਿਣ ਵਾਲੀ ਅਫੁਰ ਅਵਸਥਾ ਕਿਵੇਂ ਬਣ ਸਕਦੀ ਹੈ ਅਤੇ ਅਫੁਰ ਅਵਸਥਾ ਵਿਚ ਜੁੜੇ ਬੰਦੇ ਕਿਹੋ ਜਿਹੇ ਹੁੰਦੇ ਹਨ ? ਗੁਰੂ ਜੀ ਇਸ ਦੇ ਉੱਤਰ ਵਿਚ ਦੱਸਦੇ ਹਨ ਕਿ ਉਹ ਮਨੁੱਖ ਉਸ ਪਰਮਾਤਮਾ ਵਰਗੇ ਹੀ ਹੋ ਜਾਂਦੇ

ਹਨ ਜਿਸ ਤੋਂ ਉਹ ਪੈਦਾ ਹੋਏ ਹਨ। ਜਨਮ ਮਰਨ ਅਤੇ ਆਵਾਗਵਨ ਦੇ ਚੱਕਰ ਤੋਂ ਮੁਕਤ ਹੋ ਜਾਂਦੇ ਹਨ:-

> ਸੁੰਨੋ ਸੁੰਨੁ ਕਹੈ ਸਭੁ ਕੋਈ ।। ਅਨਹਤ ਸੁੰਨੁ ਕਹਾ ਤੇ ਹੋਈ।।
> ਅਨਹਤ ਸੁੰਨਿ ਰਤੇ ਸੇ ਕੈਸੇ।। ਜਿਸ ਤੇ ਉਪਜੇ ਤਿਸ ਹੀ ਜੈਸੇ।।
> ਓਇ ਜਨਮਿ ਨ ਮਰਹਿ ਨ ਆਵਹਿ ਜਾਹਿ।। ਨਾਨਕ ਗੁਰਮੁਖਿ ਮਨੁ
> ਸਮਝਾਹਿ।।[185]

ਨਾਮ ਦੀ ਬਰਕਤ ਨਾਲ ਜਦੋਂ ਨੌਂ ਗੋਲਕਾਂ ਨਕਾ-ਨਕ ਭਰੀਜਕੇ, ਬਾਹਰ ਵਲ ਦੇ ਵਹਿਣ ਬੰਦ ਕਰਕੇ ਮਾਇਕ ਪਦਾਰਥਾਂ ਦੀ ਦੌੜ ਮਿਟਾ ਕੇ ਦਸਵੇਂ ਸਰ ਪ੍ਰਭੂ ਮਿਲਾਪ ਦੀ ਅਵਸਥਾ ਵਿਚ ਜਾ ਪੈਂਦੀਆਂ ਹਨ ਤਾਂ ਗੁਰਮੁਖ ਦੇ ਅੰਦਰ ਅਫੁਰ ਅਵਸਥਾ ਦਾ ਬਲ ਹੋਣ ਕਰਕੇ ਹੋਰ ਫੁਰਨਾ ਫੁਰਦਾ ਹੀ ਨਹੀਂ। ਇਸ ਅਵਸਥਾ ਵਿਚ ਅਪੜੇ ਜੀਵ ਪ੍ਰਭੂ ਨੂੰ ਅੰਗ ਸੰਗ ਜਾਣ ਕੇ ਉਸ ਵਿਚ ਟਿਕੇ ਰਹਿੰਦੇ ਹਨ ਉਨ੍ਹਾਂ ਨੂੰ ਉਹ ਪ੍ਰਭੂ ਸਰਬ ਵਿਆਪਕ ਦਿਸਦਾ ਹੈ:-

> ਨਉ ਸਰ ਸੁਭਰ ਦਸਵੈ ਪੂਰੇ। ਤਹ ਅਨਹਤ ਸੁੰਨ ਵਜਾਵਹਿ ਤੂਰੇ।।
> ਸਾਚੈ ਰਾਚੇ ਦੇਖਿ ਹਜੂਰੇ।। ਘਟਿ ਘਟਿ ਸਚੁ ਰਹਿਆ ਭਰਪੂਰੇ।।[186]

ਗੁਰੂ ਨਾਨਕ ਦੇਵ ਜੀ ਸੁਆਸ ਸੁਆਸ ਉਸ ਅਫੁਰ ਸੱਚੇ ਪ੍ਰਭੂ ਦਾ ਨਾਮ ਜਪਣ ਦੀ ਪ੍ਰੇਰਨਾ ਕਰਦੇ ਹਨ। ਜੋ ਮਨੁੱਖ ਗੁਰੂ ਦੇ ਹੁਕਮ ਵਿਚ ਤੁਰ ਕੇ ਸੁਆਸ ਸੁਆਸ ਪ੍ਰਭੂ ਦਾ ਨਾਮ ਜਪਦਾ ਹੈ ਉਹ ਅਲੱਖ ਤੇ ਅਪਾਰ ਪ੍ਰਭੂ ਨੂੰ ਪਛਾਣ ਲੈਂਦਾ ਹੈ:-

> ਤੌ ਸਤ ਅੰਗੁਲ ਵਾਈ ਅਉਧੂ, ਸੁੰਨ ਸਚੁ ਆਹਾਰੋ।।
> ਗੁਰਮੁਖਿ ਬੋਲੈ ਤਤੁ ਵਿਰੋਲੈ, ਚੀਨੈ ਅਲਖੁ ਅਪਾਰੋ।।[187]

ਗੁਰੂ ਜੀ ਪ੍ਰਭੂ ਦੀ ਸੁੰਨਯ ਅਵਸਥਾ ਦਾ ਜ਼ਿਕਰ ਕਰਦੇ ਲਿਖਦੇ ਹਨ ਕਿ ਉਸ ਪਰਮਾਤਮਾ ਤੋਂ ਪਰੇ ਕੁਝ ਵੀ ਨਹੀਂ। ਸ੍ਰਿਸ਼ਟੀ ਤੋਂ ਪਹਿਲਾਂ ਉਹ ਆਪ ਹੀ ਸੀ। ਉਹ ਅਪਰ ਅਪਾਰ ਪ੍ਰਭੂ ਆਪਣੇ ਸਹਾਰੇ ਆਪ ਹੀ ਹੈ। ਆਪ ਵੀ ਸੁੰਨਯ ਅਵਸਥਾ ਤੋਂ ਹੀ ਉਸ ਨੇ ਹਵਾ, ਪਾਣੀ ਅਤੇ ਸ੍ਰਿਸ਼ਟੀ ਪੈਦਾ ਕੀਤੀ। ਬ੍ਰਹਮਾ, ਵਿਸ਼ਨੂੰ, ਸ਼ਿਵ ਪਰਮਾਤਮਾ ਨੇ ਆਪਣੇ ਆਪ ਤੋਂ ਹੀ ਪੈਦਾ ਕੀਤੇ। ਪਰਮਾਤਮਾ ਨੇ ਪੰਜ ਗਿਆਨ ਇੰਦ੍ਰੀਆਂ, ਸੱਤ ਸਰੋਵਰ ਵੀ ਆਪਣੇ ਆਪ ਤੋਂ

ਹੀ ਪੈਦਾ ਕੀਤੇ ਹਨ। ਚੰਦ, ਸੂਰਜ, ਆਕਾਸ਼ ਵੀ ਉਸ ਤੋਂ ਹੀ ਉਪਜੇ ਹਨ। ਤਿੰਨਾਂ ਭਵਨਾਂ ਵਿਚ ਉਸ ਦੀ ਹੀ ਜੋਤਿ ਪਸਰ ਰਹੀ ਹੈ। ਧਰਤੀ ਤੇ ਆਕਾਸ਼ ਸਾਜ ਕੇ ਇਨ੍ਹਾਂ ਨੂੰ ਬਿਨ੍ਹਾਂ ਥੰਮਾਂ ਤੋਂ ਆਪ ਹੀ ਟਿਕਾਈ ਰੱਖਦਾ ਹੈ। ਤਿੰਨੇ ਭਵਨਾਂ ਨੂੰ ਮਾਇਆ ਦੀ ਤੜਾਗੀ ਵਿੱਚ ਵੀ ਉਸੇ ਨੇ ਬੰਨ੍ਹਿਆ ਹੈ। ਆਪਣੇ ਆਪ ਤੋਂ ਹੀ ਜੀਵ ਉਤਪਤੀ ਦੀਆਂ ਚਾਰ ਖਾਣੀਆਂ ਬਣਾਂਦਾ ਹੈ ਤੇ ਜੀਵਾਂ ਦੀਆਂ ਬਾਣੀਆਂ ਰਚਦਾ ਹੈ। ਦਿਨ-ਰਾਤ, ਜਨਮ-ਮਰਨ, ਸੁੱਖ-ਦੁੱਖ ਵੀ ਉਸੇ ਦੀ ਦੇਣ ਹੈ। ਚਾਰ ਵੇਦ, ਮਾਇਆ ਦੇ ਤਿੰਨ ਗੁਣ, ਸੱਤ ਪਾਤਾਲ ਤੇ ਸੱਤ ਆਕਾਸ਼, ਅਤੇ ਵਿਸ਼ਨੂੰ ਦੇ ਦਸ ਅਵਤਾਰ ਵੀ ਆਪਣੇ ਆਪ ਤੋਂ ਹੀ ਪੈਦਾ ਕੀਤੇ। ਦੇਵਤੇ, ਦੈਂਤ, ਦੇਵਤਿਆਂ ਦੇ ਰਾਗੀ (ਗਣ-ਗੰਧਰਬ) ਇਹ ਸਾਰੇ ਹੀ ਪਰਮਾਤਮਾ ਨੇ ਨਿਰੋਲ ਆਪਣੇ ਆਪ ਤੋਂ ਹੀ ਪੈਦਾ ਕੀਤੇ ਹਨ। ਗੁਰੂ ਜੀ ਅਨੁਸਾਰ ਜਿਹੜਾ ਮਨੁੱਖ ਗੁਰੂ ਦੀ ਸ਼ਰਨ ਪੈ ਕੇ ਪਰਮਾਤਮਾ ਦੀ ਇਸ ਬੇਅੰਤ ਕਲਾ ਨੂੰ ਸਮਝਦਾ ਹੈ ਉਸ ਨੂੰ ਕੋਈ ਰੋਗ ਪੋਹ ਨਹੀਂ ਸਕਦਾ। ਪਰ ਕੋਈ ਵਿਰਲਾ ਬੰਦਾ ਹੀ ਗੁਰੂ ਦੀ ਦੱਸੀ ਹੋਈ ਇਸ ਸਿਮਰਨ ਦੀ ਪੌੜੀ ਦਾ ਭੇਤ ਸਮਝਦਾ ਹੈ। ਜਿਹੜਾ ਜੀਵ ਸਿਮਰਨ ਦੀ ਇਸ ਪੌੜੀ ਤੇ ਚੜ੍ਹਨਾ ਜਾਣ ਲੈਂਦਾ ਹੈ ਉਹ ਜੁੱਗਾਂ ਜੁਗਾਂਤਰਾਂ ਤੋਂ ਜੀਵਾਂ ਦੀ ਮੁਕਤੀ ਦਾ ਵਸੀਲਾ ਬਣੀ ਇਸ ਪੌੜੀ ਰਾਹੀਂ ਵਿਕਾਰਾਂ ਤੋਂ ਖਲਾਸੀ ਹਾਸਲ ਕਰ ਲੈਂਦਾ ਹੈ ਅਤੇ ਪ੍ਰਭੂ ਦੀ ਦਰਗਾਹ ਵਿਚ ਇੱਜ਼ਤ ਪਾਉਂਦਾ ਹੈ। ਉਸ ਮਨੁੱਖ ਦੇ ਅੰਦਰ ਸਦਾ ਥਿਰ ਪ੍ਰਭੂ ਵਸਿਆ ਰਹਿੰਦਾ ਹੈ ਅਤੇ ਸਿਫ਼ਤਿ ਸਲਾਹ ਦੀ ਰੌ ਬਣੀ ਰਹਿੰਦੀ ਹੈ। ਉਹ ਮਨੁੱਖ ਸਦਾ ਪਰਮਾਤਮਾ ਦੇ ਨਾਮ ਵਿਚ ਲੀਨ ਰਹਿੰਦਾ ਹੈ।[188]

ਗੁਰੂ ਨਾਨਕ ਨੇ ਇਸ ਅਵਸਥਾ ਨੂੰ 'ਸੁੰਨ ਸਮਾਧੀ' ਦੀ ਅਵਸਥਾ ਕਿਹਾ ਹੈ। ਮਨੁੱਖਾ ਸਰੀਰ ਰੂਪੀ ਸ਼ਹਿਰ ਵਿਚ ਮੰਨੇ-ਪ੍ਰਮੰਨੇ ਸੰਤ ਜਨ ਰਹਿੰਦੇ ਹਨ। ਪਰਮਾਤਮਾ ਦੇ ਵਸਣ ਲਈ ਇਹ ਸਰੀਰ ਰੂਪੀ ਸ਼ਹਿਰ ਸ੍ਰੇਸ਼ਠ ਥਾਂ ਹੈ। ਜੀਵਾਂ ਦਾ ਰਖਵਾਲਾ, ਆਪਣੇ ਵਰਗਾ ਆਪ ਅਤੇ ਕਿਸੇ ਹੋਰ ਸਹਾਰੇ ਦੀ ਲੋੜ ਨਾ ਰੱਖਣ ਵਾਲਾ ਪਰਮਾਤਮਾ ਸਰੀਰ ਰੂਪੀ ਸ਼ਹਿਰ ਵਿਚ ਅਜਿਹੀ ਸਮਾਧੀ ਲਾਈ ਬੈਠਾ ਹੈ ਜਿਸ ਵਿਚ ਕੋਈ ਮਾਇਕ ਫੁਰਨੇ ਨਹੀਂ ਉੱਠਦੇ :-

> ਦੇਹੀ ਨਗਰੀ ਊਤਮ ਥਾਨਾ।। ਪੰਚ ਲੋਕ ਵਸਹਿ ਪਰਧਾਨਾ।
> ਊਪਰਿ ਏਕੰਕਾਰ ਨਿਰਾਲਮੁ ਸੁੰਨ ਸਮਾਧਿ ਲਗਾਇਆ।।[189]

'ਸੁੰਨ ਸਮਾਧਿ' ਅਵਸਥਾ ਨੂੰ ਹੋਰ ਸਪਸ਼ਟਤਾ ਦੇਣ ਲਈ ਗੁਰੂ ਜੀ ਦੱਸਦੇ ਹਨ ਕਿ ਇਹ ਉਹ ਅਵਸਥਾ ਹੈ ਜਿਸ ਵਿਚ ਕੇਵਲ ਭਾਗਾਂ ਵਾਲੇ ਜੀਵ ਹੀ ਆਪਣੀ ਲਿਵ ਲਾਉਂਦੇ ਹਨ ਅਤੇ ਉਹ ਸਿਰਫ਼ ਨਾਮ ਰੂਪ ਸ਼ਬਦ ਦਾ ਹੀ ਵਿਚਾਰ ਕਰਦੇ ਹਨ। ਉਸ ਅਵਸਥਾ ਵਿਚ ਜਲ, ਥਲ, ਧਰਤੀ, ਆਕਾਸ਼ ਆਦਿ ਕੁਝ ਵੀ ਨਹੀਂ ਹੁੰਦਾ। ਉਸ ਵਿਚ ਸਿਰਫ਼ ਕਰਤਾਰ ਹੀ

ਹੁੰਦਾ ਹੈ ਅਤੇ ਬਾਕੀ ਸਾਰੀ ਸ੍ਰਿਸ਼ਟੀ ਉਸ ਪਰਮਾਤਮਾ ਦੀ ਪੈਦਾ ਕੀਤੀ ਹੋਈ ਹੈ:—

ਸੁੰਨ ਸਮਾਧਿ ਰਹਹਿ ਲਿਵ ਲਾਗੇ ਏਕਾ ਏਕੀ ਸਬਦ ਬੀਚਾਰ।।
ਜਲੁ ਥਲੁ ਧਰਣਿ ਗਗਨੁ ਤਹ ਨਾਹੀ ਆਪੇ ਆਪੁ ਕੀਆ ਕਰਤਾਰ।।[190]

ਜਗਤ ਦੀ ਰਚਨਾ ਤੋਂ ਪਹਿਲਾਂ ਬੇਅੰਤ ਸਮਾਂ ਘੁੱਪ ਹਨੇਰੇ ਦੀ ਹਾਲਤ ਸੀ। ਤਦੋਂ ਨਾ ਧਰਤੀ ਸੀ, ਨਾ ਹੀ ਆਕਾਸ਼ ਸੀ ਅਤੇ ਨਾ ਹੀ ਕਿਤੇ ਬੇਅੰਤ ਪ੍ਰਭੂ ਦਾ ਹੁਕਮ ਚਲ ਰਿਹਾ ਸੀ। ਉਦੋਂ ਨਾ ਦਿਨ ਸੀ, ਨਾ ਰਾਤ ਸੀ, ਨਾ ਚੰਦ ਸੀ ਤੇ ਨਾ ਹੀ ਸੂਰਜ। ਉਦੋਂ ਪਰਮਾਤਮਾ ਆਪਣੇ ਆਪ ਵਿਚ ਹੀ ਸਮਾਧੀ ਲਾਈ ਬੈਠਾ ਸੀ ਜਿਸ ਵਿਚ ਕੋਈ ਕਿਸੇ ਕਿਸਮ ਦਾ ਫੁਰਨਾ ਨਹੀਂ ਸੀ:—

1 ਅਰਬਦ ਨਰਬਦ ਧੁੰਧੂਕਾਰਾ।। ਧਰਣਿ ਨ ਗਗਨਾ ਹੁਕਮੁ ਅਪਾਰਾ।
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ।।[191]

2. ਜੁਗ ਛਤੀਹ ਗੁਬਾਰੁ ਕਰ ਵਰਤਿਆ ਸੁੰਨਾ ਹਰਿ।।
ਚਰੰਬੈ ਵੇਦ ਪੁਰਾਨ ਨ ਸਾਸਤਾ ਆਪੇ ਹਰਿ ਨਰਿ ਹਰਿ।।
ਬੈਠਾ ਤਾੜੀ ਲਾਇ ਅਪਿ ਸਭਦੂ ਹੀ ਬਾਹਰਿ।।[192]

ਰਾਗ ਧਨਾਸਰੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਪਰਮਾਤਮਾ ਨੂੰ ਜੋਗੀ ਕਹਿੰਦੇ ਹਨ। ਜਿਸ ਦਾ ਨਿਵਾਸ ਸੁੰਨ ਮੰਡਲ ਵਿਚ ਹੈ। ਉਹ ਨਾ ਤਾਂ ਇਸਤ੍ਰੀ ਹੈ ਅਤੇ ਨਾ ਹੀ ਪੁਰਸ਼। ਤਿੰਨੇ ਲੋਕ ਉਸਦੇ ਪ੍ਰਕਾਸ਼ ਉਤੇ ਧਿਆਨ ਲਾਈ ਬੈਠੇ ਹਨ। ਦੇਵਤੇ, ਮਨੁੱਖ ਅਤੇ ਯੋਗੀ ਸਾਰੇ ਉਸ ਸੱਚੇ ਪੁਰਖ ਦੀ ਸ਼ਰਨ ਲੈਂਦੇ ਹਨ:—

ਸੁੰਨ ਮੰਡਲ ਇਕੁ ਜੋਗੀ ਬੈਸੇ। ਨਾਰਿ ਨ ਪੁਰਖੁ ਕਹਹੁ ਕੋਊ ਕੈਸੇ।।[193]

ਇਸ ਤਰ੍ਹਾਂ ਗੁਰਮਤਿ ਵਿਚ ਸ੍ਰਿਸ਼ਟੀ ਰਚਨਾ ਦੇ ਆਦਿ ਤੱਤ ਨੂੰ ਸੁੰਨ ਦਾ ਨਾਮ ਵੀ ਦਿੱਤਾ ਗਿਆ ਹੈ। ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਸਭ ਪਾਸੇ ਨਿਰਗੁਣ ਰੂਪ ਵਿਚ ਬ੍ਰਹਮ ਹੀ ਬ੍ਰਹਮ ਸੀ। ਜੋ ਜੁੱਗਾਂ ਜੁਗਾਂਤਰਾਂ ਤੋਂ ਤਾੜੀ ਲਾਈ ਬੈਠਾ ਸੀ। ਉਸ ਅਪਰੰਪਰ ਅਤੇ ਨਿਰਾਲਮ ਸੁੰਨ ਤੋਂ ਹੀ ਸਮਸਤ ਸ੍ਰਿਸ਼ਟੀ ਦੀ ਉਤਪਤੀ ਕਰਦਾ ਹੈ। ਪਰ ਇਸ ਸੁੰਨ ਦਾ ਅਰਥ 'ਕੁਝ ਵੀ ਨਹੀਂ' ਨਹੀਂ ਸਮਝ ਲੈਣਾ ਚਾਹੀਦਾ ਹੈ। ਸੁੰਨ ਅਵਸਥਾ ਤੋਂ ਭਾਵ ਉਸ ਸਥਿਤੀ ਤੋਂ ਹੈ ਜਦੋਂ ਸੰਸਾਰ ਦੀ ਉਤਪਤੀ ਤੋਂ ਪਹਿਲਾਂ ਸਾਰੀਆਂ ਸ਼ਕਤੀਆਂ ਕੇਵਲ ਇਕ ਪਰਮਾਤਮਾ ਵਿੱਚ ਕੇਂਦ੍ਰਤ ਸਨ। ਪਰਮਾਤਮਾ ਅਫੁਰ ਸਮਾਧੀ ਦੀ ਅਵਸਥਾ ਵਿਚ ਸੀ।

## ਨਿਰੰਜਨ ਰੂਪ ਬ੍ਰਹਮ

ਵੇਦਾਂ ਅਤੇ ਉਪਨਿਸ਼ਦਾਂ ਵਿਚ ਵੀ ਬ੍ਰਹਮ ਲਈ 'ਨਿਰੰਜਨ' ਸ਼ਬਦ ਦੀ ਵਰਤੋਂ ਹੋਈ ਹੈ। ਇਸ ਦਾ ਅਰਥ ਹੈ ਅੰਜਨ ਰਹਿਤ। ਨਾਥ ਸੰਪ੍ਰਦਾਇ ਵਿਚ 'ਅਲੱਖ ਨਿਰੰਜਨ' ਸ਼ਬਦ ਪਾਰਬ੍ਰਹਮ ਲਈ ਵਰਤਿਆ ਗਿਆ ਹੈ। ਡਾ.ਰਤਨ ਸਿੰਘ ਜੱਗੀ ਅਨੁਸਾਰ ਕੁਝ ਵਿਦਵਾਨ ਇਸ ਦਾ ਅਰਥ 'ਮਾਇਆ' ਦਸਦੇ ਹਨ। ਅਤੇ ਕੁਝ ਵਿਕਾਰ, ਕਲੁਸ਼ਯ, ਸੰਸਾਰਿਕ ਪ੍ਰਪੰਚ ਆਦਿ ਅਰਥਾਂ ਵਿਚ ਇਸ ਦਾ ਵਿਸ਼ਲੇਸ਼ਣ ਕਰਦੇ ਹਨ। ਇਸ ਤਰ੍ਹਾਂ ਨਿਰੰਜਨ ਦੇ ਅਰਥ ਮਾਇਆ ਰਹਿਤ, ਨਿਰਲੇਪ, ਨਿਰਵਿਕਾਰ ਆਦਿ ਕੀਤੇ ਜਾ ਸਕਦੇ ਹਨ।[194] ਸੰਸਕ੍ਰਿਤ ਭਾਸ਼ਾ ਵਿਚ ਅੰਜਨ ਸ਼ਬਦ ਦਾ ਅਰਥ ਕਾਜਲ, ਸੁਰਮਾ ਅਥਵਾ ਸਿਆਹੀ ਹੈ। ਗੁਰੂ ਰਵਿਦਾਸ ਨੇ ਨਿਰੰਜਨ ਸ਼ਬਦ ਦਾ ਪ੍ਰਯੋਗ ਨਿਰਗੁਣ ਬ੍ਰਹਮ ਲਈ ਕੀਤਾ ਹੈ। ਉਨ੍ਹਾਂ ਦਾ ਨਿਰੰਜਨ ਅਨਿਰਵਚਨੀਯ ਹੈ। ਉਸ ਮਾਇਆ ਤੋਂ ਨਿਰਲੇਪ ਪਰਮ ਪੁਰਖ ਲਈ ਮਾਇਆ ਦੀ ਸੇਵਾ ਵਿਅਰਥ ਹੈ। ਉਸ ਨੂੰ ਕਿਸੇ ਵੀ ਬੰਧਨ ਵਿਚ ਨਹੀਂ ਬੰਨ੍ਹਿਆ ਜਾ ਸਕਦਾ।

1 ਅਬਿਗਤਿ ਨਾਥ ਨਿਰੰਜਨ ਦੇਵਾ, ਮੈਂ ਕਾ ਜਾਨੂੰ ਤੁਮ੍ਹਰੀ ਸੇਵਾ।
ਬਾਂਧੂੰ ਨ ਬੰਧਨ, ਛਾਊਂ ਨ ਛਾਯਾ, ਤੁਮਹੀ ਸੇਊਂ ਨਿਰੰਜਨ ਰਾਯਾ।।[195]

ਉਹ ਨਿਰੰਜਨ ਬ੍ਰਹਮ ਨਿਰਾਕਾਰ, ਨਿਰਵਿਕਾਰ ਅਤੇ ਅਪਰੰਪਰ ਸੁਆਮੀ ਹੈ। ਉਸ ਨਿਰੰਜਨ ਨੂੰ ਧਿਆਉਣ ਨਾਲ ਜਨਮ ਮਰਨ ਦੇ ਗੇੜ ਤੋਂ ਛੁਟਕਾਰਾ ਮਿਲ ਜਾਂਦਾ ਹੈ। ਆਪਣਾ ਤਨ ਤੇ ਮਨ ਉਸ ਦੀ ਭੇਟ ਚੜ੍ਹਾਉਣ ਨਾਲ ਗੁਰੂ ਦੀ ਮਿਹਰ ਸਦਕਾ ਪ੍ਰਭੂ ਨੂੰ ਪਾਇਆ ਜਾ ਸਕਦਾ ਹੈ:-

1. ਤੂੰ ਸਗੁਣ ਨਿਗੁਣ ਨਿਰਾਮਯੋ ਨ੍ਰਿਬਿਕਾਰ।
   ਹਰਿ ਅੰਜਨ ਨਿਰੰਜਨ ਬਿਮਲ ਅਪ੍ਰਮੇਵੰ।।[196]
2. ਕਹੈ ਰਵਿਦਾਸ ਨਿਰੰਜਨ ਧਯਾਊਂ।
   ਜਿਸ ਘਰਿ ਜਾਊਂ ਹੋਂ ਬਹੁਰਿ ਨ ਆਊਂ।।[197]
3. ਤਨ ਮਨ ਅਰਪਉ ਪੂਜ ਚਰਾਵਉ।
   ਗੁਰ ਪ੍ਰਸਾਦਿ ਨਿਰੰਜਨੁ ਪਾਵਉ।।[198]
4. ਨਿਰੰਜਨ ਨਿਰਾਕਾਰ ਨਿਰਲੇਪੀ, ਨਿਰਵੀਕਾਰ ਨਿਰਾਸੀ।
   ਕਾਮ ਕੁਟਿਲ ਤਾਹੀ ਕਹਿ ਗਾਵਤ, ਹਰ ਹਰ ਆਵੈ ਹਾਂਸੀ।।[199]

'ਅਲਖ ਨਿਰੰਜਨ' ਤੇਜ ਸਰੂਪ ਵਾਲਾ ਅਤੇ ਸ਼ਿਰੋਮਨਿ ਸ਼ਕਲ ਵਾਲਾ ਹੈ। ਜੋ ਜੀਵ ਇਸ ਭੇਦ ਨੂੰ ਜਾਣ ਜਾਂਦਾ ਹੈ, ਉਹ ਉਸ ਨਿਰੰਜਨ ਦੇਵ ਨੂੰ ਸਤਿ ਕਰਕੇ ਮੰਨਦਾ ਹੈ। ਫਿਰ ਰਾਤ ਦਿਨ ਨਿਰੰਤਰ ਹਿਰਦੇ ਵਿਚ 'ਅਨਹਦ ਨਾਦ' ਵਜਦਾ ਰਹਿੰਦਾ ਹੈ। ਇਸ ਲਈ ਦੁਨਿਆਵੀ ਮੋਹ ਨੂੰ ਤਿਆਗ ਕੇ ਪ੍ਰਭੂ ਦੀ ਸ਼ਰਣ ਬਹੁਤ ਜਰੂਰੀ ਹੈ:–

1. ਤੇਜ ਸਰੂਪਾ ਸ਼ਕਲ ਸਿਰੋਮਨਿ, ਅਲਖ ਨਿਰੰਜਨ ਰਾਵ।[200]
2. ਕਹੈ ਰਵਿਦਾਸ ਮਰਮ ਜੁ ਪਾਯੋ
   ਦੇਵ ਨਿਰੰਜਨ ਸਤਿ ਕਰ ਧਯਾਯੋ।[201]
3. ਅਨਹਦ-ਨਾਦ ਨਿਰੰਤਰ ਤਹਾਂ ਰੈਨ-ਦਿਨ ਹੋਇ।
   ਜਨ ਰੈਦਾਸ ਨਿਰੰਜਨ, ਮਹਿਮਾ ਰਹਾ ਸਮੋਇ।।[202]
4. ਮੀਨ ਪਿਪੀਲ ਤਜੀ ਦੁਹੂੰ, ਪੰਛੀ ਕੀ ਤਜਿ ਆਸ।
   ਸਰਨ ਨਿਰੰਜਨ ਰਾਮ ਕੀ, ਆਯੋ ਜਨ ਰੈਦਾਸ।।[203]

ਸਪਸ਼ਟ ਹੈ ਕਿ ਗੁਰੂ ਰਵਿਦਾਸ ਜੀ ਨੇ 'ਨਿਰੰਜਨ' ਸ਼ਬਦ ਦਾ ਪ੍ਰਯੋਗ ਸਤਿ ਸਰੂਪ ਨਿਰਗੁਣ ਬ੍ਰਹਮ ਲਈ ਕੀਤਾ ਹੈ, ਜੋ ਅਨੰਤ ਗੁਣਾਂ ਦਾ ਧਾਰਨੀ ਹੈ। ਗੁਰੂ ਨਾਨਕ ਦੀ ਵਾਣੀ ਵਿਚ 'ਨਿਰੰਜਨ' ਸ਼ਬਦ ਦਾ ਬਹੁਤ ਪ੍ਰਯੋਗ ਹੋਇਆ ਹੈ। ਗੁਰੂ ਜੀ ਨੇ ਬ੍ਰਹਮ ਦੇ ਨਿਰਗੁਣ, ਨਿਰਾਕਾਰ, ਅਲੱਖ ਰੂਪ ਲਈ 'ਨਿਰੰਜਨ' ਸ਼ਬਦ ਦੀ ਵਰਤੋਂ ਕੀਤੀ ਹੈ। ਕਿਉਂ ਕਿ ਅਪਰੰਪਾਰ ਬ੍ਰਹਮ ਦਾ ਨਾ ਪਿਤਾ ਹੈ, ਨਾ ਮਾਤਾ, ਨਾ ਪੁੱਤਰ ਨਾ ਰਿਸ਼ਤੇਦਾਰ, ਨਾ ਕਾਮ ਤੇ ਨਾ ਹੀ ਨਾਰੀ ਹੈ। ਉਹ ਕੁਲ ਰਹਿਤ ਹੈ। ਪਰ ਉਸ ਦੀ ਜੋਤਿ ਸਾਰੀ ਸ੍ਰਿਸ਼ਟੀ ਵਿਚ ਮੌਜੂਦ ਹੈ। ਗੁਰੂ ਨਾਨਕ ਨੂੰ ਨਾਮ ਦਾ ਪਿਆਲਾ ਉਸ ਨਿਰੰਜਨ ਬ੍ਰਹਮ ਦੀ ਦਰਗਾਹ ਵਿਚੋਂ ਹੀ ਪ੍ਰਾਪਤ ਹੋਇਆ:–

1. ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨਾ ਤਿਸੁ ਕਾਮੁ ਨ ਨਾਰੀ।।
   ਅਕੁਲ ਨਿਰੰਜਨ ਅਪਰ ਪਰੰਪਰੁ ਸਗਲੀ ਜੋਤਿ ਤੁਮਾਰੀ।।[204]
2. ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ।।
   ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰ ਮਿਲਿਆ ਸੋਈ ਜੀਉ।[205]

ਨਾ ਉਸ ਨੂੰ ਸਥਾਪਤ ਕੀਤਾ ਜਾਂਦਾ ਹੈ ਅਤੇ ਨਾ ਹੀ ਉਸਨੂੰ ਕਾਇਮ। ਉਹ ਤਾਂ ਆਪਣੇ ਆਪ ਹੀ ਹੋਇਆ ਹੈ।[206] ਉਸ ਤੋਂ ਬਿਨਾ ਦੂਜਾ ਕੋਈ ਹੈ ਹੀ ਨਹੀਂ। ਸਾਰੇ ਜੀਵਾਂ ਵਿਚ ਉਸੇ ਦਾ ਵਾਸਾ ਹੈ:–

1. ਦੂਜਾ ਕਉਣ ਕਹਾ ਨਹੀ ਕੋਈ।। ਸਭ ਮਹਿ ਏਕ ਨਿਰੰਜਨ ਸੋਈ।।[207]

2. ਆਦਿ ਨਿਰੰਜਨੁ ਨਿਰਮਲ ਸੋਈ।। ਅਵਰੁ ਨ ਜਾਣਾ ਦੂਜਾ ਕੋਈ।।[208]

ਉਸਦਾ ਨਾ ਕੋਈ ਰੂਪ ਹੈ, ਨਾ ਕੋਈ ਜਾਤ ਅਤੇ ਨਾ ਹੀ ਮੁਖ ਆਦਿ ਅੰਗ ਹੈ ਤੇ ਨਾਹੀ ਮਾਸ ਦਾ ਸਰੀਰ ਹੈ। ਅਜਿਹੇ ਨਿਰੰਜਨ ਬ੍ਰਹਮ ਦੀ ਪ੍ਰਾਪਤੀ ਸਤਿਗੁਰ ਦੇ ਮਿਲਣ ਤੇ ਹੁੰਦੀ ਹੈ। ਗੁਰੂ ਦੇ ਵਚਨ ਰਾਹੀਂ 'ਅਵਿਗਤ' ਪ੍ਰਭੂ ਵਿਚ ਸਮਾਈਦਾ ਹੈ ਤੇ ਜਗਤ ਦਾ ਮੂਲ ਨਿਰੰਜਨ ਲੱਭ ਪੈਂਦਾ ਹੈ:—

1. ਜਾ ਕੈ ਰੂਪੁ ਨਾਹੀ ਜਾਤਿ ਨਾਹੀ ਨਾਹੀ ਮੁਖੁਮਾਸਾ।।
ਸਤਿਗੁਰਿ ਮਿਲੇ ਨਿਰੰਜਨੁ ਪਾਇਆ ਤੇਰੈ ਨਾਮਿ ਹੈ ਨਿਵਾਸਾ।।[209]
2. ਗੁਰ ਬਚਨੀ ਅਵਿਗਤ ਸਮਾਈਐ, ਤਤੁ ਨਿਰੰਜਨੁ ਸਹਜਿ ਲਹੈ।।[210]

ਗੁਰੂ ਦੇ ਹੁਕਮ ਵਿਚ ਤੁਰਨ ਵਾਲਾ ਮਨੁੱਖ ਨਿਰੰਜਨ ਦਾ ਨਾਮ ਪ੍ਰਾਪਤ ਕਰ ਲੈਂਦਾ ਹੈ। ਕਿਉਂ ਕਿ ਉਹ ਆਪਣੀ ਹਉਮੈ ਦਾ ਗੁਰੂ ਦੇ ਸ਼ਬਦ ਰਾਹੀਂ ਨਾਸ਼ ਕਰ ਦਿੰਦਾ ਹੈ।[211] ਜੋ ਮਨੁੱਖ ਸਰਬ ਵਿਆਪਕ ਨਿਰਗੁਣ ਪ੍ਰਭੂ ਦਾ ਭੇਤ ਜਾਣ ਲੈਂਦਾ ਹੈ ਉਹ ਆਦਿ ਪੁਰਖ ਨਿਰੰਜਨ ਪ੍ਰਭੂ ਦਾ ਰੂਪ ਹੀ ਹੋ ਜਾਂਦਾ ਹੈ:—

ਘਟ ਘਟ ਸੁੰਨ ਕਾ ਜਾਣੈ ਭੇਉ।। ਆਦਿ ਪੁਰਖੁ ਨਿਰੰਜਨ ਦੇਉ।
ਜੋ ਜਨ ਨਾਮ ਨਿਰੰਜਨ ਰਾਤਾ।। ਨਾਨਕ ਸੋਈ ਪੁਰਖੁ ਬਿਧਾਤਾ।।[212]

ਪ੍ਰਭੂ ਆਪ ਹੀ ਜਗਤ ਦਾ ਮੂਲ ਹੈ ਉਸ ਨੇ ਆਪਣੇ ਆਪ ਨੂੰ ਜਗਤ ਦੇ ਰੂਪ ਵਿਚ ਪਰਗਟ ਕੀਤਾ ਹੈ। ਇਹ ਸਾਰਾ ਜਗਤ ਤਮਾਸ਼ਾ ਉਸਨੇ ਆਪ ਹੀ ਰਚਿਆ ਹੈ।[213] ਨਿਰੰਜਨ ਪ੍ਰਭੂ ਦਾ ਨਾਮ ਉਚਾਰਨ ਨਾਲ ਜੀਵ ਇੱਜ਼ਤ ਨਾਲ ਆਪਣੇ ਘਰ ਵਿਚ ਜਾਂਦਾ ਹੈ।[214] ਸ੍ਰਿਸ਼ਟੀ ਦੇ ਮੂਲ ਨਿਰੰਜਨ ਪ੍ਰਭੂ ਨੇ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਆਪਣੇ ਆਪ ਵਿਚ ਸਮਾਧੀ ਲਾਈ ਹੋਈ ਸੀ।[215] ਸਾਰੇ ਜੀਵ ਉਸ ਅਲੱਖ, ਬੇਅੰਤ ਨਿਰੰਜਨ ਪ੍ਰਭੂ ਦੇ ਖਜ਼ਾਨੇ ਵਿਚੋਂ ਪ੍ਰਭੂ ਦੇ ਨਾਮ ਦੀ ਦਾਤ ਮੰਗਦੇ ਹਨ।[216] ਇਹ ਜੀਵ ਕੁਝ ਵੀ ਕਰਨ ਯੋਗ ਨਹੀਂ। ਉਹ ਨਿਰੰਜਨ ਨਿਰੰਕਾਰ ਪ੍ਰਭੂ ਆਪ ਹੀ ਸਭ ਕੁਝ ਕਰਦਾ ਹੈ।[217] ਉਹ ਜੀਵ ਹੀ ਵਡਭਾਗੀ ਹਨ ਜੋ ਪ੍ਰਭੂ ਨਿਧਾਨ ਦਾ ਜਾਪ ਕਰਦੇ ਹਨ ਅਤੇ ਜਿਨ੍ਹਾਂ ਦੀ ਸੁਰਤ ਨਿਰੰਜਨ ਪ੍ਰਭੂ ਦੇ ਨਾਮ ਵਿਚ ਜੁੜੀ ਹੋਈ ਹੈ:—

ਏਹੁ ਨਿਧਾਨ ਜਪੈ ਵਡਭਾਗੀ ਜੀਉ।
ਨਾਮ ਨਿਰੰਜਨ ਏਕ ਲਿਵ ਲਾਗੀ ਜੀਉ।।[218]

ਗੁਰੂ ਜੀ ਨੇ ਪ੍ਰਭੂ ਲਈ 'ਨਿਰੰਜਨ' ਸ਼ਬਦ ਦਾ ਪ੍ਰਯੋਗ ਉਸਦੀ ਨਿਰਲੇਪਤਾ ਲਈ ਵੀ ਕੀਤਾ ਹੈ। ਮਾਇਆ ਦੀਆਂ ਸੋਚਾਂ ਸੋਚਦਿਆਂ ਹਮੇਸ਼ਾ ਜੀਵ ਦੇ ਮਨ ਵਿਚ ਸਹਿਮ ਭਰਿਆ ਰਹਿੰਦਾ ਹੈ। ਗੁਰੂ ਦੀ ਸ਼ਰਨ ਵਿਚ ਪੈ ਕੇ ਇੱਜਤ ਖੱਟਣ ਵਾਲੇ ਜੀਵ ਨੂੰ ਨਿਸ਼ਚਾ ਹੋ ਜਾਂਦਾ ਹੈ ਕਿ ਸਭ ਦਾਤਾਂ ਦੇਣ ਵਾਲਾ ਮਾਇਆ ਦੇ ਪ੍ਰਭਾਵ ਤੋਂ ਰਹਿਤ ਪਵਿਤ੍ਰ-ਸਰੂਪ ਪਰਮਾਤਮਾ ਹੀ ਹੈ:-

ਗਣਤ ਗਣੀਐ ਸਹਸਾ ਜੀਐ।। ਕਿਉ ਸੁਖ ਪਾਵੈ ਦੂਐ ਤੀਐ।।
ਨਿਰਮਲ ਏਕੁ ਨਿਰੰਜਨੁ ਦਾਤਾ ਗੁਰ ਪੂਰੇ ਤੇ ਪਤਿ ਪਾਈ ਹੇ।।[219]

ਉਸ ਦਾ ਸਰੂਪ ਤਾਂ ਨਿਰਗੁਣ ਹੈ ਪਰ ਨਾਮ ਮਾਇਆ ਤੋਂ ਰਹਿਤ ਹੈ।[220] ਗੁਰੂ ਨਾਨਕ ਦੇਵ ਜੀ ਜੋਗੀ ਨੂੰ ਸੰਬੋਧਨ ਕਰਦੇ ਹੋਏ ਕਹਿੰਦੇ ਹਨ ਕਿ ਜੋਗ ਦੀ ਪ੍ਰਾਪਤੀ ਨਾ ਤਾਂ ਖਿੰਥਾ ਪਹਿਨਣ ਨਾਲ ਹੁੰਦੀ ਹੈ, ਨਾ ਡੰਡਾ ਧਾਰਣ ਤੋਂ ਅਤੇ ਨਾ ਹੀ ਸਰੀਰ ਤੇ ਸਵਾਹ ਮਲਣ ਨਾਲ। ਅਤੇ ਨਾ ਹੀ ਕੰਨ ਵਿਚ ਮੁੰਦਰਾਂ ਪਾਉਣ ਨਾਲ, ਨਾ ਸਿਰ ਮੂੰਹ ਮੁਨਾਉਣ ਤੋਂ ਅਤੇ ਨਾ ਹੀ ਸਿੰਗੀ ਵਜਾਉਣ ਤੋਂ ਹੁੰਦੀ ਹੈ। ਜੋਗ ਦੀ ਪ੍ਰਾਪਤੀ ਤਾਂ ਮਾਇਆ ਵਿਚ ਰਹਿੰਦੇ ਹੋਏ ਮਾਇਆ ਤੋਂ ਮੁਕਤ ਹੋ ਕੇ ਹੀ ਹੋ ਸਕਦੀ ਹੈ:-

ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ।
ਜੋਗੁ ਨ ਮੁੰਦੀ ਮੂੰਡਿ ਮੁਡਾਇਐ, ਜੋਗੁ ਨ ਸਿੰਙੀ ਵਾਈਐ।।
ਅੰਜਨ ਮਾਹਿ ਨਿਰੰਜਨਿ ਰਹੀਐ ਜੋਗੁ ਜੁਗਤਿ ਇਵ ਪਾਈਐ।।[221]

ਇਸ ਤਰ੍ਹਾਂ ਜਿਥੇ ਗੁਰੂ ਜੀ ਨੇ ਪ੍ਰਭੂ ਨੂੰ ਮਾਇਆ ਤੋਂ ਨਿਰਲੇਪ ਦੱਸਿਆ ਹੈ ਉਥੇ ਪ੍ਰਭੂ ਦੀ ਪ੍ਰਾਪਤੀ ਲਈ ਜੀਵ ਨੂੰ ਵੀ ਮਾਇਆ ਤੋਂ ਨਿਰਲੇਪ ਰਹਿਣ ਦੀ ਪ੍ਰੇਰਨਾ ਕੀਤੀ ਹੈ। ਗੁਰੂ ਜੀ ਅਨੁਸਾਰ ਗੁਰਮੁਖ ਹੀ ਇਕ ਨਿਰੰਜਨ ਬਾਰੇ ਜਾਣ ਸਕਦਾ ਹੈ। ਆਪਣੇ ਅੰਦਰੋਂ ਦੂਈ ਭਾਵ ਦਾ ਤਿਆਗ ਕਰਕੇ ਉਸ ਸ਼ਬਦ ਨੂੰ ਪਛਾਣਿਆ ਜਾ ਸਕਦਾ ਹੈ।[222] ਜਿਹੜਾ ਜੋਗੀ ਰਾਤ ਦਿਨ ਸੱਚੇ ਪ੍ਰਭੂ ਵਿਚ ਲਿਵ ਜੋੜੀ ਰੱਖਦਾ ਹੈ ਅਤੇ ਨਿਰੰਜਨ ਪ੍ਰਭੂ ਨੂੰ ਧਿਆਉਂਦਾ ਹੈ ਉਹ ਹੀ ਉਸ ਨੂੰ ਚੰਗਾ ਲੱਗਦਾ ਹੈ।[223] ਉਹ ਪ੍ਰਭੂ ਆਪ ਤਾਂ ਹੈ ਹੀ ਮਾਇਆ ਰਹਿਤ ਜਿਸ ਮਨੁਖ ਦਾ ਮਨ ਵੀ ਉਸ ਪਰਮਾਤਮਾ ਦੀ ਯਾਦ ਵਿਚ ਗਿੱਝ ਜਾਂਦਾ ਹੈ ਉਸ ਨੂੰ ਵੀ ਮਾਇਆ ਦੀ ਭੁੱਖ ਤ੍ਰੇਹ ਨਹੀਂ ਰਹਿੰਦੀ। ਉਹ ਨਿਰੰਜਨ ਨੂੰ ਸਭ ਥਾਂ ਹਰੇਕ ਘਟ ਵਿਚ ਪਛਾਣ ਲੈਂਦਾ ਹੈ:-

ਨਾ ਤਿਸੁ ਭੂਖ ਪਿਆਸ ਮਨੁ ਮਾਨਿਆ।
ਸਰਬ ਨਿਰੰਜਨੁ ਘਟਿ ਘਟਿ ਜਾਨਿਆ।।[224]

ਗੁਰੂ ਦੀ ਮਿਹਰ ਨਾਲ ਮਾਇਆ ਤੋਂ ਰਹਿਤ ਪ੍ਰਭੂ ਮਿਲ ਪੈਂਦਾ ਹੈ ਤੇ ਮੁੜ ਸੰਸਾਰ ਸਮੁੰਦਰ ਦੇ ਗੇੜ ਵਿਚ ਨਹੀਂ ਪੈਣਾ ਪੈਂਦਾ। ਉਸ ਕੁਲ ਰਹਿਤ ਤੇ ਮਾਇਆ ਰਹਿਤ ਪ੍ਰਭੂ ਨਾਲ ਇਕ ਰੂਪਤਾ ਹੋ ਜਾਣ ਤੇ ਉਸ ਦਾ ਨਾਮ ਮਨੁੱਖ ਦੇ ਜੀਵਨ ਦਾ ਸਹਾਰਾ ਬਣ ਜਾਂਦਾ ਹੈ:--

ਸਤਿਗੁਰਿ ਮਿਲਿਐ ਨਿਰੰਜਨੁ ਪਾਇਆ ਬਹੁਰਿ ਨ ਭਵਜਲਿ ਫੇਰਾ।।
- - - - - - - - - - - - - - - - - - - - - - -
ਅਕੁਲ ਨਿਰੰਜਨ ਜਿਉ ਸਚਿ ਸਾਚੀ ਗੁਰਮਤਿ ਨਾਮੁ ਅਧਾਰੋ।।[225]

ਜਿਸ ਸਰੀਰ ਵਿਚ ਪਰਮਾਤਮਾ ਦੀ ਜੋਤਿ ਲਿਸ਼ਕਾਰਾ ਮਾਰਦੀ ਹੈ। ਉਹ ਸਰੀਰ ਸੋਨੇ ਵਰਗਾ ਸ਼ੁੱਧ ਰਹਿੰਦਾ ਹੈ। ਉਸ ਵਿਚ ਵਸਦੀ ਜੀਵਾਤਮਾ ਵੀ ਨਰੋਈ ਰਹਿੰਦੀ ਹੈ।

ਕੰਚਨ ਕਾਇਆ ਨਿਰਮਲ ਹੰਸੁ।। ਜਿਸੁ ਮਹਿ ਨਾਮੁ ਮਹਿ ਨਿਰੰਜਨ ਅੰਸੁ।।[226]

ਅਤੇ ਉਨ੍ਹਾਂ ਨੂੰ ਦਿਨ ਰਾਤ ਘੜੀ ਪਲ ਕਿਸੇ ਸਮੇਂ ਵੀ ਪਰਮਾਤਮਾ ਦੀ ਯਾਦ ਨਹੀਂ ਭੁੱਲਦੀ। ਉਹ ਹਰੇਕ ਸਾਹ ਨਾਲ ਨਿਰੰਜਨ ਪ੍ਰਭੂ ਨੂੰ ਸਿਮਰਦੇ ਹਨ:-

ਦਿਨੁ ਰੈਣਿ ਘੜੀ ਨ ਚਸਾ ਵਿਸਰੈ ਸਾਸਿ ਸਾਸਿ ਨਿਰੰਜਨੋ।।[227]

5. ਅਨਿਰਵਚਨੀਯ ਤੱਤ ਰੂਪ(ਅਵਿਅਕਤ ਨਿਰਗੁਣ ਬ੍ਰਹਮ)

ਜਦ ਤੋਂ ਮਨੁੱਖ ਸਮਾਜਕ ਪ੍ਰਾਣੀ ਕਹਾਉਣ ਲੱਗਾ, ਉਦੋਂ ਤੋਂ ਹੀ ਉਹ ਪਰਮਤੱਤ ਨੂੰ ਅਨੁਭਵ ਕਰਨ ਲੱਗਾ ਅਤੇ ਉਸ ਦੇ ਸਰੂਪ ਨੂੰ ਵਰਣਨ ਕਰਨ ਲਈ ਯਤਨਸ਼ੀਲ ਰਿਹਾ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ ਜਦ ਤੋਂ ਮਨੁੱਖ ਨੂੰ ਵਾਣੀ ਮਿਲੀ ਹੈ, ਉਸਨੇ ਪਰਮਤੱਤ ਦੀ ਅਨੰਤਤਾ ਦਾ ਅਨੁਭਵ ਕੀਤਾ ਹੈ ਅਤੇ ਉਸ ਸਰਵ ਵਿਆਪਕ ਦਾ ਵਰਣਨ ਕਰਨ ਦੇ ਲਈ ਕਈ ਤਰ੍ਹਾਂ ਦੇ ਯਤਨ ਕੀਤੇ ਹਨ, ਕਈ ਪਰਿਭਾਸ਼ਾਵਾਂ ਘੜੀਆਂ ਹਨ। ਪਰ ਫਿਰ ਵੀ ਤੁੱਛ ਮਨੁੱਖ ਅਸੀਮ ਬ੍ਰਹਮਾ ਨੂੰ ਪਰਿਭਾਸ਼ਾ ਦਾ ਵਿਸ਼ਾ ਨਾ ਬਣਾ ਸਕਿਆ ਅਤੇ ਅੰਤ ਵਿਚ ਉਸਨੂੰ ਆਪਣੇ ਆਪ ਨੂੰ

ਬੇਵਸ ਸਵੀਕਾਰ ਕਰਨਾ ਪਿਆ ਕਿ ਅਸੀਮ ਬ੍ਰਹਮਵਾਣੀ ਦਾ ਵਿਸ਼ਾ ਨਹੀਂ। ਉਹ ਵਰਣਨ ਅਤੀਤ ਹੈ, ਅਨਿਰਵਚਨੀਯ ਹੈ।[228] ਉਪਨਿਸ਼ਦਾਂ ਵਿਚ ਵੀ ਇਹੋ ਜਿਹੇ ਵਿਚਾਰ ਮਿਲ ਜਾਂਦੇ ਹਨ। ਕਠੋਪਨਿਸ਼ਦ ਅਨੁਸਾਰ ਬ੍ਰਹਮ ਅਗੋਚ ਅਤੇ ਅਨਿਰਵਚਨੀਯ ਹੈ। ਉਹ ਅਸ਼ਬਦ, ਅਸਪਰਸ਼, ਅਰੂਪ, ਰਸਹੀਣ, ਗੰਧਹੀਣ ਹੈ। ਉਹ ਨਿੱਤ, ਅਨਾਦਿ, ਅਨੰਤ, ਮਹਾਨ, ਨਿਸਚਲ, ਸਤਿ ਤੱਤ ਹੈ।[229] ਅਨਿਰਵਚਨੀਯ ਤੱਤ ਰੂਪ ਪਰਮਾਤਮਾ ਬਿਆਨ ਤੋਂ ਬਾਹਰ ਹੈ। ਜਿਵੇਂ ਗੂੰਗਾ ਗੁੜ ਦਾ ਸੁਆਦ ਨਹੀਂ ਦੱਸ ਸਕਦਾ; ਆਪ ਹੀ ਉਸ ਦਾ ਆਨੰਦ ਮਾਣ ਸਕਦਾ ਹੈ। ਠੀਕ ਉਸੇ ਤਰ੍ਹਾਂ ਪਰਮਤੱਤ ਵਿਚ ਲੀਨ ਭਗਤ ਉਸ ਦੇ ਪਿਆਰ ਦੀ ਕਹਾਣੀ ਦੱਸ ਨਹੀਂ ਸਕਦਾ। ਡਾ. ਪੀਤਾਂਬਰ ਦੱਤ ਬੜਥਵਾਲ ਲਿਖਦੇ ਹਨ ਕਿ ਪੂਰਣ ਰੂਪ ਵਿਚ ਉਸ ਪਰਮਸੱਤਾ ਦਾ ਕੋਈ ਵਿਚਾਰ ਹੀ ਨਹੀਂ ਕਰ ਸਕਦਾ ਕਿਉਂ ਕਿ ਉਹ ਮਨੁੱਖੀ ਮਨ ਤੋਂ ਪਰ੍ਹੇ ਹੈ। ਬੁੱਧੀ ਮੂਰਤ ਰੂਪ ਦਾ ਆਧਾਰ ਚਾਹੁੰਦੀ ਹੈ ਅਤੇ ਬਾਣੀ ਰੂਪਕ ਦਾ। ਇਸ ਲਈ ਅਮੂਰਤ ਅਤੇ ਅਨੂਪਮ ਨੂੰ ਗ੍ਰਹਿਣ ਕਰਨ ਵਿਚ ਬੁੱਧੀ ਅਤੇ ਵਿਅਕਤ ਕਰਨ ਵਿਚ ਵਾਣੀ ਅਸਮਰੱਥ ਹੈ।[230]

ਗੁਰੂ ਰਵਿਦਾਸ ਜੀ ਮੂਲ ਰੂਪ ਵਿਚ ਭਗਤ ਸਨ। ਇਸ ਲਈ ਉਨ੍ਹਾਂ ਨੂੰ ਪਰਮਾਤਮਾ ਦੇ ਦਰਸ਼ਨ ਦੀਦਾਰ ਦਾ ਅਨੁਭਵ ਪ੍ਰਾਪਤ ਸੀ। ਕਿਉਂ ਕਿ ਪਰਮਸਤਾ ਵਿਲੱਖਣ, ਨਿਵੇਕਲੀ ਅਤੇ ਅਨੂਪਮ ਸਤ੍ਹਾ ਹੈ। ਇਸ ਲਈ ਉਸ ਨੂੰ ਅਭਿਵਿਅਕਤ ਕਰਨਾ ਅਸੰਭਵ ਹੈ। ਉਹ ਤਾਂ ਅਨੁਭਵ ਦਾ ਵਿਸ਼ਾ ਹੀ ਬਣ ਸਕਦਾ ਹੈ। ਉਸ ਦਾ ਸਾਨੀ ਹੋਰ ਕੋਈ ਨਹੀਂ। ਅਸੀਮ ਪਰਮਸੱਤਾ ਦੀ ਸੀਮਾ ਅਤੇ ਸਤ੍ਹਾ ਕਿਸੇ ਵਿਰਲੇ ਨੂੰ ਹੀ ਪ੍ਰਾਪਤ ਹੁੰਦੀ ਹੈ। ਉਸ ਨੂੰ ਪ੍ਰਾਪਤ ਕਰਨ ਲਈ ਉਸ ਜਿੰਨਾ ਹੀ ਮਹਾਨ ਤੇ ਸ੍ਰੇਸ਼ਠ ਬਣਨਾ ਪੈਂਦਾ ਹੈ। ਉਸ ਮਹਾਨ ਅਵਸਥਾ ਤੇ ਪਹੁੰਚ ਕੇ ਜੀਵ ਅਤੇ ਬ੍ਰਹਮ ਵਿਚਲੀ ਦਵੈਤ ਭਾਵਨਾ ਖਤਮ ਹੋ ਜਾਂਦੀ ਹੈ। ਸਾਧਕ ਉਸ ਬ੍ਰਹਮ ਵਿਚ ਲੀਨ ਹੋ ਜਾਂਦਾ ਹੈ। ਗੁਰੂ ਰਵਿਦਾਸ ਜੀ ਬ੍ਰਹਮਲੀਨ ਹੋਏ ਉਸਦਾ ਸਰੂਪ ਨਹੀਂ ਦੱਸ ਸਕਦੇ। ਇਹ ਇਕ ਅਜਿਹੀ ਸਹਜ ਪ੍ਰੇਮ ਦੀ ਅਵਸਥਾ ਹੈ ਜਿਸ ਨੂੰ ਦੱਸਿਆ ਵੀ ਨਹੀਂ ਜਾ ਸਕਦਾ। ਬ੍ਰਹਮ ਦੇ ਅਦਵੈਤ ਸਰੂਪ, ਸਰਬ ਅੰਤਰਜਾਮੀ ਸਰਬੱਗ, ਸਰਵ-ਸ਼ਕਤੀਮਾਨ ਅਤੇ ਸਰਵ-ਵਿਆਪਕ ਸਰੂਪ ਬਾਰੇ ਗੁਰੂ ਰਵਿਦਾਸ ਜੀ ਲਿਖਦੇ ਹਨ:—

ਅਬ ਕਾ ਕਹਿ ਕੋਨ ਬਤਾਊਂ।
ਅਬ ਕਾ ਕਹਿ ਦੇਵਲਿ ਦੇਵ ਸਮਾਊਂ।।ਟੇਕ।।
ਕਾ ਸਯੋ ਰਾਮ ਕਹੋ ਸੁਨਿ ਭਾਈ, ਕਾ ਸਯੋਂ ਕ੍ਰਿਸ਼ਨ ਕਰੀਮਾ।।
ਕਾ ਸਯੋਂ ਬੇਦ ਕਤੇਬ ਕਹੂੰ ਅਬ, ਕਾਸਯੋਂ ਕਹੂੰ ਲਯੋ ਲੀਨਾ।

ਕਾ ਸਯੋ ਭੇਖ ਤੀਰਥ ਬ੍ਰਤ ਪੂਜਾ, ਕਾ ਸਯੋਂ ਨਾਉਂ ਕਹਾਊਂ।।
ਕਾ ਸਯੋਂ ਭਿਸਤਿ ਦੋਜਗੁ ਸਤਿ ਕਰਿ, ਕਾ ਸਯੋ ਕਹੂੰ ਕਹਾਈ।
ਕਾ ਸਯੋਂ ਜੀਵ ਸੀਵ ਕਹੋ ਮਾਧੋ, ਸੁੰਨਿ ਸਹਜ ਘਰ ਭਾਈ।
ਕਾ ਸਯੋਂ ਗੁਣੀ ਨ ਗੁਣ ਕਹੂੰ ਮਾਧੋ, ਕਾ ਸਯੋਂ ਕਹੂੰ ਬਤਾਈ।
ਜਲ ਕੇ ਤਰੰਗ ਜਲ ਮਾਹਿੰ ਸਮਾਈ, ਕਹਿ ਕਾ ਕੋ ਨਾਂਵ ਧਰਿਜੈ।
ਐਸੇ ਤੈਂ ਮੈਂ ਏਕ ਰੂਪ ਹੈ ਮਾਧੋ, ਆਪਣ ਹੀ ਨਿਰ ਵਰਿਯੈ।।
ਭਣੈ ਰਵਿਦਾਸ ਅਬ ਕਾ ਕਹਿ ਗਾਊਂ, ਜਉ ਕੋਈ ਔਰਹਿੰ ਹੋਈ।
ਜਾ ਸਯੋਂ ਗਾਇਹਿ ਗਾਇ ਕਹਤ ਹੈਂ, ਪਰਮ ਰੂਪ ਹਮ ਸੋਈ।।[231]

ਇਹ ਇਕ ਅਜਿਹੀ ਸਹਜ ਪ੍ਰੇਮ ਅਵਸਥਾ ਹੈ, ਜਿਸ ਨੂੰ ਰਵਿਦਾਸ ਵਰਗਾ ਬ੍ਰਹਮਲੀਨ ਰਸ ਦਾ ਜਾਨਣਹਾਰ ਅਤੇ ਰਸਿਕ ਜਨ ਹੀ ਪ੍ਰਾਪਤ ਕਰ ਸਕਦਾ ਹੈ। ਉਹ ਪਰਮ ਸਿੱਧੀ ਦੀ, ਇਸ ਅਵਸਥਾ ਵਿਚ ਰੂਪ-ਗੁਣ ਅਤੇ ਨਾਮ, ਕਰਮ ਵਿਹੀਨ ਹੋਕੇ ਖ਼ੁਦ ਹੀ ਬ੍ਰਹਮ ਰੂਪ ਹੋ ਗਿਆ ਹੈ। ਰੂਪ ਗੁਣ ਕਥਨ ਤਾਂ ਕੋਈ ਉਸ ਵਿਅਕਤੀ ਦਾ ਕਰ ਸਕਦਾ ਹੈ ਜੋ ਉਸ ਤੋਂ ਭਿੰਨ, ਕੋਈ ਹੋਰ ਹੋਵੇ, ਉਸ ਤੋਂ ਵੱਖਰਾ ਹੋਵੇ। ਜੋ ਉਸੇ ਵਿਚ ਸਮਾਇਆ ਹੋਇਆ ਹੋਵੇ, ਉਸਨੂੰ ਕੀ ਨਾਮ ਅਤੇ ਕੀ ਰੂਪ ਤੇ ਗੁਣ ਦਿੱਤਾ ਜਾ ਸਕਦਾ ਹੈ।[232]

ਗੁਰੂ ਰਵਿਦਾਸ ਉਸਨੂੰ ਕੋਈ ਨਾਮ ਨਹੀਂ ਦੇਣਾ ਚਾਹੁੰਦੇ। ਉਹ ਅਨਿਰਵਚ, ਅਕਥ ਅਤੇ ਵਰਣਨ ਤੋਂ ਪਰੇ ਹੈ। ਉਹ ਬ੍ਰਹਮ ਤਾਂ ਇਕ ਐਸਾ ਅਦੁੱਤੀ ਤੇ ਵਿਲੱਖਣ ਹੈ ਜੋ ਆਪਣੇ ਵਰਗਾ ਆਪ ਹੀ ਹੈ। ਉਸ ਦਾ ਸਾਨੀ ਹੋਰ ਕੋਈ ਨਹੀਂ। ਉਹ ਹਾਦਰਾ ਹਜ਼ੂਰਿ ਹੈ:-

1. ਆਪਨਿ ਆਪਿ ਸਾਖੀ ਨਹਿ ਦੂਸਰ, ਜਾਨਨਹਾਰ ਸਯਾਨਾ।।[233]
2. ਤੂ ਹਾਜਰਾ ਹਜੂਰਿ ਜੋਗ ਏਕ, ਅਵਰ ਨਹੀਂ ਦੂਜਾ।।[234]

ਪ੍ਰਭ ਇਕ ਸੂਖਮ ਅਤੇ ਅਦ੍ਰਿਸ਼ਟ ਸ਼ਕਤੀ ਹੋਣ ਕਰਕੇ ਉਸ ਦਾ ਸਰੂਪ ਮਨੁੱਖ ਦੇ ਬੌਧਿਕ ਗਿਆਨ ਦਾ ਵਿਸ਼ਾ ਨਹੀਂ। ਇਹ ਰਹੱਸਵਾਦੀ ਅਨੁਭਵ ਸਾਧਕ ਨੂੰ ਕਿਸੇ ਪਲ ਵੀ ਪ੍ਰਾਪਤ ਹੋ ਸਕਦਾ ਹੈ। ਸਭ ਸ਼ੰਕੇ ਖ਼ਤਮ ਹੋ ਜਾਂਦੇ ਹਨ ਅਤੇ ਪ੍ਰਭੂ ਪ੍ਰੀਤਮ ਨਾਲ ਇਕਮਿਕਤਾ, ਇਕਸੁਰਤਾ ਅਤੇ ਸਮਰੂਪਤਾ ਪ੍ਰਾਪਤ ਹੋ ਜਾਂਦੀ ਹੈ। ਇਹ ਸਹਿਜ ਪ੍ਰੇਮ ਦੀ ਅਵਸਥਾ ਹੈ। ਸ੍ਰੀ ਗੁਰੂ ਰਵਿਦਾਸ ਜੀ ਇਸ ਸਹਿਜ ਪ੍ਰੇਮ ਦੀ ਅਵਸਥਾ ਵਿਚ ਲੀਨ ਆਪਣੇ ਪ੍ਰਭੂ ਦੇ ਪ੍ਰੇਮ ਕਾਰਨ ਉਸੇ ਅੰਦਰ ਅਭੇਦ ਹੋ ਗਏ ਹਨ। ਇਸ ਅਵਸਥਾ ਵਿਚ ਪਹੁੰਚ ਕੇ ਬ੍ਰਹਮ, ਜੀਵ ਤੇ ਜਗਤ ਦੀ ਦੂਰੀ ਮਿਟ ਜਾਂਦੀ

ਹੈ। ਇਹ ਸਹਿਜ ਪ੍ਰੇਮ ਦੀ ਅਵਸਥਾ ਹੈ। ਸੋ ਗੁਰੂ ਰਵਿਦਾਸ ਜੀ ਇਸ ਸਹਿਜ ਪ੍ਰੇਮ ਦੀ ਅਵਸਥਾ ਵਿਚ ਲੀਨ ਆਪਣੇ ਪ੍ਰਭੂ ਦੇ ਪ੍ਰੇਮ ਕਾਰਨ ਉਸੇ ਅੰਦਰ ਅਭੇਦ ਹੋ ਗਏ ਹਨ। ਇਸ ਅਵਸਥਾ ਵਿਚ ਪਹੁੰਚ ਕੇ ਬ੍ਰਹਮ, ਜੀਵ ਤੇ ਜਗਤ ਦੀ ਦੂਰੀ ਮਿਟ ਜਾਂਦੀ ਹੈ। ਗੁਰੂ ਜੀ ਇਸ ਅਵਸਥਾ ਨੂੰ ਗੁੰਗੇ ਵਿਅਕਤੀ ਦਾ ਸ਼ੱਕਰ ਦਾ ਸੁਆਦ ਚੱਖਣ ਤੋਂ ਬਾਅਦ ਉਸ ਦਾ ਸੁਆਦ ਨਾ ਦੱਸ ਸਕਣ ਦੇ ਬਰਾਬਰ ਦੱਸਦੇ ਹਨ:-

ਜਾ ਪਰਿ ਕ੍ਰਿਪਾ ਸੋਇ ਭਲ ਜਾਨੈ।
ਗੂੰਗੈ ਸਾਕਰ ਕਹਾ ਬਖਾਨੈ।।[235]

ਗੁਰੂ ਜੀ ਬ੍ਰਹਮ ਬਾਰੇ 'ਅਕਥਾਕਥਾ' ਕਹਿ ਕੇ ਆਪਣੇ ਇਕ ਰਸ ਪ੍ਰੇਮ ਅਤੇ ਅਦਵੈਤਵਾਦੀ ਬ੍ਰਹਮ-ਚਿੰਤਨ ਦਾ ਸਪਸ਼ਟ ਸੰਕੇਤ ਕਰਦੇ ਹਨ। ਉਹ ਜੀਵ ਦੀ ਵੱਖਰੀ ਹਸਤੀ ਮੰਨ ਕੇ ਵੀ ਉਸ ਦੀ ਬ੍ਰਹਮ ਨਾਲ ਅਭੇਦਤਾ ਦੀ ਗੱਲ ਕਰਦੇ ਹਨ। ਪਰ ਉਸ ਬ੍ਰਹਮ ਨੂੰ ਕਿਸੇ ਹੋਰ ਨਾਲ ਤੁਲਨਾ ਨਹੀਂ ਦਿੱਤੀ ਜਾ ਸਕਦੀ:-

1. ਕਹੈ 'ਰਵਿਦਾਸ' ਅਕਥ ਕਥਾ, ਉਪਨਿਸ਼ਦ ਸੁਨੀਜੈ।
   ਜਸ ਤੂੰ ਤਸ ਤੂੰ ਹੀ, ਕਸ ਓਪਮ ਦੀਜੈ।।[236]
2. ਕਹਿ 'ਰਵਿਦਾਸ' ਅਕਥ ਕਥਾ ਬਹੁ ਕਾਇ ਕਰੀਜੈ।
   ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ।।[237]

ਗੁਰੂ ਰਵਿਦਾਸ ਅਨੁਸਾਰ ਅਨਿਰਵਰਨੀਯ ਰੂਪ ਬ੍ਰਹਮ ਦੇ ਗੁਣਾਂ, ਔਗੁਣਾਂ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਉਸਨੂੰ ਵਾਣੀ ਅਤੇ ਸ਼ਬਦਾਂ ਰਾਹੀਂ ਬਿਆਨ ਨਹੀਂ ਕੀਤਾ ਜਾ ਸਕਦਾ। ਕਿਉਂ ਕਿ ਪੂਰਨ ਬ੍ਰਹਮ ਸਾਰੀ ਸ੍ਰਿਸ਼ਟੀ ਤੋਂ ਨਿਆਰਾ ਹੈ। ਉਹ ਨਾ ਨੱਚਦਾ, ਨਾ ਗਾਉਂਦਾ ਤੇ ਨਾ ਹੀ ਤਾਲ ਵਜਾਉਂਦਾ ਹੈ। ਇਸੇ ਕਰਕੇ ਕੋਈ ਵਿਰਲਾ ਹੀ ਉਸ ਦੀ ਪ੍ਰਾਪਤੀ ਕਰ ਸਕਦਾ ਹੈ:-

1. ਰਾਮ ਕਹਤ ਸਭ ਜਗ ਭੁਲਾਨਾ, ਸੋ ਯਹੁ ਰਾਮ ਨ ਹੋਈ।
   ਕਰਮ ਅਕਰਮ ਕਰੁਣਾਮੈ ਕੇਸੋ, ਕਰਤਾ ਨਾਂਵ ਸੁ ਕੋਈ।।[238]
2. ਸਾਧੋ ! ਨਾਊ ਨਾਚੈ ਨਾਊ ਗਾਵੈ, ਨਾਊ ਤਾਲ ਵਜਾਵੈ।
   ਪੂਰਣ ਬ੍ਰਹਮ ਸਕਲ ਥੈ ਨਿਆਰਾ, ਉਹਿ ਬਿਰਲਾ ਕੋਉ ਪਾਵੈ।।[239]

ਗੁਰੂ ਜੀ ਪਰਮਤੱਤ ਦੀ ਭਗਤੀ ਨੂੰ ਬੋਲਣ ਦਾ ਵਿਸ਼ਾ ਹੀ ਨਹੀਂ ਮੰਨਦੇ।

ਜਿਹੋ ਜਿਹਾ ਹਰੀ ਨੂੰ ਵਰਨਣ ਕੀਤਾ ਜਾਂਦਾ ਹੈ, ਉਹ ਉਹੋ ਜਿਹਾ ਹੈ ਹੀ ਨਹੀਂ। ਉਸਦੇ ਸਰੂਪ ਨੂੰ ਤਾਂ ਵਰਣਨ ਹੀ ਨਹੀਂ ਕੀਤਾ ਜਾ ਸਕਦਾ:-

1. ਤੇਰੋ ਜਨ ਕਾਹੇ ਕੋ ਬੋਲੈ। ਬੋਲਿ ਬੋਲਿ ਆਪਣੀ, ਭਗਤਿ ਕਯੂੰ ਖੋਲੈ।[240]

2. ਜਸ ਹਰਿ ਕਹੀਏ, ਤਸ ਹਰਿ ਨਾਹੀਂ। ਹੈ ਅਸ ਜਸ ਕਛੂ ਤੈਸਾ।।[241]

ਗੁਰੂ ਨਾਨਕ ਦੇਵ ਜੀ ਨੂੰ ਵੀ ਗੁਰੂ ਰਵਿਦਾਸ ਵਾਂਗ ਪਰਮਤੱਤ ਦੇ ਦਰਸ਼ਨ ਦੀਦਾਰ ਦਾ ਅਨੁਭਵ ਪ੍ਰਾਪਤ ਸੀ। ਗੁਰੂ ਨਾਨਕ ਦੇਵ ਜੀ 'ਜਪੁਜੀ' ਵਿਚ ਫ਼ੁਰਮਾਉਂਦੇ ਹਨ ਕਿ ਉਸ ਪਰਮਤੱਤ ਨੂੰ ਉਹ ਹੀ ਪ੍ਰਾਪਤ ਕਰ ਸਕਦਾ ਹੈ ਜੋ ਉਸ ਜਿੰਨਾ ਮਹਾਨ ਅਤੇ ਸ਼੍ਰੇਸ਼ਠ ਹੁੰਦਾ ਹੈ। ਕਿਉਂ ਕਿ ਉਸ ਦਾ ਟਿਕਾਣਾ ਉੱਚਾ ਹੈ, ਉਸ ਦਾ ਨਾਂ ਉੱਚਾ ਹੈ। ਜਿੱਡਾ ਵੱਡਾ ਉਹ ਆਪ ਹੈ ਉਹ ਆਪ ਹੀ ਜਾਣਦਾ ਹੈ:-

ਵਡਾ ਸਾਹਿਬੁ ਊਚਾ ਥਾਉ।। ਊਚੇ ਉਪਰਿ ਊਚਾ ਨਾਉ।।
ਏਵਡੁ ਊਚਾ ਹੋਵੈ ਕੋਇ।। ਤਿਸੁ ਊਚੇ ਕਉ ਜਾਣੈ ਸੋਇ।।
ਜੇਵਡੁ ਆਪਿ ਜਾਣੈ ਆਪਿ ਆਪਿ।।[242]

ਉਸ ਨੂੰ ਨਾ ਤਾਂ ਸਥਾਪਤ ਕੀਤਾ ਜਾ ਸਕਦਾ ਹੈ ਤੇ ਨਾ ਹੀ ਕਾਇਮ। ਉਹ ਤਾਂ ਮਾਇਆ ਤੋਂ ਰਹਿਤ ਆਪਣੇ ਆਪ ਹੀ ਹੋਇਆ ਹੈ:-

ਥਾਪਿਆ ਨ ਜਾਇ ਕੀਤਾ ਨ ਹੋਇ।। ਆਪੇ ਆਪਿ ਨਿਰੰਜਨੁ ਸੋਇ।।[243]

ਉਸ ਦਾ ਕੋਈ ਚੱਕ੍ਰ, ਨਿਸ਼ਾਨ, ਵਰਨ, ਜਾਤ-ਪਾਤ ਆਦਿ ਕੁਝ ਵੀ ਨਹੀਂ। ਉਸਦੇ ਰੂਪ ਰੰਗ, ਰੇਖਾ, ਭੇਖ ਆਦਿ ਬਾਰੇ ਕੋਈ ਕੁੱਝ ਵੀ ਨਹੀਂ ਕਹਿ ਸਕਦਾ। ਉਸ ਦਾ ਰੂਪ ਅਟੱਲ ਹੈ ਤੇ ਹਿਰਦੇ ਤੋਂ ਪ੍ਰਕਾਸ਼ ਹੈ, ਉਸ ਦੀ ਮਹਾਨਤਾ ਵੀ ਕਹੀ ਨਹੀਂ ਜਾ ਸਕਦੀ:-

ਚੱਕ੍ਰ ਚਿਹਨ ਅਰੁ ਬਰਨ ਜਾਤਿ। ਅਰੁ ਪਾਤਿ ਨਹਿਨ ਜਿਹ ।।
ਰੂਪ ਰੰਗ ਅਰੁ ਰੇਖ ਭੇਖ, ਕੋਉ ਕਹਿ ਨ ਸਕਤ ਕਿਹ।।
ਅਚਲ ਮੂਰਤਿ ਅਨਭਉ ਪ੍ਰਕਾਸ, ਅਮਿਤੋਜਿ ਕਹਿਜੈ।।[244]

ਉਸ ਬ੍ਰਹਮ ਦਾ ਵਾਸਾ 'ਸਚਿਖੰਡ' ਵਿਚ ਹੈ। 'ਸੱਚਖੰਡ' ਉਹ ਸਹਿਜ ਅਵਸਥਾ

ਹੈ ਜਿਸ ਨੂੰ ਗੁਰੂ ਨਾਨਕ ਅਤੇ ਗੁਰੂ ਰਵਿਦਾਸ ਵਰਗੇ ਸਾਧਕ ਹੀ ਪ੍ਰਭੂ ਦੀ ਮਿਹਰ ਨਾਲ ਉਸ ਵਿਚ ਲੀਨ ਹੋ ਕੇ ਪ੍ਰਾਪਤ ਕਰ ਸਕਦੇ ਹਨ। ਪਰ ਉਹ ਵੀ ਇਸ ਅਵਸਥਾ ਦਾ ਜ਼ਿਕਰ ਨਹੀਂ ਕਰ ਸਕਦੇ ਤੇ ਨਾ ਹੀ ਅੰਤ ਪਾ ਸਕਦੇ ਹਨ। ਕੇਵਲ ਅਨੁਭਵ ਹੀ ਕਰ ਸਕਦੇ ਹਨ:--

ਸਚ ਖੰਡਿ ਵਸੈ ਨਿਰੰਕਾਰੁ।। ਕਰਿ ਕਰਿ ਵੇਖੈ ਨਦਰਿ ਨਿਹਾਲ।
ਤਿਥੈ ਖੰਡ ਮੰਡਲ ਵਰਭੰਡ।। ਜੇ ਕੋ ਕਥੈ ਤ ਅੰਤ ਨ ਅੰਤ।।[245]

ਡਾ. ਰਤਨ ਸਿੰਘ ਜੱਗੀ ਲਿਖਦੇ ਹਨ, ਗੁਰੂ ਨਾਨਕ ਉਨ੍ਹਾਂ ਅਨੁਭਵੀ ਸਾਧਕਾਂ ਵਿਚੋਂ ਸਨ ,ਜਿਨ੍ਹਾਂ ਨੇ ਪਰਮਾਤਮਾ ਦਾ ਸਾਖਸ਼ਾਤ ਅਨੁਭਵ ਪ੍ਰਾਪਤ ਕਰ ਲਿਆ ਸੀ ਅਤੇ ਜੋ ਇਹ ਵੀ ਸਮਝ ਚੁੱਕੇ ਸਨ ਕਿ ਪਰਮਾਤਮਾ ਕੇਵਲ ਅਨੁਭਵ ਦੀ ਵਸਤੂ ਹੈ। ਸ਼ਬਦਾਂ ਰਾਹੀਂ ਉਸ ਦੀ ਅਭਿਵਿਅਕਤੀ ਅਸੰਭਵ ਹੈ।[246]

ਬਹੁਤ ਸਾਰੇ ਮਨੁੱਖ ਆਪਣੇ ਆਪਣੇ ਤਰੀਕਿਆਂ ਨਾਲ ਉਸ ਨੂੰ ਸੁਣ ਕੇ ਉਸ ਦਾ ਵਖਿਆਨ ਕਰਨ ਦੀ ਕੋਸ਼ਿਸ਼ ਕਰਦੇ ਹਨ। ਪਰ ਸੁਣਨ ਤੇ ਕਹਿਣ ਨਾਲ ਉਸ ਪਰਮਾਤਮਾ ਦਾ ਅੰਤ ਨਹੀਂ ਪਾਇਆ ਜਾ ਸਕਦਾ। ਜਿਸ ਤੇ ਉਸ ਅਲੱਖ ਪਰਮਾਤਮਾ ਦੀ ਮਿਹਰ ਹੁੰਦੀ ਹੈ, ਉਸੇ ਨੂੰ ਉਸ ਅਕੱਥ ਬਾਰੇ ਕੱਥ ਕਰਨ ਦੀ ਬੁੱਧੀ ਪ੍ਰਾਪਤ ਹੁੰਦੀ ਹੈ:--

1. ਅੰਤ ਕਾਰਣਿ ਕੇਤੇ ਬਿਲ ਲਾਹਿ।। ਤਾਕੇ ਅੰਤ ਨ ਪਾਏ ਜਾਹਿ।।[247]
2. ਸੁਣਿ ਸੁਣਿ ਆਖੈ ਕੇਤੀ ਵਾਣੀ।। ਸੁਣਿ ਕਹਿਐ ਕੋ ਅੰਤੁ ਨ ਜਾਣੀ।।
   ਜਾ ਕਉ ਅਲਖ ਲਖਾਏ ਆਪੇ।। ਅਕਥ ਕਥਾ ਬੁਧਿ ਤਾਹਾ ਹੇ।।[248]

ਵੇਦ ਉਸ ਨੂੰ ਬੇਅੰਤ ਬੇਅੰਤ ਦੱਸਦੇ ਹਨ। ਸਾਰੇ ਖੋਜੀ ਅਤੇ ਦੇਵਤੇ ਉਸ ਦੀ ਖੋਜ ਕਰਕੇ ਥੱਕ ਗਏ ਹਨ। ਪਰ ਉਨ੍ਹਾਂ ਨੂੰ ਵੀ ਹਰੀ ਦੀ ਸਮਝ ਨਹੀਂ ਆਈ। ਗੁਰੂ ਜੀ ਅਨੁਸਾਰ ਜਿਨ੍ਹਾਂ ਨੇ ਪਰਮਾਤਮਾ ਦੇ ਦਰਸ਼ਨ ਦਾ ਰਸ ਚੱਖਿਆ ਹੈ। ਉਹ ਹੀ ਇਸ ਸਵਾਦ ਨੂੰ ਜਾਣਦੇ ਹਨ, ਪਰ ਉਨ੍ਹਾਂ ਲਈ ਵੀ ਵਰਣਨ ਕਰਨਾ ਮੁਸ਼ਕਿਲ ਹੈ, ਜਿਵੇਂ ਗੂੰਗੇ ਲਈ ਮਿਠਾਈ ਦਾ ਸਵਾਦ ਵਰਣਨ ਕਰਨਾ ਅਸੰਭਵ ਹੈ:--

1. ਨੇਤ ਹੀ ਨੇਤ ਬੇਦ ਬਤਾਵੈ। ਖੋਜ ਥੱਕੇ ਸਭ ਹੀ ਖੁਜੀਆ।
   ਸੁਰ ਹਾਰ ਪਰੇ ਹਰਿ ਹਾਥ ਨ ਆਵੈ।।[249]
2. ਜਿਨਿ ਚਾਖਿਆ ਸੇਈ ਸਾਦੁ ਜਾਣਨਿ ਜਿਉ ਗੁੰਗੇ ਮਿਠਿਆਈ।
   ਅਕੱਥੈ ਕਾ ਕਿਆ ਕਥੀਐ ਭਾਈ ਚਾਲਉ ਸਦਾ ਰਜਾਈ।।[250]

ਅੰਮ੍ਰਿਤ ਰੂਪੀ ਪਰਮਾਤਮਾ ਤੇ ਨਾਮ ਦਾ ਸਰੂਪ ਉਹੀ ਜਾਣ ਸਕਦਾ ਹੈ ਜੋ ਇਹੋ ਜਿਹੇ ਅੰਮ੍ਰਿਤ ਦਾ ਵਪਾਰੀ ਹੋਵੇ:-

ਅੰਮ੍ਰਿਤ ਕੀ ਸਾਰ ਸੋਇ ਜਾਣੈ, ਜਿ ਅੰਮ੍ਰਿਤ ਕਾ ਵਾਪਾਰੀ ਹੋਇ।।[251]

ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੀ ਬਾਣੀ ਵਿਚ ਅਨਿਰਵਚਨੀਯ ਤੱਤ ਦਾ ਨਿਰੂਪਣ ਪੰਜ ਢੰਗਾਂ ਵਿਚ ਕੀਤਾ ਗਿਆ ਹੈ:-

(1) ਨਿਰਗੁਣਵਾਚੀ ਵਿਸ਼ੇਸ਼ਣਾਂ ਰਾਹੀਂ।
(2) ਰੂਪਾਤਮਕ ਸ਼ੈਲੀ ਰਾਹੀਂ।
(3) ਵਿਰੋਧਾਤਮਕ ਸ਼ੈਲੀ ਰਾਹੀਂ।
(4) ਨਕਾਰਾਤਮਕ ਸ਼ੈਲੀ ਰਾਹੀਂ।
(5) ਵਿਭਾਵਾਤਮਕ ਸ਼ੈਲੀ ਰਾਹੀਂ।
(6) ਸ੍ਰਿਸ਼ਟੀਪੂਰਵ ਅਵਸਥਾ ਰਾਹੀਂ।

1. ਨਿਰਗੁਣਵਾਚੀ ਵਿਸ਼ੇਸ਼ਣਾਂ ਰਾਹੀਂ

ਗੁਰੂ ਰਵਿਦਾਸ ਨੇ ਅਨਿਰਵਚਨੀਯ ਤੱਤ ਨੂੰ, ਨਿਰਭਉ, ਨਿਰਵੈਰ, ਨਿਰੰਜਨ, ਨਿਰਾਕਾਰ, ਅਕਾਲਮੂਰਤਿ, ਅਜੂਨੀ, ਅਨੰਤ, ਅਗਮ, ਅਗੋਚਰ, ਅਭੇਦ, ਅਤਰਕ, ਨਿਰਵਿਕਾਰ, ਨਿਰਲੇਪ, ਅਲਖ, ਅਬਿਨਾਸੀ, ਨਿਰਗੁਣ, ਅਜਰ, ਅਮਰ, ਅਕੱਥ ਆਦਿ ਵਿਸ਼ੇਸ਼ਣਾਂ ਰਾਹੀਂ ਉਸ ਦੇ ਸਰੂਪ ਨੂੰ ਉਘਾੜਿਆ ਹੈ:-

1. ਨਿਹਚਲ ਨਿਰਾਕਾਰ ਅਜ ਅਨੂਪਮ, ਨਿਰਭੈ ਮਤਿ ਗੋਬਿੰਦਾ।
ਅਗਮ ਅਗੋਚਰ ਅਛਰ ਅਤਰਕ, ਨਿਰਗੁਨ ਅੰਤਿ ਆਨੰਦਾ।
ਸਦਾ ਅਤੀਤ, ਗਿਆਨ ਘਨ ਬਰਜਿਤ, ਨਿਰਬਿਕਾਰ ਅਬਿਨਾਸੀ।[252]
2. ਅਬਰਨ ਬਰਨ ਰੂਪ ਨਹੀਂ ਜਾਕੈ, ਸੁਕਹਾਂ ਲੈ ਜਾਇ ਸਮਾਈ।।[253]
3. ਨਿਰੰਜਨ ਨਿਰਾਕਾਰ ਨਿਰਲੇਪੀ। ਨਿਰਬੀਕਾਰ ਨਿਰਾਸੀ।[254]
4. ਅਬਰਨ ਬਰਨ ਕਥੈ ਜਿਨਿ ਕੋਈ। ਘਟਿ ਘਟਿ ਬਿਆਪਿ ਰਹਿਓ ਹਰਿ ਸੋਈ।[255]

5. ਤੂ ਸਗੁਣ ਨਿਰਗੁਣ ਨਿਰਾਮਯੀ ਨ੍ਰਿਬਿਕਾਰ।
ਹਰਿ ਅੰਜਨ ਨਿਰੰਜਨ ਬ੍ਰਿਮਲ ਅਪ੍ਰਮੇਵੀ।।[256]
6. ਅਜਰ ਅਮਰ ਅਡੋਲ ਅਭੇਖ, ਨਿਰਗੁਨ ਰਹਿਤ, ਰੂਪ ਨਹੀਂ ਰੇਖਾ।
ਚੇਤਨ ਸਤ ਚਿਤ ਘਨ ਆਨੰਦਾ, ਨਿਰਵਿਕਾਰ ਤੇਜ ਅਮਿਤ ਅਭੇਦਾ।
ਅਨੁਪ ਅਜਨਮਾ ਸਰਬਗ੍ਯ ਅਨੰਤਾ, ਅਭੇਦ ਅਦੇਖ ਅਵਿਗਤ ਸੁਛੰਦਾ।।[257]
7. ਤੇਜ ਸਰੂਪੀ ਸਕਲ ਸਿਰੋਮਨਿ ਅਲਖ ਨਿਰੰਜਨ ਰਾਵ।।[258]
8. ਅਵਿਨਾਸੀ ਨਹਿ ਭੀਨਸੈ, ਅਵਿਗਤ ਅਲਖ ਅਪਾਰ।।[259]

ਸੋ ਗੁਰੂ ਨਾਨਕ ਦੇਵ ਜੀ ਨੇ ਪਰਮਤੱਤ ਲਈ ਬਹੁਤ ਸਾਰੇ ਨਿਰਗੁਣਵਾਚੀ ਵਿਸ਼ੇਸ਼ਣਾਂ ਦੀ ਵਰਤੋਂ ਕੀਤੀ ਹੈ। ਜਿਨ੍ਹਾਂ ਵਿਚੋਂ ਪ੍ਰਮੁੱਖ ਸ਼ਬਦਾਂ ਦਾ ਵਰਣਨ ਕੀਤਾ ਜਾਂਦਾ ਹੈ। ਮੂਲਮੰਤਰ ਵਿਚ ਵਰਤੇ ਸ਼ਬਦ ਨਿਰਭਉ, ਨਿਰਵੈਰ, ਅਕਾਲਮੂਰਤਿ, ਅਜੂਨੀ ਆਦਿ ਪਰਮਾਤਮਾ ਲਈ ਵਰਤੇ ਨਿਰਗੁਣਵਾਚੀ ਵਿਸ਼ੇਸ਼ਣ ਹੀ ਹਨ।

ਨਿਰਭਉ – ਮੂਲਮੰਤਰ ਵਿਚ ਇਹ ਸ਼ਬਦ ਪਰਮਸਤਾ ਦੇ ਵਾਚਕ ਦੇ ਰੂਪ ਵਿਚ ਵਰਤਿਆ ਗਿਆ ਹੈ। ਇਸ ਤੋਂ ਭਾਵ ਭੈ ਰਹਿਤ ਹੋਣਾ ਹੈ। ਭੈ ਤੋਂ ਤਾਂ ਉਹੀ ਰਹਿਤ ਹੋ ਸਕਦਾ ਹੈ ਜਿਸ ਨੂੰ ਕਿਸੇ ਦਾ ਡਰ ਨਾ ਹੋਵੇ। ਉਹ ਕੇਵਲ ਸਰਬਸ਼ਕਤੀਮਾਨ ਪਰਮਾਤਮਾ ਹੀ ਹੋ ਸਕਦਾ ਹੈ। ਜਿਸ ਨੂੰ ਕਿਸੀ ਦਾ ਡਰ ਹੋਵੇ ਜਾਂ ਜਿਸ ਦੀ ਸ਼ਕਤੀ ਦੇ ਉਪਰ ਹੋਰ ਕੋਈ ਸ਼ਕਤੀ ਹੋਵੇ, ਉਹ ਭੈ ਯੁਕਤ ਹੁੰਦਾ ਹੈ, ਭੈ ਮੁਕਤ ਜਾਂ ਭੈ-ਰਹਿਤ ਨਹੀਂ।[260] ਗੁਰੂ ਨਾਨਕ ਦੇਵ ਜੀ ਵੀ ਉਸ ਪਰਮਾਤਮਾ ਨੂੰ ਨਿਰਭੈ ਪੇਸ਼ ਕਰਦੇ ਹਨ। 'ਆਸਾ ਦੀ ਵਾਰ' ਵਿਚ ਗੁਰੂ ਸਾਹਿਬ ਨੇ ਸਾਰਾ ਬ੍ਰਹਿਮੰਡ ਉਸ ਇੱਕ ਪਰਮਾਤਮਾ ਦੇ ਭੈਅ ਵਿਚ ਚਲਦਿਆਂ ਦਰਸਾਇਆ ਹੈ। ਪਰ ਗੁਰੂ ਜੀ ਦੀ ਵਿਸ਼ੇਸ਼ਤਾ ਇਹ ਹੈ ਕਿ ਉਨ੍ਹਾਂ ਦਾ ਪਰਮਾਤਮਾ ਭੈ ਦਾ ਹੀ ਭਗਵਾਨ ਨਹੀਂ, ਉਹ ਤਾਂ ਪ੍ਰੇਮ ਕਰਨ ਵਾਲਾ ਵੀ ਹੈ:-

ਭੈ ਵਿਚਿ ਪਵਣੁ ਵਹੈ ਸਦਵਾਉ।। ਭੈ ਵਿਚਿ ਚਲਹਿ ਲਖ ਦਰੀਆਉ।।
- - - - - - - - - - - - - - - - - - - - - - - - - -
ਭੈ ਵਿਚਿ ਜੋਧ ਮਹਾਬਲ ਸੂਰ।। ਭੈ ਵਿਚਿ ਆਵਹਿ ਜਾਵਹਿ ਪੂਰ।
ਸਗਲਿਆ ਭਉ ਲਿਖਿਆ ਸਿਰਿ ਲੇਖੁ।। ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ।।[261]

ਇਸ ਤਰ੍ਹਾਂ ਗੁਰੂ ਜੀ ਅਨੁਸਾਰ ਸਾਰਿਆਂ ਦੇ ਸਿਰ ਤੇ ਡਰ ਦਾ ਲੇਖ ਲਿਖਿਆ ਹੈ

ਕੇਵਲ ਨਿਰੰਕਾਰ ਹੀ ਡਰ ਤੋਂ ਬਿਨਾ ਹੈ। ਬਾਕੀ ਸਾਰੇ ਰਾਮ, ਰਾਵਣ,ਦੇਵੀ ਦੇਵਤੇ ਉਸ ਦੇ ਚਰਨਾਂ ਦੀ ਧੂੜ ਹਨ:-

ਨਾਨਕ ਨਿਰਭਉ ਨਿਰੰਕਾਰ। ਹੋਰਿ ਕੇਤੇ ਰਾਮ ਰਵਾਲ।।[262]

ਗੁਰੂ ਨਾਨਕ ਦੇਵ ਜੀ ਨੇ ਨਿਰਭਉ ਸ਼ਬਦ ਦਾ ਪ੍ਰਯੋਗ ਹੋਰ ਵੀ ਬਹੁਤ ਸਾਰੀਆਂ ਥਾਵਾਂ ਤੇ ਕੀਤਾ ਹੈ:-

1. ਅਹਿਨਿਸ ਹਿਰਦੈ ਰਵਿ ਰਹੈ ਨਿਰਭਉ ਨਾਮੁ ਨਿਰੰਕਾਰ।।[263]
2. ਜਾਕੈ ਗ੍ਰਿਹਿ ਸਭੁ ਕਿਛੁ ਹੈ ਪੂਰਨੁ ਸੋ ਭੇਟਿਆ ਨਿਰਭੈ ਧਨੀ।।[264]
3. ਗੁਰ ਅੰਮ੍ਰਿਤ ਨਾਮ ਪਿਆਲਿਆ ਜਨਮ ਮਰਨ ਕਾ ਪਥ।[265]
   ਗੁਰ ਪਰਮੇਸਰ ਸੇਵਿਆ ਭੈ ਭੰਜਨ ਦੁਖ ਲਥ।
4. ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ।।[266]
5. ਨਿਰਭਉ ਸੋ ਸਿਰਿ ਨਾਹੀ ਲੇਖਾ। ਆਪਿ ਅਲੇਖੁ ਕੁਦਰਤਿ ਹੈ ਦੇਖਾ।।
   ਆਪਿ ਅਤੀਤੁ ਅਜੋਨੀ ਸੰਭਉ ਨਾਨਕ ਗੁਰਮਤਿ ਸੋ ਪਾਇਆ।।[267]

ਨਿਰਵੈਰ -- ਜਿਸ ਦੇ ਮਨ ਵਿਚ ਕਿਸੇ ਲਈ ਵੈਰ ਨਾ ਹੋਵੇ। ਗੁਰੂ ਨਾਨਕ ਨੇ ਪਰਮਾਤਮਾ ਲਈ 'ਨਿਰਵੈਰ' ਸ਼ਬਦ ਦੀ ਵਰਤੋਂ ਕੀਤੀ ਹੈ। ਉਹ ਅੰਤਿਮ ਸਚਾਈ ਨੂੰ ਵੈਰ ਤੋਂ ਬਿਨਾ ਮੰਨਦੇ ਹਨ। ਪਰਮਾਤਮਾ ਦਿਆਲੂ ਅਤੇ ਕਿਰਪਾਲੂ ਹੋਣ ਕਰਕੇ ਵੈਰ-ਵਿਰੋਧ ਤੋਂ ਰਹਿਤ ਹੈ। ਉਹ ਡਰ ਅਤੇ ਦੁਸ਼ਮਣੀ ਤੋਂ ਉਤਾਂਹ ਹੈ। ਡਾ. ਮਨਮੋਹਨ ਸਹਿਗਲ ਲਿਖਦੇ ਹਨ ਕਿ ਉਹ ਸਭ ਦਾ ਸਵਾਮੀ ਹੈ। ਸਭ ਉਸਦੇ ਹੱਥ ਦੇ ਖਿਡੌਣੇ ਹਨ। ਉਹ ਸਭ ਦਾ ਸਿਰਜਕ, ਪਾਲਣਹਾਰ ਅਤੇ ਵਿਨਾਸ਼ਕ ਹੈ। ਉਸ ਲਈ ਭੈ ਅਤੇ ਦੁਸ਼ਮਣੀ ਦੋਵੇਂ ਅਣਜਾਣੀਆਂ ਸੰਵੇਦਨਾਵਾਂ ਹਨ।[268] ਪਰਮਾਤਮਾ ਜਦੋਂ ਭੈ ਰਹਿਤ ਹੈ ਤਾਂ ਉਸ ਨੂੰ ਵੈਰ ਕਰਨ ਦੀ ਵੀ ਕੀ ਲੋੜ ਹੈ। ਜਦੋਂ ਉਸਦੇ ਬਰਾਬਰ ਕੋਈ ਹੈ ਹੀ ਨਹੀਂ ਤਾਂ ਉਹ ਵੈਰ ਵੀ ਕਿਸ ਨਾਲ ਕਰੇ। ਉਪਨਿਸ਼ਦਾਂ, ਵੇਦਾਂ ਅਤੇ ਸ੍ਰੀਮਦ ਭਗਵਤ ਗੀਤਾ ਵਿਚ ਵੀ ਉਸ ਪਰਮਾਤਮਾ ਨੂੰ ਨਿਰਵੈਰ ਦਸਿਆ ਗਿਆ ਹੈ। ਸ੍ਰੀਮਦ ਭਗਵਤ ਗੀਤਾ ਵਿਚ ਭਗਵਾਨ ਕ੍ਰਿਸ਼ਨ ਕਹਿੰਦੇ ਹਨ ਕਿ ਨ ਮੇਰਾ ਕੋਈ ਪਿਆਰਾ ਹੈ ਅਤੇ ਨਾ ਹੀ ਦੁਪਿਆਰਾ।[269] ਗੁਰਬਾਣੀ ਵਿਚ ਲਿਖਿਆ ਹੈ:-

1. ਜੁਗਿ ਜੁਗਿ ਥਾਪਿ ਸਦਾ ਨਿਰਵੈਰੁ। ਜਨਮਿ ਮਰਣਿ ਨਹੀਂ ਧੰਧਾ ਧੈਰੁ।।[270]
2. ਨਿਰਵੈਰੁ ਅਕਾਲ ਮੂਰਤਿ।। ਅਜੂਨੀ ਸੈਭੰ।।[271]
3. ਨਿਰਵੈਰ ਪੁਰਖ ਸਤਿਗੁਰ ਪ੍ਰਭ ਦਾਤੇ। ਹਮ ਅਪਰਾਧੀ ਸਦ ਬਖਸ਼ਾਤੇ।।[272]

ਸ੍ਰੀ ਗੁਰੂ ਅਰਜਨ ਦੇਵ ਜੀ ਸੰਤਾਂ ਤੋਂ ਬਲਿਹਾਰੇ ਜਾਂਦੇ ਹਨ ਜਿਨ੍ਹਾਂ ਨੇ ਕਾਮ, ਕ੍ਰੋਧ,ਲੋਭ ਨੂੰ ਖਤਮ ਕਰ ਦਿੱਤਾ ਹੈ। ਉਹ ਨਿਰੰਕਾਰ ਆਪ ਨਿਰਵੈਰ ਹੈ ਤੇ ਉਸਦੇ ਸੰਤ ਨਿਰਮਲ ਹਨ:-

1. ਹਉ ਬਲਿਹਾਰੀ ਸੰਤਨ ਤੇਰੇ ਜਿਨਿ ਕਾਮ ਕ੍ਰੋਧ ਲੋਭੁ ਪੀਠਾ ਜੀਉ।
   ਤੂੰ ਨਿਰਵੈਰੁ ਸੰਤ ਤੇਰੇ ਨਿਰਮਲੁ।। ਜਿਨਿ ਦੇਖੇ ਸਭ ਉਤਰਹਿ ਕਲਮਲ।।[273]
2. ਨਿਰਭਉ ਨਿਰੰਕਾਰੁ ਨਿਰਵੈਰੁ ਪੂਰਨ ਜੋਤਿ ਸਮਾਈ।।[274]

ਅਕਾਲਿਮੂਰਤਿ – ਗੁਰੂ ਨਾਨਕ ਦੇਵ ਜੀ ਅਨੁਸਾਰ ਪਰਮਾਤਮਾ ਦੇਸ਼ ਕਾਲ ਤੋਂ ਪਰੇ ਹੈ। ਉਸ ਦਾ ਸਰੂਪ ਜਾਂ ਮੂਰਤ ਕਾਲ ਰਹਿਤ ਹੈ। ਉਹ ਕਾਲ ਦੇ ਪ੍ਰਭਾਵ ਤੋਂ ਮੁਕਤ ਹੈ। ਉਹ ਅਡਿਗ, ਅਡੋਲ ਅਤੇ ਅਪਰਿਵਰਤਨਸ਼ੀਲ ਹੈ। ਉਹ ਪਰਸਿਥਤੀਆਂ ਦੇ ਬੰਧਨ ਤੋਂ ਮੁਕਤ ਹੈ। ਉਹ ਜਰੇ ਜਰੇ ਵਿਚ ਸਮਾਇਆ ਹੋਇਆ ਹੈ। ਉਹ ਅਕਾਲਿ ਹੋਣ ਕਰਕੇ ਅਨਾਦਿ ਅਤੇ ਅਨੰਤ ਹੈ। ਉਸ ਤੋਂ ਬਿਨਾਂ ਸਭ ਮੂਰਤੀਆਂ ਢਹਿ ਢੇਰੀ ਹੋ ਜਾਣਗੀਆਂ ਪਰ ਉਹ ਅਜਿਹੀ ਮੂਰਤੀ ਹੈ ਜੋ ਕਦੇ ਸਥਾਪਤ ਨਹੀਂ ਕੀਤੀ ਜਾ ਸਕਦੀ:--

1. ਆਦਿ ਸਚੁ।।ਜੁਗਾਦਿ ਸਚੁ।। ਹੈ ਭੀ ਸਚੁ।। ਨਾਨਕ ਹੋਸੀ ਭੀ ਸਚੁ।।[275]
2. ਥਾਪਿਆ ਨ ਜਾਇ ਕੀਤਾ ਨ ਹੋਇ।। ਆਪੇ ਆਪਿ ਨਿਰੰਜਨੁ ਸੋਇ।।[276]
3. ਨਿਰਵੈਰ ਅਕਾਲਿ ਮੂਰਤਿ ਅਜੂਨੀ ਸੰਭਉ।।[277]

ਕੇਵਲ ਪਰਮਾਤਮਾ ਹੀ ਅਕਾਲਿਪੁਰਖ ਹੈ। ਉਸਦੇ ਸਿਰ ਤੇ ਕਾਲ ਦਾ ਡਰ ਨਹੀਂ। ਬਾਕੀ ਸਾਰਾ ਸੰਸਾਰ ਕਾਲ ਦਾ ਗ੍ਰਸਿਆ ਹੋਇਆ ਹੈ:--

1. ਤੂੰ ਅਕਾਲਿ ਪੁਰਖਿ ਨਾਹੀ ਸਿਰ ਕਾਲਾ। ਤੂ ਪੁਰਖ ਅਲੇਖ ਅੰਗਮਿ ਨਿਰਾਲਾ।
   - - - - - - - - - - - - - - - - - - - - - - - - - -
   ਤ੍ਰੈ ਵਰਤਾਈ ਚਉਥੈ ਘਰਿ ਵਾਸਾ। ਕਾਲ ਨਿਕਾਲ ਕੀਏ ਏਕ ਗ੍ਰਾਸਾ।।[278]
2. ਅਲਖ ਅਪਾਰ ਅਗੰਮ ਅਗੋਚਰਿ। ਨਤਿਸੁ ਕਾਲੁ ਨ ਕਰਮਾ।।[279]

ਉਪਨਿਸ਼ਦਾਂ ਵਿਚ ਵੀ ਬ੍ਰਹਮ ਨੂੰ ਤ੍ਰੈਕਾਲਤੀਤ ਦੱਸਿਆ ਗਿਆ ਹੈ। ਇਸ ਤਰ੍ਹਾਂ ਗੁਰੂ ਜੀ ਵੈਦਿਕ ਪਰੰਪਰਾ ਦੀ ਵਿਆਖਿਆ ਹੀ ਕਰਦੇ ਹਨ।

ਅਜੂਨੀ – ਪਰਮਾਤਮਾ ਆਵਾਗਵਨ ਅਥਵਾ ਜੋਨਿ ਬੰਧਨ ਤੋਂ ਰਹਿਤ ਹੈ। ਉਹ ਅਜਨਮਾ ਹੈ। ਉਹ ਜਨਮ ਧਾਰਨ ਹੀ ਨਹੀਂ ਕਰਦਾ। ਪਰਮਾਤਮਾ ਅਕਾਲਿ ਹੋਣ ਕਰਕੇ ਨਾ ਉਹ ਜਨਮ

ਧਾਰਦਾ ਹੈ ਅਤੇ ਨਾਹੀ ਮਰਦਾ ਹੈ। ਅਸਲ ਵਿਚ ਬ੍ਰਹਮ ਅਜਨਮਾ ਤਾਂ ਉਪਨਿਸ਼ਦਾਂ ਵਿਚ ਵੀ ਸਵਿਕਾਰ ਕੀਤਾ ਗਿਆ ਹੈ ਅਤੇ ਅਵਤਾਰਵਾਦ ਦਾ ਕੋਈ ਵਿਸ਼ੇਸ਼ ਪਹਿਲੂ ਭਾਰਤੀ ਸੰਸਕ੍ਰਿਤੀ ਦੇ ਇਨ੍ਹਾਂ ਸ੍ਰੋਤ ਗ੍ਰੰਥਾਂ ਵਿਚ ਉਪਲਬਧ ਵੀ ਨਹੀਂ, ਤਾਂ ਵੀ ਗੁਰੂ ਗ੍ਰੰਥ ਚਿੰਤਨ ਵਿਚ ਪ੍ਰਯੋਗ 'ਅਜੂਨਿ' ਸ਼ਬਦ ਦਾ ਅਰਥ ਮਾਤਰ ਅਜਨਮਾ ਨਾ ਹੋਕੇ ' ਜੋ ਕਦੇ ਸੰਸਾਰ ਵਿਚ ਜਨਮ ਨਹੀਂ ਲੈਂਦਾ' ਅਜਿਹਾ ਵੀ ਨਿਕਲਦਾ ਹੈ।[280] ਮੂੰਡਕੋਪਨਿਸ਼ਦ ਵਿਚ ਵੀ ਉਸਨੂੰ ਅਜਨਮਾ ਦੱਸਿਆ ਗਿਆ ਹੈ। ਜਦੋਂ ਕੋਈ ਨਹੀਂ ਸੀ, ਕੇਵਲ ਉਹੀ ਸੀ।[281] ਗੁਰੂ ਨਾਨਕ ਬਾਣੀ ਵਿਚ ਵੀ ਇਸਦੇ ਅਨੇਕ ਉਦਾਹਰਣ ਮਿਲ ਜਾਂਦੇ ਹਨ:--

1. ਅਲਖੁ ਨ ਲਖੀਐ ਅਗਮੁ ਅਜੋਨੀ ਤੂੰ ਨਾਥਾਂ ਨਾਥਣਹਾਰਾ।।[282]
2. ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ।।[283]
3. ਆਪਿ ਅਤੀਤੁ ਅਜੋਨੀ ਸੰਭਉ ਨਾਨਕ ਗੁਰਮਤਿ ਸੋ ਪਾਇਆ।।[384]
4. ਪਾਰਬ੍ਰਹਮ ਅਜੋਨੀ ਸੰਭਉ ਸਰਬ ਥਾਨ ਘਟ ਬੀਠਾ।।[285]

ਅਗਮ, ਅਗੋਚਰ, ਅਲਖ, ਅਪਰ ਅਪਾਰ ਨਿਰਾਲਾ ਆਦਿ

1. ਅਗਮ ਅਗੋਚਰ ਅਲਖ ਅਪਾਰਾ, ਚਿੰਤਾ ਕਰਹੁ ਹਮਾਰੀ।।[286]
2. ਹਰਿ ਅਗਮ ਅਗਾਹੁ ਅਗਾਧਿ ਨਿਰਾਲਾ।।[287]
3. ਅਗਮ, ਅਗੋਚਰੁ ਅਪਰ ਅਪਾਰਾ ਪਾਰਬ੍ਰਹਮ, ਪਰਧਾਨੋ।।[288]

ਇਸੇ ਤਰ੍ਹਾਂ ਗੁਰੂ ਸਾਹਿਬ ਨੇ ਪਰਮਾਤਮਾ ਲਈ ਅਨੰਤ, ਅਨੂਪ, ਅਮੁੱਲ, ਅਤੁਲ, ਅਕੁਲ, ਅਜਰ-ਅਮਰ, ਅਕਥ, ਬੇ-ਐਬ, ਬੇਪ੍ਰਵਾਹ, ਅਟਲ, ਅਡੋਲ, ਅਭੁੱਲ, ਅਨਾਦਿ, ਅਨੀਲ, ਨਿਰਮਲ, ਅਜਾਤਿ, ਲਾਸ਼ਰੀਕ, ਅਰੂਪ ਆਦਿ ਨਿਰਗੁਣਵਾਦੀ ਵਿਸ਼ੇਸ਼ਣਾਂ ਦੀ ਵਰਤੋਂ ਕੀਤੀ ਹੈ।

2. ਰੂਪਾਤਮਕ ਸ਼ੈਲੀ ਰਾਹੀਂ

ਦੋਹਾਂ ਹੀ ਗੁਰੂਆਂ ਨੇ ਆਪਣੀ ਵਾਣੀ ਵਿਚ ਰੂਪਾਤਮਕ ਸ਼ੈਲੀ ਰਾਹੀਂ ਬ੍ਰਹਮ ਦਾ ਸਰੂਪ ਵਰਣਨ ਕੀਤਾ ਹੈ। ਗੁਰੂ ਰਵਿਦਾਸ ਜੀ ਨੇ ਬ੍ਰਹਮ ਲਈ, ਬਾਜੀਗਰ, ਭਾਟੀ, ਘੁਮਿਆਰ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਹੈ। ਗੁਰੂ ਰਵਿਦਾਸ ਜੀ ਬਾਜੀਗਰ ਰੂਪੀ ਅਵਿਅਕਤ ਬ੍ਰਹਮ

ਨਾਲ ਇਕਮਿਕ ਹੋਣ ਲਈ ਪ੍ਰੇਰਦੇ ਹਨ। ਕਿਉਂਕਿ ਉਸਦੀ ਸੰਸਾਰ ਰੂਪੀ ਬਾਜੀ ਦਾ ਭੇਦ ਤਾਂ ਹੀ ਜਾਣਿਆ ਜਾ ਸਕਦਾ ਹੈ। ਕੇਵਲ ਬਾਜੀਗਰ ਹੀ ਸੱਚਾ ਹੈ ਤੇ ਉਸਦੀ ਸੰਸਾਰ ਰੂਪੀ ਬਾਜੀ ਤਾਂ ਨਾਸ਼ਮਾਨ ਹੈ। ਗੁਰੂ ਰਵਿਦਾਸ ਜੀ ਲਿਖਦੇ ਹਨ:-

1. ਬਾਜੀਗਰ ਸੂੰ ਰਾਚਿ ਰਹੀਏ, ਬਾਜੀ ਕੂੰ ਮਰਮ ਇਨਿ ਜਾਨਾ।।
ਬਾਜੀ ਝੂਠ ਸਾਚ ਬਾਜੀਗਰ, ਜਾਨਾ ਮਨ ਪਤਿਆਨਾ।।[289]
2. ਬਾਜੀਗਰ ਕੀ ਬਾਜੀ ਕਾਰਨਿ, ਸਭ ਕੋ ਕੌਤਿਕ ਆਵੈ।।[290]
3. ਕਹਿ ਰਵਿਦਾਸ ਬਾਜੀ ਜਗੁ ਭਾਈ। ਬਾਜੀਗਰ ਸਉ ਮੋਹਿ ਪ੍ਰੀਤ ਬਨਿਆਈ।[291]
4. ਸਹਜ ਸੁੰਨਿ ਮੈਂ ਭਾਟੀ ਸ੍ਰਵੈ, ਰਵਿਦਾਸ ਗੁਰਮੁਖਿ ਦ੍ਰਵੈ।।[292]
5. ਏਕੈ ਮਾਟੀ ਕੇ ਸਭ ਭਾਂਡੇ, ਸਭ ਕਾ ਏਕੋ ਸਿਰਜਨਹਾਰਾ।
ਰਵਿਦਾਸ ਬਯਾਪੈ ਏਕੋ ਘਟ ਭੀਤਰ, ਸਭ ਕੋ ਏਕੈ ਘੜੈ ਕੁਮ੍ਹਾਰਾ।।[293]

ਗੁਰੂ ਨਾਨਕ ਦੇਵ ਜੀ ਨੇ ਵੀ ਆਪਣੀ ਬਾਣੀ ਵਿਚ ਉਸ ਪੂਰਨ ਬ੍ਰਹਮ ਨੂੰ ਘੁਮਿਆਰ, ਬਾਜੀਗਰ, ਵਣਜਾਰਾ, ਬਿਰਛ ਆਦਿ ਸ਼ਬਦਾਂ ਨਾਲ ਰੂਪਮਾਨ ਕੀਤਾ ਹੈ। ਉਹ ਪਰਮਾਤਮਾ ਆਪ ਹੀ ਕੰਡਾ ਜਾਂ ਤੱਕੜੀ ਹੈ ਅਤੇ ਆਪੇ ਹੀ ਤੋਲਣ ਵਾਲਾ ਹੈ। ਆਪੇ ਵਣਜਾਰਾ ਹੈ:-

1. ਆਪੇ ਕੰਡਾ ਤੋਲੁ ਤਰਾਜੀ ਆਪੇ ਤੋਲਣਹਾਰਾ।
ਆਪੇ ਦੇਖੈ ਆਪੇ ਬੂਝੈ ਆਪੇ ਹੈ ਵਣਜਾਰਾ।।[294]
2. ਆਪੇ ਭਾਂਡੇ ਸਾਜਿਅਨੁ। ਆਪੇ ਪੂਰਣੁ ਦੇਇ।।
ਇਕਨੀ ਦੁਧੁ ਸਮਾਈਐ। ਇਕਿ ਚੁਲ੍ਹੈ ਰਹਨ੍ਹਿ ਚੜੇ[295]
3. ਮਾਟੀ ਏਕ ਸਕਲ ਸੰਸਾਰਾ।। ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ।।[296]

ਉਸ ਪਾਰਬ੍ਰਹਮ ਨੂੰ ਬਾਜੀਗਰ ਸ਼ਬਦ ਰਾਹੀਂ ਰੂਪਮਾਨ ਕਰਦੇ ਗੁਰੂ ਜੀ ਜੀਵ ਨੂੰ ਇਸ ਸੰਸਾਰ ਵਿਚ ਚਾਰ ਦਿਨ ਦਾ ਪ੍ਰਾਹੁਣਾ ਦੱਸਦੇ ਹਨ। ਬਾਜੀਗਰ (ਪਰਮਾਤਮਾ) ਦੀ ਖੇਡੀ ਗਈ ਇਹ ਸੰਸਾਰ ਰੂਪੀ ਬਾਜੀ ਬਿਲਕੁਲ ਉਸੇ ਤਰ੍ਹਾਂ ਹੈ ਜਿਵੇਂ ਰਾਤ ਦਾ ਸੁਪਨਾ। ਉਸ ਦੀ ਇਹ ਸਾਰੀ ਖੇਡ ਤਮਾਸ਼ਾ ਤਾਂ ਅਧਿਕਾਰ ਹੀ ਹੈ। ਜਿਹੋ ਜਿਹਾ ਭੇਖ ਉਹ ਪਰਮਾਤਮਾ ਜੀਵ ਨੂੰ ਧਾਰਨ ਕਰਾਉਂਦਾ ਹੈ ਉਹ ਉਹੋ ਜਿਹਾ ਹੀ ਸਾਜਦਾ ਹੈ। ਇਹ ਜੀਵ ਤਾਂ ਇਕ ਕਾਠ ਦੀ ਪੁਤਲੀ ਦੇ ਬਰਾਬਰ ਹੈ। ਇਸ ਦੀਆਂ ਤੰਦਾਂ ਪਰਮਾਤਮਾ ਦੇ ਹੱਥ ਹਨ। ਇਹ ਜੀਵ ਆਪ ਕੁਝ ਨਹੀਂ ਕਰ ਸਕਦਾ, ਉਹ ਪਰਮਾਤਮਾ ਹੀ ਕਰਨ ਕਰਾਵਣਹਾਰ ਹੈ:-

1. ਐਥੇ ਗੋਇਲੜਾ ਦਿਨ ਚਾਰੇ।। ਖੇਲੁ ਤਮਾਸਾ ਧੁੰਧੂਕਾਰੈ।।
ਬਾਜੀ ਖੇਲ ਗਏ ਬਾਜੀਗਰ ਜਿਉ ਨਿਸਿ ਸੁਪਨੈ ਭਖਲਾਈ ਹੇ।।[297]
2. ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨ ਹਾਰੋ ਜਾਨੈ।।
ਜੈਸਾ ਭੇਖੁ ਕਰਾਵੈ ਬਾਜੀਗਰੁ ਓਹੁ ਤੈਸੋ ਹੀ ਸਾਜੁ ਆਨੈ।।[298]

### 3. ਵਿਰੋਧਾਤਮਕ ਸ਼ੈਲੀ ਦੁਆਰਾ

ਵਿਰੋਧਾਤਮਕ ਵਰਣਨ ਵਿਚ ਵਿਰੋਧਾਭਾਸ ਅਲੰਕਾਰਾਂ ਦੀ ਵਰਤੋਂ ਹੁੰਦੀ ਹੈ। ਉਪਨਿਸ਼ਦਾਂ ਵਿਚ ਇਸ ਤਰ੍ਹਾਂ ਦਾ ਵਰਣਨ ਆਮ ਮਿਲਦਾ ਹੈ। ਉਪਨਿਸ਼ਦਾਂ ਵਿਚ ਉਸ ਬ੍ਰਹਮ ਨੂੰ ਸਭ ਤੋਂ ਨੇੜੇ ਵੀ ਅਤੇ ਸਭ ਤੋਂ ਦੂਰ ਵੀ ਮੰਨਿਆ ਗਿਆ ਹੈ। ਗੁਰੂ ਰਵਿਦਾਸ ਅਨੁਸਾਰ ਉਹ ਸਹਿਜ ਸੁੰਨ ਦਾ ਵਾਸੀ ਹੈ। ਪਰਮਾਤਮਾ ਸਾਨੂੰ ਸਾਡੇ ਅੰਗਾਂ ਨਾਲੋਂ ਨੇੜੇ ਵੀ ਹੈ ਅਤੇ ਦੂਰ ਵੀ ਹੈ। ਉਸਦੀ ਭਗਤੀ ਬਹੁਤ ਦੂਰ ਦੀ ਗੱਲ ਹੈ। ਚੰਗੇ ਭਾਗਾਂ ਨਾਲ ਹੀ ਉਸ ਦੀ ਪ੍ਰਾਪਤੀ ਹੁੰਦੀ ਹੈ। ਇਸੇ ਕਰਕੇ ਉਸਦੀ ਪ੍ਰਾਪਤੀ ਜੀਵ ਲਈ ਔਖੀ ਹੈ:–

1. ਸੂੰਨਿ ਮੰਡਲ ਮੇਂ ਤੇਰਾ ਵਾਸਾ, ਤਾਥੈਂ ਜੀਵ ਮੇਂ ਰਹੋ ਉਦਾਸਾ।।[299]
2. ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ।।[300]
3. ਕਹੈ 'ਰਵਿਦਾਸ' ਤੇਰੀ ਭਗਤਿ ਦੂਰ ਹੈ। ਭਾਗ ਬਡੇ ਸੋ ਪਾਵੈ।।[301]

ਇਥੇ ਉਹ ਪਰਮਾਤਮਾ ਨੇੜੇ ਵੀ ਹੈ, ਦੂਰ ਵੀ ਹੈ। ਸੁੰਨ ਮੰਡਲ ਦਾ ਵਾਸੀ ਵੀ ਹੈ, ਜੀਵ ਵਿਚ ਵੀ ਰਹਿੰਦਾ ਹੈ। ਭਗਤਿ ਦੂਰ ਵੀ ਹੈ, ਪਾ ਵੀ ਸਕਦਾ ਹੈ। ਇਹ ਸਭ ਆਪਸ ਵਿਚ ਵਿਰੋਧਾਭਾਸ ਹਨ। ਉਹ ਸਹਜਿ ਸੂੰਨਿ ਸਤਿ ਹੋਣ ਦੇ ਬਾਵਜੂਦ ਵੀ ਜੀਵਨ ਮੁਕਤਿ ਨਿਧਿ ਕਾਸੀ ਹੈ। ਆਪ ਹੀ ਪੈਦਾ ਕਰਦਾ ਤੇ ਆਪ ਹੀ ਨਸ਼ਟ ਕਰਦਾ ਹੈ:–

1. ਕਹੈ ਰਵਿਦਾਸ ਸਹਜ ਸੂੰਨਿ ਸਤਿ, ਜੀਵਨ ਮੁਕਤਿ ਨਿਧਿ ਕਾਸੀ।[302]
2. ਜਹਾਂ ਕਾ ਉਪਜਯਾ ਤਹਾਂ ਵਿਲਾਈ। ਸਹਜ ਸੂੰਨਿ ਮੇਂ ਰਹਯੋ ਲੁਕਾਈ।।[303]
3. ਸਹਜ ਸੂੰਨਿ ਮੇਂ ਭਈ ਸ੍ਵੈ।। ਰਵਿਦਾਸ ਗੁਰਮੁਖ ਦ੍ਵੈ।।[304]

ਗੁਰੂ ਨਾਨਕ ਨੇ ਵੀ ਪਰਮਤੱਤ ਦਾ ਨਿਰੂਪਣ ਕਰਨ ਲਈ ਇਸ ਸ਼ੈਲੀ ਦੀ ਵਰਤੋਂ ਕੀਤੀ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਵੀ ਪਰਮਾਤਮਾ ਸ੍ਰਿਸ਼ਟੀ ਦੀ ਸਥਾਪਨਾ ਕਰਦਾ ਹੈ

ਅਤੇ ਆਪ ਹੀ ਨਸ਼ਟ ਕਰ ਦਿੰਦਾ ਹੈ। ਆਪ ਹੀ ਮਾਰਦਾ ਅਤੇ ਆਪ ਹੀ ਜੀਉਂਦਿਆਂ ਰੱਖਦਾ ਹੈ। ਉਹ ਆਪ ਹੀ ਸੰਜੋਗ ਵਿਯੋਗ ਦਾ ਕਾਰਣ ਬਣਦਾ ਹੈ। ਉਹ ਪਰਮਾਤਮਾ ਜੀਵ ਦੇ ਨੇੜੇ ਵੀ ਹੈ ਅਤੇ ਜੀਵ ਤੋਂ ਦੂਰ ਵੀ ਹੈ:--

1. ਆਪੇ ਥਾਪਿ ਉਥਾਪੇ ਆਪੇ।।
   ਆਪੇ ਜੋੜਿ ਵਿਛੋੜੇ ਕਰਤਾ ਆਪੇ ਮਾਰਿ ਜੀਵਾਇਦਾ।।[305]
2. ਆਪੇ ਹੀ ਸਭੁ ਆਪਿ ਹੈ ਪਿਆਰਾ ਆਪੇ ਥਾਪਿ ਉਥਾਪੈ।।[306]
3. ਆਪੇ ਮਾਰਿ ਜੀਵਾਇਦਾ ਪਿਆਰਾ ਸਾਹ ਲੈਦੇ ਸਭਿ ਲਵਾਇਆ।।[307]
4. ਆਪੇ ਨੇੜੈ ਦੂਰਿ ਆਪੇ ਹੀ।।[308]
5. ਆਪੇ ਨੇੜੈ ਆਪੇ ਦੂਰਿ।।[309]

ਪਰਮਾਤਮਾ ਵਣਜਾਰਾ ਵੀ ਆਪ ਹੀ ਹੈ ਤੇ ਸਾਹੂ ਵੀ ਆਪ ਹੀ ਹੈ। ਉਹ ਜੀਵ ਨੂੰ ਆਪ ਹੀ ਕੁਰਾਹੇ ਪਾ ਦਿੰਦਾ ਹੈ ਅਤੇ ਆਪ ਹੀ ਰਾਹ ਵਿਖਾਉਂਦਾ ਹੈ। ਉਹ ਬੇਪਰਵਾਹ ਹੁੰਦਿਆਂ ਹੋਇਆਂ ਵੀ ਸਭ ਕੁਝ ਆਪ ਹੀ ਹੈ। ਜੀਵਾਂ ਨੂੰ ਆਪ ਹੀ ਪੈਦਾ ਕਰਦਾ ਹੈ ਅਤੇ ਆਪ ਹੀ ਉਨ੍ਹਾਂ ਨੂੰ ਧੰਦਿਆਂ ਵਿਚ ਲਾਉਂਦਾ ਹੈ। ਸਾਖਤੀ ਵੀ ਆਪ ਹੀ ਕਰਾਉਂਦਾ ਹੈ। ਉਹ ਆਪ ਹੀ ਪਤਣ ਹੈ ਤੇ ਆਪ ਹੀ ਪਾਤਣੀ ਅਤੇ ਆਪ ਹੀ ਪਾਰ ਲੰਘਾਉਂਦਾ ਹੈ। ਸਾਗਰ ਬੋਹਿਥਾ ਵੀ ਆਪ ਹੈ। ਖੇਵਟ ਵੀ ਆਪ ਹੀ ਚਲਾਉਂਦਾ ਹੈ। ਆਪ ਹੀ ਚੜ੍ਹ ਲੰਘਦਾ ਹੈ। ਇਹ ਸਾਰੇ ਚੋਜ ਆਪ ਕਰਕੇ ਆਪ ਹੀ ਉਹ ਪਾਤਸ਼ਾਹ ਵੇਖ ਰਿਹਾ ਹੈ:--

ਵਣਜਾਰਾ ਜਗੁ ਆਪੁ ਹੈ ਪਿਆਰਾ ਆਪੇ ਸਾਚਾ ਸਾਹੁ।।

- - - - - - - - - - - - - - - - - - - - -

ਆਪੇ ਹੀ ਚੜਿ ਲੰਘਦਾ ਪਿਆਰਾ ਕਰਿ ਚੋਜ ਵੇਖੈ ਪਾਤਿਸਾਹੁ।।[310]

ਕਿੰਨੀ ਅਜੀਬ ਗੱਲ ਹੈ ਕਿ ਉਹ ਪਰਮਾਤਮਾ ਆਪ ਹੀ ਅੰਡਜ, ਜੇਰਜ ਸੇਤਜ ਤੇ ਉਤਭੁਜ ਹੈ। ਆਪੇ ਖੰਡ ਤੇ ਆਪੇ ਹੀ ਲੋਇ ਹੈ। ਸੂਤ ਵੀ ਉਹੀ ਹੈ ਤੇ ਸੂਤਧਾਰ ਵੀ ਉਹੀ ਹੈ। ਇਹ ਸਾਰੇ ਚੋਜ ਆਪ ਹੀ ਕਰਦਾ ਆਪ ਹੀ ਵੇਖਦਾ ਤੇ ਆਪ ਹੀ ਵੇਖ ਕੇ ਖੁਸ਼ ਹੁੰਦਾ ਹੈ। ਵਣਿ ਤਿਣਿ ਹੋਣ ਦੇ ਬਾਵਜੂਦ ਵੀ ਉਹ ਗੁਰਮੁਖ ਜਾਪਦਾ ਹੈ। ਤੀਰਥ ਵੀ ਆਪ ਹੈ ਤੁਲਾ ਵੀ ਆਪ ਤੇ ਆਪ ਹੀ ਤਰਦਾ ਹੈ। ਆਪੇ ਜਾਲ ਪਾਉਂਦਾ ਹੈ ਤੇ ਇਹ ਸਾਰਾ ਸੰਸਾਰ ਮਛਲੀ ਦੇ ਰੂਪ ਵਿਚ ਉਹ ਆਪ ਹੀ ਹੈ। ਸਿੰਙੀ ਤੇ ਨਾਦ ਵੀ ਉਹੀ ਹੈ। ਧੁਨੀ ਵੀ ਉਹ ਹੀ ਪੈਦਾ ਕਰਦਾ ਹੈ। ਆਪੇ ਸਾਹੁ ਹੈ ਤੇ ਆਪੇ ਵਣਜਾਰਾ ਉਹ ਆਪ ਹੀ ਇਹ ਸਾਰਾ ਵਣਜ

ਕਰ ਰਿਹਾ ਹੈ। ਆਪੇ ਭੰਡਾਰ ਹੈ ਤੇ ਆਪੇ ਦਾਨ ਦਿੰਦਾ ਹੈ।[311] ਉਹ ਆਪ ਹੀ ਤੋੜਦਾ ਹੈ ਅਤੇ ਆਪ ਹੀ ਦੁਬਾਰਾ ਬਣਾ ਦਿੰਦਾ ਹੈ, ਬਣਾ ਕੇ ਫਿਰ ਤੋੜ ਦਿੰਦਾ ਹੈ। ਢਾਹ-ਢਾਹ ਕੇ ਨਿਰਮਾਣ ਕਰਦਾ ਹੈ ਅਤੇ ਨਿਰਮਾਣ ਕਰਕੇ ਢਾਹ ਦਿੰਦਾ ਹੈ। ਉਹ ਸੰਸਾਰ ਰੂਪੀ ਸਾਗਰ ਨੂੰ ਭਰਕੇ ਸੁਕਾਂਦਾ ਹੈ ਅਤੇ ਦੁਬਾਰਾ ਉਸ ਨੂੰ ਭਰ ਕੇ ਪਾਲਣਾ ਕਰਦਾ ਹੈ:-

> ਭੰਨਿ ਭੰਨਿ ਘੜੀਐ ਘੜਿ ਘੜਿ ਭਜੈ ਢਾਹਿ ਉਸਾਰੈ ਉਸਰੇ ਢਾਹੈ।
> ਸਰ ਭਰਿ ਸੋਖੈ, ਭੀ ਭਰਿ ਪੋਖੈ ਅਸਮਰਥ ਬੇਪਰਵਾ ਹੈ।[312]

ਰਾਗ ਧਨਾਸਰੀ ਦੇ 'ਆਰਤੀ' ਨਾਮੀ ਪਦ ਵਿਚ ਗੁਰੂ ਨਾਨਕ ਦੇਵ ਜੀ ਪਰਮਾਤਮਾ ਦੇ ਵਿਰੋਧਾਤਮਕ ਸਰੂਪ ਨੂੰ ਵੇਖਕੇ ਕਹਿੰਦੇ ਹਨ ਕਿ ਉਸ ਦੀਆਂ ਸੈਂਕੜੇ ਅੱਖਾਂ ਹਨ ਪਰ ਫਿਰ ਵੀ ਉਸਦੀ ਇੱਕ ਵੀ ਅੱਖ ਨਹੀਂ। ਸੈਂਕੜੇ ਮੂਰਤੀਆਂ ਹਨ ਪਰ ਫਿਰ ਵੀ ਕੋਈ ਨਹੀਂ। ਸੈਂਕੜੇ ਪਵਿੱਤਰ ਪੈਰ ਹੋਣ ਦੇ ਬਾਵਜੂਦ ਵੀ ਇਕ ਨਹੀਂ। ਸੈਂਕੜੇ ਨੱਕ ਹਨ ਪਰ ਫਿਰ ਵੀ ਇਕ ਨਹੀਂ:-

> ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ।
> ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ।[313]

ਉਹ ਕਿੰਨੀ ਵੱਡੀ ਸ਼ਕਤੀ ਦਾ ਮਾਲਕ ਹੈ ਕਿ ਇਕੋ ਵਾਕ ਨਾਲ ਜਿੰਦ ਲੈਂਦਾ ਹੈ ਤੇ ਦਿੰਦਾ ਵੀ ਹੈ।[314] ਜਿਸ ਨੇ ਇਹ ਸਾਰੀ ਸ੍ਰਿਸ਼ਟੀ ਥਾਪੀ ਤੇ ਫਿਰ ਉਥਾਪਦਾ ਹੈ ਉਹ ਸਰਬ ਵਿਆਪਕ ਹੈ।[315] ਉਹ ਆਪ ਹੀ ਮਾਰਦਾ ਹੈ ਤੇ ਆਪ ਹੀ ਮਰ ਜਾਂਦਾ ਹੈ ਕਿਉਂ ਕਿ ਜੀਵ ਵਿਚ ਉਹ ਹੀ ਤਾਂ ਵਸਦਾ ਹੈ ਤੇ ਜੀਵ ਦੇ ਮਰ ਜਾਣ ਨਾਲ ਉਹ ਆਪ ਵੀ ਮਰ ਜਾਂਦਾ ਹੈ। ਉਹ ਆਪ ਹੀ ਜੋੜਦਾ ਹੈ ਅਤੇ ਆਪ ਹੀ ਵਿਛੋੜਦਾ ਹੈ। ਢਾਹੁਣਾ, ਉਸਾਰਨਾ ਸਾਰਾ ਉਸਦਾ ਹੀ ਹੁਕਮ ਹੈ ਜੋ ਉਸਨੂੰ ਚੰਗਾ ਲੱਗਦਾ ਹੈ ਉਹੋ ਕੁਝ ਹੁੰਦਾ ਹੈ:-

> 1. ਆਪਿ ਮਰੈ ਮਾਰੇ ਭੀ ਆਪਿ।। ਆਪਿ ਉਪਾਏ ਥਾਪਿ ਉਥਾਪਿ।।[316]
> 2. ਆਪੇ ਜੋੜਿ ਵਿਛੋੜੇ ਸੋਈ।। ਆਪੇ ਕਰਤਾ ਕਰੇ ਸੁ ਹੋਈ।।
> ਢਾਹਿ ਉਸਾਰੈ ਹੁਕਮਿ ਸਮਾਵੈ।। ਹੁਕਮੋ ਵਰਤੈ ਜੋ ਤਿਸੁ ਭਾਵੈ।।[317]

4. <u>ਨਕਾਰਾਤਮਕ ਸ਼ੈਲੀ ਰਾਹੀਂ</u>

ਇਸ ਸ਼ੈਲੀ ਰਾਹੀਂ ਪਰਮਾਤਮਾ ਨੂੰ ਗੁਣਾਂ ਅਤੇ ਵਿਸ਼ੇਸ਼ਣਾਂ ਤੋਂ ਉਪਰ ਬਿਆਨਿਆ ਗਿਆ ਹੈ। ਕਿਉਂ ਕਿ ਉਹ ਸਰਬ ਕਲਾ ਸਮਰੱਥ ਹੈ। ਇਸ ਲਈ ਉਸ ਪਰਮਤੱਤ ਨੂੰ ਕਿਸੇ

ਇੱਕ ਗੁਣ ਜਾਂ ਵਿਸ਼ੇਸ਼ਣ ਵਿਚ ਬੰਨ੍ਹਣਾ ਠੀਕ ਵੀ ਨਹੀਂ ਹੈ। ਬ੍ਰਿਹਦਾਰਣਿਕੋਪਨਿਸ਼ਦ ਵਿਚ ਉਸ ਨੂੰ ਨਾ ਸਥੂਲ, ਨਾ ਅਣੂ, ਨਾ ਤੁਛ, ਨਾ ਵਿਸ਼ਾਲ, ਨਾ ਅਰੁਣ ਨਾ ਦਰਵ, ਨਾ ਛਾਯਾ ਨ ਤਮ, ਨਾ ਹਵਾ ਨਾ ਆਕਾਸ਼, ਨਾ ਰੰਗ ਨਾ ਰਸ ਮੰਨਿਆ ਗਿਆ ਹੈ। ਉਹ ਗੰਧ ਵੀ ਨਹੀਂ। ਉਹ ਨਾ ਨੇਤਰ ਹੈ, ਨਾ ਕਣ ਅਤੇ ਨਾ ਹੀ ਬਾਣੀ ਹੈ। ਉਹ ਮਨ ਵੀ ਨਹੀਂ, ਤੇਜ, ਪ੍ਰਾਣ, ਸੁੱਖ ਅਤੇ ਨਾ ਹੀ ਦੁੱਖ ਹੈ। ਉਹ ਨਾਹੀ ਅੰਦਰ ਹੈ ਅਤੇ ਨਾ ਹੀ ਬਾਹਰ।[318] ਪਰਮਤੱਤ ਸੰਪੂਰਣ ਹੈ ਅਤੇ ਬਾਕੀ ਸੰਸਾਰਕ ਵਸਤੂਆਂ ਤਾਂ ਅਧੂਰੀਆਂ ਹਨ ਉਹ ਤਾਂ ਅੰਸ਼ ਮਾਤਰ ਵੀ ਨਹੀਂ ਹਨ। ਇਸ ਲਈ ਉਸ ਪਰਮਤੱਤ ਨੂੰ ਸੰਸਾਰਕ ਵਸਤੂਆਂ ਦੇ ਗੁਣਾਂ ਵਿਚ ਬੰਨ੍ਹਣਾ ਅਤੇ ਵਿਸ਼ੇਸ਼ਣ ਦੇਣਾ ਉਸ ਦੀ ਵਡਿਆਈ ਨੂੰ ਘਟਾਉਣਾ ਹੈ। ਪਰਮਤੱਤ ਉਹ ਹੈ ਜੋ ਆਪਣੇ ਆਪ ਵਿਚ ਸੰਪੂਰਨ ਹੈ ਅਤੇ ਆਪਣੇ ਤੋਂ ਬਾਹਰੀ ਕਿਸੇ ਹੋਰ ਵਸਤੂ ਦਾ ਅਵਲੰਬੀ ਨਹੀਂ।[319]

ਗੁਰੂ ਰਵਿਦਾਸ ਦਾ ਬ੍ਰਹਮ ਵੀ ਗੁਣਾਂ ਅਤੇ ਵਿਸ਼ੇਸ਼ਣਾਂ ਤੋਂ ਉਪਰ ਹੈ। ਗੁਰੂ ਜੀ ਅਨੁਸਾਰ ਉਹ ਬ੍ਰਹਮ ਚੰਨ-ਸੂਰਜ, ਦਿਨ-ਰਾਤ, ਧਰਤੀ-ਆਕਾਸ਼, ਕਰਮ-ਅਕਰਮ, ਸ਼ੁਭ-ਅਸ਼ੁਭ, ਭੋਗ-ਜੋਗ, ਧੂੜ-ਧੁੱਪ, ਪਾਣੀ-ਹਵਾ ਕੁਝ ਵੀ ਨਹੀਂ ਹੈ। ਉਹ ਕੇਵਲ ਇਕ ਹੈ। ਉਸ ਨੂੰ ਕੁਝ ਵੀ ਕਹਿ ਕੇ ਸਮਝਾਇਆ ਨਹੀਂ ਜਾ ਸਕਦਾ:—

ਪੰਡਿਤ ! ਅਖਿਲ ਖਿਲੈ ਨਹੀਂ, ਕਾ ਕਹਿ ਗਾਊਂ, ਕੋਇ ਨ ਕਹੈ ਸਮੁਝਾਈ।।
ਅਬਰਨ ਬਰਨ ਨਹੀਂ ਜਾਕੈ, ਸੁ ਕਹਾਂ ਲੈ ਜਾਇ ਸਮਾਈ।।ਟੇਕ।।
ਚੰਦ ਸੂਰ ਨਹੀਂ, ਰਾਤਿ ਦਿਵਸ ਨਹੀਂ, ਧਰਨਿ ਅਕਾਸ ਨ ਭਾਈ।।
ਕਰਮ ਅਕਰਮ ਨਹੀਂ ਸੁਭ ਅਸੁਭ ਨਹੀਂ, ਕਾ ਕਹਿ ਦੇਹੁੰ ਬੜਾਈ।।
ਸੀਤ ਨ ਊਸਨ ਬਾਊ ਨਹੀਂ ਸਰਵਤ, ਕਾਮ ਕੁਟਿਲ ਨਹੀਂ ਹੋਈ।।
ਜੋਗ ਨ ਭੋਗ ਰੋਗ ਨਹੀਂ ਜਾਕੈ, ਕਹੋ ਨਾਂਵ ਸਤ ਸੋਈ।।
ਨਿਰੰਜਨ ਨਿਰਾਕਾਰ ਨਿਰਲੇਪੀ, ਨਿਰਬੀਕਾਰ ਨਿਰਾਸੀ।
ਕਾਮ ਕੁਟਿਲ ਤਾਹੀ ਕਹਿ ਗਾਵਤ, ਹਰ ਹਰ ਆਵੈ ਹਾਂਸੀ।।3।।
ਗਗਨ ਧੂਰ ਧੂਪ ਨਹੀਂ ਜਾਕੈ, ਪਵਨ ਪੂਰ ਨਹੀਂ ਪਾਨੀ।।
ਗੁਨ ਬਿਗੁਨ ਕਹਿਯਤ ਨਹੀਂ ਜਾਕੈ, ਕਹੋ ਤੁਮ ਬਾਤ ਸਯਾਨੀ।।4।।
ਯਾਹੀ ਸੋਂ ਤੁਮ ਜੋਗ ਕਹਤ ਹੋ, ਜਬ ਲਗ ਆਸ ਕੀ ਪਾਸੀ।
ਛੂਟੇ ਤਬਹੀ, ਜਬ ਮਿਲੈ ਏਕ ਹੀ, ਭਣੈ ਰਵਿਦਾਸ ਉਦਾਸੀ।।5।।[320]

ਪਰਮਾਤਮਾ ਤਾਂ ਜੀਵਾਂ ਵਿਚ ਇਵੇਂ ਸਮਾਇਆ ਹੋਇਆ ਹੈ ਜਿਵੇਂ ਜਲ ਦੀ ਬੂੰਦ

ਪਾਣੀ ਵਿਚ ਸਮਾ ਜਾਂਦੀ ਹੈ। ਇਸ ਲਈ ਜਦੋਂ ਉਹ ਸਾਰੇ ਜੀਵ ਵਿਚ ਇੱਕ ਰਸ ਬਿਰਾਜਮਾਨ ਹੈ ਤੇ ਹੈ ਵੀ ਉਹ ਕੇਵਲ ਇੱਕ, ਤਾਂ ਉਸ ਦਾ ਕੀ ਨਾਂ ਧਰਿਆ ਜਾ ਸਕਦਾ ਹੈ? ਨਾਮ ਤਾਂ ਤਾਂ ਧਰਿਆ ਜਾਵੇ ਜੇ ਉਸ ਵਰਗਾ ਕੋਈ ਹੋਰ ਹੋਵੇ:—

ਜਲ ਕੇ ਤਰੰਗ ਜਲ ਮਾਹਿੰ ਸਮਾਣੀ, ਕਹਿ ਕਾ ਕੈ ਨਾਂਵ ਧਰਿਜੈ।

- - - - - - - - - - - - - - - - - - - - - - - -

ਭਣੈ ਰਵਿਦਾਸ ਅਬ ਕਾ ਕਹਿ ਗਾਊਂ, ਜਉ ਕੋਈ ਔਰਹਿ ਹੋਈ।।[321]

ਜਦੋਂ ਉਹ ਪਰਮਾਤਮਾ ਅਕਲ, ਅਪਛਨ, ਸਰਬ ਵਿਆਪਕ, ਪੂਰਣ, ਸ਼ੁਧ ਚੇਤਨ, ਸਗੁਣ, ਨਿਰਗੁਣ, ਨਿਰਾਮਯੀ, ਨਿਰਵਿਕਾਰ, ਅੰਜਨ, ਤੇ ਪਵਿੱਤਰ ਆਪਣੇ ਆਪ ਇਕੋ ਇੱਕ ਹੈ ਤਾਂ ਉਸ ਲਈ ਕਿਸੇ ਵਿਸ਼ੇਸ਼ਣ ਦੀ ਵਰਤੋਂ ਕਰਨਾ ਠੀਕ ਨਹੀਂ। ਵੇਦ ਵੀ ਉਸ ਨੂੰ ਬੇਅੰਤ ਦੱਸਦੇ ਹਨ:—

1. ਤੂੰ ਅਕਲ ਅਪਛੰਨ ਵਿਆਪਕ, ਬ੍ਰਹਮੈਕ ਰਸ ਸੁਧ ਚੇਤਨਿ ਪੂਰਣ ਮਨੇਵੰ।
   ਤੂੰ ਸਗੁਣ ਨਿਰਗੁਣ ਨਿਰਾਮਯੀ ਨਿਬਿਕਾਰ, ਹਰਿ ਅੰਜਨ ਨਿਰੰਜਨ ਬਿਮਲ ਅਪਮੇਵੰ।[322]
2. ਨੇਤ ਨੇਤ ਜਿਹਿੰ ਵੇਦ ਵਖਾਨਹਿੰ ਰਾਮ ਰੂਵ ਤੋਂਹਿ ਕਹਿਏ।[323]

ਉਹ ਤਾਂ ਕਰਤਾ ਹਰਤਾ, ਸਰਵੇਸ਼ਵਰ, ਸਰਬੰਗੀ ਤੇ ਸਰਬਗਤਿ ਹੈ। ਉਹ ਨਾ ਸ਼ਿਵ ਹੈ ਨਾ ਅਸ਼ਿਵ, ਨਾ ਸਾਧ ਨਾ ਸੇਵਕ। ਨਾ ਧਰਮ ਹੈ ਨਾ ਅਧਰਮ, ਨਾ ਮੁਕਤੀ ਹੈ ਤੇ ਨਾ ਹੀ ਬੰਧਨ। ਉਹ ਤਾਂ ਦ੍ਰਿਸ਼ਟਿ ਅਦ੍ਰਿਸ਼ਟਿ ਗੇਯ ਅਤੇ ਗਯਾਤਾ ਆਪ ਹੀ ਹੋਣ ਕਰਕੇ ਕਿਸੇ ਵੀ ਵਿਸ਼ੇਸ਼ਣ ਤੋਂ ਉੱਪਰ ਹੈ:—

ਸਰਵੇਸੁਰ ਸਰਬੰਗੀ ਸਰਬਗਤਿ, ਕਰਤਾ, ਹਰਤਾ ਸੋਈ।
ਸਿਵ ਨ ਅਸਿਵ ਸਾਧ ਅਰੁ ਸੇਵਗ, ਉਭੈ ਭਾਵ ਨਹੀਂ ਹੋਈ।
ਧਰਮ ਅਧਰਮ ਮੋਛਿ ਨਹਿੰ ਬੰਧਨ, ਜਰਾ ਮਰਨ ਭਵ ਨਾਸਾ।
ਦ੍ਰਿਸਟਿ ਅਦ੍ਰਿਸਟਿ ਗੇਯ ਅਰੁ ਗਯਾਤਾ, ਏਕ ਮੇਕ ਹੈ ਰਵਿਦਾਸਾ।।[324]

ਗੁਰੂ ਨਾਨਕ ਦੇਵ ਜੀ ਵੀ ਬ੍ਰਹਮ ਨੂੰ ਨਕਾਰਾਤਮਕ ਸ਼ੈਲੀ ਵਿਚ ਚਿਤਰਦੇ ਹੋਏ ਕਹਿੰਦੇ ਹਨ ਕਿ ਪਰਮਾਤਮਾ ਦਾ ਨਾਂ ਕੋਈ ਪਿਤਾ ਹੈ ਨਾ ਮਾਤਾ, ਨਾ ਰੂਪ ਹੈ ਨਾ ਚਿੰਨ੍ਹ ਹੈ

ਅਤੇ ਨਾ ਹੀ ਕੋਈ ਰੰਗ ਹੈ। ਨਾ ਉਸ ਨੂੰ ਰੋਗ ਬਿਆਪਦਾ ਹੈ, ਨਾ ਜਮ ਦਾ ਡਰ ਹੈ ,ਨਾ ਉਸ ਨੂੰ ਭੁੱਖ ਲਗਦੀ ਹੈ ਅਤੇ ਨਾ ਹੀ ਤ੍ਰਿਸ਼ਨਾ। ਗੁਰੂ ਜੀ ਅਜਿਹੇ ਸਤ ਸਰੂਪ ਪਰਮਾਤਮਾ ਤੋਂ ਵਾਰੇ ਵਾਰੇ ਜਾਂਦੇ ਹਨ:—

1. ਨਾ ਤਿਸੁ ਬਾਪੁ ਨ ਮਾਇ ਕਿਨ ਤੂ ਜਾਇਆ॥
   ਨਾ ਤਿਸੁ ਰੂਪ ਨ ਰੇਖ ਵਰਨ ਸਬਾਇਆ॥
   ਨਾ ਤਿਸੁ ਭੁਖ ਪਿਆਸ ਰਜਾ ਧਾਇਆ॥[325]
2. ਸਾਚੇ ਸਚਿਆਰ ਵਿਟਹੁ ਕੁਰਬਾਣੁ।
   ਨਾ ਤਿਸੁ ਰੂਪ ਵਰਨੁ ਨਹੀਂ ਰੇਖਿਆ ਸਾਚੈ ਸਬਦਿ ਨੀਸਾਣੁ।
   ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨਾ ਤਿਸੁ ਕਾਮੁ ਨ ਨਾਰੀ॥[326]
3. ਰੋਗੁ ਨ ਬਿਆਪੈ ਨਾ ਜਮੁ ਦੋਖੀ॥
   ਮੁਕਤ ਭਏ ਪ੍ਰਭ ਰੂਪ ਨ ਰੇਖੀ॥[327]

ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ ਕਿ ਉਸਦਾ ਕੋਈ ਚਕ੍ਰ ਨਿਸ਼ਾਨ, ਵਰਨ, ਜਾਤ-ਪਾਤ ਆਦਿ ਕੁਝ ਵੀ ਨਹੀਂ। ਰੂਪ ਰੰਗ, ਰੇਖਾ ਅਤੇ ਭੇਖ ਆਦਿ ਕੋਈ ਨਹੀਂ ਕਹਿ ਸਕਦਾ ਕਿ ਕੀ ਹਨ:—

ਚਕ੍ਰ ਚਿਹਨ ਅਰ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ।
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ॥[328]

ਉਸ ਦਾ ਭੇਤ ਤਾਂ ਦੇਵਤੇ ਵੀ ਨਹੀਂ ਜਾਣਦੇ ਅਤੇ ਨਾ ਹੀ ਵੇਦ ਤੇ ਇਸਲਾਮੀ ਕਿਤਾਬਾਂ ਜਾਣਦੀਆਂ ਹਨ ਕਿ ਉਸ ਦਾ ਰੂਪ-ਰੰਗ, ਜਾਤ-ਪਾਤ, ਪਿਤਾ-ਮਾਤਾ ਕੌਣ ਹੈ।[329] ਪਰਮਾਤਮਾ, ਪਰਮਤੱਤ, ਬ੍ਰਹਮ, ਰੱਬ ਜਾਂ ਇਕ ਅਣਦਿਸਦੀ ਜੀਵਨ ਸ਼ਕਤੀ ਨੇ ਹਮੇਸ਼ਾ ਹੀ ਮਨੁੱਖੀ ਸੋਚ ਤੇ ਚਿੰਤਨ ਨੂੰ ਟੁੰਬਿਆ ਹੈ। ਇਸ ਜੀਵਨ ਸ਼ਕਤੀ ਕਾਰਣ ਜੋ ਪਰਿਵਰਤਨ ਹੁੰਦੇ ਹਨ ਜਾਂ ਜੋ ਸਿਰਜਣਾ ਹੁੰਦੀ ਹੈ, ਉਸ ਨੂੰ ਕਾਫੀ ਹੱਦ ਤੱਕ ਵੇਖਿਆ ਜਾ ਸਕਦਾ ਹੈ। ਅਨੁਭਵ ਕੀਤਾ ਜਾ ਸਕਦਾ ਹੈ। ਪਰੰਤੂ ਉਸ ਜੀਵਨ ਸ਼ਕਤੀ ਨੂੰ ਵੇਖ ਸਕਣਾ ਸੰਭਵ ਨਹੀਂ।[330] ਇਸ ਕਰਕੇ ਉਸ ਜੀਵਨ ਸ਼ਕਤੀ ਨੂੰ ਕੋਈ ਵੀ ਰੂਪ ਰੰਗ ਜਾਂ ਵਿਸ਼ੇਸ਼ਣ ਨਹੀਂ ਦਿੱਤਾ ਜਾ ਸਕਦਾ।

ਗੁਰੂ ਨਾਨਕ ਦੇਵ ਜੀ ਨੇ ਬ੍ਰਹਮ ਨੂੰ ਨਾਰੀ ਮੰਨਿਆ ਹੈ, ਨਾ ਪੁਰਖ ਤੇ ਨਾ ਹੀ ਪੰਛੀ। ਉਹ ਸੱਚਾ ਪਰਮਾਤਮਾ ਤਾਂ ਚਤੁਰ ਸਰੂਪ ਹੈ। ਬੇਅੰਤ ਲੋਕ ਉਸਦਾ ਅੰਤ ਪਾਉਂਦੇ ਥਕ

ਗਏ ਹਨ। ਵੇਦ ਵੀ ਉਸ ਨੂੰ ਬੇਅੰਤ ਕਹਿ ਰਹੇ ਹਨ:-

1. ਨਾਰਿ ਨ ਪੁਰਖੁ ਨ ਪੰਖਣੂ ਸਾਰਥੁ ਚਤੁਰ ਸਰੂਪੁ।।[331]
2. ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ।[332]
3. ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬ ਮੈ ਅੰਧੁਲੇ ਕਿਆ ਚਤੁਰਾਈ।
   ਕਿਆ ਹਉ ਕਥੀ ਕਥੇ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ।।[333]

ਪਰਮਾਤਮਾ ਪੂਰਨ ਬ੍ਰਹਮ ਹੈ ਅਤੇ ਬੇਅੰਤ ਹੈ। ਇਸ ਲਈ ਉਸਦੇ ਗੁਣਾਂ ਦਾ ਵਰਣਨ ਨਹੀਂ ਕੀਤਾ ਜਾ ਸਕਦਾ:-

ਤੂੰ ਪਾਰਬ੍ਰਹਮ ਬੇਅੰਤੁ ਬੇਅੰਤੁ ਜੀ, ਤੇਰੇ ਕਿਆ ਗੁਣ ਆਖਿ ਵਖਾਣਾ।।[334]

5. ਸ੍ਰਿਸ਼ਟੀ ਪੂਰਵ ਅਵਸਥਾ ਦੇ ਰਾਹੀਂ

ਗੁਰੂ ਰਵਿਦਾਸ ਅਤੇ ਗੁਰੂ ਨਾਨਕ ਨੇ ਸ੍ਰਿਸ਼ਟੀ ਦੀ ਪੂਰਵ ਅਵਸਥਾ ਦੇ ਰਾਹੀਂ ਬ੍ਰਹਮ ਦੇ ਅਨਿਰਵਚਨੀਯ ਰੂਪ ਸੰਬੰਧੀ ਵਰਣਨ ਕੀਤਾ ਹੈ। ਸ੍ਰਿਸ਼ਟੀ ਦੀ ਰਚਨਾ ਕਰਨ ਤੋਂ ਪਹਿਲਾਂ ਉਸ ਦਾ ਕੀ ਰੂਪ ਸੀ ? ਸੰਬੰਧੀ ਅਧਿਆਤਮਕ ਸਾਹਿਤ ਵਿਚ ਕਈ ਤਰ੍ਹਾਂ ਦੇ ਵਿਚਾਰ ਮਿਲਦੇ ਹਨ। ਡਾ. ਰਤਨ ਸਿੰਘ ਜੱਗੀ ਲਿਖਦੇ ਹਨ ਕਿ ਉਪਨਿਸ਼ਦਾਂ ਵਿਚ ਵੀ ਅਜਿਹੇ ਪ੍ਰਸ਼ਨਾਂ ਨੂੰ ਉਠਾਇਆ ਗਿਆ ਹੈ ਅਤੇ ਸ੍ਰਿਸ਼ਟੀ ਤੋਂ ਪਹਿਲਾਂ ਬ੍ਰਹਮ ਦੇ ਰੂਪ ਨੂੰ ਸਤਿ ਅਤੇ ਅਸਤਿ ਕਿਹਾ ਗਿਆ ਹੈ। ਸੰਤ ਕਬੀਰ ਦੇ ਅਨੁਸਾਰ ਵੀ ਨਾਮ ਰੂਪਾਤਮਕ ਸ੍ਰਿਸ਼ਟੀ ਵਿਚ ਜਦ ਕੁਝ ਵੀ ਨਹੀਂ ਸੀ ਤਾਂ ਉਹ ਖੁਦ ਆਪਣੀ ਸ਼ਕਤੀ ਨਾਲ ਮੌਜੂਦ ਸੀ। ਉਹ ਅਰੂਪ ਅਤੇ ਨਿਰਗੁਣ ਬ੍ਰਹਮ ਸੀ।[335]

ਗੁਰੂ ਰਵਿਦਾਸ ਜੀ ਇਸ ਅਵਸਥਾ ਦਾ ਜ਼ਿਕਰ ਕਰਦੇ ਲਿਖਦੇ ਹਨ ਕਿ ਜੋ ਇਸ ਸੰਸਾਰ ਦੇ ਸ਼ੁਰੂ ਵਿਚ ਨਹੀਂ ਸੀ ਉਹ ਅੰਤ ਵਿਚ ਰਹੇਗਾ ਵੀ ਨਹੀਂ। ਕੇਵਲ ਉਹ ਇਸ਼ਟ ਦੇਵ ਰਾਮ ਸੰਸਾਰ ਦੇ ਸ਼ੁਰੂ ਵਿਚ ਸੀ ਅਤੇ ਉਹ ਹੀ ਇਸ ਸੰਸਾਰ ਵਿਚ ਸਦਾ ਮੌਜੂਦ ਰਹੇਗਾ:-

ਜਉ ਨਾਹੀਂ ਥਾ ਸਰਿਸਟਿ ਮਾਹਿ, ਸੋਉ ਹੋਇਹਿ ਨਾਂਹ।
ਰਵਿਦਾਸ ਇਸ਼ਟ ਸਰਵੱਤ ਹੈ, ਸੋਇ ਰਹਇ ਸਰਿਸਟਹਿ ਮਾਂਹ।।[336]

ਗੁਰੂ ਰਵਿਦਾਸ ਅਨੁਸਾਰ ਸ੍ਰਿਸ਼ਟੀ ਦੇ ਆਰੰਭ ਵਿਚ ਸਹਜ ਸੁੰਨ ਸੀ। ਉਸਨੇ ਇੱਛਾ ਕੀਤੀ ਤਾਂ ਸ੍ਰਿਸ਼ਟੀ ਦਾ ਨਿਰਮਾਣ ਹੋਇਆ। ਸ੍ਰਿਸ਼ਟੀ ਦੀ ਪ੍ਰਕਿਰਿਆ ਹਰ ਪਲ ਹਰ ਵਕਤ ਹੁੰਦੀ ਰਹਿੰਦੀ ਹੈ। ਇਹ ਸ੍ਰਿਸ਼ਟੀ ਉਸ ਪਰਮ ਤੱਤ ਦੀ ਰਚਨਾ ਹੈ:-

1. ਨ ਹੀ ਵਿਸ਼੍ਰਾਮ ਲਹੈਂ ਧਰਨੀ ਧਰ।। ਜਾਕੇ ਸੁਰਨਰ ਸੰਤ ਸਰਨ ਅਭਿਅੰਤਰ।
ਜਹਾਂ ਜਹਾਂ ਗਯੋ ਤਹਾਂ ਜਨਮ ਕਾਛੈ, ਤ੍ਰਿਬਿਧਤਾਪ ਤ੍ਰਿਭੁਵਨਪਤਿ ਪਾਛੈ।[337]

2. ਸੁੰਨ ਮੰਡਲ ਮੈਂ ਤੇਰਾ ਬਾਸਾ। ਤਾਥੈ ਜੀਵ ਮੈਂ ਰਹੈ ਉਦਾਸਾ।।[338]

ਨਾਮ(ਈਸ਼ਵਰ) ਹੀ ਸਤਿ ਹੈ। ਉਹ ਹੀ ਓਂਕਾਰ ਹੈ। ਉਹ ਓਂਕਾਰ ਚਿਰ ਸਤਿ ਹੈ। ਬ੍ਰਹਮ ਸ੍ਰਿਸ਼ਟੀ ਦੇ ਆਦਿ, ਮੱਧ ਅਤੇ ਅੰਤ ਹਰ ਕਾਲ ਵਿਚ ਮੌਜੂਦ ਰਹਿੰਦਾ ਹੈ। ਸਤਿ ਦੇ ਸਾਹਮਣੇ ਸੰਸਾਰ ਰੂਪੀ ਅਸਤਿ ਟਿਕ ਨਹੀਂ ਸਕਦਾ। ਇਸ ਲਈ ਸ੍ਰਿਸ਼ਟੀ ਦਾ ਆਦਿ ਤਾਂ ਹੋ ਸਕਦਾ ਹੈ, ਪਰ ਉਹ ਤਾਂ ਅਨਾਦਿ ਹੈ:-

ਓਂਕਾਰ ਹੈ ਸੱਤਨਾਮ ਆਦਿ ਜੁਗਾਦਿ ਸਭ ਸੱਤ।
'ਰਵਿਦਾਸ' ਸੱਤ ਕਹਿ ਸਾਮੁਹੇ,ਟਿਕਵੈ ਨਾਹਿੰ ਅਸੱਤ।।[339]

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਕੀ ਸੀ ? ਬ੍ਰਹਮ ਦਾ ਕੀ ਸਰੂਪ ਸੀ ? ਸ੍ਰਿਸ਼ਟੀ ਵਿਚ ਕੀ ਸੀ ? ਆਦਿ ਬਾਰੇ ਬੜੀ ਗੰਭੀਰਤਾ ਨਾਲ ਵਿਚਾਰ ਪ੍ਰਗਟਾਏ ਹਨ। ਡਾ. ਮਨਮੋਹਨ ਸਹਿਗਲ ਲਿਖਦੇ ਹਨ ਕਿ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਕੀ ਸੀ ? ਜੋ ਕੁਝ ਸੀ ਉਹ ਕਿਸ ਰੂਪ ਵਿਚ ਸੀ ? ਗੁਰੂ ਗ੍ਰੰਥ ਵਿੱਚ ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਖੋਜਣ ਤੋਂ ਪਤਾ ਲਗਦਾ ਹੈ ਕਿ ਗ੍ਰੰਥ ਦੀ ਮਨੌਤ ਅਨੁਸਾਰ ਰਚਨਾ ਤੋਂ ਪਹਿਲਾਂ ਧਰਤੀ, ਅਕਾਸ਼,ਹੋਰ ਭੌਤਿਕ ਤੱਤ ਅਤੇ ਬ੍ਰਹਮਾ ਵਿਸ਼ਨੂੰ, ਸ਼ਿਵ ਆਦਿ ਕੁਝ ਵੀ ਨਹੀਂ ਸੀ। ਕੇਵਲ ਚਾਰੇ ਪਾਸੇ ਅੰਧਕਾਰ ਸੀ।[340]

ਗੁਰੂ ਨਾਨਕ ਦੇਵ ਜੀ ਨੇ ਸ੍ਰਿਸ਼ਟੀ ਤੋਂ ਪਹਿਲਾਂ ਦੀ ਅਵਸਥਾ ਦਾ ਚਿਤਰਣ ਕਰਦਿਆਂ ਲਿਖਿਆ ਹੈ ਕਿ ਉਦੋਂ ਕਈ ਅਰਬ ਯੁੱਗਾਂ ਤੱਕ ਅੰਧਕਾਰ ਹੀ ਅੰਧਕਾਰ ਸੀ। ਉਦੋਂ ਨਾ ਹੀ ਧਰਤੀ ਸੀ ਤੇ ਨਾ ਹੀ ਆਕਾਸ਼। ਕੇਵਲ ਪਰਮਾਤਮਾ ਦਾ ਅਪਾਰ ਹੁਕਮ ਸੀ। ਉਦੋਂ ਦਿਨ, ਰਾਤ, ਚੰਦ, ਸੂਰਜ ਕੁਝ ਵੀ ਨਹੀਂ ਸੀ। ਪ੍ਰਭੂ ਵੀ ਸੁੰਨ ਸਮਾਧੀ ਲਗਾਈ ਬੈਠਾ ਸੀ। ਉਦੋਂ ਨਾ ਹੀ ਜੀਵਾਂ ਦੀਆਂ ਚਾਰ ਖਾਣੀਆਂ ਸਨ ਤੇ ਨਾ ਹੀ ਬਾਣੀਆਂ। ਹਵਾ, ਪਾਣੀ ਕੁਝ ਵੀ ਨਹੀਂ ਸੀ। ਉਤਪਤੀ, ਵਿਨਾਸ਼ ਅਤੇ ਜਨਮ ਮਰਨ ਵੀ ਨਹੀਂ ਸੀ। ਖੰਡ, ਪਾਤਾਲ, ਸੱਤ ਸਮੁੰਦਰ,ਵੀ ਨਹੀਂ ਸਨ। ਨਦੀਆਂ ਵਿਚ ਪਾਣੀ ਵੀ ਨਹੀਂ ਸੀ। ਸਵਰਗ ਲੋਕ, ਮਾਤਲੋਕ,

ਪਾਤਾਲ ਲੋਕ, ਨਰਕ ਤੇ ਸਵਰਗ ਵੀ ਉਦੋਂ ਨਹੀਂ ਸੀ। ਆਵਾਗਵਨ ਦਾ ਚੱਕਰ ਵੀ ਨਹੀਂ ਸੀ। ਬ੍ਰਹਮਾ, ਵਿਸ਼ਨੂੰ, ਮਹੇਸ਼ ਆਦਿ ਕੋਈ ਵੀ ਨਹੀਂ ਸੀ। ਇਸਤ੍ਰੀ, ਪੁਰਖ, ਜਾਤੀਆਂ, ਦੁੱਖ, ਸੁੱਖ ਆਦਿ ਵੀ ਨਹੀਂ ਸੀ। ਉਦੋਂ ਨਾ ਕੋਈ ਜਤੀ ਸੀ ਤੇ ਨਾ ਹੀ ਸਤੀ। ਬਨਵਾਸੀ ਵੀ ਕੋਈ ਨਹੀਂ ਸੀ। ਸਿਧ, ਸਾਧਕ, ਜੋਗੀ, ਭੋਗੀ, ਜਪ, ਤਪ, ਸੰਜਮ, ਵਰਤ, ਪੂਜਾ, ਗੋਪੀਆਂ, ਕਾਨ੍ਹ, ਚਉਆਂ, ਗਵਾਲੇ, ਤੰਤਰ, ਮੰਤਰ, ਪਖੰਡ ਆਦਿ ਕੁਝ ਵੀ ਨਹੀਂ ਸੀ। ਕਰਮਕਾਂਡ, ਮਾਇਆ ਦਾ ਪਸਾਰ, ਮਮਤਾ, ਉਸਤੁਤਿ, ਨਿੰਦਾ, ਗਿਆਨ, ਧਿਆਨ ਅਤੇ ਨਾ ਹੀ ਵੰਸ਼ਾਂ ਦੀ ਉਤਪਤੀ ਸੀ। ਵਰਣ, ਆਸ਼ਰਮ, ਦੇਵਤਾ, ਮੰਦਰ, ਗਾਇ, ਗਾਇਤਰੀ, ਯੱਗ, ਹੋਮ, ਤੀਰਥ ਇਸ਼ਨਾਨ ਆਦਿ ਕੁਝ ਵੀ ਨਹੀਂ ਸੀ। ਸ਼ੇਖ, ਹਾਜੀ, ਰਾਜਾ, ਭਾਵ-ਭਗਤੀ, ਸ਼ਿਵਸ਼ਕਤੀ, ਸਾਜਨ, ਮਿੱਤਰ ਆਦਿ ਵੀ ਨਹੀਂ ਸਨ। ਕਤੇਬਾਂ, ਵੇਦ, ਸਿਮਰਤੀਆਂ ਸਾਸਤਰ, ਪੁਰਾਣ ਆਦਿ ਵੀ ਨਹੀਂ ਸਨ। ਨਾ ਸੂਰਜ ਚੜ੍ਹਦਾ ਸੀ ਤੇ ਨਾ ਹੀ ਡੁੱਬਦਾ ਸੀ।--

ਅਰਬਦ ਨਰਬਦ ਧੁੰਧੂਕਾਰਾ। ਧਰਣਿ ਨ ਗਗਨਾ ਹੁਕਮੁ ਅਪਾਰਾ।
ਨ ਦਿਨੁ ਰੈਨਿ ਨ ਚੰਦੁ ਨ ਸੂਰਜ ਸੁੰਨ ਸਮਾਧਿ ਲਗਾਇਦਾ।
ਖਾਣੀ ਨ ਬਾਣੀ ਪਉਣ ਨ ਪਾਣੀ।। ਓਪਤਿ ਖਪਤਿ ਨ ਆਵਣ ਜਾਣੀ।
ਖੰਡ ਪਤਾਲ ਸਪਤ ਨਹੀਂ ਸਾਗਰ ਨਦੀ ਨ ਨੀਰੁ ਵਹਾਇਦਾ।।

- - - - - - - - - - - - - - - - - - - - - - - -

**ਬੇਦ** ਕਤੇਬ ਨ ਸਿੰਮ੍ਰਿਤਿ ਸਾਸਤ।। ਪਾਠ ਪੁਰਾਣ ਉਦੈ ਨਹੀ ਆਸਤ।। [341]

ਪਰਮਾਤਮਾ **ਤਾਂ** ਮੁੱਢਲਾ ਦੇਵਤਾ ਹੈ ਜਿਸ ਦੇ ਸਰੂਪ ਦਾ ਮੁੱਢ ਨਹੀਂ, ਪਰ ਬਾਅਦ ਵਿਚ ਜਿਸਨੇ ਸਾਰੀ ਰਚਨਾ ਕਾਇਮ ਕੀਤੀ:-

ਆਦਿ ਦੇਵ ਅਨਾਦਿ ਮੂਰਤਿ, ਥਾਪਿਓ ਸਬੈ ਜਿਹ ਥਾਪਿ।।[342]

ਜਦੋਂ ਇਹ ਬ੍ਰਹਿਮੰਡ ਨਹੀਂ ਸੀ ਉਦੋਂ ਪਾਪ ਪੁੰਨ ਵੀ ਨਹੀਂ ਸੀ ਹੁੰਦਾ। ਕਿਉਂ ਕਿ ਉਹ ਪਰਮਾਤਮਾ ਤਾਂ ਸੁੰਨ ਸਮਾਧੀ ਵਿਚ ਸੀ। ਇਸ ਲਈ ਕੋਈ ਵੈਰ ਵਿਰੋਧ ਵੀ ਕਿਸ ਨਾਲ ਕਰਦਾ। ਜਦੋਂ ਇਸ ਜੀਵਨ ਦਾ ਵਰਣ ਰੂਪ ਵੀ ਨਹੀਂ ਸੀ ਜਾਪਦਾ ਤਾਂ ਫਿਰ ਖੁਸ਼ੀ ਗਮੀ ਵੀ ਕਿਸ ਨੂੰ ਵਾਪਰਨੀ ਸੀ। ਉਦੋਂ ਪਰਮੇਸ਼ਰ ਆਪਣੇ ਆਪ ਹੀ ਸੀ ਇਸ ਲਈ ਮੋਹ ਤੇ ਭਰਮ ਵੀ ਨਹੀਂ ਸੀ। ਜਦੋਂ ਸਿਰਫ਼ ਪ੍ਰਭੂ ਹੀ ਮਾਲਕ ਸੀ ਤਦੋਂ ਬੰਦਸ਼ ਜਾਂ ਖੁਲ੍ਹ ਵੀ ਨਹੀਂ ਸੀ। ਨਰਕ-ਸੁਰਗ ਅਵਤਾਰ ਨੂੰ ਵੀ ਕੋਈ ਨਹੀਂ ਸੀ ਜਾਣਦਾ। ਉਦੋਂ ਪ੍ਰਭੂ ਰੂਪ-ਰਹਿਤ ਸੁਭਾਵਿਕ

ਹੋਣ ਕਰਕੇ ਸ਼ਿਵ ਤੇ ਮਾਇਆ ਦਾ ਵੀ ਕੋਈ ਥਾਂ ਨਹੀਂ ਸੀ। ਨਾ ਕੋਈ ਨਿੱਡਰ ਸੀ ਅਤੇ ਨਾ ਹੀ ਕਿਸੇ ਤੋਂ ਕੋਈ ਡਰਦਾ ਸੀ। ਅਬਿਨਾਸ਼ੀ ਪ੍ਰਭੂ ਉਦੋਂ ਆਪਣੇ ਸੁੱਖ ਆਸਨ ਵਿਚ ਸੀ। ਇਸ ਲਈ ਜਨਮ ਮਰਨ ਵੀ ਨਹੀਂ ਸੀ। ਸ੍ਰਿਸ਼ਟੀ ਤੋਂ ਪਹਿਲਾਂ ਕਰਤਾਰ ਸਰਬ ਵਿਆਪੀ ਹੋਣ ਕਰਕੇ ਜਮਾਂ ਦਾ ਡਰ ਵੀ ਕਿਸ ਨੂੰ ਹੋਣਾ ਸੀ। ਗਤੀ ਰਹਿਤ ਨਿਰਲੇਪ ਪ੍ਰਭੂ ਇਕੋ ਸੀ। ਇਸ ਲਈ ਚਿਤਰ-ਗੁਪਤ ਲੇਖਾ ਵੀ ਕਿਸ ਤੋਂ ਪੁੱਛਦੇ ? ਕਿਉਂ ਕਿ ਉਦੋਂ ਮਾਇਆ ਰਹਿਤ, ਨਿਰਲੇਪ ਅਤੇ ਅਥਾਹ ਮਾਲਕ ਆਪ ਹੀ ਸੀ। ਇਸ ਲਈ ਉਦੋਂ ਨਾ ਕੋਈ ਛੁੱਟਦਾ ਸੀ ਤੇ ਨਾਹੀ ਕੋਈ ਬੰਧਨ ਵਿਚ ਪੈਣ ਵਾਲਾ ਸੀ। ਉਸਨੇ ਆਪਣਾ ਸਰੂਪ ਆਪ ਹੀ ਉਪਜਾਇਆ ਹੈ:--

ਜਬ ਅਕਾਰ ਇਹੁ ਕਛੁ ਨ ਦ੍ਰਿਸਟੇਤਾ।। ਪਾਪ ਪੁੰਨ ਤਬ ਕਹ ਤੇ ਹੋਤਾ।।
ਜਬ ਧਾਰੀ ਆਪਨ ਸੁੰਨ ਸਮਾਧਿ।। ਤਬ ਬੈਰ ਬਿਰੋਧ ਕਿਸੁ ਸੰਗਿ ਕਮਾਤਿ।

- - - - - - - - - - - - - - - - - - - - - - - - - -

ਜਬ ਨਾਥ ਨਿਰੰਜਨ ਅਗੋਚਰ ਅਗਾਧੇ।। ਤਬ ਕਉਨ ਛੁਟੇ ਕਉਨ ਬੰਧਨ ਬਾਧੇ।
ਆਪਨ ਆਪ ਆਪ ਹੀ ਅਚਰਜਾ।। ਨਾਨਕ ਆਪਨ ਰੂਪ ਆਪ ਹੀ ਉਪਰਜਾ।।[343]

ਗੁਰੂ ਨਾਨਕ ਨੇ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਅਨੰਤ ਯੁੱਗਾਂ ਤੱਕ ਅੰਧਕਾਰ ਦੀ ਅਵਸਥਾ ਮੰਨੀ ਹੈ ਅਤੇ ਪਰਮਾਤਮਾ ਨੂੰ ਉਸ ਅੰਧਕਾਰ ਵਿਚ ਸਮਾਧੀ ਲਗਾਈ ਦਸਿਆ ਹੈ। ਆਪ ਪਰਮਾਤਮਾ ਉਸ ਅੰਧਕਾਰ ਵਿਚ ਨਿਰਾਲਮ ਬੈਠਾ ਰਿਹਾ, ਉਦੋਂ ਇਹ ਧੁੰਧੂਕਾਰਾ ਨਹੀਂ ਸੀ। ਇਸ ਤਰ੍ਹਾਂ ਛੱਤੀ ਜੁਗ ਵਾਪਰ ਗਏ। ਜਿਵੇਂ ਉਸਨੂੰ ਚੰਗਾ ਲਗਿਆ ਉਸੇ ਤਰ੍ਹਾਂ ਉਸਨੇ ਕੀਤਾ। ਉਸ ਅਪਰ-ਅਪਾਰ ਪਰਮਾਤਮਾ ਦਾ ਹੋਰ ਕੋਈ ਵੀ ਸ਼ਰੀਕ ਨਹੀਂ:--

1. ਆਦਿ ਜੁਗਾਦੀ ਅਪਰ ਅਪਾਰੇ।।ਆਦਿ ਨਿਰੰਜਨੁ ਖਸਮ ਹਮਾਰੇ।
ਸਾਚੇ ਜੋਗ ਜੁਗਤਿ ਵੀਚਾਰੀ ਸਾਚੇ ਤਾੜੀ ਲਾਈ ਹੇ।।
ਕੇਤੜਿਆ ਜੁਗ ਧੁੰਧੂਕਾਰੈ।। ਤਾੜੀ ਲਾਈ ਸਿਰਜਣਹਾਰੈ।।[344]
2. ਕੇਤੇ ਜੁਗ ਵਰਤੇ ਗੁਬਾਰੈ।। ਤਾੜੀ ਲਾਈ ਅਪਰ ਅਪਾਰੈ।।
ਧੂੰਧੂਕਾਰਿ ਨਿਰਾਲਮੁ ਬੈਠਾ ਨਾ ਤਦਿ ਧੰਧੁ ਪਸਾਰਾ ਹੇ।।
ਜੁਗ ਛਤੀਹ ਤਿਨੈ ਵਰਤਾਏ।। ਜਿਉ ਤਿਸੁ ਭਾਣਾ ਤਿਵੈ ਚਲਾਏ।।
ਤਿਸਹਿ ਸਰੀਕੁ ਨ ਦੀਸੈ ਕੋਈ। ਆਪੇ ਅਪਰ ਅਪਾਰਾ ਹੇ।।[345]

ਇਸ ਤਰ੍ਹਾਂ ਪਰਮਤੱਤ ਆਪ 'ਸੁੰਨਿ ਸਮਾਧਿ' ਵਿਚ ਲੀਨ ਸੀ। ਉਸਦੀ ਸਮਾਧੀ ਭੰਗ ਹੋਣ ਤੇ ਅਕਾਲ ਪੁਰਖ ਦੀ ਇੱਛਾ ਹੋਈ ਅਤੇ ਉਸਨੇ ਸ੍ਰਿਸ਼ਟੀ ਪਰਗਾਉਣ ਦਾ ਹੁਕਮ ਦਿੱਤਾ ਤਾਂ ਸ੍ਰਿਸ਼ਟੀ ਹੋਂਦ ਵਿਚ ਆ ਗਈ:-

1. ਆਪਨ ਖੇਲੁ ਆਪਿ ਕਰਿ ਦੇਖੈ।।ਖੇਲੁ ਸੰਕੋਚੈ ਤਉ ਨਾਨਕ ਏਕੈ।।[346]
2.ਕੀਤਾ ਪਸਾਉ ਏਕੋ ਕਵਾਉ।[347]

ਪ੍ਰਭੂ ਨੂੰ ਜਦੋਂ ਭਾਉਂਦਾ ਹੈ ਤਾਂ ਸ੍ਰਿਸ਼ਟੀ ਪੈਦਾ ਕਰਦਾ ਹੈ ਅਤੇ ਆਪਣੇ ਭਾਣੇ ਵਿਚ ਸਮੇਟ ਲੈਂਦਾ ਹੈ।[348] ਉਸਨੇ ਆਪ ਹੀ ਇਹ ਪਸਾਰਾ ਪਸਾਰ ਕੇ ਰਜੋ,ਤਮੋ,ਸਤੋ ਗੁਣ ਪੈਦਾ ਕੀਤੇ।[344] ਕਰਤਾਰ ਨੇ ਆਪਣਾ ਆਪ ਬਣਾ ਕੇ ਆਪ ਹੀ ਨਾਂ ਰਚ ਲਿਆ। ਦੂਜੀ ਕੁਦਰਤ ਬਣਾ ਦਿੱਤੀ। ਇਸ ਕੁਦਰਤ ਵਿਚ ਆਪਣਾ ਨਿਵਾਸ ਕਰਕੇ ਸਾਰਾ ਕੌਤਕ ਵੇਖ ਰਿਹਾ ਹੈ:-

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ।।
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ।।[350]

6. ਵਿਭਾਤਮਕ ਸ਼ੈਲੀ ਰਾਹੀਂ ਬ੍ਰਹਮ ਨਿਰੂਪਣ

ਵਿਭਾਤਮਕ ਸ਼ੈਲੀ ਰਾਹੀਂ ਬ੍ਰਹਮ ਦੇ ਸਰੂਪ ਦਾ ਵਰਣਨ ਕਰਦਿਆਂ ਸ਼ਵੇਤਾਸ਼ਵਤਰ ਉਪਨਿਸ਼ਦ ਵਿਚ ਉਸ ਨੂੰ ਹੱਥਾਂ ਪੈਰਾਂ ਤੋਂ ਰਹਿਤ ਪਰ ਸਭ ਵਸਤਾਂ ਨੂੰ ਗ੍ਰਹਿਣ ਕਰਨ ਯੋਗ ਬਿਆਨਿਆ ਗਿਆ ਹੈ। ਉਹ ਬ੍ਰਹਮ ਬਿਨਾ ਅੱਖਾਂ ਦੇ ਵੇਖਦਾ ਤੇ ਬਿਨਾ ਕੰਨਾਂ ਦੇ ਸੁਣਦਾ ਹੈ। ਉਹ ਸਭ ਨੂੰ ਜਾਣਦਾ ਹੈ ਪਰ ਉਸ ਨੂੰ ਕੋਈ ਨਹੀਂ ਜਾਣਦਾ।[351]

ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੀ ਬਾਣੀ ਵਿਚ ਵੀ ਇਸ ਸ਼ੈਲੀ ਰਾਹੀਂ ਬ੍ਰਹਮ ਨਿਰੂਪਣ ਹੋਇਆ ਹੈ। ਗੁਰੂ ਰਵਿਦਾਸ ਜੀ ਦਾ ਬ੍ਰਹਮ ਸਰਬ ਵਿਆਪਕ ਹੈ।ਉਹ ਜਨ ਸਾਧਾਰਣ ਸੰਬੰਧੀ ਪੂਰੀ ਤਰ੍ਹਾਂ ਜਾਣਦਾ ਹੈ। ਉਹ ਸਰਵੋਤਮ,ਸਿਆਣਾ ਅਤੇ ਅੰਤਰਜਾਮੀ ਹੈ। ਉਹ ਆਪਣੇ ਵਰਗਾ ਆਪ ਹੀ ਹੈ। ਉਸ ਤੋਂ ਬਿਨਾ ਹੋਰ ਕੋਈ ਸਰਬ-ਗੁਣ ਸੰਪਨ ਨਹੀਂ ਹੈ। ਉਹ ਕਰਣ ਕਾਰਣ ਸਮਰੱਥ ਹੈ। ਉਸ ਨੂੰ ਸਾਰਿਆਂ ਦੀ ਚਿੰਤਾ ਹੈ ਅਤੇ ਉਹ ਸਾਰਿਆਂ ਨੂੰ ਪਾਲਦਾ ਹੈ:-

1. ਸਭ ਮੈਂ ਹਰਿ ਹੈ ਹਰਿ ਮੈਂ ਸਭ ਹੈ, ਹਰਿ ਅਪਨੋ ਜਿਨਿ ਜਾਨਾ।
ਅਪਨਿ ਆਪਿ ਸਾਖੀ ਨਹੀਂ ਦੂਸਰ, ਜਾਨਨਹਾਰ ਸਯਾਨਾ।।[352]

2. ਕਹਿ ਰਵਿਦਾਸ ਹਰਿ ਸਰਬ ਵਿਆਪਕ।
ਸਰਬ ਰਘੰਤਾਮਨਿ ਸਰਬ ਪ੍ਰਤਿਪਾਲਕ।।[353]

ਗੁਰੂ ਜੀ ਅਨੁਸਾਰ ਸਮੂਹ ਅੰਦਰ ਕੇਵਲ ਇਕ ਸੁਆਮੀ ਹੈ ਅਤੇ ਉਹ ਸਾਰਿਆਂ ਦਿਲਾਂ ਅੰਦਰ ਅਨੰਦ ਮਾਣਦਾ ਹੈ। ਉਹ ਘਟਿ ਘਟਿ ਵਿਚ ਨਿਰੰਤਰ ਰਮ ਰਿਹਾ ਹੈ। ਉਹ ਸਾਨੂੰ ਸਾਰਿਆਂ ਨੂੰ ਵੇਖਦਾ ਹੈ ਪਰ ਅਸੀਂ ਨਹੀਂ ਜਾਣਦੇ। ਉਹ ਇਕ ਹੁੰਦਿਆਂ ਹੋਇਆਂ ਵੀ ਅਨੇਕ ਹੈ ਤੇ ਅਨੇਕ ਹੁੰਦਿਆਂ ਹੋਇਆਂ ਵੀ ਇਕ ਹੈ:—

1. ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋਗਵੈ ਸੋਈ।[354]
2. ਸਬ ਘਟਿ ਅੰਤਰਿ ਰਮਸਿ ਨਿਰੰਤਰਿ, ਹੈਂ ਦੇਖਤ ਹੂੰ ਨਹੀਂ ਜਾਨਾ।।[355]
3. ਏਕ ਅਨੇਕ, ਅਨੇਕ ਏਕ ਹਰਿ, ਕਹੌ ਕਵਨ ਵਿਧਿ ਦੂਜਾ।।[356]

ਉਹ ਤਾਂ ਸਾਡਾ ਸਾਹਿਬ ਹੈ, ਦਿਲਾਂ ਦੀਆਂ ਜਾਨਣ ਵਾਲਾ ਹੈ। ਉਸ ਸਾਹਿਬ ਤੋਂ ਉਸ ਦਾ ਗੋਲਾ ਜੀਵ ਜਾਣਿਆ ਜਾਂਦਾ ਹੈ ਅਤੇ ਗੋਲੇ ਜੀਵ ਤੋਂ ਉਸ ਦਾ ਸਾਹਿਬ। ਪਰ ਗੁਰੂ ਜੀ ਅਨੁਸਾਰ ਇਹ ਕੋਈ ਵਿਰਲਾ ਹੀ ਜਾਣ ਸਕਦਾ ਹੈ ਕਿ ਉਹ ਸਾਹਿਬ ਸਾਰਿਆਂ ਅੰਦਰ ਇਕ ਸੁਰ ਹੈ:—

ਤੁਮ, ਜੋ ਨਾਇਕ ਆਛਹੁ ਅੰਤਰਜਾਮੀ।। ਪ੍ਰਭੁ ਤੇ ਜਨ ਜਾਨੀਜੈ ਜਨ ਤੇ ਸੁਆਮੀ।।
ਸਰੀਰ ਅਰਾਧੈ ਮੋ ਕਉ ਬੀਚਾਰੁ ਦੇਹੂ।।ਰਵਿਦਾਸ ਸਮ ਦਲ ਸਮਝਾਵੈ ਕੋਊ।।[357]

ਉਹ ਪ੍ਰਭੂ ਕਿਸੇ ਨੂੰ ਵਿਰਸੇ ਵਿਚ ਨਹੀਂ ਮਿਲਿਆ ਉਹ ਤਾਂ ਉਸੇ ਦਾ ਹੈ ਜੋ ਉਸਨੂੰ ਪਿਆਰ ਕਰਦਾ ਹੈ:—

ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ।।[358]

ਇਸ ਗੱਲ ਨੂੰ ਸਾਰੇ ਜੀਵ ਨਹੀਂ ਸਮਝ ਸਕਦੇ, ਕਿਉਂਕਿ ਉਹ ਤਾਂ ਪਾਗਲ ਬੰਦੇ ਵਾਂਗ ਕੁਰਾਹੇ ਪਏ ਹੋਏ ਹਨ:—

ਕਹੁ ਰਵਿਦਾਸ ਸਭੈ ਨਹੀ ਸਮਝਸਿ ਭੂਲਿ ਪਰੇ ਜੈਸੇ ਬਉਰੇ।।[359]

ਸੋ ਗੁਰੂ ਨਾਨਕ ਦੇਵ ਜੀ ਵੀ ਵਿਭਾਤਮਕ ਸ਼ੈਲੀ ਰਾਹੀਂ ਬ੍ਰਹਮ ਦਾ ਨਿਰੂਪਣ ਕਰਦੇ ਕਹਿੰਦੇ ਹਨ ਕਿ ਉਹ ਪ੍ਰਭੂ ਸਰਬ ਵਿਆਪਕ ਹੈ। ਉਸ ਤੋਂ ਬਿਨਾ ਕੋਈ ਦੂਜਾ ਹੈ ਹੀ ਨਹੀਂ। ਦ੍ਵੈਤ ਦਾ ਭਾਵ ਰੱਖਣ ਵਾਲਾ ਭਰਮ ਵਿਚ ਹੈ। ਸਾਰੇ ਜੀਵਾਂ ਵਿਚ ਇਕ ਹੀ ਰੱਬ ਹੈ:-

1. ਦੂਜਾ ਕਉਣ ਕਹਾ, ਨਹੀ ਕੋਈ।। ਸਭ ਮਹਿ ਏਕੁ ਨਿਰੰਜਨੁ ਸੋਈ।।
   ਦੂਜੀ ਦੁਰਮਤਿ ਆਖੈ ਦੋਇ।। ਆਵੈ ਜਾਇ ਮਰਿ ਦੂਜਾ ਹੋਇ।।[360]
2. ਸਭਨੀ ਘਟੀ ਸਹੁ ਵਸੈ ਸਹ ਬਿਨੁ ਘਟੁ ਨ ਕੋਇ।।[361]

ਇਹ ਸੰਸਾਰਕ ਖੇਡ ਉਸ ਬ੍ਰਹਮ ਦੀ ਰਚਨਾ ਹੈ। ਇਸ ਰਚਨਾ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਰਚਨਹਾਰਾ ਆਪਣੀ ਰਚਨਾ ਨੂੰ ਰਚ ਕੇ ਕਿਧਰੇ ਦੂਰ ਬੈਠਾ ਵੇਖਦਾ ਹੈ ਅਤੇ ਪ੍ਰਬੰਧ ਹੀ ਨਹੀਂ ਕਰਦਾ, ਸਗੋਂ ਉਹ ਤਾਂ ਆਪ ਇਸ ਵਿਚ ਵਿਚਰ ਰਿਹਾ ਹੈ ਅਤੇ ਪ੍ਰਸੰਨ ਹੋ ਰਿਹਾ ਹੈ:--

1. ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ।।[362]
2. ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ।।
   ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ।।[363]

ਗੁਰੂ ਅੰਗਦ ਨੇ ਇਸ ਜਗਤ ਨੂੰ ਸੱਚੇ ਵਾਹਿਗੁਰੂ ਦੀ ਕੋਠੜੀ ਕਿਹਾ ਹੈ। ਜਿਸ ਵਿਚ ਕਿ ਉਹ ਵਸ ਰਿਹਾ ਹੈ:-

1. ਇਹ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ।।[364]
2. ਸਭਨੀ ਘਟੀ ਸਹੁ ਵਸੈ ਸਹ ਬਿਨੁ ਘਟੁ ਨ ਕੋਇ।।[365]

ਜਿਸ ਪ੍ਰਭੂ ਨੇ ਇਹ ਸਾਰੀ ਸ੍ਰਿਸ਼ਟੀ ਸਾਜੀ ਹੈ, ਦਾਤਾਂ ਬਖਸ਼ੀਆਂ ਹਨ ਉਹ ਸਭ ਕੁਝ ਜਾਣਦਾ ਹੈ। ਉਸ ਦੀ ਕੀਮਤ ਤਾਂ ਉਹ ਆਪ ਹੀ ਜਾਣਦਾ ਹੈ। ਉਹ ਤਾਂ ਸਾਡਾ ਤਨ, ਮਨ ਤੇ ਪ੍ਰਾਣ ਹੈ। ਉਸ ਤੋਂ ਬਿਨਾ ਦੂਜਾ ਕੋਈ ਹੈ ਹੀ ਨਹੀਂ:-

1. ਜਿਨੁ ਕਿਛੁ ਦੀਆ ਸੋਈ ਜਾਨੈ। ਜਿਨਿ ਇਹ ਸਭ ਬਿਧਿ ਸਾਜੀ।।
   ਕਹੁ ਨਾਨਕ ਅਪਰੰਪਰ ਸੁਆਮੀ ਕੀਮਤਿ ਅਪਨੇ ਕਾਜੀ।।[366]
2. ਮਧੁਸੂਦਨ ਮੇਰੇ ਮਨ ਤਨ ਪ੍ਰਾਨਾ।। ਹਉ ਹਰਿ ਬਿਨੁ ਦੂਜਾ ਅਵਰੁ ਨ ਜਾਨਾ।[367]

ਪਰਮਾਤਮਾ ਸਭ ਜੀਵਾਂ ਦੇ ਦਿਲਾਂ ਅੰਦਰ ਆਨੰਦ ਮਾਣਦਾ ਹੈ ਪਰ ਸਦਾ ਰਹਿੰਦਾ ਅਲਿਪਤ ਹੈ। ਉਸ ਅਲੱਖ ਪ੍ਰਭੂ ਨੂੰ ਲੱਖਿਆ ਨਹੀਂ ਜਾ ਸਕਦਾ। ਸ਼ਬਦ ਵਿਚ ਸੁਰਤ ਜੋੜ ਕੇ ਪੂਰੇ ਗੁਰ ਦੀ ਕ੍ਰਿਪਾ ਨਾਲ ਹੀ ਉਸ ਨੂੰ ਪਾਇਆ ਜਾ ਸਕਦਾ ਹੈ:-

ਸਭਿ ਘਟ ਭੋਗਵੈ ਅਲਿਪਤੁ ਰਹੈ ਅਲਖੁ ਨ ਲਖਣਾ ਜਾਈ।
ਪੂਰੈ ਗੁਰਿ ਵੇਖਾਲਿਆ ਸਬਦੈ ਸੋਝੀ ਪਾਈ।।[368]

ਉਹ ਪ੍ਰਭੂ ਅੰਤਰਜਾਮੀ ਹੈ। ਸਭ ਦੇ ਦਿਲਾਂ ਦੀਆਂ ਜਾਣਦਾ ਹੈ। ਇਸ ਲਈ ਉਸ ਨੂੰ ਆਖ ਕੇ ਸੁਣਾਉਣ ਦੀ ਲੋੜ ਹੀ ਨਹੀਂ। ਕਥਨ ਕਰਨ ਨਾਲ ਉਸ ਨੂੰ ਖੁਸ਼ ਵੀ ਨਹੀਂ ਕੀਤਾ ਜਾ ਸਕਦਾ। ਸਭ ਕੁਝ ਉਸ ਦੀ ਮਿਹਰ ਨਾਲ ਹੀ ਹੁੰਦਾ ਹੈ:-

ਹਰਿ ਅੰਤਰਜਾਮੀ ਸਭ ਬਿਧਿ ਜਾਣੈ ਤਾ ਕਿਸੁ ਪਹਿ ਆਖਿ ਸੁਣਾਈਐ।।
ਕਹਣੈ ਕਥਨਿ ਨ ਭੀਜੈ ਗੋਬਿੰਦੁ ਹਰਿ ਭਾਵੈ ਪੈਜ ਰਖਾਈਐ।।[369]

ਪ੍ਰਭੂ ਸਭ ਕੁਝ ਆਖਦਾ ਤੇ ਵੇਖਦਾ ਹੈ ਤੇ ਉਸੇ ਨੇ ਹੀ ਇਹ ਸੰਸਾਰ ਪੈਦਾ ਕੀਤਾ ਹੈ। ਪਰ ਉਹ ਸਦਾ ਅਪਹੁੰਚ ਹੈ ਉਸ ਦਾ ਅੰਤ ਨਹੀਂ ਪਾਇਆ ਜਾ ਸਕਦਾ:-

ਆਖਹਿ ਤ ਵੇਖਹਿ ਸਭੁ ਤੂਹੈ ਜਿਨਿ ਜਗਤੁ ਉਪਾਇਆ।।
ਕਹੈ ਨਾਨਕੁ ਤੂ ਸਦਾ ਅਗੰਮੁ ਹੈ ਤੇਰਾ ਅੰਤੁ ਨ ਪਾਇਆ।।[370]

ਮਾਇਆ ਤੋਂ ਪੈਦਾ ਹੋਣ ਵਾਲੇ ਤਿੰਨ ਦੇਵਤੇ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਨੂੰ ਵੀ ਪਰਮਾਤਮਾ ਆਪਣੀ ਮਰਜ਼ੀ ਨਾਲ ਹੀ ਚਲਾਉਂਦਾ ਹੈ। ਇਹ ਵੀ ਉਸੇ ਦੇ ਹੁਕਮ ਅਨੁਸਾਰ ਚਲਦੇ ਹਨ ਪਰ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਪਰਮਾਤਮਾ ਇਨ੍ਹਾਂ ਸਭ ਨੂੰ ਵੇਖਦਾ ਹੈ ਪਰ ਇਨ੍ਹਾਂ ਨੂੰ ਵੀ ਉਹ ਨਜ਼ਰ ਨਹੀਂ ਆਉਂਦਾ:-

1. ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ।।[371]
2. ਪੂਰਨ ਪੂਰਿ ਰਹਿਓ ਸ੍ਰਬ ਥਾਈ ਆਨ ਨ ਕਤਹੂ ਜਾਤਾ।।[372]

<u>ਅਵਿਅਕਤ ਸਗੁਣ ਬ੍ਰਹਮ</u>

ਇਹ ਬ੍ਰਹਮ ਸਗੁਣ ਅਤੇ ਨਿਰਗੁਣ ਦੇ ਵਿਚਾਲੇ ਮਾਧਮਿਕ ਗੁਣਾਂ ਦਾ ਧਾਰਨੀ

ਹੁੰਦਾ ਹੈ। ਜਦੋਂ ਅਵਿਅਕਤ ਨਿਰਗੁਣ ਬ੍ਰਹਮ ਵਿਸ਼ੇਸ਼ ਗੁਣਾਂ ਕਰਕੇ ਸਗੁਣ ਪ੍ਰਤੀਤ ਹੋਣ ਲਗਦਾ ਹੈ ਤਾਂ ਉਹ ਅਵਿਅਕਤ ਸਗੁਣ ਬ੍ਰਹਮ ਕਿਹਾ ਜਾਂਦਾ ਹੈ। ਗੁਰੂ ਰਵਿਦਾਸ ਦੀ ਬਾਣੀ ਵਿਚ ਅਵਿਅਕਤ ਸਗੁਣ ਬ੍ਰਹਮ ਦਾ ਨਿਰੂਪਣ ਚਾਰ ਰੂਪਾਂ ਵਿਚ ਹੋਇਆ ਹੈ।

(1) ਇੱਕ ਈਸ਼ਵਰ, (2) ਜੋਤਿ ਸਰੂਪ ਬ੍ਰਹਮ, (3) ਸੱਤਿ ਸਰੂਪ ਬ੍ਰਹਮ
(4) ਸੈਭੰ ਰੂਪ ਬ੍ਰਹਮ

(1) <u>ਇੱਕ ਈਸ਼ਵਰਵਾਦ</u>

ਵੈਦਿਕ ਸਾਹਿਤ ਵਿਚ ਪਰਮਾਤਮਾ ਨੂੰ ਇਕ ਮੰਨਿਆ ਗਿਆ ਹੈ। ਬ੍ਰਹਮੋਪਨਿਸ਼ਦ ਅਨੁਸਾਰ ਵੀ ਬ੍ਰਹਮ ਇਕ ਹੈ, ਉਹ ਹੀ ਸਰਬ-ਭੂਤਾਂ ਵਿਚ ਵਿਦਮਾਨ ਹੈ। ਉਹ ਸਰਬ-ਵਿਆਪਕ ਸਭ ਜੀਵਾਂ ਦੀ ਆਤਮਾ ਹੈ। ਗੁਰੂ ਰਵਿਦਾਸ ਜੀ ਨੇ ਵੀ ਬ੍ਰਹਮ ਨੂੰ ਇਕ ਮੰਨਿਆ ਹੈ। ਜੋ ਘਟਿ ਘਟਿ ਵਿਚ ਅਨੇਕ ਰੂਪਾਂ ਵਿਚ ਵਸਦਾ ਹੈ। ਜਲ ਦੀ ਬੂੰਦ ਦਾ ਜਲ ਵਿਚ ਸਮਾ ਜਾਣ ਵਾਂਗ ਜੀਵ ਤੇ ਪਰਮਾਤਮਾ ਵਿਚ ਉਹੋ ਰਿਸ਼ਤਾ ਹੈ। ਬ੍ਰਹਮ ਇਕ ਤੇ ਸ਼ੁਧ ਚੇਤਨ ਸਰੂਪ ਹੈ। ਉਸ ਇਕ ਜੋਤ ਦਾ ਸਭ ਪਾਸੇ ਪਸਾਰਾ ਹੈ:-

1. ਜਲ ਕੇ ਤਰੰਗ ਜਲ ਮਾਹਿੰ ਸਮਾਈ, ਕਹਿ ਕਾ ਕੋ ਨਾਂਵ ਧਰਿਯੈ।
   ਐਸੇ ਤੋ ਮੈਂ ਏਕ ਰੂਪ ਹੈ ਮਾਧੋ, ਆਪਣ ਹੀ ਨਿਰਵਰਿਯੈ।।[373]
2. ਤੂ ਅਕਲ ਅਪਛੰਨ ਵਯਾਪਕ, ਬ੍ਰਹਮੈਕ ਰਸ ਸੁਧ ਚੇਤੰਨ ਪੂਰਣ ਮਨੇਵੰ।।[374]
3. ਕਹੈ ਰਵਿਦਾਸ ਮੈਂ ਦੇਖਯਾ ਮਾਹੀਂ, ਸਕਲੈ ਹੀ ਜੋਤਿ ਰੋਮਿ ਸਮਿ ਨਾਹੀਂ।।[375]

ਗੁਰੂ ਰਵਿਦਾਸ ਜੀ ਦਾ ਇਕ ਈਸ਼ਵਰ ਵਿਚ ਪੂਰਨ ਵਿਸ਼ਵਾਸ਼ ਸੀ। ਉਨ੍ਹਾਂ ਅਨੁਸਾਰ ਸ੍ਰਿਸ਼ਟੀ ਦਾ ਸਿਰਜਨਹਾਰ ਇਕ ਹੈ ਉਹ ਹੀ ਜਗਤ ਦਾ ਕਰਤਾ, ਧਰਤਾ, ਪਾਲਕ ਅਤੇ ਸੰਘਾਲਕ ਹੈ। ਸਾਰੇ ਜੀਵਾਂ ਵਿਚ ਉਸ ਹਰੀ ਦਾ ਵਾਸਾ ਹੈ। ਉਹ ਅਨੇਕ ਰੂਪਾਂ ਵਿਚ ਸਭ ਥਾਂ ਬਿਰਾਜਮਾਨ ਹੈ। ਮਨੁੱਖ ਨਾਸ਼ਵਾਨ ਹੈ। ਇਕ ਪ੍ਰਭੂ ਅਕਾਲ-ਪੁਰਖ ਹੈ। ਉਹ ਸ੍ਰਿਸ਼ਟੀ ਦੇ ਆਦਿ, ਵਰਤਮਾਨ ਤੇ ਅੰਤ ਤੱਕ ਰਹੇਗਾ। ਪਰਮਤੱਤ ਹੈ ਤਾਂ ਇਕ ਪਰ ਮਨੁੱਖ ਨੂੰ ਮਾਇਆ ਦੇ ਭਰਮ ਥੱਲੇ ਦੂਜਾ ਨਜ਼ਰ ਆਉਂਦਾ ਹੈ। ਉਸ ਦੀ ਏਕਤਾ ਵਿਚ ਅਨੇਕਤਾ ਹੈ ਅਤੇ ਅਨੇਕਤਾ ਵਿਚ ਉਹ ਹਾਜ਼ਰ-ਹਜ਼ੂਰ ਹੈ। ਉਸ ਦਾ ਹੋਰ ਕੋਈ ਸਾਨੀ ਨਹੀਂ:--

1. ਸਬ ਮੈ ਹਰਿ ਹੈ ਹਰਿ ਮੈਂ ਸਬ ਹੈ, ਹਰਿ ਆਪਨੋ ਜਨਿ ਜਾਨਾ।
   ਆਪਨਿ ਆਪਿ ਸਾਖੀ ਨਹਿੰ ਦੂਸਰ, ਜਾਨਨਹਾਰ ਸਯਾਨਾ।।[378]

2. ਏਕ ਹੀ ਏਕ ਅਨੇਕ ਹੋਇ ਬਿਸਥਰਿਓ।
   ਆਨ ਰੇ ਆਨ ਭਰਪੂਰਿ ਸੋਊ।।[377]
3. ਦ੍ਰਿਸਟਿ ਅਦ੍ਰਿਸਟਿ ਗੇਯ ਅਰੁ ਗਯਾਤਾ। ਏਕ ਮੇਕ ਹੈ 'ਰਵਿਦਾਸਾ'।।[378]
4. ਜਿਸ ਕੀ ਪਨਹ ਪੀਰ ਪੈਕੰਬਰ, ਮੈਂ ਗਰੀਬ ਕਯਾ ਗੰਦਾ।
   ਤੂ ਹਾਜਰਾ ਹਜੂਰਿ ਜੋਗ ਯੇਕ, ਅਵਰ ਨਹੀਂ ਦੂਜਾ।।[379]
5. ਕੇਵਲ ਕਰਤਾ ਏਕ ਸਹੀ ਕਰਿ। ਸਤਿ ਰਾਮ ਤਿਹਿ ਠਾਈ।।[380]
6. ਆਦਿ ਹੂੰ ਏਕ ਅੰਤਾ ਫੁਨਿ ਸੋਈ। ਮਧਿ ਉਪਾਧਿ ਸੁ ਕੈਸੇ।
   ਅਹੈ ਯੇਕ ਪੈ ਭ੍ਰਮ ਸੂੰ ਦੂਜੋ, ਕਨਕ ਅਲੰਕ੍ਰਤ ਜੈਸੇ।।[381]

ਜਿਥੇ ਗੁਰੂ ਰਵਿਦਾਸ ਨੇ ਬ੍ਰਹਮ ਵਿਚ ਸ਼ਰਧਾ ਰੱਖਣ ਅਤੇ ਧਾਰਮਿਕ ਗ੍ਰੰਥਾਂ ਦੇ ਇੱਕੋ ਇਕ ਨਾਮ ਦੇ ਸਿਧਾਂਤ ਨੂੰ ਗ੍ਰਹਿਣ ਕਰਨ ਤੇ ਬਲ ਦਿੱਤਾ, ਉਥੇ ਉਨ੍ਹਾਂ ਨੇ ਜਨ ਸਾਧਾਰਨ ਨੂੰ ਇਕੋ ਜਪ ਜਪਣ, ਇੱਕੋ ਤਪ ਤਪਣ, ਇਕ ਸਰਵ-ਗੁਣ ਸੰਪਨ ਗੁਰੂ ਧਾਰਨ ਅਤੇ ਇਕੋ ਜੋਤਿ ਸਰੂਪ ਨੂੰ ਨਿਹਾਰਨ ਦਾ ਸੰਦੇਸ਼ ਦਿੱਤਾ। ਤਾਂ ਕਿ ਆਵਾਗਵਨ ਦੇ ਚੱਕਰ ਤੋਂ ਬਚਿਆ ਜਾ ਸਕੇ:-

ਸੋਈ ਜਪ ਜਪੋਂ, ਜੁ ਬਹੁਰਿ ਨ ਜਪਨਾ, ਸੋਇ ਤਪ ਤਪੋ ਜੁ ਬਹੁਰਿ ਨ ਤਪਨਾ।
ਸੋਇ ਗੁਰ ਕਰੌ ਜੁ ਬਹੁਰਿ ਨ ਕਰਨਾ, ਐਸੇ ਮਰੌਂ ਜੁ ਬਹੁਰਿ ਨ ਮਰਨਾ।
- - - - - - - - - - - - - - - - - - - - - - - - - - -
ਲੋਚਨ ਭਰਿ ਭਰਿ ਬਧੰਬ ਨਿਹਾਰੋ, ਜੋਤਿ ਬਿਚਾਰਿ ਨ ਅਵਰ ਬਿਚਾਰੋਂ।।[382]

ਹੋਰ ਸਮਕਾਲੀਆਂ ਦੇ ਪ੍ਰਚੱਲਿਤ ਵਿਚਾਰਾਂ ਨਾਲੋਂ ਭਗਤ ਰਵਿਦਾਸ ਜੀ ਦੀ ਰਚਨਾ ਵਿਚ ਇੱਕ ਮੁੱਖ ਅੰਤਰ ਇਹ ਹੈ ਕਿ ਉਹ ਨਾ ਕ੍ਰਿਸ਼ਨ ਭਗਤ ਹਨ ਅਤੇ ਨਾ ਰਾਮ ਭਗਤ, ਨਾ ਕਿਸੇ ਹੋਰ ਅਵਤਾਰ ਜਾਂ ਦੇਵਤੇ ਦੇ ਉਪਾਸ਼ਕ। ਉਹ ਰੂਪ, ਰੇਖਾ, ਰਾਗ ਰੰਗ ਤੋਂ ਨਿਆਰੇ ਈਸ਼ਵਰ ਦੇ ਹੀ ਉਪਾਸ਼ਕ ਜਾਪਦੇ ਹਨ। ਉਨ੍ਹਾਂ ਨੂੰ ਕਿਸੇ ਮੰਦਰ ਜਾਣ ਦੀ ਲੋੜ ਹੀ ਨਹੀਂ ਪਈ।

ਸੰਤਾਂ ਦਾ ਨਿਰਗੁਣ ਬ੍ਰਹਮ ਬਹੁਦੇਵਵਾਦ ਦੇ ਪ੍ਰਤੀਕਰਮ ਹੀ ਦੀ ਤਾਂ ਉਪਜ ਹੈ। ਸੰਤਾਂ ਨੇ ਭਾਵੇਂ ਨਿਰਗੁਣ ਬ੍ਰਹਮ ਅਤੇ ੧ਰ ਲਈ ਭਿੰਨ ਨਾਵਾਂ ਦਾ ਪ੍ਰਯੋਗ ਕੀਤਾ ਹੈ ਪਰ ਇਨ੍ਹਾਂ ਸਭ ਨਾਵਾਂ ਤੋਂ ਬ੍ਰਹਮ ਦੀ ਏਕਤਾ ਦਾ ਹੀ ਪ੍ਰਤੀਪਾਦਨ ਹੁੰਦਾ ਹੈ। ਨਿਰਗੁਣ ਬ੍ਰਹਮ ਸਰਬ-ਵਿਆਪਕ ਹੈ ਅਤੇ ਜਗਤ ਦਾ ਕਰਤਾ ਅਤੇ ਸਿਰਜਨਹਾਰ ਹੈ। ਗੁਰੂ ਰਵਿਦਾਸ ਜੀ ਅਨੁਸਾਰ

ਸਭ ਧਰਮਾਂ ਅਤੇ ਮੱਤਾਂ ਦੇ ਮੂਲ ਵਿਚ ਇਕ ਹੀ ਪਰਮਾਤਮਾ ਵਿਦਮਾਨ ਹੈ। ਇਸ ਤਰ੍ਹਾਂ ਮਧਕਾਲੀਨ ਭਗਤੀ ਵਿਚ ਨਿਰਗੁਣ-ਸਗੁਣ ਇਕ ਬ੍ਰਹਮ ਪ੍ਰਤੀ ਵਿਚਾਰ ਪ੍ਰਾਪਤ ਹੁੰਦੇ ਹਨ। ਉਹ ਹਰ ਚੀਜ਼ ਵਿਚ ਵਿਦਮਾਨ ਹੈ:-

1. ਏਕ ਅਨੇਕ, ਅਨੇਕ ਏਕ ਹਰਿ ਕਹੋ ਕਵਨ ਵਿਧਿ ਦੂਜਾ।।[383]
2. ਤੂੰ ਸਗੁਣ ਨਿਰਗੁਣ ਨਿਰਾਮਯੋ ਨਿਰਬਿਕਾਰ।।[384]
3. ਕਰਤਾ ਏਕ ਭਾਈ ਜੁਗ ਭੁਗਤਾ, ਸਬ ਘਟਿ ਸਬ ਬਿਧਿ ਸੋਈ।।[385]
4. ਰਵਿਦਾਸ ਜੋ ਕਰਤਾ ਸਰਿਸਟਿ ਕਾ, ਵਹ ਤੋ ਕਰਤਾ ਏਕ।
   ਸਭ ਮੀਹ ਜੋਤਿ ਸਰੂਪ ਇਕ, ਕਾਹੇ ਕਹੂੰ ਅਨੇਕ।।[386]

ਉਸ ਨਿਰਗੁਣ ਬ੍ਰਹਮ ਦੇ ਅਨੰਤਾਂ ਭੇਖ ਹਨ। ਉਹ ਇਕ ਜੋਤਿ ਘਟ ਘਟ ਵਿਚ ਰਮ ਰਹੀ ਹੈ:-

1. ਰਵਿਦਾਸ ਹੈ ਦੇਖਯਾ ਸੋਧਿ ਕਰ, ਸਾਹਿਬ ਭੇਖ ਅਨੰਤ।
   ਏਕੈ ਆਤਮ ਘਟ ਘਟ ਰਮੈ, ਸਬ ਦਿਸਿ ਏਕਉ ਭਗਵੰਤ।।[387]

ਸੰਤ ਰਵਿਦਾਸ ਜੀ ਈਸ਼ਵਰ ਭਗਤੀ ਰਾਹੀਂ ਸਿੱਧਾ ਤੇ ਨਿਕਟ ਦਾ ਸੰਬੰਧ ਵਾਹਿਗੁਰੂ ਨਾਲ ਜੋੜਦੇ ਹਨ। ਇਸ ਕਰਕੇ ਉਨ੍ਹਾਂ ਨੇ ਤਾਂ ਆਪਣੇ ਗੁਰੂ ਜਾਂ ਇਸ਼ਟ ਰਾਮਾਨੰਦ ਜੀ ਨੂੰ ਵੀ ਆਪਣੀ ਬਾਣੀ ਤੋਂ ਲਾਂਭੇ ਰਖਿਆ ਹੈ। ਇਸ ਵਿਚ ਸਾਨੂੰ ਰਾਮਾਨੰਦ ਜੀ ਦਾ ਜ਼ਿਕਰ ਨਹੀਂ ਲੱਭਦਾ। ਉਨ੍ਹਾਂ ਨੇ ਜੋ ਸੱਚ ਬਾਣੀ ਰਾਹੀਂ ਪ੍ਰਗਟਾਇਆ, ਉਸ ਨੂੰ ਹੀ ਵਰਤੋਂ ਵਿਚ ਲਿਆਂਦਾ:-

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ।
ਤੇ ਨਰ ਦੋਜਕ ਜਾਹਿਗੇ, ਸਤਿ ਭਾਖੈ ਰਵਿਦਾਸ।।[388]

ਸੋ ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਰੂ ਰਵਿਦਾਸ ਜੀ ਦੀ ਇੱਕ ਈਸ਼ਵਰਵਾਦੀ ਧਾਰਨਾ ਸ਼ੰਕਰਾਚਾਰੀਆ ਦੇ ਅਦਵੈਤਵਾਦ ਨਾਲੋਂ ਵੱਖਰੀ ਹੈ। ਜੋ ਉਨ੍ਹਾਂ ਦੀ ਮੌਲਿਕਤਾ ਦਾ ਸਬੂਤ ਹੈ। ਗੁਰੂ ਜੀ ਏਕਤੱਵ ਦੀ ਭਾਵਨਾ ਦਾ ਮਹੱਤਵ ਦੱਸਦੇ ਕਹਿੰਦੇ ਹਨ ਕਿ ਅਦਵੈਤ ਭਾਵ ਵਿਚ ਵਿਲੀਨ ਹੋ ਕੇ ਪਰਮਤੱਤ ਦੇ ਦਰਸ਼ਨ ਹੋ ਸਕਦੇ ਹਨ। ਕ੍ਰਿਸ਼ਨ, ਕਰੀਮ, ਹਰੀ, ਰਾਘਵ ਵਿਚ 'ਇੱਕ' ਪਾਰਬ੍ਰਹਮ ਨਜ਼ਰੀਂ ਆਉਣਾ ਚਾਹੀਦਾ ਹੈ। ਵੇਦ, ਕਤੇਬ, ਪੁਰਾਣ

ਵਿਚ ਇਕ ਅਸੂਲ ਦ੍ਰਿਸ਼ਟੀਗੋਚਰ ਹੋਣਾ ਚਾਹੀਦਾ ਹੈ। ਅੱਲਾਹ, ਰਾਮ, ਮਾਧਉ, ਮੁਕੰਦ ਸਭ ਉਸੀ ਦੇ ਨਾਮ ਹਨ:–

1. ਕ੍ਰਿਸ਼ਨ, ਕਰੀਮੁ ਰਾਮ ਹਰਿ ਰਾਘੋ, ਜਬਿ ਲਗਿ ਏਕੇ ਏਕ ਨਹੀਂ ਪੇਖਯਾ।
ਬੇਦ ਕਤੇਬ ਕੁਰਾਨ ਪੁਰਾਣਨਿ, ਸਹਜਿ ਏਕ ਨਹੀਂ ਦੇਖਯਾ।।[389]
2. ਰਵਿਦਾਸ ਹਮਾਰੋ ਸਾਇਯਾਂ, ਰਾਘਵ ਰਾਮ ਰਹੀਮ।
ਸਭ ਹੀ ਰਾਮ ਕੋ ਰੂਪ ਹੈਂ, ਕੇਸੋ ਕ੍ਰਿਸਨ ਕਰੀਮ।।[390]
3. ਰਵਿਦਾਸ ਕੋਉ ਅਲਹ ਕਹਿਇ, ਕੋਉ ਪੁਕਾਰਹਿ ਰਾਮ।
ਕੇਸਉ ਕ੍ਰਿਸਨ ਕਰੀਮ ਸਭ, ਮਾਧਉ ਮੁਕੁੰਦਹ ਨਾਮ।।[391]
4. ਅਲਖ ਅਲਖ ਖਾਲਿਕ ਖੁਦਾ, ਕ੍ਰਿਸਨ ਕਰੀਮ ਕਰਤਾਰ।
ਰਾਮਹ ਨਾਉ ਅਨੇਕ ਹੈ, ਕਹੈ ਰਵਿਦਾਸ ਬਿਚਾਰ।।[392]

ਗੁਰੂ ਨਾਨਕ ਨੇ ਵੀ ਪਰਮਾਤਮਾ ਨੂੰ 'ਇੱਕ' ਹੀ ਮੰਨਿਆ ਹੈ। ਉਨ੍ਹਾਂ ਨੇ ਮੂਲ ਮੰਤਰ ਦੇ ਸ਼ੁਰੂ ਵਿਚ ਓਂਕਾਰ ਤੋਂ ਪਹਿਲਾਂ '੧' ਸੰਖਿਆ ਲਿਖਕੇ ਉਸਦਾ ਸਰੂਪ ਨਿਸ਼ਚਿਤ ਕਰ ਦਿੱਤਾ ਹੈ। ੧ਓ ਸ਼ਬਦ ਦਾ ਪਿਛੋਕੜ ਸਾਨੂੰ ਉਪਨਿਸ਼ਦਾਂ ਵਿਚ ਮਿਲਦਾ ਹੈ। ਇਹ ਸ਼ਬਦ 'ਓਮ' ਸ਼ਬਦ ਦੇ ਪਹਿਲੇ ਏਕਾ ਲਗਾ ਕੇ ਬਣਾਇਆ ਗਿਆ ਹੈ। ਕਠਉਪਨਿਸ਼ਦ ਵਿਚ ਯਮਰਾਜ ਨਚਕੇਤ ਨੂੰ ਇਨ੍ਹਾਂ ਸ਼ਬਦਾਂ ਨਾਲ ਸੰਬੋਧਨ ਕਰਦਾ ਹੈ, " ਉਹ ਜਿਸ ਨੂੰ ਸਾਰੇ ਵੇਦ ਉਚਾਰਦੇ ਹਨ -- ਉਹ ਮੈਂ ਤੈਨੂੰ ਸੰਖੇਪ ਤੌਰ ਤੇ ਦੱਸਦਾ ਹਾਂ। ਉਹ ਓਮ ਹੈ। ਉਹ ਸ਼ਬਦ ਆਪ ਹੀ ਬ੍ਰਹਮ ਹੈ।"[393] ਭਾਈ ਕਾਨ੍ਹ ਸਿੰਘ ਦੇ ਅਨੁਸਾਰ 'ਓਮ' ਦੇ ਆਰੰਭ ਵਿਚ '੧' ਅੰਕ ਲਿਖਕੇ ਸਿੱਧ ਕੀਤਾ ਗਿਆ ਹੈ ਕਿ ਕਰਤਾਰ ਇੱਕ ਹੈ।"[394]

ਸੋ ਗੁਰੂ ਨਾਨਕ ਦੇਵ ਜੀ ਦਾ ਤਾਂ ਮੁੱਖ ਉਪਦੇਸ਼ ਹੀ ਮੂਲਮੰਤਰ ਤੇ ਵਿਸ਼ਵਾਸ ਬਿੰਦੂ ੧ਓ ਹੈ। ਇਹ ਇਕ ਕਰਤਾਰ, ਨਿਰੰਕਾਰ ਦਾ ਸੂਚਕ ਹੈ। ਇੱਕ, ਇੱਕ ਪ੍ਰਭੂ ਸਤਾ ਦਾ ਪ੍ਰਤੀਕ ਹੈ। ਵਚਿੱਤਰ ਗੱਲ ਇਹ ਹੈ ਕਿ ਇਹ ਸਮਾਸ, ਅੰਕ ਤੇ ਅੱਖਰ ਦੇ ਜੋੜ ਨਾਲ ਬਣਦਾ ਹੈ। ਅੰਕ ਵੀ ਇਕ ਤੇ ਅੱਖਰ ਵੀ ਇੱਕ। ਇਕ ਪਾਰਬ੍ਰਹਮ, ਪਰਮਾਤਮਾ, ਪਰਮੇਸ਼ਰ, ਪ੍ਰਭੂ ਤੇ ਪੂਰਨ ਸਤ੍ਹਾ ਵਿਚ ਇੱਕ ਪੱਕਾ ਤੇ ਦ੍ਰਿੜ੍ਹ ਵਿਸ਼ਵਾਸ਼ ਹੀ ਗੁਰੂ ਨਾਨਕ ਮੱਤ ਦਾ ਕੇਂਦਰ ਬਿੰਦੂ ਤੇ ਨੀਂਹ ਪੱਥਰ ਹੈ। ਕਰਤਾ ਦੀ ਹੋਂਦ ਜਾਂ ਸ਼ਕਤੀ ਤਾਂ ਸਭ ਨੇ ਮੰਨੀ ਹੈ ਪਰ ਉਸ ਦਾ ਇਕ ਹੋਣਾ,

ਸਭਨਾ ਦਾ ਇੱਕ ਤੇ ਸਭਨਾਂ ਲਈ ਇੱਕੋ ਇੱਕ ਹੋਣਾ – ਇਹ ਵਿਸ਼ਵਾਸ਼ ਗੁਰੂ ਨਾਨਕ ਨੇ ਹੀ ਦ੍ਰਿੜਾਇਆ।[395]

ਗੁਰੂ ਨਾਨਕ ਦਾ ਧਰਮ ਪ੍ਰਵੇਸ਼ ਇਸੇ 'ੴ' ਦੇ ਅਟੱਲ ਵਿਸ਼ਵਾਸ਼ ਨਾਲ ਹੁੰਦਾ ਹੈ। ਸੁਲਤਾਨਪੁਰ ਲੋਧੀ ਵਿਖੇ ਵੇਈਂ ਨਦੀ ਵਿਚ ਪ੍ਰਵੇਸ਼ ਕਰਨ ਤੇ ਨਿਰੰਕਾਰ ਦੇ ਹਜ਼ੂਰ ਹਾਜ਼ਰ ਹੋਣ ਉਪਰੰਤ ਉਨ੍ਹਾਂ ਦੇ ਮੁਖਾਰਬਿੰਦ ਤੋਂ ਪਹਿਲਾਂ ਵਾਕ ਇਹੋ ਨਿਕਲਿਆ ਕਿ ਕੇਵਲ 'ੴ' ਹੀ ਹੈ। ਨਾ ਕੋਈ ਹਿੰਦੂ, ਨਾ ਕੋਈ ਮੁਸਲਮਾਨ। ਸਰੂਪ ਦਾਸ ਭੱਲਾ ਲਿਖਦੇ ਹਨ ਕਿ ਜਦ ਗੁਰੂ ਨਾਨਕ ਵੇਈਂ ਵਿਚ ਪ੍ਰਵੇਸ਼ ਕਰਨ ਉਪਰੰਤ ਤੀਜੇ ਦਿਨ ਬਾਹਰ ਨਿਕਲੇ ਤਾਂ ਲੋਕਾਂ ਨੇ ਚਾਰੇ ਦਿਸ਼ਾਵਾਂ ਤੋਂ ਘੇਰ ਲਿਆ। ਮਹਾਰਾਜ ਵੇਈਂ ਕੰਢੇ ਬੇਰੀ ਹੇਠ ਬੈਠ ਗਏ, ਬਸ ਏਹੀ ਕਹਨ:–

ਪ੍ਰਭ ਕਹੈ ਯਹੀ ਬਖਾਨ। ਹਿੰਦੂ ਨਾ ਮੁਸਲਮਾਨ।

ਤਾਂ ਲੋਕਾਂ ਕਿਹਾ ਇਨ੍ਹਾਂ ਨੂੰ ਜਿੰਨ ਭੂਤ ਚੰਬੜ ਗਿਆ ਹੈ। ਕਿਸੇ ਗੁਣੀ ਨੂੰ ਬੁਲਾਵੋ ਤਾਂ ਜੋ ਆਕੇ ਝਾੜਾ ਕਰੇ ਤੇ ਇਨ੍ਹਾਂ ਦਾ ਦੁੱਖ ਜਾਏ:–

ਜੋ ਰਾਮ ਸੋਂ ਕਹੈਂ ਲੋਗ, ਭਇਆ ਜਿੰਨ ਭੂਤ ਸੰਜੋਗ।
ਕੋਊ ਗੁਨੀ ਲੇਹੁ ਬੁਲਾਇ, ਝਾੜਾ ਕਰੇ ਦੁਖ ਜਾਇ।।

ਇਸ ਪਰ ਗੁਰੂ ਨਾਨਕ ਹੱਸ ਪਏ ਤੇ ਉਸ ਸਮੇਂ ਮੁਖ ਸ਼ਬਦ ਜੋ ਉਨ੍ਹਾਂ ਉਚਾਰਿਆ ਉਹ ਰਾਗ ਮਾਰੂ ਵਿਚ ਹੈ। ਸਰੂਪ ਦਾਸ ਭੱਲਾ ਲਿਖਦੇ ਹਨ:–

ਸੁਣ ਹਸੇ ਪ੍ਰਭੁ ਦਿਆਲੁ, ਮੁਖ ਸ਼ਬਦ ਕੀਨ ਉਚਾਰ।।[396]

ਗੁਰੂ ਨਾਨਕ ਰਾਗ ਮਾਰੂ ਵਿਚ ਲਿਖਦੇ ਹਨ ਕਿ ਪ੍ਰਭ ਤੋਂ ਬਿਨਾ ਕੋਈ ਹੋਰ ਹੈ ਹੀ ਨਹੀਂ:–

ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ।।ਕੋਈ ਆਖੈ ਆਦਮੀ ਨਾਨਕੁ ਵੇਚਾਰਾ।
ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ।।ਹਉ ਹਰਿ ਬਿਨੁ ਅਉਰ
ਨਾ ਜਾਨਾ ॥ਰਹਾਉ।
ਤਉ ਦਿਵਾਨਾ ਜਾਣੀਐ ਜਾ ਭੈ ਦੇਵਾਨਾ ਹੋਇ।।
ਏਕੀ ਸਾਹਿਬ ਬਾਹਰਾ ਦੂਜਾ ਅਵਰ ਨ ਜਾਣੈ ਕੋਇ।।[397]

ਗੁਰੂ ਨਾਨਕ ਉਸ ਇਕ ਤੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਸਨ ਜਾਣਦੇ। ਉਹ ਇਕੋ ਖਸਮ ਦਾ ਹੁਕਮ ਮੰਨਦੇ ਸਨ, ਹੋਰ ਕੋਈ ਸਿਆਣਪ ਜਾਂ ਸਿੱਖਿਆ ਨੂੰ ਉਹ ਨਹੀਂ ਸਨ ਮੰਨਦੇ:--

ਤਉ ਦੇਵਾਨਾ ਜਾਣੀਐ ਜਾ ਏਕਾ ਕਾਰ ਕਮਾਇ॥
ਹੁਕਮੁ ਪਛਾਣੈ ਖਸਮ ਕਾ ਦੂਜੀ ਅਵਰ ਸਿਆਣਪ ਕਾਇ॥[398]

ਸਭਨਾਂ ਜੀਵਾਂ ਦਾ ਮਾਲਕ ਇੱਕ ਪ੍ਰਭੂ ਹੈ ਪਰ ਇਸ ਗੱਲ ਦੀ ਸਮਝ ਗੁਰੂ ਦੇ ਸਨਮੁੱਖ ਹੋਇਆਂ ਆਉਂਦੀ ਹੈ।[399] ਪਰਮਾਤਮਾ ਆਪ ਹੀ ਪੱਟੀ ਹੈ, ਆਪ ਹੀ ਕਲਮ ਹੈ ਅਤੇ ਪੱਟੀ ਉਤੇ ਸਿਫ਼ਤ ਸਲਾਹ ਦਾ ਲੇਖ ਵੀ ਆਪ ਹੀ ਹੈ। ਜਦੋਂ ਉਹ ਆਪ ਇੱਕ ਹੀ ਹੈ ਫਿਰ ਹੋਰ ਦੂਜਾ ਕਿਵੇਂ ਹੋ ਸਕਦਾ ਹੈ:--

ਆਪੇ ਪਟੀ, ਕਲਮ ਆਪਿ, ਉਪਰਿ ਲੇਖੁ ਭਿ ਤੂੰ॥
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥[400]

ਇਹ '੧ਓ' ਦੀ ਇੱਕਤਾ ਦਾ ਹੀ ਸਿੱਟਾ ਹੈ ਕਿ ਗੁਰੂ ਨਾਨਕ ਉਸ ਵੇਲੇ ਦੇ ਹਾਕਮਾਂ ਦੀ ਵੀ ਰਤਾ ਪ੍ਰਵਾਹ ਨਹੀਂ ਕਰਦੇ। ਪਰ ਆਪਣੇ ਇਕ ਖ਼ੁਦਾ ਦਾ ਹਰ ਹੁਕਮ ਪਾਲਣ ਲਈ ਤਿਆਰ ਹਨ। ਗੁਰਮਤ ਵਿਚ '੧ਓ' ਦਾ ਇਕੋ ਮੂਲ ਮੰਤਰ ਸਿੱਖਾਂ ਨੂੰ ਦ੍ਰਿੜ੍ਹਾਇਆ ਗਿਆ ਹੈ ਜੋ ਆਦਿ ਜੁਗਾਦੀ ਸ਼ਕਤੀ ਬ੍ਰਹਮ ਦਾ ਲਖਾਇਕ ਹੈ। ਇਹ ਸ਼ੁੱਧ ਸਰੂਪ ਬ੍ਰਹਮ ਹੈ। ਇਸ ਤੋਂ ਹੀ ਸਮੁੱਚੀ ਦਾਰਸ਼ਨਿਕ ਪਰੰਪਰਾ ਉਪਜਦੀ ਹੈ। ਜਿੱਥੇ ਕਿਤੇ ਗੁਰਬਾਣੀ ਵਿਚ 'ਮਹਾਂਮੰਤਰ' ਜਾਂ 'ਗੁਰਮੰਤ੍ਰ' ਆਇਆ ਹੈ ਉਥੇ ਉਸ ਦਾ ਅਰਥ ਮੂਲ ਮੰਤਰ ਜਾਂ ਉਸਦੇ ਸਮਾਨ ਅਰਥ ਸਤਿਨਾਮ ਜਾਂ ਇਕੋ ਵਾਹਿਗੁਰੂ ਆਦਿ ਮੰਤ੍ਰ ਹਨ। ਜਿਸ ਮਨੁੱਖ ਦੀ ਸੁਰਤ ਇਕ ਵਾਹਿਗੁਰੂ ਵਿਚ ਜੁੜ ਜਾਂਦੀ ਹੈ ਉਸ ਨੂੰ ਸਹੀ ਜੀਵਨ ਜੁਗਤਿ ਦੀ ਸਮਝ ਆ ਜਾਂਦੀ ਹੈ। ਉਹ ਸਾਰੇ ਜਗਤ ਵਿਚ ਇਕ ਪ੍ਰਭੂ ਨੂੰ ਹੀ ਵੇਖਦਾ ਹੈ:--

1. ਮੂਲ ਮੰਤ੍ਰ ਹਰਿ ਨਾਮ ਰਸਾਇਣੁ ਕਹੁ ਨਾਨਕ ਪੂਰਾ ਪਾਇਆ॥[401]
2. ਦੋਵੈ ਸਿਰੇ ਸਤਿਗੁਰੂ ਨਿਬੇੜੇ ਸੋ ਬੂਝੈ ਜਿਸੁ ਏਕ ਲਿਵ ਲਾਗੀ ਜੀਅਹੁ ਰਹੈ ਨਿਭਰਾਤੀ॥

---

ਗੁਰ ਬਚਨੀ ਬਾਹਰਿ ਘਰਿ ਏਕੋ ਨਾਨਕੁ ਭਇਆ ਉਦਾਸੀ॥[402]

ਇਕੋ ਨਾਮ ਅਤੇ ਇੱਕ ਨਾਰਾਇਣ ਦੀ ਤਿੰਨਾਂ ਭਵਨਾਂ ਵਿਚ ਇਕੋ ਜੋਤਿ ਪਸਰ ਰਹੀ ਹੈ। ਸਾਰੀ ਸ੍ਰਿਸ਼ਟੀ ਵਿਚ ਇਕ ਹੀ ਰਾਜਾ ਹੈ ਅਤੇ ਸਾਰੇ ਥਾਂ ਪਵਿੱਤਰ ਹਨ:--

1 ਏਕੋ ਨਾਮੁ ਏਕੁ ਨਾਰਾਇਣੁ ਤ੍ਰਿਭਵਣ ਏਕਾ ਜੋਤੀ।।[403]

2 ਸਭ ਨਗਰੀ ਮਹਿ ਏਕੋ ਰਾਜਾ ਸਭੇ ਪਵਿਤੁ ਹਹਿ ਥਾਵਾ।।[404]

ਸੰਸਾਰ ਦੇ ਸਾਰੇ ਸ਼ਬਦ ਬ੍ਰਹਮ ਦੀ ਧੁਨੀ ਹੈ। ਜਿੰਨਾ ਰੂਪ ਹੈ ਉਹ ਸਭ ਉਸ ਦੀ ਕਾਇਆ ਹੈ। ਉਹ ਆਪ ਹੀ ਰਸਨਾ ਅਤੇ ਆਪ ਹੀ ਵਸਨਾ ਹੈ। ਸਾਹਿਬ(ਪਰਮਾਤਮਾ) ਇਕ ਤੇ ਕੇਵਲ ਇੱਕ ਹੈ। ਉਸ ਤੋਂ ਬਿਨਾਂ ਦੂਜਾ ਕੋਈ ਨਹੀਂ ਹੈ।[405] ਸਾਰਿਆਂ ਅੰਦਰ ਉਸ ਇਕੋ ਜੋਤ ਦਾ ਪ੍ਰਕਾਸ਼ ਹੈ।[406]

ਗੁਰੂ ਨਾਨਕ ਦੇਵ ਜੀ ਨੇ 'ਏਕਤਵ' ਦੀ ਭਾਵਨਾ ਦਾ ਮਹੱਤਵ ਦੱਸਦੇ ਹੋਏ ਪਰਮਾਤਮਾ ਪ੍ਰਾਪਤੀ ਲਈ ਮਨੁੱਖ ਨੂੰ ਦ੍ਵੈਤ ਭਾਵ ਛੱਡ ਕੇ ਏਕਤਵ ਭਾਵ ਅਦਵੈਤ ਭਾਵ ਵਿਚ ਵਿਲੀਨ ਹੋਣ ਲਈ ਪ੍ਰੇਰਿਆ ਹੈ। ਪਰਮਾਤਮਾ ਅਨੰਤ ਹੈ। ਉਸ ਦਾ ਅੰਤ ਨਹੀਂ ਪਾਇਆ ਜਾ ਸਕਿਆ। ਉਸ ਇਕ ਕਰਤਾ ਪੁਰਖ ਨੇ ਹੀ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਅਤੇ ਬਿਨਾ ਕਿਸੀ ਕਲਾ ਦੇ ਆਕਾਸ਼ ਨੂੰ ਥੰਮ੍ਹਿਆ ਹੋਇਆ ਹੈ। ਇਕ ਪਰਮਾਤਮਾ ਹੀ, ਗਿਆਨ, ਧਿਆਨ ਅਤੇ ਬਾਣੀ ਦੀ ਧੁਨੀ ਹੈ। ਇੱਕ 'ਸ਼ਬਦ' ਹੀ ਉਸਦਾ ਸੱਚਾ ਨਿਸ਼ਾਨ ਹੈ। ਅਨਾਹਦ ਸ਼ਬਦ ਵਿਚ ਧਿਆਨ ਲਗਾਉਣ ਵਾਲਾ ਮਨੁੱਖ ਅਲੱਖ ਅਤੇ ਅਪਾਰ ਬ੍ਰਹਮ ਨੂੰ ਪ੍ਰਾਪਤ ਕਰ ਲੈਂਦਾ ਹੈ। ਇਕ ਪਰਮਾਤਮਾ ਦਾ ਇੱਕ ਹੀ ਸਿੰਘਾਸਨ ਹੈ ਅਤੇ ਉਹ ਬੇਪਰਵਾਹ ਸਰਬ ਵਿਆਪਕ ਹੈ। ਉਸਨੇ ਤਿੰਨੇ ਲੋਕਾਂ ਦਾ ਨਿਰਮਾਣ ਕੀਤਾ ਹੈ। ਪਰਮਾਤਮਾ ਨਿੱਡਰ, ਅਗੋਚਰ ਅਤੇ ਇਕ-ਓਂਕਾਰ ਹੈ। ਉਸ ਦੀ ਇੱਕ ਹੀ ਮੂਰਤੀ ਹੈ ਅਤੇ ਉਸ ਦਾ ਨਾਮ ਸੱਚਾ ਹੈ। ਉਸ ਦੀ ਇੱਕ ਹੀ ਭਗਤੀ ਤੇ ਇੱਕ ਹੀ ਭਾਵ ਹੈ। ਬਿਨ੍ਹਾਂ ਉਸਦੇ ਡਰ ਅਤੇ ਭਗਤੀ ਦੇ ਮਨੁੱਖ ਦਾ ਆਉਣਾ ਜਾਣਾ ਖਤਮ ਨਹੀਂ ਹੁੰਦਾ।[407]

ਉਸ ਪਰਮਾਤਮਾ ਦੇ ਅਸਥਾਨ ਦੀ ਪਛਾਣ ਕਰਨ ਲਈ ਮਨੁੱਖ ਨੂੰ ਆਪਣੇ ਅੰਦਰੋਂ ਹਉਮੈਂ ਕੱਢ ਕੇ ਸਾਰੀ ਸ੍ਰਿਸ਼ਟੀ ਵਿਚ ਇਕ ਪਰਮਾਤਮਾ ਨੂੰ ਪਛਾਨਣ ਦੀ ਜ਼ਰੂਰਤ ਹੈ:-

ਏਕੋ ਏਕੁ ਕਹੈ ਸਭੁ ਕੋਈ, ਹਉਮੈ ਗਰਬੁ ਵਿਆਪੈ।।
ਅੰਤਰਿ ਬਾਹਰਿ ਏਕੁ ਪਛਾਣੈ, ਇਉ ਘਰੁ ਮਹਲੁ ਸਿਞਾਪੈ।।
ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ, ਏਕੋ ਸ੍ਰਿਸਟਿ ਸਬਾਈ।।
ਏਕੰਕਾਰੁ ਅਵਰੁ ਨਹੀ ਦੂਜਾ, ਨਾਨਕ ਏਕ ਸਮਾਈ।।[408]

ਏਕਤੱਵ ਦੀ ਭਾਵਨਾ ਨੂੰ ਹੋਰ ਸਪਸ਼ਟਤਾ ਦੇਣ ਲਈ ਗੁਰੂ ਨਾਨਕ ਦੇਵ ਜੀ ਦੱਸਦੇ

ਹਨ ਕਿ ਉਹ ਇਕ ਆਪ ਹੀ ਹਰ ਥਾਂ ਵਿਆਪਕ ਹੋ ਕੇ ਜਗਤ ਦੀ ਸਾਰੀ ਕਿਰਤ ਕਾਰ ਕਰ ਰਿਹਾ ਹੈ। ਸੰਸਾਰ ਦਾ ਇਹ ਸਾਰਾ ਰੂਪ-ਰੰਗ ਆਪਣੇ ਆਪ ਤੋਂ ਪਰਗਟ ਕਰ ਰਿਹਾ ਹੈ। ਜਗਤ ਦੇ ਹਵਾ, ਪਾਣੀ, ਅੱਗ ਆਦਿ ਤੱਤ ਉਸਦਾ ਆਪਣਾ ਹੀ ਸਰੂਪ ਹਨ। ਜੋ ਮਨੁੱਖ ਉਸ ਇਕ ਪਰਮਾਤਮਾ ਨੂੰ ਸਰਬ ਵਿਆਪਕ ਸਮਝਦਾ ਹੈ ਉਹ ਆਦਰ ਸਤਕਾਰ ਹਾਸਲ ਕਰਦਾ ਹੈ। ਸਭ ਤੋਂ ਵੱਡਾ ਗੋਪਾਲ ਤਿੰਨ ਭਵਨਾਂ ਵਿਚ ਵਿਆਪਕ ਹੈ। ਧਰਤੀ ਅਤੇ ਅਕਾਸ਼ ਵਿਚ ਉਸ ਦੀ ਜੋਤਿ ਦਾ ਪਰਕਾਸ਼ ਹੈ। ਉਸ ਗੋਪਾਲ ਦੀ ਕਿਰਪਾ ਰਾਹੀਂ ਜਿਸ ਨੂੰ ਉਸ ਦਾ ਸਰਬ ਵਿਆਪਕ ਰੂਪ ਵਿਖਾਈ ਦਿੰਦਾ ਹੈ ਉਸ ਦੀ ਭਟਕਣਾ ਖਤਮ ਹੋ ਜਾਂਦੀ ਹੈ ਅਤੇ ਉਹ ਪ੍ਰਭੂ ਦਾ ਇਹ ਭੇਤ ਜਾਣ ਲੈਂਦਾ ਹੈ ਕਿ ਪ੍ਰਭੂ ਆਪ ਹੀ ਸਾਰੇ ਜਗਤ ਦਾ ਪੈਦਾ ਕਰਨ ਵਾਲਾ ਹੈ ਤੇ ਆਪ ਹੀ ਆਪਣੀ ਜੋਤਿ ਨਾਲ ਇਸ ਨੂੰ ਚਾਨਣ ਦੇਣ ਵਾਲਾ ਹੈ:-

1. ਏਕੁ ਅਚਾਰੁ ਰੰਗੁ ਇਕ ਰੂਪੁ।। ਪਉਣ ਪਾਣੀ ਅਗਨੀ ਅਸਰੂਪੁ।।
   ਏਕੋ ਭਵਰੁ ਭਵੈ ਤਿਹੁ ਲੋਇ।। ਏਕੋ ਬੂਝੈ ਸੂਝੈ ਪਤਿ ਹੋਇ।।
   - - - - - - - - - - - - - - - - -   - - - - -
   ਊਰਮ ਧੂਰਮ ਜੋਤਿ ਉਜਾਲਾ।। ਤੀਨਿ ਭਵਣ ਮਹਿ ਗੁਰ ਗੋਪਾਲਾ।।
   ਊਗਵਿਆ ਅਸਰੂਪੁ ਦਿਖਾਵੈ।। ਕਰਿ ਕਿਰਪਾ ਅਪੁਨੈ ਘਰਿ ਆਵੈ।
   ਊਨਵਿ ਬਰਸੈ ਨੀਝਰ ਧਾਰਾ।। ਊਤਮ ਸਬਦਿ ਸਵਾਰਣ ਹਾਰਾ।।
   ਇਸੁ ਏਕੇ ਕਾ ਜਾਣੈ ਭੇਉ।। ਆਪੇ ਕਰਤਾ ਆਪੇ ਦੇਉ।।[409]
2. ਹਰਿ ਗੁਰ ਮੂਰਤਿ ਏਕਾ ਵਰਤੈ ਨਾਨਕ ਹਰਿ ਗੁਰ ਭਾਇਆ।।[410]
3. ਆਪੇ ਕਰਤਾ ਪੁਰਖੁ ਬਿਧਾਤਾ।। ਜਿਨਿ ਆਪੇ ਆਪਿ ਉਪਾਇ ਪਛਾਤਾ।।
   ਆਪੇ ਸਤਿਗੁਰੁ ਆਪੇ ਸੇਵਕੁ ਆਪੇ ਸ੍ਰਿਸਟਿ ਉਪਾਈ ਹੇ।।[411]
4. ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ।।[412]

ਇਸ ਤਰ੍ਹਾਂ ਉਹ ਇਕੋ ਇਕ ਸਤਿ ਹੈ। ਉਸ ਤੋਂ ਬਿਨਾ ਹੋਰ ਕੋਈ ਨਹੀਂ। ਪਵਿੱਤਰ ਬਾਈਬਲ ਵਿਚ ਲਿਖਿਆ ਹੈ ਕਿ ਸੱਤ ਤਾਂ ਇੱਕ ਹੈ। ਇਹ ਸਮੇਂ ਦੇ ਬਦਲਣ ਤੇ ਵੀ ਇੱਕੋ ਜਿਹਾ ਰਹਿੰਦਾ ਹੈ। ਇਸ ਉਤੇ ਦੇਸ਼ ਜਾਂ ਕੌਮ ਦਾ ਕੋਈ ਅਸਰ ਨਹੀਂ ਹੁੰਦਾ। ਮਨੁੱਖ ਦੇ ਵਿਚਾਰ ਬਦਲ ਸਕਦੇ ਹਨ, ਉਸ ਦੇ ਰੀਤੀ-ਰਿਵਾਜ ਬਦਲ ਸਕਦੇ ਹਨ, ਉਸ ਦੀਆਂ ਨੈਤਕ ਕੀਮਤਾਂ ਵੀ ਬਦਲ ਸਕਦੀਆਂ ਹਨ, ਪਰ ਮਹਾਨ ਸੱਤ ਹਰ ਕਾਲ ਵਿਚ ਇੱਕੋ ਜਿਹਾ ਰਹਿੰਦਾ ਹੈ।[413]

ਪਰਮਾਤਮਾ ਦੇ ਲਈ '੧' ਸੰਖਿਆ ਦੇ ਪ੍ਰਯੋਗ ਦੇ ਕਾਰਣ ਜਾਂ ਏਕਤਵ ਦੀ ਭਾਵਨਾ ਦੀ ਸਥਾਪਨਾ ਦੇ ਫਲਸਰੂਪ ਗੁਰੂ ਨਾਨਕ ਨੂੰ ਇਕੇਸ਼ੁਵਰਵਾਦੀ ਕਿਹਾ ਜਾਂਦਾ ਹੈ। ਜਿਨ੍ਹਾਂ ਇਤਿਹਾਸਕ ਪ੍ਰਸਥਿਤੀਆਂ ਵਿਚ ਗੁਰੂ ਨਾਨਕ ਨੇ ਜਨਮ ਲਿਆ, ਉਨ੍ਹਾਂ ਦੇ ਲਈ ਇਕੇਸ਼ੁਵਰ ਵਾਦੀ ਦ੍ਰਿਸ਼ਟੀਕੋਣ ਦੀ ਸਥਾਪਨਾ ਬਹੁਤ ਜ਼ਰੂਰੀ ਸੀ। ਬਹੁਦੇਵਵਾਦ ਦੀ ਉਪਜ ਦੇ ਕਾਰਨ ਭਾਰਤੀ ਇਕੇਸ਼ੁਵਰਵਾਦ ਦਾ ਮਹੱਤਵ ਬਹੁਤ ਘਟ ਗਿਆ ਸੀ। ਬਾਹਰੋਂ ਆਇਆ ਇਸਲਾਮਿਕ ਇਕੇਸ਼ੁਵਰਵਾਦ ਵੀ ਕਾਫਰਾਂ ਦੇ ਪ੍ਰਮਾਤਮਾ ਨੂੰ ਅੱਲਾਹ ਤੋਂ ਅਲੱਗ ਮੰਨਕੇ ਇਕ ਤਰ੍ਹਾਂ ਨਾਲ ਬਹੁਦੇਵਵਾਦੀ ਦ੍ਰਿਸ਼ਟੀਕੋਣ ਨੂੰ ਜਨਮ ਦੇ ਰਿਹਾ ਸੀ। ਕਈ ਵਾਰ ਗੁਰੂ ਨਾਨਕ ਦੀ ਬਾਣੀ ਵਿਚ ਮੂਰਤੀਪੂਜਾ ਵਿਰੋਧੀ ਵਿਚਾਰਾਂ ਦੇ ਆਧਾਰ ਤੇ ਉਨ੍ਹਾਂ ਦੇ ਇਕੇਸ਼ੁਵਰਵਾਦੀ ਸਿਧਾਂਤ ਤੇ ਇਸਲਾਮ ਦਾ ਪ੍ਰਭਾਵ ਦੱਸਿਆ ਜਾਂਦਾ ਹੈ।[414] ਡਾ. ਸੁਰਿੰਦਰ ਸਿੰਘ ਕੋਹਲੀ ਵੀ ਗੁਰੂ ਨਾਨਕ ਦੇ ਇੱਕ ਈਸ਼ੁਵਰਵਾਦੀ ਸਿਧਾਂਤ ਨੂੰ ਮੁਸਲਮਾਨੀ ਸਿਧਾਂਤ ਤੋਂ ਪ੍ਰਭਾਵਤ ਹੋਇਆ ਮੰਨਦੇ ਹਨ।[415] ਪਰ ਇੱਕ ਈਸ਼ੁਵਰਵਾਦ ਤਾਂ ਭਗਤੀ ਲਹਿਰ ਦਾ ਵੀ ਪ੍ਰਮੁੱਖ ਅੰਗ ਸੀ। ਇਸ ਲਈ ਅਨਿਲ ਚੰਦਰ ਬੈਨਰਜੀ ਦਾ ਵਿਚਾਰ ਹੈ ਕਿ ਗੁਰੂ ਨਾਨਕ ਸਾਹਿਬ ਨੇ ਇਕ ਈਸ਼ੁਵਰ ਵਾਦ ਦਾ ਖਿਆਲ ਮੁਸਲਮਾਨਾਂ ਤੋਂ ਨਹੀਂ ਲਿਆ, ਕਿਉਂ ਕਿ ਗੁਰੂ ਜੀ ਈਸ਼ੁਵਰ ਜਾਂ ਰੱਬ ਨੂੰ ਦਯਾ ਦੀ ਮੂਰਤ ਤੇ ਮਿਹਰਬਾਨ ਬਿਆਨ ਕਰਦੇ ਹਨ। ਕਿਧਰੇ ਵੀ ਉਸਨੂੰ ਜਵਾਰ ਤੇ ਕਹਾਰ ਨਹੀਂ ਕਹਿੰਦੇ; ਜਿਵੇਂ ਕਿ ਇਸਲਾਮ ਤੇ ਹੋਰ ਸਾਮੀ ਧਰਮਾਂ ਵਿਚ ਕਿਹਾ ਗਿਆ ਹੈ।[416] ਡਾ. ਪੀਤਾਂਬਰ ਦੱਤ ਬੜਥਵਾਲ ਦੇ ਅਨੁਸਾਰ ਇਸਲਾਮ ਵਿਚ ਪ੍ਰੇਰਕ ਭਾਵ ਪਰਮਾਤਮਾ ਦਾ ਪ੍ਰੇਮ ਨਹੀਂ, ਅੱਲਾਹ ਦਾ ਭੈਅ ਹੈ, ਪ੍ਰੇਮ ਤੋਂ ਪ੍ਰਭਾਵਿਤ ਹੋਣਾ ਸਾਮੀ ਜਾਤਿ ਦਾ ਸੁਭਾਅ ਨਹੀਂ ਹੈ, ਉਨ੍ਹਾਂ ਉਪਰ ਕੇਵਲ ਭੈਅ ਦਾ ਅਸਰ ਪੈ ਸਕਦਾ ਹੈ।[417] ਪ੍ਰੋ. ਹਰਨਾਮ ਦਾਸ ਅਨੁਸਾਰ ਇਹ ਸੱਚ ਹੈ ਕਿ ਮੁਸਲਮਾਨ ਕੇਵਲ ਇਸਲਾਮੀ ਭਾਈਚਾਰੇ ਦੀ ਏਕਤਾ ਵਿਚ ਵਿਸ਼ਵਾਸ ਰਖਦੇ ਹਨ। ਉਹ ਪਰਮਾਤਮਾ ਦੀ ਪਿਤਾਈ ਇੱਕਤਾ, ਮਨੁੱਖੀ ਏਕਤਾ ਅਤੇ ਕੁਦਰਤ ਦੀ ਮਾਤਾਈ ਏਕਤਾ ਵਿਚ ਉੱਕਾ ਹੀ ਵਿਸ਼ਵਾਸ਼ ਨਹੀਂ ਕਰਦੇ । ਜਦੋਂ ਕਿ ਇਹ ਤਿੰਨੇ ਸਿਧਾਂਤ ਸਿੱਖ ਧਰਮ ਵਿਚ ਸ੍ਰਿਸ਼ਟਿਕ ਜੀਵਨ ਦੀ ਏਕਤਾ ਲਈ ਜ਼ਰੂਰੀ ਹਨ।[418] ਗੁਰੂ ਨਾਨਕ ਨੇ ਕਿਤੇ ਵੀ ਪਰਮਾਤਮਾ ਨੂੰ ਜਾਬਰ, ਕਾਫਰ ਅਤੇ ਬਦਲਾ ਲਊ ਨਹੀਂ ਕਿਹਾ। ਸਗੋਂ ਉਹ ਤਾਂ ਪ੍ਰੇਮ ਦੀ ਮੂਰਤ ਹੈ, ਦਾਤਾ ਹੈ, ਬਖਸ਼ ਦੇਣ ਵਾਲਾ ਹੈ। ਸਭਨਾਂ ਦੀ ਪਾਲਣਾ ਕਰਦਾ ਹੈ। ਉਸ ਦੀ ਕ੍ਰਿਪਾ ਨਾਲ ਤਾਂ ਇਹ ਸੰਸਾਰ-ਭਉਜਲ ਤਰਿਆ ਜਾ ਸਕਦਾ ਹੈ। ਉਹ ਤਾਂ ਇੰਨਾ ਦਿਆਲ ਸਰੂਪ ਹੈ ਕਿ ਆਪਣੇ ਭਗਤਾਂ ਨੂੰ ਗੁਰੂ ਸ਼ਬਦ ਦੀ ਦਾਤ ਦੇ ਕੇ ਉਨ੍ਹਾਂ ਦੇ ਸਿਰ ਤੋਂ ਪਿਛਲੇ ਜਨਮਾਂ ਦੇ ਕੀਤੇ ਵਿਕਾਰਾਂ ਦਾ ਭਾਰ ਲਾਹ ਦਿੰਦਾ ਹੈ:-

1. ਏਕੋ ਸਚ ਵਰਤੈ ਸਭ ਅੰਤਰਿ ਸਭਨਾ ਕਰੇ ਪ੍ਰਤਿਪਾਲਾ।[419]
2. ਗੁਰਮੁਖਿ ਝਗੜੁ ਚੁਕਾਇਅਨੁ ਇਕੋ ਰਵ ਰਹਿਆ।

ਸਭ ਆਤਮ ਰਾਮ ਪਛਾਣਿਆ ਭਉਜਲ ਤਰਿ ਗਇਆ।।[420]

3. ਜੀਅ ਜੰਤ ਸੁਪ੍ਰਸੰਨ ਭਏ ਦੇਖਿ ਪ੍ਰਭ ਪਰਤਾਪ।।
ਕਰਜੁ ਉਤਾਰਿਆ ਸਤਿਗੁਰੂ ਕਰਿ ਆਹਰੁ ਆਪ।।[421]

ਗੁਰੂ ਨਾਨਕ ਬ੍ਰਹਮ ਦੀ ਅਦ੍ਵੈਤਤਾ ਅਤੇ ਪ੍ਰੇਮ ਭਗਤੀ ਵਿਚ ਅਡਿਗ ਵਿਸ਼ਵਾਸ਼ ਰਖਦੇ ਸਨ। ਫਿਰ ਵੀ ਭਾਵਾਤਮਕ ਪੱਖ ਤੋਂ ਉਹ ਇਸਲਾਮਿਕ ਇਕ ਈਸ਼ਵਰਵਾਦ ਤੋਂ ਅਪ੍ਰਭਾਵਿਤ ਹੀ ਕਹੇ ਜਾਣਗੇ। ਦੂਜਾ ਇਸਲਾਮਿਕ ਇਕ ਈਸ਼ਵਰਵਾਦ ਈਸ਼ਵਰ ਕਾਰਣਵਾਦੀ ਹੈ ਜਦ ਕਿ ਗੁਰੂ ਨਾਨਕ ਪਰਮਾਤਮਾ ਨੂੰ ਕਰਤਾ ਪੁਰਖ ਮੰਨਦੇ ਹੋਏ ਵੀ ਸਰਬ ਵਿਆਪਕ, ਅੰਤਰਜਾਮੀ ਅਤੇ ਬਹਿਰਜਾਮੀ ਦੱਸਦੇ ਹਨ। ਤੀਜਾ ਗੁਰੂ ਜੀ ਦੇ ਇੱਕ ਈਸ਼ਵਰਵਾਦ ਵਿਚ ਸਾਰੇ ਧਰਮਾਂ ਦੀਆਂ ਇਸ਼ਟ-ਭਾਵਨਾਵਾਂ ਦਾ ਸੁਮੇਲ(ਸਮਾਵੇਸ਼) ਹੈ। ਇਸ ਲਈ ਪਰਮਸਤਾ ਸੰਬੰਧੀ ਸਾਰੇ ਧਰਮਾਂ ਦੇ ਨਾਵਾਂ ਨੂੰ ਸਵਿਕਾਰਨ ਵਿਚ ਉਨ੍ਹਾਂ ਨੇ ਕੋਈ ਸੰਕੋਚ ਨਹੀਂ ਕੀਤਾ। ਪਰ ਇਸਲਾਮ ਵਾਲੇ ਆਪਣੇ ਅੱਲਾਹ ਦੇ ਸਾਹਮਣੇ ਕਿਸੇ ਹੋਰ ਇਸ਼ਟ ਦੇਵ ਜਾਂ ਉਸਦੇ ਨਾਮ ਨੂੰ ਰੱਖਣ ਲਈ ਤਿਆਰ ਨਹੀਂ ਹਨ।[422] ਕੁਰਾਨ ਵਿਚ ਪਰਮਾਤਮਾ ਦੇ 99 ਨਾਂ ਦਿੱਤੇ ਹਨ। ਮੁੱਖ ਤੌਰ ਤੇ ਉਹ ਕਹਿੰਦੇ ਹਨ ਕਿ ਪਰਮਾਤਮਾ ਅੱਲਾਹ ਹੈ, ਉਹ ਸਿਰਜਕ, ਮਹਾਨ, ਸਿਆਣਾ, ਰਹਿਮਦਿਲ, ਇੱਕ, ਬੰਧਨ ਰਹਿਤ, ਜਾਗ੍ਰਿਤ ਅਤੇ ਸੰਪੂਰਨ ਪ੍ਰਬੰਧਕ ਹੈ। ਪ੍ਰਮਾਤਮਾ ਨੂੰ ਕੁਰਾਨ ਵਿਚ ਜਾਬਰ, ਕਾਫਰ, ਬਦਲਾ ਲਊ ਅਤੇ ਕਾਫਰਾਂ ਤੇ ਦੈਂਤਾਂ ਦਾ ਦੁਸ਼ਮਣ ਕਿਹਾ ਗਿਆ ਹੈ। ਪਰ ਗੁਰਬਾਣੀ ਵਿਚ ਉਸਦੇ ਅਨੇਕਾਂ ਨਾਂ ਦੱਸੇ ਗਏ ਹਨ। ਪਰ ਕੁਰਾਨ ਵਾਂਗ ਗੁਰਬਾਣੀ ਵਿਚ ਉਸਦੇ ਰਿਣਾਤਮਕ ਪੱਖ ਬਾਰੇ ਯਕੀਨ ਨਹੀਂ ਕੀਤਾ ਗਿਆ। ਗੁਰਬਾਣੀ ਵਿਚ ਉਸ ਨੂੰ ਸਿਰਫ ਇੱਕ ਮੰਨਿਆ ਗਿਆ ਹੈ।[423] ਇਸ ਤਰ੍ਹਾਂ ਗੁਰੂ ਨਾਨਕ ਪਰਮਾਤਮਾ ਦੇ ਨਾਂ ਤੇ ਸਮੁੱਚੀ ਮਨੁੱਖਤਾ ਲਈ ਭਾਈਚਾਰਕ ਪਿਆਰ ਦੀ ਸਿੱਖਿਆ ਦਿੰਦੇ ਹਨ। ਉਨ੍ਹਾਂ ਨੇ ਸਾਧਾਰਣ ਸ਼ਬਦਾਂ ਵਿਚ ਜਿੰਦਗੀ ਦੀ ਮੁੱਢਲੀ ਨੀਂਹ ਅਤੇ ਪਰਮਾਤਮਾ ਦੀ ਧਾਰਣਾ ਬਾਰੇ ਸੁਨੇਹਾ ਦਿੱਤਾ ਅਤੇ ਦੱਸਿਆ ਕਿ ਮਨੁੱਖ ਅਤੇ ਸ੍ਰਿਸ਼ਟੀ ਇੱਕ ਹੈ ਅਤੇ ਇਸਨੂੰ ਵੰਡਿਆ ਨਹੀਂ ਜਾ ਸਕਦਾ।[424]

## ਜੋਤਿ ਸਰੂਪ ਬ੍ਰਹਮ

ਪ੍ਰਾਚੀਨ ਸਮੇਂ ਤੋਂ ਹੀ ਪਰਮਾਤਮਾ ਨੂੰ ਜੋਤਿ ਸਰੂਪ ਮੰਨਿਆ ਗਿਆ ਹੈ। ਭਾਰਤੀ ਦਾਰਸ਼ਨਿਕਾਂ ਨੇ ਵੀ ਪਰਮਤੱਤ ਨੂੰ ਜੋਤਿ ਸਰੂਪ ਅਤੇ ਅਨੰਤ ਪ੍ਰਕਾਸ਼ ਵਾਲਾ ਮੰਨਿਆ ਹੈ। ਉਪਨਿਸ਼ਦਾਂ ਵਿਚ ਵੀ ਪਰਮਾਤਮਾ ਨੂੰ ਜੋਤਿ ਸਰੂਪ ਕਿਹਾ ਗਿਆ ਹੈ। ਗੁਰੂ ਰਵਿਦਾਸ ਜੀ ਨੇ ਵੀ ਉਪਨਿਸ਼ਦਾਂ ਵਾਂਗ ਬ੍ਰਹਮ ਦਾ ਨਿਰੂਪਣ ਕੀਤਾ ਹੈ। ਗੁਰੂ ਜੀ ਵੀ ਹਰ ਜੀਵਾਤਮਾ ਵਿਚ ਪਰਮਜੋਤਿ ਦਾ ਨੂਰ

ਪ੍ਰਕਾਸ਼ਿਤ ਹੋਇਆ ਵੇਖਦੇ ਹਨ। ਜੇਕਰ ਪ੍ਰਭੂ ਦੀਪਕ ਹੈ ਤਾਂ ਜੀਵ ਬੱਤੀ, ਜਿਸ ਦੀ ਜੋਤਿ ਰਾਤ ਦਿਨ ਜਗ ਰਹੀ ਹੈ:—

1. ਚਹੁ ਦਿਸਿ ਦਿਵਲਾ ਬਾਲਿ, ਜਗਿ ਮਗਿ ਹ੍ਵੈ ਰਹਯੋ ਏ।
   ਜੋਤਿ ਜੋਤਿ ਸਮ ਜੋਤਿ, ਜੋਤਹਿ ਮਿਲ ਰਹਯੋ ਏ।।[425]
2. ਪ੍ਰਭੂ ਜੀ ਤੁਮ ਦੀਪਕ ਹਮ ਬਾਤੀ, ਜਾਕੀ ਜੋਤਿ ਜਰੈ ਦਿਨ ਰਾਤੀ।।[426]

ਪੰਜ ਤੱਤਾਂ ਤੋਂ ਮਿਲ ਕੇ ਬਣੇ ਇਸ ਤ੍ਰਿਗੁਣਾਤਮਕ ਸੰਸਾਰ ਵਿਚ ਜੋ ਵੀ ਵਿਖਾਈ ਦਿੰਦਾ ਹੈ, ਉਹ ਉਸ ਪਰਮਾਤਮਾ ਦੀ ਹੀ ਸਿਰਜਣਾ ਹੈ। ਉਹ ਪਰਮਜੋਤਿ ਕਿਸੇ ਇਕ ਚੀਜ਼ ਵਿਚ ਨਹੀਂ ਸਗੋਂ ਸਾਰੇ ਬ੍ਰਹਮੰਡ ਵਿਚ ਵਿਚਰ ਰਹੀ ਹੈ। ਪਰ ਇਹ ਜੀਵ ਉਸ ਜੋਤਿ ਨੂੰ ਵਿਚਾਰਦਾ ਨਹੀਂ:—

1. ਪੰਚ ਤੱਤ ਯਹ ਤ੍ਰਿਗੁਣੀ ਮਾਯਾ, ਜੋ ਦੀਸੈ ਸੋ ਸਕਲ ਉਪਾਯਾ।
   ਕਹੈ 'ਰਵਿਦਾਸ' ਮੈਂ ਦੇਖਯਾ ਮਾਹੀਂ, ਸਕਲੈ ਹੀ ਜੋਤਿ ਰੋਮ ਸਮਿ ਨਾਹੀਂ।।[427]
2. ਨਾਮ ਕੀ ਬਾਤੀ ਘੀਵ ਅਖੰਡਾ, ਇਕ ਹੀ ਜੋਤ ਜਲੈ ਬ੍ਰਹਮੰਡਾ।।[428]
3. ਲੋਚਨ ਭਰਿ ਭਰਿ ਬਿੰਬ ਨਿਹਾਰੋ, ਜੋਤਿ ਬਿਚਾਰਿ ਨ ਅਵਰ ਬਿਚਾਰੋਂ।[429]

ਉਹ ਪਰਮਜੋਤਿ ਸਵੈ ਪ੍ਰਕਾਸ਼ਿਤ ਹੈ। ਪਰ ਉਹ ਨਿਰੰਤਰ, ਨਿਰਾਹਾਰ ਤੇ ਕਲਪਿਤ ਹੈ। ਉਹ ਪਰਮ ਪ੍ਰਕਾਸ਼, ਅਵਿਨਾਸ਼ੀ ਤੇ ਅਘਮੋਚਨੀ ਹੈ, ਤੇਜ਼ ਸਰੂਪੀ ਹੈ:—

1. ਹੈ ਸਬ ਆਤਮ ਸ੍ਵਯੰ ਪ੍ਰਕਾਸ਼ ਸਾਚੋ।
   ਨਿਰੰਤਰ ਨਿਰਾਹਾਰ ਕਲਪਤ ਏ ਪਾਂਚੋ।।[430]
2. ਪਰਮ ਪ੍ਰਕਾਸ਼ ਅਵਿਨਾਸ਼ ਅਘਮੋਚਨ, ਨਿਰਖਿ ਨਿਜਰੂਪ ਬਿਸ਼੍ਰਾਮ ਪਾਯਾ।[431]
3. ਤੇਜ ਸਰੂਪੀ ਸਕਲ ਸਿਰੋਮਨਿ, ਅਲਖ ਨਿਰੰਜਨ ਰਾਵ।।[432]

ਪੰਜ ਤੱਤਾਂ ਤੋਂ ਮਿਲ ਕੇ ਬਣੀ ਇਹ ਤ੍ਰਿਗੁਣਾਤਮਕ ਮਾਇਆ ਉਸ ਪਰਮਾਤਮਾ ਦੀ ਹੀ ਸਿਰਜਣਾ ਹੋਣ ਕਰਕੇ ਉਸ ਪਰਮਜੋਤ ਦਾ ਪਰਕਾਸ਼ ਹੀ ਸਭ ਵਿਚ ਵਿਖਾਈ ਦਿੰਦਾ ਹੈ। ਭਾਵੇਂ ਉਹ ਬ੍ਰਾਹਮਣ ਹੈ ਤੇ ਭਾਵੇਂ ਚੰਡਾਲ। ਜਦੋਂ ਸਾਧਕ ਇਸ ਭੇਦ ਨੂੰ ਜਾਣ ਜਾਂਦਾ ਹੈ ਤਾਂ ਊਚ-ਨੀਚ ਦਾ ਭੇਦ ਭਾਵ ਮਿਟ ਜਾਂਦਾ ਹੈ। ਉਹ ਵੱਖ ਵੱਖ ਨਾਵਾਂ ਵਿਚ ਵੀ ਯਕੀਨ ਨਹੀਂ ਕਰਦਾ:—

1. ਸੁਮਿਰਨ ਕੋਟ ਅਘਨ ਕੋ, ਦ੍ਵੈਹਿ ਸਮਨ ਰਵਿਦਾਸ।
ਜਪੈਹਿ ਆਪ ਨਿਰਮੂਲੀਏ, ਪਰਮ ਜੋਤ ਪਰਗਾਸ।।[433]
2. ਬਾਹਮਨ ਅਰੁ ਚੰਡਾਲੁ ਮਹਿੰ, ਰਵਿਦਾਸ ਨਹਿੰ ਅੰਤਰਜਾਨ।
ਸਭ ਮਹਿੰ ਏਕ ਹੀ ਜੋਤਿ ਹੈ, ਸਭ ਘਟ ਏਕ ਭਗਵਾਨ।।[434]
3. ਇੱਕ ਜੋਤਿ ਤੇ ਜਉ ਸਭ ਉਪਜੈ, ਤਉ ਊਚ ਨੀਚ ਕਸਮਾਨ।
ਰਵਿਦਾਸ ਨਾਮ ਕਤ ਧਰੈ ਕਹੂੰ ਕੋ, ਨਾਦ ਬਿੰਦ ਹੈ ਸਮਾਨ।।[435]

ਉਹ ਪਾਰ ਬ੍ਰਹਮ ਪਰਮੇਸ੍ਵਰ ਪ੍ਰਕਾਸ਼-ਪੁੰਜ ਹੈ। ਜੋ ਸ੍ਰਿਸ਼ਟੀ ਦਾ ਇੱਕੋ ਇਕ ਕਰਤਾ ਹੈ। ਉਸੇ ਇੱਕ ਦੀ ਜੋਤ ਰਾਤ ਦਿਨ ਜਗ ਰਹੀ ਹੈ। ਭਗਤੀ ਦੀ ਅੰਤਿਮ ਅਵਸਥਾ ਵਿਚ ਪਹੁੰਚ ਕੇ ਸਾਧਕ ਨੂੰ ਉਸ ਜੋਤਿ-ਸਰੂਪ ਬ੍ਰਹਮ ਦਾ ਨੂਰ ਹੀ ਨਜ਼ਰੀਂ ਆਉਂਦਾ ਹੈ, ਜੋ ਪਰਮ ਪਦ ਦੀ ਅਵਸਥਾ ਹੈ:-

1. ਰਵਿਦਾਸ ਜੋ ਕਰਤਾ ਸਰਿਸਟਿ ਕਾ, ਵਹ ਤੋ ਕਰਤਾ ਏਕ।
ਸਭ ਮੀਹ ਜੋਤਿ ਸਰੂਪ ਇੱਕ, ਕਾਹੇ ਕਹੂੰ ਅਨੇਕ।।[436]
2. ਘੀਵ ਅਖੰਡਾ ਜੋਹੈ ਬਾਤੀ, ਤ੍ਰਿਕੁਟੀ ਜੋਤ ਜਲੈ ਦਿਨ ਰਾਤੀ।।[437]
3. ਕਹ ਰੈਦਾਸ ਪ੍ਰਕਾਸ਼ ਪਰਮਪਦ ਕਾ ਜਪ ਤਪ ਵਿਧਿ ਪੂਜਾ।।[438]

ਗੁਰੂ ਨਾਨਕ ਦੇਵ ਜੀ ਨੇ ਵੀ ਪਰਮਾਤਮਾ ਨੂੰ ਜੋਤ ਸਰੂਪ ਬ੍ਰਹਮ ਦੇ ਰੂਪ ਵਿਚ ਬਿਆਨ ਕੀਤਾ ਹੈ। ਗੁਰੂ ਜੀ ਪਰਮਾਤਮਾ ਦੀ ਸਰਬ ਵਿਆਪਕ ਹਸਤੀ ਦਾ ਵਰਣਨ ਕਰਦੇ ਹੋਏ ਕਹਿੰਦੇ ਹਨ ਕਿ ਉਹ ਅਪਰੰਪਰ, ਅਲੱਖ, ਨਿਰੰਜਨ ਪਾਰਬ੍ਰਹਮ ਅਤੇ ਪ੍ਰਕਾਸ਼ ਰੂਪ ਪਰਮੇਸ਼ਰ ਉਨ੍ਹਾਂ ਨੂੰ ਗੁਰੂ ਰੂਪ ਵਿਚ ਮਿਲਿਆ:-

ਤਹੂ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ।।
ਅਪਰੰਪਰ ਪਾਰਬ੍ਰਹਮ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ।।[439]

ਪਰਮਾਤਮਾ ਦੀ ਹੋਂਦ ਦਾ ਪ੍ਰਕਾਸ਼ ਤ੍ਰਿਨਾਂ ਲੋਕਾਂ ਚ ਪਸਰ ਰਿਹਾ ਹੈ। ਪਰਮਾਤਮਾ ਜਦੋਂ ਆਪਣੇ ਗਿਆਨ ਰੂਪੀ ਪ੍ਰਕਾਸ਼ ਰਾਹੀਂ ਮਨੁੱਖੀ ਆਤਮਾ ਨੂੰ ਪੂਰਨ ਆਤਮਕ ਸੁੰਦਰਤਾ ਨਾਲ ਸੁਸ਼ੋਭਿਤਮਾਨ ਕਰ ਦਿੰਦਾ ਹੈ ਤਾਂ ਮਨੁੱਖੀ ਆਤਮਾ ਉਸਦੇ ਕਰਤਾਰੀ ਅਤੇ ਗੁਰੂਤਾ ਗੁਣਾਂ ਕਾਰਨ

ਇਹ ਅਨੁਭਵ ਕਰਦੀ ਹੈ ਕਿ ਜਿਹੜਾ ਈਸ਼ਵਰ ਵਿਸ਼ਵ ਦਾ ਕਰਤਾ ਹੈ ਉਹ ਆਪਣੇ ਗਿਆਨ ਦਾ ਪ੍ਰਕਾਸ਼ਕ ਵੀ ਹੈ:–

ਊਰਮ ਧੂਰਮ ਜੋਤਿ ਉਜਾਲਾ।। ਤੀਨਿ ਭਵਣ ਮਹਿ ਗੁਰ ਗੋਪਾਲਾ।।

\- - - - - - - - - - - - - - - - - - - - - - -

ਊਨਵਿ ਬਰਸੈ ਨੀਝਰ ਧਾਰਾ।। ਊਤਮਿ ਸਬਦਿ ਸਵਾਰਣਹਾਰਾ।।
ਇਸੁ ਏਕੇ ਕਾ ਜਾਣੈ ਭੇਉ।। ਆਪੇ ਕਰਤਾ ਆਪੇ ਦੇਉ।।[440]

ਗੁਰੂ ਨਾਨਕ ਦੇਵ ਨੇ ਹਮੇਸ਼ਾ ਹੀ ਸੁਖਦਾਇਕ ਪਰਮਾਤਮਾ ਨੂੰ ਜੋਤਿ ਸਰੂਪ ਮੰਨਿਆ ਹੈ। ਜਦੋਂ ਗੁਰੂ ਦੀਪਕ ਤੋਂ ਮਨੁੱਖੀ ਹਿਰਦੇ ਦਾ ਦੀਪਕ ਬਲਦਾ ਹੈ ਤਾਂ ਮਨੁੱਖ ਨੂੰ ਤਿੰਨਾਂ ਭਵਨਾਂ ਵਿਚ ਹਰੀ ਦੀ ਜੋਤ ਪਸਰੀ ਹੋਈ ਦਿਸ ਆਉਂਦੀ ਹੈ:–

1. ਜੋਤਿ ਸਰੂਪ ਸਦਾ ਸੁਖਦਾਤਾ ਸਚੈ ਸੋਭਾ ਪਾਇਦਾ।।[441]
2. ਦੀਪਕ ਤੇ ਦੀਪਕ ਪ੍ਰਗਾਸਿਆ ਤ੍ਰਿਭਵਣ ਜੋਤਿ ਦਿਖਾਈ।।[442]

ਗੁਰੂ ਆਪ ਆਦਰਸ਼ਕ ਤੇ ਪੁੱਗਿਆ ਹੋਇਆ ਹੋਣ ਕਰਕੇ ਆਪਣੇ ਵਰਗਾ ਬਣਾਉਣ ਦੀ ਸਮਰੱਥਾ ਰੱਖਦਾ ਹੈ। ਜਿਵੇਂ ਗੁਰੂ ਨਾਨਕ ਤੋਂ ਗੁਰੂ ਅੰਗਦ ਬਣੇ ਤੇ ਅੱਗੇ ਇਹੋ ਜੋਤ ਅਗਾਂਹ ਤੁਰਦੀ ਗਈ। ਭੱਟਾਂ ਨੇ ਕਿਹਾ ਹੈ:–

ਲਹਣੇ ਕੀ ਫੇਰਾਈਐ ਦੋਹੀ ਖਟੀਐ।।
ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ।।[443]

ਪਰਮਾਤਮਾ ਨੇ ਮਾਂ ਦੇ ਲਹੂ ਤੇ ਪਿਉ ਦੇ ਵੀਰਜ ਦੀ ਬੂੰਦ ਨੂੰ ਰਲਾ ਕੇ ਮਨੁੱਖ ਦਾ ਬੁੱਤ ਘੜਿਆ। ਹਰੇਕ ਜੀਵ ਦੇ ਅੰਦਰ ਉਸਦੀ ਹੀ ਜੋਤ ਹੈ। ਜਦ ਮਨੁੱਖ ਦੀ ਜੀਭ ਰਸਾਂ ਦੇ ਸੋਮੇ ਪ੍ਰਭੂ ਦੇ ਨਾਮ ਵਿਚ ਰੰਗੀ ਜਾਂਦੀ ਹੈ। ਹਰੀ ਪਰਮਾਤਮਾ ਉਸ ਦਾ ਸਾਥੀ ਬਣ ਜਾਂਦਾ ਹੈ। ਉਸਨੂੰ ਕੋਈ ਭਟਕਣਾ ਨਹੀਂ ਰਹਿੰਦੀ। ਉਸ ਦੇ ਕੰਨ ਸਤਿਗੁਰੂ ਦੀ ਬਾਣੀ ਸੁਣਨ ਵਿਚ ਮਸਤ ਰਹਿੰਦੇ ਹਨ। ਉਸ ਦੀ ਸੁਰਤਿ ਪ੍ਰਭੂ ਦੀ ਜੋਤਿ ਵਿਚ ਮਿਲੀ ਰਹਿੰਦੀ ਹੈ:-

ਮਾ ਕੀ ਰਕਤੁ ਪਿਤਾ ਬਿਦੁ ਧਾਰਾ।। ਮੂਰਤਿ ਸੂਰਤਿ ਕਰਿ ਆਪਾਰਾ।
ਜੋਤਿ ਦਾਤਿ ਜੇਤੀ ਸਭ ਤੇਰੀ ਤੂ ਕਰਤਾ ਸਭ ਠਾਈ ਹੇ।।
ਜੀਭ ਰਸਾਇਣਿ ਸਾਚੈ ਰਾਤੀ।। ਹਰਿ ਪ੍ਰਭੁ ਸੰਗੀ ਭਉ ਨ ਭਰਾਤੀ।।

ਸ੍ਰਵਣ ਸੋਤ ਰਜੇ ਗੁਰਬਾਣੀ ਜੋਤੀ ਜੋਤਿ ਮਿਲਾਈ ਹੇ॥[444]

ਪਰਮੇਸ਼ਰ ਨੇ ਆਪਣੀ ਜੋਤਿ ਤਿੰਨਾਂ ਭਵਨਾਂ ਵਿਚ ਟਿਕਾ ਰੱਖੀ ਹੈ। ਹੋਰ ਕੋਈ ਵੀ ਉਸ ਪ੍ਰਭੂ ਵਰਗਾ ਨਹੀਂ। ਜਿਹੜਾ ਮਨੁੱਖ ਆਪਣੇ ਜੀਵਨ ਮਨੋਰਥ ਨੂੰ ਪਛਾਣਦਾ ਹੈ। ਉਸਦੀ ਸੁਰਤਿ ਪ੍ਰਭੂ ਦੀ ਜੋਤਿ ਵਿਚ ਮਿਲੀ ਰਹਿੰਦੀ ਹੈ:-

ਤ੍ਰਿਭਵਣ ਜੋਤਿ ਧਰੀ ਪਰਮੇਸਰਿ ਅਵਰੁ ਨ ਦੂਜਾ ਭਾਈ ਹੇ॥
ਚੀਨੈ ਆਪੁ ਪਛਾਣੈ ਸੋਈ ਜੋਤੀ ਜੋਤਿ ਮਿਲਾਈ ਹੇ॥[445]

ਗੁਰੂ ਨਾਨਕ ਦੇਵ ਜੀ 'ਆਰਤੀ' ਨਾਮੀ ਆਪਣੀ ਕਿਰਤ ਵਿਚ ਜੋਤਿ ਸਰੂਪ ਪਰਮਾਤਮਾ ਦੀ ਜੋਤਿ ਨੂੰ ਸਭ ਵਿਚ ਮੌਜੂਦ ਦੱਸਦੇ ਹਨ ਅਤੇ ਇਹ ਵੀ ਦੱਸਦੇ ਹਨ ਕਿ ਉਸਦੇ ਪ੍ਰਕਾਸ਼ ਤੋਂ ਹੀ ਸਾਰੀ ਜੜ੍ਹ-ਚੇਤਨ ਪ੍ਰਕਾਸ਼ਿਤ ਹੈ। ਇਹ ਜੋਤਿ ਗੁਰੂ ਦੀ ਸਿੱਖਿਆ ਰਾਹੀਂ ਹੀ ਅੰਤਰ ਆਤਮਾ ਵਿਚ ਪ੍ਰਗਟ ਹੁੰਦੀ ਹੈ। ਪਰਮਾਤਮਾ ਨੇ ਸਾਰਾ ਸੰਸਾਰ ਸਹਿਜ ਸੁਭਾਅ ਪੈਦਾ ਕਰਕੇ ਤਿੰਨਾਂ ਲੋਕਾਂ ਵਿਚ ਆਪਣੀ ਇਕ ਜੋਤਿ ਨੂੰ ਪੈਦਾ ਕੀਤਾ ਹੈ:-

1. ਸਭਿ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥
   ਗੁਰ ਸਾਖੀ ਜੋਤਿ ਪਰਗਟੁ ਹੋਇ॥[446]
2. ਸਚੈ ਸਭੁ ਜਗੁ ਸਹਜਿ ਉਪਾਇਆ,
   ਤੀਨਿ ਭਵਨ ਇਕ ਜੋਤੀ॥[447]

ਇਸ ਤਰ੍ਹਾਂ ਪਰਮਾਤਮਾ ਦੀ ਜੋਤਿ ਹਰ ਥਾਂ ਪਸਰੀ ਹੋਈ ਹੈ। ਉਹ ਪ੍ਰਭੂ ਸਾਰੇ ਜਗਤ ਦੀ ਸੰਭਾਲ ਕਰਦਾ ਹੈ। ਉਹ ਅਦ੍ਰਿਸ਼ਟ ਤੇ ਬੇਅੰਤ ਪ੍ਰਭੂ ਹਰੇਕ ਸਰੀਰ ਵਿਚ ਮੌਜੂਦ ਹੈ:--

ਜੋਤਿ ਸਬਾਇਣੀਏ ਤ੍ਰਿਭਵਣ ਸਾਰੇ ਰਾਮ॥
ਘਟਿ ਘਟਿ ਰਵਿ ਰਹਿਆ ਅਲਖ ਅਪਾਰੇ ਰਾਮ॥[448]

ਗੁਰੂ ਜੀ ਅਨੁਸਾਰ ਪਰਮਸ਼ਕਤਿ ਤੋਂ ਜੁੱਗ-ਜੁਗਾਂਤਰ ਪਹਿਲਾਂ ਪਵਣ, ਪਾਣੀ ਅਤੇ ਫਿਰ ਸਾਰੇ ਬ੍ਰਹਿਮੰਡ ਦੀ ਰਚਨਾ ਹੋਈ। ਜਿਸ ਵਿਚ ਨਿਸ਼ਚਿਤ ਰੂਪ ਵਿਚ ਉਸੇ ਮੂਲ ਪਰਮ-ਸ਼ਕਤਿ ਦਾ ਪ੍ਰਕਾਸ਼ ਬਿਰਾਜਮਾਨ ਹੈ:-

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥

ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ।।[449]

ਮਥੁਰਾ ਭੱਟ ਗੁਰੂ ਜੋਤਿ ਦੀ ਇਕ ਸਰੀਰ ਤੋਂ ਦੂਜੇ ਸਰੀਰ ਤੱਕ ਦੀ ਅਲੌਕਿਕ ਯਾਤ੍ਰਾ ਨੂੰ ਦਰਸਾਉਂਦੇ ਲਿਖਦੇ ਹਨ ਕਿ ਪ੍ਰਕਾਸ਼ ਸਰੂਪ ਪਰਮਾਤਮਾ ਨੇ ਖੁਦ ਹੀ ਗੁਰੂ ਨਾਨਕ ਦੇ ਸਰੀਰ ਵਿਚ ਪ੍ਰਵੇਸ਼ ਕੀਤਾ ਸੀ। ਫਿਰ ਇਹ ਗੁਰਤਾ ਦਾ ਤੱਤ, ਗੁਰੂ ਅੰਗਦ ਦੇਵ ਜੀ ਦੀ ਆਤਮਾ ਨਾਲ ਤਦਰੂਪ ਹੋ ਗਿਆ। ਗੁਰੂ ਅੰਗਦ ਨੇ ਇਸ ਗੁਰਤਾ ਦੇ ਤੱਤ ਨੂੰ ਆਪਣੀ ਕ੍ਰਿਪਾ ਦ੍ਰਿਸ਼ਟੀ ਨਾਲ ਗੁਰੂ ਅਮਰਦਾਸ ਦੇ ਹਿਰਦੇ ਵਿਚ ਸਥਾਪਤ ਕੀਤਾ। ਇਸੇ ਤਰ੍ਹਾਂ ਗੁਰੂ ਅਮਰਦਾਸ ਤੋਂ ਹੁੰਦੀ ਹੋਈ ਇਹ ਜੋਤਿ ਗੁਰੂ ਅਰਜਨ ਵਿਚ ਵਿਦਮਾਨ ਹੋਈ:-

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕ ਕਹਾਯਉ।।
ਤਾ ਤੇ ਅੰਗਦੁ ਭਯਉ ਤੱਤ ਸਿਉ ਤਤੁ ਮਿਲਾਯਉ।।
ਅੰਗਦ ਕਿਰਪਾ ਧਾਰਿ, ਅਮਰੁ ਸਤਿਗੁਰੂ ਥਿਰੁ ਕੀਅਉ।।
ਅਮਰਦਾਸ ਅਮਰਤ ਛਤ੍ਰ, ਗੁਰ ਰਾਮਹ ਦੀਓ।।
ਗੁਰੂ ਰਾਮਦਾਸ ਦਰਸਨੁ ਪਰਸਿ, ਕਹਿ ਮਥੁਰਾ ਅੰਮ੍ਰਿਤ ਬਯਣ।।
ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੂ ਅਰਜਨੁ ਪਿਖਹੁ ਨਯਣ।।[450]

ਸੋ ਗੁਰੂ ਜੀ ਅਨੁਸਾਰ ਸਭ ਜੀਵਾਂ ਵਿਚ ਉਸ ਇੱਕੋ ਪਰਮਾਤਮਾ ਦੀ ਜੋਤਿ ਚਮਕ ਰਹੀ ਹੈ। ਜਿਨ੍ਹਾਂ ਬੰਦਿਆਂ ਦੇ ਹਿਰਦੇ ਵਿਚ ਪਰਮਾਤਮਾ ਦੀ ਜੋਤਿ ਪਰਗਟ ਹੋ ਜਾਂਦੀ ਹੈ, ਉਨ੍ਹਾਂ ਨੂੰ ਹਰ ਥਾਂ ਉਹ ਪ੍ਰਭੂ ਹੀ ਦਿਸਦਾ ਹੈ। ਉਨ੍ਹਾਂ ਨੂੰ ਇਹ ਯਕੀਨ ਹੋ ਜਾਂਦਾ ਹੈ ਕਿ ਮਾਲਿਕ ਪ੍ਰਭੂ ਉਨ੍ਹਾਂ ਦੀ ਸਦਾ ਸੰਭਾਲ ਕਰਦਾ ਹੈ:-

ਸਰਬ ਜੋਤਿ ਤੇਰੀ ਪਸਰਿ ਰਹੀ।। ਜਹ ਜਹ ਦੇਖਾ ਤਹ ਨਰ ਹਰੀ।
- - - - - - - - - - - - - - - - - - - - - - - - -
ਜਹ ਅੰਤਰਿ ਘਟ ਅੰਤਰਿ ਬਸਿਆ ਬਾਹਰਿ ਕਾਹੇ ਨਾਹੀ।।
ਤਿਨ ਕੀ ਸਾਰ ਕਰੈ ਨਿਤੁ ਸਾਹਿਬੁ ਸਦਾ ਚਿੰਤ ਮਨ ਮਾਹੀ।।[451]

ਗੁਰਮੁਖ ਗੁਰੂ ਦੀ ਸਿੱਖਿਆ ਤੇ ਚੱਲਣ ਕਰਕੇ ਸਾਰਾ ਝਗੜਾ ਮੁਕਾ ਲੈਂਦੇ ਹਨ। ਉਨ੍ਹਾਂ ਨੂੰ ਸਭ ਥਾਂ ਇਕ ਪਰਮਾਤਮਾ ਰਮਿਆ ਨਜ਼ਰ ਆਉਂਦਾ ਹੈ। ਗੁਰੂ ਵਾਲੀ ਸਫਲ ਕਾਰ ਕਰਕੇ ਸਫਲ ਜੀਵਨ ਬਿਤਾ ਕੇ ਜੋਤਿ ਵਿਚ ਮਿਲ ਜਾਂਦੇ ਹਨ:-

ਸਫਲ ਜੀਵਨ ਬਿਤਾ ਕੇ ਜੋਤਿ ਵਿਚ ਮਿਲ ਜਾਂਦੇ ਹਨ:–

1. ਗੁਰਮੁਖਿ ਝਗੜੂ ਚੁਕਾਇਓਨੁ ਇਕੋ ਰਵਿ ਰਹਿਆ।।
ਸਭੁ ਆਤਮ ਰਾਮੁ ਪਛਾਣਿਆ ਭਉਜਲੁ ਤਰਿ ਗਇਆ।।
ਜੋਤਿ ਸਮਾਣੀ ਜੋਤਿ ਵਿਚਿ ਹਰਿ ਨਾਮਿ ਸਮਾਇਆ।।[452]

2. ਗੁਰਮੁਖਿ ਜੀਵੇ ਜੋ ਪਾਰਿ ਪਏ ਸਚੇ ਸਿਉ ਲਿਵ ਲਾਇ।।
ਆਵਾਗਉਣੁ ਨਿਵਾਰਿਆ ਜੋਤੀ ਜੋਤਿ ਮਿਲਾਇ।।[453]

ਸਤਿ ਸਰੂਪ ਬ੍ਰਹਮ

ਗੁਰੂ ਰਵਿਦਾਸ ਦਾ ਬ੍ਰਹਮ ਸਤਿ-ਸਰੂਪ ਹੈ। ਉਸ ਦਾ ਕੋਈ ਰੂਪ ਨਹੀਂ। ਵੇਦਾਂ ਦੇ ਬ੍ਰਹਮ ਵਾਂਗ ਉਹ ਨਾ ਐਸਾ ਹੈ ਤੇ ਨਾ ਹੀ ਵੈਸਾ। ਉਹ ਸੁਭ-ਅਸ਼ੁੱਭ, ਕਾਮੀ-ਕੁਟਿਲ, ਵਾਯੂ ਜਲ, ਕਰਮ-ਅਕਰਮ, ਦਿਨ-ਰਾਤ, ਧਰਤ-ਅਕਾਸ਼, ਚੰਦ-ਸੂਰਜ ਕੁਝ ਵੀ ਨਹੀਂ ਹੈ। ਉਹ ਤਾਂ 'ਸਤਿਨਾਮ' ਹੀ ਹੈ। ਉਹ ਅਨੰਤ ਅਤੇ ਪਰਮਪਦ ਦਾ ਮਾਲਕ ਹੈ। ਉਹ ਨਿਰੰਜਨ, ਨਿਰਾਕਾਰ, ਨਿਰਲੇਪ, ਨਿਰਵਿਕਾਰ ਤੇ ਨਿਸ਼ਕਾਮ ਹੈ। ਉਹ ਆਦਿ-ਜੁਗਾਦਿ ਸੱਚ ਹੈ। ਉਸ ਸੱਚ ਦੇ ਸਾਹਮਣੇ ਜਗਤ ਦੀਆਂ ਅਸੱਤਿ ਚੀਜ਼ਾਂ ਟਿਕ ਹੀ ਨਹੀਂ ਸਕਦੀਆਂ। ਉਸ 'ਸਤਿਨਾਮ' ਦਾ ਜਾਪ ਕਰਨ ਨਾਲ ਸਭ ਪਾਪ ਦੂਰ ਹੋ ਜਾਂਦੇ ਹਨ। ਸੱਚ ਈਸ਼ਵਰ ਦਾ ਹੀ ਰੂਪ ਤਾਂ ਹੈ।

1. ਮਨ ਮੇਰੇ ! ਸਤਿ ਸਰੂਪ ਬਿਚਾਰੋ।
ਆਦਿ ਅੰਤਿ ਅਨੰਤ ਪਰਮਪਦ, ਸੰਸਾ ਸਕਲ ਨਿਵਾਰੋ।।੧।।
ਜਸ ਹਰਿ ਕਹਿਏ, ਤਸ ਹਰਿ ਨਾਹਿ ਹੈ, ਹੈ ਅਸ ਜਸੁ ਕਛੁ ਤੈਸਾ।।
ਜਾਨਤ ਜਾਨਤ ਜਾਨਿ ਰਹਯੋ ਮਨ, ਮਰਮ ਕਹੋ ਨਿਜ ਕੈਸਾ।।2।।

\- - - - - - - - - - - - - - - - - - - - - - - -

ਕਹੈ ਰਵਿਦਾਸ ਪਰਗਾਸ ਪਰਮਪਦ, ਕਾ ਜਪ ਤਪ ਬ੍ਰਤ ਪੂਜਾ।

2. ਓਂਕਾਰ ਹੈ ਸਤਿਨਾਮ, ਆਦਿ ਜੁਗਾਦਿ ਸਭ ਸੱਤ।
'ਰਵਿਦਾਸ' ਸੱਤ ਕੇ ਸਾਮਹੇਂ, ਟਿਕਵੈ ਨਾਹਿੰ ਅਸੱਤ।।[455]

3. ਸੱਤ ਈਸ਼ ਕਹੁੰ ਰੂਪ ਹੈ, ਸੱਤ ਸਕਤਿ ਅਤਿ ਅਪਾਰ।
ਰਵਿਦਾਸ ਸੱਤ ਕੂੰ ਧਾਰਣਾ, ਹੋਇਹਿੰ ਪਾਪ ਨਿਬਾਰ।।[456]

4. ਰਵਿਦਾਸ ਸੱਤ ਇਕ ਨਾਮ ਹੈ, ਆਦਿ ਅੰਤ ਸਚੁ ਨਾਮ।।
ਹਨਨ ਕਰੇਇ ਸਭ ਪਾਪ ਤਾਪ, ਸਤਿ ਸੁਖਨ ਕਰਿ ਖਾਨ।।[457]

ਬ੍ਰਹਮ ਨਾਸ਼ ਰਹਿਤ ਹੈ। ਉਹ ਸਦੀਵ ਹੈ, ਕਿਉਂਕਿ ਉਹ ਉਤਪਤੀ ਅਤੇ ਨਾਸ਼ ਦੇ ਕਰਮ ਵਿਚ ਪਰਿਵਰਤਤ ਹੋਣ ਵਾਲਾ ਅਸੱਤਿ ਨਹੀਂ ਹੈ। ਉਹ ਤਾਂ ਸਤਿ ਸਰੂਪ ਹੈ। ਸ਼ੰਕਰਾਚਾਰਜ ਨੇ ਪਰਮਾਰਥ ਅਤੇ ਸਤਿ ਉਸ ਪਦਾਰਥ ਨੂੰ ਮੰਨਿਆ ਹੈ ਜੋ ਸੱਭ ਅਵਸਥਾਵਾਂ ਵਿਚ ਆਪਣੇ ਇਕੋ ਸਰੂਪ ਚ ਸਥਿਤ ਰਹਿੰਦਾ ਹੈ।[458] ਉਹ ਇੱਕ ਹੈ, ਜਪ, ਤਪ, ਵਰਤ, ਪੂਜਾ ਕੁਝ ਵੀ ਅਰਥ ਨਹੀਂ ਰੱਖਦੇ । ਉਹ ਇਕ ਹੁੰਦਾ ਹੋਇਆ ਵੀ ਅਨੇਕ ਵਿਚ ਆਪਣਾ ਪ੍ਰਕਾਸ਼ ਪ੍ਰਸਾਰਿਤ ਕਰਨ ਵਾਲਾ ਸੱਤਿ ਹੈ। ਭਾਵੇਂ ਸੋਨਾ ਅਤੇ ਉਸਦੇ ਬਣੇ ਹੋਏ ਗਹਿਣੇ ਦੋ ਵਿਖਾਈ ਦਿੰਦੇ ਹਨ, ਪਰ ਹੈ ਤਾਂ ਇਕੋ ਸੋਨਾ। ਗੁਰੂ ਰਵਿਦਾਸ ਦੀ ਬਾਣੀ ਵਿਚ ਵੀ ਇਸੇ 'ਸੱਤਯਾ' ਦਾ ਵਿਸ਼ਲੇਸ਼ਣ ਹੋਇਆ ਹੈ। ਸੰਸਾਰਕ ਬਾਜੀ ਝੂਠੀ ਹੈ ਪਰ ਬਾਜੀਗਰ ਸੱਤਿ ਹੈ। ਕਰਤਾ ਇੱਕ ਤੇ ਸਤਿ ਹੈ। ਜੋ ਸਭ ਥਾਂ ਵਸਦਾ ਹੈ:–

1. ਆਦਿ ਹੂੰ ਏਕ ਅੰਤਾ ਫੁਨਿ ਸੋਈ, ਮਧਿ ਉਪਾਧਿ ਸੁ ਕੈਸੇ।
ਅਹੈ ਏਕ ਪੈ ਭ੍ਰਮ ਸੂੰ ਦੂਜੈ, ਕਨਕ ਅਲੰਕ੍ਰਤ ਜੈਸੇ।।[459]
2. ਬਾਜੀ ਝੂਠ ਸਾਚ ਬਾਜੀਗਰ, ਜਾਨਾਮਨ ਪਤਿਆਨਾ।।[460]
3. ਕੇਵਲ ਕਰਤਾ ਏਕ ਸਹੀ ਕਰਿ, ਸਤਿ ਰਾਮ ਤਿਹਿੰ ਠਾਈ।।[461]
4. ਮਿਥਯਾ ਜਗ ਮਾਯਾ ਤਜਿ ਦੀਨੀ, ਸੱਤ ਰੂਪ ਮਨੁ ਧਰਿ ਹੈ।।[462]

ਗੁਰੂ ਨਾਨਕ ਨੇ ਵੀ ਗੁਰੂ ਰਵਿਦਾਸ ਵਾਂਗ ਪਰਮਾਤਮਾ ਨੂੰ ਸਤਿ ਸਰੂਪ ਮੰਨਿਆ ਹੈ। 'ਜਪੁ'- ਨਾਮਕ ਆਪਣੀ ਕਿਰਤ ਦੇ ਪਹਿਲੇ ਸਲੋਕ ਵਿਚ ਹੀ ਉਨ੍ਹਾਂ ਨੇ ਦੱਸਿਆ ਹੈ ਕਿ ਪਰਮਾਤਮਾ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਵੀ ਸਤਿ ਸਰੂਪ ਸੀ, ਯੁੱਗਾਂ ਦੇ ਆਰੰਭ ਵਿਚ ਵੀ ਸਤਿ ਰੂਪ ਵਿਚ ਸਥਿਤ ਸੀ। ਵਰਤਮਾਨ ਵਿਚ ਵੀ ਸਤਿ ਹੈ ਅਤੇ ਭਵਿੱਖ ਵਿਚ ਵੀ ਸਤਿ ਹੀ ਹੋਵੇਗਾ:–

ਆਦਿ ਸਚੁ।।ਜੁਗਾਦਿ ਸਚੁ।।ਹੈ ਭੀ ਸਚੁ।।ਨਾਨਕ ਹੋਸੀ ਭੀ ਸਚੁ।।[463]

ਉਹ ਮਾਲਕ ਸੱਚਾ ਹੈ ਅਤੇ ਉਸਦਾ ਨਾਂ ਸੱਚਾ ਹੈ:–

ਸਾਚਾ ਸਾਹਿਬੁ ਸਾਚੁ ਨਾਇ।।[464]

ਜਪੁਜੀ ਵਿਚ ਇਸੇ ਗੱਲ ਦੀ ਪ੍ਰੋੜ੍ਹਤਾ ਕਰਦੇ ਹੋਏ ਉਹ ਫਿਰ ਕਹਿੰਦੇ ਹਨ ਕਿ ਉਹ ਮਾਲਕ ਸਦਾ ਸੱਚਾ ਅਤੇ ਸੱਚੇ ਨਾਂ ਵਾਲਾ ਹੈ। ਉਹੀ ਮਾਲਕ ਵਰਤਮਾਨ ਵਿਚ ਮੌਜੂਦ ਹੈ, ਉਹੀ ਭੂਤਕਾਲ ਵਿਚ ਸੀ ਅਤੇ ਉਹੀ ਭਵਿੱਖ ਵਿਚ ਰਹੇਗਾ। ਜਿਸ ਮਾਲਕ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ, ਉਹ ਨਾ ਜਾਂਦਾ ਹੈ ਅਤੇ ਨਾ ਹੀ ਜਾਵੇਗਾ, ਨਾਸ਼ ਨਹੀਂ ਹੋਵੇਗਾ:-

ਸੋਈ ਸੋਈ ਸਦਾ ਸਚੁ ਸਾਹਿਬੁ। ਸਾਚਾ ਸਾਚੀ ਨਾਈ।।
ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ।।[465]

ਉਸ ਸੱਚੇ ਕਰਤਾਰ ਦਾ ਕੰਮ ਸੱਚਾ ਹੈ।[466] ਉਹ ਆਪ ਸੱਚਾ ਤੇ ਉਸਦਾ ਦਰਬਾਰ ਸੱਚਾ ਹੈ।[467] ਉਹ ਸੱਚਾ ਪੁਰਖ, ਅਲੱਖ, ਜੁੱਗਾਂ ਜੁੱਗਾਂ ਵਿਚ ਇਕੋ ਜਿਹਾ ਰਹਿੰਦਾ ਹੈ:-

ਸਚਾ ਪੁਰਖੁ ਅਲਖੁ ਸਬਦਿ ਸੁਹਾਵਣਾ।।
- - - - - - - - - - - - - - - -।।
ਨਾਨਕ ਜੁਗ ਜੁਗ ਏਕੋ ਮੰਨਿ ਵਸਾਵਣਾ।।[468]

ਸਾਰੇ ਜੁੱਗਾਂ ਵਿਚ ਉਹ ਸੱਚਾ ਪਰਮਾਤਮਾ ਹੀ ਸਦਾ ਕਾਇਮ ਰਹਿਣ ਵਾਲਾ ਹੈ। ਸਭ ਜੀਵਾਂ ਵਿਚ ਉਹ ਸੱਚਾ ਪ੍ਰਭੂ ਵਸਦਾ ਹੈ। ਉਸ ਤੋਂ ਬਿਨਾ ਦੂਜਾ ਹੋਰ ਕੋਈ ਨਹੀਂ। ਜਿਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਦੀ ਸਚੀ ਵਡਿਆਈ ਵਸਦੀ ਹੈ, ਉਸਨੂੰ ਹਰੇਕ ਸੁੱਖ ਪ੍ਰਾਪਤ ਹੈ। ਪਰ ਗੁਰੂ ਦੀ ਸ਼ਰਨ ਪੈ ਕੇ ਹੀ ਮਨੁੱਖ ਸਤਿ ਪਰਮਾਤਮਾ ਦਾ ਨਾਮ ਜਪ ਸਕਦਾ ਹੈ। ਸੱਚੇ ਪ੍ਰਭੂ ਤੋਂ ਪੈਦਾ ਹੁੰਦਾ ਹੈ ਤੇ ਸੱਚੇ ਵਿਚ ਲੀਨ ਰਹਿੰਦਾ ਹੈ:-

1. ਸਭ ਜੁਗ ਮਹਿ ਸਾਚਾ ਏਕੋ ਸੋਈ।। ਸਭੁ ਮਹਿ ਸਚੁ ਦੂਜਾ ਨਹੀਂ ਕੋਈ।
   ਸਾਚੀ ਕੀਰਤਿ ਸਚੁ ਸੁਖੁ ਹੋਈ।। ਗੁਰਮੁਖਿ ਨਾਮੁ ਵਖਾਣੈ ਕੋਈ।।[469]
2. ਸਾਚੇ ਉਪਜੈ, ਸਾਚਿ ਸਮਾਵੈ, ਸਾਚੇ ਸੂਚੇ ਏਕ ਮਇਆ ।।[470]

ਸੱਚੇ ਪ੍ਰਭੂ ਨੇ ਗੁਰਮੁਖ ਮਨੁੱਖ ਪੈਦਾ ਕਰਨ ਲਈ ਧਰਤੀ ਬਣਾਈ। ਇਸ ਧਰਤੀ ਵਿਚ ਉਤਪਤੀ ਤੇ ਨਾਸ਼ ਗੁਰਮੁਖਤਾ ਦੇ ਵਿਕਾਸ ਲਈ ਇਕ ਖੇਡ ਹੈ। ਜਦੋਂ ਮਨੁੱਖ ਗੁਰੂ ਦੇ ਸ਼ਬਦ ਰਾਹੀਂ ਸੱਚੇ ਪ੍ਰਭੂ ਦੇ ਰੰਗ ਵਿਚ ਰੰਗਿਆ ਜਾਂਦਾ ਹੈ ਤਾਂ ਇੱਜ਼ਤ ਨਾਲ ਆਪਣੇ ਘਰ

ਜਾਂਦਾ ਹੈ। ਸੱਚੇ ਸ਼ਬਦ ਤੋਂ ਬਿਨਾਂ ਕੋਈ ਮਨੁੱਖ ਵੀ ਇੱਜ਼ਤ ਹਾਸਲ ਨਹੀਂ ਕਰ ਸਕਦਾ। ਪ੍ਰਭੂ ਦੇ ਨਾਮ ਤੋਂ ਬਿਨਾ ਮਨੁੱਖ ਸੱਚੇ ਪ੍ਰਭੂ ਵਿਚ ਨਹੀਂ ਸਮਾ ਸਕਦਾ:-

ਗੁਰਮੁਖਿ ਧਰਤੀ ਸਾਚੈ ਸਾਜੀ।। ਤਿਸੁ ਮਹਿ ਉਪਤਿ ਖਪਤਿ ਸੁ ਬਾਜੀ।।
ਗੁਰ ਕੈ ਸਬਦਿ ਰਪੈ ਰੰਗੁ ਲਾਇ।। ਸਾਚਿ ਰਤਉ ਪਤਿ ਸਿਉ ਘਰਿ ਜਾਇ।।
ਸਾਚ ਸਬਦ ਬਿਨੁ ਪਤਿ ਨਹੀ ਪਾਵੈ।। ਨਾਨਕ ਬਿਨੁ ਨਾਵੈ ਕਿਉ ਸਾਚਿ
ਸਮਾਵੈ।।[471]

ਇਹ ਸਤਿ ਸਦਾ ਨਵਾਂ ਰਹਿੰਦਾ ਹੈ ਪੁਰਾਣਾ ਨਹੀਂ ਹੁੰਦਾ। ਜਿਵੇਂ ਸੀਤਾ ਹੋਇਆ ਪਾਟਦਾ ਨਹੀਂ, ਇਸੇ ਤਰ੍ਹਾਂ ਉਸ ਪ੍ਰਭੂ ਨਾਲ ਜੁੜਿਆ ਹੋਇਆ ਮਨ ਉਸ ਤੋਂ ਟੁੱਟਦਾ ਨਹੀਂ। ਪ੍ਰਭੂ ਸਦਾ ਸਤਿ ਹੈ ਪਰ ਇਸ ਗੱਲ ਦੀ ਸੋਝੀ ਉਸਨੂੰ ਸਿਮਰਨ ਨਾਲ ਹੀ ਪੈਂਦੀ ਹੈ:-

ਸਚੁ ਪੁਰਾਣਾ ਹੋਵੈ ਨਾਹੀ ਸੀਤਾ ਕਦੇ ਨ ਪਾਟੈ।।
ਨਾਨਕ ਸਾਹਿਬੁ ਸਚੋ ਸਚਾ ਤਿਚਰੁ ਜਾਪੀ ਜਾਪੈ।।[472]

ਸਤਿਗੁਰੂ ਦੀ ਸੱਚੀ ਬਾਣੀ ਰਾਹੀਂ ਮਨੁੱਖ ਸੱਚੇ ਪ੍ਰਭੂ ਦਾ ਰੂਪ ਹੋ ਜਾਂਦਾ ਹੈ। ਗੁਰੂ ਨੇ ਸੱਚਾ ਪ੍ਰਭੂ ਉਸ ਨੂੰ ਸੰਗਤ ਵਿਚ ਮਿਲਾ ਦਿੱਤਾ ਹੈ:-

ਸਚੀ ਬਾਣੀ ਸਚੁ ਹੈ, ਸਚੁ ਮੇਲਿ ਮਿਲਾਇਆ।।[473]

ਸਤਿ ਦੀ ਮਹਿਮਾ ਦਾ ਵਰਣਨ ਵੇਦਾਂ ਤੋਂ ਹੀ ਚਲਿਆ ਆਉਂਦਾ ਹੈ। ਰਿਗਵੇਦ ਵਿਚ ਆਕਾਸ਼, ਧਰਤੀ, ਹਵਾ ਆਦਿ ਪੰਜ ਭੂਤ ਨੂੰ ਸਤਿ ਰਾਹੀਂ ਸਥਿਰ ਮੰਨਿਆ ਗਿਆ ਹੈ।[474] ਉਪਨਿਸ਼ਦਾਂ ਵਿਚ ਇਹ ਸ਼ਬਦ ਪਾਰਬ੍ਰਹਮ ਸ਼ਬਦ ਦਾ ਵਾਚਕ ਮੰਨਿਆ ਗਿਆ ਹੈ। ਤੈਤਰੀਓਪਨਿਸ਼ਦ ਵਿਚ ਬ੍ਰਹਮ ਨੂੰ ਸਤਿ, ਅਨੰਤ ਅਤੇ ਗਿਆਨ-ਸਰੂਪ ਕਿਹਾ ਗਿਆ ਹੈ।[475] ਉਪਰਲੇ ਵਰਣਨ ਅਨੁਸਾਰ ਗੁਰੂ ਨਾਨਕ ਨੇ ਵੀ 'ਸਤਿ' ਅਤੇ 'ਸਚਿ' ਸ਼ਬਦ ਪਰਮਾਤਮਾ ਦੇ ਵਾਚਕ ਰੂਪ ਵਿਚ ਵਰਤਿਆ ਹੈ। ਗੁਰੂ ਜੀ ਅਨੁਸਾਰ ਉਸ ਪਰਮਸਤਿ ਤੋਂ ਜੁੱਗਾਂ ਜੁਗਾਂਤਰ ਪਹਿਲਾਂ ਪਵਣ, ਪਾਣੀ ਅਤੇ ਫਿਰ ਸਾਰੇ ਬ੍ਰਹਿਮੰਡ ਦੀ ਰਚਨਾ ਹੋਈ। ਜਿਸ ਵਿਚ ਨਿਸ਼ਚਿਤ ਰੂਪ ਵਿਚ ਉਸੇ ਪਰਮ ਸਤਿ ਦਾ ਪ੍ਰਕਾਸ਼ ਬਿਰਾਜਮਾਨ ਹੈ:-

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ।।
ਜਲੁ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ।।[476]

ਸਤਿ ਸਰੂਪ ਪਰਮਾਤਮਾ ਹੀ ਸੱਚਾ ਹੈ। ਉਸ ਤੋਂ ਭਿੰਨ ਹੋਰ ਕੋਈ ਦੂਜਾ ਨਹੀਂ। ਉਸਨੇ ਹੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਅਤੇ ਉਹ ਹੀ ਨਾਸ਼ ਕਰਦਾ ਹੈ। ਗੁਰਬਾਣੀ ਵਿਚ ਸੱਚੇ ਦੀ ਰਚਨਾ ਹੋਣ ਕਰਕੇ ਜਗਤ ਨੂੰ ਵੀ ਸਤਿ ਹੀ ਮੰਨਿਆ ਗਿਆ ਹੈ ਅਰਥਾਤ ਸਤਿ ਕਾਰਣ ਤੋਂ ਸੱਤ ਕਾਰਜ ਦੀ ਹੀ ਉਤਪਤੀ ਸੰਭਵ ਹੈ:-

1. ਸਾਚਾ ਸਚੁ ਸੋਈ ਅਵਰੁ ਨ ਕੋਈ॥ ਜਿਨਿ ਸਿਰਜੀ ਤਿਨ ਹੀ ਫੁਨਿ ਗੋਈ॥[477]
2. ਆਪਿ ਸਤਿ ਕੀਆ ਸਭੁ ਸਤਿ॥ ਆਪੈ ਜਾਨੈ ਅਪਨੀ ਮਿਤਿ ਗਤਿ॥[478]
3. ਸਤਿ ਕਰਮੁ ਜਾ ਕੀ ਰਚਨਾ ਸਤਿ॥ ਮੂਲੁ ਸਤਿ ਸਤਿ ਉਤਪਤਿ॥[479]
4. ਸਚੇ ਤੇਰੇ ਖੰਡ ਸਚੇ ਬ੍ਰਹਮੰਡ॥ ਸਚੇ ਤੇਰੇ ਲੋਅ ਸਚੇ ਆਕਾਰ।
   ਸਚੇ ਤੇਰੇ ਕਰਣੇ ਸਰਬ ਬੀਚਾਰ॥[480]

ਉਸ ਸਤਿ ਵਿਚ ਸੁਰਤ ਜੋੜਨ ਨਾਲ ਬੁਢੇਪਾ ਪੋਹ ਨਹੀਂ ਸਕਦਾ। ਸਦਾ-ਥਿਰ ਪ੍ਰਭੂ ਦੇ ਨਾਮ ਵਿਚ ਲੀਨ ਹੋਣ ਵਾਲੇ ਜੀਵ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦੇ ਹਨ। ਉਨ੍ਹਾਂ ਦੀ ਜੋਤਿ ਪ੍ਰਭੂ ਦੀ ਜੋਤਿ ਵਿਚ ਮਿਲ ਕੇ ਉਨ੍ਹਾਂ ਦਾ ਜਨਮ ਮਰਨ ਦਾ ਗੇੜ ਖਤਮ ਹੋ ਜਾਂਦਾ ਹੈ ਅਤੇ ਉਹ ਗੁਰੂ ਦੀ ਸਿੱਖਿਆ ਤੇ ਚੱਲ ਕੇ ਸਤਿ ਪ੍ਰਭੂ ਵਿਚ ਲੀਨ ਰਹਿੰਦਾ ਹੈ। ਮੌਤ ਦਾ ਪਰਵਾਨਾ ਹਰ ਜੀਵ ਨੂੰ ਆਉਣਾ ਹੈ। ਸਤਿ ਪਰਮਾਤਮਾ ਦਾ ਇਹ ਹੁਕਮ ਸਤਿ ਹੈ। ਜਿਹੜੇ ਜੀਵ ਸਤਿ ਪ੍ਰਭੂ ਵਿਚ ਟਿਕੇ ਰਹਿੰਦੇ ਹਨ ਉਨ੍ਹਾਂ ਨੂੰ ਸਦਾ ਥਿਰ ਪ੍ਰਭੂ ਮਿਲ ਪੈਂਦਾ ਹੈ:-

1. ਜਰਾ ਪੋਹਿ ਨ ਸਕਈ ਸਚਿ ਰਹੈ ਲਿਵ ਲਾਇ॥[481]
2. ਤਿਥੈ ਸਚਾ ਸਚਿ ਨਾਇ ਭਵਜਲ ਤਾਰਣਹਾਰ॥
   ਗੁਰਮੁਖਿ ਲੰਘੇ ਸੇ ਪਾਰਿ ਪਏ ਸਚੇ ਸਿਉ ਲਿਵ ਲਾਇ॥
   ਆਵਾਗਉਣੁ ਨਿਵਾਰਿਆ ਜੋਤੀ ਜੋਤਿ ਮਿਲਾਇ॥
   ਗੁਰਮਤੀ ਸਹਜੁ ਊਪਜੈ ਸਚੇ ਰਹੈ ਸਮਾਇ॥[482]
3. ਮਰਣੁ ਲਿਖਾਇ ਮੰਡਲ ਮਹਿ ਆਏ॥ ਕਿਉ ਰਹੀਐ ਚਲਣਾ ਪਰਥਾਏ।
   ਸਚਾ ਅਮਰੁ ਸਚੇ ਅਮਰਾਪੁਰਿ ਸੋ ਸਚੁ ਮਿਲੈ ਵਡਾਈ ਹੇ॥[483]

ਗੁਰਬਾਣੀ ਵਿਚ ਪਰਮਾਤਮਾ ਲਈ ਵਰਤੇ ਵਾਚਕ ਸ਼ਬਦਾਂ ਵਿਚ 'ਸਤਿਨਾਮ' ਨੂੰ ਸਭ ਤੋਂ ਜ਼ਿਆਦਾ ਮਹੱਤਵ ਪ੍ਰਦਾਨ ਕੀਤਾ ਗਿਆ ਹੈ। ਜੀਭ ਪ੍ਰਭੂ ਦੇ ਉਹ ਨਾਮ ਉਚਾਰਦੀ ਹੈ ਜੋ ਪ੍ਰਭੂ ਦੇ ਨਾਮ ਦੇ ਗੁਣ ਵੇਖ ਵੇਖ ਕੇ ਜੀਵਾਂ ਨੇ ਬਣਾਏ ਹਨ, ਪਰ 'ਸਤਿਨਾਮ' ਉਸਦਾ

ਮੂਲ ਕਦੀਮਾਂ ਦਾ ਨਾਂ ਹੈ:--

ਕਿਰਤਮ ਨਾਮ ਕਥੇ ਤੇਰੇ ਜਿਹਬਾ।।ਸਤਿਨਾਮੁ ਤੇਰਾ ਪਰਾ ਪੂਰਬਲਾ।[484]

ਸਭਨਾਂ ਦਾ ਮਾਲਕ ਉਹ ਪ੍ਰਭੂ ਹੀ ਹੈ ਹੋਰ ਦੂਜਾ ਕੋਈ ਨਹੀਂ :--

ਸਰਬੀ ਸਾਰਾ ਏਕੁ ਹੈ ਦੂਜਾ ਨਾਹੀ ਕੋਇ।।[483]

ਸ੍ਵੈਂਭੰ ਸਰੂਪ ਬ੍ਰਹਮ

ਉਹ ਪਾਰਬ੍ਰਹਮ ਪਰਮਾਤਮਾ ਪ੍ਰਕਾਸ਼ਮਾਨ ਹੈ ਤੇ ਪ੍ਰਕਾਸ਼ ਦਾ ਪੁੰਜ ਹੈ। ਉਸ ਦਾ ਅਸਤਿੱਤਵ ਸੱਤਿ ਹੈ। ਉਸ ਦਾ ਨਿਵਾਸ ਆਤਮਾ ਵਿਚ ਹੈ ਅਤੇ ਉਹ ਖੁਦ ਪ੍ਰਕਾਸ਼ ਰੂਪ ਹੈ। ਉਹ ਹਰ ਥਾਂ ਮੌਜੂਦ ਹੈ।'ਸੈਭੰ' ਸ਼ਬਦ ਦਾ ਅਰਥ ਹੀ ਆਪਣੇ ਆਪ ਪੈਦਾ ਹੋਣ ਵਾਲਾ, ਆਪਣਾ ਰੂਪ ਆਪ ਧਾਰਣ ਕਰਨ ਵਾਲਾ ਹੈ। ਉਪਨਿਸ਼ਦਾਂ ਵਿਚ ਵੀ ਪਰਮਤੱਤ ਨੂੰ 'ਸਵਯੰਭੂ' ਕਿਹਾ ਗਿਆ ਹੈ। ਗੁਰੂ ਰਵਿਦਾਸ ਜੀ ਇਸ ਸ਼ਬਦ ਦਾ ਪ੍ਰਯੋਗ ਕਰਦੇ ਹਨ। ਉਨ੍ਹਾਂ ਦਾ ਬ੍ਰਹਮ ਉਪਮਾ ਤੋਂ ਰਹਿਤ, ਅਨਿਰਵਰਨੀਯ, ਅਕੱਥਨੀਯ ਹੈ। ਉਸ ਵਰਗਾ ਹੋਰ ਕੋਈ ਨਹੀਂ ਹੈ। ਉਹ ਧਰਮ-ਅਧਰਮ,ਜੰਮਣ-ਮਰਨ, ਮੋਖ ਜਾਂ ਬੰਧਨ ਵਿਚ ਨਹੀਂ ਪੈਂਦਾ। ਉਹ ਖੰਡ, ਬ੍ਰਹਮੰਡ ਦਾ ਮਾਲਕ ਹੈ।ਉਹ ਤੇਜ ਪ੍ਰਤਾਪ ਵਾਲਾ ਹੈ। ਉਹ ਸਰਗੁਣ, ਨਿਰਗੁਣ, ਨਿਰਾਮਯੀ, ਨਿਰਵਿਕਾਰ, ਅੰਜਨ, ਨਿਰੰਜਨ ਅਤੇ ਅਪ੍ਰਮੇਵੇਂ ਹੈ।

1 ਖੰਡ ਬ੍ਰਹਮਾਂਡ ਲੋਕ ਸਬ ਜੀਤੇ, ਇਹਿ ਬਿਧਿ ਤੇਜ ਜਨਾਵੈ।
ਸਯੰਭੂ ਕੇ ਚਿਤ ਚੋਰਿ ਲਿਯੋ ਹੈ, ਵਾਕੈ ਪਾਛੈ ਲਾਗਾ ਧਾਵੈ।।[486]

2. ਤੂੰ ਸਗੁਣ ਨਿਗੁਣ ਨਿਰਾਮਯੀ, ਨਿਬਿਕਾਰ।
ਹਰਿ ਅੰਜਨ ਨਿਰੰਜਨ ਬਿਮਲ ਅਪ੍ਰਮੇਵੈਂ।।[487]

ਗੁਰੂ ਰਵਿਦਾਸ ਦਾ ਬ੍ਰਹਮ ਅਜਰ, ਅਮਰ, ਅਡੋਲ, ਅਭੇਖ,ਨਿਰਗੁਣ ਰਹਿਤ, ਰੂਪ ਰੇਖ ਤੋਂ ਸੱਖਣਾ, ਤੇਜ ਅਮਿਤ ਅਤੇ ਸਤ ਚਿਤ ਅਨੰਦ ਹੈ। ਉਹ ਅਨੂਪ,ਅਜਨਮਾ, ਸਰਬਗਯਾ, ਅਨੰਤ, ਅਭੇਦ ਹੈ।ਉਹ ਸਵੈ ਪ੍ਰਕਾਸ਼ਿਤ ਹੈ:--

1. ਅਜਰ ਅਮਰ ਅਡੋਲ ਅਭੇਖ, ਨਿਰਗੁਨ ਰਹਿਤ ਰੂਪ ਨਹਿੰ ਰੇਖਾ।
ਚੇਤਨ ਸਤ ਚਿਤ ਘਨ ਅਨੰਦਾ, ਨਿਰਵਿਕਾਰ ਤੇਜ ਅਮਿਤ ਅਭੇਦਾ।
ਅਨੂਪ ਅਜਨਮਾ ਸਰਬਗਯ ਅਨੰਤਾ,ਅਭੇਦ ਅਦੈਖ ਅਵਿਗਤ ਸੁਛੰਦਾ।।[488]

2. ਹੈ ਸਭ ਆਤਮ ਸ੍ਵੈਂਭ ਪ੍ਰਕਾਸ਼ ਸਾਚੋਂ। ਨਿਰੰਤਰ ਨਿਰਾਹਾਰ ਕਲਪਤ ਏ ਪਾਚੋਂ।।[489]

ਗੁਰੂ ਨਾਨਕ ਨੇ ਵੀ ਪਰਮਾਤਮਾ ਨੂੰ 'ਸੈਭੰ' ਮੰਨਿਆ ਹੈ। ਗੁਰੂਬਾਣੀ ਵਿਚ ਬ੍ਰਹਮ ਲਈ ਵਰਤੇ ਇਸ ਵਾਚਕ ਸ਼ਬਦ ਦੀ ਬਹੁਤ ਥਾਈਂ ਪੁਸ਼ਟੀ ਹੁੰਦੀ ਹੈ। ਬ੍ਰਹਮ ਯੋਗੀਆਂ ਦਾ ਸਨਮਾਨਿਤ ਪ੍ਰਕਾਸ਼ ਹੈ। ਜਿਥੇ ਬ੍ਰਹਮਾ, ਵਿਸ਼ਨੂੰ, ਰੁਦ੍ਰ, ਇੰਦ੍ਰ ਆਦਿ ਨਹੀਂ ਲੱਭਦੇ, ਜਿਥੇ ਧਰਤੀ, ਜਲ, ਅਗਨੀ, ਆਕਾਸ਼, ਸਮਾਂ, ਦਿਸ਼ਾਵਾਂ ਦਾ ਕੋਈ ਅਸਤਿੱਤਵ ਨਹੀਂ, ਜਿਥੇ ਵੇਦ, ਚੰਦ ਸੂਰਜ, ਰੈਨ, ਨਿਯਮ, ਆਵਾਗਮਨ ਦੇ ਗੇੜ ਅਨੁਪਸਥਿਤ ਹਨ, ਉਥੇ ਉਹ ਪਰਮ ਸਤਿ ਕੇਵਲ ਸੈਭੰ ਰੂਪ ਵਿਚ ਆਪ ਹੀ ਪ੍ਰਕਾਸ਼ਮਾਨ ਹੋਇਆ ਹੁੰਦਾ ਹੈ।[490] ਗੁਰਬਾਣੀ ਵਿਚ ਬ੍ਰਹਮ ਦੇ ਇਸੇ ਪ੍ਰਕਾਰ ਦੇ ਸੁੰਨ ਸਮਾਧ ਰੂਪ ਦੀ ਕਲਪਣਾ ਗੁਰੂ ਨਾਨਕ ਦੇਵ ਜੀ ਨੇ ਕੀਤੀ ਹੈ:–

ਅਰਬਦ ਨਰਬਦ ਧੁੰਧੂਕਾਰਾ।। ਧਰਣਿ ਨ ਗਗਨਾ ਹੁਕਮੁ ਅਪਾਰਾ।।
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ।।[491]

ਉਹ ਸੈਭੰ ਸਰੂਪ ਨਿਰਗੁਣ ਬ੍ਰਹਮ ਅਭੇਦ, ਅਜੀਤ, ਅਗੋਚਰ, ਅਦਿੱਖ, ਜਨਮ ਰਹਿਤ ਅਤੇ ਲੇਖੇ ਜੋਖੇ ਤੋਂ ਪਰੇ ਹੈ। ਉਹ ਜਾਤਾਂ ਤੋਂ ਪਰੇ, ਅਜੂਨੀ, ਰੂਪ-ਰੇਖ ਅਤੇ ਨਸਲਾਂ ਤੋਂ ਪਰੇ 'ਸੈਭੰ' ਸਰੂਪ ਹੈ। ਉਹ ਸੱਚ ਸ਼ਬਦ ਦੇ ਰਾਹੀਂ ਹੀ ਮੂਰਤੀਮਾਨ ਹੁੰਦਾ ਹੈ:–

ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲੁ ਨ ਕਰਮਾ।
ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ।
ਸਾਚੇ ਸਚਿਆਰ ਵਿਟਹੁ ਕੁਰਬਾਣੁ।।
ਨਾ ਤਿਸੁ ਰੂਪ ਵਰਨੁ ਨਹੀ ਰੇਖਿਆ ਸਾਚੈ ਸਬਦਿ ਨੀਸਾਣੁ।[492]

ਉਹ ਪਰਮਸਤਾ ਆਪਣੇ ਵਰਗੀ ਆਪ ਹੈ। ਉਸ ਦੀ ਨਾ ਤਾਂ ਸਥਾਪਨਾ ਅਤੇ ਨਾ ਹੀ ਸਿਰਜਨਾ ਕੀਤੀ ਜਾ ਸਕਦੀ ਹੈ। ਉਸ ਪ੍ਰਭੂ ਨੇ ਪਹਿਲਾਂ ਆਪਣਾ ਆਪਾ ਬਣਾਇਆ ਅਤੇ ਉਸ ਨੂੰ ਨਾਮ ਪ੍ਰਦਾਨ ਕੀਤਾ। ਫਿਰ ਉਸ ਨੇ ਪ੍ਰਕ੍ਰਿਤੀ ਦੀ ਰਚਨਾ ਕੀਤੀ ਤੇ ਉਸ ਵਿਚ ਖੁਦ ਬਿਰਾਜਮਾਨ ਹੋਕੇ ਉਹ ਆਪਣੀ ਰਚਨਾ ਨੂੰ ਆਨੰਦ ਪੂਰਬਕ ਵੇਖ ਰਿਹਾ ਹੈ:–

1. ਥਾਪਿਆ ਨ ਜਾਇ ਕੀਤਾ ਨ ਹੋਇ।। ਆਪੇ ਆਪਿ ਨਿਰੰਜਨੁ ਸੋਇ।।[493]

2. ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ।
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ।।[494]

ਉਹ ਪਰਮਾਤਮਾ ਸਦਾ ਥਿਰ ਅਤੇ ਜੀਵਾਂ ਦੀ ਪਾਲਣਾ ਕਰਨ ਵਾਲਾ ਹੈ। ਉਸ ਨੇ ਆਪ ਹੀ ਆਪਣੇ ਆਪ ਨੂੰ ਜਗਤ ਦੇ ਰੂਪ ਵਿਚ ਪਰਗਟ ਕੀਤਾ ਹੋਇਆ ਹੈ:-

ਸਚੁ ਸਿਰੰਦਾ ਸਚਾ ਜਾਣੀਐ ਸਚੜਾ ਪਰਵਦਗਾਰੋ।।
ਜਿਨਿ ਆਪੀਨੈ ਆਪੁ ਸਾਜਿਆ ਸਚੜਾ ਅਲਖ ਅਪਾਰੋ।।[991]

ਗੁਰੂ ਨਾਨਕ ਦਾ ਵਿਚਾਰ ਹੈ ਕਿ ਪਰਮਾਤਮਾ ਨੇ ਆਪਣੇ ਆਪ ਹੀ ਆਪਣੀ ਸਿਰਜਨਾ ਕੀਤੀ ਹੈ ਅਤੇ ਇਹ ਜਗਤ ਉਸਦੀ ਖੇਡ ਹੈ। ਉਦੋਂ ਨਾ ਪ੍ਰਿਥਵੀ ਸੀ ਨਾ ਆਕਾਸ਼, ਨਾ ਚੰਨ, ਨਾ ਸੂਰਜ, ਨਾ ਦਿਨ, ਨਾ ਰੈਣ, ਨਾ ਪਉਣ, ਨ ਪਾਣੀ। ਬਸ ਉਹ ਕੇਵਲ ਅਕਾਲ ਹੀ ਅਕਾਲ ਸੀ। ਉਹ ਅਲਖ ਅਗੋਚਰ ਆਪਣੇ ਆਪ ਨੂੰ ਹੀ ਪ੍ਰਗਟ ਕਰ ਰਿਹਾ ਸੀ:-

1. ਤੁਧੁ ਆਪੇ ਆਪੁ ਉਪਾਇਆ। ਦੂਜਾ ਖੇਲੁ ਕਰਿ ਦਿਖਲਾਇਆ।।[496]

2. ਆਪਣਾ ਆਪੁ ਉਪਾਇਓਨੁ ਤਦਹੁ ਹੋਰੁ ਨ ਕੋਈ।
ਮਤਾ ਮਸੂਰਤਿ ਆਪਿ ਕਰੇ ਜੋ ਕਰੇ ਸੁ ਹੋਈ।।
ਤਦਹੁ ਆਕਾਸੁ ਨ ਪਾਤਾਲੁ ਹੈ ਨਾ ਤ੍ਰੈ ਲੋਈ।।
ਤਦਹੁ ਆਪੇ ਆਪਿ ਨਿਰੰਕਾਰੁ ਹੈ ਨਾ ਓਪਤਿ ਹੋਈ।
ਜਿਉ ਤਿਸੁ ਭਾਵੈ ਤਿਵੈ ਕਰੇ ਤਿਸੁ ਬਿਨੁ ਅਵਰੁ ਨ ਕੋਈ।।[497]

ਪਰਮਾਤਮਾ ਨੇ ਆਪਣੇ ਆਪ ਨੂੰ ਉਤਪੰਨ ਕਰਕੇ ਇਸ ਰਹੱਸ ਨੂੰ ਪਹਿਚਾਨਣ ਦੀ ਸ਼ਕਤੀ ਵੀ ਆਪਣੇ ਕੋਲ ਹੀ ਰੱਖੀ ਹੈ। ਉਹ ਆਪਣੇ ਆਪ ਨੂੰ ਆਪ ਹੀ ਸ੍ਰਿਸ਼ਟੀ ਦੇ ਰੂਪ ਵਿਚ ਪਰਗਟ ਕਰਕੇ ਖੁਸ਼ ਹੋ ਰਿਹਾ ਹੈ:-

1. ਆਪੇ ਕਰਤਾ ਪੁਰਖੁ ਬਿਧਾਤਾ।। ਜਿਨਿ ਆਪੇ ਆਪਿ ਉਪਾਇ ਪਛਾਤਾ।[498]
2. ਆਪੇ ਆਪੁ ਉਪਾਇ ਪਤੀਣਾ।।[499]

ਗੁਰੂ ਨਾਨਕ ਨੇ 'ਸੈਭੰ ਸਰੂਪ' ਪਰਮਾਤਮਾ ਲਈ ਹੋਰ ਵੀ ਕਈ ਥਾਈਂ 'ਸੈਭਉ' ਸ਼ਬਦ ਦੀ ਵਰਤੋਂ ਕੀਤੀ ਹੈ। ਉਹ ਅਲੇਖ, ਨਿਰਲੇਪ ਅਤੇ ਜੂਨਾਂ ਤੋਂ ਰਹਿਤ ਪਰਮਾਤਮਾ ਆਪਣੇ

ਆਪ ਤੋਂ ਹੀ ਪਰਗਟ ਹੋਣ ਦੀ ਤਾਕਤ ਰੱਖਦਾ ਹੈ, ਪਰ ਗੁਰੂ ਦੀ ਮੱਤ ਤੇ ਤੁਰਿਆਂ ਹੀ ਅਜਿਹਾ ਪਰਮਾਤਮਾ ਲੱਭਦਾ ਹੈ। ਉਹ ਅਦ੍ਰਿਸ਼, ਬੇਅੰਤ, ਅਪਹੁੰਚ, ਕਾਲ ਰਹਿਤ ਹੈ। ਕਰਮਾਂ ਦਾ ਵੀ ਉਸ ਉੱਤੇ ਕੋਈ ਅਸਰ ਨਹੀਂ। ਉਸਦੀ ਕੋਈ ਜਾਤ ਨਹੀਂ ਨਾ ਉਸ ਨੂੰ ਕੋਈ ਮੋਹ ਵਿਆਪਦਾ ਹੈ, ਨਾ ਉਸਨੂੰ ਕੋਈ ਭਟਕਣਾ ਹੈ। ਉਸ ਤਾਂ ਸ੍ਵੈ-ਪ੍ਰਕਾਸ਼ਿਤ ਹੈ:-

1. ਨਿਰਭਉ ਸੋ ਸਿਰਿ ਨਾਹੀ ਲੇਖਾ॥ ਆਪਿ ਅਲੇਖੁ ਕੁਦਰਤਿ ਹੈ ਦੇਖਾ॥
   ਆਪਿ ਅਤੀਤੁ ਅਜੋਨੀ ਸੰਭਉ ਨਾਨਕ ਗੁਰਮਤਿ ਸੋ ਪਾਇਆ॥[500]
2. ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲੁ ਨ ਕਰਮਾ॥
   ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ॥[501]

ਇਸ ਤੋਂ ਬਿਨਾ ਹੋਰ ਵੀ ਕਈ ਥਾਵਾਂ ਤੇ ਪ੍ਰਭੂ ਲਈ 'ਸੰਭਉ' ਸ਼ਬਦ ਦਾ ਪ੍ਰਯੋਗ ਹੋਇਆ ਹੈ। ਬ੍ਰਹਮ ਸਰੂਪ ਹੋਏ ਗੁਰੂ ਅਮਰਦਾਸ ਜੀ ਵੀ ਜੂਨਾਂ ਤੋਂ ਰਹਿਤ ਤੇ ਸੁਤੇ ਪ੍ਰਕਾਸ਼ ਹਰੀ ਦਾ ਰੂਪ ਹਨ। ਜਿਨ੍ਹਾਂ ਨੇ ਸੰਸਾਰ ਨੂੰ ਸਤਿਗੁਰੂ ਦੇ ਬਚਨਾਂ ਨਾਲ ਤਾਰ ਦਿੱਤਾ। ਇਹ ਪ੍ਰਭੂ ਭਗਤ ਦਾ ਪ੍ਰਭੂ ਨਾਲ ਅਭੇਦਤਾ ਦਾ ਹੀ ਸਿੱਟਾ ਹੈ:-

1. ਅਮੋਘ ਦਰਸਨ ਆਜੂਨੀ ਸੰਭਉ॥[502]
2. ਆਜੋਨੀ ਸੰਭਵਿਅਉ ਜਗਤੁ ਗੁਰ ਬਚਨਿ ਤਰਾਯਉ॥[503]

ਉਹ ਅਕਾਲ ਪੁਰਖ ਤਿੰਨਾਂ ਭਵਨਾਂ ਵਿਚ ਵਿਆਪਕ ਹੈ। ਆਪਣੇ ਵਰਗਾ ਕੋਈ ਜੀਵ ਉਸਨੇ ਪੈਦਾ ਨਹੀਂ ਕੀਤਾ। ਆਪਣਾ ਆਪ ਵੀ ਆਪ ਹੀ ਪੈਦਾ ਕੀਤਾ ਹੈ। ਦੇਵਤੇ, ਦੈਂਤ ਕੋਈ ਵੀ ਉਸਦਾ ਅੰਤ ਨਹੀਂ ਪਾ ਸਕਿਆ। ਕਿਉਂਕਿ ਉਹ ਤਾਂ ਅਬਿਨਾਸ਼ੀ ਹੈ, ਅਡੋਲ ਹੈ, ਜੂਨਾਂ ਤੋਂ ਰਹਿਤ ਹੈ। ਆਪਣੇ ਆਪ ਤੋਂ ਹੈ। ਉਤਮ ਪੁਰਖ ਤੇ ਬਹੁਤ ਬੇਅੰਤ ਹੈ:-

ਤੀਨਿ ਭਵਨ ਭਰਪੂਰਿ ਰਹਿਓ ਸੋਈ, ਅਪਨ ਸਰਸੁ ਕੀਅਉ ਨ ਜਗਤ ਕੋਈ॥
ਆਪੁਨ ਆਪੁ ਆਪ ਹੀ ਉਪਾਯਉ॥ ਸੁਰ ਨਰ ਅਸੁਰ ਅੰਤੁ ਨਹੀਂ ਪਾਯਉ॥
ਪਾਯਉ ਨਹੀ ਅੰਤੁ, ਸੁਰੇ ਅਸੁਰਹ ਨਰ, ਗਣ ਗੰਧ੍ਰਬ ਖੋਜੰਤ ਫਿਰੇ।
ਅਬਿਨਾਸੀ ਅਚਲੁ ਅਜੋਨੀ ਸੰਭਉ, ਪੁਰਖੋਤਮੁ ਅਪਾਰ ਪਰੇ।[504]

ਗੁਰੂ ਅਰਜਨ ਦੇਵ ਜੀ ਪਰਮਾਤਮਾ ਦੀ ਅਸਚਰਜ ਖੇਡ ਵੇਖਕੇ ਪ੍ਰਸੰਨ ਹੁੰਦੇ ਹਨ। ਜਿਸ ਨੇ ਉਨ੍ਹਾਂ ਨੂੰ ਸੰਤੋਖ ਤੇ ਨਿਰਮਲ ਬੁੱਧੀ ਬਖਸ਼ੀ। ਇਹਾਂ ਸੁੰਦਰ ਪ੍ਰਮਾਣ ਤੇ ਦ੍ਰਿੜਤਾ ਹੈ

ਕਿ ਗੁਰੂ ਅਰਜਨ ਦੇਵ ਜੀ ਨੂੰ ਆਪਣੇ ਗੁਰੂ ਤੇ ਪਿਤਾ ਜੂਨਾਂ ਤੋਂ ਰਹਿਤ ਤੇ ਸੁਤੇ-ਪ੍ਰਕਾਸ਼ ਹਰੀ ਦਾ ਰੂਪ ਹੀ ਜਾਪਦੇ ਹਨ। ਸਪਸ਼ਟ ਹੈ ਕਿ ਪ੍ਰਭੂ ਭਗਤ ਪ੍ਰਭੂ ਦਾ ਰੂਪ ਹੋ ਨਿਬੜਦਾ ਹੈ। ਭੇਦ ਮਿਟ ਜਾਂਦਾ ਹੈ ਤੇ ਉਸੇ ਵਿਚ ਸਮਾ ਜਾਂਦਾ ਹੈ। ਜੋ ਸਦਾ-ਜੀਵੀ, ਅਮੁੱਲ ਭੈ-ਦੂਰ ਕਰਨ ਵਾਲਾ, ਪਰਾਏ ਦੁੱਖ ਹਰਨ ਵਾਲਾ, ਬੇਅੰਤ ਤੇ ਗਿਆਨ ਸਰੂਪ ਹੈ। ਅਪਹੁੰਚ ਹੈ, ਭਟਕਣਾ ਦੂਰ ਕਰਨ ਵਾਲਾ, ਸੀਤਲ ਤੇ ਸੁਖ ਦੇਣ ਵਾਲਾ, ਅਜਨਮਾ, ਪੂਰਨ ਪੁਰਖ ਤੇ ਸਿਰਜਣਹਾਰ ਹੈ:-

ਖੇਲੁ ਗੂੜਉ ਕੀਅਉ ਹਰਿ ਰਾਇ, ਸੰਤੋਖਿ ਸਮਾਚਰਿਉ।
ਬਿਮਲ ਬੁਧਿ ਸਤਿਗੁਰਿ ਸਮਾਣਉ॥
ਆਜੋਨੀ ਸੰਭਵਿਅਉ, ਸੁਜਸੁ ਕਲ੍ਯ ਕਵੀਅਣਿ ਬਖਾਣਿਅਉ।

- - - - - - - - - - - - - - - - - - - -

ਸਦ ਜੀਵਣੁ ਅਰਜੁਨ ਅਮੋਲੁ ਆਜੋਨੀ ਸੰਭਉ॥
ਭਯ ਭੰਜਨੁ ਪਰ ਦੁਖ ਨਿਵਾਰੁ ਅਪਾਰੁ ਅਨੰਭਉ॥
ਅਗਹ ਗਹਣੁ, ਭ੍ਰਮੁ ਭ੍ਰਾਂਤਿ ਦਹਣੁ, ਸੀਤਲੁ ਸੁਖ ਦਾਤਉ॥
ਆਸੰਭਉ ਉਦਵਿਅਉ ਪੁਰਖੁ ਪੂਰਨ ਬਿਧਾਤਉ॥[505]

ਆਪਣੇ ਆਪ ਤੋਂ ਪੈਦਾ ਹੋਏ ਪ੍ਰਭੂ ਨੂੰ ਸਿਮਰ ਸਿਮਰ ਕੇ ਮਨ ਸ਼ਾਂਤ ਹੋ ਜਾਂਦਾ ਹੈ। ਉਹ ਪ੍ਰਭੂ ਗੁਰੂ ਦੀ ਰਾਹੀਂ ਜਗਤ ਦੇ ਮਾਇਆ ਮੋਹ ਦੇ ਹਨੇਰੇ ਨੂੰ ਦੂਰ ਕਰਕੇ ਆਤਮਕ ਜੀਵਨ ਦਾ ਦਾਨ ਕਰਦਾ ਹੈ। ਉਹ ਤਾਂ ਨਿਰਵੈਰ ਹੈ ਅਤੇ ਸਰਬ ਵਿਆਪਕ ਹੈ:-

1. ਅਕਾਲ ਮੂਰਤਿ ਅਜੂਨੀ ਸੰਭੌ ਮਨ ਸਿਮਰਤ ਠੰਢਾ ਥੀਵਾਂ ਜੀਉ॥[506]
2. ਅਕਾਲ ਮੂਰਤਿ ਅਜੂਨੀ ਸੰਭਉ ਕਰਿ ਅੰਧਕਾਰ ਦੀਪਾਈ॥[507]
3. ਨਿਰਵੈਰ ਅਕਾਲ ਮੂਰਤਿ॥ ਆਜੂਨੀ ਸੰਭਉ॥[508]
4. ਪਾਰਬ੍ਰਹਮ ਆਜੋਨੀ ਸੰਭਉ ਸਰਬ ਥਾਨ ਘਟ ਬੀਨਾ॥[509]

## ਵਿਅਕਤ ਸਗੁਣ ਸਰੂਪ

ਗੁਰੂ ਰਵਿਦਾਸ ਨੇ ਬ੍ਰਹਮ ਨੂੰ ਸਗੁਣ ਅਤੇ ਨਿਰਗੁਣ ਦੋਹਾਂ ਰੂਪਾਂ ਵਿਚ ਪ੍ਰਗਟਾਇਆ ਹੈ। ਗੁਰੂ ਰਵਿਦਾਸ ਦੇ ਮਨ ਨੂੰ ਕਿਤੇ ਪ੍ਰਭੂ ਦੇ ਵਿਵਹਾਰਿਕ ਸਗੁਣ ਰੂਪ ਨੇ ਮੋਹਿਆ ਅਤੇ ਕਿਤੇ ਬਾਹਰੀ ਆਡੰਬਰਾਂ ਵਿਚ ਭਟਕਦਿਆਂ ਨੂੰ ਵੇਖ ਨਿਰਗੁਣ ਰੂਪ ਆਪਣੇ ਵਲ ਖਿੱਚਦਾ ਹੈ। ਗੁਰੂ ਰਵਿਦਾਸ ਦੇ ਬ੍ਰਹਮ ਦਾ ਸਰੂਪ ਭਾਵਨਾਮਈ ਹੈ, ਜਿਸ ਰੂਪ ਵਿਚ ਭਗਤ ਯਾਦ ਕਰਦਾ ਹੈ

ਉਹ ਉਸੇ ਰੂਪ ਵਿਚ ਹਾਜ਼ਰ ਹੋ ਜਾਂਦਾ ਹੈ। ਉਹ ਸਗੁਣ ਵੀ ਬਣ ਜਾਂਦਾ ਹੈ ਅਤੇ ਭਗਤਾਂ ਦੀ ਰੱਖਿਆ ਲਈ ਨਿਰਗੁਣ ਰੂਪ ਵੀ ਧਾਰਨ ਕਰ ਲੈਂਦਾ ਹੈ। ਗੁਰੂ ਰਵਿਦਾਸ ਨੇ ਪ੍ਰਚਲਿਤ ਬ੍ਰਹਮ ਦੇ ਸਰੂਪਾਂ ਵਿਚੋਂ ਬਾਹਰੀ ਕਰਮਕਾਂਡਾਂ ਅਤੇ ਮੂਰਤੀ ਪੂਜਾ ਦਾ ਖੰਡਨ ਕਰਕੇ ਉਸ ਵਿਚੋਂ ਹੀ ਨਿਰਗੁਣ ਦੀ ਪ੍ਰਾਪਤੀ ਕੀਤੀ ਹੈ। ਗੁਰੂ ਜੀ ਨੇ ਉਸ ਨਿਰਗੁਣ ਵਿਚੋਂ ਹੀ ਸਗੁਣ ਦੀ ਪ੍ਰਾਪਤੀ ਕੀਤੀ:—

1. ਸਗੁਣ ਨਿਰਗੁਣ ਨਿਰਾਮਈ ਨਿਰਬਿਕਾਰ।
   ਹਰਿ ਅਜਿਤ ਨਿਰੰਜਨ ਬਿਮਲ ਅਪ੍ਰਮੇਵੀਂ।।[510]
2. ਸੋਈ ਬਸਿ ਰਸਿ ਮਨ ਮਿਲੇ, ਗੁਨ ਨਿਰਗੁਨ ਏਕ ਬਿਚਾਰ।।[511]
3. ਨਿਰਗੁਨ ਕੋ ਗੁਨ ਦੇਖੋ ਆਈ, ਦੇਹੀ ਸਹਿਤ ਕਬੀਰ ਸਿਧਾਈ।।[512]

ਉਹ ਬ੍ਰਹਮ ਰੂਪ ਰੇਖ ਤੋਂ ਨਿਆਰਾ ਅਜਰ, ਅਮਰ, ਅਡੋਲ ਤੇ ਅਭੇਖ ਹੈ। ਇਹ ਸੰਸਾਰ ਰੂਪੀ ਸਮੁੰਦਰ ਬੜੀ ਔਖੀ ਘਾਟੀ ਹੈ।ਇਹ ਘਣਾ ਜੰਗਲ ਹੈ। ਗੁਰੂ ਰਵਿਦਾਸ ਜੀ ਉਸ ਨਿਰਗੁਣ ਬ੍ਰਹਮ ਅੱਗੇ ਬੇਨਤੀ ਕਰਦੇ ਹਨ ਕਿ ਮੇਰੀ ਨਾਮ ਰੂਪੀ ਪੂੰਜੀ ਨੂੰ ਤੂੰ ਹੀ ਬਚਾ ਸਕਦਾ ਹੈ:

1. ਅਜਰ, ਅਮਰ, ਅਡੋਲ, ਅਭੇਖ,ਨਿਰਗੁਨ ਰਹਿਤ ਰੂਪ ਨਹਿ ਰੇਖਾ।।[513]
2. ਔਘਟ ਘਾਟ ਘਣੋਂ ਘਣਾ ਰੇ, ਨਿਰਗੁਣ ਬੈਲ ਹਮਾਰਾ।
   ਰਾਮ ਨਾਮ ਹਮ ਲਾਦਿਓ, ਤਾਥੈਂ ਬਿਖ ਲਾਦਯੋ ਸੰਸਾਰ ਰੇ।।[514]
3. ਘਟ ਅਵਘਟ ਡੂਗਰ ਘਣਾ ਇਕ ਨਿਰਗੁਣ ਬੈਲੁ ਹਮਾਰੁ।
   ਰਮਈਏ ਸਿਉ ਇਕ ਬੇਨਤੀ ਮੇਰੀ ਪੂੰਜੀ ਰਾਖੁ ਮੁਰਾਰਿ।।[515]

ਗੁਰੂ ਰਵਿਦਾਸ ਜੀ ਉਸ ਨਿਰਗੁਣ ਬ੍ਰਹਮ ਦਾ ਜ਼ਿਕਰ ਕਰਦੇ ਦੱਸਦੇ ਹਨ ਕਿ ਉਹ ਨਿਹਚਲ, ਨਿਰਆਕਾਰ, ਭੈ ਰਹਿਤ, ਅਨੂਪਮ, ਅਗਮ, ਅਗੋਚਰ ਹੈ, ਪਰ ਫਿਰ ਵੀ ਆਨੰਦ ਦਾਇਕ ਹੈ। ਜਦੋਂ ਸਾਧਕ ਉਸ ਨਿਰਗੁਣ ਤੇ ਸਗੁਣ ਬ੍ਰਹਮ ਨੂੰ ਸਮਾਨ ਸਮਝਦਾ ਹੈ ਤਾਂ ਉਸ ਨੂੰ ਚਾਰੇ ਪਾਸੇ ਉਸੇ ਦੇ ਦਰਸ਼ਨ ਹੁੰਦੇ ਹਨ। ਤੇ ਫਿਰ ਸਾਧਕ ਉਸ ਸਤਿ ਸਰੂਪ ਬ੍ਰਹਮ ਤੋਂ ਬਿਨਾ ਕਿਸੇ ਹੋਰ ਨੂੰ ਕੰਨ ਵੀ ਨਹੀਂ ਧਰਦਾ:—

1. ਨਿਹਚਲ ਨਿਰੰਕਾਰ ਅਜ ਅਨੂਪਮ, ਨਿਰਭੈ ਮਤਿ ਗੋਬਿੰਦਾ।
   ਅਗਮ ਅਗੋਚਰ ਅਛਰ ਅਤਰਕ, ਨਿਰਗੁਨ ਅਤਿ ਆਨੰਦਾ।।[516]
2. ਅਗੁਨ ਸਗੁਨ ਦੋ ਸਮਕਰਿ ਜਾਨਯੋ। ਚਹੁੰ ਦਿਸ ਦਰਸਨ ਤੇਰਾ।।[517]

3. ਸਕਤਿ ਸੰਤਿ ਕਰਤ ਹੈ ਭ੍ਰਾਮੀ। ਸੰਤਿ ਕਾ ਸ਼ਬਦ ਪਿਛਾਨੂੰ।
ਨ੍ਰਿਗੁਨ ਸਗੁਨ ਏਕ ਹੀ ਕਹੀਏ, ਦੂਜੋ ਨ ਧਰੀਏ ਕਾਨੂੰ।।[518]

ਉਹ ਪਰਮਾਤਮਾ ਦ੍ਰਿਸ਼ਟ ਵੀ ਹੈ, ਅਦ੍ਰਿਸ਼ਟ ਵੀ ਹੈ। ਗਿਆਨ ਵੀ ਹੈ ਅਤੇ ਗਿਆਤਾ ਵੀ। ਉਹ ਸਭ ਥਾਂ ਇਕਮਿਕ ਹੈ। ਦੁਰਮਤ ਦਾ ਤਿਆਗ ਕਰਕੇ ਜਦੋਂ ਸਾਧਕ ਆਪਣੀ ਸੁਰਤੀ ਉਸ ਬ੍ਰਹਮ ਨਾਲ ਜੋੜਦਾ ਹੈ ਤਾਂ ਉਸ ਸਗੁਣ ਨਿਰਗੁਣ ਬ੍ਰਹਮ ਦੀ ਸ਼ਰਨ ਵਿਚ ਜਾ ਪੈਂਦਾ ਹੈ। ਤ੍ਰਿਵੇਦਾਂ ਦੇ ਗਿਆਨ ਅਨੁਸਾਰ ਵੀ ਫਿਰ ਰਾਮ ਦਾ ਜਾਪ ਕਰਨ ਨਾਲ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ:-

1. ਦ੍ਰਿਸ਼ਟਿ ਅਦ੍ਰਿਸ਼ਟਿ ਗੇਯ ਅਰ ਗ੍ਯਾਤਾ। ਏਕ ਮੇਕ ਹੈ ਰਵਿਦਾਸਾ।।[519]
2. ਕਲਿਮਲ ਹਰਣ ਸੁਰਸੁਰੀ ਸਮਜੋਇ, ਸਗੁਨ ਨਿਗੁਨ ਸਰਨਾਗਤ ਸੋਇ।
ਰਾਮ ਜਪਤ ਮੁਕਤ ਭਏ ਆਪ ਸਾਰੀ, ਕਹਈ ਗਯਾਨ ਤ੍ਰਿਵੇਦ ਵਿਚਾਰੀ।।[520]

ਗੁਰੂ ਨਾਨਕ ਨੇ ਵੀ ਬ੍ਰਹਮ ਨੂੰ ਵਿਅਕਤ ਸਗੁਣ ਰੂਪ ਵਿਚ ਪ੍ਰਗਟ ਕੀਤਾ ਹੈ। ਗੁਰੂ ਨਾਨਕ ਦੀ ਸ਼ਰਧਾ ਜ਼ਿਆਦਾ ਨਿਰਗੁਣ ਬ੍ਰਹਮ ਦੇ ਪ੍ਰਤੀ ਹੀ ਸੀ। ਨਿਰਗੁਣ ਬ੍ਰਹਮ ਮਨਨ ਅਤੇ ਚਿੰਤਨ ਜਾਂ ਅਨੁਭੂਤਿ ਦਾ ਵਿਸ਼ਾ ਤਾਂ ਬਣ ਸਕਦਾ ਹੈ ਪਰ ਭਗਤ ਦੀ ਅਰਾਧਨਾ ਦਾ ਵਿਸ਼ਾ ਨਹੀਂ ਬਣ ਸਕਦਾ। ਸ਼ਰਧਾ ਵੀ ਆਪਣੇ ਤੋਂ ਜ਼ਿਆਦਾ ਗੁਣਵਾਨ, ਬਲਵਾਨ ਅਤੇ ਸਮਰੱਥਾ-ਵਾਨ ਦੇ ਲਈ ਹੀ ਹੋ ਸਕਦੀ ਹੈ। ਇਸ ਲਈ ਭਗਤੀ ਭਾਵਨਾ ਵਾਲੇ ਸੰਤ ਸਾਧਕਾਂ ਦੇ ਲਈ ਅਵਿਅਕਤ ਸਤਾ ਵਿਚ ਅਨੇਕ ਤਰ੍ਹਾਂ ਦੇ ਗੁਣਾਂ ਦਾ ਆਰੋਪ ਕਰਨਾ ਅਤੇ ਉਸਨੂੰ ਵਿਅਕਤ ਸਤਾ ਦੇ ਸਮਾਨ ਕਲਪਿਤ ਕਰਨਾ ਜ਼ਰੂਰੀ ਹੋ ਜਾਂਦਾ ਹੈ।[521] ਬ੍ਰਹਮ ਦਾ ਇਹ ਸਗੁਣ ਰੂਪ ਪ੍ਰਾਚੀਨ ਕਾਲ ਤੋਂ ਹੀ ਚਿਤਰਿਤ ਹੁੰਦਾ ਚਲਿਆ ਆ ਰਿਹਾ ਹੈ। ਜਿਸ ਦੇ ਸਿੱਟੇ ਵਜੋਂ ਬਹੁਦੇਵਵਾਦੀ ਸਿਧਾਂਤਾਂ ਦਾ ਵਿਕਾਸ ਹੋਇਆ ਹੈ। ਸ਼ਰਧਾਲੂਆਂ ਨੇ ਉਸ ਅੱਖਰ ਰੂਪ ਬ੍ਰਹਮ ਵਿਚ ਬਹੁਤ ਸਾਰੇ ਗੁਣਾਂ ਨੂੰ ਲੱਭਿਆ ਅਤੇ ਉਸਨੂੰ ਸਰਬਸ਼ਕਤੀਮਾਨ ਪੇਸ਼ ਕੀਤਾ। ਗੀਤਾ ਵਿਚ ਵਿਅਕਤ ਤੋਂ ਅਵਿਅਕਤ ਦੀ ਭਗਤੀ ਨੂੰ ਕਠਿਨ ਅਤੇ ਦੁਖਦਾਈ ਮੰਨਿਆ ਗਿਆ।[322]

ਗੁਰੂ ਜੀ ਅਨੁਸਾਰ ਪਰਮਾਤਮਾ ਦੇ ਅਨੇਕ ਨਾਮ ਅਤੇ ਅਨੰਤ ਰੂਪ ਹਨ ਉਸਦੇ ਗੁਣ ਵੀ ਅਕੱਥ ਹਨ। ਲੋਕ ਸੁਣ ਸੁਣ ਕੇ ਉਸਦੀ ਸਿਫ਼ਤ ਸਲਾਹ ਕਰਦੇ ਹਨ, ਪ੍ਰਭੂ ਦੇ ਗੁਣਾਂ ਦਾ ਕਥਨ ਕਰਦੇ ਹਨ ਪਰ ਕੋਈ ਵੀ ਉਸਦੇ ਗੁਣਾਂ ਦਾ ਅੰਤ ਨਹੀਂ ਜਾਣਦਾ:-

1. ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ।[523]
2. ਸੁਣਿ ਸੁਣਿ ਆਖੈ ਕੇਤੀ ਬਾਣੀ।। ਸੁਣਿ ਕਹੀਐ ਕੋ ਅੰਤੁ ਨ ਜਾਣੀ।।[524]

ਉਸ ਦੀਆਂ ਸਿਫਤਾਂ ਦਾ ਵੀ ਅੰਤ ਨਹੀਂ ਅਤੇ ਨਾ ਹੀ ਉਨ੍ਹਾਂ ਸਿਫਤਾਂ ਦੇ ਕਥਨ ਕਰਨ ਦਾ ਹੀ ਅੰਤ ਹੈ। ਉਸ ਦੀਆਂ ਸਿਫਤਾਂ ਕਰਨ ਵਾਲਿਆਂ ਦਾ ਵੀ ਅੰਤ ਨਹੀਂ। ਕਿਉਂ ਕਿ ਉਹ ਨਿਰਗੁਣਾਂ ਨੂੰ ਗੁਣਵਾਨ ਕਰਦਾ ਹੈ ਅਤੇ ਗੁਣਵਾਨਾਂ ਨੂੰ ਹੋਰ ਗੁਣ ਦਿੰਦਾ ਹੈ:-

1. ਅੰਤੁ ਨ ਸਿਫਤੀ ਕਹਣਿ ਨ ਅੰਤੁ।।[525]
2. ਕਥਨਾ ਕਥੀ ਨ ਆਵੈ ਤੋਟਿ।।[526]
3. ਨਾਨਕ ਨਿਰਗੁਣਿ ਗੁਣੁ ਕਰੇ, ਗੁਣਵੰਤਿਆ ਗੁਣ ਦੇ।।[527]

ਹਰ ਯੁੱਗ ਵਿੱਚ ਪਰਮਾਤਮਾ ਦੇ ਸੰਤ, ਨੇਕ ਬੰਦੇ ਜੀਭ ਰਸ ਨਾਲ ਉਸਦੇ ਗੁਣ ਗਾਉਂਦੇ ਹਨ। ਪ੍ਰਭੂ ਤੋਂ ਬਿਨਾ ਉਨ੍ਹਾਂ ਨੂੰ ਹੋਰ ਕਿਸੇ ਦੀ ਆਸ ਨਹੀਂ ਹੁੰਦੀ। ਉਹ ਪ੍ਰਭੂ ਦੀ ਸਿਫਤ ਸਲਾਹ ਨਾਲ ਆਪਣੇ ਦੁੱਖ ਦਲਿੱਦਰ ਦੂਰ ਕਰ ਲੈਂਦੇ ਹਨ। ਇਸ ਲਈ ਉਹ ਸੱਚਾ ਮਾਲਕ ਹੈ ਅਤੇ ਸਿਫਤ ਸਲਾਹੁਣ ਯੋਗ ਹੈ। ਜਿਸ ਨੇ ਵੀ ਉਸਦੀ ਸਿਫਤ ਸਲਾਹ ਕੀਤੀ ਹੈ ਉਹ ਸੰਸਾਰ ਸਾਗਰ ਤੋਂ ਪਾਰ ਹੋ ਗਿਆ ਹੈ:-

1. ਜੁਗਿ ਜੁਗਿ ਸੰਤ ਭਲੇ ਪ੍ਰਭ ਤੇਰੇ।। ਹਰਿ ਗੁਣਿ ਗਾਵਹਿ ਰਸਨ ਰਸੇਰੇ।।
   ਉਸਤਤਿ ਕਰਹਿ ਪਰਹਰਿ ਦੁਖੁ ਦਾਲਦੁ ਜਿਨ ਨਾਹੀ ਚਿੰਤ ਪਰਾਈ ਹੇ।।[528]
2. ਤੂੰ ਸਚਾ ਸਾਹਿਬੁ ਸਿਫਤਿ ਸੁਆਲਿਉ, ਜਿਨਿ ਕੀਤੀ ਸੋ ਪਾਰਿ ਪਇਆ।[529]

ਉਸ ਦੀ ਭਗਤੀ ਦੇ ਭੰਡਾਰੇ ਭਰੇ ਪਏ ਹਨ। ਉਸ ਦੇ ਸਾਰੇ ਭਗਤ ਉਸਦੀ ਸਿਫਤ ਸਲਾਹ ਕਰਦੇ ਹਨ। ਉਹ ਹਰੀ ਅਨੇਕ ਰੂਪਾਂ ਵਿਚ ਅੰਤ ਤੋਂ ਬਿਨਾ ਹੈ। ਅਨੇਕਾਂ ਹੀ ਉਸਦੀ ਅਨੇਕ ਤਰ੍ਹਾਂ ਪੂਜਾ ਕਰਦੇ ਹਨ ਅਤੇ ਬੇਅੰਤ ਲੋਕ ਉਸ ਦੀ ਤਪੱਸਿਆ ਕਰਦੇ ਹਨ। ਉਸਦੇ ਅਨੇਕ ਭਗਤ ਅਨੇਕ ਤਰ੍ਹਾਂ ਬਹੁਤ ਸਾਰੀਆਂ ਸਿਮਰਤੀਆਂ ਤੇ ਸ਼ਾਸਤਰ ਪੜ੍ਹਦੇ ਹਨ। ਕਿਰਿਆ ਕਰਮ ਤੇ ਕਰਮਕਾਂਡ ਕਰਦੇ ਹਨ। ਪਰ ਉਹ ਭਗਤ ਹੀ ਚੰਗੇ ਹਨ ਜਿਹੜੇ ਹਰੀ ਭਗਵੰਤ ਨੂੰ ਚੰਗੇ ਲੱਗਦੇ ਹਨ:-

ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ ਭਰੇ ਬਿਅੰਤ ਬੇਅੰਤਾ।।
ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ ਹਰਿ ਅਨਿਕ ਅਨੇਕ ਅਨੰਤਾ।।

ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ ਤਪੁ ਤਾਪਹਿ ਜਪਹਿ ਬੇਅੰਤਾ।।
ਤੇਰੇ ਅਨੇਕ ਤੇਰੇ ਅਨੇਕ ਪੜਹਿ ਬਹੁ ਸਿਮ੍ਰਿਤਿ ਸਾਸਤ ਜੀ,
ਕਰਿ ਕਿਰਿਆ ਖਟੁ ਕਰਮ ਕਰੰਤਾ।।
ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ, ਜੋ ਭਾਵਹਿ ਮੇਰੇ ਹਰਿ ਭਗਵੰਤਾ।।[530]

ਡਾ. ਜੋਧ ਸਿੰਘ ਪਦਾਰਥ ਨੂੰ ਪਰਮਸਤਿ ਨਹੀਂ ਮੰਨਦੇ ਸਗੋਂ ਇਸ ਨੂੰ ਵੀ ਚੇਤਨਾ ਤੇ ਆਧਾਰਿਤ ਮੰਨਦੇ ਹਨ। ਉਨ੍ਹਾਂ ਅਨੁਸਾਰ ਜਦੋਂ ਪਦਾਰਥ(ਮਾਦੇ) ਨੂੰ ਇਸਦੀ ਸੰਪੂਰਨਤਾ ਵਿਚ ਅਤੇ ਚੇਤਨਾ ਦੇ ਸੰਦਰਭ ਵਿਚ ਵੇਖਿਆ ਜਾਂਦਾ ਹੈ ਤਾਂ ਸਾਨੂੰ ਸਗੁਣ ਬ੍ਰਹਮ ਦੀ ਅਵਧਾਰਣਾ ਪ੍ਰਾਪਤ ਹੁੰਦੀ ਹੈ।[531]

ਉਪਨਿਸ਼ਦਾਂ ਅਨੁਸਾਰ ਉਹ ਪਰਮਸਤਿ ਸਗੁਣ ਅਤੇ ਨਿਰਗੁਣ ਦੋਵੇਂ ਹੀ ਹੈ। ਇਸ ਤਰ੍ਹਾਂ ਜਦੋਂ ਭਗਤਾਂ ਦੁਆਰਾ ਇਸ ਸਤਿ ਨੂੰ ਸਤਿ ਸਰੂਪ ਵਿਚ ਸਾਰੇ ਗੁਣਾਂ ਨਾਲ ਸੰਯੁਕਤ ਸ਼ਪਸ਼ਟ ਰੂਪ ਵਿਚ ਵੇਖਣ ਦਾ ਯਤਨ ਕੀਤਾ ਜਾਂਦਾ ਹੈ ਤਾਂ ਇਸ ਨੂੰ ਭਗਵੰਤ(ਸਰਗੁਣ ਬ੍ਰਹਮ) ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ ਪਰਮਾਤਮਾ ਦੇ ਇਹ ਗੁਣ ਮਾਨਵ ਉਚਿਤ ਅਤੇ ਦਿਵਯ ਦੋਹਾਂ ਤਰ੍ਹਾਂ ਦੇ ਹੋ ਸਕਦੇ ਹਨ। ਇਸ ਤਰ੍ਹਾਂ ਦੇ ਵਿਅਕਤ ਅਥਵਾ ਸਗੁਣ ਰੂਪ ਨੂੰ ਬ੍ਰਹਮ ਦਾ ਵਿਵਹਾਰਿਕ ਰੂਪ ਕਿਹਾ ਜਾ ਸਕਦਾ ਹੈ ਕਿਉਂਕਿ ਇਹ ਗੁਰੂ ਨਾਨਕ ਦੀ ਬ੍ਰਹਮ ਸੰਬੰਧੀ ਮੂਲ ਅਨੁਭੂਤਿ ਨਹੀਂ, ਕੇਵਲ ਵਿਵਹਾਰਿਕ ਚਿਤਰਣ ਹੈ। ਜਦ ਵੀ ਗੁਰੂ ਨਾਨਕ ਨੇ ਭਗਤੀ ਭਾਵਨਾ ਦੀ ਅਭਿਵਿਅਕਤੀ ਦੇ ਲਈ ਨਿਰਗੁਣ ਬ੍ਰਹਮ ਵਿਚ ਗੁਣਾਂ ਦਾ ਆਰੋਪ ਕੀਤਾ ਹੈ, ਤਾਂ ਵੀ ਉਨ੍ਹਾਂ ਦਾ ਬ੍ਰਹਮ ਉਸ ਅਰਥ ਵਿਚ ਸਗੁਣ ਨਹੀਂ ਬਣ ਸਕਿਆ ਜਿਹਾ ਕਿ ਅਵਤਾਰ ਵਾਦੀਆਂ ਅਥਵਾ ਮੂਰਤੀਪੂਜਕਾਂ ਦਾ ਭਗਵਾਨ ਹੁੰਦਾ ਹੈ।[532]

ਉਹ ਅਵਿਅਕਤ ਬ੍ਰਹਮ ਹਰੇਕ ਸਰੀਰ ਵਿਚ ਮੌਜੂਦ ਹੈ। ਜਦੋਂ ਉਹ ਅਦ੍ਰਿਸ਼ਟ ਅਵਸਥਾ ਤੋਂ ਨਿਰਮਲ ਪ੍ਰਭੂ ਪਰਗਟ ਹੁੰਦਾ ਹੈ ਤੇ ਨਿਰਗੁਣ ਰੂਪ ਤੋਂ ਸਰਗੁਣ ਬਣਦਾ ਹੈ ਭਾਵ ਆਪਣੇ ਅਦ੍ਰਿਸ਼ਟ ਆਤਮਕ ਸਰੂਪ ਤੋਂ ਆਕਾਰ ਵਾਲਾ ਬਣ ਕੇ ਸੂਖਮ ਤੇ ਅਸਥੂਲ ਰੂਪ ਧਾਰ ਲੈਂਦਾ ਹੈ:-

1. ਘਟਿ ਘਟਿ ਗੁਪਤਾ ਗੁਰਮੁਖਿ ਮੁਕਤਾ।।[533]
2. ਅਵਿਗਤੋ ਨਿਰਮਾਇਲੁ ਉਪਜੇ, ਨਿਰਗੁਣ ਤੇ ਸਰਗੁਣ ਥੀਆ।।[534]

ਉਹ ਬ੍ਰਹਮ ਆਪ ਹੀ ਗੁਰੂ ਹੈ, ਆਪ ਹੀ ਸਿੱਖ ਹੈ ਅਤੇ ਆਪ ਹੀ ਗੁਣਾਂ ਦਾ ਖਜ਼ਾਨਾ ਹੈ। ਉਹ ਚੇਤਨ ਸਤ੍ਹਾ ਹੈ। ਉਹ ਵੇਖਦਾ, ਬੁੱਝਦਾ ਤੇ ਨਿਰਣਾ ਕਰਦਾ ਹੈ:-

1. ਆਪੇ ਗੁਰੂ ਚੇਲਾ ਹੈ ਆਪੇ ਆਪੇ ਗੁਣੀ ਨਿਧਾਨਾ॥[535]
2. ਪਪੈ ਪਾਤਿਸਾਹੁ ਪਰਮੇਸਰੁ ਵੇਖਣ ਕਉ ਪਰਪੰਚੁ ਕੀਆ।
ਦੇਖੈ, ਬੂਝੈ ਸਭੁ ਕਿਛੁ ਜਾਣੈ ਅੰਤਰਿ ਬਾਹਰਿ ਰਵਿ ਰਹਿਆ॥[536]
3. ਵਵੈ ਵਾਸੁਦੇਉ ਪਰਮੇਸਰੁ ਵੇਖਣ ਕਉ ਜਿਨਿ ਵੇਸੁ ਕੀਆ॥
ਵੇਖੈ ਚਾਖੈ ਸਭੁ ਕਿਛੁ ਜਾਣੈ ਅੰਤਰਿ ਬਾਹਰਿ ਰਵਿ ਰਹਿਆ॥[537]

ਅਧਿਆਤਮਿਕ ਖਿੱਚ ਦੀ ਤੀਬਰਤਾ ਦੇ ਅੰਤਰਗਤ ਆਮਤੌਰ ਤੇ ਅਪ੍ਰਗਟ ਪ੍ਰਭੂ ਮਨੁੱਖੀ ਭਾਵਨਾਵਾਂ ਦਾ ਵਿਸ਼ਾ ਬਣ ਜਾਂਦਾ ਹੈ ਅਤੇ ਗੁਰੂ ਨਾਨਕ ਨੇ ਇੱਕ ਸਮਰਪਿਤ ਭਗਤ ਅਤੇ ਉਮਾਹ ਭਰਪੂਰ ਰਹੱਸਵਾਦੀ ਹੋਣ ਦੇ ਨਾਤੇ ਨਿਰਗੁਣ ਬ੍ਰਹਮ ਨੂੰ ਆਪਣੀ ਆਤਮਾ ਦਾ ਮੁਖੀ ਚਿੰਤਨ ਬਣਾਇਆ ਹੈ। ਪਰ ਉਹ ਬੇਰਹਿਮ ਨਿਰਗੁਣਵਾਦੀ ਨਹੀਂ, ਜਿਸ ਨੂੰ ਇਸ ਭੌਤਿਕ ਸੰਸਾਰ ਦੇ ਦੁੱਖਾਂ ਦਰਦਾਂ ਨਾਲ ਕੋਈ ਵਾਸਤਾ ਹੀ ਨਾ ਹੋਵੇ। ਇਸ ਅਵਸਥਾ ਵਿਚ ਉਨ੍ਹਾਂ ਦਾ ਨਿਰਗੁਣ ਆਪਣੇ ਸਾਰੇ ਗੁਣਾਂ ਸਮੇਤ ਸਰਗੁਣ ਬਣ ਜਾਂਦਾ ਹੈ।[538] ਗੁਰੂ ਜੀ ਨੇ ਜਦੋਂ ਵੀ ਹਿੰਦੁਸਤਾਨ ਦੇ ਲੋਕਾਂ ਤੇ ਜ਼ਾਲਮ ਹਮਲਾਵਰਾਂ ਦੁਆਰਾ ਜ਼ੁਲਮ ਹੁੰਦੇ ਵੇਖੇ ਤਾਂ ਉਨ੍ਹਾਂ ਨੇ ਉਸ ਸਰਗੁਣ ਬ੍ਰਹਮ ਨੂੰ ਹੀ ਮੱਦਦ ਲਈ ਪੁਕਾਰਿਆ :-

ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ॥[539]

ਉਹ ਸਰਬਸ਼ਕਤੀਮਾਨ ਲਈ ਰਾਵਣ ਨੂੰ ਮਾਰਨਾ ਤਾਂ ਮਾਮੂਲੀ ਜਿਹੀ ਗੱਲ ਸੀ:-

ਅੰਧੁਲੈ ਦਹਸਿਰਿ ਮੂੰਡੁ ਕਟਾਇਆ, ਰਾਵਣੁ ਮਾਰਿ ਕਿਆ ਵਡਾ ਭਇਆ॥[540]

ਪਰਮਾਤਮਾ ਖੁਦ ਹੀ ਪਤੀ-ਪਤਨੀ ਹੈ। ਸੰਸਾਰ ਨੂੰ ਰਚ ਕੇ ਆਪ ਹੀ ਇਸਦਾ ਆਨੰਦ ਭੋਗਦਾ ਹੈ। ਉਹ ਆਪ ਹੀ ਗਊ-ਵੱਛਾ ਅਤੇ ਦੁੱਧ ਹੈ ਅਤੇ ਆਪ ਹੀ ਸਾਰੇ ਸਰੀਰਾਂ ਦਾ ਆਧਾਰ ਹੈ। ਉਹ ਆਪ ਹੀ ਕਾਰਜ ਅਤੇ ਕਰਤਾ ਹੈ ਅਤੇ ਆਪ ਹੀ ਗੁਰਮੁਖ ਬਣਕੇ ਆਪਣਾ ਚਿੰਤਨ ਆਪ ਕਰਦਾ ਹੈ। ਪਿਉ, ਮਾਂ, ਮਿੱਤਰ, ਭਰਾ, ਹਿਤੂ ਉਹ ਸਭ ਕੁਝ ਹੈ:-

1. ਆਪੇ ਕਵਲਾ ਕੰਤੁ ਆਪਿ। ਆਪੇ ਰਾਵੇ ਸਬਦਿ ਥਾਪਿ॥[541]
2. ਤੁਮਹਿ ਪਿਤਾ ਤੁਮਹੀ ਫੁਨਿ ਮਾਤਾ ਤੁਮਹਿ ਮੀਤ ਹਿਤ ਭ੍ਰਾਤਾ॥[542]

ਬ੍ਰਹਮ ਦਾ ਇਹੋ ਸਰਗੁਣ ਸਰੂਪ ਹੈ ਜਿਸ ਨੂੰ ਗੁਰੂ ਜਨਾਂ ਅਤੇ ਭਗਤਾਂ ਦੁਆਰਾ ਮਾਂ, ਪਿਤਾ, ਭਰਾ, ਮਿੱਤਰ ਅਤੇ ਪਤੀ ਆਦਿ ਕਿਹਾ ਗਿਆ ਹੈ। ਉਹ ਤਾਂ ਇਕ ਮਹਾਨ ਸੁਲਤਾਨ ਹੈ, ਉਸ ਦੀ ਸਿਫ਼ਤ ਸਲਾਹ ਕਰਕੇ ਉਸਦੀ ਵਡਿਆਈ ਨਹੀਂ ਕੀਤੀ ਜਾ ਸਕਦੀ:-

ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ।।
ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ।।[543]

ਗੁਰੂ ਨਾਨਕ ਦੇਵ ਜੀ ਉਸਨੂੰ ਤਾਂ ਗੁਰੂਆਂ ਦਾ ਵੀ ਗੁਰੂ ਮੰਨਦੇ ਹਨ:-

1. ਗੁਰੂ ਗੁਰੂ ਏਕੋ ਵੇਸ ਅਨੇਕ।।[544]

ਉਹ ਆਪ ਹੀ ਅੰਡਜ, ਜੇਰਜ, ਸੇਤਜ, ਉਤਭੁਜ ਹੈ। ਉਹ ਆਪ ਹੀ ਸ੍ਰਿਸ਼ਟੀ ਅਤੇ ਇਸ ਦੇ ਸਮਸਤ ਖੰਡ ਆਦਿ ਹੈ। ਨਿਰਗੁਣ ਤੇ ਸਰਗੁਣ ਉਹ ਆਪ ਹੀ ਹੈ ਉਸ ਨੇ ਆਪਣੇ ਨਿਰਗੁਣ ਅਤੇ ਸੂਖਮ ਰੂਪ ਤੋਂ ਹੀ ਸਥੂਲ ਰੂਪ ਧਾਰਣ ਕੀਤਾ ਹੈ:-

1. ਆਪੇ ਅੰਡਜ ਜੇਰਜ ਸੇਤਜ ਉਤਭੁਜ ਆਪੇ ਖੰਡ ਆਪੇ ਸਭ ਲੋਇ।।[545]
2. ਆਪੇ ਪੇਡੁ ਬਿਸਥਾਰੀ ਸਾਖ। ਅਪਨੀ ਖੇਤੀ ਆਪੇ ਰਾਖੁ।

   - - - - - - - - - - - - - - - - - - - -

   ਸਰਗੁਣ ਨਿਰਗੁਣ ਥਾਪੈ ਨਾਉ। ਦੁਹ ਮਿਲਿ ਏਕੈ ਕੀਨੋ ਠਾਉ।[546]
3. ਤੂੰ ਪੇਡੁ ਸਾਖ ਤੇਰੀ ਫੂਲੀ। ਤੂੰ ਸੂਖਮੁ ਹੋਆ ਅਸਥੂਲੀ।[547]
4. ਆਪਹਿ ਸੂਖਮ ਆਪਹਿ ਅਸਥੂਲਾ।। ਲਖੀ ਨ ਜਾਈ ਨਾਨਕ ਲੀਲਾ।।[548]

ਅਫੁਰ ਸਮਾਧੀ ਵਿਚ ਰਹਿਣ ਵਾਲਾ ਪ੍ਰਭੂ ਸਭ ਰੂਪਾਂ ਵਾਲਾ, ਰੂਪ ਰਹਿਤ ਤੇ ਅਕਾਰ ਰਹਿਤ ਹੈ। ਉਹ ਆਪ ਹੀ ਸਭ ਕੁਝ ਕਰਦਾ ਹੈ ਤੇ ਆਪ ਹੀ ਨਾਮ ਜਪਾਉਂਦਾ ਹੈ। ਉਹ ਇਕ ਕਰਕੇ ਜਾਣਿਆ ਜਾਂਦਾ ਹੈ ਪਰ ਇਕ ਹੁੰਦਿਆਂ ਹੋਇਆਂ ਵੀ ਅਨੇਕ ਹੈ:-

1. ਸਰਗੁਨ ਨਿਰਗੁਨ ਨਿਰੰਕਾਰ, ਸੁੰਨ ਸਮਾਧੀ ਆਪਿ।।
   ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪ।।[549]
2. ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ।।
   ਏਕਹਿ ਏਕ ਬਖਾਨਨੋ ਨਾਨਕ ਏਕ ਅਨੇਕ।।

   - - - - - - - - - - - - - - - - -

   ਤ੍ਰੈ ਗੁਣ ਤੈ ਗੁਣ ਬਿਸਥਾਰੰ।। ਨਿਰਗੁਨ ਤੇ ਸਰਗੁਨ ਦ੍ਰਿਸਟਾਰੰ।।[550]

ਗੁਰੂ ਰਵਿਦਾਸ ਜੀ ਦੁਆਰਾ ਵਰਣਿਤ ਬ੍ਰਹਮ ਦੇ ਵਿਅਕਤ ਸਗੁਣ ਸਰੂਪ ਦਾ ਅਧਿਐਨ ਕਰਨ ਲਈ ਮੁੱਖ ਤੌਰ ਤੇ ਹੇਠ ਲਿਖੇ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ:-

(1) ਵਿਰਾਟ ਰੂਪ, (2) ਭਾਵਨਾਮਈ ਦਿਵਯ ਰੂਪ, (3) ਕਰਤਾਰਪੁਰਖ ਰੂਪ।
(4) ਪ੍ਰੀਤਮ ਰੂਪ, (5) ਸੁਲਤਾਨ ਰੂਪ, (6) ਲੇਖਾ ਮੰਗਣਹਾਰ।

## 1. ਵਿਰਾਟ ਰੂਪ ਬ੍ਰਹਮ

ਗੁਰੂ ਰਵਿਦਾਸ ਬ੍ਰਹਮ ਦੇ ਵਿਰਾਟ ਸਰੂਪ ਦਾ ਵਰਣਨ ਕਰਦੇ ਆਖਦੇ ਹਨ ਕਿ ਬ੍ਰਹਮ ਇੱਕ ਹੈ ਪਰ ਉਹ ਅਨੇਕ ਰੂਪਾਂ ਵਿਚ ਘਟਿ ਘਟਿ ਵਿਚ ਵਸਦਾ ਹੈ। ਚਾਰੇ ਪਾਸੇ ਉਸੇ ਦਾ ਪਸਾਰਾ ਹੈ। ਉਸ ਦੀ ਨਿਰਗੁਣਤਾ ਅਤੇ ਸੂਖਮਤਾ ਦਾ ਵਿਆਪਕ ਰੂਪ ਹੀ ਸ੍ਰਿਸ਼ਟੀ ਹੈ। ਉਸ ਦਾ ਸੀਸ ਆਕਾਸ ਵਿਚ ਅਤੇ ਚਰਨਾਰਬਿੰਦ ਪਾਤਾਲ ਤੱਕ ਹਨ। ਉਸ ਦਾ ਭੇਸ ਵਿਕਟ ਹੈ। ਉਸ ਦੇ ਤਿੰਨ ਨੈਣ ਅੰਮ੍ਰਿਤਧਾਰੀ ਹਨ ਅਤੇ ਸੀਸ ਗੰਗਾਧਾਰੀ ਹੈ। ਉਸ ਦੇ ਗਲ ਵਿਚ ਰੁੰਡਮਾਲਾ ਹੈ:—

1. ਚਰਨ ਪਤਾਲਿ ਸੀਸ ਅਸਮਾਨਾ, ਸੋ ਠਾਕੁਰ ਕੈਸੇ ਸੰਪਟਿ ਸਮਾਨਾ।।[551]
2. ਜਾਕੈ ਤੀਨ ਨੈਨ ਅੰਮ੍ਰਿਤ ਬੈਨ ਸੀਸ ਜਟਾਧਾਰੀ। ਕੋਟਿ ਕਲਪ ਪਯਾਨ ਅਲਪ,
ਮਦਨ ਅੰਤਕਾਰੀ।।੧।।
ਜਾਕੈ ਨੀਲ ਚਿਨ੍ਹ, ਸਕਲ ਬ੍ਰਹਮ, ਗਲੈ ਰੁੰਡਮਾਲਾ।
ਪ੍ਰੇਮ ਮਗਨ ਫਿਰਤ ਨਗਨ, ਸੰਗਿ ਸਖਾ ਬਾਲਾ।
ਐਸੇ ਮਹੇਸ ਬਿਕਟ ਭੇਸ, ਅਜਹੂੰ ਦਰਸ ਆਸਾ।
ਕੈਸੇ ਰਾਮ ਮਿਲੋ ਤੋਹਿ, ਗਾਵੈ ਰਵਿਦਾਸਾ।।[552]

ਗੁਰੂ ਰਵਿਦਾਸ ਜੀ ਦੱਸਦੇ ਹਨ ਕਿ ਭਾਵੇਂ ਮਜ਼ਬ ਦੇ ਕਈ ਸਰੂਪ ਦਿਸਦੇ ਹਨ, ਜਿਨ੍ਹਾਂ ਉਤੇ ਪੁਰਸ਼ ਚੱਲਦਾ ਹੈ।ਪਰ ਉਹ ਬ੍ਰਹਮ ਤਾਂ ਸਭ ਵਿਚ ਵਸਦਾ ਹੈ। ਬਰਨ, ਅਬਰਨ ਦੇ ਝਗੜੇ ਫੋਕੇ ਹਨ। ਉਸ ਬ੍ਰਹਮ ਦਾ ਵਾਸਾ ਤਾਂ ਘਟਿ ਘਟਿ ਵਿਚ ਹੈ। ਉਹ ਅਗਤ,ਵਿਗਤ, ਅਨਾਦਿ, ਅਨੂਪ ਤੇ ਰੂਪ ਰਹਿਤ ਪਰਮਾਤਮਾ ਤਾਂ ਵਿਸ਼ਵ ਵਿਆਪਕ ਹੈ। ਉਸ ਨੂੰ ਘਟਿ ਘਟਿ ਵਿਚ ਇਵੇਂ ਵੇਖਿਆ ਜਾ ਸਕਦਾ ਹੈ ਜਿਵੇਂ ਜਲ ਵਿਚ ਲਹਿਰ। ਉਹ ਤਾਂ ਜਲ ਤੇ ਥਲ ਦੋਹਾਂ ਦਾ ਅਧਿਕਾਰੀ ਹੈ:--

1. ਬਹੁ ਬਿਧਿ ਧਰਮ ਨਿਰੂਪੀਐ ਕਰਤਾ ਦੀਸੈ ਸਭ ਲੋਇ।[553]
2. ਅਬਰਨ ਬਰਨ ਕਥੈ ਜਿਨਿ ਕੋਈ, ਘਟਿ ਘਟਿ ਬਯਾਪਿਰਹਯੋ ਹਰਿ ਸੋਈ।[554]
3. ਅਗਤ ਵਿਗਤ ਅਨਾਦਿ ਅਨੂਪਾ, ਵਿਸ਼ਵ ਵਿਆਪਕ ਬ੍ਰਹਮ ਅਰੂਪਾ।।[555]
4. ਸਾਇਰ ਸਲਿਲ ਸਰੋਵਿਰਕਾ, ਜਲ ਥਲ ਅਧਿਕਾਈ।
ਸ੍ਵਾਂਤਿ ਬੂੰਦ ਕੀ ਆਸ ਹੈ, ਪਿਉ ਪਿਆਸ ਨ ਜਾਈ।।[556]

ਇਸ ਤਰ੍ਹਾਂ ਗੁਰੂ ਰਵਿਦਾਸ ਦੁਆਰਾ ਬ੍ਰਹਮ ਦੇ ਵਿਰਾਟ ਸਰੂਪ ਦਾ ਚਿਤਰਣ ਕਿਤੇ ਕਿਤੇ ਉਪਨਿਸ਼ਦਾਂ ਅਤੇ ਗੀਤਾ ਦੇ ਚਿਤਰਣ ਨਾਲ ਜਾ ਮਿਲਦਾ ਹੈ। ਗੀਤਾ ਅਨੁਸਾਰ, "ਤੇਜ਼ ਦੇ ਪੁੰਜ, ਸਭ ਤਰਫ਼ ਤੋਂ ਦੀਪਮਾਨ, ਸੂਰਜ ਵਰਗੇ ਪ੍ਰਭਾਵ ਵਾਲੇ ਅਤੇ ਅਪ੍ਰਮੇਯ ਸਰੂਪ ਆਪ ਨੂੰ ਮੈਂ ਮੁਕਟ ਗਦਾ ਅਤੇ ਚੱਕਰ ਧਾਰੇ ਹੋਏ ਦੇਖਦਾ ਸਾਂ।' ਗੁਰੂ ਰਵਿਦਾਸ ਜੀ ਵੀ ਕੁਝ ਇਸੇ ਸੁਰ ਵਿਚ ਬ੍ਰਹਮ ਦੇ ਵਿਰਾਟ ਸਰੂਪ ਦਾ ਵਰਣਨ ਕਰਦੇ ਆਖਦੇ ਹਨ:--

1. ਤੇਜ ਸਰੂਪੀ ਸਕਲ ਸਿਰੋਮਨਿ, ਅਲਖੁ ਨਿਰੰਜਨ ਰਾਵ।।[537]
2. ਹਰਿ ਅੰਜਨ ਨਿਰੰਜਨ ਬਿਮਲ ਅਪ੍ਰਮੇਵੰ।।[538]

ਪਰ ਉਸ ਸਵਾਮੀ ਦੀ ਵਾਰਤਾ ਅਕੱਥ ਹੈ। ਉਸ ਵਰਗਾ ਹੋਰ ਕੋਈ ਨਹੀਂ ਹੈ ਜਿਸ ਨਾਲ ਸਵਾਮੀ ਦੀ ਮਹਿਮਾ ਨੂੰ ਤੁਲਨਾ ਦਿੱਤੀ ਜਾ ਸਕੇ:--

ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ।।
ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ।।[559]

ਗੁਰੂ ਨਾਨਕ ਨੇ ਵੀ ਆਪਣੀ ਬਾਣੀ ਵਿਚ ਪ੍ਰਮਾਤਮਾ ਦੇ ਵਿਰਾਟ ਸਰੂਪ ਦਾ ਚਿਤਰਣ ਆਪਣੀ ਬਾਣੀ ਵਿਚ ਥਾਂ ਪੁਰ ਥਾਂ ਕੀਤਾ ਹੈ। ਗੁਰੂ ਨਾਨਕ ਦਾ ਪਰਮ ਸਤਿ ਚਿਤ ਅਤੇ ਅਨੰਦ ਹੋਣ ਦੇ ਨਾਲ ਨਾਲ ਕਰਤਾ ਵੀ ਹੈ। ਮਨੁੱਖ ਨੇ ਭਾਵੇਂ ਅੱਜ ਵਿਗਿਆਨਕ ਉਨਤੀ ਕਾਫ਼ੀ ਕਰ ਲਈ ਹੈ ਤੇ ਕੁਦਰਤ ਨੂੰ ਵੀ ਕਾਫ਼ੀ ਹੱਦ ਤੱਕ ਕਾਬੂ ਕਰ ਲਿਆ ਹੈ ਪਰ ਉਹ ਅਜੇ ਤੱਕ ਪਰਮਾਤਮਾ ਦਾ ਅੰਤ ਨਹੀਂ ਪਾ ਸਕਿਆ ਅਤੇ ਨਾ ਹੀ ਵਿਸ਼ਵ ਦਾ ਕਰਤਾ ਹੋਣ ਦਾ ਦਾਵਾ ਕਰ ਸਕਦਾ ਹੈ। ਮਨੁੱਖ ਤਾਂ ਉਸ ਪਰਮਾਤਮਾ ਸਾਹਮਣੇ ਇਕ ਮਾਮੂਲੀ ਜਿਹਾ ਜੀਵ ਹੈ। ਇਸ ਨੂੰ ਸਾਜਣ ਤੇ ਪ੍ਰਕ੍ਰਿਤੀ ਪੈਦਾ ਕਰਨ ਪਿਛੇ ਕਿਸੇ ਹੋਰ ਦਾ ਹੀ ਹੱਥ ਹੈ। ਉਹ ਹੈ ਕਰਤਾ ਪੁਰਖ, ਜਿਸ ਨੇ ਭਿੰਨ ਭਿੰਨ ਪ੍ਰਕਾਰ ਅਤੇ ਗੁਣਾਂ ਰੰਗਾਂ ਵਾਲੇ ਇਸ ਬ੍ਰਹਿਮੰਡ ਦੀ ਰਚਨਾ ਕੀਤੀ ਹੈ:--

ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ।
ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ।।[560]

ਪਰਮਾਤਮਾ ਦੇ ਵਿਰਾਟ ਸਰੂਪ ਦਾ ਅਨੁਮਾਨ ਧਨਾਸਰੀ ਰਾਗ ਵਿਚ ਅੰਕਿਤ 'ਆਰਤੀ' ਤੋਂ ਲਗਾਇਆ ਜਾ ਸਕਦਾ ਹੈ। ਆਕਾਸ਼ ਰੂਪੀ ਥਾਲ ਵਿਚ ਸੂਰਜ ਅਤੇ ਚੰਦ ਦੀਵੇ ਹਨ। ਤਾਰਿਆਂ ਦਾ ਮੰਡਲ ਮੋਤੀਆਂ ਦੇ ਸਮਾਨ ਹੈ। ਚੰਦਨ ਦੀ ਮਹਿਕ ਧੂਪ ਦੇ

ਬਰਾਬਰ ਹੈ ਅਤੇ ਹਵਾ ਚੌਰ ਦਾ ਕੰਮ ਕਰਦੀ ਹੈ। ਸਾਰੀ ਬਨਸਪਤੀ ਜੋਤਿ ਸਰੂਪ ਅੱਗੇ ਫੁੱਲ ਹਨ। ਪਰਮਾਤਮਾ ਦੀ ਇਸ ਵਚਿੱਤਰ ਆਰਤੀ ਵਿਚ ਅਨਹਦ ਸ਼ਬਦ ਦੀ ਭੇਰੀਆਂ ਵਜ ਰਹੀਆਂ ਹਨ:—

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ, ਤਾਰਿਕਾ ਮੰਡਲ ਜਨਕ ਮੋਤੀ।।
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ।।
ਕੈਸੀ ਆਰਤੀ ਹੋਇ।। ਭਵ ਖੰਡਨਾ ਤੇਰੀ ਆਰਤੀ
ਅਨਹਤਾ ਸਬਦ ਵਾਜੰਤ ਭੇਰੀ।।[561]

ਪਰਮਾਤਮਾ ਦੀ ਮਹੱਤਤਾ ਉਸਦੇ ਵਿਰਾਟ ਸਰੂਪ ਵਿਚ ਵੀ ਹੈ। ਉਸ ਪ੍ਰਭੂ ਨੇ ਪਹਿਲਾਂ ਆਪਣਾ ਆਪ ਬਣਾਇਆ ਹੈ ਅਤੇ ਉਸ ਨੂੰ ਨਾਮ ਪ੍ਰਦਾਨ ਕੀਤਾ। ਫਿਰ ਉਸਨੇ ਪ੍ਰਕ੍ਰਿਤੀ ਦੀ ਰਚਨਾ ਕੀਤੀ ਤੇ ਉਸ ਵਿਚ ਬਿਰਾਜਮਾਨ ਹੋ ਕੇ ਉਹ ਆਪਣੀ ਰਚਨਾ ਨੂੰ ਆਨੰਦ ਪੂਰਬਕ ਵੇਖ ਰਿਹਾ ਹੈ। ਇਹੋ ਉਸ ਦੀ ਸਭ ਤੋਂ ਵੱਡੀ ਵਡਿਆਈ ਹੈ। ਉਸਦੇ ਕੰਮਾਂ ਦਾ ਵੀ ਵਰਣਨ ਨਹੀਂ ਕੀਤਾ ਜਾ ਸਕਦਾ। ਜੋ ਉਸ ਨੇ ਕੀਤਾ ਜਾਂ ਕਰਨਾ ਉਹ ਸਭ ਉਸਦੀ ਹੀ ਰਜ਼ਾ ਹੈ:—

1. ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ।।
   ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ।।[562]
2. ਵਡੀ ਵਡਿਆਈ ਜਾ ਆਪੇ ਆਪਿ।। ਨਾਨਕ ਕਾਰ ਨ ਕਥਨੀ ਜਾਇ।
   ਕੀਤਾ ਕਰਣਾ ਸਰਬ ਰਜਾਇ।।[563]

ਗੁਰੂ ਜੀ ਅਨੁਸਾਰ ਸੁਣਕੇ ਸਾਰੇ ਉਸਨੂੰ ਵੱਡਾ ਕਹਿੰਦੇ ਹਨ ਪਰ ਉਹ ਕਿੰਨਾ ਵੱਡਾ ਹੈ, ਇਸ ਬਾਰੇ ਕੋਈ ਵੀ ਨਹੀਂ ਜਾਣ ਸਕਿਆ। ਨਾ ਹੀ ਉਸਦਾ ਮੁਲਅੰਕਣ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਉਸ ਬਾਰੇ ਕੁਝ ਕਿਹਾ ਜਾ ਸਕਦਾ ਹੈ। ਉਸਦੀ ਨਾ ਹੀ ਸਥਾਪਨਾ ਅਤੇ ਨਾਹੀ ਸਿਰਜਨਾ ਕੀਤੀ ਜਾ ਸਕਦੀ ਹੈ:—

1. ਸੁਣਿ ਵਡਾ ਆਖੈ ਸਭੁ ਕੋਇ।। ਕੇਵਡੁ ਵਡਾ ਡੀਠਾ ਹੋਈ।।
   ਕੀਮਤਿ ਪਾਇ ਨ ਕਹਿਆ ਜਾਇ।। ਕਹਣੈ ਵਾਲੇ ਤੇਰੇ ਰਹੇ ਸਮਾਇ।[564]
2. ਥਾਪਿਆ ਨ ਜਾਇ ਕੀਤਾ ਨ ਹੋਇ।।[565]
3. ਸੁਣਿ ਸੁਣਿ ਆਖੈ ਕੇਤੀ ਬਾਣੀ।।ਸੁਣਿ ਕਹੀਐ ਕੋ ਅੰਤੁ ਨ ਜਾਣੀ।।[566]

ਪਰਮਾਤਮਾ ਉੱਚੇ ਤੋਂ ਉੱਚਾ ਹੈ, ਇਹ ਹਰ ਕੋਈ ਕਹਿੰਦਾ ਹੈ। ਪਰ ਨਿਰਾ ਕਹਿਣ ਨਾਲ ਉਸ ਨੂੰ ਨਹੀਂ ਦੇਖਿਆ ਜਾ ਸਕਦਾ। ਉਸ ਉੱਚੇ ਪਰਮਾਤਮਾ ਨੂੰ ਉਹੀ ਜਾਣ ਸਕਦਾ ਹੈ ਜੋ ਉਸ ਜਿੰਨਾ ਉੱਚਾ ਹੋਵੇਗਾ। ਆਪਣੀ ਉਚਾਈ ਨੂੰ ਜਾਨਣ ਦੇ ਯੋਗ ਸਿਰਫ਼ ਉਹ ਆਪ ਹੀ ਹੈ, ਹੋਰ ਕੋਈ ਨਹੀਂ:-

1. ਊਚਾ ਊਚਉ ਆਖੀਐ, ਕਹਉ ਨ ਦੇਖਿਆ ਜਾਇ॥[567]
2. ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥
   ਜੇਵਡੁ ਆਪਿ ਜਾਣੈ ਆਪਿ ਆਪਿ॥[568]

ਗੁਰੂ ਜੀ ਅਨੁਸਾਰ ਕਰਤਾ ਪੁਰਖ ਹੀ ਇਕ ਠਾਕੁਰ (ਪੁਰਖ) ਹੈ। ਬਾਕੀ ਸਾਰੀ ਰਚਨਾ ਇਸਤ੍ਰੀ ਰੂਪ ਹੈ। ਸਾਰੇ ਇਸਤ੍ਰੀ ਰੂਪ ਜੀਵਾਂ ਦਾ ਇੱਕ ਹੀ ਸੁਆਮੀ ਹੈ ਅਤੇ ਇਹ ਸਾਰੀਆਂ ਸਦਾ ਉਸਦੇ ਅੰਦਰ ਜਾਣ ਦੀ ਆਗਿਆ ਮਿਲਣ ਦੀ ਸੰਭਾਵਨਾ ਵਿਚ ਖੜੀਆਂ ਹਨ:-

1. ਠਾਕੁਰੁ ਏਕੁ, ਸਬਾਈ ਨਾਰ॥[569]
2. ਸਭੇ ਕੰਤ ਮਹੇਲੀਆ ਸਗਲੀਆ ਕਰਹਿ ਸੀਗਾਰੁ॥
   ਗਣਤ ਗਣਾਵਣਿ ਆਈਆ ਸੂਹਾ ਵੇਸੁ ਵਿਕਾਰੁ॥[570]
3. ਇਕੋ ਕੰਤੁ ਸਬਾਈਆ ਜਿਤੀ ਦਰਿ ਖੜੀਆਹ॥
   ਨਾਨਕ ਕੰਤੈ ਰਤੀਆ ਪੁਛਹਿ ਬਾਤੜੀਆਹ॥[570b]

ਪਰ ਇਸ ਦਾ ਭਾਵ ਇਹ ਨਹੀਂ ਕਿ ਗੁਰੂ ਨਾਨਕ ਨੇ ਪਰਮ ਸੱਤ ਨੂੰ ਮਨੁੱਖ ਰੂਪ ਵਿਚ ਹੀ ਚਿਤਵਿਆ ਹੈ। ਸਗੋਂ ਉਹ ਤਾਂ ਕਹਿੰਦੇ ਹਨ ਕਿ ਉਹ ਨਾ ਇਸਤ੍ਰੀ ਹੈ ਅਤੇ ਨਾ ਹੀ ਪੁਰਸ਼। ਉਸਦਾ ਬਿਆਨ ਨਹੀਂ ਕੀਤਾ ਜਾ ਸਕਦਾ। ਕਿੰਨੇ ਲੋਕ ਉਸਦੇ ਪ੍ਰਕਾਸ਼ ਉਤੇ ਧਿਆਨ ਟਿਕਾਈ ਬੈਠੇ ਹਨ। ਦੇਵਤੇ, ਮਨੁੱਖ ਅਤੇ ਯੋਗੀ ਸਾਰੇ ਉਸ ਸੱਚੇ ਪੁਰਖ ਦੀ ਸ਼ਰਨ ਲੱਭਦੇ ਹਨ:-

ਸੁੰਨ ਮੰਡਲ ਇਕੁ ਜੋਗੀ ਬੈਸੇ। ਨਾਰਿ ਨ ਪੁਰਖੁ ਕਹਹੁ ਕੋਊ ਕੈਸੇ।[571]

ਜਦੋਂ ਜਗਤ ਦਾ ਕੋਈ ਵੀ ਰੂਪ ਨਹੀਂ ਸੀ ਤਾਂ ਉਦੋਂ ਵੀ ਕੁਲ ਰਹਿਤ ਪ੍ਰਭੂ ਮੌਜੂਦ ਸੀ। ਜਦੋਂ ਜਗਤ ਦੀ ਹਸਤੀ ਨਹੀਂ ਸੀ, ਆਕਾਸ਼ ਨਹੀਂ ਸੀ ਤਦੋਂ ਆਕਾਰ ਰਹਿਤ ਤ੍ਰਿਭਵਣੀ ਜੋਤਿ ਆਪ ਹੀ ਆਪ ਸੀ। ਇਕੋ ਅਸਚਰਜ ਸ਼ਬਦ ਰੂਪ ਪ੍ਰਭੂ ਹੀ ਸੀ, ਉਹੀ ਜਗਤ ਦਾ ਰੰਗ, ਭੇਖ ਤੇ ਰੂਪ ਸੀ। ਉਸ ਤੋਂ ਬਿਨ੍ਹਾਂ ਕੋਈ ਵੀ ਮਨੁੱਖ ਸੁੱਚਾ ਨਹੀਂ ਹੈ।

ਰੂਪ ਨ ਰੇਖਿਆ ਜਾਤਿ ਨ ਹੋਤੀ ਤਉ ਅਕੁਲੀਣਿ ਰਹਤਉ ਸਬ॥

ਗਉਨ ਗਗਨੁ ਜਬ ਤਬਹਿ ਨ ਹੋਤਉ, ਤ੍ਰਿਭਵਣ ਜੋਤਿ ਆਪੇ ਨਿਰੰਕਾਰ॥

ਵਰਨੁ ਭੇਖ ਅਸਰੂਪੁ ਸੁ ਏਕੋ, ਏਕੋ ਸਬਦੁ ਵਿਡਾਣੀ॥

ਸਾਚ ਬਿਨਾ ਸੂਚਾ ਕੋ ਨਾਹੀ, ਨਾਨਕ ਅਕਥ ਕਹਾਣੀ॥[572]

ਉਹ ਪਰਮਾਤਮਾ ਆਪ ਹੀ ਬਿਰਖ ਹੈ ਅਤੇ ਆਪ ਹੀ ਉਸ ਦੀਆਂ ਵਿਕਸਿਤ ਸਾਖਾਵਾਂ ਹੈ। ਉਸਨੇ ਹੀ ਆਪਣੇ ਨਿਰਗੁਣ ਅਤੇ ਸੂਖਮ ਰੂਪ ਤੋਂ ਸਥੂਲ ਰੂਪ ਧਾਰਣ ਕੀਤਾ ਹੈ:--

1. ਆਪੇ ਪੇਡੁ ਬਿਸਥਾਰੀ ਸਾਖ ।ਆਪਨੀ ਖੇਤੀ ਆਪੇ ਰਾਖ॥[573]
2. ਤੂੰ ਪੇਡੁ ਸਾਖ ਤੇਰੀ ਫੂਲੀ, ਤੂੰ ਸੂਖਮੁ ਹੋਆ ਅਸਥੂਲੀ॥[574]

ਪ੍ਰਭੂ ਇੰਨਾ ਵਿਰਾਟ ਸਰੂਪ ਹੈ ਕਿ ਉਸ ਦੇ ਇਕ ਬੋਲ ਨਾਲ ਹੀ ਸਾਰੀ ਸ੍ਰਿਸ਼ਟੀ ਹੋਂਦ ਵਿਚ ਆ ਗਈ:--

1. ਕੀਤਾ ਪਸਾਉ ਏਕੋ ਕਵਾਉ॥ ਤਿਸਤੇ ਹੋਏ ਲਖ ਦਰੀਆਉ॥[575]
2. ਖੰਡ ਦੀਪ ਸਭ ਲੋਆ॥ ਏਕ ਕਵਾਵੈ ਤੇ ਸਭਿ ਹੋਆ॥[576]
3. ਏਕੋ ਹੁਕਮੁ ਵਰਤੈ ਸਭ ਲੋਈ॥[577]

ਇਹ ਗੱਲ ਪਰਮਾਤਮਾ ਦੀ ਵਿਰਾਟਤਾ ਦੀ ਹੀ ਸੂਚਕ ਹੈ ਕਿ ਸਾਰੇ ਦੇਵੀ ਦੇਵਤੇ, ਜੜ੍ਹ, ਚੇਤਨ ਪੂਰੀ ਤਰ੍ਹਾਂ ਪ੍ਰਭੂ ਦੀ ਉਸਤਤਿ ਕਰਨ ਵਿਚ ਲੀਨ ਹੈ।[578]

ਅੰਤਰਜਾਮੀ ਬ੍ਰਹਮ(ਵਿਰਾਟ ਸਰੂਪ ਦਾ)

ਬ੍ਰਹਮ ਦੇ ਵਿਰਾਟ ਸਰੂਪ ਨੂੰ ਹੋਰ ਉਘਾੜਨ ਲਈ ਗੁਰੂ ਰਵਿਦਾਸ ਨੇ ਬ੍ਰਹਮ ਨੂੰ ਸਰਬ-ਸੂਚਕ ਵਿਸ਼ੇਸ਼ਣਾਂ ਨਾਲ ਯਾਦ ਕੀਤਾ ਹੈ। ਸਰਬ-ਵਿਆਪਕ, ਜੋਤਿ-ਸਰੂਪ, ਅੰਤਰਜਾਮੀ, ਸਰਬ-ਸ਼ਕਤੀਮਾਨ ਆਦਿ ਸ਼ਬਦ ਬ੍ਰਹਮ ਦੀ ਵਿਰਾਟਤਾ ਦੇ ਹੀ ਸੂਚਕ ਹਨ। ਉਹ ਬ੍ਰਹਮ ਤਾਂ ਸਾਹਿਬ ਹੈ। ਉਸ ਸਾਹਿਬ ਤੋਂ ਉਸ ਦਾ ਨੌਕਰ ਪਛਾਣਿਆ ਜਾਂਦਾ ਹੈ ਅਤੇ ਨੌਕਰ ਤੋਂ ਉਸ ਦਾ ਸਾਹਿਬ।

1. ਤੁਮ੍ਹ ਜੁ ਨਾਇਕ ਆਛਹੁ ਅੰਤਰਜਾਮੀ॥ ਪ੍ਰਭੂ ਤੇ ਜਨੁ ਜਾਨੀਜੈ ਜਨ ਤੇ ਸੁਆਮੀ।[579]
2. ਤੁਮ੍ਹ ਜੁ ਨਾਇਕ ਅੰਤਰਜਾਮੀ। ਠਾਕੁਰ ਥੈਂ ਜਨ ਜਾਨੀਜੈ ਜਨਥੈਂ ਸੁਆਮੀ॥[580]

ਗੁਰੂ ਨਾਨਕ ਜੀ ਵੀ ਲਿਖਦੇ ਹਨ:-

1. ਅੰਤਰਜਾਮੀ ਜੀਅਨ ਕਾ ਦਾਤਾ, ਦੇਖਤ ਤ੍ਰਿਪਤਿ ਅਘਾਈ।।
   ਏਕੰਕਾਰੁ ਨਿਰੰਜਨੁ ਨਿਰਭਉ ਸਭ ਜਲਿ ਥਲਿ ਰਹਿਆ ਸਮਾਈ।।[581]
2. ਮੇਰਾ ਅੰਤਰਜਾਮੀ ਹਰਿ ਰਾਇਆ।।
   ਸਭੁ ਕਿਛੁ ਜਾਣੈ ਮੇਰੇ ਜੀਅ ਕਾ ਪ੍ਰੀਤਮ ਬਿਸਰਿ ਗਏ ਬਕਬਾਇਆ।[582]
3. ਪਪੈ ਪਾਤਿਸਾਹੁ ਪਰਮੇਸਰੁ, ਵੇਖਣ ਕਉ ਪਰਪੰਚੁ ਕੀਆ।
   ਦੇਖੈ ਬੂਝੈ ਸਭੁ ਕਿਛੁ ਜਾਣੈ, ਅੰਤਰਿ ਬਾਹਰਿ ਰਵਿ ਰਹਿਆ।।[583]

ਸਰਬ-ਵਿਆਪਕ ਬ੍ਰਹਮ (ਵਿਰਾਟ ਸਰੂਪ)

ਉਪਨਿਸ਼ਦਾਂ ਵਾਂਗ ਗੁਰੂ ਰਵਿਦਾਸ ਜੀ ਪਰਮਾਤਮਾ ਨੂੰ ਸਰਬ-ਵਿਆਪਕ, ਸ੍ਰਿਸ਼ਟੀ ਦਾ ਕਰਤਾ-ਧਰਤਾ ਅਤੇ ਜ਼ਰੇ ਜ਼ਰੇ ਵਿਚ ਮੌਜੂਦ ਮੰਨਦੇ ਹਨ। ਉਹ ਹਰੀ ਸਭ ਜੀਵਾਂ ਵਿਚ ਵਸਦਾ ਹੈ ਅਤੇ ਸਾਰੇ ਜੀਵ ਉਸ ਵਿਚ। ਪਰ ਉਹ ਆਪਣੇ ਵਰਗਾ ਆਪ ਹੀ ਹੈ, ਉਸ ਦਾ ਕੋਈ ਸਾਨੀ ਨਹੀਂ। ਘਟਿ ਘਟਿ ਵਿਚ ਉਸ ਦਾ ਹੀ ਵਾਸਾ ਹੈ:-

1. ਸਭ ਮੈ ਹਰਿ ਹੈ ਹਰਿ ਮੈ ਸਭ ਹੈ, ਹਰਿ ਆਪਨੋ ਜਿਨਿ ਜਾਨਾ।
   ਆਪਨਿ ਆਪਿ ਸਾਖੀ ਨਹਿ ਦੂਸਰ, ਜਾਨਨਹਾਰ ਸਮਾਨਾ।[584]
2. ਅਬਰਨ ਬਰਨ ਕਥੈ ਜਿਨਿ ਕੋਈ, ਘਟਿ ਘਟਿ ਬਿਆਪਿ ਰਹਿਓ ਹਰਿ ਸੋਈ।[585]

ਇਥੋਂ ਤੱਕ ਕਿ ਉਹ ਬ੍ਰਹਮ ਕੀੜਿਆਂ-ਮਕੌੜਿਆਂ ਵਿਚ ਵੀ ਵਸਦਾ ਹੈ। ਉਹ ਧਰਮ-ਅਧਰਮ, ਮੁਕਤੀ, ਬੰਧਨ ਅਤੇ ਜਨਮ ਮਰਨ ਦੇ ਗੇੜ ਵਿਚ ਨਹੀਂ ਆਉਂਦਾ। ਜਿਵੇਂ ਫੁੱਲ ਵਿਚ ਵਾਸ਼ਨਾ ਵਸਦੀ ਹੈ ਪਰ ਵਿਖਾਈ ਨਹੀਂ ਦਿੰਦੀ ਇਸੇ ਤਰ੍ਹਾਂ ਬ੍ਰਹਮ ਸਭ ਘਟਿ ਰਮ ਰਿਹਾ ਹੈ ਪਰ ਵਿਖਾਈ ਨਹੀਂ ਦਿੰਦਾ। ਉਹ ਬ੍ਰਹਮ ਪੂਰਨ ਬ੍ਰਹਮ ਹੈ ਤੇ ਸਭ ਥਾਂ ਉਸ ਦਾ ਵਾਸਾ ਹੈ:-

1. ਥਾਵਰ ਜੰਗਮ ਕੀਟ ਪਤੰਗਾ, ਪੂਰਿ ਰਹਿਓ ਹਰਿ ਰਾਈ।
   - - - - - - - - - - - - - - - - - - - -
   ਧਰਮ ਅਧਰਮ ਮੋਛ ਨਹਿੰ ਬੰਧਨ, ਜਰਾ ਮਰਨ ਭਵ ਨਾਸਾ।।[586]
2. ਪੁਹੁਪ ਮਧੇ ਜਸੂੰ ਵਾਸ ਬਸਤ ਹੈ, ਤਸੂੰ ਸਭ ਘਟ ਰਮਹਿ ਰਘੁਰਾਈ।[587]
3. ਪੂਰਨ ਬ੍ਰਹਮ ਬਸੈ ਸਭ ਠਾਈਂ।।[588]

ਸਮੂਹ ਅੰਦਰ ਕੇਵਲ ਇਕ ਸੁਆਮੀ ਹੈ ਅਤੇ ਉਹ ਸਾਰਿਆਂ ਦਿਲਾਂ ਅੰਦਰ ਅਨੰਦ ਮਾਣਦਾ ਹੈ। ਸਾਰੇ ਜੀਵ ਉਸ ਪਰਮਾਤਮਾ ਦੇ ਨਿਵਾਸੀ ਹਨ। ਸਾਰੀ ਸ੍ਰਿਸ਼ਟੀ ਵਿਚ ਇਕ ਹੀ ਬ੍ਰਹਮ ਹੈ ਅਤੇ ਸਾਰੀ ਸ੍ਰਿਸ਼ਟੀ ਉਸ ਬ੍ਰਹਮ ਵਿਚ ਸਮਾਈ ਹੋਈ ਹੈ:-

1. ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋਗਵੈ ਸੋਈ॥[589]
2. ਸਬ ਨਿਵਾਸੀ ਰਾਮ ਜੂ,ਸਬ ਘਟਿ ਰਹਯੋ ਸਮਾਇ॥[590]
3. ਏਕੈ ਬ੍ਰਹਮ ਰਹਿ ਸਕਲ ਮਹਿ, ਅਰ ਸਕਲ ਬ੍ਰਹਮਹ ਮਾਹਿ॥[591]

ਗੁਰਬਾਣੀ ਵਿਚ ਵੀ ਬ੍ਰਹਮ ਨੂੰ ਸਰਬ ਵਿਆਪਕ ਮੰਨਿਆ ਗਿਆ ਹੈ। ਪ੍ਰਭੂ ਇਕ ਰਸ ਸਭ ਜੀਵਾਂ ਵਿਚ ਵਿਚਰ ਰਿਹਾ ਹੈ। ਉਸ ਤੋਂ ਬਿਨਾਂ ਹੋਰ ਕੋਈ ਹੈ ਹੀ ਨਹੀਂ। ਉਹ ਅਮਰ, ਅਜੋਨੀ, ਜਾਤ ਰਹਿਤ, ਅਗਮ, ਅਗੋਚਰ ਤੇ ਰੂਪ-ਰੇਖ ਤੋਂ ਰਹਿਤ ਪਰਮਾਤਮਾ ਘਟਿ ਘਟਿ ਵਿਚ ਵਸਦਾ ਹੈ। ਉਹ ਆਪ ਹੀ ਥਾਪਦਾ ਹੈ ਤੇ ਆਪ ਹੀ ਉਥਾਪਦਾ ਹੈ। ਉਹ ਦੂਰ ਵੀ ਹੈ ਅਤੇ ਨੇੜੇ ਤੋਂ ਨੇੜੇ ਵੀ:-

1. ਰਵਿ ਸਸਿ ਦੇਖਉ ਦੀਪਕ ਉਜਿਆਲਾ॥ ਸਰਬ ਨਿਰੰਤਰਿ ਪ੍ਰੀਤਮ ਬਾਲਾ॥[592]
2. ਆਪਹਿ ਕੀਆ ਕਰਾਇਆ ਆਪਹਿ ਕਰਨੈ ਜੋਗੁ॥
   ਨਾਨਕ ਏਕੋ ਰਵਿ ਰਹਿਆ ਦੂਸਰ ਹੋਆ ਨ ਹੋਗੁ॥[593]
3. ਏਕਮ ਏਕੰਕਾਰ ਨਿਰਾਲਾ॥ ਅਮਰੁ ਅਜੋਨੀ ਜਾਤਿ ਨ ਜਾਲਾ॥
   ਅਗਮੁ ਅਗੋਚਰੁ ਰੂਪੁ ਨ ਰੇਖਿਆ॥ ਖੋਜਤ ਖੋਜਤ ਘਟਿ ਘਟਿ ਦੇਖਿਆ॥[594]
4. ਜਿਨਿ ਸਭ ਥਾਪੀ ਥਾਪਿ ਉਥਾਪਿ॥ ਸਰਬ ਨਿਰੰਤਰਿ ਆਪੇ ਆਪਿ॥[595]
5. ਆਪੇ ਨੇੜੈ ਆਪੇ ਦੂਰਿ॥ ਆਪੇ ਸਰਬ ਰਹਿਆ ਭਰਪੂਰਿ॥[596]

ਉਹ ਸਭਨਾਂ ਵਿਚ ਮੌਜੂਦ ਪਰਮਾਤਮਾ ਸਦਾ ਹੀ ਕਾਇਮ ਰਹਿਣ ਵਾਲਾ ਹੈ। ਉਹ ਨਾ ਜੰਮਦਾ ਹੈ, ਨਾ ਮਰਦਾ ਹੈ ਤੇ ਨਾ ਹੀ ਕਦੇ ਨਾਸ਼ ਹੁੰਦਾ ਹੈ। ਉਸਦਾ ਹੁਕਮ ਸਾਰੀ ਸ੍ਰਿਸ਼ਟੀ ਵਿਚ ਵਰਤ ਰਿਹਾ ਹੈ ਤੇ ਸਾਰੀ ਹੀ ਸ੍ਰਿਸ਼ਟੀ ਵਿਚ ਉਹ ਪੂਰਨ ਤੌਰ ਤੇ ਵਿਆਪਕ ਹੈ। ਉਹ ਹਰੇਕ ਜੀਵ ਦੇ ਅੰਦਰ ਵੀ ਵਸ ਰਿਹਾ ਹੈ ਤੇ ਨਿਰਲੇਪ ਵੀ। ਉਹ ਸਾਰੀ ਰਚਨਾ ਵਿਚ ਆਪ ਹੀ ਮੌਜੂਦ ਹੈ:-

1. ਸਤਿਗੁਰ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ॥
   ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥[597]

2. ਹੁਕਮੁ ਚਲਾਇ ਰਹਿਆ ਭਰਪੂਰੇ।। ਕਿਸ ਨੇੜੈ ਕਿਸੁ ਆਖਾਂ ਦੂਰੇ।।
ਗੁਪਤ ਪ੍ਰਗਟ ਹਰਿ ਘਟਿ ਘਟਿ ਦੇਖਹੁ ਵਰਤੈ ਤਾਕੁ ਸਬਾਇਆ।।[598]

ਪ੍ਰਭੂ ਦਾ ਕੋਈ ਰੂਪ ਨਹੀਂ, ਕੋਈ ਚਿਹਨ-ਚੱਕ੍ਰ ਨਹੀਂ। ਕੋਈ ਜਾਤ ਨਹੀਂ ਕੋਈ ਵਰਨ ਨਹੀਂ। ਇਹ ਜੀਵ ਉਸਨੂੰ ਕਿਤੇ ਦੂਰ ਵਸਦਾ ਸਮਝਦਾ ਹੈ ਪਰ ਉਹ ਤਾਂ ਹਰ ਥਾਂ ਮੌਜੂਦ ਹੈ। ਸਭ ਜੀਵਾਂ ਵਿਚ ਵਿਆਪਕ ਹੋਕੇ ਆਨੰਦ ਮਾਣ ਰਿਹਾ ਹੈ। ਪਰ ਫਿਰ ਵੀ ਉਸਨੂੰ ਮਾਇਆ ਦਾ ਅਸਰ ਨਹੀਂ ਪੋਂਹਦਾ। ਉਹ ਤਾਂ ਸਦਾ ਆਨੰਦ, ਬੇਅੰਤ ਤੇ ਸਰਬ ਵਿਆਪਕ ਹੈ। ਸਭਨਾਂ ਵਿਚ ਉਸੇ ਦੀ ਜੋਤਿ ਟਿਕੀ ਹੋਈ ਹੈ:-

ਤੁਧੁ ਰੂਪੁ ਨ ਰੇਖਿਆ ਜਾਤਿ ਤੂ ਵਰਨਾ ਬਾਹਰਾ।।
ਏ ਮਾਣਸ ਜਾਣਹਿ ਦੂਰਿ ਤੂ ਵਰਤਹਿ ਜਾਹਰਾ।।
ਤੂ ਸਭਿ ਘਟ ਭੋਗਹਿ ਆਪ ਤੁਧੁ ਲੇਪੁ ਨ ਲਾਹਰਾ।।
ਤੂ ਪੁਰਖ ਅਨੰਦੀ ਅਨੰਤ ਸਭ ਜੋਤਿ ਸਮਹਾਰਾ।।[599]

## 2. ਭਾਵਨਾਮਈ ਦਿਵਯ ਰੂਪ

ਪਰਮਾਤਮਾ ਕਰਣ ਕਾਰਣ ਸਮਰੱਥ ਹੈ। ਸੰਤ ਜਨ ਪ੍ਰਭੂ ਨਾਲੋਂ ਤੁਛ, ਅਸਮਰੱਥ ਅਤੇ ਨਿਰਬਲ ਹਨ। ਭਗਤੀ ਭਾਵਨਾ ਅਧੀਨ ਭਾਵੁਕਤਾ ਨਾਲ ਭਰਪੂਰ ਭਗਤ ਪ੍ਰਭੂ ਦਾ ਆਸਰਾ ਲੱਭਣ ਲਈ ਉਸ ਨਾਲ ਕਈ ਤਰ੍ਹਾਂ ਦੇ ਰਿਸ਼ਤੇ ਜੋੜਦਾ ਹੈ। ਗੁਰੂ ਰਵਿਦਾਸ ਜੀ ਨੇ ਵੀ ਭਗਤੀ ਭਾਵਨਾ ਦੇ ਆਵੇਸ਼ ਵਿਚ ਪਰਮਤੱਤ ਨਾਲ ਕਈ ਤਰ੍ਹਾਂ ਦੇ ਸੰਬੰਧ ਸਥਾਪਤ ਕੀਤੇ ਹਨ। ਉਨ੍ਹਾਂ ਨੇ ਆਪਣੀ ਬਾਣੀ ਵਿਚ ਪ੍ਰਭੂ-ਪ੍ਰੀਤਮ ਨੂੰ ਮਿਲਣ ਦੀ ਪ੍ਰਬਲ ਇੱਛਾ ਪ੍ਰਗਟ ਕੀਤੀ ਹੈ। ਪ੍ਰਭੂ ਨੂੰ ਮਿਲਣ ਲਈ ਉਸ ਨਾਲ ਪ੍ਰੀਤ ਪਾਉਣੀ ਪੈਂਦੀ ਹੈ ਪਰ ਪ੍ਰਭੂ ਦੀ ਪ੍ਰੀਤ ਲਈ ਸੰਤ ਸੰਗਤ ਬਹੁਤ ਜ਼ਰੂਰੀ ਹੈ ਕਿਉਂ ਕਿ ਪ੍ਰੀਤ ਬਿਨਾ ਸੇਵਾ ਨਹੀਂ ਹੋ ਸਕਦੀ। ਉਸ ਵੱਡੇ ਯੋਗੀ ਬ੍ਰਹਮ ਦੀ ਸਿਫ਼ਤ ਕਹੀ ਨਹੀਂ ਜਾ ਸਕਦੀ। ਇਸੇ ਲਈ ਗੁਰੂ ਰਵਿਦਾਸ ਜੀ ਉਸਦੀ ਪ੍ਰੀਤ ਤੇ ਮਨੋ ਸੇਵਾ ਦੇ ਇੱਛੁਕ ਹਨ। ਗੁਰੂ ਜੀ ਪ੍ਰਾਰਥਨਾ ਕਰਦੇ ਹਨ ਕਿ ਹੇ ਬ੍ਰਹਮ ਪ੍ਰੀਤ ਦਾ ਕੰਮ ਬਹੁਤ ਔਖਾ ਹੈ, ਤੂੰ ਹੀ ਇਸ ਪਾਸੇ ਲਾ ਸਕਦਾ ਹੈ:-

1. ਸਾਧ ਸੰਗਤਿ ਬਿਨਾ ਭਾਉ ਨਹੀਂ ਉਪਜੈ।
ਭਾਵ ਬਿਨੁ ਭਗਤਿ ਨਹੀਂ ਹੋਇ ਤੇਰੀ।।[600]

2. ਜੋਗੀਸਰ ਪਾਵਹਿ ਨਹੀਂ। ਤੁਅ ਗੁਣ ਕਥਨੁ ਅਪਾਰ।
ਪ੍ਰੇਮ ਭਗਤਿ ਕੈ ਕਾਰਣੈ। ਕਹੁ ਰਵਿਦਾਸ ਚਮਾਰ।।[601]

3. ਮੈ ਹਿਰਦੈ ਹਾਰਿ ਬੈਠਯੋ ਹਰਿ, ਮੋਪੈ ਸਰਯੋ ਨ ਏਕੋ ਕਾਜ।
ਭਾਵ ਭਗਤਿ 'ਰਵਿਦਾਸ' ਦੇ ਪ੍ਰਤਿਪਾਲ ਕਰਿ ਮੋਹਿ ਆਜ।।[602]

ਇਸ ਭਾਵੁਕਤਾ ਅਧੀਨ ਗੁਰੂ ਰਵਿਦਾਸ ਦੀ ਬਾਣੀ ਵਿੱਚ ਪ੍ਰਭੂ ਦੇ ਕਈ ਸਰੂਪ ਨਜ਼ਰੀਂ ਆਉਂਦੇ ਹਨ। ਜਿਨ੍ਹਾਂ ਵਿਚੋਂ ਪ੍ਰਮੁੱਖ ਇਹ ਹਨ।

ਗੁਰੂ ਰਵਿਦਾਸ ਵਾਂਗ ਗੁਰੂ ਨਾਨਕ ਦੇਵ ਜੀ ਨੇ ਵੀ ਭਗਤੀ ਭਾਵਨਾ ਅਧੀਨ ਆਪਣੇ ਇਸ਼ਟ ਪ੍ਰਭੂ ਵਿਚ ਸਰਬਸ੍ਰੇਸ਼ਟ ਵਿਸ਼ੇਸ਼ਤਾਵਾਂ ਦਾ ਵਰਣਨ ਕੀਤਾ ਹੈ। ਅਤੇ ਆਪਣੇ ਆਪ ਨੂੰ ਉਸਦੇ ਸਾਹਮਣੇ ਸੇਵਾ, ਭਗਤੀ ਅਤੇ ਆਤਮ ਸਮਰਪਣ ਦੀ ਭਾਵਨਾ ਤੋਂ ਤੁੱਛ ਰੂਪ ਵਿਚ ਪੇਸ਼ ਕੀਤਾ ਹੈ। ਜਦੋਂ ਜੀਵ ਆਪਣੇ ਆਪ ਨੂੰ ਅਸਮਰਥ ਅਤੇ ਨਿਰਬਲ ਮਹਿਸੂਸ ਕਰਦਾ ਹੈ ਤਾਂ ਇਹ ਕਿਸੇ ਆਸਰੇ ਦੀ ਭਾਲ ਵਿਚ ਪਰਮਾਤਮਾ ਨਾਲ ਕਈ ਤਰ੍ਹਾਂ ਦੇ ਸੰਬੰਧ ਸਥਾਪਤ ਕਰਦਾ ਹੈ। ਭਾਵੇਂ ਆਤਮਾ ਤੇ ਪਰਮਾਤਮਾ ਵਿਚ ਕੋਈ ਅੰਤਰ ਨਹੀਂ, ਫਿਰ ਵੀ ਭਗਤ ਜਨ ਆਪਣੀ ਅਸਮਰੱਥਾ ਅਤੇ ਭਗਤੀ ਭਾਵਨਾ ਕਾਰਨ ਆਪਣੇ ਆਪ ਨੂੰ ਪਰਮਾਤਮਾ ਤੋਂ ਭਿੰਨ ਮਹਿਸੂਸ ਕਰਨ ਲੱਗਦੇ ਹਨ ਤੇ ਉਸਦੇ ਮਿਲਾਪ ਲਈ ਬਿਹਬਲ ਹੋ ਉੱਠਦੇ ਹਨ:--

ਹਰਿ ਬਿਨੁ ਕਿਉ ਜੀਵਾ ਮੇਰੀ ਮਾਈ।।
ਮੈ ਜਗਦੀਸ ਤੇਰਾ ਜਸੁ ਜਾਚਉ ਮੈ ਹਰਿ ਬਿਨੁ ਰਹਨੁ ਨ ਜਾਈ।।[603]

ਅਜਿਹੀ ਬਿਹਬਲ ਅਵਸਥਾ ਵਿਚ ਮਨ ਉਸ ਨੂੰ ਮਿਲਣ ਲਈ ਤਾਂਘਦਾ ਹੈ, ਪਪੀਹੇ ਵਾਂਗ ਉਸ ਨੂੰ ਵੇਖੇ ਬਿਨ ਸ਼ਾਂਤੀ ਨਹੀਂ ਆਉਂਦੀ:--

1. ਮੇਰਾ ਮਨੁ ਲੋਚੈ ਗੁਰ ਦਰਸਨ ਤਾਈ।। ਬਿਲਪ ਕਰੇ ਚਾਤ੍ਰਿਕ ਕੀ ਨਿਆਈ।
ਤ੍ਰਿਖਾ ਨ ਉਤਰੈ ਸਾਂਤਿ ਨ ਆਵੈ।।ਬਿਨੁ ਦਰਸਨ ਸੰਤ ਪਿਆਰੇ ਜੀਉ।।[604]

2. ਧੰਨੁ ਸੁ ਦੇਸੁ ਜਹਾ ਤੂੰ ਵਸਿਆ।। ਮੇਰੇ ਸਜਣ ਮੀਤ ਮੁਰਾਰੇ ਜੀਉ।।
ਹਉ ਘੋਲੀ ਹਉ ਘੋਲਿ ਘੁਮਾਈ। ਗੁਰ ਸਜਣ ਮੀਤ ਮੁਰਾਰੇ ਜੀਉ।।[605]

ਜੀਵ ਇਸਤ੍ਰੀ ਨੂੰ ਉਦੋਂ ਤਕ ਆਤਮਕ ਆਨੰਦ ਨਹੀਂ ਆਉਂਦਾ ਜਦੋਂ ਤੱਕ ਪ੍ਰਭੂ-ਪਤੀ ਹਿਰਦੇ ਘਰ ਵਿਚ ਨਹੀਂ ਆ ਵਸਦਾ। ਉਸ ਦੇ ਸਰੀਰ ਤੇ ਪ੍ਰਭੂ ਦੇ ਵਿਛੋੜੇ ਕਾਰਨ ਕਾਮ ਆਦਿ

ਵੈਰੀਆਂ ਦੇ ਹਮਲੇ ਕਾਰਨ ਕਮਜ਼ੋਰ ਆ ਜਾਂਦੀ ਹੈ। ਕੋਇਲ ਦੇ ਮਿੱਠੇ ਬੋਲ ਵੀ ਉਸਨੂੰ ਚੰਗੇ ਨਹੀਂ ਲੱਗਦੇ। ਦੁਨੀਆਂ ਦੇ ਰੰਗ ਤਮਾਸ਼ਿਆਂ ਵਿਚ ਭਟਕਦਾ ਹਿਰਦਾ ਆਤਮਕ ਮੌਤੇ ਮਰ ਜਾਂਦਾ ਹੈ। ਆਤਮਕ ਆਨੰਦ ਤਾਂ ਪਰਮਾਤਮਾ ਦੇ ਹਿਰਦੇ ਵਿਚ ਆ ਵਸਣ ਨਾਲ ਹੀ ਆਉਂਦਾ ਹੈ:--

ਪਿਰੁ ਘਰਿ ਨਹੀਂ ਆਵੈ, ਧਨ ਕਿਉ ਸੁਖੁ ਪਾਵੈ, ਬਿਰਹਿ ਬਿਰੋਧ ਤਨੁ ਛੀਜੈ।।
ਕੋਕਿਲ ਅੰਬ ਸੁਹਾਵੀ ਬੋਲੈ, ਕਿਉ ਦੁਖੁ ਅੰਕਿ ਸਹੀਜੈ।।
ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ।।
ਨਾਨਕ ਚੇਤਿ ਸਹਜਿ ਸੁਖੁ ਪਾਵੈ ਜੇ ਹਰਿ ਵਰੁ ਘਰਿ ਧਨ ਪਾਏ।।[606]

ਇਸ ਤਰ੍ਹਾਂ ਜੀਵਾਤਮਾ ਪ੍ਰਭੂ ਮਿਲਾਪ ਲਈ ਵਿਰਲਾਪ ਕਰ ਰਹੀ ਹੈ। ਜਿਸ ਜੀਵ-ਇਸਤ੍ਰੀ ਨੇ ਪ੍ਰਭੂ-ਪਤੀ ਦੇ ਮਿਲਾਪ ਦਾ ਆਨੰਦ ਨਹੀਂ ਜਾਣਿਆ ਉਹ ਸਦਾ ਵਿਆਕੁਲ ਰਹਿੰਦੀ ਹੈ;-

ਜਿਨਿ ਧਨ ਪਿਰ ਕਾ ਸਾਦੁ ਨ ਜਾਨਿਆ ਸਾ ਬਿਲਖ ਬਦਨ ਕੁਮਲਾਨੀ।।
ਭਈ ਨਿਰਾਸੀ ਕਰਮ ਕੀ ਫਾਸੀ ਬਿਨੁ ਗੁਰ ਭਰਮਿ ਭੁਲਾਨੀ।।[607]

ਪਰ ਜਿਸ ਸੁਭਾਗ ਜੀਵ-ਇਸਤ੍ਰੀ ਨੂੰ ਗੁਰੂ ਨੇ ਆਪਣੇ ਪਿਆਰ ਵਸ ਕਰ ਲਿਆ ਹੈ, ਉਸਦਾ ਮਨ ਪਰਮਾਤਮਾ ਦੇ ਰਸ ਵਿਚ ਲੀਨ ਰਹਿੰਦਾ ਹੈ, ਉਸਦੇ ਹਿਰਦੇ ਵਿਚ ਨਾਮ-ਅੰਮ੍ਰਿਤ ਦੀ ਬੂੰਦ ਠੰਢ ਪਾਉਂਦੀ ਹੈ:-

ਸਹਜਿ ਸੁਖੀ ਵਰ ਕਾਮਨਿ ਪਿਆਰੀ ਜਿਸੁ ਗੁਰ ਬਚਨੀ ਮਨੁ ਮਾਨਿਆ।।
ਹਰਿ ਵਰਿ ਨਾਰਿ ਭਈ ਸੋਹਾਗਣਿ ਮਨਿ ਤਨਿ ਪ੍ਰੇਮੁ ਸੁਖਾਨਿਆ।।[608]

(ੳ) <u>ਸੁਆਮੀ ਰੂਪ ਪ੍ਰਭੂ</u>

ਗੁਰੂ ਰਵਿਦਾਸ ਨੇ ਪ੍ਰਭੂ ਨਾਲ ਸੁਆਮੀ ਤੇ ਸੇਵਕ ਵਾਲਾ ਅਨਿੱਖੜਵਾਂ ਅੰਗ ਸਥਾਪਤ ਕੀਤਾ ਹੈ। ਸੇਵਕ ਦਾਸਤਾ ਦਾ ਪ੍ਰਤੀਕ ਹੈ। ਇਸੇ ਦਾਸ ਭਾਵਨਾ ਅਧੀਨ ਸੰਤ ਰਵਿਦਾਸ ਨੂੰ ਪਰਮਾਨੰਦ ਦੀ ਪ੍ਰਾਪਤੀ ਹੁੰਦੀ ਹੈ। ਉਹ ਪ੍ਰਭੂ ਤਾਂ ਪਤਿਤ ਪਾਵਨ ਹੈ। ਦਾਸ ਦੀ ਸੇਵਾ ਕਬੂਲ ਹੋਣ ਤੇ ਹੀ ਉਸ ਪਤਿਤ ਪਾਵਨ ਦਾ ਨਾਂ ਪਰਗਟ ਹੋ ਸਕਦਾ ਹੈ:--

[609]

1. ਪ੍ਰਭ ਜੀ ਤੁਮ ਸ੍ਵਾਮੀ ਹਮ ਦਾਸਾ। ਐਸੀ ਭਗਤਿ ਕਰੈ ਰਵਿਦਾਸਾ।।

2. ਰਵਿਦਾਸ ਦਾਸ ਕੀ ਸੇਵਾ ਮਾਨਹੁ ਦੇਵਾ।
ਪਤਿਤ ਪਾਵਨ ਨਾਮ ਪਰਗਟ ਕਰੀਜੈ।।[610]

ਗੁਰੂ ਰਵਿਦਾਸ ਜੀ ਉਸ ਨੂੰ ਠਾਕੁਰ ਰੂਪ ਵਿਚ ਵੇਖਦੇ ਹੋਏ ਕਹਿੰਦੇ ਹਨ ਕਿ ਮੈਂ ਤੇਰਾ ਸੇਵਕ ਜਨਮ ਜਨਮ ਤੋਂ ਹਾਂ। ਪਰ ਉਸ ਮਾਧੋ ਨੂੰ ਸੱਚਾ ਸੇਵਕ ਬਣ ਕੇ ਹੀ ਧਿਆਇਆ ਜਾ ਸਕਦਾ ਹੈ:-

1. ਮਾਧੋ ! ਤੂੰ ਮਮ ਠਾਕੁਰ ਹੋ ਤੁਝ ਸੇਵਗੁ।ਜਨਮ ਜਨਮ ਤੈ ਹੌਂ ਤੁਝ ਸੇਵਾਨੁਗ।[611]
2. ਕਹਿ ਰਵਿਦਾਸ ਭਜੋ ਹਰਿ ਮਾਧੋ। ਸੇਵਗ ਹੁਵੈ ਮਨ ਸਾਂਚਾ।।[612]
3. ਕਹੈ 'ਰਵਿਦਾਸ' ਦਾਸ ਅਪਰਾਧੀ, ਜੋ ਤੁਮ ਦ੍ਰਵੋ ਮੈਂ ਭਗਤਿ ਨ ਸਾਧੀ।।[613]

ਨੱਚਣ, ਗਾਉਣ ਅਤੇ ਬਹੁਤੇ ਪਾਖੰਡ ਕਰਨ ਨਾਲ ਨਾਹੀ ਭਗਤ ਬਣਿਆ ਜਾ ਸਕਦਾ ਹੈ ਤੇ ਨਾ ਹੀ ਭਗਤੀ ਕੀਤੀ ਜਾ ਸਕਦੀ ਹੈ। ਜਦੋਂ ਤੱਕ ਸੇਵਕ ਉਸ ਪਰਮਤੱਤ ਨੂੰ ਅਰਾਧਦਾ ਨਹੀਂ ਉਦੋਂ ਤੱਕ ਸਵਾਮੀ ਤੇ ਸੇਵਕ ਦਾ ਰਿਸ਼ਤਾ ਬਣ ਹੀ ਨਹੀਂ ਸਕਦਾ। ਉਸ ਠਾਕੁਰ ਵਰਗਾ ਹੋਰ ਕੋਈ ਵੀ ਨਹੀਂ ਹੋ ਸਕਦਾ:-

1. ਭਗਤਿ ਨ ਹੋਇ ਨਾਚੇ ਅਰੁ ਗਾਏ, ਭਗਤਿ ਨ ਹੋਇ ਬਹੁ ਗੁਣ ਕੀਨ੍ਹੈ।
ਭਗਤਿ ਨਹਿ ਸ੍ਵਾਮੀ ਅਰ ਸੇਵਗ, ਜਬ ਲਗ ਪਰਮਤੱਤ ਨਹੀਂ ਚੀਨ੍ਹੈ।।[614]
2. ਜਹ ਜਹ ਜਾਉ ਤਹਾ ਤੇਰੀ ਸੇਵਾ।ਤੁਮ ਸੋ ਠਾਕੁਰ ਅਉਰ ਨ ਦੇਵਾ।।[615]

ਉਹ ਸੁਆਮੀ ਤਾਂ ਸਾਰੇ ਦਿਲਾਂ ਅੰਦਰ ਵਸ ਕੇ ਅਨੰਦ ਮਾਣਦਾ ਹੈ। ਉਹ ਸੁਆਮੀ ਆਪਣੇ ਜਨ ਦੇ ਦਿਲਾਂ ਦੀਆਂ ਜਾਣਦਾ ਹੈ:-

1. ਸਰਬੇ ਏਕ ਅਨੇਕੈ ਸੁਆਮੀ, ਸਭ ਘਟਿ ਭੋਗਵੈ ਸੋਈ।।[616]
2. ਤੁਮ ਜੁ ਨਾਇਕ ਆਛਹੁ ਅੰਤਰਜਾਮੀ। ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ।।[617]

ਇਸ ਤਰ੍ਹਾਂ ਗੁਰੂ ਜੀ ਦੱਸਦੇ ਹਨ ਕਿ ਉਸ ਸੁਆਮੀ ਦੀ ਪ੍ਰੀਤ ਤੋਂ ਬਿਨਾਂ ਮਤਿ ਮਲੀਨ ਹੀ ਰਹਿੰਦੀ ਹੈ, ਸੇਵਾ ਅਭਿਆਸ ਵਿਅਰਥ ਹੀ ਹੈ ਅਤੇ ਨਾ ਹੀ ਸਾਰੇ ਸੰਸੇ ਦੂਰ ਹੋ ਸਕਦੇ ਹਨ। ਘ੍ਰਿਣਾ ਪੈਦਾ ਹੋਣ ਨਾਲ ਜੀਵ ਨਰਕ ਕੁੰਡ ਦਾ ਵਾਸੀ ਬਣਦਾ ਹੈ। ਉਸ ਦੀ ਪ੍ਰੇਮ ਭਗਤੀ ਨਾਲ ਹੀ ਉਧਾਰ ਹੋ ਸਕਦਾ ਹੈ। ਗੁਰੂ ਜੀ ਉਸ ਸੁਆਮੀ ਨੂੰ ਮਿਲਣ ਲਈ ਪ੍ਰੇਮ ਕਰਨ ਦਾ ਉਪਦੇਸ਼ ਦਿੰਦੇ ਹਨ:-

1. ਮਲਿਨ ਮਤਿ ਰੈਦਾਸ ਨਿਖਲ ਸੇਵਾ ਅਭਿਆਸ।
ਪ੍ਰੇਮ ਬਿਨੁ ਪ੍ਰੀਤ ਸਕਲ ਸੰਸੇ ਨਹੀ ਜਾਈ।।[518]

2. ਜਾ ਦੇਖਯਾ ਘਿਨ ਉਪਜੈ, ਨਰਕ ਕੁੰਡ ਮਹਿ ਵਾਸ।
ਪ੍ਰੇਮ ਭਗਤਿ ਸੋ ਊਧਰੈ, ਪ੍ਰਗਟਤ ਜਨ ਰਵਿਦਾਸ।।[519]

3. ਪ੍ਰੇਮ ਪੰਥ ਕੀ ਪਾਲਕੀ, ਰਵਿਦਾਸ ਬੈਠਯੋ ਆਇ।
ਸਾਚੇ ਸ੍ਵਾਮੀ ਮਿਲਨ ਕੂੰ, ਆਨੰਦ ਕਹਯੋ ਨ ਜਾਇ।।[620]

ਗੁਰੂ ਰਵਿਦਾਸ ਵਾਂਗ ਗੁਰੂ ਨਾਨਕ ਨੇ ਵੀ ਪਰਮਾਤਮਾ ਨਾਲ ਅਨੇਕ ਸੰਬੰਧਾਂ ਦੀ ਸਥਾਪਨਾ ਕੀਤੀ ਹੈ। ਗੁਰੂ ਜੀ ਸਵਾਮੀ ਤੇ ਉਸਦੇ ਭਗਤ ਦਾ ਰਿਸ਼ਤਾ ਜੋੜਦੇ ਹੋਏ ਦੱਸਦੇ ਹਨ ਕਿ ਪਰਮਾਤਮਾ ਦੀ ਭਗਤੀ ਕਰਨ ਵਾਲਾ ਮਨੁੱਖ ਪਰਮਾਤਮਾ ਵਰਗਾ ਹੀ ਹੋ ਜਾਂਦਾ ਹੈ। ਭਗਤ ਪਾਣੀ ਦੀਆਂ ਉਨ੍ਹਾਂ ਲਹਿਰਾਂ ਵਾਂਗ ਹੈ ਜੋ ਮੁੜ ਪਾਣੀ ਵਿਚ ਮਿਲ ਜਾਂਦੀਆਂ ਹਨ:-

ਹਰਿ ਕਾ ਸੇਵਕੁ ਸੋ ਹਰਿ ਜੇਹਾ।। ਭੇਦੁ ਨ ਜਾਣਹੁ ਮਾਣਸ ਦੇਹਾ।।
ਜਿਉ ਜਲ ਤਰੰਗ ਉਠਹਿ ਬਹੁ ਭਾਤੀ ਫਿਰਿ ਸਲਲੈ ਸਲਲ ਸਮਾਇਦਾ।।[621]

ਉਹ ਸੁਆਮੀ ਪ੍ਰਭੂ ਜਿਸ ਰਸਤੇ ਜੀਵਾਂ ਨੂੰ ਤੋਰਦਾ ਹੈ, ਉਸੇ ਰਸਤੇ ਹੀ ਜੀਵ ਤੁਰਦਾ ਹੈ:-

ਜਗਜੀਵਨ ਅਪਰੰਪਰ ਸੁਆਮੀ ਜਗਦੀਸਰ ਪੁਰਖ ਬਿਧਾਤੇ।।
ਜਿਤੁ ਮਾਰਗਿ ਤੁਮ ਪ੍ਰੇਰਹੁ ਸੁਆਮੀ ਤਿਤੁ ਮਾਰਗਿ ਹਮ ਜਾਤੇ।।[622]

ਇਹ ਜੀਵ ਪ੍ਰਭੂ-ਸੁਆਮੀ ਦਾ ਦਾਸ ਹੈ, ਉਸਦੀ ਮਿਹਰ ਪ੍ਰਾਪਤ ਕਰਨ ਲਈ ਗੁਰੂ ਦੇ ਚਰਨਾਂ ਦੀ ਪ੍ਰੀਤੀ ਜ਼ਰੂਰੀ ਹੈ। ਉਹ ਉੱਚਾ ਤੇ ਉਸਦਾ ਦਰਬਾਰ ਉੱਚਾ ਹੈ:-

1 ਪਰਬ੍ਰਹਮ ਤਿਨ ਕਉ ਸੰਤੁਸਟੁ ਭਇਆ ਜੋ ਗੁਰ ਚਰਨੀ ਜਨ ਪਾਹਿ।।
ਜਨ ਨਾਨਕ ਹਰਿ ਕਾ ਦਾਸ ਹੈ ਕਰਿ ਕਿਰਪਾ ਹਰਿ ਲਾਜ ਰਖਾਹਿ।।[623]

2. ਊਚ ਮੂਚ ਅਪਾਰ ਸੁਆਮੀ ਅਗਮ ਦਰਬਾਰਾ।।
ਨਾਮੋ ਵਡਿਆਈ ਸੋਭਾ ਨਾਨਕ ਖਸਮ ਪਿਆਰਾ।।[624]

ਉਹ ਸੁਆਮੀ ਘਟ ਘਟ ਵਿਚ ਵਸਦਾ ਹੈ। ਉਹ ਸਭ ਦਾ ਸਿਰਜਣਹਾਰ ਤੇ ਅੰਤਰਜਾਮੀ ਹੈ। ਉਸ ਨਾਲ ਝਗੜਾ ਕਰਨਾ ਠੀਕ ਨਹੀਂ:--

1 ਜਾਚਿਕ ਜਾਚੈ ਨਾਮੁ ਤੇਰਾ ਸੁਆਮੀ ਘਟਿ ਘਟਿ ਅੰਤਰਿ ਸੋਈ ਹੇ।।
ਨਾਨਕ ਦਾਸ ਤਾਕੀ ਸਰਣਾਈ ਜਾਤੇ ਬ੍ਰਿਥਾ ਨ ਕੋਈ ਹੇ।।[625]

2. ਜਿਨਿ ਕਿਛੁ ਕੀਆ ਸੋਈ ਜਾਨੈ ਜਿਨਿ ਇਹ ਸਭ ਬਿਧਿ ਸਾਜੀ।।
ਕਹੁ ਨਾਨਕ ਅਪਰੰਪਰ ਸੁਆਮੀ ਕੀਮਤਿ ਅਪਨੇ ਕਾਜੀ।।[626]

3. ਭਏ ਕ੍ਰਿਪਾਲ ਸੁਆਮੀ ਮੇਰੇ ਜੀਉ।। ਪਤਿਤ ਪਵਿਤ ਲਗਿ ਗੁਰ ਕੇ ਪੈਰੇ ਜੀਉ।[627]

4. ਨਹ ਪਾਇ ਝਗੜਾ ਸੁਆਮਿ ਸੇਤੀ ਆਪਣਾ ਆਪੁ ਵਞਾਵਣਾ।।[628]

5. ਤ੍ਰਿਭਵਣ ਤਾਰਣਹਾਰੁ ਸੁਆਮੀ, ਏਕੁ ਨ ਚੇਤਸਿ ਅੰਧਾਤਾ।।[629]

6. ਤੂ ਸੁਲਤਾਨ ਕਹਾ ਹਉ ਮੀਆ ਤੇਰੀ ਕਵਨ ਵਡਾਈ।।
ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣ ਨ ਜਾਈ।।[630]

## (ਅ) ਮਾਤਾ ਪਿਤਾ ਦੇ ਰੂਪ ਵਿਚ

ਗੁਰੂ ਰਵਿਦਾਸ ਜੀ ਪ੍ਰਭੂ ਦੀ ਮਾਤਾ-ਪਿਤਾ ਦੇ ਰੂਪ ਵਿਚ ਵੀ ਕਲਪਣਾ ਕਰਦੇ ਹਨ। ਉਹ ਇਸ ਵਾਤਸਲ ਪ੍ਰੇਮ ਹਿਤ ਪ੍ਰਭੂ ਕੋਲ ਪ੍ਰਾਰਥਨਾ ਕਰਦੇ ਹਨ। ਗੁਰੂ ਰਵਿਦਾਸ ਜੀ ਭਗਤ ਕਬੀਰ ਦੀ ਉਦਾਹਰਣ ਦਿੰਦੇ ਕਹਿੰਦੇ ਹਨ ਕਿ ਇਸ ਪੁੱਤਰ ਨੇ ਬਾਪ ਦੇ ਰਸਤੇ ਤੇ ਚੱਲਕੇ ਤਿੰਨ ਲੋਕਾਂ ਵਿਚ ਪ੍ਰਸਿੱਧੀ ਪ੍ਰਾਪਤ ਕੀਤੀ। ਬਾਲਕ ਧਰੂ ਨੂੰ ਪਿਤਾ ਪਰਮਾਤਮਾ ਨੇ ਆਪਣੇ ਗਲ ਲਾਕੇ ਰਖ ਲਿਆ:—

1 ਜਾਕੈ ਬਾਪ ਵੈਸੀ ਕਰੀ ਪੂਤ ਐਸੀ ਸਰੀ। ਤਿਹੂ ਰੇ ਲੋਕ ਪਰਸਿੱਧ ਕਬੀਰਾ।[631]

2. ਬਾਰਕ ਧਰੂਵ ਕੂੰ ਅੰਕ ਰਾਖਿ ਹਰਿ, ਖੰਭ ਫਾਰਿ ਪ੍ਰਹਲਾਦ ਉਬਾਰਤ।[632]

ਗੁਰੂ ਰਵਿਦਾਸ ਨੂੰ ਪਿਤਾ ਠਾਕੁਰ ਵਿਚ ਇੰਨੀ ਸ਼ਰਧਾ ਹੈ ਕਿ ਉਸਨੂੰ ਕਿਸੇ ਵੀ ਤਰ੍ਹਾਂ ਦੀ ਚਿੰਤਾ ਤੇ ਸੋਚ ਨਹੀਂ। ਉਹ ਉਸ ਪ੍ਰਭੂ ਨੂੰ ਮਾਤਾ-ਪਿਤਾ ਦੇ ਰੂਪ ਵਿਚ ਵੇਖਦੇ ਹਨ। ਉਹ ਪ੍ਰਭੂ ਮੁਕਤੀ ਦਾ ਦਾਤਾ ਹੈ:—

1. ਸੁਤ ਸੇਵਕ ਸਦਾ ਅਸੋਚ, ਠਾਕੁਰ ਪਿਤਹਿ ਸਭ ਸੋਚ।।[633]

2. ਤੁਮ੍ਹਿ ਮਾਤ ਪਿਤਾ ਪ੍ਰਭ ਮੇਰੋ, ਹੌਂ ਮਸਕੀਨ ਅਤਿ ਭੋਰਾ।।[634]

3. ਸੋਈ ਮੁਕੰਦੁ ਮੁਕਤਿ ਦਾ ਦਾਤਾ। ਸੋਈ ਮੁਕੰਦੁ ਹਮਰਾ ਪਿਤ ਮਾਤਾ।[635]

ਜਨਮ ਪਦਾਰਥ ਨੂੰ ਜਿੱਤਣ ਲਈ ਉਸ ਪ੍ਰਭੂ ਨਾਲ ਐਸੀ ਪ੍ਰੀਤ ਦੀ ਜ਼ਰੂਰਤ ਹੈ ਜਿਹੋ ਜਿਹੀ ਮਾਤਾ ਨੂੰ ਪੁੱਤਰ ਨਾਲ ਅਤੇ ਭੁੱਖੇ ਨੂੰ ਅੰਨ ਨਾਲ ਹੁੰਦੀ ਹੈ। ਗੁਰੂ ਰਵਿਦਾਸ ਜੀ ਜਾਤ ਪਾਤ ਵਿਚ ਯਕੀਨ ਨਹੀਂ ਰੱਖਦੇ। ਸਾਰੇ ਹੀ ਉਸ ਪਰਮਾਤਮਾ ਦੇ ਪੁੱਤਰ ਹਨ:-

1. ਭੂਖੇ ਪ੍ਰੀਤਿ ਅਨਾਜ ਜਿਉ ਮਾਤ ਪੂਤ ਜਿਉ ਹੇਤੁ।
   ਮਨ ਐਸੀ ਹਰਿ ਜਿਉ ਪ੍ਰੀਤ ਕਰਿ ਤੂ ਜਨਮ ਪਦਾਰਥ ਜੇਤੁ।।[636]
2. ਜਨਮ ਜਾਤ ਮਤ ਪੂਛੀਏ, ਕਾ ਜਾਤ ਅਰੁ ਪਾਤ।
   ਰਵਿਦਾਸ ਪੂਤ ਸਭ ਪ੍ਰਭ ਕੇ, ਕੋਉ ਨਹਿੰ ਜਾਤ ਕੁਜਾਤ।।[637]

ਗੁਰੂ ਜੀ ਵੀ ਉਸ ਪ੍ਰਭੂ ਨਾਲ ਮਾਤਾ ਪਿਤਾ ਦਾ ਸੰਬੰਧ ਕਾਇਮ ਕਰਦੇ ਹੋਏ ਉਸ ਨੂੰ ਇਕ ਦਸਦੇ ਹਨ। ਉਹ ਮੁੱਢ ਕਦੀਮ ਤੋਂ ਹੀ ਜੀਵਾਂ ਦੀ ਪਾਲਣਾ ਕਰ ਰਿਹਾ ਹੈ। ਉਹ ਪ੍ਰਾਨ ਅਧਾਰ ਤੇ ਸੁਖ ਸਾਗਰ ਹੈ। ਉਸ ਦੇ ਘਰ ਕਿਸੇ ਚੀਜ਼ ਦਾ ਘਾਟਾ ਨਹੀਂ ਉਹ ਸਰਬ ਵਿਆਪਕ ਹੈ:-

1. ਇਕੋ ਭਾਈ, ਮਿਤੁ ਇਕੁ, ਇਕੋ ਮਾਤ ਪਿਤਾ।।[638]
2. ਤੂ ਆਦਿ ਜੁਗਾਦਿ ਕਰਹਿ ਪ੍ਰਤਿਪਾਲਾ।।[639]
3. ਸਭ ਕੋ ਮਾਤ ਪਿਤਾ ਪ੍ਰਤਿਪਾਲਕ ਜੀਅ ਪ੍ਰਾਨ ਸੁਖ ਸਾਗਰ ਰੇ।
   ਦੇਂਦੇ ਤੋਟਿ ਨਾਹੀ ਤਿਸੁ ਕਰਤੇ ਪੂਰਿ ਰਹਿਓ ਰਤਨਾਗਰੁ ਰੇ।।[640]

ਪਰਮਾਤਮਾ ਪਿਤਾ ਆਪਣੇ ਪੁੱਤਰ ਜੀਵ ਨੂੰ ਸਿੱਧੇ ਰਸਤੇ ਤੋਰਦਾ ਹੈ। ਉਹ ਬਖਸ਼ਣਹਾਰ ਹੈ:-

ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ।।
ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ।।
ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ।।[641]

3. <u>ਕਰਤਾ ਪੁਰਖ ਰੂਪ ਪ੍ਰਭੂ</u>

ਗੁਰੂ ਰਵਿਦਾਸ ਜੀ ਬ੍ਰਹਮ ਨੂੰ ਕਰਤਾ ਪੁਰਖ ਵੀ ਮੰਨਦੇ ਹਨ। ਪਰਮਤੱਤ ਦੀ ਪੁਰਸ਼ ਰੂਪ ਵਿਚ ਕਲਪਣਾ ਸਭ ਤੋਂ ਪਹਿਲਾਂ ਰਿਗਵੇਦ ਦੇ ਪੁਰਸ਼-ਸੂਕਤ ਵਿਚ ਹੋਈ ਹੈ, ਜਿਥੇ

ਸੰਪੂਰਣ ਜਗਤ ਨੂੰ ਇੱਕ ਪੁਰਖ ਦੇ ਰੂਪ ਵਿਚ ਰੂਪਮਾਨ ਕੀਤਾ ਗਿਆ ਹੈ। ਪਰਮ ਤੱਤ ਇੱਕ ਹੈ ਅਤੇ ਉਹ ਸ੍ਰਿਸ਼ਟੀ ਦਾ ਕਰਤਾ-ਧਰਤਾ ਹੈ। ਉਹ ਅਮਰ, ਸੁਆਮੀ, ਪਾਲਕ ਤੇ ਸਰਬ ਵਿਆਪਕ ਹੈ। ਉਸ ਦਾ ਪ੍ਰੇਮ ਜਗਤ ਦੇ ਸਾਰੇ ਜੀਵਾਂ ਵਿਚ ਵਿਸਥਾਰ ਹੈ। ਉਹ ਪਰਮਤੱਤ ਸ੍ਰਿਸ਼ਟੀ ਸਿਰਜਨਹਾਰ, ਸੰਚਾਲਕ, ਪਾਲਕ ਅਤੇ ਨਾਸ਼ ਕਰਨ ਵਾਲਾ ਹੈ। ਉਨ੍ਹਾਂ ਦਾ ਬ੍ਰਹਮ ਸਤਿ ਰਾਮ ਵੀ ਹੈ:-

1. ਏਕ ਹੀ ਏਕ ਅਨੇਕ ਹੋਇ ਬਿਸਥਰਿਓ। ਆਨ ਰੇ ਆਨ ਭਰਪੂਰਿ ਸੋਊ।।[642]
2. ਰਵਿਦਾਸ ਜੋ ਕਰਤਾ ਸਤਿ ਮੰਟਿਕਾ, ਵਹ ਹੈ ਕਰਤਾ ਏਕ।
   ਸਭ ਮਹਿੰ ਜੋਤਿ ਸਰੂਪ ਇੱਕ, ਕਾਹੇ ਕਹੂੰ ਅਨੇਕ।।[643]
3. ਕੇਵਲ ਕਰਤਾ ਏਕ ਸਹੀ ਕਰਿ। ਸਤਿ ਰਾਮ ਤਿਹਿੰ ਨਾਉ।।[644]

ਬ੍ਰਾਹਮਣ, ਮੁੱਲਾਂ ਅਤੇ ਸ਼ੇਖ ਸਾਰੇ ਹੀ ਇਕ ਨੂਰ ਤੋਂ ਪੈਦਾ ਹੋਏ ਹਨ। ਸਭ ਦਾ ਕਾਰਤਾ ਇਕ ਹੀ ਹੈ।[645] ਉਹ ਸਰਬ, ਸਰਬੰਗੀ, ਸਰਬਗਤਿ ਤੇ ਕਰਤਾ ਹਰਤਾ ਹੈ।[646] ਉਹ ਆਪ ਅਵਿਨਾਸ਼ੀ ਹੈ। ਪਰ ਸਭ ਥਾਂ ਵਿਆਪਕ ਹੈ।[647]

ਬ੍ਰਹਮ ਜਿਥੇ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ, ਉਥੇ ਉਸ ਦਾ ਸੰਘਾਰ ਵੀ ਕਰਦਾ ਹੈ। ਉਸ ਤੋਂ ਬਿਨਾਂ ਰਚਨਾ ਤੇ ਨਾਸ਼ ਕਰਨ ਵਾਲੀ ਸੰਸਾਰ ਵਿਚ ਹੋਰ ਕੋਈ ਦੂਜੀ ਸ਼ਕਤੀ ਹੀ ਨਹੀਂ ਹੈ। ਉਹ ਕਰਤਾ ਸ੍ਰਿਸ਼ਟੀ ਦੇ ਆਦਿ, ਮੱਧ ਤੇ ਅੰਤ ਵਿਚ ਵਿਦਮਾਨ ਹੈ:-

1. ਆਦਿਹੂੰ ਏਕ ਅੰਤਾ ਫੁਨਿ ਸੋਈ, ਮੱਧਿ ਉਪਾਧਿ ਸੁ ਕੈਸੇ।
   ਅਹੈ ਏਕ ਪੈ ਭ੍ਰਮ ਸੂੰ ਦੂਜੈ, ਕਨਕ ਅਲੰਕ੍ਰਿਤ ਜੈਸੇ।।[648]
2. ਏਕ ਅਨੇਕ, ਅਨੇਕ ਏਕ ਕਰਿ, ਕਹੌ ਕਵਨ ਵਿਧਿ ਦੂਜਾ।।[649]
3. ਆਦਿ ਮਧਿ ਔਸਾਨ ਏਕ ਰਸ, ਤਾਰ ਤੂੰਬ ਨਹੀਂ ਤਾਈ।
   ਥਾਵਰ ਜੰਗਮ ਕੀਟ ਪਤੰਗਾ, ਪੂਰਿ ਰਹਯੋ ਹਰਿ ਰਾਈ।।[650]

ਉਹ ਹਾਜ਼ਰਾ ਹਜ਼ੂਰ ਹੈ। ਸਾਰੇ ਪੀਰ ਪੈਗੰਬਰ ਉਸੀ ਦੇ ਅਧੀਨ ਹਨ।[651] ਉਸ ਇਕੋ ਬ੍ਰਹਮ ਦਾ ਪਸਾਰਾ ਸਾਰੇ ਪਾਸੇ ਹੈ। ਉਹ ਸਭ ਦਾ ਸਿਰਜਨ ਹਾਰ ਹੈ।[652] ਉਹ ਸਾਰਿਆਂ ਨੂੰ ਇਕੋ ਨਜ਼ਰ ਨਾਲ ਵੇਖਦਾ ਹੈ।[653] ਉਹ ਜੀਵ ਦੇ ਅੰਦਰ ਵਸਦਾ ਹੈ ਪਰ ਇਹ ਜੀਵ ਉਸ ਸਿਰਜਨਹਾਰ ਨੂੰ ਬਾਹਰ ਲੱਭਦਾ ਹੈ ਜਿਵੇਂ ਕਸਤੂਰੀ ਮਿਰਗ ਦੇ ਅੰਦਰ ਹੋਣ ਦੇ ਬਾਵਜੂਦ ਉਹ ਆਲੇ ਦੁਆਲੇ ਲੱਭਦਾ ਫਿਰਦਾ ਹੈ:-

ਖੋਜਤ ਫਿਰੂੰ ਕਿਉਂ, ਤੇਰੇ ਘਟ ਮਹਿ ਸਿਰਜਨਹਾਰ।
ਕਿਸਤੂਰੀ ਜਿਉ ਪਾਸ ਹੈ ਤੇ, ਢੂੰਢਤ ਘਾਸ ਫਿਰੈ॥[654]

ਗੁਰੂ ਰਵਿਦਾਸ ਵਾਂਗ ਗੁਰੂ ਨਾਨਕ ਦੇਵ ਜੀ ਨੇ ਵੀ ਪਰਮਾਤਮਾ ਨੂੰ ਸ੍ਰਿਸ਼ਟੀ ਦੀ ਰਚਨਾ ਕਰਨ ਵਾਲਾ ਮੰਨਿਆ ਹੈ। ਗੁਰੂ ਨਾਨਕ ਦੇਵ ਜੀ ਨੇ ਮੂਲ ਮੰਤਰ ਵਿਚ ਕਰਤਾ ਪੁਰਖ ਨੂੰ ਬਹੁਤ ਮਹੱਤਵ ਪੂਰਣ ਥਾਂ ਦਿੱਤੀ ਹੈ। ਉਂਜ ਵੀ ਸਾਰੇ ਪਾਸੇ ਸੋਚਣ ਤੋਂ ਬਾਅਦ ਬਿਨਾਂ ਕਿਸੇ ਕਰਤਾ ਦੀ ਕਿਰਤ ਬਾਰੇ ਸੋਚਣਾ ਅਸੰਭਵ ਜਿਹਾ ਲੱਗਦਾ ਹੈ। ਬੇਸ਼ੱਕ ਅੱਜ ਵਿਗਿਆਨ ਨੇ ਤਰੱਕੀ ਕਰ ਲਈ ਹੈ ਅਤੇ ਮਨੁੱਖ ਕੋਲ ਅਦਭੁਤ ਅਤੇ ਮਹਾਨ ਬੌਧਿਕ ਸ਼ਕਤੀਆਂ ਹਨ ਅਤੇ ਕਾਫ਼ੀ ਹੱਦ ਉਸਨੇ ਕੁਦਰਤ ਨੂੰ ਕਾਬੂ ਵੀ ਕਰ ਲਿਆ ਹੈ। ਪਰ ਫਿਰ ਵੀ ਅਜੇ ਤੱਕ ਉਹ ਆਪਣੇ ਆਪ ਨੂੰ ਵਿਸ਼ਵ ਦਾ ਕਰਤਾ ਕਹਿਣ ਦਾ ਦਾਅਵਾ ਨਹੀਂ ਕਰ ਸਕਦਾ। ਵਿਸ਼ਵ ਦੀ ਰਚਨਾ ਕਰਨਾ ਤਾਂ ਬਹੁਤ ਦੂਰ ਹੈ। ਉਹ ਖੁਦ ਸੰਸਾਰ ਵਿਚ ਇਕ ਮਾਮੂਲੀ ਜਿਹੀ ਰਚਨਾ ਵਾਂਗ ਜੀਵ ਬਣ ਕੇ ਰਹਿ ਰਿਹਾ ਹੈ। ਇਸ ਲਈ ਇਨ੍ਹਾਂ ਜੀਵਾਂ ਅਤੇ ਪ੍ਰਕ੍ਰਿਤੀ ਨੂੰ ਘੜਨ ਪਿਛੇ ਕਿਸੇ ਹੋਰ ਦਾ ਹੱਥ ਜ਼ਰੂਰ ਹੋਵੇਗਾ। ਇਹ ਉਹੋ ਜੀ ਨਾ ਜਾਣਿਆ ਜਾ ਸਕਣ ਵਾਲਾ ਕਰਤਾ ਪੁਰਖ ਹੈ ਜਿਸ ਨੇ ਭਿੰਨ ਭਿੰਨ ਗੁਣਾਂ, ਰੰਗਾਂ ਵਾਲੇ ਇਸ ਬ੍ਰਹਿਮੰਡ ਦੀ ਸਿਰਜਨਾ ਕੀਤੀ ਹੈ:-

ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ।
ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ॥[655]

ਉਸ ਪ੍ਰਭੂ ਨੇ ਪਹਿਲਾਂ ਆਪਣਾ ਆਪ ਬਣਾਇਆ ਅਤੇ ਉਸ ਨੂੰ ਨਾਮ ਪ੍ਰਦਾਨ ਕੀਤਾ। ਫਿਰ ਉਸ ਨੇ ਪ੍ਰਕ੍ਰਿਤੀ ਦੀ ਰਚਨਾ ਕੀਤੀ ਤੇ ਉਸ ਵਿਚ ਬਿਰਾਜਮਾਨ ਹੋ ਕੇ ਉਹ ਆਪਣੀ ਰਚਨਾ ਨੂੰ ਆਨੰਦ ਪੂਰਬਕ ਵੇਖ ਰਿਹਾ ਹੈ:-

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ।
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥[656]

ਇਸੇ ਕਰਕੇ ਗੁਰੂ ਜੀ ਉਸ ਨੂੰ ਆਦਿ ਪੁਰਖ ਵੀ ਕਹਿੰਦੇ ਹਨ ਜੋ 'ਮੇਰਾ ਸਾਹਿਬ' ਅਤੇ ਅਪਰੰਪਰ ਹੈ:-

ਮੇਰਾ ਮਨੋ ਮੇਰਾ ਮਨੁ ਰਾਤਾ ਰਾਮ ਪਿਆਰੇ ਰਾਮ।
ਸਚੁ ਸਾਹਿਬੋ ਆਦਿ ਪੁਰਖੁ ਅਪਰੰਪਰੋ ਧਾਰੇ ਰਾਮ॥[657]

ਗੁਰਮਤਿ ਅਨੁਸਾਰ ਕਾਰਣ ਅਤੇ ਕਾਰਜ ਅਰਥਾਤ ਬ੍ਰਹਮ ਅਤੇ ਜਗਤ ਵਿਚ ਅਭੇਦਤਾ ਹੈ ਕਿਉਂਕਿ ਕਾਰਜ ਸ੍ਰਿਸ਼ਟੀ ਦੀ ਉਤਪਤੀ ਕਾਰਣ ਬ੍ਰਹਮ ਤੋਂ ਹੋਈ ਹੈ। ਇਸੇ ਲਈ ਉਹ ਆਪ ਹੀ ਅੰਡਜ, ਜੇਰਜ, ਸੇਤਜ, ਉਤਭੁਜ ਹੈ। ਉਹ ਆਪ ਹੀ ਸ੍ਰਿਸ਼ਟੀ ਅਤੇ ਇਸ ਦੇ ਸਮਸਤ ਖੰਡ ਆਦਿ ਹੈ। ਕਿਸੇ ਬਾਹਰੀ ਕਾਰਣ ਤੋਂ ਸ੍ਰਿਸ਼ਟੀ ਦਾ ਰਚਨਾ ਨਹੀਂ ਹੋਈ ਅਤੇ ਨਾ ਹੀ ਉਸ ਨੂੰ ਕਿਸੇ ਅਜਿਹੇ ਕਾਰਣ ਦੀ ਲੋੜ ਸੀ:–

1. ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ॥[658]
2. ਆਪੇ ਕਾਰਣੁ ਕਰਤਾ ਕਰੇ ਸ੍ਰਿਸਟਿ ਦੇਖੈ ਆਪਿ ਉਪਾਇ॥[659]
3. ਆਪੇ ਅੰਡਜ ਜੇਰਜ ਸੇਤਜ ਉਤਭੁਜ ਆਪੇ ਖੰਡ ਆਪੇ ਸਭ ਲੋਇ॥[660]
4. ਜਦਹੁ ਆਪੇ ਥਾਟੁ ਕੀਆ ਬਹਿ ਕਰਤੈ ਤਦਹੁ ਪੁਛਿ ਨ ਸੇਵਕੁ ਬੀਆ।
   ਤਦਹੁ ਕਿਆ ਕੋ ਲੇਵੈ ਕਿਆ ਕੋ ਦੇਵੈ ਜਾਂ ਅਵਰੁ ਨ ਦੂਜਾ ਕੀਆ।
   ਫਿਰਿ ਆਪੇ ਜਗਤੁ ਉਪਾਇਆ ਕਰਤੈ ਦਾਨੁ ਸਭਨਾ ਕਉ ਦੀਆ।
   \- - - - - - - - - - - - - - - - - - - - - - -
   ਆਪਿ ਨਿਰੰਜਨੁ ਅਪਾਰੁ ਹੈ ਆਪੇ ਆਪੈ ਕਉ ਸੁਖੀਆ॥[661]

ਗੁਰਬਾਣੀ ਅਨੁਸਾਰ ਇਸ ਦ੍ਰਿਸ਼ਟਮਾਨ ਸੰਸਾਰ ਦੀ ਰਚਨਾ ਪ੍ਰਭੂ ਦੇ ਹੁਕਮ ਤੋਂ ਹੋਈ ਹੈ। ਪ੍ਰਭੂ ਦੇ ਇਕ ਬੋਲ ਨਾਲ ਹੀ ਸਾਰੀ ਸ੍ਰਿਸ਼ਟੀ ਹੋਂਦ ਵਿਚ ਆ ਗਈ:–

1. ਹੁਕਮੀ ਹੋਵਨਿ ਆਕਾਰ,--ਹੁਕਮੀ ਹੋਵਨਿ ਜੀਅ॥[662]
2. ਹੁਕਮੇ ਧਾਰਿ ਅਧਰ ਰਹਾਵੈ। ਹੁਕਮੇ ਉਪਜੈ ਹੁਕਮਿ ਸਮਾਵੈ।[663]
3. ਕੀਤਾ ਪਸਾਉ ਏਕੋ ਕਵਾਉ। ਤਿਸ ਤੇ ਹੋਏ ਲਖ ਦਰੀਆਉ॥[664]
4. ਖੰਡ ਦੀਪ ਸਭਿ ਲੋਆ। ਏਕ ਕਵਾਵੈ ਤੇ ਸਭਿ ਹੋਆ॥[665]

ਉਸ ਕਰਤੇ ਦੀ ਰਜ਼ਾ ਅਨੁਸਾਰ ਹੀ ਜੀਵ ਆਹਰੇ ਲੱਗੇ ਹੋਏ ਹਨ। ਆਪਣੀ ਰਚਨਾ ਦਾ ਭੇਦ ਉਹ ਆਪ ਹੀ ਜਾਣਦਾ ਹੈ:–

ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਨਾ ॥
ਨਾਨਕ ਕਰਤੇ ਕੀ ਜਾਨੈ ਕਰਤਾ ਰਚਨਾ॥[666]

## 4. ਪ੍ਰੀਤਮ-ਰੂਪ ਪ੍ਰਭੂ

ਸੰਤ ਜਨਾਂ ਦੇ ਪ੍ਰਭੂ ਨਾਲ ਰਿਸ਼ਤਿਆਂ ਵਿਚੋਂ ਪ੍ਰਭੂ-ਪ੍ਰੀਤਮ ਦਾ ਰਿਸ਼ਤਾ ਵਧੇਰੇ ਨੇੜਲਾ ਹੈ। ਗੁਰੂ ਰਵਿਦਾਸ ਜੀ ਨੇ ਇਸ ਰਿਸ਼ਤੇ ਰਾਹੀਂ ਹੀ ਅਕੱਥਨੀਯ ਬ੍ਰਹਮ ਦੀ ਖੋਜ ਕੀਤੀ। ਪਾਕ ਪਤਨੀ ਆਪਣੇ ਪਤੀ ਦੀ ਕਦਰ ਨੂੰ ਜਾਣਦੀ ਹੈ। ਆਪਣੀ ਜਿੰਦ ਜਾਨ ਆਪਣੇ ਪਤੀ ਪ੍ਰਭੂ ਦੇ ਅਰਪਣ ਕਰਕੇ ਅਨੰਦ ਭੋਗਦੀ ਹੈ।[667] ਉਸ ਪ੍ਰੀਤਮ ਦੇ ਦਰਸ਼ਨ ਪਾਉਣ ਨਾਲ ਮਨ ਮੰਦਰ ਉਜਿਆਲਾ ਹੋ ਜਾਂਦਾ ਹੈ।[668] ਗੁਰੂ ਜੀ ਦਾ ਪ੍ਰਭੂ ਪ੍ਰੇਮ ਵਿਚ ਰੰਗਿਆ ਮਨ ਪ੍ਰਭੂ-ਪ੍ਰੀਤਮ ਦੇ ਸਰੂਪ ਨੂੰ ਇਉਂ ਹੋਰ ਉਘਾੜਦਾ ਹੈ:-

ਸਖੀ ਸਹੇਲੀ ਗਰਬ ਗਹੇਲੀ, ਪੀਉ ਕੀ ਬਾਤ ਨ ਸੁਨਹੁ ਸਹੇਲੀ।
ਮੈਂ ਰੇ ਦੁਹਾਗਨਿ ਅਧਿਕ ਕਰ ਜਾਨੀ, ਗਯੋ ਤੁ ਜੋਬਨ ਸਾਧ ਨ ਮਾਨੀ।।[669]

ਪ੍ਰਭੂ ਪ੍ਰੀਤਮ ਨੂੰ ਉਹ ਜੀਵ-ਨਾਰੀ ਹੀ ਚੰਗੀ ਲੱਗਦੀ ਹੈ ਜਿਸਦੇ ਮਨ ਵਿਚ ਪ੍ਰਭੂ ਪ੍ਰੀਤਮ ਤੋਂ ਬਿਨਾਂ ਕੋਈ ਹੋਰ ਨਹੀਂ। ਪ੍ਰੀਤਮ ਤੋਂ ਬਿਨਾਂ ਹਾਰ-ਸ਼ਿੰਗਾਰ ਕਿਸੇ ਕੰਮ ਨਹੀਂ। ਉਹੀ ਸਤੀ ਹੈ ਜੋ ਤਨੋ ਮਨੋਂ ਪ੍ਰੀਤਮ ਦੇ ਰੰਗ ਵਿਚ ਰੰਗੀ ਹੋਈ ਹੈ।[670]

ਮਿੱਤਰ ਤਾਂ ਅਨੇਕ ਹੋ ਸਕਦੇ ਹਨ, ਪਰ ਪ੍ਰੀਤਮ ਤਾਂ ਇਕ ਹੀ ਹੋ ਸਕਦਾ ਹੈ।[671] ਉਸ ਪ੍ਰੀਤਮ ਤੋਂ ਬਿਨਾਂ ਜਗਤ ਰੂਪੀ ਸੇਜ ਸੁੰਨੀ ਜਾਪਦੀ ਹੈ। ਪਰ ਹਰ ਪਾਸੇ ਉਹ ਪ੍ਰੀਤਮ ਪ੍ਰਗਟ ਹੈ ਜੋ ਪ੍ਰੀਤਮ ਰੰਗ ਵਿਚ ਰੰਗੀ ਨਾਰੀ ਨੂੰ ਹੀ ਵਿਖਾਈ ਦਿੰਦਾ ਹੈ।[672] ਬਨਾਂ ਵਿਚ ਜਾ ਕੇ ਢੂੰਡਣ ਨਾਲ ਪ੍ਰੀਤਮ ਦੀ ਪ੍ਰਾਪਤੀ ਨਹੀਂ ਹੋ ਸਕਦੀ। ਕਿਉਂ ਕਿ ਉਹ ਪ੍ਰੀਤਮ ਬਣ ਵਿਚ ਨਹੀਂ ਸਗੋਂ ਮਨੁੱਖੀ ਪ੍ਰੇਮ ਵਿਚ ਵਸਦਾ ਹੈ।[673] ਉਸ ਪ੍ਰੀਤਮ ਤੋਂ ਵਿਛੜ ਕੇ ਸੇਜ ਦੀ ਸੁੱਖ ਤਾ ਆਨੰਦ ਨਹੀਂ ਮਾਣਿਆ ਜਾ ਸਕਦਾ, ਸਗੋਂ ਬਿਰਹਾ ਤਨ ਨੂੰ ਖਾ ਜਾਂਦਾ ਹੈ:--

1. ਪੀਵ ਬਿਨ ਸੇਜਹਿ ਕਾ ਸੁਖ ਸੋਊ, ਬਿਰਹ ਬਿਥਾ ਤਨ ਖਾਈ।।[674]

ਜੀਵ, ਪੁੱਤਰਾਂ ਅਤੇ ਇਸਤ੍ਰੀ ਦੇ ਮਾਣ ਵਿਚ ਮਾੜੇ ਕਰਮ ਕਰਦਾ ਹੈ ਤੇ ਪਿਛੋਂ ਪ੍ਰਭੂ ਨੂੰ ਰਖਿਆ ਲਈ ਪੁਕਾਰਦਾ ਹੈ:-

ਪੁਤ੍ਰ ਕਲਤ੍ਰ ਕਾ ਕਰਹਿ ਅਹੰਕਾਰ।।ਠਾਕੁਰੁ ਲੇਖਾ ਮਾਗਨਹਾਰੁ।
ਫੇੜੇ ਕਾ ਦੁਖੁ ਸਹੈ ਜੀਉ, ਪਾਛੇ ਕਿਸਹਿ ਪੁਕਾਰਹਿ ਪੀਉ ਪੀਉ।[675]

ਗੁਰੂ ਨਾਨਕ ਨੇ ਵੀ ਸੰਤ ਜਨਾਂ ਦੇ ਪ੍ਰਭੂ ਨਾਲ ਰਿਸ਼ਤਿਆਂ ਵਿਚੋਂ ਪ੍ਰਭੂ-ਪ੍ਰੀਤਮ ਦੇ ਰਿਸ਼ਤੇ ਨੂੰ ਮਹਾਨਤਾ ਦਿੱਤੀ ਹੈ। ਗੁਰੂ ਨਾਨਕ ਦਾ ਪ੍ਰੀਤਮ ਪ੍ਰਭੂ ਪ੍ਰੇਮ ਦੇ ਅਧੀਨ ਹੈ। ਜਿਹੜਾ ਉਸ ਨਾਲ ਪ੍ਰੇਮ ਕਰਦਾ ਹੈ, ਪ੍ਰਭੂ ਉਸ ਉਤੇ ਮਿਹਰ ਦੀ ਨਜ਼ਰ ਕਰਦਾ ਹੈ ਤੇ ਉਹ ਉਸਦੇ ਨਾਮ ਦੀ ਕਦਰ ਸਮਝਦਾ ਹੈ। ਸੂਰਜ, ਚੰਦ੍ਰਮਾ ਆਦਿ ਵਿਚ ਇਕ-ਰਸ ਪ੍ਰੀਤਮ ਪ੍ਰਭੂ ਦਾ ਹੀ ਪ੍ਰਕਾਸ਼ ਹੈ। ਸੰਤ ਜਨਾਂ ਦੀ ਦਾਸੀ ਅਤੇ ਉਨ੍ਹਾਂ ਦੇ ਚਰਨਾਂ ਦੀ ਸੇਵਾ ਆਦਿ ਸ੍ਰੇਸ਼ਠ ਕਰਨੀ ਨਾਲ ਹੀ ਉਸ ਪ੍ਰਭੂ ਦੇ ਦਰਸ਼ਨ ਕੀਤੇ ਜਾ ਸਕਦੇ ਹਨ:-

1. ਪ੍ਰੇਮ ਪਰਾਇਣ ਪ੍ਰੀਤਮ ਰਾਉ॥ ਨਦਰਿ ਕਰੇ ਤਾ ਬੂਝੈ ਨਾਉ॥[676]
2. ਰਵਿ ਸਸਿ ਦੇਖਉ ਦੀਪਕ ਉਜਿਆਲਾ॥ ਸਰਬ ਨਿਰੰਤਰਿ ਪ੍ਰੀਤਮ ਬਾਲਾ।[677]
3. ਕਿਉ ਪੇਖਾ ਪ੍ਰੀਤਮ ਕਵਣ ਸੁਕਰਣੀ ਜੀਉ। ਸੰਤਾ ਦਾਸੀ ਸੇਵਾ ਚਰਣੀ ਜੀਉ।[678]

ਪਿਆਰੇ-ਪ੍ਰਭੂ ਪਤੀ ਤੋਂ ਬਿਨਾਂ ਇਸ ਜਿੰਦ ਦੀ ਕੋਈ ਵੀ ਬਾਤ ਨਹੀਂ ਪੁੱਛਦਾ। ਇਹ ਇਕੱਲੀ ਹੀ ਸੰਸਾਰ ਜੰਗਲ ਵਿਚ ਕੂਕਦੀ ਹੈ। ਜੀਵ ਰੂਪ ਇਸਤ੍ਰੀ ਗੁਰੂ ਦੀ ਕਿਰਪਾ ਨਾਲ ਪ੍ਰਭੂ ਪਤੀ ਨਾਲ ਮੇਲ ਕਰਕੇ ਦੁਖਾਂ ਤੋਂ ਛੁਟਕਾਰਾ ਪ੍ਰਾਪਤ ਕਰ ਸਕਦੀ ਹੈ। ਉਹ ਪ੍ਰੀਤਮ ਅੰਤਰਜਾਮੀ ਹੈ ਜਿਸ ਨੂੰ ਉਹ ਮਿਲ ਪੈਂਦਾ ਹੈ ਉਹ ਵਿਖਾਵੇ ਦੇ ਬੋਲ ਬੋਲਣੇ ਭੁੱਲ ਜਾਂਦਾ ਹੈ:-

1. ਬਾਝਹੁ ਪਿਆਰੇ ਕੋਇ ਨ ਸਾਰੇ ਏਕਲੜੀ ਕੁਰਲਾਏ॥
   ਨਾਨਕ ਸਾ ਧਨ ਮਿਲੈ ਮਿਲਾਈ ਬਿਨੁ ਪ੍ਰੀਤਮ ਦੁਖ ਪਾਏ॥[679]
2. ਮੇਰਾ ਅੰਤਰਜਾਮੀ ਹਰਿ ਰਾਇਆ॥
   ਸਭ ਕਿਛੁ ਜਾਣੈ ਮੇਰੇ ਜੀਅ ਕਾ ਪ੍ਰੀਤਮੁ ਬਿਸਰਿ ਗਏ ਬਕਬਾਇਆ॥[680]

## (ਅ) ਪਰਮਾਤਮਾ ਦਾ ਖਸਮ ਰੂਪ

ਜਿੱਥੇ ਸਿੱਧਾਂ ਨੇ ਇਸ ਦਾ ਪ੍ਰਯੋਗ ਸਹਜ ਅਵਸਥਾ ਲਈ ਜਾਂ ਸੂਨਯ ਅਵਸਥਾ ਲਈ ਕੀਤਾ ਹੈ। ਉਥੇ ਹਠ-ਯੋਗੀਆਂ ਨੇ ਇਸ ਦਾ ਪ੍ਰਯੋਗ ਆਤਮਾ ਦੇ ਸੂਨਯ ਚੱਕਰ ਵਿਚ ਪਹੁੰਚ ਕੇ ਸਮਭਾਵ ਦੀ ਅਵਸਥਾ ਪ੍ਰਾਪਤ ਕਰਨ ਦੇ ਅਰਥਾਂ ਵਿਚ ਪ੍ਰਯੋਗ ਕੀਤਾ ਹੈ।[681]

ਮੱਧਯੁਗੀਨ ਨਿਰਗੁਣੀਏ ਸੰਤਾਂ ਨੇ ਇਸ ਦਾ ਪ੍ਰਯੋਗ ਪ੍ਰਭੂ-ਪ੍ਰੀਤਮ ਲਈ ਕੀਤਾ ਹੈ। ਗੁਰੂ ਰਵਿਦਾਸ ਜੀ ਨੇ ਇਸ ਸ਼ਬਦ ਦੀ ਵਰਤੋਂ ਈਸ਼ਵਰ ਲਈ ਕੀਤੀ ਹੈ:-

1. ਤਜਿ ਬਦਿਸਵਾਂ ਭੈਨਸਹਿ ਕਮਾਇਲਾਂ। ਕਰਿ ਖਸਮ ਕੀ ਕਾਨਿ ਵੇ॥[682]

ਗੁਰ ਬਾਣੀ ਅਨੁਸਾਰ ਜਿਨ੍ਹਾਂ ਨੂੰ ਖਸਮ ਪ੍ਰਭੂ ਪਿਆਰਾ ਲੱਗਦਾ ਹੈ ਉਨ੍ਹਾਂ ਲਈ ਹਰਿਨਾਮ ਹੀ ਦੁਨੀਆਂ ਦੀ ਵਡਿਆਈ ਹੈ। ਨਾਮ ਹੀ ਲੋਕ ਪਰਲੋਕ ਦੀ ਸੋਭਾ ਹੈ। ਉਹ ਉਸ ਮਾਲਕ ਦੇ ਦਰਬਾਰ ਵਿਚ ਪਹੁੰਚੇ ਰਹਿੰਦੇ ਹਨ, ਜੋ ਸਭ ਤੋਂ ਉੱਚਾ ਹੈ ਜੋ ਸਭ ਤੋਂ ਵੱਡਾ, ਬੇਅੰਤ ਤੇ ਅਪਹੁੰਚ ਹੈ:–

ਊਚ ਸੂਚ ਅਪਾਰ ਸੁਆਮੀ ਅਗਮ ਦਰਬਾਰਾ॥
ਨਾਮੋ ਵਡਿਆਈ ਸੋਭਾ ਨਾਨਕ ਖਸਮੁ ਪਿਆਰਾ॥[683]

ਪ੍ਰਭੂ ਨਾਲ ਖਸਮ ਦਾ ਰਿਸ਼ਤਾ ਜੋੜਦੇ ਹੋਏ ਗੁਰੂ ਨਾਨਕ ਦੇਵ ਜੀ ਦੱਸਦੇ ਹਨ ਕਿ ਇੱਕ ਪ੍ਰਭੂ ਤੋਂ ਸਾਰੀ ਉਤਪਤੀ ਹੋਣ ਤੇ ਵੀ ਮਾਇਆ ਦੇ ਪ੍ਰਭਾਵ ਅਧੀਨ ਸੰਸਾਰ ਵਿਚ ਗੁਰਮੁਖਤਾ ਅਤੇ ਮਨਮੁੱਖਤਾ ਦੇ ਦੋਵੇਂ ਰਾਹ ਚੱਲ ਪੈਂਦੇ ਹਨ। ਪਰ ਜੀਵ ਨੂੰ ਗੁਰੂ ਦੇ ਸ਼ਬਦ ਵਿਚ ਜੁੜਕੇ ਸਾਰੇ ਜਗਤ ਵਿਚ ਪਰਮਾਤਮਾ ਦੇ ਹੁਕਮ ਦੀ ਪਛਾਣ ਕਰਨੀ ਚਾਹੀਦੀ ਹੈ। ਕਿਉਂ ਕਿ ਉਹ ਪੂਰਨ ਖਸਮ ਹੈ ਅਤੇ ਜੀਵ ਉਸ ਦੇ ਹੁਕਮ ਅਨੁਸਾਰ ਹੀ ਆਪਣੇ ਕੰਮ ਤੇ ਲੱਗਦਾ ਹੈ:–

1. ਰਾਹ ਦੋਵੈ ਖਸਮੁ ਏਕੋ ਜਾਣੁ॥ ਗੁਰ ਕੈ ਸਬਦਿ ਹੁਕਮ ਪਛਾਣੁ॥[684]
2. ਜਿਤੁ ਤੁਮ ਲਾਵਹੁ ਤਿਤ ਹੀ ਲਾਗਾ ਪੂਰਨ ਖਸਮ ਹਮਾਰੇ॥[685]

ਕਿਤਨੇ ਹੀ ਬੈਰਾਗੀ ਬੈਰਾਗ ਧਾਰਨ ਕਰੀ ਬੈਠੇ ਹਨ, ਪਰ ਅਸਲ ਬੈਰਾਗੀ ਤਾਂ ਉਹ ਹੀ ਹੈ ਜੋ ਉਸ ਪ੍ਰਭੂ ਖਸਮ ਨੂੰ ਭਾਉਂਦਾ ਹੈ। ਹਿਰਦੇ ਵਿਚ ਉਸਨੂੰ ਵਸਾ ਕੇ ਗੁਰੂ ਦੀ ਕਾਰ ਕਮਾਉਂਦਾ ਹੈ:–

ਅਸੰਖ ਬੈਰਾਗੀ ਕਹਹਿ ਬੈਰਾਗ ਸੋ ਬੈਰਾਗੀ ਜਿ ਖਸਮੈ ਭਾਵੈ॥
ਹਿਰਦੈ ਸਬਦਿ ਸਦਾ ਭੈ ਰਚਿਆ ਗੁਰ ਕੀ ਕਾਰ ਕਮਾਵੈ॥[686]

ਨਿਰੰਜਨ ਪ੍ਰਭੂ, ਸਾਡਾ ਖਸਮ ਸਾਰੀ ਰਚਨਾ ਦਾ ਮੂਲ ਹੈ। ਉਹ ਜੁੱਗਾਂ ਦੇ ਸ਼ੁਰੂ ਤੋਂ ਮੌਜੂਦ ਹੈ ਅਤੇ ਅਪਰ ਅਪਾਰ ਹੈ:–

ਆਦਿ ਜੁਗਾਦੀ ਅਪਰ ਅਪਾਰੇ॥ ਆਦਿ ਨਿਰੰਜਨ ਖਸਮ ਹਮਾਰੇ॥[687]

ਗੁਰੂ ਜੀ ਨੇ ਹੋਰ ਵੀ ਬਹੁਤ ਸਾਰੇ ਥਾਵਾਂ ਤੇ ਪਰਮਾਤਮਾ ਲਈ ਖਸਮ ਸ਼ਬਦ ਦੀ ਵਰਤੋਂ ਕੀਤੀ ਹੈ:–

1. ਨਾਨਕ ਏਕ ਸਮਾਣੀ ਨਾਰਿ ॥[688]
2. ਜਿਨੀ ਪਛਾਤਾ ਖਸਮੁ ਸੇ ਦਰਗਹ ਮਨੁ ॥[689]
3. ਰੂਪਵੰਤਿ ਸਾ ਸੁਘੜਿ ਬਿਚਖਣਿ ਜੋ ਧਨ ਕੰਤ ਪਿਆਰੀ ਜੀਉ ॥[690]

5. <u>ਸੁਲਤਾਨ ਰੂਪ ਪ੍ਰਭੂ ਜਾਂ ਬ੍ਰਹਮ</u>

ਗੁਰੂ ਰਵਿਦਾਸ ਨੇ ਬ੍ਰਹਮ ਦੇ ਸੁਲਤਾਨ ਸਰੂਪ ਦਾ ਜ਼ਿਕਰ ਕਰਦਿਆਂ ਉਸ ਨੂੰ 'ਸੁਲਤਾਨਾਂ ਦਾ ਸੁਲਤਾਨ' ਕਿਹਾ ਹੈ। ਉਨ੍ਹਾਂ ਨੇ ਬ੍ਰਹਮ ਦੇ ਸੁਲਤਾਨ ਸਰੂਪ ਲਈ ਪਾਦਸ਼ਾਹ ਰਾਮਰਾਜਾ, ਬਡ ਰਾਜਾ, ਗੁਸਾਈਆਂ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਹੈ। ਗੁਰੂ ਰਵਿਦਾਸ ਦਾ ਬ੍ਰਹਮ ਪਰਜਾ ਜਾਗ੍ਰਕ ਸੁਲਤਾਨਾਂ ਦਾ ਵੀ ਸੁਲਤਾਨ ਹੈ। ਉਹ ਸ਼ਰਨ ਆਇਆਂ ਦੀ ਇੱਜ਼ਤ ਰੱਖਣ ਵਾਲਾ ਗਰੀਬ ਨਿਵਾਜ਼, ਮਸਕੀਨ ਤੇ ਵਡਿਆਈ ਦੇਣ ਵਾਲਾ ਜਾਂ ਮਾਥੈ ਛਤ੍ਰ ਧਰਨ ਵਾਲਾ ਹੈ। ਉਹ ਉਰਵਾਰ ਤੇ ਪਾਰ ਦਾ ਦਾਨੀ ਹੈ। ਜੋ ਉਸ ਨੂੰ ਚੰਗਾ ਲਗਦਾ ਹੈ ਉਹੋ ਕੁਝ ਲਿਖਦਾ ਹੈ। ਸਾਰੇ ਝੰਜਟਾਂ ਨੂੰ ਛੱਡ ਕੇ ਉਸ ਦੀ ਸ਼ਰਨ ਵਿਚ ਜਾਣ ਨਾਲ ਮੌਤ ਦਾ ਡੰਡਾ ਨਹੀਂ ਵੱਜਦਾ:–

1. ਐਸੀ ਲਾਲ ਤੁਝ ਬਿਨੁ ਕਉਨ ਕਰੈ।
   ਗਰੀਬ ਨਿਵਾਜੁ ਗੁਸਾਈਆ ਮੇਰਾ ਮਾਥੈ ਛਤ੍ਰ ਧਰੈ।[691]
2. ਉਰਵਾਰ ਪਾਰ ਕੇ ਦਾਨੀਆ ਲਿਖਿ ਲੇਹੁ ਆਲ ਪਤਾਲੁ।
   ਮੋਹਿ ਜਮਡੰਡੁ ਨ ਲਾਗਈ ਤਜੀਲੇ ਸਰਬ ਜੰਜਾਲ ॥[692]

ਗੁਰੂ ਰਵਿਦਾਸ ਜੀ ਆਪਣੇ ਆਪ ਨੂੰ ਉਸ ਦਾਨਾ ਸਾਈਂ ਦਾ ਖਿਦਮਤਗਾਰ ਦੱਸਦੇ ਹਨ।[693] ਉਹ ਬ੍ਰਹਮ ਦਇਆਲ, ਕ੍ਰਿਪਾਲ, ਕ੍ਰਿਪਾਨਿਧ, ਦੀਨ ਬੰਧੂ ਅਤੇ ਰਘੁਰਾਈ ਹੈ।[699] ਉਸ ਦੀਨ ਦਾਤਾ ਤੋਂ ਵਿਛੜ ਕੇ ਰਾਤ ਦਿਨ ਬਿਤਾਉਣਾ ਔਖਾ ਹੋ ਜਾਂਦਾ ਹੈ:–

ਉਤਰੈ ਸੀਰੋਹ ਮੋਹਿ ਰੈਣ ਦਿਨ ਬਿਆਪੈ। ਦੀਨ ਦਾਤਾ ਕਹੂੰ ਕੌਨ ਉਪਾਈ ॥[695]

ਗੁਰੂ ਜੀ ਅਜਿਹੇ ਪਰਉਪਕਾਰੀ, ਕ੍ਰਿਪਾਲੂ ਅਤੇ ਕ੍ਰਿਪਾਨਿਧਿ ਰਾਮ ਰਾਜਾ ਦੇ ਚਰਨ ਸ਼ਰਨ ਵਿਚ ਜਾਣ ਨੂੰ ਬਿਹਤਰ ਸਮਝਦੇ ਹਨ। ਇਸ ਬਡਰਾਜਾ ਨੂੰ ਸਿਮਰਨ ਨਾਲ ਉਹ ਸਾਹਿਬ ਇੱਜ਼ਤ ਸਹਿਤ ਸੰਸਾਰਕ ਬੰਧਨਾਂ ਤੋਂ ਕੱਢ ਲੈਂਦਾ ਹੈ:–

1. ਤੇਰੀ ਚਰਨੀ ਸਰਨੀ ਪਰਉ ਰਾਮ ਰਾਜਾ।
   ਬਡੇ ਉਪਾਰੀ ਕ੍ਰਿਪਾਲ ਕ੍ਰਿਪਾ ਨਿਧਿ ਸਗਲ ਸੰਸਾਰ ਕੇ ਕਰਹਿ ਕਾਜਾ ॥[696]

2. ਕਹੈ ਰਵਿਦਾਸ ਸੁਮਿਰੋ ਬਡ ਰਾਜਾ। ਕਾਢਿ ਦਿਯੋ ਜਨ ਸਾਹਿਬ ਲਾਜਾ।।[697]

ਗੁਰੂ ਰਵਿਦਾਸ ਜੀ ਦੀ ਬਾਣੀ ਤੇ ਇਸਲਾਮ ਦੀ ਵਿਚਾਰਧਾਰਾ ਦਾ ਪ੍ਰਭਾਵ ਉਦੋਂ ਸਾਫ਼ ਵਿਖਾਈ ਦਿੰਦਾ ਹੈ ਜਦੋਂ ਉਹ ਬ੍ਰਹਮ ਨੂੰ 'ਸੁਲਤਾਨਾਂ ਦਾ ਸੁਲਤਾਨ' ਰੂਪ ਵਿਚ ਨਿਰੂਪਣ ਕਰਦੇ ਹਨ। ਉਸ ਤੋਂ ਵੱਡਾ ਦਾਨੀ ਹੋਰ ਕੋਈ ਨਹੀਂ। ਇਹ ਜੀਵ ਉਸਦੀ ਹੀ ਤਾਂ ਰਜ਼ਾ ਹੈ: -

1. ਯਾ ਰਾਮਾ ਏਕੁ ਤੂੰ ਦਾਨਾ, ਤੇਰਾ ਆਦਿ ਬੈਸਨੋਂ।।
ਤੂੰ ਸੁਲਿਤਾਨ ਸੁਲਿਤਾਨਾ, ਬੰਦਾ ਸਕਿਸਤਾ ਰਜਾਨਾ।।[698]

2. ਲਜਯਾ ਮੋਰਿ ਰਾਖੋ ਸਯਾਮ ਹਰਿ।
ਹਰਿ ਹਰਿ ਕ੍ਰਿਪਾ ਦ੍ਰੋਪਤਿ ਉਚਰੈ, ਬਿਲਮੁ ਨ ਕਰੋ ਹਰਿ।।
- - - - - - - - - - - - - - - - - - - - - -
ਕਹਿ ਰਵਿਦਾਸ ਜਿਹ ਸਰਨਾਗਤਿ, ਸਯਾਲ ਕੀ ਕਹਾ ਡਰਿ।।[699]

ਉਸ ਵਰਗਾ ਜਗਤ ਵਿਚ ਕੋਈ ਵੀ ਉਦਾਰਚਿੱਤ ਨਹੀਂ ਹੈ। ਉਹ ਗਰੀਬ ਨਿਵਾਜ ਤੇ ਗਰੀਬਾਂ ਦਾ ਰਖਵਾਲਾ ਹੈ:-

ਰਵਿਦਾਸ ਜਗਤ ਮਹਿ ਰਾਮ ਸਮ, ਕੋਊ ਨਾਹਿੰ ਉਦਾਰ।
ਗਨੀ ਗਰੀਬ ਨਿਵਾਜ ਪ੍ਰਭੂ, ਦੀਨਨ ਕੇ ਰਖਵਾਰ।।[700]

ਗੁਰੂ ਨਾਨਕ ਦੇਵ ਜੀ ਨੇ ਵੀ ਆਪਣੀ ਬਾਣੀ ਵਿਚ ਕਈ ਥਾਵਾਂ ਤੇ ਸੁਲਤਾਨ, ਬਾਦਸ਼ਾਹ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਹੈ। ਕਿਉਂ ਕਿ ਜਿਹੜਾ ਸਭ ਨੂੰ ਹੋਂਦ ਬਖਸ਼ਦਾ ਹੈ ਸਾਰਿਆਂ ਨੂੰ ਸਿਰਜਦਾ ਹੈ, ਉਸ ਤੋਂ ਵੱਡਾ ਸੁਲਤਾਨ ਜਾਂ ਦਾਤਾ ਹੋਰ ਕੌਣ ਹੋ ਸਕਦਾ ਹੈ? ਵਜੂਦ ਹੀ ਸਭ ਤੋਂ ਵੱਡੀ ਦਾਤ ਹੈ। ਇਹ ਦਾਤ ਉਹ ਪਰਮਾਤਮਾ ਸਾਰਿਆਂ ਨੂੰ ਬਿਨਾਂ ਮੰਗੇ ਹੀ ਦਿੰਦਾ ਹੈ। ਉਸ ਨਾਲ ਕਿਸੇ ਦਾ ਜੋਰ ਨਹੀਂ ਚਲਦਾ। ਇਹ ਤਾਂ ਸੁਤੇ ਸਿਧ ਹੀ ਪ੍ਰਾਪਤ ਹੁੰਦੀ ਹੈ, ਜਿਸ ਤੇ ਉਸ ਦੀ ਕ੍ਰਿਪਾ ਹੁੰਦੀ ਹੈ:-

1. ਦਾਤੇ ਸਾਹਿਬ ਸੰਦੀਆਂ ਕਿਆ ਚਲਹਿ ਤਿਸੁ ਨਾਲਿ।।
ਇਕ ਜਾਗੰਦੇ ਨਾ ਲਹੰਨਿ ਇਕਨਾ ਸੁਤਿਆ ਦੇਇ ਉਠਾਲਿ।।[701]

ਉਹ ਇਕ ਮਹਾਨ ਸੁਲਤਾਨ ਹੈ ਜਿਸ ਨੂੰ ਮਾਮੂਲੀ ਸਿਪਾਹਸਾਲਾਰ ਕਹਿ ਕੇ ਉਸ ਦੀ ਵਡਿਆਈ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਫਿਰ ਵੀ ਉਹ ਜੀਵ ਨੂੰ ਆਪ ਹੀ

ਬਲ ਦਿੰਦਾ ਹੈ ਕਿ ਉਸ ਦੇ ਗੁਣ ਗਾਇਣ ਕਰ ਸਕੇ:-

ਤੂ ਸੁਲਤਾਨ ਕਹਾ ਹਉ ਮੀਆ ਤੇਰੀ ਕਵਨ ਵਡਾਈ।।
ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖੁ ਕਹਣੁ ਨ ਜਾਈ।।[702]

ਉਹ ਪ੍ਰਭੂ ਆਪ ਹੀ ਦਇਆ ਦਾ ਘਰ ਹੈ, ਦਇਆ ਦਾ ਮਾਲਕ ਹੈ। ਇਨ੍ਹਾਂ ਜੀਵਾਂ ਦੇ ਵਸ ਕੁਝ ਵੀ ਨਹੀਂ। ਉਹ ਆਪ ਹੀ ਆਪਣੀ ਪ੍ਰੀਤ ਦੇਣ ਵਾਲਾ ਹੈ। ਜਿਸ ਤੇ ਉਸਦੀ ਮਿਹਰ ਹੋ ਜਾਂਦੀ ਹੈ ਉਸਨੂੰ ਸਭ ਨਿਧਾਨ ਪ੍ਰਾਪਤ ਹੋ ਜਾਂਦੇ ਹਨ। ਉਹ ਇੰਨਾ ਵੱਡਾ ਦਾਨੀ ਹੈ ਕਿ ਉਹ ਦੇਂਦਾ ਹੈ ਤੇ ਲੈਣ ਵਾਲੇ ਅੱਕ ਜਾਂਦੇ ਹਨ:-

1. ਤੂ ਦਇਆਲ ਦਇਆਪਤਿ ਦਾਤਾ, ਕਿਆ ਇਹ ਜੰਤ ਵਿਚਾਰੇ।।[703]
2. ਪਾਈਅਨਿ ਸਭਿ ਨਿਧਾਨ ਸਾਹਿਬ ਤੁਠਿਆਂ।।[704]
3. ਤੁਮ ਨਿਧਾਨ ਅਟਲ ਸੁਲਿਤਾਨ ਜੀਅ ਜੰਤ ਸਭਿ ਜਾਚੈ।।[705]
4. ਦੇਂਦਾ ਦੇ ਲੈਂਦੇ ਥਕਿ ਪਾਹਿ।।[706]

ਉਹ ਮਾਲਕ ਸੱਚਾ ਤੇ ਉਸ ਦਾ ਨਾਂ ਸੱਚਾ ਹੈ। ਜੀਵ ਉਸ ਕੋਲੋਂ ਦਾਤਾਂ ਦੀ ਮੰਗ ਕਰਦੇ ਹਨ ਤੇ ਉਹ ਦਾਤਾਂ ਬਖਸ਼ਦਾ ਹੈ। ਉਸਦੇ ਦਿਲ ਵਿਚ ਕਿਸੇ ਲਈ ਵੈਰ ਵਿਰੋਧ ਨਹੀਂ। ਉਹ ਤਾਂ ਸਭਨਾਂ ਜੀਵਾਂ ਲਈ ਹੀ ਇਕੋ ਦਾਤਾ ਹੈ। ਉਹ ਤਾਂ ਸਮੁੰਦਰ ਹੈ, ਸ਼ਾਹ ਹੈ, ਸੁਲਤਾਨ ਹੈ। ਉਸ ਦੇ ਪੱਲੇ ਬਹੁਤ ਸਾਰਾ ਮਾਲ, ਧਨ ਹੈ:-

1. ਸਾਚਾ ਸਾਹਿਬੁ ਸਾਚੁ ਨਾਇ।। ਭਾਖਿਆ ਭਾਉ ਅਪਾਰੁ।।
   ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰ।।[707]
2. ਸਭਨਾ ਜੀਆ ਕਾ ਇਕੁ ਦਾਤਾ।। ਸੋ ਮੈਂ ਵਿਸਰਿ ਨ ਜਾਈ।।[708]
3. ਸਮੁੰਦ ਸਾਹ ਸੁਲਤਾਨ।। ਗਿਰਹਾ ਸੇਤੀ ਮਾਲ ਧਨ।।[709]

ਉਹ ਤਾਂ ਸੁਲਤਾਨ ਦਾ ਵੀ ਸੁਲਤਾਨ ਹੈ। ਕਿਉਂ ਕਿ ਦੁਨੀਆਂ ਦੇ ਖਾਨ ਤੇ ਸੁਲਤਾਨ ਸਾਰੇ ਉਸ ਦੇ ਅਧੀਨ ਹਨ। ਸਾਰਾ ਜਗਤ ਹੀ ਉਸ ਦੇ ਹੁਕਮ ਵਿਚ ਹੈ। ਉਸ ਤੋਂ ਕੋਈ ਵੀ ਆਕੀ ਨਹੀਂ। ਉਹ ਬਾਦਸ਼ਾਹਾਂ ਦਾ ਵੀ ਬਾਦਸ਼ਾਹ ਹੈ। ਆਸਾ ਰਾਗ ਦੀ 'ਪੱਟੀ' ਨਾਮਕ ਰਚਨਾ ਵਿਚ ਸੰਸਾਰਿਕ ਪਰਪੰਚ ਦੇ ਨਿਰਮਾਤਾ ਪਰਮੇਸ਼ਰ ਨੂੰ 'ਪਾਤਿਸ਼ਾਹ' ਕਿਹਾ ਹੈ।

1. ਜਾ ਕੈ ਵਸਿ ਖਾਨ ਸੁਲਤਾਨ।। ਜਾ ਕੈ ਵਸਿ ਹੈ ਸਗਲ ਜਹਾਨ।।
ਜਾ ਕਾ ਕੀਆ ਸਭੁ ਕਿਛੁ ਹੋਇ।। ਤਿਸ ਤੇ ਬਾਹਰਿ ਨਾਹੀ ਕੋਇ।।[710]
2. ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ, ਨਾਨਕ ਰਹਣੁ ਰਜਾਈ।।[711]
3. ਪਪੈ ਪਾਤਿਸਾਹੁ ਪਰਮੇਸਰੁ ਵੇਖਣੁ ਕਉ ਪਰਪੰਚ ਕੀਆ।।[712]

ਉਸਦੇ ਚਰਨਾਂ ਵਿਚ ਚਿੱਤ ਜੋੜਨ ਨਾਲ ਸਾਰੀਆਂ ਮੁਰਾਦਾਂ ਹਾਸਲ ਹੋ ਜਾਂਦੀਆਂ ਹਨ। ਉਸ ਵਰਗਾ ਹੋਰ ਕੋਈ ਨਹੀਂ।ਸਾਰੇ ਉਸ ਦੇ ਦਰ ਤੇ ਮੰਗਤੇ ਹਨ। ਉਸ ਦਾ ਨਿਵਾਸ ਸਥਾਨ ਬਹੁਤ ਮਹਾਨ ਹੈ। ਉਹ ਪਰਮਾਤਮਾ ਆਪਣੇ ਤਖਤ ਤੇ ਬਿਰਾਜਮਾਨ ਹੈ। ਉਸਦੇ ਤਖਤ ਨੂੰ ਦਿਨ ਰਾਤ ਸਲਾਮ ਹੁੰਦੀ ਹੈ:—

1. ਸਗਲ ਮਨੋਰਥ ਪਾਈਅਹਿ ਮੀਤਾ।। ਚਰਨ ਕਮਲ ਸਿਉ ਲਾਈਐ ਚੀਤਾ।।[713]
2. ਕਿਸੁ ਪਹਿ ਦੇਖਿ ਕਹਉ ਤੂ ਕੈਸਾ ਸਭਿ ਜਾਚਕ ਤੂ ਦਾਤਾਰਾ।।[714]
3. ਜਿਥੈ ਵਸੈ ਮੇਰਾ ਪਾਤਿਸਾਹੁ ਸੋ ਕੇਵਡੁ ਹੈ ਥਾਉ।।[715]
4. ਤਖਤ ਬਹੈ ਤਖਤੈ ਕੀ ਲਾਇਕ --- ਤਖਤਿ ਸਲਾਮੁ ਹੋਵੈ ਦਿਨੁ ਰਾਤੀ।।[716]

ਪਰਮਸਤਾ ਸੰਬੰਧੀ ਸੁਲਤਾਨ ਦੀ ਕਲਪਣਾ ਇਸਲਾਮ ਧਰਮ ਵਿਚ ਵੀ ਹੋਈ ਹੈ। ਡਾ. ਰਤਨ ਸਿੰਘ ਜੱਗੀ ਲਿਖਦੇ ਹਨ ਕਿ ਗੁਰੂ ਨਾਨਕ ਦੇ ਯੁੱਗ ਵਿਚ ਮੁਸਲਮਾਨਾਂ ਦਾ ਰਾਜ ਸਥਾਪਤ ਹੋ ਚੁੱਕਾ ਸੀ ਅਤੇ ਦਿੱਲੀ ਦੇ ਸਾਸ਼ਕ ਸੁਲਤਾਨ ਕਹਾਉਂਦੇ ਸਨ। ਸਲਾਮ ਅਤੇ ਜੁਹਾਰ ਦਰਬਾਰੀ ਰੀਤ ਸੀ। ਗੁਰੂ ਨਾਨਕ ਦੇ ਪਰਮਾਤਮਾ ਸੰਬੰਧੀ ਸੁਲਤਾਨ ਦੇ ਸੰਬੰਧ ਵਿਚ ਉਕਤ ਪਰੰਪਰਾ ਆਪਣਾ ਕੁਝ ਨਾ ਕੁਝ ਹੱਥ ਜ਼ਰੂਰੀ ਰੱਖਦੀ ਹੈ ਜੋ ਅਲੰਕਾਰ ਵਿਧਾਨ ਦੇ ਰੂਪ ਵਿਚ ਗੁਰੂ ਜੀ ਦੁਆਰਾ ਯੁੱਗ ਦੇ ਪ੍ਰਭਾਵ ਨੂੰ ਚਿਤਰਤ ਕਰਦੀ ਪ੍ਰਤੀਤ ਹੁੰਦੀ ਹੈ।[717]

## 7. ਲੇਖਾ ਮੰਗਣ ਹਾਰ

ਮਨੁੱਖ ਨੂੰ ਆਪਣੇ ਕੀਤੇ ਕਰਮਾਂ ਦਾ ਲੇਖਾ ਜੋਖਾ ਜਰੂਰ ਦੇਣਾ ਪੈਂਦਾ ਹੈ। ਮਨੁੱਖ ਜੋ ਵੀ ਕਰਮ ਕਰਦਾ ਹੈ ਉਸ ਦੇ ਅਨੁਸਾਰ ਉਸ ਨੂੰ ਫਲ ਮਿਲਦਾ ਹੈ। ਮਨੁੱਖ ਨੂੰ ਆਪਣਾ ਕਰਮ ਜ਼ਰੂਰ ਭੋਗਣਾ ਪੈਂਦਾ ਹੈ। ਇਹ ਕਰਮ ਦਾ ਸਿਧਾਂਤ ਵੇਦਾਂ ਤੋਂ ਹੀ ਚਲਿਆ ਆਉਂਦਾ ਹੈ। ਹਿੰਦੂ ਮਤ ਅਨੁਸਾਰ ਕਰਮਾਂ ਦਾ ਹਿਸਾਬ ਰੱਖਣ ਲਈ ਪਰਮਾਤਮਾ ਨੇ ਚਿੱਤਰ-ਗੁਪਤ ਦੀ ਨਿਯੁਕਤੀ ਕੀਤੀ ਹੋਈ ਹੈ। ਗੀਤਾ ਵਿਚ ਵੀ ਭਗਵਾਨ ਕ੍ਰਿਸ਼ਨ ਨੇ ਨਿਸ਼ਕਾਮ ਕਰਮ ਕਰਨ ਦਾ ਸੰਦੇਸ਼

ਦਿੱਤਾ ਹੈ ਅਤੇ ਦੱਸਿਆ ਹੈ ਕਿ ਮਨੁੱਖ ਨੂੰ ਆਪਣੇ ਕੀਤੇ ਕਰਮਾਂ ਅਨੁਸਾਰ ਹੀ ਫਲ ਦੀ ਪ੍ਰਾਪਤੀ ਹੁੰਦੀ ਹੈ।

ਗੁਰੂ ਰਵਿਦਾਸ ਜੀ ਵੀ ਮਨੁੱਖ ਨੂੰ ਕਰਮਾਂ ਪ੍ਰਤੀ ਸੁਚੇਤ ਕਰਦੇ ਹਨ। ਕਰਮ-ਅਕਰਮ ਵਿਚਾਰਨ ਦਾ ਸੁਨੇਹਾ ਦਿੰਦੇ ਹਨ। ਪਰਮਾਤਮਾ ਨੇ ਕੀਤੇ ਕਰਮਾਂ ਦਾ ਲੇਖਾ ਜ਼ਰੂਰ ਲੈਣਾ ਹੈ ਤੇ ਜੀਵ ਨੂੰ ਇਹ ਲੇਖਾ ਦੇਣਾ ਪੈਣਾ ਹੈ।

1. ਸਾਹਿਬੁ ਲੇਖਾ ਲੇਸੀ, ਤੂੰ ਭਰਿ ਦੇਸੀ, ਭੀੜ ਪੜੈ ਤੁਝੁ ਤਾਹਿ ਬੇ।
   ਜਨ 'ਰਵਿਦਾਸ' ਕਹੈ ਬਣਿਜਾਰਿਆ, ਤੂੰ ਨਿਰਖਤ ਚਾਲਯਾ ਛਾਹ ਬੇ।[718]
2. ਸਾਹਿਬੁ ਤੇ ਪੈ ਲੇਖਾ ਲੇਸੀ, ਭੀਰਿ ਪਰਯਾ ਭਰਿ ਭਰਿ ਦੇਸੀ।।[719]

ਜੀਵ ਆਪਣੇ ਪੁੱਤਰਾਂ ਅਤੇ ਇਸਤ੍ਰੀ ਦਾ ਗਰੂਰ ਕਰਦਾ ਹੈ। ਪ੍ਰੰਤੂ ਪ੍ਰਭੂ ਕਰਮਾਂ ਦਾ ਹਿਸਾਬ ਪੁੱਤਰਾਂ ਅਤੇ ਇਸਤ੍ਰੀ ਤੋਂ ਨਹੀਂ ਸਗੋਂ ਉਸੇ ਜੀਵ ਤੋਂ ਲਵੇਗਾ। ਜੀਵ ਆਪਣੇ ਕਰਮਾਂ ਦੀ ਤਕਲੀਫ਼ ਸਹਿੰਦਾ ਹੈ। ਉਸ ਵੇਲੇ ਜੀਵ ਪ੍ਰੀਤਮ ਪ੍ਰਭੂ ਨੂੰ ਰੱਖਿਆ ਲਈ ਪੁਕਾਰਦਾ ਹੈ:-

ਪੁਤ੍ਰ ਕਲਤ੍ਰ ਕਾ ਕਰਹਿ ਅਹੰਕਾਰ, ਠਾਕੁਰ ਲੇਖਾ ਮਗਨ ਹਾਰੁ।
ਫੇੜੇ ਕਾ ਦੁਖੁ ਸਹੈ ਜੀਉ, ਪਾਛੇ ਕਿਸਹਿ ਪੁਕਾਰਹਿ ਪੀਉ ਪੀਉ।।[720]

ਜਦੋਂ ਜੀਵ ਦੇ ਕੀਤੇ ਕੀਤੇ ਕਰਮਾਂ ਦਾ ਲੇਖਾ ਜੋਖਾ ਹੁੰਦਾ ਹੈ ਤਾਂ ਉਸ ਦੇ ਕੀਤੇ ਚੰਗੇ ਮਾੜੇ ਕਰਮਾਂ ਅਨੁਸਾਰ ਹੀ ਫਲ ਮਿਲਦਾ ਹੈ। ਇਸ ਲਈ ਗੁਰੂ ਰਵਿਦਾਸ ਜੀ ਮਨੁੱਖ ਨੂੰ ਉਸ ਲੇਖੇ ਪ੍ਰਤੀ ਸੁਚੇਤ ਕਰਦੇ ਕਹਿੰਦੇ ਹਨ:-

1. ਕਹਿ ਰਵਿਦਾਸ ਭਇਓ ਜਬ ਲੇਖੋ।
   ਜੋਈ ਜੋਈ ਕੀਨੋ, ਸੋਈ ਸੋਈ ਦੇਖਿਓ।।[721]
2. ਸਾਹਿਬ ਲੇਖਾ ਮੰਗਿਆ ਬਣਿਜਾਰਿਆ।
   ਤੂੰ ਛਾਡਿ ਪੁਰਾਨੀ ਥੇਹ ਬੇ।।[722]

ਗੁਰੂ ਨਾਨਕ ਦੇਵ ਜੀ ਅਨੁਸਾਰ ਪਰਮਾਤਮਾ ਮਨੁੱਖ ਤੋਂ ਉਸਦੇ ਕੀਤੇ ਕਰਮਾਂ ਦਾ ਲੇਖਾ ਮੰਗੇਗਾ ਅਤੇ ਖੁਦ ਹੀ ਆਪਣੀ ਇੱਛਾ ਅਨੁਸਾਰ ਕਾਰ ਕਰਾਵੇਗਾ। ਪਰਮਾਤਮਾ

ਤੇ ਭਗਤਾਂ ਨੂੰ ਪਰਮਾਤਮਾ ਦੀ ਸੱਚੀ ਦਰਗਾਹ ਵਿਚ ਥਾਂ ਮਿਲ ਜਾਂਦੀ ਹੈ। ਉਨ੍ਹਾਂ ਦਾ ਲੇਖਾ ਜੋਖਾ ਇੱਜ਼ਤ ਨਾਲ ਪੂਰਾ ਹੋ ਜਾਂਦਾ ਹੈ ਅਤੇ ਪਰਮਾਤਮਾ ਦੇ ਨਾਮ ਦਾ ਚਾਨਣ ਉਨ੍ਹਾਂ ਦੇ ਹਿਰਦੇ ਵਿਚ ਹੋ ਜਾਂਦਾ ਹੈ। ਇੱਜ਼ਤ ਵਾਲੇ ਕਰਮਾਂ ਤੋਂ ਬਿਨਾਂ ਸਭ ਪੂਜਾ ਵਿਅਰਥ ਹੈ:-

1. ਆਪੇ ਲੇਖਾ ਮੰਗਸੀ ਆਪਿ ਕਰਾਏ ਕਾਰ॥[723]
2. ਸਾਚੀ ਦਰਗਹ ਬੈਸਈ ਭਗਤਿ ਸਚੀ ਅਰਦਾਸਿ ॥
   ਪਤਿ ਸਿਉ ਲੇਖਾ ਨਿਬੜੈ ਰਾਮ ਨਾਮੁ ਪਰਗਾਸਿ॥[724]
3. ਜਾ ਪਤਿ ਲੇਖੈ ਨਾ ਪਵੈ, ਸਭਾ ਪੂਜ ਖੁਆਰੁ॥[724ੳ]
4. ਨਾਨਕ ਸਚੁ ਖਰਾ ਸਾਲਾਹਿ, ਪਤਿ ਸਿਉ ਜਾਈਐ॥[725]

ਗੁਰੂ ਜੀ ਜੀਵ ਨੂੰ ਸੱਚੀ ਸਿੱਖਿਆ ਸੁਣਨ ਦੀ ਪ੍ਰੇਰਨਾ ਦਿੰਦੇ ਹਨ ਕਿਉਂ ਕਿ ਅੰਤਕਾਲ ਪਰਮਾਤਮਾ ਆਪਣੀ ਵਹੀ ਕੱਢ ਕੇ ਜੀਵ ਤੋਂ ਕਰਮਾਂ ਦਾ ਲੇਖਾ ਮੰਗੇਗਾ। ਕਾਲ ਉਥੇ ਦੰਡ ਦੇਣ ਲਈ ਤਿਆਰ ਹੋਕੇ ਆਇਆ ਹੋਇਆ ਹੋਵੇਗਾ। ਉਦੋਂ ਤੰਗ ਫੰਦੇ ਵਿਚ ਫਸੀ ਹੋਈ ਜੀਵਾਤਮਾ ਦੇ ਲਈ ਆਉਣਾ ਜਾਣਾ ਕਠਿਨ ਹੋ ਜਾਵੇਗਾ। ਝੂਠ ਦੀ ਹਾਰ ਹੋਵੇਗੀ ਅਤੇ ਸੱਚ ਦੀ ਜਿੱਤ ਹੋਵੇਗੀ।[726] ਉਥੇ ਜਿਹੜਾ ਹੱਥ ਕਰੇਗਾ ਉਹੀ ਹੱਥ ਭਰੇਗਾ। ਚਿੱਤਰਗੁਪਤ ਦੇ ਸਾਹਮਣੇ ਆਪਣੀ ਭੈੜੀ ਨੀਤ ਨੂੰ ਨਹੀਂ ਛੁਪਾ ਸਕੇਗਾ।

1. ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ॥ ਲੇਖਾ ਰਬ ਮੰਗੇਸੀਆ ਬੈਠਾ ਕਢਿ ਵਹੀ॥
   ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ॥ ਅਜਰਾਈਲੁ ਫਰੇਸਤਾ ਹੋਸੀ ਆਇ ਤਈ॥
   ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ॥ ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥
2. ਅਹਿ ਕਰੁ ਕਰੇ ਸੁ ਅਹਿ ਕਰਿ ਪਾਇ॥
   ਕੋਈ ਨ ਪਕੜੀਐ ਕਿਸੈ ਥਾਇ॥[727]
3. ਦੇਹਿ ਕਿਵਾੜ ਅਨਿਕ ਪੜਦੇ ਮਹਿ ਪਰਦਾਰਾ ਸੰਗਿ ਫਾਕੈ॥
   ਚਿਤ੍ਰ ਗੁਪਤ ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ॥[728]

ਜਿਹੜਾ ਜੀਵ ਆਪਣੇ ਗੁਰੂ-ਪੀਰ ਦੇ ਹੁਕਮ ਨੂੰ ਪਛਾਣਦਾ ਹੈ ਉਹ ਬਹਿਸ਼ਤ ਦਾ ਹੱਕਦਾਰ ਬਣ ਜਾਂਦਾ ਹੈ। ਅਜ਼ਰਾਈਲ ਉਸਨੂੰ ਦੋਜ਼ਕ ਵਿਚ ਨਹੀਂ ਸੁੱਟਦਾ। ਪਰ ਸਾਡਾ ਮਨ

ਮਸਤ ਹਾਥੀ ਦੀ ਤਰ੍ਹਾਂ ਅਮੋੜ ਹੈ। ਅਰਦਾਸ ਵੀ ਕਿਸ ਮੂੰਹ ਨਾਲ ਕਰੀਏ ? ਸਾਡੀਆਂ ਚੰਗਿਆਈਆਂ ਤੇ ਬੁਰਾਈਆਂ ਦਾ ਸੰਗ੍ਰਹਿ, ਉਸ ਵੇਲੇ ਸਾਡੀਆਂ ਕਰਤੂਤਾਂ ਦੇ ਗਵਾਹ ਮੌਜੂਦ ਹੁੰਦੇ ਹਨ:-

1. ਹਕੁ ਹਲਾਲੁ ਬਖੋਰਹੁ ਖਾਣਾ॥ ਦਿਲ ਦਰੀਆਉ ਧੋਵਹੁ ਮੈਲਾਣਾ॥
ਪੀਰ ਪਛਾਣੈ ਭਿਸਤੀ ਸੋਈ ਅਜਰਾਈਲੁ ਨ ਦੋਜ ਠਰਾ॥[729]
2. ਮਨ ਕੀ ਮਤਿ ਮਤਾਗਲੁ ਮਤਾ॥ ਜੋ ਕਿਛੁ ਬੋਲੀਐ ਸਭੁ ਖਤੋ ਖਤਾ॥
ਕਿਆ ਮੁਹੁ ਲੈ ਕੀਚੈ ਅਰਦਾਸਿ॥ ਪਾਪੁ ਪੁੰਨੁ ਦੁਇ ਸਾਖੀ ਪਾਸਿ॥[730]

ਅਜਿਹੇ ਜੀਵ ਜੂਨਾਂ ਵਿਚ ਭਟਕਦੇ ਰਹਿੰਦੇ ਹਨ, ਦੁੱਖ ਸਹਿੰਦੇ ਹਨ। ਹੇ ਜੀਵ ਸੱਚੇ ਪ੍ਰਭੂ ਨੂੰ ਵਿਸਾਰ ਕੇ ਇਹੋ ਕਰੜੀ ਸਜਾ ਭੁਗਤਣੀ ਪੈਂਦੀ ਹੈ। ਜੋ ਜੀਵ ਆਪਣਾ ਜੀਵਨ ਕਾਮ, ਕ੍ਰੋਧ ਦੇ ਅਧੀਨ ਗੁਜ਼ਾਰਦੇ ਹਨ ਅਤੇ ਜੋ ਲਬ, ਲੋਭ, ਮੋਹ ਆਦਿ ਦੇ ਪ੍ਰੇਰੇ ਹੋਏ ਝੂਠ ਬੋਲਦੇ ਹਨ, ਵਿਕਾਰਾਂ ਦੀ ਕੀਤੀ ਕਮਾਈ ਦਾ ਖੱਟਿਆ ਖਾਂਦੇ ਹਨ, ਫਿਰ ਜਦੋਂ ਜੀਵ ਦੀ ਕਰਤੂਤ ਦਾ ਲੇਖਾ ਮੰਗਿਆ ਜਾਂਦਾ ਹੈ ਤਾਂ ਅਜਿਹੇ ਜੀਵ ਜਗਤ ਤੋਂ ਜੀਵਨ ਵਿਅਰਥ ਗਵਾ ਕੇ ਤੁਰ ਜਾਂਦੇ ਹਨ:-

1. ਕੋਟਿ ਜਨਮ ਭ੍ਰਮਿ ਆਇਆ ਪਿਆਰੇ ਅਨਿਕ ਜੋਨਿ ਦੁਖੁ ਪਾਇ।
ਸਾਚਾ ਸਾਹਿਬੁ ਵਿਸਰਿਆ ਪਿਆਰੇ ਬਹੁਤੀ ਮਿਲੈ ਸਜਾਇ॥[731]
2. ਸਾਵਣੁ ਰਾਤਿ, ਅਹਾੜੁ ਦਿਹੁ, ਕਾਮ, ਕ੍ਰੋਧ ਦੁਇ ਖੇਤ॥
ਲਬੁ ਵਤ੍ਰ, ਦਰੋਗੁ ਬੀਉ, ਹਾਲੀ ਰਾਹਕੁ ਹੇਤ॥
ਹਲੁ ਬੀਚਾਰੁ, ਵਿਕਾਰ ਮਣ, ਹੁਕਮੀ ਖਟੇ ਖਾਇ॥
ਨਾਨਕ ਲੇਖੈ ਮੰਗਿਐ ਅਉਤੁ ਜਣੇਦਾ ਜਾਇ॥[732]

ਕਿਉਂਕਿ ਚਿਤ੍ਰ ਗੁਪਤ ਜੀਵਾਂ ਦੇ ਚੰਗੇ ਮੰਦੇ ਕਰਮਾਂ ਦਾ ਹਿਸਾਬ ਕਿਤਾਬ ਲਿਖਦੇ ਰਹਿੰਦੇ ਹਨ। ਕਿਸ ਤਰ੍ਹਾਂ ਸ੍ਰੀ ਪ੍ਰਭੂ ਜੀ ਪ੍ਰਭੂ ਭਗਤਾਂ ਲਈ ਚਿਤਰ ਗੁਪਤ ਦੀ ਸਜ਼ਾ ਤੋਂ ਬਚਾ ਲਈ ਭਗਤਾਂ ਨੂੰ ਪ੍ਰੇਰਦੇ ਰਹਿੰਦੇ ਹਨ ਕਿ ਜੇ ਈਸ਼ਵਰ ਦੀ ਕ੍ਰਿਪਾ ਹੋ ਜਾਵੇ ਤਾਂ ਪਾਪ ਵੀ ਪੁੰਨ ਵਿਚ ਬਦਲ ਜਾਂਦੇ ਹਨ ਤੇ ਫਿਰ ਚਿਤ੍ਰਗੁਪਤ ਪ੍ਰਭੂ ਦੇ ਭਗਤਾਂ ਵਲ ਅੱਖ ਪੁੱਟ ਕੇ ਵੀ ਨਹੀਂ ਤੱਕ ਸਕਦੇ। ਚਿਤ੍ਰਗੁਪਤ ਦਾ ਹਿਸਾਬ ਕਿਤਾਬ ਦਾ ਕਾਗਜ਼ ਪਾਟ ਜਾਂਦਾ ਹੈ, ਜਮਦੂਤਾਂ ਦੀ ਵੀ ਕੋਈ ਪੇਸ਼ ਨਹੀਂ ਜਾਂਦੀ ਉਹ ਬੜੀ ਇੱਜ਼ਤ ਨਾਲ ਪਰਮਾਤਮਾ ਦੀ ਦਰਗਾਹ ਵਿਚ ਜਾਂਦੇ ਹਨ:-

1. ਚਿਤ੍ਰ ਗੁਪਤ ਸਭ ਲਿਖਤੇ ਲੇਖਾ॥ ਭਗਤ ਜਨਾ ਕਉ ਦ੍ਰਿਸਟਿ ਨ ਪੇਖਾ।[733]
2. ਚਿਤ੍ਰ ਗੁਪਤ ਕਾ ਕਾਗਦੁ ਫਾਰਿਆ ਜਮਦੂਤਾ ਕਛੂ ਨ ਚਲੀ।

ਨਾਨਕ ਜਿਸੁ ਬੈਇ ਮਨ ਪ੍ਰੀਤਮ ਨਦਰੀ ਖੇਧ ਸਵਲੀ।।[734]

7. ਅੰਸ਼ੀ-ਰੂਪ ਬ੍ਰਹਮ

ਜੀਵ ਉਸ ਜੋਤਿ ਸਰੂਪ ਦਾ ਅੰਸ਼ ਮਾਤਰ ਹੈ। ਜੋ ਉਸ ਜੋਤਿ ਵਿਚੋਂ ਪੈਦਾ ਹੋਇਆ ਹੈ ਅਤੇ ਉਸੇ ਜੋਤਿ ਵਿਚ ਲੀਨ ਹੋ ਜਾਂਦਾ ਹੈ। ਗੁਰੂ ਰਵਿਦਾਸ ਜੀ ਨੇ ਵੀ ਪ੍ਰਭੂ ਨਾਲ ਆਪਣਾ ਅੰਸ਼-ਅੰਸ਼ੀ ਵਾਲਾ ਸੰਬੰਧ ਸਥਾਪਤ ਕੀਤਾ ਹੈ। ਇਸ ਅੰਸ਼ੀ ਸੰਬੰਧ ਰਾਹੀਂ ਉਹ ਸਦਾ ਹੀ ਪ੍ਰਭੂ ਦੇ ਚਰਨਾਂ ਵਿਚ ਰਹਿਣ ਦੀ ਲੋਚਾ ਕਰਦੇ ਹਨ। ਇਸ ਸੰਬੰਧ ਨੂੰ ਪ੍ਰਗਟ ਕਰਨ ਲਈ ਉਹ ਬੜੀ ਸੁੰਦਰ ਉਪਮਾ ਦਿੰਦੇ ਹੋਏ ਲਿਖਦੇ ਹਨ:-

1. ਪ੍ਰਭੂ ਜੀ ਤੁਮ ਚੰਦਨ ਹਮ ਪਾਨੀ, ਜਾਕੀ ਬਾਸ ਅੰਗ ਅੰਗ ਸਮਾਨੀ।
ਪ੍ਰਭੂ ਜੀ ਤੁਮ ਘਨ ਬਨ ਹਮ ਮੋਰਾ, ਜੈਸੇ ਚਿਤਵਤ ਚੰਦ ਚਕੋਰਾ।।
ਪ੍ਰਭੂ ਜੀ ਤੁਮ ਦੀਪਕ ਹਮ ਬਾਤੀ, ਜਾਕੀ ਜੋਤਿ ਬਰੈ ਦਿਨ ਰਾਤੀ।।
ਪ੍ਰਭੂ ਜੀ ਤੁਮ ਮੋਤੀ ਹਮ ਧਾਗਾ, ਜੈਸੇ ਸੋਨਹਿ ਮਿਲਤ ਸੁਹਾਗਾ।।
ਪ੍ਰਭੂ ਜੀ ਤੁਮ ਸੁਆਮੀ ਹਮ ਦਾਸਾ, ਐਸੀ ਭਗਤੀ ਕਰੈ ਰਵਿਦਾਸਾ।।[735]

ਗੁਰੂ ਨਾਨਕ ਦੇਵ ਜੀ ਵੀ ਜੀਵ ਆਤਮਾ ਨੂੰ ਉਸ ਜੋਤਿ ਸਰੂਪ ਦਾ ਅੰਸ਼ ਮੰਨਦੇ ਹਨ। ਗੁਰੂ ਜੀ ਅਨੁਸਾਰ ਸਾਰੇ ਜੀਵਾਂ ਅੰਦਰ ਉਸ ਮਹਾਨ ਜੋਤਿ ਦਾ ਪ੍ਰਕਾਸ਼ ਹੈ। ਹਰ ਜੀਵ ਅੰਦਰ ਵਿਚਰਦੀ ਜੋਤਿ ਉਸ ਮਹਾਨ ਜੋਤ ਦਾ ਅੰਸ਼ ਮਾਤਰ ਹੈ। ਕਿਉਂਕਿ ਉਹ ਪਰਮਾਤਮਾ ਨਾਸ਼ ਰਹਿਤ ਹੈ, ਜਦੋਂ ਉਸ ਨੇ ਆਪਣੀ ਜੋਤਿ ਵਿਚੋਂ ਅੰਸ਼, ਮਾਤਰ ਜੀਵ ਅੰਦਰ ਰੱਖੀ ਤਾਂ ਹੀ ਇਹ ਸਰੀਰ ਹਿੱਲ ਆਇਆ:-

1. ਸਭ ਮਹਿ ਜੋਤਿ ਜੋਤਿ ਹੈ ਸੋਇ, ਤਿਸਦੈ ਚਾਨਣ ਸਭ ਮਹਿ ਚਾਨਣੁ ਹੋਇ।।[736]
2. ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ, ਅਕਲ ਕਲਾ ਭਰਪੂਰਿ ਰਹਿਆ।।[737]
3. ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ।
ਹਰਿ ਜੋਤਿ ਰਖੀ ਤੁਧੁ ਵਿਚ, ਤਾ ਤੂ ਜਗ ਮਹਿ ਆਇਆ।।[738]

੮. ਭਗਤ ਰੱਖਿਅਕ ਪ੍ਰਭੂ

ਗੁਰੂ ਰਵਿਦਾਸ ਦਾ ਪ੍ਰਭੂ ਆਪਣੇ ਭਗਤਾਂ ਦੀ ਪੈਜ ਰਖਦਾ ਹੈ। ਉਹ ਆਪਣੇ ਭਗਤਾਂ

ਨੂੰ ਨੇੜੇ ਹੋਕੇ ਤੱਕਦਾ ਹੈ। ਉਨ੍ਹਾਂ ਦੇ ਦੁੱਖਾਂ, ਸੁੱਖਾਂ, ਪੀੜਿਆਂ ਤੇ ਕਸ਼ਟਾਂ ਦਾ ਨਿਵਾਰਣ ਕਰਦਾ ਹੈ। ਉਹ ਦੂਰ ਬੈਠਾ ਹੀ ਆਪਣੇ ਭਗਤਾਂ ਦੇ ਵਿਗੜਦੇ ਕੰਮ ਵੇਖਦਾ ਹੈ। ਦੁਰਜੋਧਨ ਦੀ ਸਭਾ ਵਿਚ ਕੁਰਮ ਦੇ ਰੰਗ ਵਿਚ ਰੰਗੀ ਦਰੋਪਦੀ ਦੀ ਲਾਜ ਉਸੇ ਪ੍ਰਭੂ ਨੇ ਰੱਖੀ ਸੀ। ਸੁਦਾਮੇ ਦੀ ਦਸ਼ਾ ਵੇਖ ਕੇ ਹੰਝੂ ਸੁੱਟਣ ਵਾਲਾ, ਭੀਲਣੀ ਦੇ ਜੂਠੇ ਬੇਰ ਚੱਖਣ ਵਾਲਾ, ਖੰਭ ਪਾੜ ਕੇ ਪ੍ਰਹਿਲਾਦ ਭਗਤ ਦੀ ਰੱਖਿਆ ਕਰਨ ਵਾਲਾ, ਧਰੂਵ ਨੂੰ ਅਟਲ ਪਦ ਦੇਣ ਵਾਲਾ, ਦੁਰਯੋਧਨ ਦਾ ਖਟਰਸ ਭੋਜਨ ਤਿਆਗ ਕੇ ਦਾਸ ਬਿਦਰ ਦਾ ਮਾਣ ਵਧਾਉਣ ਵਾਲਾ ਉਹ ਪ੍ਰਭੂ ਹੀ ਹੈ।[739] ਸਬਰੀ, ਗੀਧ, ਅਜਾਮਿਲ, ਸਧਨਾ ਤੇ ਗਨਕਾ ਨੂੰ ਤਾਰਨ ਵਾਲਾ ਵੀ ਉਹ ਹੀ ਪ੍ਰਭੂ ਹੈ।[740] ਇਨ੍ਹਾਂ ਤੋਂ ਬਿਨਾਂ ਹੋਰ ਬਹੁਤ ਸਾਰੇ ਪਾਪੀ ਲੋਕਾਂ ਨੂੰ ਤਾਰਨ ਵਾਲਾ ਵੀ ਉਸ ਤੋਂ ਬਿਨਾਂ ਹੋਰ ਕੋਈ ਨਹੀਂ:–

1. ਐਸੀ ਜਿਨ ਕਰਿ ਹੋ ਮਹਾਰਾਜ। ਦੂਰਿ ਮਾਹੀ ਤੁਮ ਬੈਠੇ ਦੇਖੈ, ਬਿਗਰਤ ਹੈਸੋ ਕਾਜ,
ਦ੍ਰੋਪਤ ਸੁਤਾ ਕੀ ਤੁਮ ਨੂੰ ਦੇਖਤ, ਖੈਂਚ ਲਈ ਸਬ ਲਾਜ।
ਬਰਸ ਸਹੰਸ ਦਸ ਜੁਧ ਕਰਾਯੋ, ਜੁਗਲ ਉਧਾਰਣ ਕਾਜ।।
ਪ੍ਰਹਲਾਦਿ ਭਗਤਿ ਕੂੰ ਛਿਨਿ ਛਿਨਿ ਤਾਰੇ, ਬੋਹੋਰਿ ਸੁਧਾਰੈ ਕਾਜ।
ਬਾਲ ਸਖਾ ਜਲ ਮਾਹਿ ਡਬੋਯੋ, ਤਾਰਯੋ ਬਿਨੁ ਹੀ ਜਹਾਜ।
ਉਨ ਭਗਤਨ ਕੂੰ ਛਿਨਿ ਛਿਨਿ ਤਾਰਯੋ, ਜਯੂੰ ਤਾਰਯੋ ਤਯੂੰ ਸਾਜ।।[741]

ਉਹ ਪਰਮਾਤਮਾ ਦਿਆਲ ਸਰੂਪ, ਕ੍ਰਿਪਾਲੂ, ਕਰੁਣਾਨਿਧੀ ਅਤੇ ਦੀਨ ਬੰਧੂ ਹੈ। ਉਹ ਬੜਾ ਪਰਉਪਕਾਰੀ ਅਤੇ ਕ੍ਰਿਪਾਨਿਧੀ ਹੈ। ਉਹ ਸਾਰੇ ਸੰਸਾਰ ਦੇ ਕਾਰਜ ਕਰਦਾ ਹੈ। ਗੁਰੂ ਰਵਿਦਾਸ ਜੀ ਇਹੋ ਜਿਹੇ ਪ੍ਰਭੂ ਦੇ ਦਰਸ਼ਨਾਂ ਦੀ ਛੋਹ ਮੰਗਦੇ ਹਨ। ਉਹ ਆਪਣੇ ਭਗਤਾਂ ਦੀ ਰੱਖਿਆ ਲਈ ਅਨੇਕ ਰੂਪ ਧਾਰਨ ਕਰ ਲੈਂਦਾ ਹੈ। ਜੋ ਵੀ ਉਸ ਦੀ ਸ਼ਰਨ ਵਿਚ ਜਾ ਪੈਂਦਾ ਹੈ ਉਹ ਉਸ ਨੂੰ ਜ਼ਰੂਰ ਨਿਵਾਜਦਾ ਹੈ।[742]

ਜਿਸ ਦੀ ਛੋਹ ਦੁਨੀਆਂ ਨੂੰ ਪਲੀਤ ਕਰ ਦਿੰਦੀ ਹੈ। ਉਸ ਉੱਤੇ ਵੀ ਉਹ ਪ੍ਰਭੂ ਆਪ ਹੀ ਪਸੀਜਦਾ ਹੈ। ਉਹ ਸੁਆਮੀ ਕਿਸੇ ਤੋਂ ਡਰਦਾ ਨਹੀਂ। ਉਹ ਤਾਂ ਨੀਵਿਆਂ ਨੂੰ ਵੀ ਉੱਚੀ ਪਦਵੀ ਬਖਸ਼ ਦਿੰਦਾ ਹੈ। ਕਬੀਰ, ਤਿਰਲੋਚਨ, ਸਧਨਾ ਅਤੇ ਸੈਨ ਨੇ ਉਸੇ ਦੀ ਮਿਹਰ ਸਦਕਾ ਇਸ ਸੰਸਾਰ ਰੂਪੀ ਸਮੁੰਦਰ ਨੂੰ ਪਾਰ ਕੀਤਾ:–

ਜਾਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀ ਢਰੈ।
ਨੀਚਹੁ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ।।

ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ।
ਕਹਿ ਰਵਿਦਾਸ ਸੁਨਹੁ ਰੇ ਸੰਤਹੁ, ਹਰਿ ਜੀਉ ਤੇ ਸਭੈ ਸਰੈ।।[743]

ਇਸ ਤਰ੍ਹਾਂ ਗੁਰੂ ਰਵਿਦਾਸ ਦਾ ਪ੍ਰਭੂ ਸਿਰਜਨਹਾਰ ਹੋਣ ਦੇ ਨਾਲ ਨਾਲ ਉਨ੍ਹਾਂ ਦੀ ਰੱਖਿਆ ਤੇ ਪਾਲਣਾ ਦਾ ਕੰਮ ਵੀ ਕਰਦਾ ਹੈ। ਡਾ. ਬੀ.ਪੀ.ਸ਼ਰਮਾ ਗੁਰੂ ਰਵਿਦਾਸ ਨੂੰ ਸਗੁਣ ਭਗਤ ਸਿੱਧ ਕਰਦੇ ਹੋਏ ਲਿਖਦੇ ਹਨ, " ਗੁਰੂ ਰਵਿਦਾਸ ਜੀ ਕਬੀਰ ਦੀ ਤਰ੍ਹਾਂ ਨਿਰਗੁਣੀ ਸੰਤ ਨਹੀਂ ਸਨ, ਸਗੋਂ ਬ੍ਰਹਮ ਦੇ ਸਗੁਣ ਨਿਰਗੁਣ ਰੂਪ ਵਿਚ ਉਹ ਸਮਾਨ ਭਾਵਨਾ ਰੱਖਦੇ ਸਨ।[744]

ਪਰ ਅਸਲ ਵਿਚ ਅਜਿਹਾ ਨਹੀਂ। ਉਨ੍ਹਾਂ ਦੀ ਬਾਣੀ ਵਿੱਚ, ਉਨ੍ਹਾਂ ਨੇ ਸਗੁਣ ਬ੍ਰਹਮ ਨੂੰ ਵੀ ਉਹੀ ਸਥਾਨ, ਦਿੱਤਾ ਹੈ ਜੋ ਨਿਰਗੁਣ ਬ੍ਰਹਮ ਨੂੰ। 'ਨੀਚਹੁ ਊਚ ਕਰੈ ਮੇਰਾ ਗੋਬਿੰਦ' 'ਲਜਿਆ ਮੋਰਿ ਰਾਖੋ ਸੁਆਮ' ਅਤੇ ਤੁਮਹੁ ਦਯਾਲ ਕ੍ਰਿਪਾਲ ਕਰੁਣਾ ਨਿਧ' ਆਦਿ ਵਾਲੇ ਪਦ ਇਸ ਦਾ ਠੋਸ ਸਬੂਤ ਹਨ।

<u>ਬਨਵਾਰੀ</u>

ਪਾਰ ਪਰਮ ਪਦ ਮਾਂਝਿ ਮੁਰਾਰੀ, ਤਾਂ ਮੈਂ ਆਪ ਰਮੈਂ ਬਨਵਾਰੀ।।[745]

ਵਿਸ਼ਨੂੰ ਪੁਰਾਣ ਅਨੁਸਾਰ ਸੰਸਾਰ ਵਿਚ ਪਾਪ ਬੁੱਧੀ ਦਾ ਅੰਤ ਕਰਨ ਅਤੇ ਸਦਗੁਣਾਂ ਦੀ ਰੱਖਿਆ ਲਈ ਸਮੇਂ ਸਮੇਂ ਪ੍ਰਭੂ ਖੁਦ ਮਾਨਵ-ਰੂਪ ਧਾਰਣ ਕਰਕੇ ਸ੍ਰਿਸ਼ਟੀ ਵਿਚ ਅਵਤਾਰ ਲੈਂਦਾ ਹੈ ਕਦੇ ਕਦੇ ਪ੍ਰਭੂ ਰੱਬੀ ਜੀਵਾਂ ਅਤੇ ਭਗਤਾਂ ਤੇ ਆਈ ਭੀੜ ਦਾ ਨਿਵਾਰਣ ਕਰਨ ਲਈ ਵੀ ਉਹ ਕਿਸੀ ਨਾ ਕਿਸੀ ਭੂਤ ਜਾਂ ਆਕਾਰ ਨੂੰ ਧਾਰਣ ਕਰਦਾ ਰਿਹਾ ਹੈ।[745]

ਗੁਰਬਾਣੀ ਵਿਚ ਭਾਵੇਂ ਅਵਤਾਰਵਾਦ ਦਾ ਖੰਡਨ ਕੀਤਾ ਗਿਆ ਹੈ। ਪਰ ਪਰਮਾਤਮਾ ਨੂੰ ਆਪਣੇ ਭਗਤਾਂ ਦਾ ਰੱਖਿਅਕ ਜ਼ਰੂਰ ਦੱਸਿਆ ਗਿਆ ਹੈ। ਗੁਰਬਾਣੀ ਵਿਚ ਭਗਤ ਪ੍ਰਹਿਲਾਦ ਦਾ ਵਾਰ ਵਾਰ ਜ਼ਿਕਰ ਹੋਇਆ ਹੈ। ਜਿਸ ਦਾ ਇਕ ਮਾਤਰ ਉਦੇਸ਼ ਜੀਵਾਂ ਤੇ ਇਹ ਪ੍ਰਭਾਵ ਪਾਉਣ ਦਾ ਹੈ ਕਿ ਪ੍ਰਭੂ ਆਪਣੇ ਭਗਤਾਂ ਦੀ ਮਰਿਆਦਾ ਦੀ ਰੱਖਿਆ ਕਰਦਾ ਹੈ। ਪ੍ਰਹਿਲਾਦ ਦੇ ਪਿਤਾ ਹਰਣਾਖਸ਼ ਨੇ ਹੰਕਾਰ ਵਸ ਆਪਣੇ ਰਾਜ ਵਿਚ ਪ੍ਰਭੂ-ਨਾਮ ਸਿਮਰਨ ਦੀ ਮਨਾਹੀ

ਕਰ ਦਿੱਤੀ। ਕਿਉਂ ਕਿ ਉਸਨੂੰ ਮੌਤ ਤੇ ਜਿੱਤ ਦਾ ਵਰਦਾਨ ਪ੍ਰਾਪਤ ਸੀ। ਉਸਨੂੰ ਅਸਤਰ-ਸ਼ਾਸਤਰ ਨਾਲ ਨਹੀਂ ਸੀ ਮਾਰਿਆ ਜਾ ਸਕਦਾ। ਜਦ ਰਾਜ ਵਿਚ ਸਾਰਿਆਂ ਨੇ ਆਗਿਆ ਦਾ ਪਾਲਣ ਕਰਦੇ ਹੋਏ ਪ੍ਰਭੂ-ਨਾਮ ਦਾ ਤਿਆਗ ਕਰ ਦਿੱਤਾ ਤਾਂ ਉਸੇ ਦੇ ਪੁੱਤਰ ਪ੍ਰਹਿਲਾਦ ਨੇ ਵਿਦਰੋਹ ਕਰ ਦਿੱਤਾ। ਉਸ ਨੂੰ ਮਾਰਨ ਲਈ ਕਈ ਢੰਗ ਤਰੀਕੇ ਅਪਣਾਏ ਗਏ, ਪਰ ਅਸਫਲ। ਅੰਤ ਉਸ ਨੂੰ ਗਰਮ ਲੋਹ-ਸਤੰਭ ਨੂੰ ਜੱਫੀ ਪਾਉਣ ਲਈ ਮਜਬੂਰ ਕੀਤਾ ਗਿਆ। ਸਤੰਭ ਵਿਚ ਪ੍ਰਭੂ ਨੇ ਨਰ ਸਿੰਘ ਦਾ ਰੂਪ ਧਾਰਨ ਕਰਕੇ ਆਪਣੇ ਭਗਤ ਪ੍ਰਹਿਲਾਦ ਦੀ ਰੱਖਿਆ ਕੀਤੀ। ਧ੍ਰੂ ਪੰਜ ਸਾਲਾਂ ਦਾ ਅਨਾਥ ਬੱਚਾ ਸੀ। ਹਰਿਨਾਮ ਸਿਮਰਿਆਂ ਉਸ ਨੇ ਅਟਲ ਪਦਵੀ ਪ੍ਰਾਪਤ ਕਰ ਲਈ। ਅਜਾਮਲ ਆਪਣੇ ਪੁੱਤਰ ਨੂੰ ਵਾਜ ਮਾਰਨ ਦੀ ਖ਼ਾਤਰ 'ਨਾਰਾਇਣ', ਨਾਰਾਇਣ ਕਿਹਾ ਕਰਦਾ ਸੀ, ਉਸਨੇ ਜਮਦੂਤਾਂ ਨੂੰ ਮਾਰਕੇ ਭਜਾ ਦਿੱਤਾ। ਪ੍ਰਭੂ ਦੀ ਮਿਹਰ ਨਾਲ ਬਾਲਮੀਕ ਚੰਡਾਲ ਸੰਸਾਰ ਸਮੁੰਦਰ ਤੋਂ ਪਾਰ ਲੰਘ ਗਿਆ। ਭਗਤ ਪ੍ਰਹਿਲਾਦ ਦੀ ਰੱਖਿਆ ਖ਼ਾਤਰ ਹਰਣਾਖਸ਼ ਨੂੰ ਨਹੁੰਆਂ ਨਾਲ ਚੀਰ ਦਿੱਤਾ:-

1. ਪਾਂਚ ਬਰਖ ਕੋ ਅਨਾਥੁ ਧ੍ਰੂ ਬਾਰਿਕ ਹਰਿ ਸਿਮਰਤ ਅਮਰ ਅਟਾਰੇ॥
ਪੁਤ੍ਰ ਹੇਤਿ ਨਾਰਾਇਣ ਕਹਿਓ ਜਮ ਕੰਕਰ ਮਾਰ ਬਿਦਾਰੇ॥
\- - - - - - - - - - - - - - - - - - - -
ਕੀਨੀ ਰਖਿਆ ਭਗਤ ਪ੍ਰਹਿਲਾਦੈ ਹਰਨਾਖਸ ਨਖਹਿ ਬਿਦਾਰੇ॥
ਬਿਦਰੁ ਦਾਸੀ ਸੁਤੁ ਭਇਓ ਪੁਨੀਤਾ ਸਗਲੇ ਕੁਲ ਉਜਾਰੇ॥[747]

2. ਦੁਰਮਤਿ ਹਰਣਾਖਸੁ ਦੁਰਾਚਾਰੀ॥ ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ॥
ਪ੍ਰਹਲਾਦ ਉਧਾਰੇ ਕਿਰਪਾ ਧਾਰੀ॥[748]

3. ਭਗਤਿ ਵਛਲੁ ਹਰਿ ਨਾਮੁ ਕ੍ਰਿਤਾਰਥੁ ਗੁਰਮੁਖਿ ਕ੍ਰਿਪਾ ਕਰੇ॥
ਮੇਰੇ ਮਨ ਨਾਮੁ ਜਪਤ ਉਧਰੇ॥
ਧ੍ਰੂ ਪ੍ਰਹਿਲਾਦ ਬਿਦਰੁ ਦਾਸੀ ਸੁਤੁ ਗੁਰਮੁਖਿ ਨਾਮਿ ਤਰੇ॥[749]

ਮਾਲਕ ਪ੍ਰਭੂ ਤਾਂ ਆਪਣੇ ਭਗਤਾਂ ਦਾ ਪਿਆਰਾ ਹੈ, ਉਹ ਤਾਂ ਸਭ ਜੀਵਾਂ ਦਾ ਪਾਰ ਉਤਾਰਾ ਕਰਨ ਵਾਲਾ ਹੈ। ਉਹ ਆਪਣੇ ਭਗਤਾਂ ਦੀ ਹਰ ਆਸ ਪੂਰੀ ਕਰਦਾ ਹੈ, ਉਹ ਆਪਣੇ ਸੇਵਕਾਂ ਦੀ ਸਦਾ ਲਾਜ ਰੱਖਦਾ ਹੈ। ਪਰ ਗੁਰਮੁਖ ਹੀ ਇਸ ਭੇਦ ਨੂੰ ਸਮਝ ਸਕਦੇ ਹਨ। ਉਸ ਦੇ ਭਗਤਾਂ ਨੂੰ ਜਮਦੂਤ ਵੀ ਜੋਹ ਨਹੀਂ ਸਕਦਾ ਤੇ ਨਾਹੀ ਕਾਲ ਨੇੜੇ ਆਉਂਦਾ ਹੈ। ਭਗਤਾਂ ਦੇ ਮਨ ਵਿਚ ਪਰਮਾਤਮਾ ਦੇ ਨਾਮ ਦਾ ਵਾਸਾ ਹੁੰਦਾ ਹੈ। ਸਾਰੀਆਂ ਰਿਧੀਆਂ ਸਿਧੀਆਂ ਭਗਤਾਂ ਦੇ ਪੈਰੀ ਪੈਂਦੀਆਂ ਹਨ। ਭਗਤਾਂ ਵਿਚ ਖੁਦ ਉਸ ਪ੍ਰਭੂ ਦਾ ਵਾਸਾ ਹੁੰਦਾ ਹੈ:-

1. ਭਗਤ ਜਨਾ ਕਾ ਪ੍ਰੀਤਮ ਪਿਆਰਾ॥ ਸਭੈ ਉਧਾਰਣੁ ਖਸਮ ਹਮਾਰਾ॥
ਸਿਮਰਿ ਨਾਮੁ ਪੁੰਨੀ ਸਭ ਇੱਛਾ ਜਨ ਨਾਨਕ ਪੈਜ ਰਖਾਈ ਹੈ॥[750]
2. ਭਗਤਾਂ ਦੀ ਤੂੰ ਸਦਾ ਰਖਦਾ ਹਰਿ ਜੀਉ ਧੁਰਿ ਤੂ ਰਖਦਾ ਆਇਆ॥
ਪ੍ਰਹਿਲਾਦ ਜਨ ਤੁਧੁ ਰਾਖਿ ਲਏ ਹਰਿ ਜੀਉ ਹਰਣਾਖਸੁ ਮਾਰਿ ਪਚਾਇਆ॥
ਗੁਰਮੁਖਾਂ ਨੂੰ ਪਰਤੀਤਿ ਹੈ ਹਰਿ ਜੀਉ ਮਨਮੁਖ ਭਰਮਿ ਭੁਲਾਇਆ॥
- - - - - - - - - - - - - - - - - - - - - - -
ਭਗਤਾ ਵਿਚਿ ਆਪਿ ਵਰਤਦਾ ਪ੍ਰਭੂ ਜੀ ਭਗਤੀ ਹੂ ਤੂ ਜਾਤਾ॥[751]

ਪ੍ਰਭੂ ਤਾਂ ਦੀਨਾਂ ਉਤੇ ਦਇਆ ਕਰਨ ਵਾਲਾ ਹੈ, ਕ੍ਰਿਪਾ ਦਾ ਘਰ ਹੈ। ਉਸਦੇ ਭਗਤਾਂ ਨੂੰ ਉਸ ਦੇ ਨਾਮ ਦਾ ਹੀ ਆਸਰਾ ਹੁੰਦਾ ਹੈ। ਉਹ ਪ੍ਰਭੂ ਹੀ ਜੀਵ ਨੂੰ ਮੰਦੇ ਕਰਮਾਂ ਤੋਂ ਬਚਾ ਸਕਦਾ ਹੈ। ਪਰ ਇਸ ਲਈ 'ਸਚੁ ਕਰਨੀ' ਦੀ ਜ਼ਰੂਰਤ ਹੈ। ਪਰਮ ਪਦ ਦੀ ਪ੍ਰਾਪਤੀ ਲਈ ਆਪਣਾ ਮਨ ਗੁਰ ਚਰਨਾਂ ਵਿਚ ਜੋੜ ਕੇ ਅਹੰਕਾਰ ਨਿਵਿਰਤ ਹੋਣ ਦੀ ਜਰੂਰਤ ਹੈ। ਇਸੇ ਰਸਤੇ ਤੇ ਚੱਲਕੇ ਅਨੇਕ ਭਗਤਾਂ ਦਾ ਨਿਸਤਾਰਾ ਹੋਇਆ। ਹਰੀ ਦਾ ਜਸ ਹੀ ਸੰਤ ਭਗਤਾਂ ਨੂੰ ਭਵਸਾਗਰ ਤੋਂ ਪਾਰ ਲੰਘਾ ਸਕਦਾ ਹੈ:-

1. ਦੀਨ ਦਇਆਲ ਕ੍ਰਿਪਾਲ ਪ੍ਰਭ ਠਾਕੁਰ ਭਗਤ ਟੇਕ ਹਰਿ ਨਾਇਆ॥
ਨਾਨਕ ਆਹਿ ਸਰਣ ਪ੍ਰਭ ਆਇਓ ਰਾਖੁ ਲਾਜ ਅਪਨਾਇਆ॥[752]
2. ਰਹੈ ਨਿਰਾਲਮੁ ਏਕਾ ਸਚੁ ਕਰਣੀ॥ ਪਰਮਪਦੁ ਪਾਇਆ ਸੇਵਾ ਗੁਰ ਚਰਣੀ॥
ਮਨ ਤੇ ਮਨੁ ਮਾਨਿਆ ਚੂਕੀ ਅਹੰ ਭ੍ਰਮਣੀ॥
ਇਨੁ ਬਿਧਿ ਕਉਣੁ ਕਉਣੁ ਨਹੀ ਤਾਰਿਆ॥ ਹਰਿ ਜਸਿ ਸੰਤ ਭਗਤ ਨਿਸਤਾਰਿਆ[753]
3. ਕਉਣੁ ਕਉਣੁ ਅਪਰਾਧੀ ਬਖਸਿਅਨੁ ਪਿਆਰੇ ਸਾਚੈ ਸਬਦਿ ਵੀਚਾਰਿ॥
ਭਉਜਲੁ ਪਾਰਿ ਉਤਾਰਿਅਨੁ ਭਾਈ ਸਤਿਗੁਰ ਬੇੜੈ ਚਾੜਿ॥[754]

## 9. ਪ੍ਰਤੀਕ ਰੂਪ ਬ੍ਰਹਮ

ਗੁਰੂ ਰਵਿਦਾਸ ਦੀ ਨਜ਼ਰ ਵਿਚ ਸਾਰੇ ਸੰਸਾਰ ਵਿਚ ਉਸ ਵਰਗਾ ਕੋਈ ਨਹੀਂ, ਜਿਸ ਨਾਲ ਉਸ ਦੀ ਤੁਲਨਾ ਕੀਤੀ ਜਾ ਸਕੇ, ਪਰ ਫਿਰ ਵੀ ਭਗਤੀ ਭਾਵ ਵਿਚ ਰੰਗੇ ਹੋਏ ਗੁਰੂ ਰਵਿਦਾਸ ਜੀ ਪਾਰਸ, ਲੈਨਖੜੀ, ਪੁਸ਼ਪ ਦੀ ਸੁਗੰਧੀ, ਸਵਾਂਤ ਬੂੰਦ, ਬਾਜ਼ੀਗਰ, ਜਲ,

ਚੰਦਨ, ਬੱਦਲ, ਮੋਤੀ, ਦੀਪਕ ਆਦਿ ਉਪਮਾਵਾਂ ਰਾਹੀਂ ਬ੍ਰਹਮ ਨਾਲ ਆਪਣਾ ਡੂੰਘਾ ਰਿਸ਼ਤਾ ਪ੍ਰਗਟ ਕਰਦੇ ਹਨ। ਬ੍ਰਹਮ ਸਵਾਂਤ ਬੂੰਦ ਹੈ, ਜਿਸਦੀ ਪ੍ਰਾਪਤੀ ਲਈ ਸਾਧਕ ਚਾਤ੍ਰਿਕ ਦੀ ਨਿਆਈਂ ਤੜਫਦਾ ਹੈ। ਸਾਧਕ ਜਲ ਦੀ ਲਹਿਰ ਦਾ ਜਲ ਵਿੱਚ ਸਮਾ ਜਾਣ ਦੀ ਤਰ੍ਹਾਂ ਉਸ ਪ੍ਰਭੂ ਨਾਲ ਇਕਮਿਕ ਹੋਣਾ ਲੋਚਦਾ ਹੈ। ਜਿਵੇਂ ਜਲ ਦੀ ਬੂੰਦ ਤੋਂ ਮੋਤੀ ਉਪਜਦਾ ਹੈ ਇਵੇਂ ਹੀ ਸੰਗਤ ਵਿਚ ਜਾਕੇ ਸਾਧਕ ਮੋਤੀ ਬਣ ਜਾਂਦਾ ਹੈ:-

1. ਜਲ ਕੇ ਤਰੰਗ ਜਲ ਮਾਹਿੰ ਸਮਾਈ, ਕਹਿ ਕਾ ਕੋ ਨਾਂਵ ਧਰਿਯੈ।
   ਐਸੇ ਤੈਂ ਮੈਂ ਏਕ ਰੂਪ ਹੈ ਮਾਧੋ, ਆਪਣ ਹੀ ਨਿਰਵਰਿਯੈ।।[755]
2. ਸਾਇਰ ਸਲਿਲ ਸਰੋਦਿਕਾ, ਜਲ ਥਲ ਅਧਿਕਾਈ।
   ਸ੍ਵਾਂਤਿ ਬੂੰਦ ਕੀ ਆਸ ਹੈ, ਪਿਉ ਪਿਆਸ ਨ ਜਾਈ।।[756]
3. ਸ੍ਵਾਂਤਿ ਬੂੰਦ ਰਖੈ ਡਾਂਨ ਉਪਰ, ਸੀਸ ਵਿਖੈ ਵਿਖ ਹੋਇ।
   ਵਾਹੀ ਬੂੰਦ ਕੇ ਮੋਤੀ ਨਿਪਜੈ, ਸੰਗਤਿ ਕੀ ਅਧਿਕਾਈ।।[757]

(ੳ) ਲੋਨਖੜੀ ਪ੍ਰਤੀਕ- ਗੁਰੂ ਰਵਿਦਾਸ ਨੇ ਬ੍ਰਹਮ ਲਈ ਲੋਨਖੜੀ ਸ਼ਬਦ ਦੀ ਵਰਤੋਂ ਵੀ ਕੀਤੀ ਹੈ:-

1. ਤਾੜਨ ਛੇਦਨ ਤ੍ਰਾਪਨ ਖੇਦਨ, ਬਹੁ ਬਿਧਿ ਕਰ ਲੈਂਹ ਉਪਾਈ।
   ਲੋਨਖੜੀ ਸੰਜੋਗ ਬਿਨੁ ਜੈਸੇ, ਕਨਕ ਕਲੰਕ ਨ ਜਾਈ ਹੋ ਹਰਿ।।[758]
2. ਪ੍ਰਭੁ ਜੀ ਤੁਮ ਚੰਦਨ ਹਮ ਪਾਨੀ, ਜਾਕੀ ਬਾਸ ਅੰਗ ਸੰਗ ਸਮਾਨੀ।
   ਪ੍ਰਭੁ ਜੀ ਤੁਮ ਘਨ ਬਨ ਹਮ ਮੋਰਾ, ਜੈਸੇ ਚਿਤਵਤ ਚੰਦ ਚਕੋਰਾ।
   ਪ੍ਰਭੁ ਜੀ ਤੁਮ ਦੀਪਕ ਹਮ ਬਾਤੀ, ਜਾਕੀ ਜੋਤਿ ਜਰੈ ਦਿਨ ਰਾਤੀ।
   ਪ੍ਰਭੁ ਜੀ ਤੁਮ ਮੋਤੀ ਹਮ ਧਾਗਾ, ਜੈਸੇ ਸੋਨਹਿੰ ਮਿਲਤ ਸੁਹਾਗਾ।
   ਪ੍ਰਭੂ ਜੀ ਤੁਮ ਸ੍ਵਾਮੀ ਹਮ ਦਾਸਾ ਐਸੀ ਭਗਤਿ ਕਰੈ ਰਵਿਦਾਸਾ।।[759]

(ਅ) ਬਾਜੀਗਰ ਪ੍ਰਤੀਕ ਰੂਪ ਬ੍ਰਹਮ

ਗੁਰੂ ਰਵਿਦਾਸ ਜੀ ਉਸ ਬ੍ਰਹਮ ਨੂੰ ਬਾਜੀਗਰ ਕਹਿ ਕੇ ਵੀ ਯਾਦ ਕਰਦੇ ਹਨ। ਇਹ ਸੰਸਾਰਕ ਬਾਜੀ ਝੂਠੀ ਹੈ, ਨਾਸ਼ਵਾਨ ਹੈ, ਬਾਜੀਗਰ ਬ੍ਰਹਮ ਹੀ ਸੱਚ ਤੇ ਸਦੀਵ ਹੈ। ਸੰਸਾਰਕ ਕੌਤਕ ਉਸ ਬਾਜੀਗਰ ਦੀ ਬਾਜੀ ਕਾਰਨ ਹੀ ਤਾਂ ਹੈ:-

1. ਬਾਜੀਗਰ ਤੂੰ ਰਾਚਿ ਰਹੀਐ, ਬਾਜੀ ਕੂੰ ਮਰਮ ਇਨਿ ਜਾਨਾ।
ਬਾਜੀ ਝੂਠ ਸਾਚ ਬਾਜੀਗਰ, ਜਾਨਾ ਮਨ ਪਤਿਆਨਾ।।[760]
2. ਬਾਜੀਗਰ ਕੀ ਬਾਜੀ ਕਾਰਨ, ਸਭ ਕੋ ਕੌਤਿਕ ਆਵੈ।।[761]

ਗੁਰੂ ਜੀ ਅਨੁਸਾਰ ਸੰਸਾਰ ਇਕ ਖੇਡ ਹੈ। ਇਸੇ ਲਈ ਗੁਰੂ ਜੀ ਦਾ ਪਿਆਰ ਉਸ ਬਾਜੀਗਰ ਪ੍ਰਭੂ ਨਾਲ ਹੋ ਗਿਆ ਹੈ। ਪਰ ਇਹ ਸੰਸਾਰਕ ਜੀਵ ਉਸ ਬਾਜੀਗਰ ਦੀ ਇਸ ਖੇਡ ਨੂੰ ਸਮਝਦੇ ਨਹੀਂ:-

1. ਕਹਿ ਰਵਿਦਾਸ ਬਾਜੀ ਜਗੁ ਭਾਈ।
ਬਾਜੀਗਰ ਸਿਉਂ ਮੋਹਿ ਪ੍ਰੀਤਿ ਬਨਿ ਆਈ।।[762]
2. ਬਾਜੀਗਰ ਕੇ ਖੇਲ ਕੂੰ, ਸਮਝਤ ਨਾਹੀਂ ਲੋਕ।।[763]

ਇਸ ਤਰ੍ਹਾਂ ਗੁਰੂ ਰਵਿਦਾਸ ਤੇ ਭਾਵੇਂ ਪੂਰਵਕਾਲੀਨ ਸਾਹਿਤ ਦਾ ਪ੍ਰਭਾਵ ਪਿਆ, ਪਰ ਬ੍ਰਹਮ ਸੰਬੰਧੀ ਉਨ੍ਹਾਂ ਦੇ ਵਿਚਾਰ ਮੌਲਿਕ ਜਾਪਦੇ ਹਨ। ਉਨ੍ਹਾਂ ਨੇ ਆਪਣੇ ਮੌਲਿਕ ਵਿਚਾਰਾਂ ਰਾਹੀਂ ਅਕੱਥ ਪ੍ਰਭੂ ਨੂੰ ਕੱਥਿਆ ਅਤੇ ਪਰਮ ਜੋਤਿ ਨਾਲ ਇਕਮਿਕਤਾ ਪ੍ਰਾਪਤ ਕੀਤੀ।

ਗੁਰੂ ਨਾਨਕ ਦੇਵ ਜੀ ਵੀ ਗੁਰੂ ਰਵਿਦਾਸ ਵਾਂਗ ਨਟੂਆ, ਬਾਜੀਗਰ, ਜਲਨਿਧਿ, ਫੇਨ ਬੁਦਬੁਦਾ, ਵਣਜਾਰਾ, ਪਾਰਸ, ਸੂਤੁ, ਮਣੀ, ਸਾਗਰ, ਬੋਹਿਥ, ਖੇਵਟ, ਸਾਹ ਆਦਿ ਉਪਮਾਵਾਂ ਰਾਹੀਂ ਪਰਮਾਤਮਾ ਦੀ ਵਡਿਆਈ ਕਰਦੇ ਹੋਏ ਉਸ ਨਾਲ ਆਪਣਾ ਰਿਸ਼ਤਾ ਪਰਗਟ ਕਰਦੇ ਹਨ।

ਪਰਮਾਤਮਾ ਖੁਦ ਹੀ ਸਾਗਰ ,ਜਲ ਅਤੇ ਬੁਲਬੁਲਾ ਹੈ ਅਤੇ ਉਹ ਆਪ ਹੀ ਸੂਖਮ ਬੀਜ ਹੈ ਜਿਹੜਾ ਸ੍ਰਿਸ਼ਟੀ ਰਚਨਾ ਰੂਪੀ ਸਥੂਲ ਰੁੱਖ ਬਣਿਆ ਹੈ। ਜਿਸ ਦੀਆਂ ਟਹਿਣੀਆਂ ਸਾਰੇ ਦੇਸ਼-ਕਾਲ ਵਿਚ ਫਲ ਫੁਲ ਰਹੀਆਂ ਹਨ। ਉਹ ਆਪ ਹੀ ਬਿਰਖ ਹੈ ਅਤੇ ਆਪ ਹੀ ਉਸ ਦੀਆਂ ਵਿਕਸਿਤ ਸਾਖਾਵਾਂ ਹੈ:-

1. ਤੂੰ ਪੇਡੁ ਸਾਖ ਤੇਰੀ ਫੂਲੀ।। ਤੂੰ ਸੂਖਮੁ ਹੋਆ ਅਸਥੂਲੀ।।
ਤੂੰ ਜਲ ਨਿਧਿ ਤੂੰ ਫੇਨੁ ਬੁਦਬੁਦਾ ਤੁਧੁ ਬਿਨੁ ਅਵਰੁ ਨ ਭਾਲੀਐ ਜੀਉ।।
ਤੂੰ ਸੂਤੁ ਮਣੀਏ ਭੀ ਤੂੰ ਹੈ।। ਤੂੰ ਗੰਠੀ ਮੇਰੁ ਸਿਰਿ ਤੂੰ ਹੈ।[764]
2. ਆਪੇ ਪੇਡੁ ਬਿਸਥਾਰੀ ਸਾਖ। ਆਪਨੀ ਖੇਤੀ ਆਪੇ ਰਾਖ।

- - - - - - - - - - - - - - - - - - - - - -

ਆਪੇ ਸੂਰੁ ਕਿਰਣਿ ਬਿਸਥਾਰੁ।। ਸੋਈ ਗੁਪਤੁ ਸੋਈ ਆਕਾਰੁ।।[765]

3. ਵਣਜਾਰਾ ਜਗੁ ਆਪ ਹੈ ਪਿਆਰਾ ਆਪੇ ਸਾਚਾ ਸਾਹੁ।

- - - - - - - - - - - - - - - - - - - - -

ਆਪੇ ਪਤਣੁ ਪਾਤਣੀ ਪਿਆਰਾ ਆਪੇ ਪਾਰਿ ਲੰਘਾਹੁ।

ਆਪੇ ਸਾਗਰੁ ਬੋਹਿਥਾ ਪਿਆਰਾ ਗੁਰ ਖੇਵਟੁ ਆਪਿ ਚਲਾਹੁ।।[766]

ਜੀਵ ਸੰਸਾਰ ਵਿਚ ਚਾਰ ਦਿਨਾਂ ਦਾ ਪ੍ਰਾਹੁਣਾ ਹੈ। ਜਗਤ ਇੱਕ ਖੇਡ ਹੈ, ਤਮਾਸ਼ਾ ਹੈ। ਜੀਵ ਮਾਇਆ ਦੇ ਮੋਹ ਕਾਰਨ ਅਗਿਆਨਤਾ ਦੇ ਘੁੱਪ ਹਨੇਰੇ ਵਿਚ ਡੁੱਬੇ ਪਏ ਹਨ। ਬਾਜੀਗਰ ਵਾਂਗ ਮਾਇਆ ਦੀ ਬਾਜੀ ਖੇਡ ਕੇ ਤੁਰ ਜਾਂਦੇ ਹਨ। ਇਹ ਖੇਡ ਸੁਪਨੇ ਦੇ ਸਮਾਨ ਹੈ। ਇਸ ਸਾਰੀ ਖੇਡ ਨੂੰ ਖਿਡਾਉਣ ਵਾਲਾ ਬਾਜੀਗਰ ਪ੍ਰਭੂ ਹੀ ਜਾਣਦਾ ਹੈ। ਜਿਹੋ ਜਿਹਾ ਉਹ ਜੀਵ ਤੋਂ ਭੇਖ ਕਰਾਉਂਦਾ ਹੈ, ਉਹੋ ਜਿਹਾ ਹੀ ਇਹ ਜੀਵ ਭੇਖ ਧਾਰਦਾ ਹੈ:–

1. ਐਥੈ ਗੋਇਲੜਾ ਦਿਨ ਚਾਰੇ।। ਖੇਲ ਤਮਾਸਾ ਧੁੰਧੂਕਾਰੈ।।
ਬਾਜੀ ਖੇਲ ਗਏ ਬਾਜੀਗਰ ਜਿਉ ਨਿਸਿ ਸੁਪਨੈ ਭਖਲਾਈ ਹੇ।।[767]

2. ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ।।
ਜੈਸਾ ਭੇਖੁ ਕਰਾਵੈ ਬਾਜੀਗਰੁ ਓਹੁ ਤੈਸੋ ਹੀ ਸਾਜੁ ਆਨੈ।।[768]

ਪ੍ਰਭੂ ਬਾਜੀਗਰ ਹੈ, ਇਹ ਜਗਤ ਇੱਕ ਤਮਾਸ਼ਾ। ਗੁਰੂ ਦੇ ਸ਼ਬਦਾਂ ਵਿੱਚ ਜੁੜਨ ਵਾਲਾ ਮਨੁੱਖ ਹੀ ਇਸ ਜਗਤ ਤਮਾਸ਼ੇ ਵਿਚ ਨਿਰਲੇਪ ਰਹਿੰਦਾ ਹੈ। ਉਹ ਮਨੁੱਖ ਸਦਾ ਥਿਰ ਪਰਮਾਤਮਾ ਨਾਲ ਆਪਣਾ ਮਨ ਜੋੜੀ ਰੱਖਦਾ ਹੈ:–

1. ਬਾਜੀਗਰਿ ਇਕ ਬਾਜੀ ਪਾਈ।। ਪੂਰੇ ਗੁਰ ਤੇ ਨਦਰੀ ਆਈ।।
ਸਦਾ ਅਲਿਪਤੁ ਰਹੈ ਗੁਰ ਸਬਦੀ ਸਾਚੇ ਸਿਉ ਚਿਤੁ ਲਾਇਦਾ।।[769]

ਗੁਰਬਾਣੀ ਵਿਚ ਪ੍ਰਭੂ ਲਈ 'ਨਟੂਆ' ਸ਼ਬਦ ਦੀ ਵਰਤੋਂ ਕਰਦਿਆਂ ਫੁਰਮਾਇਆ ਹੈ ਕਿ ਉਹ ਬਹੁ-ਰੂਪੀਆ ਕਈ ਕਿਸਮ ਦੇ ਸਾਂਗ ਬਣਾਕੇ ਲੋਕਾਂ ਨੂੰ ਵਿਖਾਂਦਾ ਹੈ ਪਰ ਆਪਣੇ ਅੰਦਰੋਂ ਉਹ ਜਿਹਾ ਹੁੰਦਾ ਹੈ ਉਹੋ ਜਿਹਾ ਹੀ ਰਹਿੰਦਾ ਹੈ। ਉਹ ਜਿਵੇਂ ਸਾਨੂੰ ਪ੍ਰੇਰਦਾ ਹੈ ਤਿਵੇਂ ਅਸੀਂ ਕਰਦੇ ਹਾਂ। ਇਹ ਸਾਜ ਰੂਪੀ ਜੀਵ ਦੀ ਤਾਰ ਨਟੂਆ ਪ੍ਰਭੂ ਦੇ ਵਜਾਇਆਂ ਹੀ ਵੱਜਦੀ ਹੈ:–

1. ਨਟੂਆ ਭੇਖ ਦਿਖਾਵੈ ਬਹੁ ਬਿਧਿ ਜੈਸਾ ਹੈ ਓਹੁ ਤੈਸਾ ਰੇ।।[770]

2. ਉਦਮ ਮਤਿ ਪ੍ਰਭ ਅੰਤਰਜਾਮੀ ਜਿਉ ਪ੍ਰੇਰੇ ਤਿਉ ਕਰਨਾ।।
ਜਿਉ ਨਟੂਆ ਤੰਤੁ ਵਜਾਏ ਤੰਤੀ ਤਿਉ ਵਾਜਹਿ ਸੰਤ ਜਨਾ।।[771]

ਪ੍ਰਭੂ ਤਾਂ ਇਕ ਅਜਿਹਾ ਪਾਰਸ ਹੈ ਜਿਸ ਦੀ ਛੋਹ ਪ੍ਰਾਪਤ ਕਰਕੇ ਮਨੂਰ ਵੀ ਕੰਚਨ ਹੋ ਜਾਂਦਾ ਹੈ। ਜਿਸ ਜੀਵ ਨੂੰ ਉਸ ਪਾਰਸ ਦੀ ਛੋਹ ਪ੍ਰਾਪਤ ਹੋ ਜਾਂਦੀ ਹੈ ਉਸ ਦਾ ਆਪਾ ਭਾਵ ਮਿਟ ਜਾਂਦਾ ਹੈ ਅਤੇ ਜੋਤਿ ਸਰੂਪ ਪਰਮਾਤਮਾ ਨਾਲ ਉਸ ਦਾ ਮੇਲ ਹੋ ਜਾਂਦਾ ਹੈ:-

1. ਮਨੂਰੈ ਤੇ ਕੰਚਨ ਭਏ ਭਾਈ ਗੁਰ ਪਾਰਸੁ ਮੇਲਿ ਮਿਲਾਇ।।
ਆਪੁ ਛੋਡਿ ਨਾਉ ਮਨਿ ਵਸਿਆ ਭਾਈ ਜੋਤੀ ਜੋਤਿ ਮਿਲਾਇ।।

## 10. ਆਸ਼ਕ-ਮਾਸ਼ੂਕ

ਗੁਰੂ ਜੀ ਦਾ ਬ੍ਰਹਮ ਉਨ੍ਹਾਂ ਦਾ ਮਾਸ਼ੂਕ ਵੀ ਹੈ ਤੇ ਗੁਰੂ ਜੀ ਉਸ ਦੇ ਆਸ਼ਕ ਹਨ। ਅਸਲ ਵਿਚ ਸਾਰੇ ਭਗਤ ਹੀ ਆਸ਼ਕ ਬਣ ਕੇ ਉਸ ਮਾਸ਼ੂਕ ਪ੍ਰਭੂ ਨੂੰ ਪਾਉਂਦੇ ਹਨ। ਗੁਰੂ ਜੀ ਨੇ ਇਸ ਉਪਮਾ ਰਾਹੀਂ ਦੁਨਿਆਵੀ ਰਿਸ਼ਤੇ ਨੂੰ ਵੀ ਸੁਰਜੀਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਗੁਰੂ ਜੀ ਅਨੁਸਾਰ ਮਾਸ਼ੂਕ ਬ੍ਰਹਮ ਦੂਰ ਨਹੀਂ ਹੈ ਸਗੋਂ ਉਹ ਤਾਂ ਰੋਮ ਰੋਮ ਵਿਚ ਰਮ ਰਿਹਾ ਹੈ। ਪਰ ਉਸ ਦੇ ਦਰਸ਼ਨਾਂ ਲਈ ਆਪਣਾ ਸੀਸ ਵੀ ਦੇਣਾ ਪੈਂਦਾ ਹੈ ਤੇ ਦੁੱਖ ਸਹਿਣੇ ਪੈਂਦੇ ਹਨ। ਉਹ ਘਟਿ ਘਟਿ ਵਿਚ ਵਸਦਾ ਹੈ:-

1. ਰੋਮ ਰੋਮ ਮੈਂ ਰਮ ਰਹਿਓ, ਰਾਮ ਮਸੂਕ ਨ ਦੂਰ।
ਰਵਿਦਾਸ ਸੀਸ ਦੇ ਅਪਨਾ, ਦੇਂਗੇ ਦਰਸ਼ਨ ਹਜੂਰ।।[772]
2. ਰਵਿਦਾਸ ਹਮਾਰੋ ਰਾਮ ਤੋ, ਸਕਲ ਰਹਯੋ ਭਰਪੂਰਿ।
ਰੋਮ ਰੋਮ ਮਹਿੰ ਰਮਿ ਰਹਯੋ, ਰਾਮ ਮਸੂਕ ਨ ਦੂਰਿ।।[773]

## 11. ਕ੍ਰਿਪਾਨਿਧਿ ਬ੍ਰਹਮ

ਬ੍ਰਹਮ ਕ੍ਰਿਪਾ ਦਾ ਭੰਡਾਰ, ਖਜ਼ਾਨਾ ਅਤੇ ਨਿਧੀ ਹੈ। ਸ਼ਰਨ ਆਇਆਂ ਦੀ ਉਹ ਪ੍ਰਭੂ ਲਾਜ ਰੱਖਦਾ ਹੈ। ਭਗਤ ਰਵਿਦਾਸ ਵੀ ਬ੍ਰਹਮ ਨੂੰ ਕ੍ਰਿਪਾ ਦਾ ਭੰਡਾਰ, ਖ਼ਜ਼ਾਨਾ ਅਤੇ ਨਿਧੀ ਦੱਸਦੇ ਹਨ। ਕਰੁਣਾਨਿਧੀ ਆਪਣੇ ਭਗਤਾਂ ਲਈ ਹੰਝੂ ਵਗਾਉਂਦਾ ਹੈ। ਉਹ ਸ਼ਰਨ ਆਇਆਂ ਦੇ ਵਿਵਹਾਰਿਕ ਤੇ ਅਧਿਆਤਮਕ ਜੀਵਨ ਤੇ ਬਖ਼ਸ਼ਿਸ਼ ਕਰਦਾ ਹੈ। ਜਿਸ ਤੇ ਉਸ ਦੀਨ ਬੰਧੂ ਕਰੁਣਾਮਈ ਸਵਾਮੀ

ਦੀ ਕ੍ਰਿਪਾ ਹੁੰਦੀ ਹੈ, ਉਹ ਉਸ ਦੇ ਔਗੁਣ ਵੀ ਬਖ਼ਸ਼ ਦਿੰਦਾ ਹੈ। ਇਸੇ ਲਈ ਗੁਰੂ ਸਾਹਿਬ ਅਜਿਹੇ ਦਿਆਲ ਸਰੂਪ, ਕ੍ਰਿਪਾਲੂ ਪ੍ਰਭੂ ਦੀ ਸ਼ਰਨ ਵਿਚ ਦਿਨ ਰਾਤ ਰਹਿਣਾ ਲੋੜਦੇ ਹਨ ਤਾਂ ਕਿ ਉਸ ਦੀ ਭਟਕਣਾ ਖਤਮ ਹੋ ਜਾਵੇ:—

1. ਜਾਪੈ ਦੀਨਾ ਨਾਥੁ ਢਰੈ।
   ਦੀਨ ਬੰਧੂ ਕਰੁਨਾਮੈ ਸ੍ਵਾਮੀ, ਔਗੁਨ ਚਿਤ ਨ ਧਰੈ।।[774]
2. ਤੁਮਹੁ ਦਯਾਲ ਕ੍ਰਿਪਾਲ ਕਰੁਣਾਨਿਧਿ, ਤੁਮ੍ਹਿ ਦੀਨ ਬੰਧੁ ਰਘੁਰਾਈ।
   ਤੁਮ੍ਹਰੀ ਸਰਨ ਰਹੌਂ ਨਿਸ ਬਾਸਰ, ਭਰਮਤ ਫਿਰੌਂ ਨ ਹੇ ਹਰਿ ਰਾਈ।।[775]

ਗੁਰੂ ਰਵਿਦਾਸ ਦਾ ਬ੍ਰਹਮ ਅਜਿਹਾ ਪਰਉਪਕਾਰੀ-ਕ੍ਰਿਪਾਲੂ ਤੇ ਕਿਰਪਾਨਿਧਿ ਹੈ ਕਿ ਉਹ ਸਾਰੇ ਸੰਸਾਰ ਦੇ ਕਾਰਜ ਬਿਨਾਂ ਕਿਸੇ ਭੇਦ ਭਾਵ ਦੇ ਕਰਦਾ ਹੈ। ਪਤਿਤਾਂ ਨੂੰ ਉਧਾਰਨਾ ਅਤੇ ਆਪਣੇ ਭਗਤਾਂ ਨੂੰ ਤਾਰਨਾ, ਇਹੋ ਹੀ ਤਾਂ ਉਸ ਦੇ ਨਾਮ ਦੀ ਵਡਿਆਈ ਹੈ:--

1. ਤੇਰੀ ਚਰਨੀ ਸਰਨੀ ਪਰਉਂ ਰਾਮੁ ਰਾਜਾ। ਬੜੇ ਉਪਾਰੀ ਕ੍ਰਿਪਾਲ ਕ੍ਰਿਪਾਨਿਧਿ।
   ਸਗਲ ਸੰਸਾਰ ਕੇ ਕਰਹਿ ਕਾਜਾ।। - - - - - - - - - - - - - - -
   ਪਤਿਤ ਉਧਾਰਨਿ ਨਿਜ ਜਨ ਤਾਰਨਾ। ਏਹੁ ਤੇਰੇ ਨਾਮੁ ਕੌ ਬਾਜਿਵੇ ਬਾਜਾ।।
   ਕਹਿ ਰਵਿਦਾਸ ਬਿਸਵਾਸ ਮਨਿ ਏਹੋ ਹੈ। ਸਰਨਿ ਆਵੈ ਤੋਹਿ ਸੋਈ ਨਿਵਾਜਾ।।[776]

ਗੁਰੂ ਨਾਨਕ ਦਾ ਬ੍ਰਹਮ ਵੀ ਕ੍ਰਿਪਾ ਦਾ ਭੰਡਾਰ, ਨਿਧੀ ਅਤੇ ਖਜ਼ਾਨਾ ਹੈ ਜਿਸ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਪਾਪੀ ਤੋਂ ਪਾਪੀ ਮਨੁੱਖ ਵੀ ਤਰ ਜਾਂਦੇ ਹਨ। ਉਸ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਸਾਰੇ ਫ਼ਿਕਰ ਦੂਰ ਹੋ ਜਾਂਦੇ ਹਨ ਅਤੇ ਸਾਰੇ ਕਲੇਸ਼ ਖਤਮ ਹੋ ਜਾਂਦੇ ਹਨ:--

1. ਗੁਰ ਕ੍ਰਿਪਾਲ ਕ੍ਰਿਪਾ ਪ੍ਰਭਿ ਧਾਰੀ ਬਿਨਸੇ ਸਰਬ ਅੰਦੇਸਾ।।
   ਨਾਨਕ ਸੁਖ ਪਾਇਆ ਹਰਿ ਕੀਰਤਨ ਮਿਟਿਓ ਸਗਲ ਕਲੇਸਾ।।[777]
2. ਕ੍ਰਿਪਾਨਿਧਿ ਪ੍ਰਭ ਮਇਆ ਧਾਰਿ।। ਨਾਨਕ ਹਰਿ ਹਰਿ ਨਾਮ ਲਏ।।[778]

ਉਹ ਤਾਂ ਦੀਨਾਂ ਤੇ ਵੀ ਦਇਆ ਕਰਦਾ ਹੈ। ਉਹ ਕ੍ਰਿਪਾਲੂ ਹੈ, ਭਗਤਾਂ ਦਾ ਆਸਰਾ ਹੈ, ਜੋ ਵੀ ਉਸਦੀ ਸ਼ਰਣ ਵਿਚ ਆਉਂਦਾ ਹੈ ਉਸ ਦੀ ਲਾਜ ਰੱਖਦਾ ਹੈ:—

ਦੀਨ ਦਇਆਲ ਕ੍ਰਿਪਾਲ ਪ੍ਰਭ ਠਾਕੁਰ ਭਗਤ ਟੇਕ ਹਰਿ ਨਾਇਆ।।

ਨਾਨਕ ਆਹਿ ਸਰਣ ਪ੍ਰਭ ਆਇਓ ਰਾਖੁ ਲਾਜ ਅਪਨਾਇਆ।।[779]

ਉਹ ਤਾਂ ਸਭ ਦਾ ਮਾਲਕ ਹੈ, ਉਹ ਸਭ ਦਾ ਪਾਲਣਹਾਰ ਤੇ ਕ੍ਰਿਪਾਲੂ ਹੈ। ਉਸ ਦੇ ਗੁਣ ਬਿਆਨ ਨਹੀਂ ਕੀਤੇ ਜਾ ਸਕਦੇ। ਜਗਤ ਦੇ ਰੰਗ ਤਮਾਸ਼ੇ ਉਸੇ ਦੇ ਰਚੇ ਹੋਏ ਹਨ। ਉਹ ਤਾਂ ਬੇਅੰਤ ਸਮੁੰਦਰ ਹੈ। ਜਗਤ ਦੇ ਬੇਅੰਤ ਜੀਅ ਜੰਤ ਉਸ ਸਮੁੰਦਰ ਵਿਚੋਂ ਹੀ ਲਹਿਰਾਂ ਉੱਠੀਆਂ ਹੋਈਆਂ ਹਨ। ਪ੍ਰਭੂ ਆਪਣੇ ਨਾਮ-ਜਲ ਦੀ ਸਾਰੇ ਜਗਤ ਤੇ ਵਰਖਾ ਕਰਕੇ ਆਪਣਾ ਪ੍ਰਭਾਵ ਪਾ ਰਿਹਾ ਹੈ। ਜਿਸ ਉੱਤੇ ਪ੍ਰਭੂ ਦਇਆਵਾਨ ਹੁੰਦਾ ਹੈ ਉਹ ਆਤਮਕ ਸੁਖ ਅਤੇ ਆਨੰਦ ਪ੍ਰਾਪਤ ਕਰਦਾ ਹੈ:—

1. ਪਰਤਿਪਾਲ ਪ੍ਰਭ ਕ੍ਰਿਪਾਲ ਕਵਨ ਗੁਨ ਗਨੀ।।
   ਅਨਿਕ ਰੰਗ ਬਹੁਤਰੰਗ ਸਰਬ ਕੋ ਧਨੀ।।[730]
2. ਘਨਿਹਰ ਬਰਸਿ ਸਗਲ ਜਗੁ ਛਾਇਆ।।
   ਭਏ ਕ੍ਰਿਪਾਲ ਪ੍ਰੀਤਮ ਮੇਰੇ ਅਨਦ ਮੰਗਲ ਸੁਖ ਪਾਇਆ।।[731]

ਦੀਨਾਂ ਉੱਤੇ ਦਇਆਵਾਨ, ਤਰਸ ਸਰੂਪ ਪਰਮਾਤਮਾ ਦਾ ਜਿਹੜੇ ਜੀਵ ਨਾਮ ਜਪਦੇ ਹਨ, ਉਹ ਕਾਮ ਕ੍ਰੋਧ, ਮੋਹ, ਮਾਇਆ ਆਦਿ ਤੋਂ ਨਿਰਲੇਪ ਰਹਿੰਦੇ ਹਨ:—

ਕਾਮ ਕਰੋਧ ਮਹਾ ਬਿਖਿਆ ਰਸ ਇਨ ਤੇ ਭਏ ਨਿਰਾਰੇ।।
ਦੀਨ ਦਇਆਲ ਜਪਹਿ ਕਰੁਣਾ ਮੈ ਨਾਨਕ ਸਦ ਬਲਿਹਾਰੇ।।[732]

ਪ੍ਰਭੂ ਤਾਂ ਮਿਹਰ ਦਾ ਸਮੁੰਦਰ ਹੈ, ਦਇਆ ਦਾ ਸੋਮਾ ਹੈ। ਦਾਤਾਂ ਦੇਣ ਵਾਲਾ ਹੈ। ਸਭ ਜੀਵਾਂ ਦੇ ਅੰਦਰ ਉਹੀਓ ਜਿੰਦ ਹੈ। ਪਰ ਮਾਇਆ ਦੇ ਮੋਹ ਵਿਚ ਜੀਵ ਨੂੰ ਉਸਦੇ ਉਪਕਾਰ ਭੁੱਲ ਜਾਂਦੇ ਹਨ, ਪਰ ਫਿਰ ਵੀ ਉਹ ਦਇਆ ਦਾ ਸੋਮਾ ਹੀ ਰਹਿੰਦਾ ਹੈ। ਜੀਵਾਂ ਦਾ ਰਾਖਾ ਹੈ ਤੇ ਦਾਤਾਂ ਦਿੰਦਾ ਹੈ। ਉਹ ਦਇਆਲ ਪ੍ਰਭੂ ਦਿਨ-ਰਾਤ ਜੀਵਾਂ ਦੀ ਸੰਭਾਲ ਕਰਦਾ ਹੈ:—

1. ਕਿਰਪਾਲੁ ਸਦਾ ਦਇਆਲੁ ਦਾਤਾ ਜੀਆ ਅੰਤਰਿ ਤੂੰ ਜੀਐ।।[733]
2. ਤੇ ਗੁਣ ਵਿਸਰਿ ਗਏ ਅਪਰਾਧੀ ਮੈ ਬਉਰਾ ਕਿਆ ਕਰਉ ਹਰੇ।।
   ਤੂੰ ਦਾਤਾ ਦਇਆਲੁ ਸਭੈ ਸਿਰਿ ਅਹਿਨਿਸਿ ਦਾਤਿ ਸਮਾਰਿ ਕਰੇ।।[734]

## 11. ਮਣੀ ਰੂਪ ਬ੍ਰਹਮ

ਗੁਰੂ ਰਵਿਦਾਸ ਦੀ ਬਾਣੀ ਵਿਚ ਬ੍ਰਹਮ ਦੇ ਮਣੀ ਰੂਪ ਦੇ ਤਿੰਨ ਰੂਪ ਪਾਰਸਮਣਿ, ਸੁਧਾਮਣਿ ਅਤੇ ਚਿੰਤਾਮਣਿ ਨਜ਼ਰੀਂ ਆਉਂਦੇ ਹਨ। ਅਲੌਕਿਕ ਦ੍ਰਿਸ਼ਟੀ ਤੋਂ ਪਾਰਸ ਗੁਰੂ ਅਤੇ ਉਸ ਦੁਆਰਾ ਬ੍ਰਹਮ ਦੀ ਪ੍ਰਾਪਤੀ ਹੋ ਜਾਣ ਤੇ ਮਾਇਆ ਅਤੇ ਧਨ ਪਦਾਰਥਾਂ ਦੀ ਭੁੱਖ ਨਹੀਂ ਰਹਿੰਦੀ। ਲੌਕਿਕ ਦ੍ਰਿਸ਼ਟੀ ਤੋਂ ਰਾਮ 'ਪਾਰਸ ਮਣਿ' ਹੋਣ ਕਰਕੇ ਸਾਰੀਆਂ ਰਿਧੀਆਂ ਸਿੱਧੀਆਂ ਅਤੇ ਖੁਸ਼ਹਾਲੀ ਦੇ ਦਾਤਾ ਹਨ। ਗੁਰੂ ਜੀ ਦੱਸਦੇ ਹਨ ਕਿ ਜਿਵੇਂ ਪਾਰਸ ਦੀ ਛੋਹ ਨਾਲ ਤਾਂਬਾ ਸੋਨਾ ਹੋ ਜਾਂਦਾ ਹੈ ਉਵੇਂ ਹੀ ਜੇਕਰ ਚੰਗੇ ਭਾਗਾਂ ਨਾਲ ਪਾਰਸ ਗੁਰੂ ਮਿਲ ਜਾਵੇ ਤਾਂ ਆਤਮਾ ਦਾ ਪਰਮਾਤਮਾ ਨਾਲ ਮੇਲ ਹੋ ਜਾਂਦਾ ਹੈ ਅਤੇ ਸਖਤ ਦਰਵਾਜ਼ੇ ਖੁਲ੍ਹ ਜਾਂਦੇ ਹਨ। ਸਾਧਕ ਲੋਹਾ ਵੀ ਉਦੋਂ ਤੱਕ ਸੋਨਾ ਨਹੀਂ ਬਣ ਸਕਦਾ ਜਦੋਂ ਤੱਕ ਉਸਨੂੰ ਪਾਰਸ ਗੁਰੂ ਦੀ ਛੋਹ ਪ੍ਰਾਪਤ ਨਹੀਂ ਹੁੰਦੀ:-

1. ਪਾਰਸ ਮਾਨੋ ਤਾਬੋ ਛੂਏ ਕਨਕ ਹੋਤ ਨਹੀਂ ਬਾਰ।।
   ਪਰਮ ਪਾਰਸ ਗੁਰੂ ਭੇਟੀਐ ਪੂਰਬ ਲਿਖਤ ਲਿਲਾਟ।।
   ਉਨਮਨ ਮਨ ਮਨ ਹੀ ਮਿਲੈ ਛੁਟਕਤ ਬਜਰ ਕਪਾਟ।।[785]
2. ਲੋਹਾ ਕੰਚਨ ਹਿਰਨੁ ਹੋਇ ਕੈਸੇ, ਜਉ ਪਾਰਸਹਿ ਨ ਪਰਸੈ।।[786]

ਉਸ ਪਾਰਸ ਦੀ ਛੋਹ ਪ੍ਰਾਪਤ ਕਰਕੇ ਸਾਰੀ ਦੁਬਿਧਾ ਖਤਮ ਹੋ ਜਾਂਦੀ ਹੈ। ਗੁਰੂ ਰਵਿਦਾਸ ਜੀ ਉਸ ਪਾਰਸ ਦੀ ਛੋਹ ਪ੍ਰਾਪਤ ਕਰਨ ਕਰਕੇ ਹੀ ਸੰਸਾਰਕ ਜੰਜਾਲ ਤੇ ਤ੍ਰਿਸ਼ਨਾ ਨੂੰ ਤਿਆਗ ਕੇ ਉਸ ਰਾਮ ਦੇ ਚਰਨਾਂ ਵਿਚ ਮਨ ਜੋੜੀ ਬੈਠੇ ਹਨ। ਲੋਹ ਪਾਰਸਮਣਿ ਦੀ ਚਮਕ-ਦਮਕਦੀ ਤਰ੍ਹਾਂ ਰਾਮ ਪਾਰਸਮਣਿ ਵੀ ਜੀਵ ਨੂੰ ਆਪਣੇ ਵਲ ਖਿੱਚਦੀ ਹੈ:-

1. ਪਰਚੈ ਰਾਮ ਰਮੈ ਜੇ ਕੋਇ, ਪਾਰਸ ਪਰਸੈ ਦੁਬਿਧ ਨ ਹੋਇ।।[787]
2. ਪਾਰਸ ਮਨ ਮੁਹਿ ਰਤੁ ਨਹਿੰ ਭਾਵੈ, ਜਗ ਜੰਜਾਰ ਨ ਥੋਰਾ।
   ਕਹਿ ਰਵਿਦਾਸ ਤਜਿ ਸਭਿ ਤ੍ਰਿਸਨਾ ਇਕ ਰਾਮ ਚਰਨ ਚਿਤ ਮੋਰਾ।।[788]
3. ਲੋਹਾ ਪਾਰਸਮਣਿ, ਹਿਰਨ ਕਿਰਨ ਦਮਕਾਇ।
   ਰਵਿਦਾਸ ਰਾਮ ਪਾਰਸਮਣਿ, ਉਹ ਦਰਸ ਮਹਿੰ ਬੈਰਾਜ।।[789]

ਬ੍ਰਹਮ ਨੂੰ ਸੁਧਾਮਣਿ ਰੂਪ ਵਿਚ ਪੇਸ਼ ਕਰਦਿਆਂ ਗੁਰੂ ਰਵਿਦਾਸ ਨੇ ਬ੍ਰਹਮ ਨੂੰ ਪਰਮਾਨੰਦ ਅਵਸਥਾ ਦਾ ਲਿਖਾਇਕ ਦੱਸਿਆ ਹੈ। ਬ੍ਰਹਮ ਆਪਣੇ ਭਗਤਾਂ ਨੂੰ ਰਾਮ ਰਸ, ਰਾਮ ਰਸਾਇਣ, ਅੰਮ੍ਰਿਤ ਦੇ ਪਿਆਲੇ ਪਿਲਾ ਆਨੰਦ ਮੁਗਧ ਕਰਕੇ ਨਾਮ ਦੀ ਖ਼ੁਮਾਰੀ ਬਖਸ਼ਦਾ ਹੈ। ਗੁਰੂ ਰਵਿਦਾਸ ਜੀ ਵੀ ਇਸੇ ਹਰ ਰਸ ਵਿਚ ਬੌਰੇ ਹੋਏ ਹੋਏ ਹਨ।

ਉਹ ਰਸਨਾ ਨਾਲ ਨਿਰੰਕਾਰ ਦਾ ਜਾਪ ਕਰਦਿਆਂ ਰਾਤ ਦਿਨ ਉਸਦੇ ਨਾਮ ਰਹਿੰਦੇ ਹਨ:–

1. ਪੀਆ ਰੇ ਰਾਮ ਰਸ ਪੀਆ ਰੇ।।ਟੇਕ।।
ਭਰਿ ਭਰਿ ਦੇਵੈ ਸੁਰਤਿ ਕਲਾਲੀ, ਦਰਿਆ ਦਰਿਆ ਪੀਨਾ ਰੇ।
ਪੀਵਤੁ ਪੀਵਤੁ ਆਪਾ ਜਗੁ ਭੂਲਾ, ਹਰਿ ਰਸ ਮਾਹਿ ਬੋਰਾਨਾ ਰੇ।
ਦਰ ਘਰਿ ਵਿਸਰਿ ਰਮੇ ਰਵਿਦਾਸਾ, ਉਨਮਨਿ ਸਦ ਮਤਵਾਰੋ ਰੇ।
ਪਲੁ ਪਲੁ ਪ੍ਰੇਮ ਪਿਯਾਲਾ ਚਾਲੈ, ਛੂਟੇ ਨਾਹਿ ਖੁਮਾਰੀ ਰੇ।।[790]

2. ਰੇ ਪਾਂਡੇ ਹੈਂ ਰਾਮ ਅਮੀਰਸ।।ਟੇਕ।।
ਰਸ ਜਿਨਿ ਮਗਨ ਹੁਵੈ ਰਹਿਯਾ, ਰਰੰਕਾਰ ਰਾਖੈ ਨਿਤ ਰਸਨਾ।
ਇਹ ਰਸ ਪੀਬ ਰਾਮ ਰਸ ਬੂਝੈ, ਅੱਪੁ ਮਗਨ ਰਹਿ ਹੁਵੈ ਦਿਨ ਰੈਨਾ।।[791]

ਗੁਰੂ ਦੀ ਪ੍ਰਾਪਤੀ ਨਾਲ ਭਗਤਿ ਤੇ ਰਾਮ ਨਾਮ ਅੰਮ੍ਰਿਤ ਰਸ ਦੀ ਵਰਖਾ ਹੁੰਦੀ ਹੈ ਤੇ ਉਸ ਨੂੰ ਸੰਸਾਰਕ ਬੰਧਨਾਂ ਤੇ ਜੰਮਣ-ਮਰਨ ਤੋਂ ਮੁਕਤੀ ਮਿਲਦੀ ਹੈ।[792] ਗੁਰੂ ਰਵਿਦਾਸ ਜੀ ਜੀਵ ਨੂੰ ਸਿੱਖਿਆ ਦਿੰਦੇ ਕਹਿੰਦੇ ਹਨ ਕਿ ਸ਼ਰਾਬ ਦਾ ਕੀ ਪੀਣਾ ਹੈ ਜੋ ਚੜ੍ਹ ਕੇ ਉਤਰ ਜਾਂਦੀ ਹੈ। ਰਾਮ ਦਾ ਨਾਮ ਮਹਾਂਰਸ ਪੀਓ ਜੋ ਚੜ੍ਹ ਕੇ ਕਦੀ ਉਤਰਦਾ ਨਹੀਂ।[793] ਗੁਰੂ ਰਵਿਦਾਸ ਜੀ ਅੰਮ੍ਰਿਤ ਰਸ ਦੀ ਬੂੰਦ ਲਈ ਰਾਤ ਦਿਨ ਤੜਫ ਰਹੇ ਹਨ। ਅੰਮ੍ਰਿਤ ਰਸ ਪੀਤੇ ਬਿਨ ਉਨ੍ਹਾਂ ਦੇ ਮਨ ਨੂੰ ਚੈਨ ਨਹੀਂ ਆ ਰਹੀ:–

ਅਮਰਿਤ ਰਸ ਕਇ ਬੂੰਦ ਕੂੰ, ਤਲਫਤ ਹੋ ਦਿਨ ਰੈਨ।
'ਰਵਿਦਾਸ' ਅਮੀਰਸ ਬਿਨ ਪਿਯੈ, ਜਿਅਰਾ ਨ ਪਾਵੈ ਚੈਨ।।[794]

ਇਸ ਲਈ ਗੁਰੂ ਜੀ ਆਪਣੇ ਮਨ ਨੂੰ ਭਉਰਾ ਬਣਾ ਪ੍ਰਭੂ ਦੇ ਚਰਨਾਂ ਵਿਚ ਟਿਕਾ ਜੀਭ ਨਾਲ ਅੰਮ੍ਰਿਤਰਸ ਨਾਮ ਉਚਾਰਦੇ ਹਨ:–

ਮਨ ਸੁ ਮਧੁਕਰੁ ਕਰਉ ਚਰਨ ਹਿਰਦੇ ਧਰਉ।
ਰਸਨ ਅੰਮ੍ਰਿਤ ਰਾਮ ਨਾਮ ਭਾਖਉ।।[795]

ਗੁਰੂ ਰਵਿਦਾਸ ਜੀ ਬ੍ਰਹਮ ਨੂੰ ਚਿੰਤਾਮਣਿ ਰੂਪ ਵਿਚ ਵੀ ਵੇਖਦੇ ਹਨ। ਉਸ ਨੂੰ ਆਪਣੇ ਭਗਤਾਂ ਦਾ ਪੂਰਾ ਧਿਆਨ ਰੱਖਣਾ ਪੈਂਦਾ ਹੈ। ਬ੍ਰਹਮ ਚਿੰਤਾ ਦਾ ਕਾਰਣ ਹੀ ਨਹੀਂ ਹੈ, ਸਗੋਂ ਅਮੋਲਕ ਵੀ ਹੈ। ਉਸ ਦੇ ਦੀਦਾਰ ਹੋਣ ਨਾਲ ਭਗਤ ਦਾ ਆਂਤਰਿਕ ਹਿਰਦਾ ਸ਼ੁੱਧ ਹੋ ਜਾਂਦਾ ਹੈ। ਡਾ. ਬੀ.ਪੀ. ਸ਼ਰਮਾ ਪ੍ਰਭੂ ਦੇ ਚਿੰਤਾਮਣਿ ਰੂਪ ਸੰਬੰਧੀ ਲਿਖਦੇ ਹਨ ਕਿ ਇਸ ਰੂਪ ਵਿਚ ਬ੍ਰਹਮ ਦਿਵ ਰੂਪ ਹੈ, ਪ੍ਰਕਾਸ਼ਮਾਨ ਹੈ।[796] ਵਿਵਹਾਰਿਕ ਰੂਪ ਵਿਚ ਪ੍ਰਭੂ ਦਾ ਚਿੰਤਾਮਣਿ ਰੂਪ ਪਰਮ-ਸੁੱਖਾਂ ਦਾ ਸਾਗਰ ਵੀ ਹੈ। ਇਸ ਤਰ੍ਹਾਂ ਭਗਤ ਨੂੰ ਸਾਰੀਆਂ ਰਿਧੀਆਂ ਸਿਧੀਆਂ ਪ੍ਰਾਪਤ ਹੁੰਦੀਆਂ ਹਨ। ਗੁਰੂ ਰਵਿਦਾਸ ਦਾ ਬ੍ਰਹਮ ਸਭ ਇੱਛਾਵਾਂ ਸੰਪੂਰਣ ਅਤੇ ਪਰਿਪੂਰਣ ਕਰਨ ਵਾਲੀ ਮਣੀ ਹੈ। ਉਸ ਦੀ ਪ੍ਰਾਪਤੀ ਨਾਲ ਮਨਮੰਦਰ ਵਿਚ ਉਜਿਆਲਾ ਹੋ ਜਾਂਦਾ ਹੈ। ਚਾਰ ਪਦਾਰਥ, ਅਠਾਰਾਂ ਸਿਧੀਆਂ ਤੇ ਨੌ ਰਿਧੀਆਂ ਦੀ ਪ੍ਰਾਪਤੀ ਹੋ ਜਾਂਦੀ ਹੈ:--

1. ਚਿੰਤਾ ਮਣਿ ਲਾਲ ਰਾਖੈ ਜੇ ਰਿਦਿਐ।।
   ਹੁਵੈ ਉਜਾਸ ਤਿਮਿਰ ਨਹੀਂ ਰਹਨਾ।।[797]
2. ਤੁਮ ਚਿੰਤਤ ਮੇਰੀ ਚਿੰਤਾਂ ਹੀ ਨ ਜਾਹੀ।
   ਤੁਮ ਚਿੰਤਾਮਨਿ ਹੋਹੁ ਕਿ ਨਾਹੀਂ।।[798]
3. ਸੁਖ ਸਾਗਰੁ ਸੁਰਤਰੁ ਚਿੰਤਾਮਨਿ ਕਾਮਧੇਨ ਬਸਿ ਜਾਕੈ।
   ਚਾਰਿ ਪਦਾਰਥ ਅਸਟ ਦਸਾ ਸਿਧਿ ਨਵਨਿਧਿ ਕਰਤ-ਲਤਾਕੈ।।[799]

ਗੁਰੂ ਰਵਿਦਾਸ ਬ੍ਰਹਮ ਤੋਂ ਪਾਪੀ ਤੇ ਭੈੜਿਆਂ ਦੀ ਥਾਂ ਉਸਦੀ ਤਪੱਸਿਆ 'ਚਿੰਤਾਮਣਿ' ਦੀ ਮੰਗ ਕਰਦੇ ਹਨ। ਕਿਉਂਕਿ ਉਹ ਸਰਬ ਵਿਆਪਕ, ਸਰਬ ਪ੍ਰਿਤਪਾਲਕ ਅਤੇ ਸਰਬ ਚਿੰਤਾਮਣਿ ਹੈ। ਭਾਵੇਂ ਰਾਮ ਚਿੰਤਾਮਣਿ ਦਾ ਸਾਰੇ ਪਾਸੇ ਉਜਾਲਾ ਹੈ, ਫਿਰ ਵੀ ਉਹੀ ਤਨ ਕੰਚਨ-ਪਵਿੱਤਰ ਹੈ, ਜਿਸ ਵਿਚ ਨਾਮ ਦਾ ਪ੍ਰਕਾਸ਼ ਹੈ:--

1. ਅਉਰ ਇਕ ਮਾਗਉ ਭਗਤਿ ਚਿੰਤਾਮਣਿ।
   ਜਣੀ ਲਖਾਵਹੁ ਅਸੰਤ ਪਾਪੀ ਸਣਿ।।[800]
2. ਕਹਿ ਰਵਿਦਾਸ ਹਰਿ ਸਰਬ ਵਿਆਪਕ।
   ਸਰਬ ਚਿੰਤਾਮਣਿ ਸਰਬ ਪ੍ਰਤਿਪਾਲਕ।।[801]
3. ਸੋਇ ਤਨ ਕੰਚਨ ਜਾਨਿਹ। ਜਿਹ ਤਨ ਨਾਮ ਪਰਗਾਸ।
   ਰਵਿਦਾਸ ਰਾਮ ਚਿੰਤਾਮਣਿ। ਰਹੁੰ ਇਸ ਤੇਜ ਉਜਾਸ ।।[802]

ਗੁਰਬਾਣੀ ਵਿਚ ਵੀ ਪਰਮਾਤਮਾ ਨੂੰ ਪਾਰਸ ਰੂਪ ਵਿਚ ਚਿਤਰਿਆ ਗਿਆ ਹੈ। ਗੁਰੂ ਪਰਮਾਤਮਾ ਦਾ ਰੂਪ ਹੁੰਦਾ ਹੈ। ਇਸ ਲਈ ਜਦੋਂ ਜੀਵ ਗੁਰੂ ਸ਼ਬਦ ਵਿਚ ਜੁੜ ਜਾਂਦੇ ਹਨ ਤਾਂ ਉਨ੍ਹਾਂ ਨੂੰ ਪਰਮਾਤਮਾ ਮਿਲ ਜਾਂਦਾ ਹੈ, ਉਨ੍ਹਾਂ ਦੀ ਸੇਵਾ ਕਬੂਲ ਹੋ ਜਾਂਦੀ ਹੈ। ਗੁਰੂ ਪਾਰਸ ਨੂੰ ਮਿਲਿਆਂ ਪਾਰਸ ਹੀ ਹੋ ਜਾਈਦਾ ਹੈ ਅਤੇ ਪਰਮਾਤਮਾ ਦੀ ਜੋਤਿ ਵਿਚ ਮਨੁੱਖ ਦੀ ਜੋਤਿ ਮਿਲ ਜਾਂਦੀ ਹੈ:—

ਸਬਦਿ ਮਿਲਹਿ ਤਾ ਹਰਿ ਮਿਲੈ ਸੇਵਾ ਪਵੈ ਸਭ ਥਾਇ॥
ਪਾਰਸਿ ਪਰਸਿਐ ਪਾਰਸੁ ਹੋਇ ਜੋਤੀ ਜੋਤਿ ਸਮਾਇ॥[303]

ਗੁਰੂ ਇੱਕ ਅਜਿਹਾ ਪਾਰਸ ਹੈ ਜਿਸ ਦੇ ਮੇਲ ਨਾਲ ਮਨੂਰ ਰੂਪੀ ਜੀਵ ਵੀ ਕੰਚਨ (ਗੁਰਮੁਖਿ) ਹੋ ਨਿਬੜਦਾ ਹੈ। ਉਸ ਦਾ ਆਪਾ ਭਾਵ ਖਤਮ ਹੋ ਜਾਂਦਾ ਹੈ। ਪਰਮਾਤਮਾ ਦੇ ਨਾਮ ਦਾ ਵਾਸਾ ਉਸਦੇ ਮਨ ਵਿਚ ਹੋ ਜਾਂਦਾ ਹੈ ਅਤੇ ਉਸ ਵੱਲੋਂ ਜੋਤਿ ਪਰਮਾਤਮਾ ਵਿਚ ਇਹ ਜੋਤਿ ਮਿਲ ਜਾਂਦੀ ਹੈ।

ਮਨੂਰੈ ਤੇ ਕੰਚਨ ਭਏ ਭਾਈ ਗੁਰੁ ਪਾਰਸੁ ਮੇਲਿ ਮਿਲਾਇ॥
ਆਪੁ ਛੋਡਿ ਨਾਉ ਮਨਿ ਵਸਿਆ ਭਾਈ ਜੋਤੀ ਜੋਤਿ ਮਿਲਾਇ॥[304]

ਗੁਰੂ ਜੀ ਬ੍ਰਹਮ ਨੂੰ ਚਿੰਤਾਮਣਿ ਰੂਪ ਵਿਚ ਚਿਤਰਦੇ ਹੋਏ ਦੱਸਦੇ ਹਨ ਕਿ ਉਸ ਪ੍ਰਮਾਤਮਾ ਨੂੰ ਆਪਣੇ ਜੀਵਾਂ ਦੀ ਪੂਰੀ ਚਿੰਤਾ ਹੈ। ਉਹ ਦੀਨ ਦਇਆਲ ਹੈ। ਉਸਦੇ ਸਿਮਰਣ ਨਾਲ ਸਾਰੇ ਸੁੱਖ ਪ੍ਰਾਪਤ ਹੁੰਦੇ ਹਨ। ਜੀਵਾਂ ਦੀ ਰੋਜ਼ੀ ਦਾ ਫਿਕਰ ਉਸ ਪ੍ਰਮਾਤਮਾ ਨੂੰ ਹੀ ਹੈ। ਉਹ ਤਾਂ ਪਾਣੀ ਵਿਚ ਪੈਦਾ ਜੀਵਾਂ ਨੂੰ ਵੀ ਰਿਜ਼ਕ ਦਿੰਦਾ ਹੈ:—

1. ਚਿਤਾਮਣਿ ਕਰੁਣਾਮਏ ॥ਰਹਾਉ॥
   ਦੀਨ ਦਇਆਲਾ ਪਾਰਬ੍ਰਹਮ॥ ਜਾ ਕੈ ਸਿਮਰਣਿ ਸੁਖ ਭਏ॥[305]
2. ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ॥
   ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ॥[306]

ਉਹ ਹੀ ਤਾਂ ਜੀਵਾਂ ਦਾ ਅਸਲੀ ਮਿੱਤਰ ਹੈ। ਉਹ ਅੰਤਰਜਾਮੀ ਪ੍ਰਭੂ ਹਰ ਥਾਂ ਵਸ ਰਿਹਾ ਹੈ। ਜੋ ਜੀਵ ਪ੍ਰਭੂ ਨੂੰ ਸਿਮਰਦਾ ਹੈ ਉਸਦੇ ਸਾਰੇ ਚਿੰਤਾ-ਫਿਕਰ ਦੂਰ ਹੋ ਜਾਂਦੇ ਹਨ। ਜਿਨ੍ਹਾਂ ਜੀਵਾਂ ਦੇ ਹਿਰਦੇ ਵਿਚ ਪਰਮਾਤਮਾ ਦੀ ਜੋਤਿ ਪਰਗਟ ਹੋ ਜਾਂਦੀ ਹੈ ਉਨ੍ਹਾਂ ਨੂੰ ਹਰ ਪਾਸੇ

ਉਹੀ ਚਿਤਵਦਾ ਹੈ।ਉਨ੍ਹਾਂ ਨੂੰ ਇਹ ਨਿਸ਼ਚਾ ਹੋ ਜਾਂਦਾ ਹੈ ਕਿ ਪ੍ਰਭੂ ਸਦਾ ਉਨ੍ਹਾਂ ਦੀ ਸੰਭਾਲ ਕਰਦਾ ਹੈ:-

1. ਮੀਤੁ ਹਮਾਰਾ ਸੋਈ ਸੁਆਮੀ।। ਥਾਨ ਥਨੰਤਰਿ ਅੰਤਰਜਾਮੀ।।
ਸਿਮਰਿ ਸਿਮਰਿ ਪੂਰਨ ਪਰਮੇਸੁਰ ਚਿੰਤਾ ਗਣਤ ਮਿਟਾਈ ਹੇ।।[807]
2. ਜਹ ਭੀਤਰਿ ਘਟ ਭੀਤਰਿ ਬਸਿਆ ਬਾਹਰਿ ਕਾਹੇ ਨਾਹੀ।।
ਤਿਨ ਕੀ ਸਾਰ ਕਰੇ ਨਿਤ ਸਾਹਿਬੁ ਸਦਾ ਚਿੰਤ ਮਨ ਮਾਹੀ।।[808]

ਗੁਰਬਾਣੀ ਵਿਚ ਜੀਵ ਨੂੰ ਉਸ ਚਿੰਤਾਮਣਿ ਪ੍ਰਭੂ ਨੂੰ ਸਿਮਰਨ ਦਾ ਉਪਦੇਸ਼ ਦਿੱਤਾ ਗਿਆ ਹੈ, ਜੋ ਅੰਤ ਵੇਲੇ ਮੱਦਦਗਾਰ ਹੋਵੇਗਾ।ਕਿਉਂ ਕਿ ਜਿਸ ਮਾਇਆ ਦਾ ਜੀਵ ਮਾਣ ਕਰਦਾ ਹੈ, ਉਹ ਅੰਤ ਵੇਲੇ ਨਾਲ ਨਹੀਂ ਜਾਣੀ:-

ਮਾਇਆ ਕੋ ਮਦੁ ਕਹਾ ਕਰਤੁ ਹੈ ਸੰਗਿ ਨ ਕਾਹੂ ਜਾਈ।।
ਨਾਨਕ ਕਹਤ ਚੇਤਿ ਚਿੰਤਾਮਨਿ ਹੋਇ ਹੈ ਅੰਤਿ ਸਹਾਈ।।[809]

ਪ੍ਰਭੂ ਸਾਰੇ ਜੀਅ ਪੈਦਾ ਕਰਕੇ ਆਪ ਹੀ ਉਨ੍ਹਾਂ ਦੀ ਪਾਲਣਾ ਕਰਦਾ ਹੈ। ਉਸਨੇ ਆਪ ਹੀ ਇਹ ਸ੍ਰਿਸ਼ਟੀ ਰਚੀ ਹੈ ਤੇ ਇਸ ਦੀ ਪਾਲਣਾ ਦਾ ਫ਼ਿਕਰ ਵੀ ਉਸੇ ਨੂੰ ਹੀ ਹੈ:-

ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ।।
ਜਿਨਿ ਕਰਤੈ ਕਰਣਾ ਕੀਆ ਚਿੰਤਾ ਭੀ ਕਰਣੀ ਤਾਹ।।[810]

ਅੰਤ ਵਿਚ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਦੋਹਾਂ ਹੀ ਗੁਰੂਆਂ ਨੇ ਬ੍ਰਹਮ ਨੂੰ ਨਿਰਗੁਣ, ਸਗੁਣ, ਸਗੁਣ-ਨਿਰਗੁਣ ਰੂਪ ਵਿਚ ਚਿਤਰਿਆ ਹੈ। ਉਸਦੀ ਏਕਤਾ ਵਿੱਚ ਅਨੇਕਤਾ ਅਤੇ ਅਨੇਕਤਾ ਵਿਚ ਏਕਤਾ ਛੁਪੀ ਹੋਈ ਹੈ। ਉਹ ਪ੍ਰਭੂ 'ਓਂਕਾਰ', ਰੂਪ ਹੈ। ਉਹ ਸਭ ਦੀ ਰਖਿਆ ਕਰਨ ਵਾਲਾ ਹੈ। ਉਹ ਏਕੰਕਾਰ, ਅਮਰ, ਅਜੋਨੀ, ਅਗਮੁ, ਅਗੋਚਰ ਹੈ। ਉਹ ਘਟਿ ਘਟਿ ਵਿਚ ਬਿਰਾਜਮਾਨ ਹੈ। ਬ੍ਰਹਮ 'ਸ਼ਬਦ' ਰੂਪ ਹੋਣ ਕਰਕੇ ਆਨੰਦ ਯੁਕਤ ਹੈ। ਸੂਖਮ ਰੂਪ ਬ੍ਰਹਮ ਦਾ ਵਾਸਾ 'ਸੁੰਨ ਮੰਡਲ' ਵਿਚ ਹੋਣ ਕਰਕੇ ਉਸਦਾ ਅਨੁਭਵ ਮਨੁੱਖ ਅੰਦਰ ਸਥਿਤ ਸੂਖਮ ਚੱਕਰ ਤੋਂ ਹੀ ਹੋ ਸਕਦਾ ਹੈ। ਇਥੇ ਗੁਰੂ ਨਾਨਕ ਦੇਵ ਜੀ ਗੁਰੂ ਰਵਿਦਾਸ ਤੋਂ ਥੋੜ੍ਹਾ ਅੱਗੇ ਨਿਕਲ ਜਾਂਦੇ ਹਨ। ਉਹ ਨਿਰੰਜਨ ਰੂਪ ਹੋਣ ਕਰਕੇ ਉਸਤੇ ਦੁਨਿਆਵੀ ਪਦਾਰਥਾਂ ਦਾ ਕੋਈ ਅਸਰ ਨਹੀਂ ਪੈਂਦਾ। ਦੋਹਾਂ ਹੀ ਗੁਰੂਆਂ ਦਾ ਬ੍ਰਹਮ ਨਿਰਭਉ, ਨਿਰਵੈਰ, ਅਕਾਲ ਮੂਰਤਿ, ਅਜੂਨੀ, ਸੈਭੰ,

ਅਗਮ, ਅਗੋਚਰ, ਨਿਰਵਿਕਾਰ, ਅਬਿਨਾਸ਼ੀ ਅਤੇ ਅਕੱਥ ਹੈ। ਦੋਵੇਂ ਹੀ ਗੁਰੂ ਇਸ ਨਾਲ ਸਹਿਮਤ ਹਨ ਕਿ ਪਰਮਾਤਮਾ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਵੀ ਮੌਜੂਦ ਸੀ। ਪਰ ਗੁਰੂ ਨਾਨਕ ਦੇਵ ਜੀ ਸ੍ਰਿਸ਼ਟੀ ਤੋਂ ਪੂਰਵ ਅਵਸਥਾ ਦਾ ਜ਼ਿਕਰ ਕਰਦਿਆਂ ਦੱਸਦੇ ਹਨ ਕਿ ਉਸ ਵੇਲੇ ਪਰਮਾਤਮਾ ਸ਼ੁੰਨ ਸਮਾਧੀ ਦੀ ਅਵਸਥਾ ਵਿਚ ਸੀ। ਉਸ ਨੇ ਆਪਣੇ ਇਕ ਹੀ ਵਾਕ ਨਾਲ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ। ਪਰਮਾਤਮਾ ਮਹਾਨ ਜੋਤਿ ਹੈ। ਜੀਵ ਉਸ ਦਾ ਅੰਸ਼ ਮਾਤਰ ਹੈ। ਉਸੇ ਜੋਤਿ ਦਾ ਪ੍ਰਕਾਸ਼ ਚਾਰੇ ਪਾਸੇ ਫੈਲਿਆ ਹੋਇਆ ਹੈ। ਉਹ ਸਤਿ ਸਰੂਪ ਤੇ ਸੈਭੰ ਹੈ। ਵਿਰਾਟ ਸਰੂਪ ਪਰਮਾਤਮਾ ਸਾਰੀ ਸ੍ਰਿਸ਼ਟੀ ਦਾ ਕਰਤਾ ਹੈ। ਉਹ ਅੰਤਰਜਾਮੀ ਪਰਮਾਤਮਾ ਆਪਣੇ ਭਗਤਾਂ ਦੀ ਲਾਜ ਰੱਖਦਾ ਹੈ। ਉਹ ਪਿਤਾ, ਮਾਤਾ, ਭੈਣ-ਭਰਾ, ਸਾਕ ਸੰਬੰਧੀ ਸਾਰੇ ਰਿਸ਼ਤੇ ਨਿਭਾਉਂਦਾ ਹੈ। ਸੁਲਤਾਨ ਰੂਪ ਹੋਣ ਦੇ ਨਾਲ ਨਾਲ ਉਹ ਜੀਵ ਤੋਂ ਉਸਦੇ ਕੀਤੇ ਕਰਮਾਂ ਦਾ ਲੇਖਾ ਵੀ ਮੰਗਦਾ ਹੈ। ਪਰ ਉਹ ਸਾਰੀ ਸ੍ਰਿਸ਼ਟੀ ਨੂੰ ਆਪਣੀ ਮਰਜ਼ੀ ਅਨੁਸਾਰ ਚਲਾ ਰਿਹਾ ਹੈ। ਬਾਜ਼ੀਗਰ ਵਾਂਗ ਆਪ ਹੀ ਬਾਜ਼ੀ ਪਾ ਕੇ ਆਪ ਹੀ ਤਮਾਸ਼ਾ ਵੇਖ ਰਿਹਾ ਹੈ। ਪਰ ਮਣੀ ਰੂਪ ਹੋਣ ਕਰਕੇ ਜੋ ਵੀ ਜੀਵ ਉਸਦੀ ਛੋਹ ਪ੍ਰਾਪਤ ਕਰ ਲੈਂਦਾ ਹੈ ਉਹ ਇਸ ਭਵਸਾਗਰ ਨੂੰ ਪਾਰ ਕਰ ਜਾਂਦਾ ਹੈ ਅਤੇ ਉਸ ਪ੍ਰਭੂ ਨਾਲ ਮਿਲਾਪ ਕਰਕੇ ਮੁੜ ਉਸੇ ਵਿੱਚ ਸਮਾ ਜਾਂਦਾ ਹੈ। ਉਸਨੂੰ ਮਨ ਮੰਦਰ ਵਿਚੋਂ ਹੀ ਖੋਜਿਆ ਜਾ ਸਕਦਾ ਹੈ।

## ਬ੍ਰਹਮ ਦਾ ਨਿਵਾਸ ਸਥਾਨ

ਗੁਰੂ ਰਵਿਦਾਸ ਜੀ ਬ੍ਰਹਮ ਦੇ ਨਿਵਾਸ ਸਥਾਨ ਬਾਰੇ ਆਪਣੀ ਬਾਣੀ ਵਿਚ ਬੜੇ ਵਿਸਥਾਰ ਨਾਲ ਚਰਚਾ ਕਰਦੇ ਹਨ। ਉਨ੍ਹਾਂ ਨੇ ਬ੍ਰਹਮ, ਬ੍ਰਹਮ ਦੇ ਨਿਵਾਸ-ਸਥਾਨ ਅਤੇ ਸਮਾਧੀ ਅਵਸਥਾ ਲਈ 'ਸ਼ੁੰਨ' ਅਤੇ 'ਸ਼ੁੰਨ ਸਮਾਧੀ' ਸ਼ਬਦਾਂ ਦਾ ਪ੍ਰਯੋਗ ਕੀਤਾ ਹੈ। ਉਮੇਸ਼ ਮਿਸ਼ਰ ਅਨੁਸਾਰ ਅਸਲ ਵਿਚ ਇਹ ਸ਼ਬਦ ਬੁੱਧ ਦਰਸ਼ਨ ਦੀ ਦੇਣ ਹੈ। ਨਾਗਾਰਜੁਨ ਨੇ ਮਾਧਮਿਕ ਦਰਸ਼ਨ ਵਿਚ ਇਸ ਦੀ ਵਿਆਖਿਆ ਕੀਤੀ ਹੈ। ਉਸ ਨੇ ਪਰਮਾਰਥ ਸਤਿ ਨੂੰ ਨਿਰਵਾਣ ਦੇ ਸਮਾਨ ਕਿਹਾ ਹੈ। ਇਹ ਸਤਿ ਸਭ ਧਰਮਾਂ ਤੋਂ ਰਹਿਤ ਹੈ। ਇਸ ਨੂੰ ਹੀ ਉਸ ਨੇ ਸ਼ੂਨਯਤਾ ਕਿਹਾ ਹੈ।[311] ਗੁਰੂ ਰਵਿਦਾਸ ਜੀ ਨੇ ਵੀ ਉਸ ਸਤਿ ਲਈ 'ਸ਼ੁੰਨ' ਸ਼ਬਦ ਦੀ ਵਰਤੋਂ ਕੀਤੀ ਹੈ।

1. ਜਹਾਂ ਕਾ ਉਪਜਿਆ ਤਹਾਂ ਬਿਲਾਇਓ। ਸਹਜ ਸ਼ੁੰਨ ਮੈਂ ਰਹਯੋ ਲੁਕਾਇਓ।[312]
2. ਸਹਜ ਸ਼ੁੰਨ ਮੇ ਭਾਟੀ ਸ੍ਰਵੈ। ਰਵਿਦਾਸ ਗੁਰਮੁਖਿ ਦ੍ਰਵੈ।।[313]

3. ਸੁੰਨ ਮੰਡਲ ਮੇਂ ਤੇਰਾ ਬਾਸਾ। ਤਾਥੈ ਜੀਵ ਮੇਂ ਰਹੇ ਉਦਾਸਾ।।[314]
4. ਈਲਾ ਪਿੰਗਲਾ ਖੋਲਿ ਕਿਵਰਿਆ। ਸੁੰਨ ਸਮਾਧਿ ਰਹਾਉ।।[315]

ਬ੍ਰਹਮ ਘਟਿ ਘਟਿ ਵਿਚ ਵਸਦਾ ਹੈ। ਕੋਈ ਵਰਣ ਵੀ ਉਸ ਤੋਂ ਬਾਹਰਾ ਨਹੀਂ ਹੈ।[316] ਅਗਤਿ, ਵਿਗਤ, ਅਨਾਦਿ ਤੇ ਰੂਪ ਰਹਿਤ ਬ੍ਰਹਮ ਤਾਂ ਵਿਸ਼ਵ ਵਿਆਪਕ ਹੈ।[317] ਉਹ ਸਰਬ ਚਿੰਤਾਮਣਿ ਅਤੇ ਸਰਬ ਪ੍ਰਿਤਪਾਲਕ ਹੈ।[318] ਉਹ ਮੁਰਾਰੀ ਪਰਮਪਦ ਹੈ ਉਸ ਨੂੰ ਮਿਲਣ ਨਾਲ ਸੁਖ ਮਿਲਦਾ ਹੈ:–

ਪਾਰ ਪਰਮ ਪਦ ਮਾਂਝਿ ਮੁਰਾਰੀ, ਤਾ ਮੈਂ ਆਪ ਰਮੈਂ ਬਨਵਾਰੀ।
ਪੂਰਨ ਬ੍ਰਹਮ ਬਸੈ ਸਬ ਠਾਂਈ, ਕਹੈ 'ਰਵਿਦਾਸ' ਮਿਲੇ ਸੁਖ ਸਾਂਈਂ।।[319]

ਪ੍ਰਭੂ ਦਾ ਵਾਸਾ ਸਾਰੇ ਜੀਵਾਂ ਵਿਚ ਹੈ ਤੇ ਸਾਰੇ ਜੀਵ ਉਸ ਪ੍ਰਭੂ ਵਿਚ ਵਸਦੇ ਹਨ। ਉਸ ਵਰਗਾ ਹੋਰ ਕੋਈ ਨਹੀਂ। ਪਰ ਹਰੀ ਦੇ ਜਨ ਹੀ ਇਸ ਭੇਦ ਨੂੰ ਜਾਣ ਸਕਦੇ ਹਨ।[320] ਪਰਮਾਤਮਾ ਇੱਕ ਹੈ। ਉਸ ਇੱਕ ਤੋਂ ਸ੍ਰਿਸ਼ਟੀ ਦਾ ਵਿਸਥਾਰ ਹੋਇਆ ਹੈ। ਇਸ ਲਈ ਉਹ ਸਭ ਥਾਂ ਭਰਪੂਰ ਹੈ।[321] ਉਹ ਸਭ 'ਘਟਿ' ਅੰਦਰ ਨਿਰੰਤਰ ਰਮ ਰਿਹਾ ਹੈ ਪਰ ਵਿਖਾਈ ਨਹੀਂ ਦਿੰਦਾ ਉਹ ਗੁਣਾਂ ਦਾ ਭੰਡਾਰ ਹੈ ਪਰ ਮਨੁੱਖ ਔਗੁਣ ਭਰਿਆ ਹੈ।[322] ਉਸ ਇੱਕੋ ਦੀਵੇ ਦਾ ਪ੍ਰਕਾਸ਼ ਚਾਰੇ ਪਾਸੇ ਜਗਮਗ ਕਰ ਰਿਹਾ ਹੈ। ਉਹ ਇੱਕੋ ਜੋਤਿ ਸਾਰੇ ਜੀਵਾਂ ਵਿਚ ਰੂਪਮਾਨ ਹੈ।[323] ਉਸ ਪ੍ਰਭੂ ਦਾ ਵਾਸਾ ਜਲ-ਥਲ, ਕੀੜੇ ਮਕੌੜਿਆਂ ਵਿਚ ਵੀ ਹੈ।[324] ਗੁਰੂ ਜੀ ਅਨੁਸਾਰ ਸਮੂਹ ਅੰਦਰ ਕੇਵਲ ਇੱਕੋ ਸਵਾਮੀ ਹੈ, ਉਹ ਸਾਰਿਆਂ ਦਿਲਾਂ ਅੰਦਰ ਆਨੰਦ ਮਾਣਦਾ ਹੈ। ਉਹ ਸਾਨੂੰ ਹੱਥਾਂ ਪੈਰਾਂ ਨਾਲੋਂ ਵੀ ਨੇੜੇ ਹੈ:–

ਸਰਬੇ ਏਕ ਅਨੇਕੈ ਸੁਆਮੀ, ਸਭ ਘਟਿ ਭੋਗਵੈ ਸੋਈ।
ਕਹਿ ਰਵਿਦਾਸ ਹਾਥ ਪੈ ਨੇਰੈ, ਸਹਜੇ ਹੋਇ ਸੁ ਹੋਈ।।[325]

ਵੇਦਾਂ ਵਿਚ ਭਾਵੇਂ ਉਸ ਨੂੰ ਨੇਤ-ਨੇਤ ਕਹਿ ਕੇ ਯਾਦ ਕੀਤਾ ਗਿਆ ਹੈ ਪਰ ਹੈ ਤਾਂ ਉਹ ਘਟਿ ਘਟਿ ਵਿਆਪਕ। ਇਸ ਲਈ ਉਸ ਨੂੰ ਭੁੱਲਣਾ ਨਹੀਂ ਚਾਹੀਦਾ।[326] ਫੁੱਲਾਂ ਵਿੱਚ ਰਚੀ ਸੁਗੰਧ ਵਾਂਗ ਅਤੇ ਸ਼ੀਸ਼ੇ ਵਿਚ ਪੈਂਦੀ ਪਰਛਾਈ ਵਾਂਗ ਉਹ ਪ੍ਰਭੂ ਸਭ ਜੀਵਾਂ ਵਿਚ ਰਮਿਆ ਹੋਇਆ ਹੈ। ਗੁਰੂ ਰਵਿਦਾਸ ਜੀ ਉਸ ਪ੍ਰਭੂ ਨੂੰ ਬਣਾਂ ਵਿਚ ਜਾ ਕੇ ਲੱਭਣ ਦੀ ਥਾਂ ਗ੍ਰਿਸਤ ਮਾਰਗ ਵਿਚ ਰਹਿੰਦਿਆਂ ਹੀ ਆਪਣੇ ਅੰਦਰ ਲੱਭਣ ਦਾ ਉਪਦੇਸ਼ ਦਿੰਦੇ ਹਨ:–

1. ਗਿਰਿ ਵਨ ਕਾਹੇ ਖੋਜਨ ਜਾਈ, ਘਟਿ ਅਭਿਅੰਤਰ ਖੋਜਹੁ ਭਾਈ।
ਪਹੁਪ ਮਧੇ ਜਯੂੰ ਵਾਸ ਬਸਤ ਹੈ, ਤਯੂੰ ਸਭ ਘਟ ਰਮਹਿ ਰਘੁਰਾਈ।।[827]
2. ਬਾਹਰ ਖੋਜਤ ਕਾ ਫਿਰਇ, ਘਟਿ ਭੀਤਰ ਹੀ ਖੋਜ।
ਰਵਿਦਾਸ ਉਨਮਨਿ ਸਾਧਿ ਕਰ, ਦੇਖਹੁ ਪਿਆ ਕੂ ਤੇਜ।।[828]
3. ਮੁਕਰ ਮਾਂਹ ਪਰਛਾਈ ਜੈਸੇ, ਪੁਹਪ ਮਧੇ ਜੈਸੇ ਬਾਸ।
ਤੈਸਉ ਹੀ ਸ੍ਰੀ ਹਰਿ ਬਸੈ, ਹਿਰਦੈ ਮਧੇ ਰਵਿਦਾਸ।।[829]

ਗੁਰੂ ਜੀ ਅਨੁਸਾਰ ਉਹ ਪ੍ਰਭੂ ਇਸ ਦੇਹ ਮੰਦਰ(ਭਾਵ ਸਰੀਰ) ਅੰਦਰ ਰਹਿੰਦਾ ਹੈ। ਸੰਸਾਰ ਦੇ ਸਾਰੇ ਕਾਰਵਿਹਾਰ ਇਹ ਦੇਹ ਦਾ ਜੀਵ ਹੀ ਕਰਦਾ ਹੈ। ਇਸ ਸੰਸਾਰਕ ਦੇਹ ਦੀ ਹੋਂਦ ਵੀ ਉਸ ਪ੍ਰਭੂ ਰਾਮ ਕਰਕੇ ਹੀ ਹੈ:-

ਜਬ ਦੇਖਾ ਤਬ ਰਾਮੈ ਰਾਮ, ਰਾਮ ਮੰਦਿ ਮਾਹਿ ਖੇਲੈ ਰਾਮ।
- - - - - - - - - - - - - - - - - - - - - - -
ਰਾਮ ਕਾ ਪੁਰਖ ਰਾਮ ਕੀ ਜੋ, ਰਾਮੋ ਰਾਮ ਮਿਲਾਵਾ ਹੋ।
ਕਹਿ ਰਵਿਦਾਸ ਰਾਮ ਹਮਾਰਾ ਭਾਈ। ਰਾਮ ਮੰਦਰ ਮਹਿ ਰਾਮ ਦੇਹਿ ਦਿਖਾਈ।।[830]

ਪ੍ਰਭੂ ਨਾਸ਼ਰਹਿਤ ਹੈ, ਉਹ ਸ੍ਰਿਸ਼ਟੀ ਦਾ ਕਰਤਾ ਹੈ। ਪੰਜਾਂ ਤੱਤਾਂ ਦਾ ਪਸਾਰਾ ਉਸੀ ਨੇ ਤਾਂ ਕੀਤਾ ਹੈ। ਇਸ ਲਈ ਉਹ ਇਨ੍ਹਾਂ ਤੋਂ ਬਿਨਾਂ ਹੋਰ ਕਿਥੇ ਹੋ ਸਕਦਾ ਹੈ।[831] ਪਰ ਉਸ ਬ੍ਰਹਮ ਨੂੰ ਉਸ ਦਾ ਗੁਲਾਮ ਹੋ ਕੇ ਹੀ ਬੁੱਝਿਆ ਜਾ ਸਕਦਾ ਹੈ।[832] ਗੁਰੂ ਰਵਿਦਾਸ ਜੀ ਨੂੰ ਬ੍ਰਹਮ ਸਾਰੀ ਸ੍ਰਿਸ਼ਟੀ ਵਿਚ ਭਰਪੂਰ ਵਿਖਾਈ ਦੇ ਰਿਹਾ ਹੈ। ਉਨ੍ਹਾਂ ਨੂੰ ਸਾਰੇ ਪਾਸੇ ਉਸ ਖਾਲਿਕ ਦਾ ਨੂਰ ਪਸਰਿਆ ਨਜਰੀਂ ਆਉਂਦਾ ਹੈ:-

ਰਵਿਦਾਸ ਹੋ ਖਾਲਿਕ ਦੇਖਿਆ, ਸਕਲ ਰਹਯਾ ਭਰਪੂਰਿ।
ਸਬ ਦਿਸ ਦੇਖਹੁੰ ਬਿਆਪਿਆ, ਖਾਲਿਕ ਕਾ ਹੀ ਨੂਰ।।[833]

ਪ੍ਰਭੂ ਦਾ ਵਾਸਾ ਜੀਵ ਦੇ ਹਿਰਦੇ ਵਿਚ ਉਸੇ ਤਰ੍ਹਾਂ ਹੈ ਜਿਵੇਂ ਪਰਛਾਵੇਂ ਤੇ ਫੁੱਲਾਂ ਵਿੱਚ ਸੁਗੰਧ ਦਾ ਹੈ।[834] ਉਹ ਇਕੋ ਬ੍ਰਹਮ ਸਾਰੇ ਬ੍ਰਹਿਮੰਡ ਵਿਚ ਪਸਰਿਆ ਹੋਇਆ ਹੈ ਅਤੇ ਸਾਰਾ ਬ੍ਰਹਿਮੰਡ ਉਸ ਵਿਚ ਸਮਾਇਆ ਹੋਇਆ ਹੈ। ਉਹ ਸਭ ਭੇਖਾਂ ਵਿਚ ਮੌਜੂਦ ਹੈ। ਸ੍ਰਿਸ਼ਟੀ ਉਸ ਤੋਂ ਬਿਨਾਂ ਕੁਝ ਨਹੀਂ।[835] ਗੁਰੂ ਰਵਿਦਾਸ ਜੀ ਭੇਖੀ ਭਗਤਾਂ ਤੇ ਚੋਟ ਕਰਦੇ ਕਹਿੰਦੇ ਹਨ। ਕਿ ਜਿਸ ਨੂੰ ਤੁਸੀਂ ਕਾਬੇ ਅਤੇ ਕੈਲਾਸ਼ ਪਰਬਤ ਤੇ ਢੂੰਢਣ ਜਾਂਦੇ ਹੋ ਉਹ ਰਾਮ

ਪਿਆਰਾ ਤਾਂ ਤੁਹਾਡੇ ਮਨ ਵਿਚ ਹੀ ਬੈਠਾ ਹੋਇਆ ਹੈ:-

ਕਾਬੈ ਅਰੁ ਕੈਲਾਸ ਮਹਿੰ, ਜਿਹ ਕੂੰ ਢੂੰਢਣ ਜਾਂਹਿ।
ਰਵਿਦਾਸ ਪਿਆਰਾ ਰਾਮ ਤਉ, ਬਇਠਹਿੰ ਮਨ ਮਾਂਹਿ।।[336]

ਬਣਾਂ ਵਿਚ ਜਾ ਕੇ ਪ੍ਰੀਤਮ ਨੂੰ ਲੱਭਣ ਨਾਲ ਉਸ ਦੀ ਪ੍ਰਾਪਤੀ ਨਹੀਂ ਹੋ ਸਕਦੀ। ਕਿਉਂ ਕਿ ਉਹ ਤਾਂ ਜੰਗਲਾਂ ਵਿਚ ਨਹੀਂ, ਸਗੋਂ ਮਨੁੱਖੀ ਪ੍ਰੇਮ ਵਿਚ ਵਸਦਾ ਹੈ।[337] ਰਾਧੇ, ਕ੍ਰਿਸ਼ਨ, ਕਰੀਮ, ਹਰੀ, ਰਾਮ, ਰਹੀਮ, ਖੁਦਾਇ ਤਾਂ ਉਸ ਦੇ ਵੱਖ ਵੱਖ ਨਾਮ ਹਨ। ਉਹ ਤਾਂ ਗੁਰੂ ਜੀ ਕਹਿੰਦੇ ਹਨ ਕਿ ਮੇਰੇ ਮਨ ਵਿਚ ਵਸਦਾ ਹੈ।[338] ਊਚ ਨੀਚ, ਬ੍ਰਾਹਮਣ ਅਤੇ ਚਮਾਰ ਦਾ ਭੇਦ ਭਾਵ ਵਿਅਰਥ ਹੈ ਕਿਉਂ ਕਿ ਸਾਰਿਆਂ ਅੰਦਰ ਇੱਕ ਹੀ ਨੂਰ ਹੈ।[339] ਬ੍ਰਾਹਮਣ ਅਤੇ ਚੰਡਾਲ ਵਿਚ ਕੋਈ ਅੰਤਰ ਨਹੀਂ। ਸਾਰੇ ਹਿਰਦਿਆਂ ਵਿਚ ਭਗਵਾਨ ਤਾਂ ਇਕ ਹੀ ਹੈ।[340] ਸ੍ਰਿਸ਼ਟੀ ਦਾ ਸਿਰਜਨਹਾਰ ਪਰਮਾਤਮਾ ਸਭ ਨੂੰ ਇਕ ਹੀ ਨਜ਼ਰ ਨਾਲ ਵੇਖਦਾ ਹੈ। ਉਹ ਸਭ ਘਟਿ ਵਿਆਪਕ ਹੈ:-

ਇਕ ਨਜਰਿ ਸੋਂ ਸਭ ਕੂੰ ਦੇਖਇ, ਸਰਿਸਟਿ ਕਾ ਸਿਰਜਨਹਾਰਾ।
ਸਬ ਘਟਬਯਾਪਕ ਅਲਖ ਨਿਰੰਜਨ, ਕਹਿ 'ਰਵਿਦਾਸ' ਚਮਾਰਾ।।[341]

ਗੁਰੂ ਰਵਿਦਾਸ ਨੂੰ ਉਸ ਬ੍ਰਹਮ ਦਾ ਨਿਵਾਸ ਮਥੁਰਾ, ਦਵਾਰਿਕਾ, ਕਾਸ਼ੀ ਤੇ ਹਰਿਦੁਆਰ ਦੀ ਥਾਂ ਆਪਣੇ ਦਿਲ ਵਿਚ ਹੀ ਲੱਭਿਆ ਜਿਥੋਂ ਉਸ ਨੂੰ ਬ੍ਰਹਮ ਦਿਲਦਾਰ ਦੀ ਪ੍ਰਾਪਤੀ ਹੋਈ:-

ਕਾ ਮਥੁਰਾ ਕਾ ਦ੍ਵਾਰਿਕਾ, ਕਾ ਕਾਸੀ ਹਰਿਦ੍ਵਾਰ।
ਰਵਿਦਾਸ ਖੋਜਾ ਦਿਲ ਆਪਨਾ, ਤਉ ਮਿਲਿਆ ਦਿਲਦਾਰ।।[342]

ਗੁਰੂ ਰਵਿਦਾਸ ਵਾਂਗ ਗੁਰੂ ਨਾਨਕ ਦੇਵ ਜੀ ਨੇ ਵੀ ਆਪਣੀ ਬਾਣੀ ਵਿਚ ਬ੍ਰਹਮ ਦੇ ਨਿਵਾਸ ਸਥਾਨ ਨੂੰ ਜਾਨਣ ਦੀ ਪੂਰੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਨੇ ਬ੍ਰਹਮ ਦੇ ਨਿਵਾਸ ਸਥਾਨ ਅਤੇ ਸਮਾਧੀ ਅਵਸਥਾ ਲਈ 'ਸੱਚਖੰਡ', 'ਸੁੰਨ' ਅਤੇ 'ਸੁੰਨ ਸਮਾਧਿ' ਆਦਿ ਸ਼ਬਦਾਂ ਦੀ ਵਰਤੋਂ ਕੀਤੀ ਹੈ। ਸਾਰੇ ਸੰਸਾਰ ਦਾ ਸਿਰਜਕ ਹੋਣ ਕਰਕੇ ਉਹ ਸਰਵ ਉੱਚ ਹੈ, ਪ੍ਰੰਤੂ ਕਿਉਂ ਕਿ ਉਹ ਦਰਸ਼ਕ ਅਤੇ ਰਸਿਕ ਵੀ ਹੈ ਇਸ ਲਈ ਸ੍ਰਿਸ਼ਟੀ ਦੇ ਕਣ ਕਣ ਵਿਚ ਸਮਾਇਆ ਹੋਇਆ ਹੈ। ਸਰਵਉੱਚਤਾ ਉਸ ਦੀ ਪਰਿਪੂਰਣਤਾ ਦੀ ਸੂਚਕ ਹੈ ਅਤੇ ਕਣ-ਕਣ ਵਿਚ ਸਮਾਵਿਸ਼ਟ

ਉਸ ਦੀ ਵਿਆਪਕਤਾ ਹੈ। ਜਦ ਵਿਸ਼ਵ-ਪ੍ਰਕਿਰਤੀ ਦਾ ਕੋਈ ਅਸਤਿੱਤਵ ਨਹੀਂ ਸੀ, ਤਾਂ ਵੀ ਅਕਾਲ ਦਾ 'ਸ਼ਬਦ' ਮੌਜੂਦ ਸੀ। ਇਸ ਨੂੰ ਹੁਕਮ, ਇੱਛਾ ਅਤੇ ਕਵਾਉ ਵੀ ਕਿਹਾ ਗਿਆ ਹੈ। ਹੌਲੀ ਹੌਲੀ ਇਸ 'ਕਵਾਉ' ਤੋਂ ਸ੍ਰਿਸ਼ਟੀ ਦੀ ਰਚਨਾ ਹੋਈ। ਫਿਰ ਉਹ ਪਰਮ ਅਲੌਕਿਕ ਸ਼ਕਤੀ ਖ਼ੁਦ ਆਪਣੀ ਚਮਤਕਾਰਿਕ ਰਚਨਾ ਦਾ ਆਨੰਦ ਲੈਣ ਲਈ ਸਭ ਤੋਂ ਉੱਚੀ ਹੋ ਬੈਠੀ।[343]

ਡਾ. ਸ਼ੇਰ ਸਿੰਘ ਆਪਣੀ ਪੁਸਤਕ 'ਗੁਰਮਤਿ ਦਰਸ਼ਨ' ਵਿਚ 'ਹੁਕਮ' ਦਾ ਅਰਥ 'ਈਸ਼ਵਰੀ ਫੁਰਨਾ' ਜਾਂ ਈਸ਼ਵਰੀ ਇੱਛਾ ਲੈਂਦੇ ਹਨ।[344]

1. ਕੀਤਾ ਪਸਾਉ ਏਕੋ ਕਵਾਉ। ਤਿਸ ਤੇ ਹੋਏ ਲਖ ਦਰੀਆਉ।।[345]
2. ਖੰਡ ਦੀਪ ਸਭ ਲੋਆ। ਏਕ ਕਵਾਵੈ ਤੇ ਸਭਿ ਹੋਆ।[346]
3. ਏਕੋ ਹੁਕਮ ਵਰਤੈ ਸਭ ਲੋਈ।।[347]
4. ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ।
   ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ।।[345]
5. ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ।
   ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ।।[349]

ਗੁਰੂ ਨਾਨਕ ਦੇਵ ਜੀ ਨੇ 'ਜਪੁਜੀ' ਵਿਚ ਪਰਮਾਤਮਾ ਤੱਕ ਪਹੁੰਚਣ ਦੀਆਂ ਅਧਿਆਤਮਕਤਾ ਦੀਆਂ ਭਿੰਨ ਭਿੰਨ ਅਵਸਥਾਵਾਂ ਦਾ ਚਿਤਰਣ ਪੰਜ ਖੰਡਾਂ ਦੇ ਰੂਪ ਵਿਚ ਕਰਦੇ ਹੋਏ ਧਰਮ, ਗਿਆਨ, ਸਰਮ, ਕਰਮ ਖੰਡਾਂ ਦਾ ਵਰਣਨ ਕਰਨ ਤੋਂ ਬਾਅਦ ਸਰਵ ਉੱਚ ਖੰਡ 'ਸੱਚ ਖੰਡ' ਵਿਚ ਅਕਾਲ ਪੁਰਖ ਵਾਹਿਗੁਰੂ ਦਾ ਨਿਵਾਸ ਸਥਾਨ ਦੱਸਿਆ ਹੈ। ਸੱਚਾ ਸਥਾਨ ਹੈ, ਨਿਹਚਲ ਹੈ:-

1. ਸੱਚ ਖੰਡਿ ਵਸੈ ਨਿਰੰਕਾਰੁ, ਕਰਿ ਕਰਿ ਵੇਖੈ ਨਦਰਿ ਨਿਹਾਲ।।[350]
2. ਸਚੈ ਥਾਨਿ ਵਸੈ ਨਿਰੰਕਾਰਾ।।[351]
3. ਸਚੈ ਮਹਲਿ ਨਿਵਾਸੁ ਨਿਰੰਤਰਿ ਆਵਣ ਜਾਣੁ ਚੁਕਾਇਆ।।[352]
4. ਸਾਚ ਮਹਲਿ ਗੁਰਿ ਅਲਖੁ ਲਖਾਇਆ।।
   ਨਿਹਚਲ ਮਹਲੁ ਨਹੀ ਛਾਇਆ ਮਾਇਆ।।[353]

ਗੁਰਬਾਣੀ ਵਿਚ ਬ੍ਰਹਮ ਨੂੰ ਸਰਬ ਵਿਆਪਕ, ਅੰਤਰ-ਬਾਹਰ ਰਮਿਆ ਅਤੇ ਘੱਟ ਘੱਟ

ਵਾਸੀ ਰੂਪ ਵਿਚ ਚਿਤਰਿਆ ਗਿਆ ਹੈ। ਉਸ ਦਾ ਵਾਸਾ ਜੀਵਾਂ ਦੇ ਅੰਦਰ ਹੈ। ਉਹ ਜਨਮ ਮਰਨ ਤੋਂ ਰਹਿਤ ਹੈ।

1. ਆਤਮੁ ਰਾਮੁ ਰਵਿਆ ਸਭ ਅੰਤਰਿ ਕਤ ਆਵੈ ਕਤ ਜਾਈ॥[854]
2. ਸਭਿ ਘਟਿ ਮੇਰੇ ਹਭੁ ਸਭਨਾ ਅੰਦਰਿ॥[855]
3. ਏਕੋ ਸਚਿ ਵਰਤੈ ਸਭ ਅੰਤਰਿ ਸਭਨਾ ਕਰੇ ਪ੍ਰਤਿਪਾਲਾ॥[856]
4. ਅੰਤਰਿ ਬਸੈ ਬਾਹਰਿ ਭੀ ਓਹੀ॥[857]

ਪ੍ਰਭੂ ਨੇ ਪੰਜ ਤੱਤਾਂ ਦੇ ਸੁਮੇਲ ਨਾਲ ਮਨੁੱਖੀ ਸਰੀਰ ਬਣਾਇਆ ਇਸ ਵਿਚ ਨੌ ਦਰਵਾਜੇ ਰੱਖੇ। ਦਸਵੇਂ ਵਿਚ ਪ੍ਰਭੂ ਨੇ ਆਪ ਨਿਵਾਸ ਕੀਤਾ। ਉਹ ਤਾਂ ਅਬਿਨਾਸ਼ੀ ਹੈ, ਜੋ ਸਾਰੇ ਜੀਵਾਂ ਵਿਚ ਸਮਾਇਆ ਹੋਇਆ ਹੈ:-

1. ਆਪੇ ਆਪਿ ਉਪਾਇ ਨਿਰਾਲਾ॥ ਸਾਚਾ ਥਾਨੁ ਕੀਓ ਦਇਆਲਾ॥
ਪਉਣ ਪਾਣੀ ਅਗਨੀ ਕਾ ਬੰਧਨ ਕਾਇਆ ਕੋਟੁ ਰਚਾਇਆ॥
ਨਉ ਘਰ ਥਾਪੇ ਥਾਪਣਹਾਰੈ॥ ਦਸਵੈ ਬਾਸਾ ਅਲਖ ਅਪਾਰੈ॥
ਸਾਇਰ ਸਪਤ ਭਰੇ ਜਲ ਨਿਰਮਲਿ ਗੁਰਮੁਖਿ ਮੈਲੁ ਨ ਲਾਇਦਾ॥[858]
2. ਸਤਿਗੁਰ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ॥
ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥[859]

ਗੁਰੂ ਸਾਹਿਬਾਨ ਅਨੁਸਾਰ ਨਿਰਾਕਾਰ ਪੂਰਨ ਗੁਰੂ ਬ੍ਰਹਮ ਘਟ-ਘਟ ਵਿਚ ਪ੍ਰਕਾਸ਼ਮਾਨ ਹੈ। ਇਸ ਲਈ ਉਸਦੀ ਭਾਲ ਬਾਹਰ ਨਹੀਂ ਕਰਨੀ ਚਾਹੀਦੀ। ਗੁਰੂ ਅਤੇ ਪਰਮਾਤਮਾ ਇਕੋ ਹਸਤੀ ਦੇ ਲਖਾਇਕ ਹਨ ਅਤੇ ਦੋਹਾਂ ਦਾ ਨਿਵਾਸ ਮਨੁੱਖੀ ਹਿਰਦੇ ਵਿਚ ਹੈ। ਬ੍ਰਹਮ ਸ਼ਬਦ ਰੂਪ ਵਿਚ ਤਿੰਨਾਂ ਲੋਕਾਂ ਵਿਚ ਵਿਦਮਾਨ ਹੈ:-

1 ਸਭ ਕਿਛੁ ਘਰ ਮਹਿ ਬਾਹਰਿ ਨਾਹੀ।
ਬਾਹਰਿ ਟੋਲੈ ਸੋ ਭਰਮਿ ਭੁਲਾਹੀ॥[860]
2. ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥
ਗੁਰੂ ਗੋਵਿੰਦੁ, ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥[861]

3. ਸਬਦ ਕਉ ਨਿਰੰਤਰਿ ਵਾਸੁ ਅਲਖੰ ਜਹ ਦੇਖਾ ਤਹ ਸੋਈ।।[362]

4. ਸਭ ਮਹਿ ਵਰਤੈ ਪ੍ਰਭੁ ਸਾਚਾ ਕਰਮ ਮਿਲੈ ਬੈਆਲੀ।।[363]

5. ਤਿਹੁ ਲੋਕਾ ਮਹਿ ਸਬਦੁ ਰਵਿਆ ਹੈ ਆਪੁ ਗਇਆ ਮਨੁ ਮਾਨਿਆ।।[364]

ਗੁਰੂ ਨਾਨਕ ਦੇਵ ਜੀ ਉਸ ਦਰ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਬੜੇ ਉਤਾਵਲੇ ਹਨ ਜਿਥੇ ਉਸ ਪ੍ਰਭੂ ਦਾ ਵਾਸਾ ਹੈ। ਉਹ ਥਾਂ ਬਿਆਨ ਨਹੀਂ ਹੋ ਸਕਦਾ। ਕੋਈ ਵਿਰਲਾ ਹੀ ਉਸ ਗੁਪਤ ਥਾਂ ਦੀ ਭਾਲ ਕਰ ਸਕਦਾ ਹੈ। ਪਰਮਾਤਮਾ ਦੀ ਅਸਲ ਵਡਿਆਈ ਅਤੇ ਨਾਮ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਇਹ ਵੀ ਨਹੀਂ ਦੱਸਿਆ ਜਾ ਸਕਦਾ ਕਿ ਜਿਥੇ ਉਹ ਪ੍ਰਭੂ ਵਸਦਾ ਹੈ, ਉਹ ਥਾਂ ਕਿੱਡਾ ਵੱਡਾ ਹੈ:--

1. ਜਿਤੁ ਦਰਿ ਵਸਹਿ ਕਵਨੁ ਦਰੁ ਕਹੀਐ ਦਰਾ ਭੀਤਰਿ ਦਰੁ ਕਵਨੁ ਲਹੈ।।
ਜਿਸੁ ਦਰ ਕਾਰਣਿ ਫਿਰਾ ਉਦਾਸੀ ਸੋਦਰੁ ਕੋਈ ਆਇ ਕਹੈ।।[365]

2. ਥਾਵਾ ਨਾਵ ਨ ਜਾਣੀਅਹਿ ਨਾਵਾ ਕੇਵਡੁ ਨਾਉ।
ਜਿਥੈ ਵਸੈ ਮੇਰਾ ਪਾਤਿਸਾਹੁ ਸੋ ਕੇਵਡੁ ਹੈ ਥਾਉ।।[366]

'ਜਪੁਜੀ' ਵਿਚ ਪਰਮਾਤਮਾ ਦੇ ਉਸ ਘਰ ਨੂੰ ਬੜਾ ਅਸਚਰਜ ਬਿਆਨਿਆ ਗਿਆ ਹੈ, ਜਿਥੇ ਬੈਠ ਕੇ ਉਹ ਸਾਰੇ ਜੀਵਾਂ ਦੀ ਸੰਭਾਲ ਕਰ ਰਿਹਾ ਹੈ। ਪਰਮਾਤਮਾ ਦੇ ਉਸ ਦਰ ਘਰ ਦੀਆਂ ਅਨੇਕਾਂ ਜੀਵ, ਨਾਦ, ਦੇਵੀ-ਦੇਵਤੇ ਸਿਫਤਾਂ ਕਰਦੇ ਨਹੀਂ ਥੱਕਦੇ।[367] 'ਜਪੁਜੀ' ਦੀ 37ਵੀਂ ਪਉੜੀ ਵਿਚ ਪਰਮਾਤਮਾ ਨੂੰ ਕਿਉਂ ਕਿ ਸੱਚਖੰਡ ਦਾ ਵਾਸੀ ਦੱਸਿਆ ਗਿਆ ਹੈ। ਪਰਮਾਤਮਾ ਨਾਲ ਇਕਰੂਪਤਾ ਪ੍ਰਾਪਤ ਕਰਕੇ ਹੀ ਉਥੋਂ ਦਾ ਵਾਸੀ ਜੀਵ ਵੀ ਬਣ ਸਕਦਾ ਹੈ। ਉਸ ਸੱਚ ਖੰਡ ਵਿਚ ਬੇਅੰਤ ਖੰਡ, ਮੰਡਲ ਤੇ ਬੇਅੰਤ ਬ੍ਰਹਿਮੰਡ ਹਨ। ਪਰ ਉਨ੍ਹਾਂ ਦੀ ਥਾਹ ਨਹੀਂ ਪਾਈ ਜਾ ਸਕਦੀ। ਬੇਅੰਤ ਭਵਨ ਤੇ ਆਕਾਰ ਹਨ। ਪਰ ਇਸ ਅਵਸਥਾ ਦਾ ਕਥਨ ਕਰਨਾ ਬਹੁਤ ਔਖਾ ਹੈ:--

ਸੱਚ ਖੰਡ ਵਸੈ ਨਿਰੰਕਾਰੁ।। ਕਰਿ ਕਰਿ ਵੇਖੈ ਨਦਰਿ ਨਿਹਾਲ।।
ਤਿਥੈ ਖੰਡ ਮੰਡਲ ਵਰਭੰਡ।। ਜੇ ਕੋ ਕਥੈ ਤ ਅੰਤ ਨ ਅੰਤ।।
ਤਿਥੈ ਲੋਅ ਲੋਅ ਆਕਾਰ।। ਜਿਵੈ ਜਿਵ ਹੁਕਮ ਤਿਵੈ ਤਿਵ ਕਾਰ।।
ਵੇਖੈ ਵਿਗਸੈ, ਕਰ ਵੀਚਾਰ।। ਨਾਨਕ ਕਥਨਾ ਕਰੜਾ ਸਾਰ।।[368]

ਡਾ. ਮਨਮੋਹਨ ਸਹਿਗਲ 'ਸੱਚਖੰਡ' ਨੂੰ ਬਿਜਲੀ ਦੇ ਪਾਵਰ ਹਾਊਸ ਨਾਲ ਤੁਲਨਾ

ਦਿੱਤੇ ਹਨ।[369] ਪ੍ਰੋ਼ ਡਾ. ਰਤਨ ਸਿੰਘ ਜੱਗੀ ਲਿਖਦੇ ਹਨ ਕਿ ਗੁਰੂ ਨਾਨਕ ਦਾ 'ਸੱਚਖੰਡ' ਪਾਵਰ ਹਾਊਸ ਦੇ ਸਮਾਨ ਸੀਮਿਤ ਅਤੇ ਸ੍ਰਿਸ਼ਟੀ ਤੋਂ ਭਿੰਨ ਅਸਤਿੱਤਵ ਵਾਲਾ ਨਹੀਂ ਹੈ ਕਿਉਂ ਕਿ ਉਸ ਵਿਚ ਅਨੰਤ ਖੰਡ, ਮੰਡਲ, ਬ੍ਰਹਮੰਡ ਅਤੇ ਅਸੰਖ ਲੋਕ ਆਕਾਰਵਤ ਹਨ। ਜਿਨ੍ਹਾਂ ਦਾ ਬਾਣੀ ਰਾਹੀਂ ਕਥਨ ਨਹੀਂ ਕੀਤਾ ਜਾ ਸਕਦਾ। ਗੁਰੂ ਨਾਨਕ ਦਾ 'ਸੱਚ ਖੰਡ' ਜਗਤ ਤੋਂ ਭਿੰਨ ਨਹੀਂ। ਇਹ ਰੂਪਾਤਮਕ ਜਗਤ ਉਸਦਾ ਅੰਸ਼ ਜਾਂ ਅੰਗ ਹੈ। ਸਿੱਟੇ ਵਜੋਂ ਸੱਚ ਖੰਡ ਇਕ ਅਜਿਹਾ ਵਿਰਾਟ ਖੰਡ ਹੈ ਜਿਸ ਵਿਚ ਅਨੇਕ ਦ੍ਰਿਸ਼ਟੀ ਗੋਚਰ ਜਗਤ ਸ਼ਾਮਲ ਅਤੇ ਸਮਾਇਆ ਹੋਇਆ ਹੈ।[370]

ਜਿਹ ਜੀਵ ਪਰਮਾਤਮਾ ਨੂੰ ਆਪਣੇ ਤੋਂ ਦੂਰ ਸਮਝ ਰਿਹਾ ਹੈ ਪਰ ਉਹ ਤਾਂ ਹਿਰਦੇ ਵਿੱਚ ਵਸ ਰਿਹਾ ਹੈ। ਉਹ ਤਾਂ ਸਾਰੀ ਸ੍ਰਿਸ਼ਟੀ ਵਿਚ ਮੌਜੂਦ ਹੈ। ਉਹ ਤਾਂ ਸਰਬ ਵਿਆਪਕ ਹੈ। ਉਸ ਤੋਂ ਬਿਨਾ ਦੂਜਾ ਕੋਈ ਹੈ ਹੀ ਨਹੀਂ:–

ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ, ਏਕੋ ਸ੍ਰਿਸਟਿ ਸਬਾਈ॥
ਏਕੰਕਾਰੁ ਅਵਰੁ ਨਹੀ ਦੂਜਾ, ਨਾਨਕ ਏਕੁ ਸਮਾਈ॥[371]

ਗੁਰੂ ਜੀ ਅਨੁਸਾਰ ਮਨੁੱਖੀ ਸਰੀਰ ਵੀ ਇਕ ਸ਼ਹਿਰ ਹੈ। ਇਸ ਸ਼ਹਿਰ ਦੇ ਦਸਵੇਂ ਦੁਆਰ ਵਿਚ ਪ੍ਰਭੂ ਸਦਾ ਥਿਰ ਨਿਵਾਸ ਕਰਦਾ ਹੈ। ਉਹ ਤਾਂ ਆਕਾਸ਼ ਵਾਂਗ ਸਰਬ ਵਿਆਪਕ ਹੈ:–

1. ਕਾਇਆ ਨਗਰੁ ਨਗਰ ਗੜ ਅੰਦਰਿ॥ ਸਾਚਾ ਵਾਸਾ ਪੁਰਿ ਗਗਨੰਦਰਿ॥[372]
2. ਕਾਇਆ ਮਹਲੁ ਮੰਦਰੁ ਘਰੁ ਹਰਿ ਕਾ। ਤਿਸੁ ਮਹਿ ਰਾਖੀ ਜੋਤਿ ਅਪਾਰ॥[373]
3. ਗਗਨ ਗੰਭੀਰ ਗਗਨੰਤਰਿ ਵਾਸੁ॥[374]

ਇਹ ਸਾਰੀ ਸ੍ਰਿਸ਼ਟੀ ਉਸਦੇ ਹੁਕਮ ਅੰਦਰ ਚਲ ਰਹੀ ਹੈ। ਜੋ ਆਪਣੇ ਸਦਾ-ਥਿਰ ਮਹਿਲ ਵਿਚ ਬੈਠ ਕੇ ਆਪ ਹੀ ਸਭ ਦੀ ਸੰਭਾਲ ਕਰ ਰਿਹਾ ਹੈ:–

ਜੇਤੀ ਹੈ ਤੇਤੀ ਤੁਧੁ ਅੰਦਰਿ॥ ਦੇਖਹਿ ਆਪਿ ਬੈਸਿ ਬਿਜ ਮੰਦਰਿ॥[375]

ਗੁਰਬਾਣੀ ਅਨੁਸਾਰ ਉਸ ਦੀ ਜੋਤਿ ਤਿੰਨਾਂ ਲੋਕਾਂ ਵਿਚ ਪਸਰ ਰਹੀ ਹੈ। ਉਹ ਮਾਇਆ ਦੇ ਤਿੰਨਾਂ ਗੁਣਾਂ ਦਾ ਪਸਾਰਾ ਪਸਾਰ ਕੇ ਆਪ ਇਨ੍ਹਾਂ ਤੋਂ ਉਤਾਂਹ ਚੌਥੇ ਘਰ ਵਿਚ ਟਿਕਿਆ ਹੋਇਆ ਹੈ। ਸਾਰੇ ਜੀਵਾਂ ਵਿਚ ਉਸਦੀ ਪਵਿਤ੍ਰ ਜੋਤਿ ਪਸਰ ਰਹੀ ਹੈ:–

ਤ੍ਰੈ ਵਰਤਾਇ ਚਉਥੈ ਘਰਿ ਵਾਸਾ॥ ਕਾਲ ਬਿਕਾਲ ਕੀਏ ਇਕ ਗ੍ਰਾਸਾ॥
ਨਿਰਮਲ ਜੋਤਿ ਸਰਬ ਜਗਜੀਵਨੁ ਗੁਰਿ ਅਨਹਦ ਸਬਦਿ ਦਿਖਾਇਆ॥[376]

ਗੁਰੂ ਜੀ ਜੀਵ ਨੂੰ ਉਸ ਦੀ ਪ੍ਰਾਪਤੀ ਲਈ ਜੰਗਲਾਂ ਵਿਚ ਜਾਣ ਤੋਂ ਰੋਕਦੇ ਹਨ। ਕਿਉਂਕਿ ਉਹ ਤਾਂ ਹਮੇਸ਼ਾਂ ਜੀਵ ਦੇ ਅੰਗ ਸੰਗ ਰਹਿੰਦਾ ਹੈ। ਜਿਵੇਂ ਫੁੱਲਾਂ ਵਿਚ ਸੁਗੰਧੀ ਵਸਦੀ ਹੈ ਅਤੇ ਸ਼ੀਸ਼ੇ ਵਿਚ ਅਕਸ, ਤਿਵੇਂ ਪਰਮਾਤਮਾ ਤਾਂ ਇਕ ਰਸ ਸਭਨਾਂ ਦੇ ਅੰਦਰ ਵਸਦਾ ਹੈ:-

ਕਾਹੇ ਰੇ ਬਨ ਖੋਜਨ ਜਾਈ।। ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ।।
ਪੁਹਪ ਮਧਿ ਜਿਉ ਬਾਸ ਬਸਤ ਹੈ ਮੁਕਰ ਮਾਹਿ ਜੈਸੇ ਛਾਈ।
ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ।।[877]

ਜੀਵ ਮੌਤ ਦੇ ਸਹਿਮ ਤੋਂ ਖਲਾਸੀ ਹਾਸਲ ਕਰਨ ਲਈ ਦਸੀਂ ਪਾਸੀਂ ਉਠਕੇ ਦੌੜਦਾ ਹੈ, ਪਰ ਫਿਰ ਉਸ ਨਿਰਲੇਪ ਪਰਮਾਤਮਾ ਦਾ ਭੇਦ ਨਹੀਂ ਜਾਣ ਸਕਿਆ। ਉਹ ਕੀਮਤੀ 'ਹਰਿ ਨਾਮ' ਤਾਂ ਹਿਰਦੇ ਅੰਦਰ ਹੀ ਵਸਦਾ ਹੈ:-

1. ਕੀਨੇ ਉਪਾਵ ਮੁਕਤਿ ਕੇ ਕਾਰਨਿ ਦਹ ਦਿਸ ਕਉ ਉਠ ਧਾਇਆ।।
   ਘਟ ਹੀ ਭੀਤਰਿ ਬਸੈ ਨਿਰੰਜਨੁ ਤਾ ਕੋ ਮਰਮੁ ਨ ਪਾਇਆ।।[878]
2. ਰਤਨੁ ਰਾਮੁ ਘਟ ਹੀ ਕੇ ਭੀਤਰਿ ਤਾ ਕੋ ਗਿਆਨੁ ਨ ਪਾਇਓ।।[879]

ਉਹ ਪ੍ਰਭੂ ਕਿਉਂਕਿ ਸਰਵ ਵਿਆਪਕ ਤੇ ਘਟਿ ਘਟਿ ਵਾਸੀ ਹੈ। ਇਸ ਲਈ ਉਹ ਆਪਣੀ ਕਲਾ ਆਪ ਹੀ ਰਚਕੇ ਆਪ ਹੀ ਵਿਚ ਸਮਾ ਗਿਆ ਹੈ। ਪਰ ਅਗਿਆਨੀ ਲਈ ਉਹ ਸਰਬ ਵਿਆਪੀ ਹੁੰਦਾ ਹੋਇਆ ਵੀ ਦੂਰ ਹੈ। ਪਰ ਉਸ ਨਾਲ ਪਿਆਰ ਕਰਨ ਵਾਲੇ ਲਈ ਉਹ ਨੇੜੇ ਤੋਂ ਨੇੜੇ ਹੈ:-

1. ਬਲਿਹਾਰੀ ਕੁਦਰਤਿ ਵਸਿਆ।। ਤੇਰਾ ਅੰਤੁ ਨ ਜਾਈ ਲਖਿਆ।।[880]
2. ਗਾਵੈ ਕੋ ਜਾਪੈ ਦਿਸੈ ਦੂਰਿ।। ਗਾਵੈ ਕੋ ਵੇਖੈ ਹਾਦਰਾ ਹਦੂਰਿ।।[881]
3. ਅਕਥ ਕਥਾ ਕਥੀ ਨ ਜਾਇ। ਤੀਨਿ ਲੋਕ ਰਹਿਆ ਸਮਾਇ।।[882]

ਇਸ ਤਰ੍ਹਾਂ ਦੋਹਾਂ ਗੁਰੂਆਂ ਨੇ ਬ੍ਰਹਮ ਦਾ ਨਿਵਾਸ ਮਨੁੱਖੀ ਹਿਰਦੇ ਅੰਦਰ ਦੱਸਿਆ ਹੈ। ਉਹ ਸਰਬ ਵਿਆਪਕ ਤੇ ਘੱਟ-ਘੱਟ ਵਾਸੀ ਹੈ। ਉਹ ਸੱਚਖੰਡ ਦਾ ਵਾਸੀ ਹੈ ਉਸ ਦਾ ਮਹੱਲ ਸਦਾ ਥਿਰ ਅਤੇ ਸੱਚਾ ਹੈ। ਉਹ ਫੁੱਲ ਦੀ ਸੁਗੰਧੀ ਅਤੇ ਸ਼ੀਸ਼ੇ ਦੇ ਪਰਛਾਵੇਂ ਦੀ ਤਰ੍ਹਾਂ ਹਮੇਸ਼ਾ ਮਨੁੱਖ ਦੇ ਅੰਗ ਸੰਗ ਰਹਿੰਦਾ ਹੈ। ਉਹ ਤਾਂ ਤਿੰਨਾਂ ਲੋਕਾਂ ਵਿਚ ਹੀ ਸਮਾਇਆ ਹੋਇਆ ਹੈ। ਉਸ ਨੂੰ ਅੰਦਰੋਂ ਹੀ ਲੱਭਿਆ ਜਾ ਸਕਦਾ ਹੈ ਪਰ ਉਸ ਦਾ ਕਥਨ ਨਹੀਂ ਕੀਤਾ ਜਾ ਸਕਦਾ।

ਪਰਮਾਤਮਾ ਪ੍ਰਾਪਤੀ ਦਾ ਸਾਧਨ

ਨਾਮ ਰੰਗ ਵਿਚ ਰੰਗਿਆ ਭਗਤ ਪਰਮਾਤਮਾ ਦੀ ਪ੍ਰਾਪਤੀ ਲਈ ਬਿਹਬਲ ਹੁੰਦਾ ਹੈ। ਕਿਉਂ ਕਿ ਉਹ ਪਰਮਤੱਤ ਗਿਆਨ ਸਰੂਪ ਹੈ। ਇਸ ਲਈ ਆਤਮ ਗਿਆਨ ਦੁਆਰਾ ਗਿਆਨ ਸਰੂਪ ਸੰਬੰਧੀ ਗਿਆਨ ਪ੍ਰਾਪਤ ਕਰਕੇ ਹੀ ਉਸ ਨੂੰ ਪਾਇਆ ਜਾ ਸਕਦਾ ਹੈ।

ਅਗਮ ਅਗੋਚਰ ਅਛਰ ਅਤਰਕ ਨਿਰਗੁਨ ਅਤਿ ਆਨੰਦਾ।
ਸਦਾ ਅਤੀਤ ਗ੍ਯਾਨ ਧਨ ਵਰਜਿਤ, ਨਿਰਵਿਕਾਰ ਅਵਿਨਾਸੀ।

ਗਿਆਨ ਦੀ ਪ੍ਰਾਪਤੀ ਲਈ ਭਗਤੀ ਬਹੁਤ ਜ਼ਰੂਰੀ ਹੈ। ਭਗਤੀ ਸ਼ਬਦ ਦਾ ਵਧੇਰੇ ਕਰਕੇ ਪ੍ਰਯੋਗ ਈਸ਼ਵਰ ਵਿਚ ਅਨੁਰਕਤੀ(ਪ੍ਰੇਮ) ਮੰਨਿਆ ਜਾਂਦਾ ਹੈ। ਸਾਂਡਿਲਯ ਨੇ ਆਪਣੇ ਭਗਤੀ ਸੂਤਰ ਵਿਚ ਅਨੁਰਕਤੀ ਨੂੰ ਭਗਤੀ ਕਿਹਾ ਹੈ। ਨਾਰਦ ਭਗਤੀ ਨੂੰ ਸ਼ਾਂਤ ਤੇ ਪਰਮ-ਪ੍ਰੇਮ ਰੂਪਾ ਆਖਦੇ ਹਨ। ਭਾਗਵਤ ਪੁਰਾਣ ਵਿਚ ਭਗਤੀ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਗਈ ਹੈ, "ਪ੍ਰਭੂ ਦੀ ਭਗਤੀ ਕਰਨਾ ਮਨੁੱਖ ਦਾ ਸ੍ਰੇਸ਼ਠ ਧਰਮ ਹੈ। ਇਹ ਭਗਤੀ ਨਿਸ਼ਕਾਮ, ਨਿਸ਼ਠਾਯੁਕਤ ਅਤੇ ਨਿਰੰਤਰ ਹੋਣੀ ਚਾਹੀਦੀ ਹੈ। ਅਜਿਹੀ ਭਗਤੀ ਮਨੁੱਖੀ ਮਨ ਨੂੰ ਆਨੰਦ ਪ੍ਰਦਾਨ ਕਰਦੀ ਹੋਈ ਉਸ ਦਾ ਪ੍ਰਭੂ ਨਾਲ ਮਿਲਾਪ ਕਰਾਂਦੀ ਹੈ ਅਤੇ ਮਨੁੱਖ ਗਦ-ਗਦ ਹੋ ਜਾਂਦਾ ਹੈ।"[383]

ਭਾਰਤੀ ਦਰਸ਼ਨ ਅਨੁਸਾਰ ਮਨੁੱਖੀ ਜੀਵਨ ਦਾ ਉਦੇਸ਼ ਹੈ- ਮੋਖ ਪ੍ਰਾਪਤੀ। ਇਸ ਲਈ ਗਿਆਨ, ਯੋਗ, ਕਰਮਕਾਂਡ ਅਤੇ ਭਗਤੀ ਸਾਧਨ ਮੰਨੇ ਜਾਂਦੇ ਹਨ। ਇਨ੍ਹਾਂ ਵਿਚੋਂ ਕੇਵਲ ਭਗਤੀ ਮਾਰਗ ਹੀ ਅਜਿਹਾ ਹੈ, ਜਿਸ ਨੂੰ ਸਾਰੇ ਵਿਅਕਤੀ ਅਪਣਾ ਸਕਦੇ ਹਨ। ਭਗਤੀ ਮਾਰਗ ਵਿਚ ਪ੍ਰਵੇਸ਼ ਕਰਦਾ ਭਗਤ ਆਪਣਾ ਸਭ ਕੁੱਝ ਭਗਵਾਨ ਨੂੰ ਅਰਪਨ ਕਰ ਦਿੰਦਾ ਹੈ। ਭਗਤ ਪ੍ਰਭੂ ਤੋਂ ਬਿਨਾ ਹੋਰ ਕਿਸੇ ਵਿਚ ਨਿਸ਼ਚਾ ਨਹੀਂ ਰੱਖਦਾ ਅਤੇ ਨਾ ਹੀ ਉਹ ਪ੍ਰਭੂ ਦੇ ਸਰੂਪ ਦਾ ਵਿਸ਼ਲੇਸ਼ਣ ਕਰਨ ਵਿਚ ਜਗਿਆਸਾ ਰੱਖਦਾ ਹੈ। ਉਹ ਪ੍ਰਭੂ ਦੇ ਪ੍ਰੇਮ ਵਿਚ ਰੰਗਿਆ ਸਭ ਕੁੱਝ ਭੁੱਲ ਜਾਂਦਾ ਹੈ।

ਭਾਰਤੀ ਸੰਸਕ੍ਰਿਤੀ ਅਤੇ ਸਾਧਨਾ ਪ੍ਰਣਾਲੀ ਦੇ ਲਗਭਗ ਸਾਰੇ ਵਰਗ ਇਸ ਗੱਲ ਨਾਲ ਸਹਿਮਤ ਹਨ ਕਿ ਪ੍ਰਭੂ ਪ੍ਰਾਪਤੀ ਲਈ ਸ਼ਰਧਾ ,ਨਿਮਰਤਾ, ਪ੍ਰਭੂ ਦੀ ਸ਼ਰਨ, ਤਿਆਗ, ਸਤਿਸੰਗ, ਸਾਧ-ਸੰਗਤਿ, ਗੁਰਪ੍ਰਸਾਦ ਬਹੁਤ ਜ਼ਰੂਰੀ ਹੈ। ਕਠੋਪਨਿਸ਼ਦ ਚ ਲਿਖਿਆ ਹੈ ਕਿ ਇਹ ਆਤਮਤੱਤ ਨਾ ਤਾਂ ਵਧੇਰੇ ਉਪਦੇਸ਼ ਕਰਨ ਨਾਲ ਮਿਲਦਾ ਹੈ ਨਾ ਇਸ ਨੂੰ ਬੁੱਧੀ

ਦੇ ਬਲ ਨਾਲ ਜਾਣਿਆ ਜਾ ਸਕਦਾ ਹੈ, ਨਾਹੀ ਅਧਿਕ ਸੁਣਨ ਪੜ੍ਹਨ ਨਾਲ ਪ੍ਰਾਪਤ ਹੁੰਦਾ ਹੈ। ਮਨੁੱਖ ਦਾ ਅੰਤਹਕਰਣ ਜਿਸ ਨੂੰ ਮੰਨਦਾ ਹੈ, ਅਰਥਾਤ ਜਿਸ ਵਿਚ ਸ਼ਰਧਾ ਰੱਖਦਾ ਹੈ, ਉਸੇ ਨੂੰ ਹੀ ਇਹ ਤੱਤ ਪ੍ਰਾਪਤ ਹੁੰਦਾ ਹੈ। ਇਹ ਆਤਮਾ ਉਸੇ ਸ਼ਰਧਾਵਾਨ ਪੁਰਸ਼ ਅੱਗੇ ਆਪਣੇ ਆਪ ਨੂੰ ਖੋਲ੍ਹ ਦਿੰਦੀ ਹੈ।[384] ਗੀਤਾ ਵਿਚ ਵੀ ਕਿਹਾ ਗਿਆ ਹੈ ਕਿ ਮਨੁੱਖ ਸ਼ਰਧਾ-ਮਈ ਹੈ। ਇਹ ਸ਼ਰਧਾ ਉਸਦੇ ਅੰਤਹਕਰਣ ਦੇ ਅਨੁਸਾਰ ਹੀ ਹੁੰਦੀ ਹੈ। ਜਿਹੜਾ ਵਿਅਕਤੀ ਜਿਸ ਸ਼ਰਧਾ ਵਾਲਾ ਹੁੰਦਾ ਹੈ, ਉਸ ਦਾ ਸਰੂਪ ਵੀ ਉਸੇ ਤਰ੍ਹਾਂ ਦਾ ਹੋ ਜਾਂਦਾ ਹੈ।[385]

<u>ਗੁਰੂ</u>

ਪਰਮਾਤਮਾ ਦੀ ਪ੍ਰਾਪਤੀ ਲਈ ਗੁਰੂ ਦੀ ਜ਼ਰੂਰਤ ਅਤੇ ਗੁਰੂ ਧਾਰਨ ਉਤੇ ਦੋਹਾਂ ਹੀ ਗੁਰੂਆਂ ਨੇ ਜ਼ੋਰ ਦਿੱਤਾ ਹੈ। ਗੁਰੂ ਤੋਂ ਬਿਨਾਂ ਭਗਤਾਂ ਦੀ ਸਾਧਨਾ ਪੂਰੀ ਹੀ ਨਹੀਂ ਹੋ ਸਕਦੀ। ਗੁਰੂ ਰਵਿਦਾਸ ਦੀ ਬਾਣੀ ਵਿਚ ਥਾਂ ਪੁਰ ਥਾਂ ਗੁਰੂ ਦੀ ਮਹਿਮਾ ਗਾਈ ਗਈ ਹੈ। ਕਿਉਂ ਕਿ ਅਗੰਮੀ ਰਾਹਾਂ ਅਤੇ ਰਹੱਸਵਾਦੀ ਵਿਚਾਰਾਂ ਤੱਕ ਪਹੁੰਚਣਾ ਕੇਵਲ ਗੁਰੂ ਕ੍ਰਿਪਾ ਨਾਲ ਹੀ ਹੋ ਸਕਦਾ ਹੈ। ਉਪਨਿਸ਼ਦਾਂ ਵਿਚ ਬ੍ਰਹਮ ਪ੍ਰਾਪਤੀ ਲਈ ਗੁਰੂ ਬਾਰੇ ਦੱਸਿਆ ਗਿਆ ਹੈ ਕਿ ਜਦੋਂ ਤੱਕ ਕਿਸੇ ਗੁਰੂ ਦੇ ਪਾਸੋਂ ਸਾਧਕ ਉਪਦੇਸ਼ ਨਾ ਲਵੇ ਉਸ ਨੂੰ ਨਹੀਂ ਪਾ ਸਕਦਾ। ਕਿਉਂ ਕਿ ਉਹ ਪਰਮਤੱਤ ਇੰਨਾ ਸੂਖਮ ਹੈ ਕਿ ਵਿਚਾਰ ਦੀ ਹੱਦ ਵਿਚ ਨਹੀਂ ਆਉਂਦਾ। ਉਹ ਅਨਿਰਵਰਨੀਯ ਅਤੇ ਅਕਥਨੀਯ ਹੈ।

ਗੁਰੂ ਰਵਿਦਾਸ ਜੀ ਉਪਨਿਸ਼ਦਕ ਵਿਚਾਰਧਾਰਾ ਅਨੁਸਾਰ ਦੱਸਦੇ ਹਨ ਕਿ ਅਸਲੀ ਪਰਮਾਰਥਿਕ ਗਿਆਨ ਸਤਿਗੁਰੂ ਹੀ ਜਾਣਦਾ ਹੈ। ਗੁਰੂ ਜੀ ਅਨੁਸਾਰ ਸਤਿਗੁਰੂ ਹੀ ਆਤਮਿਕ ਵਿਕਾਸ ਦਾ ਮਾਰਗ ਦਰਸਾਉਂਦਾ ਹੈ। ਪਰ ਗੁਰੂ ਦੀ ਪ੍ਰਾਪਤੀ ਮੱਥੇ ਦੇ ਲੇਖਾਂ ਅਨੁਸਾਰ ਹੀ ਹੁੰਦੀ ਹੈ। ਗੁਰੂ ਦੀ ਮਿਹਰ ਨਾਲ ਆਤਮਾ ਦਾ ਪਰਮਾਤਮਾ ਨਾਲ ਮੇਲ ਹੋ ਜਾਂਦਾ ਹੈ ਅਤੇ ਗਿਆਨ ਦੇ ਸਭ ਦਰਵਾਜ਼ੇ ਖੁਲ੍ਹ ਜਾਂਦੇ ਹਨ। ਗੁਰੂ ਗਿਆਨ ਰਾਹੀਂ ਹੀ ਸੰਸਾਰ ਦਾ ਭੈਅ ਦੂਰ ਹੁੰਦਾ ਹੈ:--

1. ਪਰਮ ਪਾਰਸ ਗੁਰੂ ਭੇਟੀਐ। ਪੂਰਬ ਲਿਖਤ ਲਿਲਾਟ।
   ਉਨਮਨ ਮਨ ਮਨ ਹੀ ਮਿਲੈ। ਛੁਟਕਤ ਬਜਰ **ਕਪਾਟ**।।[386]
2. ਕਹਿ ਰਵਿਦਾਸ ਪੂਰਾ ਗੁਰ ਪਾਵੈ, ਛੂਟਿ ਕੋ ਛੂਟਿ ਦੁਖਾਸੀ।।[387]

## ਗੁਰ-ਪ੍ਰਸਾਦ

ਗੁਰੂ ਰਵਿਦਾਸ ਅਤੇ ਗੁਰੂ ਨਾਨਕ ਨੇ ਵੀ ਭਾਰਤੀ ਸੰਸਕ੍ਰਿਤੀ ਵਿਚਲੇ ਗੁਣਾਂ ਨੂੰ ਪ੍ਰਭੂ ਪ੍ਰਾਪਤੀ ਲਈ ਜ਼ਰੂਰੀ ਦੱਸਿਆ ਹੈ। ਬ੍ਰਹਮ ਦੀ ਪ੍ਰਾਪਤੀ ਲਈ ਜ਼ਰੂਰੀ ਮਹੱਤਵ ਹੈ ਗੁਰੂ ਦੇ ਪ੍ਰਸਾਦ ਦਾ। 'ਪ੍ਰਸਾਦ' ਦੀ ਭਾਵਨਾ ਨੂੰ ਪ੍ਰਗਟ ਕਰਨ ਲਈ ਨਦਰ, ਕ੍ਰਿਪਾ, ਕਰਮ ਆਦਿ ਅਨੇਕ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੈ। ਗੁਰੂ ਰਵਿਦਾਸ ਜੀ ਵੀ ਪ੍ਰਭੂ ਦੇ ਮਿਲਾਪ ਲਈ ਤੇ ਨਰਕ ਤੋਂ ਬਚਣ ਲਈ ਗੁਰਪ੍ਰਸਾਦ ਜ਼ਰੂਰੀ ਦੱਸਦੇ ਹਨ। ਗੁਰੂ ਦੀ ਕ੍ਰਿਪਾ ਨਾਲ ਮਤਿ ਪਵਿੱਤਰ ਹੋ ਜਾਂਦੀ ਹੈ, ਆਪਾ ਭਾਵ ਮਿਟ ਜਾਂਦਾ ਹੈ ਤੇ ਫਿਰ ਅੰਮ੍ਰਿਤ ਤੇ ਜ਼ਹਿਰ ਇਕ ਬਰਾਬਰ ਜਾਪਦੇ ਹਨ:—

1. ਜਨ ਰਵਿਦਾਸ ਰਾਮ ਰੰਗਿ ਰਾਤਾ। ਇਉ ਗੁਰ ਪ੍ਰਸਾਦਿ ਨਰਕ ਨਹੀਂ ਜਾਤਾ।[888]
2. ਗੁਰ ਪ੍ਰਸਾਦ ਭਈ ਅਨਭੈ ਮਤਿ, ਵਿਖ ਅੰਮ੍ਰਿਤ ਸਮ ਧਿਆਵੈਗਾ।
   ਕਹੈ 'ਰਵਿਦਾਸ' ਮੇਟਿ ਆਪਾ ਪਰ, ਤਾ ਠੋਰਹਿ ਪਾਵੈਗਾ।[889]
3. ਤਨ ਮਨੁ ਅਰਪਹੁ ਪੂਜ ਚੜਾਵਹੁ। ਗੁਰ ਪ੍ਰਸਾਦਿ ਨਿਰੰਜਨੁ ਪਾਵਹੁ।।[890]

ਗੁਰੂ ਦੀ ਕ੍ਰਿਪਾ ਨਾਲ ਸਾਧਕ ਨੂੰ ਗਿਆਨ ਦੀ ਪ੍ਰਾਪਤੀ ਹੋ ਕੇ ਮਨ ਦੀ ਤ੍ਰਿਸ਼ਨਾ ਅਤੇ ਪਿਆਸ ਮਿਟ ਜਾਂਦੀ ਹੈ। ਮਨ ਦੇ ਦੁੱਖ, ਸੰਤਾਪ, ਭਰਮ ਆਦਿ ਖਤਮ ਹੋ ਜਾਂਦੇ ਹਨ ਅਤੇ ਗਿਆਨ ਰਾਹੀਂ ਸਾਧਕ ਨੂੰ 'ਉਨਮਨ' ਅਵਸਥਾ ਪ੍ਰਾਪਤ ਹੋ ਜਾਂਦੀ ਹੈ।[891] ਗੁਰੂ ਰਵਿਦਾਸ ਜੀ ਗੁਰੂ ਦੇ ਗਿਆਨ ਨੂੰ ਹੀ ਸਭ ਤਪਾਂ ਦਾ ਤਪ ਸਮਝਦੇ ਹਨ।[892] ਗੁਰੂ ਜੀ ਤਾਂ ਸਤਿਗੁਰੂ ਜਾਂ ਸੰਤ ਨੂੰ ਦੇਵਾਂ ਦੇ ਦੇਵ ਸਮਝਦੇ ਹਨ। ਕਿਉਂ ਕਿ ਇਨ੍ਹਾਂ ਦੀ ਸੰਗਤ ਕਰਕੇ ਹੀ ਪਰਮਾਤਮਾ ਸੰਬੰਧੀ ਕਥਾ ਕੀਰਤਨ ਸੁਣ ਕੇ ਭਗਤੀ ਰਸ ਦੀ ਪ੍ਰਾਪਤੀ ਹੁੰਦੀ ਹੈ। ਸੰਤਾਂ ਅਤੇ ਪਰਮਤੱਤ ਵਿਚ ਅੰਤਰ ਨਹੀਂ। ਸੰਤਾਂ ਦੀ ਕ੍ਰਿਪਾ ਨਾਲ ਹੀ ਸਾਧਕ ਪ੍ਰਭੂ ਕਿਰਪਾ ਦਾ ਪਾਤਰ ਬਣ ਜਾਂਦਾ ਹੈ:—

ਸੰਤ ਤੁਝੀ ਤਨੁ ਸੰਗਤਿ ਪ੍ਰਾਨ। ਸਤਿਗੁਰ ਗਿਆਨ ਜਾਨੈ ਸੰਤ ਦੇਵਾਦੇਵ।।

\- - - - - - - - - - - - - - - - - - - - - - - - - -

ਰਵਿਦਾਸ ਭਣੈ ਜੋ ਜਾਣੈ ਸੋ ਜਾਣੁ। ਸੰਤ ਅਨੰਤਹਿ ਅੰਤਰੁ ਨਾਹਿਂ।।[893]

ਛਾਂਦੋਗਯ ਉਪਨਿਸ਼ਦ ਵਿਚ ਵੀ ਗੁਰੂ ਦੀ ਦੀਖਿਆ ਨੂੰ ਜ਼ਰੂਰੀ ਸਮਝਿਆ ਗਿਆ ਹੈ। ਗੁਰੂ ਜੀ ਅਨੁਸਾਰ ਜੀਵ ਉਸ ਪ੍ਰਮਾਤਮਾ ਨੂੰ ਖਟ ਦਰਸ਼ਨਾਂ ਵਿਚ ਲੱਭਦਾ ਹੈ। ਅਤੇ ਕੋਈ ਵੇਦਾਂ ਵਿਚ ਲੱਭਦਾ ਹੈ। ਕਈ ਮੁੰਨ ਸਮਾਧੀ ਲਗਾਈ ਬੈਠੇ ਹਨ ਅਤੇ ਕਈ ਸਵਾਹ ਮਲਕੇ ਵੈਰਾਗੀ

ਬਣੇ ਹੋਏ ਹਨ। ਇਸ ਤਰ੍ਹਾਂ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੁੰਦੀ। ਪੂਰਨ ਗੁਰੂ ਤੋਂ ਦੀਖਿਆ ਲੈਣ ਨਾਲ ਅੰਦਰੋਂ ਹੀ ਪਰਮਤੱਤ ਦੀ ਪ੍ਰਾਪਤੀ ਹੋ ਜਾਂਦੀ ਹੈ।[894] ਗੁਰੂ ਜੀ ਦੁਆਰਾ ਦਿੱਤੇ ਨਾਮ ਮੰਤ੍ਰ ਰਾਹੀਂ ਨਿਰੰਕਾਰ ਦਾ ਨਾਮ ਜਪਦਿਆਂ ਭਵਸਾਗਰ ਤਰਨ ਦੀ ਵੀ ਗੱਲ ਕਰਦੇ ਹਨ।[895] ਗੁਰੂ ਰਾਮਾ ਨੰਦ ਰਾਹੀਂ ਹੀ ਉਨ੍ਹਾਂ ਦੀ ਖਲਾਸੀ ਹੋਈ, ਨਾਮ ਰੂਪੀ ਅੰਮ੍ਰਿਤ ਮਿਲਿਆ ਤੇ ਬ੍ਰਹਮ ਦੀ ਪ੍ਰਾਪਤੀ ਹੋਈ:-

ਰਾਮਾਨੰਦ ਮੋਹਿ ਗੁਰੂ ਮਿਲਯੋ, ਪਾਯਾ ਬ੍ਰਹਮ ਵਿਸਾਸ
ਰਾਮ ਨਾਮ ਅਮੀਰਸ ਪਿਯੋ, ਰਵਿਦਾਸ ਹੀ ਭਯੋ ਖਲਾਸ।।[896]

ਗੁਰੂ, ਜੀਵ ਨੂੰ ਜੀਵਨ ਸੇਧ ਤੇ ਤੋਰਦਾ ਹੈ। ਗੁਰੂ ਦੇ ਗਿਆਨ ਰਾਹੀਂ ਮਨੁੱਖ ਕੁਕਰਮਾਂ ਦਾ ਤਿਆਗ ਕਰਕੇ ਭਗਤੀ ਰਾਹੀਂ ਆਪਣੇ ਮਨ ਨੂੰ ਸਥਿਰ ਕਰ ਲੈਂਦਾ ਹੈ। ਉਸਦੀ ਮਾਇਆ ਅਤੇ ਵਿਸ਼ਿਆਂ ਪ੍ਰਤੀ ਭਟਕਣ ਖਤਮ ਹੋ ਜਾਂਦੀ ਹੈ ਅਤੇ ਉਹ ਗੁਰੂ ਦੀ ਸ਼ਰਣ ਵਿਚ ਚਲਾ ਜਾਂਦਾ ਹੈ:-

ਗੁਰੂ ਕੋ ਗਯਾਨ ਪ੍ਰੇਮ ਕੀ ਸਾਂਟੀ, ਕੁਬੁਧ ਕੁਕਰਮ ਛੁਡਾਈ।
ਕਹਿ ਰਵਿਦਾਸ ਮਨ ਥਿਰ ਹ੍ਵੈਸੀ, ਚਲਿ ਸਬ ਛਾਂਡੀ ਗੁਰਸਰਣਾਈ।[897]

ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮਕਾਲੀਨ ਸਾਧਕਾਂ ਦੀ ਤਰ੍ਹਾਂ ਗੁਰੂ ਦੀ ਮਹੱਤਤਾ ਨੂੰ ਇੰਨੀ ਭਾਵਕਤਾ ਨਾਲ ਚਿਤਰਿਆ ਹੈ ਕਿ ਉਨ੍ਹਾਂ ਦਾ ਵਿਅਕਤਿਤੱਵ ਬ੍ਰਹਮ ਦਾ ਪ੍ਰਤੀ ਰੂਪ ਹੀ ਹੋ ਨਿਬੜਿਆ ਹੈ:-

ਹਰਿ ਗੁਰ ਮੂਰਤਿ ਏਕਾ ਵਰਤੈ ਨਾਨਕ ਹਰਿ ਗੁਰ ਭਾਇਆ।।[898]

ਗੁਰੂ ਨਾਨਕ ਨੇ ਗੁਰੂ ਵਿਚ ਅਡੋਲ ਸ਼ਰਧਾ ਅਤੇ ਨਿਸ਼ਠਾ ਤੇ ਜ਼ੋਰ ਦਿੱਤਾ ਹੈ, ਕਿਉਂ ਕਿ ਗੁਰੂ ਤੋਂ ਬਿਨ੍ਹਾਂ ਨਾ ਯੋਗ ਵਿਚ ਸਿੱਧੀ ਮਿਲਦੀ ਹੈ ਤੇ ਨਾ ਮੁਕਤੀ ਪ੍ਰਾਪਤ ਹੋ ਸਕਦੀ ਹੈ। ਸਤਿਗੁਰ ਦੀ ਪ੍ਰਾਪਤੀ ਤੋਂ ਬਿਨਾ ਮਨੁੱਖ ਨੂੰ ਦੁਖ ਸਹਿਣਾ ਪੈਂਦਾ ਹੈ। ਗੁਰੂ ਤੋਂ ਬਿਨ੍ਹਾਂ ਸਾਰਾ ਸੰਸਾਰ ਡੁੱਬਿਆ ਹੀ ਸਮਝਣਾ ਚਾਹੀਦਾ ਹੈ। ਜੋਗ ਦੀ ਸਿੱਧੀ, ਨਾਮ ਦੀ ਪ੍ਰਾਪਤੀ, ਮੁਕਤੀ, ਆਦਿ ਸਭ ਪਰਮਾਤਮਾ ਪ੍ਰਾਪਤੀ ਲਈ ਜ਼ਰੂਰੀ ਹੈ:-

1. ਬਿਨੁ ਸਤਿਗੁਰ ਸੇਵੇ, ਜੋਗੁ ਨ ਹੋਈ। ਬਿਨੁ ਸਤਿਗੁਰ ਭੇਟੇ, ਮੁਕਤਿ ਨ ਕੋਈ।।
   ਬਿਨੁ ਸਤਿਗੁਰ ਭੇਟੇ, ਨਾਮੁ ਪਾਇਆ ਨ ਜਾਇ। ਬਿਨੁ ਸਤਿਗੁਰ ਭੇਟੇ, ਮਹਾ ਦੁਖ ਪਾਇ।।[899]
2. ਬਾਝੁ ਗੁਰੂ ਡੁੱਬਾ ਸੰਸਾਰ।।[900]

ਗੁਰੂ ਦੀ ਮਹੱਤਤਾ ਦਾ ਜ਼ਿਕਰ ਕਰਦੇ ਡਾ. ਰਤਨ ਸਿੰਘ ਜੱਗੀ ਲਿਖਦੇ ਹਨ ਕਿ ਅਧਿਆਤਮਕ ਖੇਤਰ ਦੀ ਜਗਿਆਸਾ ਅਤੇ ਕੌਤੂਹਲ ਨੂੰ ਸ਼ਾਂਤ ਕਰਨ ਲਈ ਉੱਤਮ ਮਾਰਗ ਦਰਸ਼ਕ ਪਰਮ ਪੁਰਖ ਦੀ ਅਤਿਅੰਤ ਲੋੜ ਹੈ। ਜਿਵੇਂ ਅੰਧਕਾਰ ਨੂੰ ਦੂਰ ਕਰਨ ਲਈ ਪ੍ਰਕਾਸ਼ ਦੀ ਜ਼ਰੂਰਤ ਹੈ, ਅਗਿਆਨ ਨੂੰ ਦੂਰ ਕਰਨ ਲਈ ਗਿਆਨ ਦੀ ਲੋੜ ਹੈ। ਇਸੇ ਤਰ੍ਹਾਂ ਮਾਇਆ ਦੇ ਅੰਧਕਾਰ ਨੂੰ ਛਿੰਨ-ਭਿੰਨ ਕਰਨ ਲਈ ਗੁਰੂ ਦੀ ਜ਼ਰੂਰਤ ਹੈ।[901] ਪਰਮਾਤਮਾ ਦੀ ਪ੍ਰਾਪਤੀ ਲਈ ਮਾਇਆ ਦੇ ਅੰਧਕਾਰ ਨੂੰ ਮਿਟਾਉਣ ਦੀ ਬਹੁਤ ਜ਼ਰੂਰਤ ਹੈ। ਗੁਰੂ ਦੇ ਸ਼ਬਦਾਂ ਨੂੰ ਆਪਣੇ ਜੀਵਨ ਦਾ ਆਧਾਰ ਬਣਾ ਲੈਣ ਵਾਲਾ ਜੀਵ ਹਉਮੈਂ ਦੇ ਬੰਧਨ ਦੀ ਯਥਾਰਥਕਤਾ ਨੂੰ ਪਹਿਚਾਣ ਲੈਂਦਾ ਹੈ। ਉਸਦੇ ਸਾਰੇ ਕਿਲਵਿਖ ਕੱਟੇ ਜਾਂਦੇ ਹਨ। ਉਹ ਕਾਲ-ਕ੍ਰਮ ਅਨੁਸਾਰ ਕਰਮ-ਚੱਕਰ ਅਤੇ ਆਵਾਗਵਨ ਤੋਂ ਮੁਕਤ ਹੋਕੇ ਆਪਣੇ ਅੰਸ਼ੀ ਪ੍ਰਭੂ ਵਿਚ ਲੀਨ ਹੋ ਜਾਂਦਾ ਹੈ:--

ਕਿਲਵਿਖ ਕਾਟੈ ਕ੍ਰੋਧੁ ਨਿਵਾਰੈ। ਗੁਰ ਕਾ ਸਬਦੁ ਰਖੈ ਉਰਧਾਰੇ।
ਸਚਿ ਰਤੇ ਸਦਾ ਬੈਰਾਗੀ ਹਉਮੈ ਮਾਰਿ ਮਿਲਾਵਣਿਆ।।[902]

ਪਰਮਾਤਮਾ ਦੀ ਪ੍ਰਾਪਤੀ ਲਈ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਦੂਤਾਂ ਨੂੰ ਵਸ ਕਰਨਾ ਜ਼ਰੂਰੀ ਹੈ। ਇਹ ਗੁਰੂ ਦੀ ਸ਼ਰਣ ਰਾਹੀਂ ਹੀ ਹੋ ਸਕਦਾ ਹੈ:-

ਜਬ ਗੁਰ ਮਿਲਿਆ, ਤਬ ਮਨੁ ਵਸਿ ਆਇਆ।
ਧਾਵਤ ਪੰਚ ਰਹੇ, ਹਰਿ ਧਿਆਇਆ।।[903]

ਪ੍ਰਸਤੁਤ ਸਥਿਤੀ ਵਿਚ ਗੁਰੂ ਗ੍ਰੰਥ ਆਤਮ-ਤਿਆਗ ਦੀ ਵਕਾਲਤ ਕਰਦਾ ਹੈ।[904] ਪ੍ਰਭੂ ਪਤੀ ਨੂੰ ਮਿਲਣ ਦੇ ਲਈ ਜੀਵ ਪਤਨੀ ਦਾ ਸ਼ਿੰਗਾਰ ਤਾਂ ਹੀ ਆਕਰਸ਼ਕ ਅਤੇ ਪਤੀ ਦੇ ਲਈ ਲੁਭਾਇਮਾਨ ਹੋ ਸਕਦਾ ਹੈ ਜੇ ਜੀਵ ਅਹਿਮ ਭਾਵ ਦਾ ਤਿਆਗ ਕਰਕੇ ਪ੍ਰਭੂ ਨੂੰ ਸਮਰਪਤ ਹੋ ਜਾਵੇ:-

ਹਉਮੈ ਖੋਇ ਕਰੇ ਸੀਗਾਰੁ। ਤਉ ਕਾਮਣਿ ਸੇਜੈ ਰਵੈ ਭਤਾਰੁ।
ਤਉ ਨਾਨਕ ਕੰਤੈ ਮਨਿ ਭਾਵੈ। ਛੋਡਿ ਵਡਾਈ ਅਪਣੇ ਖਸਮ ਸਮਾਵੈ।।[905]

ਗੁਰੂ ਕਰਣ ਕਾਰਣ ਸਮਰੱਥ ਹੈ। ਉਸ ਦੀ ਸੇਵਾ ਕਰਨ ਨਾਲ ਸਭ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਤਾਂ ਪਰਮਾਤਮਾ ਦਾ ਹੀ ਰੂਪ ਹੁੰਦਾ ਹੈ।[906] ਜੇਕਰ ਗੁਰੂ ਦੀ ਮਿਹਰ ਹੋ

ਜਾਵੇ ਤਾਂ ਸਭ ਕੁੱਝ ਦੀ ਪ੍ਰਾਪਤੀ ਹੋ ਜਾਂਦੀ ਹੈ। ਪਰ ਸਤਿਗੁਰੂ ਦੀ ਪ੍ਰਾਪਤੀ ਵੀ ਪਰਮਾਤਮਾ ਦੀ ਕ੍ਰਿਪਾ ਨਾਲ ਹੀ ਹੁੰਦੀ ਹੈ। ਸਤਿਗੁਰ ਵਰਗਾ ਵੱਡਾ ਦਾਤਾ ਹੋਰ ਕੋਈ ਨਹੀਂ। ਸਤਿਗੁਰੂ ਦੀ ਮਿਹਰ ਨਾਲ ਅੰਦਰੋਂ ਆਪਾ ਭਾਵ ਗੁਆ ਕੇ ਸੌਖੇ ਹਰੀ ਦੀ ਪ੍ਰਾਪਤੀ ਹੋ ਜਾਂਦੀ ਹੈ:-

ਨਦਰਿ ਕਰਹਿ ਜੇ ਆਪਣੀ ਤਾ ਨਦਰੀ ਸਤਿਗੁਰੁ ਪਾਇਆ।।
ਏਹੁ ਜੀਉ ਬਹੁਤੇ ਜਨਮ ਭਰੰਮਿਆ। ਤਾ ਸਤਿਗੁਰਿ ਸਬਦੁ ਸੁਣਾਇਆ।
- - - - - - - - - - - - - - - - - - - - - - - - -
ਸਤਿਗੁਰਿ ਮਿਲਿਐ ਸਚੁ ਪਾਇਆ।। ਜਿਨੀ ਵਿਚਹੁ ਆਪੁ ਗਵਾਇਆ।।[907]

ਗੁਰੂ ਨਾਨਕ ਦੇਵ ਜੀ ਤਾਂ ਡੰਕੇ ਦੀ ਚੋਟ ਨਾਲ ਕਹਿੰਦੇ ਹਨ ਕਿ ਸਤਿਗੁਰੂ ਤੋਂ ਬਿਨਾਂ ਪਰਮਾਤਮਾ ਨੂੰ ਕਿਸੇ ਨੇ ਵੀ ਪ੍ਰਾਪਤ ਨਹੀਂ ਕੀਤਾ। ਕਿਉਂ ਕਿ ਪਰਮਾਤਮਾ ਨੇ ਆਪਣੇ ਆਪ ਨੂੰ ਸਤਿਗੁਰੂ ਵਿਚ ਰਖਿਆ ਹੋਇਆ ਹੈ। ਸਤਿਗੁਰ ਨਾਲ ਮਿਲਿਆਂ 'ਸਦਾ ਮੁਕਤੀ' ਮਿਲਦੀ ਹੈ ਅਤੇ ਸੌਖੇ ਪ੍ਰਭੂ ਦੀ ਪ੍ਰਾਪਤੀ ਹੋ ਜਾਂਦੀ ਹੈ।[908] ਸੋ ਸਿੱਖ ਮੱਤ ਵਿਚ ਗੁਰੂ ਗਾਈਡ, ਰੋਸ਼ਨੀ ਦੇਣ ਵਾਲਾ ਅਤੇ ਨੀਚਾਂ ਨੂੰ ਉਚ ਜਾਂ ਪਤਿਤ ਉਧਾਰਣ ਹੈ। ਹੋਰ ਦੇਣ ਕਿ ਉਹ ਮਨੁੱਖੀ ਮਨ ਵਿਚ ਭੈਅ ਖਤਮ ਕਰਨ ਵਾਲਾ ਅਤੇ ਮਨੁੱਖੀ ਵਿਅਕਤਿੱਤਵ ਵਿਚ ਪ੍ਰੇਰਨ ਦੀਆਂ ਵਿਸ਼ੇਸ਼ਤਾਵਾਂ ਭਰਨ ਵਾਲਾ ਹੈ। ਉਹ ਸਾਰਿਆਂ ਦਾ ਭਲਾ ਅਤੇ ਅਧਿਆਤਮਕ ਜੀਵਨ ਦੇਣ ਵਾਲਾ ਅਤੇ ਪਰਮਾਤਮਾ ਦੇ ਪਿਆਰ ਲਈ ਜੀਅ ਦਾਨ ਬਖਸ਼ਣ ਵਾਲਾ ਹੈ। ਉਹ ਜੀਵ ਨੂੰ ਮੁਕਤੀ ਦਵਾਉਣ ਅਤੇ ਪਰਮਤੱਤ ਵਿਚ ਅਭੇਦ ਹੋਣ ਲਈ ਸਹਾਈ ਹੁੰਦਾ ਹੈ।[909]

ਗੁਰੂ ਨਾਨਕ ਬਾਣੀ ਵਿਚ 'ਗੁਰ ਪ੍ਰਸਾਦਿ' ਉਕਤੀ ਦੀ ਪੁਸ਼ਟੀ ਹੋ ਜਾਂਦੀ ਹੈ:-

1. ਗੁਰਪਰਸਾਦੀ ਹਰਿ ਪਾਈਐ, ਮਤੁ ਕੋ ਭਰਮਿ ਭੁਲਾਇ।।[910]
2. ਗੁਰਪਰਸਾਦੀ ਪਾਇਆ। ਤਿਥੈ ਮਾਇਆ ਮੋਹੁ ਚੁਕਾਇਆ।।[911]
3. ਗੁਰ ਪਰਸਾਦਿ ਪਰਮਪਦੁ ਪਾਇਆ ਨਾਨਕੁ ਕਹੈ ਵਿਚਾਰਾ।।[912]
4. ਗੁਰ ਪਰਸਾਦਿ ਰਤਨੁ ਹਰਿ ਲਾਭੈ, ਮਿਟੈ ਅਗਿਆਨੁ ਹੋਇ ਉਜੀਆਰਾ।[913]
5. ਘਟੈ ਅੰਦਰਿ ਸਭੁ ਵਥੁ ਹੈ ਬਾਹਰਿ ਕਿਛੁ ਨਾਹੀਂ।
   ਗੁਰਪਰਸਾਦੀ ਪਾਈਐ ਅੰਤਰਿ ਕਪਟ ਖੁਲਾਹੀ।।[914]

ਬ੍ਰਹਮ ਪ੍ਰਾਪਤੀ ਲਈ ਬ੍ਰਹਮ ਕ੍ਰਿਪਾ ਜਾਂ ਗੁਰੂ ਕ੍ਰਿਪਾ ਬਹੁਤ ਜ਼ਰੂਰੀ ਹੈ। ਉਸਦੀ ਕ੍ਰਿਪਾ ਨਾਲ ਹੀ ਮਲੀਨ ਮਤਿ ਤੋਂ ਭਰਮ ਦਾ ਪੜਦਾ ਲਹਿ ਸਕਦਾ ਹੈ। ਗੂੰਗੇ ਦੇ ਮਠਿਆਈ ਚੱਖਣ ਵਾਂਗ ਉਸ ਦੀ ਕ੍ਰਿਪਾ ਅਵਸਥਾ ਦਾ ਜ਼ਿਕਰ ਨਹੀਂ ਕੀਤਾ ਜਾ ਸਕਦਾ। ਗੁਰੂ ਰਵਿਦਾਸ ਜੀ ਲਿਖਦੇ ਹਨ:-

1. ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ।
   ਕਰਹੁ ਕ੍ਰਿਪਾ ਭ੍ਰਮ ਚੁਕਈ ਮੈਂ ਸੁਮਤਿ ਦੇਹੁ ਸਮਝਾਇ।[915]
2. ਜਾ ਪਰਿ ਕ੍ਰਿਪਾ ਸੋਇ ਭਲ ਜਾਨੈ, ਗੂੰਗੋ ਸਾਕਰ ਕਹਾ ਬਖਾਨੈ।।[916]

ਗੁਰੂ ਨਾਨਕ ਦੇਵ ਜੀ ਵੀ ਕ੍ਰਿਪਾ-ਦ੍ਰਿਸ਼ਟੀ ਦਾ ਜ਼ਿਕਰ ਕਰਦਿਆਂ ਦੱਸਦੇ ਹਨ ਕਿ ਗੁਰੂ ਦੀ ਪ੍ਰਾਪਤੀ ਤੇ ਗੁਰੂ ਰਾਹੀਂ ਪ੍ਰਭੂ ਦੀ ਪ੍ਰਾਪਤੀ ਵੀ ਉਸਦੀ ਕ੍ਰਿਪਾ-ਦ੍ਰਿਸ਼ਟੀ ਰਾਹੀਂ ਹੀ ਹੋ ਸਕਦੀ ਹੈ। ਗੁਰੂ ਦੀ ਕ੍ਰਿਪਾ ਨਾਲ ਹੀ ਦੁੱਖ ਸੁੱਖ ਬਰਾਬਰ ਜਾਪਦੇ ਹਨ। ਨਿੰਦਿਆ, ਉਸਤਤਿ, ਲੋਭ, ਮੋਹ ਅਭਿਮਾਨ, ਸੁਖ, ਸਨੇਹ, ਸੋਨਾ, ਮਿੱਟੀ, ਹਰਖ, ਸੋਗ ਨੂੰ, ਕਾਮ ਕ੍ਰੋਧ ਨੂੰ ਤਿਆਗ ਦਿੰਦਾ ਹੈ। ਗੁਰੂ ਦੀ ਕ੍ਰਿਪਾ ਨਾਲ ਹੀ ਇਹ ਜੁਗਤਿ ਪਛਾਣ ਹੁੰਦੀ ਹੈ। ਫਿਰ ਜੀਵ ਪ੍ਰਭੂ ਨਾਲ ਇਵੇਂ ਮਿਲ ਜਾਂਦਾ ਹੈ ਜਿਵੇਂ ਪਾਣੀ ਨਾਲ ਪਾਣੀ:-

1. ਨਦਰਿ ਕਰੇ ਜੇ ਆਪਣੀ ਤਾਂ ਨਦਰੀ ਸਤਿਗੁਰੂ ਪਾਇਆ।।[917]
2. ਜੋ ਨਰੁ ਦੁਖ ਮੈਂ ਦੁਖ ਨਹੀਂ ਮਾਨੈ।।
   ਸੁਖ ਸਨੇਹੁ ਅਰੁ ਭੈ ਨਹੀਂ ਜਾਕੈ, ਕੰਚਨ ਮਾਟੀ ਮਾਨੈ।।ਰਹਾਉ।
   - - - - - - - - - - - - - - - - - - - - - - - - -
   ਗੁਰ ਕ੍ਰਿਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤ ਪਛਾਨੀ।
   ਨਾਨਕ ਲੀਨ ਭਇਓ ਗੋਬਿੰਦ ਸਿਉ, ਜਿਉ ਪਾਨੀ ਸੰਗਿ ਪਾਨੀ।।[918]
3. ਬਿਨੁ ਸਤਿਗੁਰ ਨਾਮ ਨ ਪਾਈਐ ਭਾਈ, ਬਿਨੁ ਨਾਮੇ ਭਰਮ ਨ ਜਾਈ।
   ਸਤਿਗੁਰ ਸੇਵੇ ਤ ਸੁਖੁ ਪਾਏ ਭਾਈ, ਆਵਣੁ ਜਾਣੁ ਰਹਾਈ।
   ਸਾਚੁ ਸਹਜੁ ਗੁਰ ਤੇ ਉਪਜੈ ਭਾਈ ,ਮਨੁ ਨਿਰਮਲੁ ਸਾਚੁ ਸਮਾਈ।
   ਗੁਰ ਸੇਵੇ ਸੋ ਬੂਝੈ ਭਾਈ, ਗੁਰ ਬਿਨੁ ਮਗੁ ਨ ਪਾਈ।।[919]

## ਹਉਮੈਂ ਦਾ ਤਿਆਗ

ਗੁਰੂ ਰਵਿਦਾਸ ਜੀ ਪ੍ਰਭੂ ਪ੍ਰਾਪਤੀ ਲਈ ਕੇਵਲ ਗਿਆਨ ਮਾਰਗ ਨੂੰ ਹੀ ਸੰਪੂਰਨ

ਮਾਰਗ ਨਹੀਂ ਸਮਝਦੇ ਕਿਉਂਕਿ ਕੇਵਲ ਗਿਆਨ ਵੀ ਕਈ ਵਾਰੀ ਹਉਮੈਂ ਦਾ ਕਾਰਨ ਬਣਦਾ ਹੈ ਅਤੇ ਹਉਮੈਂ ਪ੍ਰਭੂ ਪ੍ਰਾਪਤੀ ਵਿਚ ਵੱਡੀ ਰੁਕਾਵਟ ਹੈ:-

1. ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹੁ ਨ ਨਾਸੀ।।[920]
2. ਸੋਈ ਆਨ ਅੰਤਰ ਕਰੈਂ ਹਰਿ ਸੂੰ, ਅਪ ਮਾਰਗ ਕੌ ਆਨੈ।
   ਕਾਮ ਕ੍ਰੋਧ ਮਦ ਲੋਭ ਮੋਹ ਕੀ ਪਲ ਪਲ ਪੂਜਾ ਠਾਨੈ।।[921]

ਗੁਰੂ ਨਾਨਕ ਦੇਵ ਜੀ ਪਰਮਾਤਮਾ ਦੀ ਪ੍ਰਾਪਤੀ ਲਈ ਪਰਮ ਹਸਤੀ ਦਾ ਹੁਕਮ ਮੰਨਣ ਦਾ ਉਪਦੇਸ਼ ਦਿੰਦੇ ਹਨ। ਹਉਮੈ ਹੁਕਮ ਦਾ ਵਿਰੋਧ ਹੈ। ਗੁਰਬਾਣੀ ਵਿਚ ਹੁਕਮ ਪਛਾਣਨ ਤੇ ਹਉਮੈ ਦੇ ਤਿਆਗ ਤੇ ਬਲ ਦਿੱਤਾ ਗਿਆ ਹੈ:-

1. ਨਾਨਕ ਹਉਮੈ ਜੇ ਬੁਝੈ ਤਾ ਹਉਮੈਂ ਕਹੈ ਨ ਕੋਇ।।[922]

ਹਉਮੈ ਨੂੰ ਠੀਕ ਸੇਧ ਦੇਣ ਤੋਂ ਬਿਨਾ ਪ੍ਰਭੂ ਨਾਲ ਇਕਮਿਕ ਨਹੀਂ ਹੋਇਆ ਜਾ ਸਕਦਾ। ਹਉਮੈ ਤੇ ਨਾਮ ਇਕ ਥਾਂ ਨਹੀਂ ਟਿਕ ਸਕਦੇ। ਹਉਮੈ ਤਾਂ ਪਰਮ ਸੁੱਖ ਦੀ ਪ੍ਰਾਪਤੀ ਵਿਚ ਰੁਕਾਵਟ ਹੈ:-

1. ਹਉਮੈ ਨਾਵੈ ਨਾਲ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ।।[923]
2. ਹਉਮੈ ਕਰਤਿਆ ਨ ਸੁਖ ਹੋਇ।। ਮਨਮਤਿ ਝੂਠੀ ਸਚਾ ਸੋਇ।।[924]

ਗੁਰੂ ਬਾਣੀ ਅਨੁਸਾਰ ਪੰਜ ਵਿਕਾਰਾਂ ਨੂੰ ਤਿਆਗ ਕੇ ਹੀ ਅੰਮ੍ਰਿਤ ਮਈ ਜੀਵਨ ਦੀ ਉਸਾਰੀ ਹੋ ਸਕਦੀ ਹੈ:-

1. ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ, ਕਾਮ ਕ੍ਰੋਧ ਲੋਭ ਮੋਹ ਅਹੰਕਾਰਾ।
   ਅੰਮ੍ਰਿਤ ਲੂਟਹਿ ਮਨਮੁਖ ਨਹੀਂ ਬੂਝਹਿ ਕੋਇ ਨ ਸੁਣੈ ਪੂਕਾਰਾ।।[925]
2. ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ।
   ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦਿ ਗੁਰਦੇਵ।।[926]

### ਪ੍ਰਭੂ ਪ੍ਰੇਮ ਤੇ ਗੁਰੂ ਪ੍ਰੇਮ

ਗੁਰੂ ਰਵਿਦਾਸ ਅਨੁਸਾਰ ਪ੍ਰਭੂ ਨਾਲ ਅਭੇਦਤਾ ਅਤੇ ਸਮਾਨਤਾ ਪ੍ਰਾਪਤ ਕਰਨ ਦਾ

ਸਾਧਨ ਗਿਆਨ ਅਤੇ ਪ੍ਰੇਮ ਭਗਤੀ ਹੈ। ਗਿਆਨ ਬਿਨਾ ਮੋਖ਼ ਨਹੀਂ ਆਉਂਦੀ ਅਤੇ ਪ੍ਰੇਮ ਬਿਨਾਂ ਧਰਮ ਕਰਮ ਸੰਪੂਰਨ ਨਹੀਂ ਹੁੰਦਾ। ਇਸ ਲਈ ਅਗਿਆਨਤਾ ਦੀ ਅਵਸਥਾ ਵਿਚੋਂ ਨਿਕਲ ਕੇ ਵਿਵੇਕ ਬੁੱਧੀ ਨੂੰ ਉਰਜੀਤ ਕਰਨਾ ਜ਼ਰੂਰੀ ਹੈ:–

ਜਾਗਿ ਆਗਨ ਭਏ ਹਮ ਬਾਵਰ ਮੋਹ ਅਸੋਰ ਵਿਵਸ ਨਾਹੀ।
ਫਿਰਿਓ ਸਬਲ ਨਿਬਲ ਬਿਬੇਕ ਬੁਧੀ ਪਰਮਾਰਥ ਪਰਵੇਸ ਨਾਹੀ।।[927]

ਪ੍ਰਭੂ ਪ੍ਰਾਪਤੀ ਲਈ ਗੁਰੂ ਰਵਿਦਾਸ ਜੀ ਹਰੀ ਨਾਲ ਐਸੀ ਪ੍ਰੀਤ ਕਰਨ ਦੀ ਸਿੱਖਿਆ ਦਿੰਦੇ ਹਨ ਜਿਹੋ ਜਿਹੀ ਮੋਰ ਦੀ ਕਾਲੀਆਂ ਘਟਾਵਾਂ ਨਾਲ ਹੁੰਦੀ ਹੈ। ਬ੍ਰਹਮ ਨੂੰ ਪ੍ਰਾਪਤ ਕਰਨ ਲਈ ਬਣ ਖੋਜਣ ਦੀ ਥਾਂ ਮਨੁੱਖੀ ਪ੍ਰੀਤ ਕਰਨ ਲਈ ਪ੍ਰੇਰਦੇ ਹਨ। ਗੁਰੂ ਜੀ ਉਸ ਸੱਚੇ ਸਵਾਮੀ ਨੂੰ ਮਿਲਣ ਲਈ ਪ੍ਰੇਮੀ ਪੰਥ ਦੀ ਪਾਲਕੀ ਵਿਚ ਸਵਾਰ ਹੋਏ ਹੋਏ ਹਨ:–

1. ਊਨਵ ਘਨ ਘਟ ਕਾਲੀਆ ਮਨ ਬਿਗਸੈ ਮੋਰ ਆਨੰਦ।
   ਮਨ ਐਸੀ ਹਰਿ ਸਿਉ ਪ੍ਰੀਤ ਕਰਿ ਤੂ ਪਾਵਹਿ ਪਰਮਾ ਨੰਦ।[928]
2. ਬਨ ਖੋਜਹਿ ਪਿਅ ਨ ਮਿਲਹਿਂ, ਬਨ ਮਹਿੰ ਪ੍ਰੀਤਮ ਨਾਂਹ।।
   ਰਵਿਦਾਸ ਪਿਅ ਹੈ ਬਸਿ ਰਹਯੋ, ਮਾਨਵ ਪ੍ਰੇਮਹਿ ਮਾਂਹ।।[929]
3. ਪ੍ਰੇਮ ਪੰਥ ਕੀ ਪਾਲਕੀ, ਰਵਿਦਾਸ ਬੈਠਿਯੋ ਆਇ।
   ਸਾਂਚੇ ਸਾਮੀ ਮਿਲਨ ਕੂੰ, ਅਨੰਦ ਕਹਯੋ ਨ ਜਾਇ।।[930]

ਗੁਰੂ ਨਾਨਕ ਦੇਵ ਜੀ ਵੀ ਪ੍ਰਭੂ ਦੀ ਪ੍ਰਾਪਤੀ ਲਈ ਪ੍ਰੇਮ ਨੂੰ ਬਹੁਤ ਮਹੱਤਾ ਦਿੰਦੇ ਹਨ। ਸਿਦਕ ਤੇ ਸਬਰ ਉਸ ਪ੍ਰਭੂ ਦੇ ਦਰਸ਼ਨਾਂ ਲਈ ਬਹੁਤ ਜ਼ਰੂਰੀ ਹੈ:–

ਸਿਦਕ ਸਬੂਰੀ ਸਾਦਿਕਾ।। ਸਬਰ ਤੋਸਾ ਮਲਾਇਕਾ।।
ਦੀਦਾਰ ਪੂਰੇ ਪਾਇਸਾ।। ਥਾਉ ਨਹੀਂ ਖਾਇਕਾ।।[931]

ਗੁਰੂ ਜੀ ਮਨੁੱਖ ਨੂੰ ਸਾਰੇ ਭਰਮ ਤਿਆਗ ਕੇ ਪ੍ਰਭੂ ਦੇ ਚਰਨਾਂ ਵਿਚ ਚਿੱਤ ਲਾਉਣ ਦੀ ਪ੍ਰੇਰਨਾ ਕਰਦੇ ਹਨ। ਜਿਸ ਦੇ ਸਿਮਰਨ ਵਿਚ ਹੀ ਸੁੱਖ ਮਿਲਦਾ ਹੈ ਅਤੇ ਜਿਸ ਨੂੰ ਜਪਣ ਨਾਲ ਮਨੁੱਖਪਵਿੱਤਰ ਹੋ ਜਾਂਦਾ ਹੈ।

1. ਸਗਲ ਭਰਮ ਤਜਿ ਨਾਨਕ ਪ੍ਰਾਣੀ ਚਰਨਿ ਤਾਹਿ ਚਿਤੁ ਲਾਇਓ।।[932]
2. ਪਾਵਨ ਨਾਮੁ ਜਗਤ ਮਹਿ ਹਰਿ ਕੋ।।[933]

ਉਸ ਪ੍ਰਭੂ ਨਾਲ ਪ੍ਰੀਤ ਹੋਣ ਤੇ ਕਰਣੀ ਨਿਰਮਲ ਹੋ ਜਾਂਦੀ ਹੈ ਤੇ ਰੀਤ ਸੱਚੀ ਹੋ ਜਾਂਦੀ ਹੈ। ਉਸ ਪ੍ਰਭੂ ਨੂੰ ਇਕ ਮਨ ਇਕ ਚਿੱਤ ਹੋਕੇ ਧਿਆਉਣ ਦੀ ਜ਼ਰੂਰਤ ਹੈ। ਗੁਰਬਾਣੀ ਵਿਚ ਪ੍ਰਭੂ ਦੀ ਪ੍ਰਾਪਤੀ ਲਈ ਸਤਿਗੁਰ ਨਾਲ ਪ੍ਰੇਮ ਤੇ ਵੀ ਜ਼ੋਰ ਦਿੱਤਾ ਗਿਆ ਹੈ। ਕਿਉਂਕਿ ਸਤਿਗੁਰ ਵਿਚ ਉਸ ਪ੍ਰਭੂ ਨੇ ਆਪਣੇ ਆਪ ਨੂੰ ਟਿਕਾਇਆ ਹੋਇਆ ਹੈ:—

1. ਪਾਰਬ੍ਰਹਮ ਸਿਉ ਲਾਗੀ ਪ੍ਰੀਤ॥ ਨਿਰਮਲੁ ਕਰਣੀ ਸਾਚੀ ਰੀਤੁ॥[934]
2. ਇਕਿ ਚਿਤਿ ਇਕ ਮਨਿ ਧਿਆਇ ਸੁਆਮੀ ਲਾਇ ਪ੍ਰੀਤਿ ਪਿਆਰੋ॥[935]
3. ਸਤਿਗੁਰ ਮਿਲਿਐ ਅੰਤਰਿ ਰਵਿ ਰਹਿਆ ਸਦਾ ਰਹਿਆ ਲਿਵ ਲਾਇ॥[936]
4. ਬਿਨੁ ਸਤਿਗੁਰ ਕਿਨੈ ਨ ਪਾਇਓ, ਬਿਨੁ ਸਤਿਗੁਰ ਕਿਨੈ ਨ ਪਾਇਆ॥
ਸਤਿਗੁਰ ਵਿਚ ਆਪ ਰਖਿਓਨੁ, ਕਰ ਪਰਗਟ ਆਖਿ ਸੁਣਾਇਆ॥
ਸਤਿਗੁਰ ਮਿਲਿਐ ਸਦਾ ਮੁਕਤ ਹੈ, ਜਿਨਿ ਵਿਚਹੁ ਮੋਹੁ ਚੁਕਾਇਆ॥
ਉਤਮ ਏਹੁ ਬੀਚਾਰੁ ਹੈ, ਜਿਨੁ ਸਚੇ ਸਿਉ ਚਿਤੁ ਲਾਇਆ॥[937]

## ਨਿਸ਼ਕਾਮ ਕਰਮ

ਪਰਮਾਤਮਾ ਦੀ ਪ੍ਰਾਪਤੀ ਲਈ ਮਨੁੱਖ ਨੂੰ ਸਭ ਇੱਛਾਵਾਂ, ਕਾਮਨਾਵਾਂ ਛੱਡ ਕੇ ਨਿਸ਼ਕਾਮ ਕਰਮ ਕਰਨੇ ਚਾਹੀਦੇ ਹਨ, ਤਾਂ ਹੀ ਉਸ ਨੂੰ ਸਤਿ ਸਰੂਪ ਦੀ ਪ੍ਰਾਪਤੀ ਹੋ ਸਕਦੀ ਹੈ। ਗੁਰੂ ਰਵਿਦਾਸ ਜੀ ਨਿਸ਼ਕਾਮ ਕਰਮ ਕਰਨ ਲਈ ਪ੍ਰੇਰਦੇ ਹੋਏ ਲਿਖਦੇ ਹਨ:--

1. ਛੋਡੇ ਆਸ ਨਿਰਾਸ ਪਰਮਪਦ, ਤਬ ਸੁਖ ਸਤਿਕਰ ਹੋਈ।
ਕਹੈ ਰਵਿਦਾਸ ਜਾਸੂੰ ਅਉਰ ਕਰਤ ਹੈ, ਪਰਮਤੱਤ ਹੈ ਸੋਈ॥[938]
2. ਯਾ ਹੀ ਸੇ ਤੁਮ ਸੇਵਾ ਕਰਤ ਹੈ, ਸਬ ਲਗ ਆਸ ਕੀ ਪਾਸੀ॥
ਛੂਟੇ ਤਬ ਹੀ ਜਬ ਮਿਲੇ ਏਕ ਹੋ ਭਣੈ ਰਵਿਦਾਸ ਉਦਾਸੀ॥[939]

ਗੁਰੂ ਰਵਿਦਾਸ ਜੀ ਅਨੁਸਾਰ ਨਿਸ਼ਕਾਮ ਕਰਮ ਕਰਨ ਵਾਲਾ ਮਨੁੱਖ ਸਮਬੁੱਧੀ ਨੂੰ ਪ੍ਰਾਪਤ ਹੁੰਦਾ ਹੈ। ਭਗਤੀ ਲਈ ਸਥਿਰ ਬੁੱਧੀ ਬਹੁਤ ਜ਼ਰੂਰੀ ਹੈ। ਇਸ ਤਰ੍ਹਾਂ ਨਿਸ਼ਕਾਮ ਕਰਮ ਧਿਆਨ ਭਗਤੀ ਵਿਚ ਬਹੁਤ ਜ਼ਰੂਰੀ ਯੋਗਦਾਨ ਪ੍ਰਦਾਨ ਕਰਦੇ ਹਨ। ਗੁਰੂ ਜੀ ਦਾ ਵਿਸ਼ਵਾਸ਼ ਹੈ ਕਿ ਨਿਸ਼ਕਾਮ ਅਵਸਥਾ ਵਿੱਚ ਪਹੁੰਚ ਕੇ ਆਤਮਾ ਪਰਮਾਤਮਾ ਨਾਲ ਇਕਮਿਕਤਾ

ਪ੍ਰਾਪਤ ਕਰ ਲੈਂਦੀ ਹੈ:-

1. ਜਉ ਰਵਿਦਾਸ ਛੂਟੀ ਸਬ ਆਸ, ਤਬ ਹਰਿ ਤਾਹੀ ਕੇ ਪਾਸ।
   ਆਤਮਾ ਥਿਰ ਭਈ ਤਬ, ਸਬ ਹੀ ਨਿਧਿ ਆਈ।।[940]
2. ਰਾਗ ਦਵੇਸ਼ ਕੂੰ ਛਾਡਿ ਕਰਿ, ਨਿਹਕਰਮ ਕਰਹੁ ਰੇ ਮੀਤ।
   ਸੁਖ ਦੁਖ ਸਭ ਮਹਿੰ ਥਿਰ ਰਹਿੰ 'ਰਵਿਦਾਸ' ਸਦਾ ਸਨਮੀਤ।।[941]

ਗੁਰੂ ਰਵਿਦਾਸ ਜੀ ਪ੍ਰਭੂ ਦੀ ਪ੍ਰਾਪਤੀ ਲਈ ਜੀਭ ਨਾਲ ਪਰਮਾਤਮਾ ਦਾ ਨਾਮ ਜਪਣ ਅਤੇ ਹੱਥਾਂ ਨਾਲ ਕੰਮ ਕਰਨ ਦੀ ਸਿੱਖਿਆ ਦਿੰਦੇ ਹਨ।[942] ਉਸ ਪਰਮਾਤਮਾ ਨੂੰ ਗ੍ਰਿਹਸਤ ਮਾਰਗ ਵਿੱਚ ਰਹਿੰਦਿਆਂ ਹੀ ਨੇਕ ਕਮਾਈ ਕਰਦਿਆਂ ਮਿਲਿਆ ਜਾ ਸਕਦਾ ਹੈ।[943] ਪਰ ਜੀਵ ਤਾਂ ਕਰਮ ਬੰਧਨ ਵਿੱਚ ਫਸਿਆ ਹੋਇਆ ਹੈ। ਕੀਤੇ ਕਰਮ ਦੇ ਫਲ ਦੀ ਆਸ ਰੱਖਦਾ ਹੈ।[944] ਗੁਰੂ ਜੀ ਦੱਸਦੇ ਹਨ ਕਰਮ ਕਰਨਾ ਮਨੁੱਖ ਦਾ ਧਰਮ ਹੈ। ਉਸਨੂੰ ਫਲ ਦੀ ਆਸ ਛੱਡਕੇ ਧਰਮ ਹੇਤ ਨਿਸ਼ਕਾਮ ਕਰਮ ਕਰਨੇ ਚਾਹੀਦੇ ਹਨ:-

ਧਰਮ ਹੇਤਹਿੰ ਕੀਜੀਏ, ਸੋ ਬਰਜ ਨੈਂਕਾਰ।
'ਰਵਿਦਾਸ' ਕਰਮਹਿ ਧਰਮ ਹੈ, ਫਲ ਮਹਿੰ ਨਹਿੰ ਅਧਿਕਾਰ।।[945]

ਗੁਰੂ ਰਵਿਦਾਸ ਜੀ ਅਨੁਸਾਰ ਨਿਸ਼ਕਾਮ ਕਰਮ ਕਰਨ ਨਾਲ ਹੀ ਪਰਮਾਤਮਾ ਨਾਲ ਮੇਲ ਹੋ ਸਕਦਾ ਹੈ:-

ਕਰਮਨ ਹੀ ਪਰਤਾਪੁ ਤਜਿ ਨਿਹਕਰਮੀ ਹੋਇ ਅਕਾਮ।
ਰਵਿਦਾਸ ਨਿਹਕਰਮੀ ਕਰਮ ਹੀ, ਮੇਲ ਕਰਾਏ ਰਾਮ।।[946]

ਗੁਰਬਾਣੀ ਵੀ ਨਿਸ਼ਕਾਮ ਕਰਮ ਕਰਨ ਤੇ ਜ਼ੋਰ ਦਿੰਦੀ ਹੈ। ਗ੍ਰਿਹਸਤ ਮਾਰਗ ਵਿੱਚ ਰਹਿੰਦਿਆਂ ਨੇਕ ਕਮਾਈ ਕਰਦਿਆਂ ਸੁੱਖਾਂ ਦੀ ਪ੍ਰਾਪਤੀ ਹੋ ਸਕਦੀ ਹੈ ਤੇ ਉਸ ਪ੍ਰਭੂ ਨੂੰ ਮਿਲਿਆ ਜਾ ਸਕਦਾ ਹੈ:-

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ।।
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ।।[947]

ਪਰਮਾਤਮਾ ਤੋਂ ਮਾਣ ਪ੍ਰਾਪਤ ਕਰਨ ਲਈ ਆਪਾ ਭਾਵ ਮੇਟਣ ਦੀ ਜ਼ਰੂਰਤ ਹੈ। ਨਿਰਮਲ ਕਰਣੀ ਕਰਨ ਦੀ ਲੋੜ ਹੈ। ਗੁਰੂ ਦਾ ਭਾਣਾ ਮਿੱਠਾ ਮੰਨ ਕੇ ਕਰਮ ਕਰਨ ਦਾ ਉਪਦੇਸ਼

ਦਿੰਦੇ ਹੋਏ ਗੁਰੂ ਜੀ ਲਿਖਦੇ ਹਨ ਕਿ ਉਸ ਦਾ ਭਾਣਾ ਮੰਨਕੇ ਹੀ ਉਸ ਨੂੰ ਮਿਲਿਆ ਜਾ ਸਕਦਾ ਹੈ:—

1. ਆਪ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ।।[948]
2. ਪਾਰਬ੍ਰਹਮ ਸਿਉ ਲਾਗੀ ਪ੍ਰੀਤਿ।। ਨਿਰਮਲ ਕਰਣੀ ਸਾਚੀ ਰੀਤਿ।।[949]
3. ਗੁਰ ਕੈ ਭਾਣੈ ਕਰਮ ਕਮਾਵੈ।। ਨਾਨਕ ਸਾਚੇ ਸਾਚਿ ਸਮਾਵੈ।।[950]
4. ਤੇਰਾ ਭਾਣਾ ਮੰਨੇ ਸੁ ਮਿਲੈ ਤੁਧੁ ਆਏ। ਜਿਸ ਭਾਣਾ ਭਾਵੈ, ਸੋ ਤੁਝਹਿ ਸਮਾਏ।।[951]
5. ਮਨ ਰੇ ਗੁਰ ਕੀ ਕਾਰ ਕਮਾਇ।। ਗੁਰ ਕੈ ਭਾਣੈ ਜੇ ਚਲਹਿ ਤਾਂ ਅਨਦਿਨ ਰਾਚਹਿ ਹਰਿਨਾਇ।[952]

ਗੁਰੂ ਨਾਨਕ ਦੇਵ ਜੀ ਮਨੁੱਖ ਨੂੰ ਕਿਰਤ ਕਰਕੇ ਵੰਡ ਛਕਣ ਦਾ ਉਪਦੇਸ਼ ਦਿੰਦੇ ਹਨ। ਇਹ ਹੀ ਸੱਚਾ ਅਮਲ ਹੈ। ਸੱਚੇ ਅਮਲ ਤੋਂ ਬਿਨਾਂ ਸੰਸਾਰ ਸਾਗਰ ਨੂੰ ਤਰਿਆ ਨਹੀਂ ਜਾ ਸਕਦਾ। ਗੁਰੂ ਜੀ ਮਨੁੱਖ ਨੂੰ ਇਕ ਆਦਰਸ਼ਕ ਕਿਸਾਨ ਬਣਨ ਦੀ ਪ੍ਰੇਰਨਾ ਦਿੰਦੇ ਹਨ। ਚੰਗੇ ਭਾਗਾਂ ਵਾਲੇ ਸ੍ਰੇਸ਼ਠ ਧਰਮੀ ਹੀ ਇਹੋ ਜਿਹੀ ਖੇਤੀ ਕਰ ਸਕਦੇ ਹਨ:—

1. ਸਭਨਾ ਕਾ ਦਰਿ ਲੇਖਾ ਹੋਇ।। ਕਰਣੀ ਬਾਝਹੁ ਤਰੈ ਨ ਕੋਇ।।[953]
2. ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ।।
   ਨਾਮ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ।।
   ਭਾਉ ਕਰਮ ਕਰਿ ਜੰਮਸੀ ਸੇ ਘਰੁ ਭਾਗਠ ਦੇਖ।।[954]

ਗੁਰਬਾਣੀ ਵਿਚ ਸ਼ੁੱਭ ਕਰਮ ਕਰਨ ਤੇ ਜ਼ੋਰ ਦਿੱਤਾ ਗਿਆ ਹੈ, ਜੋ ਸਾਂਤ ਬੁਧੀ ਦੀ ਪ੍ਰਾਪਤੀ ਵਿਚ ਸਹਾਇਕ ਹੁੰਦੇ ਹਨ। ਗੁਰੂ ਨਾਨਕ ਨੇ ਇਨ੍ਹਾਂ ਨੂੰ ਅਧਿਆਤਮਕ ਕਰਮ ਵੀ ਕਿਹਾ ਹੈ:—

1. ਅਧਿਆਤਮ ਕਰਮ ਕਰੇ ਦਿਨ ਰਾਤੀ। ਨਿਰਮਲ ਜੋਤਿ ਨਿਰੰਤਰ ਜਾਤੀ।।[955]
2. ਅਧਿਆਤਮ ਕਰਮ ਕਰੇ ਤਾ ਸਾਚਾ। ਮੁਕਤਿ ਭੇਦੁ ਕਿਆ ਜਾਣੈ ਕਾਚਾ।।[956]
3. ਕਰਮ ਕਰਤੂਤਿ ਬੇਲਿ ਬਿਸਥਾਰੀ ਰਾਮੁ ਨਾਮੁ ਫਲੁ ਹੂਆ।।[957]
4. ਸੇਵਾ ਕਰਤ ਹੋਇ ਨਿਹਕਾਮੀ। ਤਿਸ ਕਉ ਹੋਤ ਪ੍ਰਾਪਤ ਸੁਆਮੀ।।[958]

ਤੀਰਥ, ਬਰਤ, ਕਥਾ ਆਦਿ ਸਭ ਫੋਕਟ ਕਰਮ ਹਨ। ਨਿਸ਼ਕਰਮ ਕਰਨ ਕਰਦਿਆਂ ਪੂਰੇ ਗੁਰ ਦੀ ਮਿਹਰ ਨਾਲ ਹੀ ਪਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਹੈ। ਗੁਰੂ ਰਵਿਦਾਸ ਜੀ ਲਿਖਦੇ ਹਨ:—

ਤੀਰਥ ਬਰਤੁ ਕਰਹੀ ਬਹੁਤੇਰੇ, ਕਥਾ ਸੁਨਤ ਬਹੁ ਜਾਨੇ।
ਕਹਿ 'ਰਵਿਦਾਸ' ਮਿਲਯੋ ਗੁਰ ਪੂਰੋ, ਜਿਹ ਅੰਤਰਿ ਹਰਿ ਮਿਲਾਨੇ।।[959]

ਗੁਰੂ ਨਾਨਕ ਦੇਵ ਜੀ ਅਨੁਸਾਰ:–

1. ਪਤਿ ਵਿਣੁ ਪੂਜਾ ਸਤਿ ਵਿਣੁ ਸੰਜਮੁ ਜਤਿ ਵਿਣੁ ਕਾਹੇ ਜਨੇਊ।
   ਨਾਵਹੁ ਧੋਵਹੁ ਤਿਲਕ ਚੜਾਵਹੁ ਸੁਚ ਬਿਨੁ ਸੋਚ ਨ ਹੋਈ।।[960]
2. ਪੂਜਿ ਸਿਲਾ ਤੀਰਥ ਬਨਵਾਸਾ। ਭਰਮਤ ਡੋਲਤ ਭਏ ਉਦਾਸਾ।
   ਮਨਿ ਮੈਲੈ ਸੂਚਾ ਕਿਆ ਹੋਇ। ਸਾਚਿ ਮਿਲੈ ਪਾਵੈ ਪਤਿ ਸੋਇ।।[961]

ਖੋਜੀ ਮਨ

ਪਰਮਾਤਮਾ ਦੀ ਪ੍ਰਾਪਤੀ ਲਈ ਭਗਤ ਦਾ ਖੋਜੀ ਹੋਣਾ ਬਹੁਤ ਜ਼ਰੂਰੀ ਹੈ। "ਜਦੋਂ ਤੁਸੀਂ ਆਪਣੇ ਪੂਰੇ ਮਨ ਨਾਲ ਮੇਰੀ ਖੋਜ ਕਰੋਗੇ, ਤਾਂ ਤੁਸੀਂ ਮੈਨੂੰ ਲੱਭੋਗੇ ਅਤੇ ਪ੍ਰਾਪਤ ਕਰੋਗੇ।"[962] ਭਗਵੇਂ ਬਸਤ੍ਰ ਪਾਣ, ਸਿਰ ਮੁੰਨਾਣ ਨਾਲ ਅਤੇ ਬਨ ਵਿਚ ਜਾਣ ਨਾਲ ਪ੍ਰਭੂ ਦੀ ਪ੍ਰਾਪਤੀ ਨਹੀਂ ਹੁੰਦੀ। ਉਹ ਤਾਂ ਹਮੇਸ਼ਾ ਚਿੱਤ ਵਿਚ ਵਸਦਾ ਹੈ। ਇਸ ਲਈ ਆਪਣੇ ਅੰਦਰ ਹੀ ਹਰੀ ਨੂੰ ਪਹਿਚਾਨਣਾ ਚਾਹੀਦਾ ਹੈ। ਦੂਜਿਆਂ ਦੇ ਔਗੁਣ ਲੱਭਣ ਦੀ ਥਾਂ ਆਪਣੇ ਅੰਦਰ ਝਾਤੀ ਮਾਰਨ ਦੀ ਲੋੜ ਹੈ। ਸ੍ਵੈ-ਚਿੰਤਨ ਵਾਲਾ 'ਅਸਲੇ' ਨੂੰ ਪਛਾਣ ਜਾਂਦਾ ਹੈ। ਗੁਰੂ ਰਵਿਦਾਸ ਜੀ ਅਨੁਸਾਰ:–

1. ਗਿਰਿ ਵਨ ਕਾਹੇ ਖੋਜਨ ਜਾਈ। ਘਟ ਅਭਿਅੰਤਰ ਖੋਜਹੁ ਭਾਈ।।[963]
2. ਬਾਹਰ ਖੋਜਤ ਕਾ ਫਿਰਹਿ, ਘਟ ਭੀਤਰ ਹੀ ਖੋਜ।
   ਰਵਿਦਾਸ ਉਨਮਨਿ ਸਾਧਿਕਰ ਦੇਖਹੁ ਪਿਆ ਕੂ ਓਜ।।[964]

ਕਾਬੇ, ਕੈਲਾਸ਼ ਪਰਬਤ, ਮੰਦਰ, ਮਸਜਿਦ ਵਿਚ ਲੱਭਣ ਨਾਲ ਉਸਦੀ ਪ੍ਰਾਪਤੀ ਨਹੀਂ ਹੋ ਸਕਦੀ। ਉਹ ਤਾਂ ਸਾਡੇ ਮਨ ਮੰਦਰ ਵਿਚ ਨਿਵਾਸ ਕਰਦਾ ਹੈ। ਜਿਸ ਨੇ ਮਨ ਮੰਦਰ ਨੂੰ ਖੋਜਿਆ ਉਸੇ ਨੂੰ ਹੀ ਉਸ ਦੀ ਪ੍ਰਾਪਤੀ ਹੁੰਦੀ ਹੈ:–

1. ਕਾਸੇ ਅਰੁ ਕੈਲਾਸ ਮਹਿੰ, ਜਿਹ ਕੂੰ ਢੂਢਣ ਜਾਹਿ।
   ਰਵਿਦਾਸ ਪਿਆਰਾ ਰਾਮ ਤਉ, ਬਸਿ ਰਹਿਹਿੰ ਮਨ ਮਾਹਿ।।[965]
2. ਜਉ ਰੇ ਅੱਲਹ ਬਸਹਿੰ ਮਸਜਿਦ ਮਹਿੰ। ਮੰਦਰ ਮਹਿੰ ਕਾਹੇ ਨਾਹਿੰ ਭਗਵਾਨ।।

ਗੋਵਿੰਦਦਾਸ ਖੋਜਿਤ ਜਿਨ ਦਿਲ ਆਪਨੋ। ਤਿਨ ਹੀ ਪਾਇਓ ਰਹਮਾਨ।।[966]

ਤੁਸੀਂ ਪਰਮੇਸਰ ਬਾਰੇ ਕਿਸੇ ਦੇ ਸ਼ਬਦਾਂ ਤੇ ਵਿਸ਼ਵਾਸ ਨਾ ਕਰੋ। ਤੁਸੀਂ ਆਪ ਉਸਦੀ ਖੋਜ ਕਰੋ, ਤਾਂ ਤੁਸੀਂ ਵੀ ਉਸ ਨਾਲ ਸੰਬੰਧਿਤ ਆਪਣੇ ਦਿਲ ਦੀ ਖੋਜ ਨਾਲ ਉਸਨੂੰ ਹਰ ਘੜੀ ਅਨੁਭਵ ਕਰ ਸਕੋਗੇ ਕਿ ਉਹ ਹੈ।[967]

ਗੁਰੂ ਨਾਨਕ ਦੇਵ ਜੀ ਸ੍ਵੈ-ਚਿੰਤਨ ਅਤੇ ਆਪਣੇ ਅੰਦਰੋਂ ਬ੍ਰਹਮ ਨੂੰ ਲੱਭਣ ਵਾਲੇ ਨੂੰ 'ਗਿਆਨੀ' ਦਾ ਦਰਜਾ ਦਿੰਦੇ ਹਨ। ਆਪਣੇ ਅੰਦਰ ਖੋਜਦਿਆਂ ਆਪਣੇ ਆਪ ਨੂੰ ਪਛਾਣਨਾ ਹੈ:-

1. ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ।। ਆਪੁ ਪਛਾਣੈ ਬੂਝੈ ਸੋਇ।।[968]
2. ਆਪਿ ਪਛਾਣਿ ਰਹੈ ਲਿਵ ਲਾਗਾ। ਜਨਮੁ ਜੀਤਿ ਗੁਰਮਤਿ ਦੁਖੁ ਭਾਗਾ।[969]
3. ਆਪੁ ਪਛਾਣੈ ਹਰਿ ਮਿਲੈ, ਬਹੁੜਿ ਨ ਮਰਣਾ ਹੋਇ।।[970]

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਵੀ ਲਿਖਦੇ ਹਨ ਕਿ ਸਰਬ ਨਿਵਾਸੀ ਪਰਮਾਤਮਾ ਹਮੇਸ਼ਾ ਸਾਡੇ ਅੰਦਰ ਸਮਾਇਆ ਹੋਇਆ ਹੈ। ਉਸ ਨੂੰ ਬਨ ਵਿਚ ਜਾਕੇ ਲੱਭਣ ਦੀ ਕੋਈ ਲੋੜ ਨਹੀਂ। ਉਹ ਹੀ ਜੰਗਲਾਂ ਵਿਚ ਲੱਭਦੇ ਫਿਰਦੇ ਹਨ ਜੋ ~~ਉਹ~~ ਉਸ ਪ੍ਰਭੂ ਨੂੰ ਆਪਣੇ ਸੰਗਿ ਨਹੀਂ ਜਾਣਦੇ। ਉਹ ਰਾਮ ਰਤਨ ਤਾਂ ਮਨ ਅੰਦਰ ਹੀ ਵਸਦਾ ਹੈ। ਜਦ ਤੱਕ ਮਨੁੱਖ ਹਿਰਦੇ ਵਿਚ ਸਥਿਤ ਹਰੀ ਨੂੰ ਪਹਿਚਾਣ ਨਹੀਂ ਲੈਂਦਾ ਤਦ ਤਕ ਉਸ ਦੇ ਸੰਸੇ ਨਸ਼ਟ ਨਹੀਂ ਹੁੰਦੇ। ਪ੍ਰਭੂ ਹਿਰਦੇ ਵਿਚ ਤਦ ਹੀ ਨਿਵਾਸ ਕਰ ਸਕਦਾ ਹੈ ਜੇ ਵਿਅਕਤੀ ਦੁੱਖ-ਸੁਖ, ਮਿੱਟੀ-ਸੋਨਾ, ਲੋਭ-ਮੋਹ, ਮਾਨ-ਅਪਮਾਨ ਤੋਂ ਵਿਰਕਤ ਹੋ ਜਾਵੇ ਅਤੇ ਉਹ ਆਸ਼ਾ, ਤ੍ਰਿਸ਼ਨਾ ਦਾ ਤਿਆਗ ਕਰ ਦੇਵੇ:-

1. ਕਾਹੇ ਰੇ ਬਨ ਖੋਜਨ ਜਾਈ। ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ।[971]
2. ਸੰਗਿ ਸੁਆਮੀ ਸੋ ਜਾਨਿਓ ਨਾਹਿਨਿ। ਬਨੁ ਖੋਜਨਿ ਕਉ ਧਾਇਓ।
   ਰਤਨੁ ਰਾਮੁ ਘਟ ਹੀ ਕੇ ਭੀਤਰਿ ਤਾ ਕੋ ਗਿਆਨੁ ਨ ਪਾਇਓ।।[972]
3. ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ।।
   ਬਾਹਰਿ ਢੂੰਢਤ ਬਹੁਤੁ ਦੁਖੁ ਪਾਵਹਿ। ਘਰਿ ਅੰਮ੍ਰਿਤੁ ਘਟ ਮਾਹੀ ਜੀਉ।[973]
4. ਘਰ ਹੀ ਮਹਿ ਅੰਮ੍ਰਿਤੁ ਭਰਪੂਰਿ ਹੈ ਮਨਮੁਖਾ ਸਾਦੁ ਨ ਪਾਇਆ।
   ਜਿਉ ਕਸਤੂਰੀ ਮਿਰਗੁ ਨ ਜਾਣੈ, ਭ੍ਰਮਦਾ ਭਰਮਿ ਭੁਲਾਇਆ।।[974]

ਸਾਧ ਸੰਗਤ

ਸਾਧਨਾ ਦਾ ਭਾਵੇਂ ਗਿਆਨ ਮਾਰਗ ਹੋਵੇ, ਕਰਮ-ਮਾਰਗ, ਯੋਗ ਮਾਰਗ ਜਾਂ ਭਗਤੀ ਮਾਰਗ। ਸਾਰਿਆਂ ਵਿਚ ਹੀ ਸਤਿ ਸੰਗਤ ਦਾ ਬਹੁਤ ਮਹੱਤਵ ਹੈ। ਇਹ ਅਧਿਆਤਮਕ ਉਨਤੀ ਦਾ ਬਹੁਤ ਜ਼ਰੂਰੀ ਅੰਗ ਹੈ। ਮਧਯੁੱਗ ਦੇ ਸਾਰੇ ਸਾਧਕਾਂ ਨੇ ਇਸ ਨੂੰ ਮਹੱਤਤਾ ਦਿੱਤੀ ਹੈ।

ਗੁਰੂ ਰਵਿਦਾਸ ਜੀ ਦੇ ਭਗਤੀ ਭਾਵ ਵਿਚ 'ਸਤਿਸੰਗ' ਅਤੇ 'ਸਾਧ ਸੰਗਤ' ਦਾ ਆਪਣਾ ਨਿਵੇਕਲਾ ਹੀ ਥਾਂ ਹੈ। ਨਾਮ ਸਿਮਰਨ, ਆਪਾ ਵਾਰਨਾ, ਗੁਰੂ ਭਗਤੀ, ਪ੍ਰੇਮ ਸਾਧਨਾ, ਪ੍ਰਭੂ ਦੀ ਕਿਰਪਾ ਆਦਿ ਸਾਧਨਾ ਮਾਰਗ ਦੇ ਭਾਵੇਂ ਜ਼ਰੂਰੀ ਤੱਤ ਹਨ ਪਰ ਜੋ ਮਹੱਤਵ ਸਤਿਸੰਗ ਜਾਂ ਸੰਤ ਸਮਾਗਮ ਨੂੰ ਦਿੱਤਾ ਗਿਆ ਹੈ। ਉਸ ਦਾ ਸਥਾਨ ਹੋਰ ਕੋਈ ਨਹੀਂ ਲੈ ਸਕਦਾ। ਗੁਰੂ ਰਵਿਦਾਸ ਜੀ ਪ੍ਰਭੂ ਪ੍ਰਾਪਤੀ ਲਈ ਸਾਧ ਸੰਗਤਿ ਨੂੰ ਬਹੁਤ ਮਹੱਤਵ ਦਿੰਦੇ ਹਨ। ਸਾਧ ਸੰਗਤ ਹੀ ਉਸ ਦੀ ਪਰਮਗਤੀ ਦਾ ਇਕੋ ਇਕ ਸਾਧਨ ਹੈ:-

ਮਿਲਤ ਪਿਆਰੋ ਪ੍ਰਾਨ ਨਾਥ ਕਵਨ ਭਗਤਿ ਤੇ। ਸਾਧ ਸੰਗਤਿ ਪਾਈ ਪਰਮਗਤੇ।[975]

ਸਾਧੂ ਦੀ ਸੰਗਤ ਨਾਲ ਕਰੋੜਾਂ ਪਾਪ ਨਸ਼ਟ ਹੋ ਜਾਂਦੇ ਹਨ। ਗੁਰੂ, ਸਾਧ ਸੰਗਤਿ ਨਾਲ ਮਿਲ ਕੇ ਵਿਪਤਾ ਟਾਲੀ ਜਾ ਸਕਦੀ ਹੈ:-

ਕਹੈ ਰਵਿਦਾਸ ਸਾਧ ਸੰਗਤਿ ਮਿਲ, ਰਾਮ ਭਜੈ ਤੌ ਵਿਪਤਿ ਟਰੀ।।[976]

ਜਿਵੇਂ ਚੰਦਨ ਦੇ ਰੁੱਖ ਦੀ ਸੰਗਤ ਕਰਕੇ ਵਿਚਾਰਾ ਅਰਿੰਡ ਚੰਦਨ ਦੀ ਬਾਸ ਨਾਲ ਉੱਚ ਅਵਸਥਾ ਨੂੰ ਪਹੁੰਚਦਾ ਹੈ ਤਿਵੇਂ ਭਗਤ ਵੀ ਉਸ ਪ੍ਰਭੂ ਦਾ ਸੰਗ ਕਰਕੇ ਉਚ ਅਵਸਥਾ ਨੂੰ ਪਹੁੰਚਦਾ ਹੈ। ਗੁਰੂ ਰਵਿਦਾਸ ਜੀ ਆਪਣਾ ਸਤਿਸੰਗ ਦਰਸ਼ਨ ਸਪਸ਼ਟ ਕਰਦੇ ਲਿਖਦੇ ਹਨ:-

ਤੁਮ ਚੰਦਨ ਹਮ ਇਰੰਡ ਬਾਪੁਰੇ, ਸੰਗਿ ਤੁਮਾਰੇ ਬਾਸਾ।
ਨੀਚ ਰੂਖ ਤੇ ਊਚ ਭਏ ਹੈ, ਗੰਧ ਸੁਗੰਧ ਨਿਵਾਸਾ।।
ਮਾਧਉ ਸਤਸੰਗਤਿ ਸਰਨਿ ਤੁਮ੍ਹਾਰੀ, ਹਮ ਅਉਗਨ ਤੁਮ੍ਹ ਉਪਕਾਰੀ।।ਰਹਾਉ।
ਤੁਮ ਮਖਤੂਲ ਸੁਪੇਦ ਸਪੀਅਲ ਹਮ ਬਪੁਰੇ ਜਸ ਕੀਰਾ।
ਸਤਿ ਸੰਗਤਿ ਮਿਲ ਰਹੀਐ ਮਾਧਉ ਜੈਸੇ ਮਧੁਪ ਮਖੀਰਾ।।[977]

ਗੁਰੂ ਰਵਿਦਾਸ ਜੀ ਸਾਧ ਸੰਗਤਿ ਦੀ ਮਹੱਤਤਾ ਦੱਸਦੇ ਫੁਰਮਾਉਂਦੇ ਹਨ ਕਿ ਸਾਧ ਸੰਗਤਿ ਤੋਂ ਬਿਨਾਂ ਭਾਵ ਪੈਦਾ ਹੀ ਨਹੀਂ ਹੋ ਸਕਦਾ ਅਤੇ ਭਾਵ ਤੋਂ ਬਿਨਾਂ ਭਗਤੀ ਨਹੀਂ ਹੋ ਸਕਦੀ। ਸਤਿਸੰਗਤ ਦਾ ਦਰਸ਼ਨ ਤਾਂ ਅਤਿ ਪ੍ਰਾਚੀਨ ਤੇ ਸਰਬ ਪ੍ਰਮਾਣਿਕ ਦਰਸ਼ਨ ਹੈ।

ਭਗਤੀ ਤੇ ਸਤਿਸੰਗਤ ਦਾ ਮੇਲ ਹੈ:--

1. ਸਾਧ ਸੰਗਤਿ ਬਿਨਾ ਭਾਉ ਨਹੀ ਊਪਜੈ। ਭਾਵ ਬਿਨੁ ਭਗਤਿ ਨਹੀਂ ਹੋਇ ਤੇਰੀ।।[978]
2. ਵੇਦ ਤੈਂ ਪੁਰਾਨ ਪੁਰਾਨ ਤੈਂ ਭਾਰਵਤ ਭਾਗਵਤ ਤੇ ਭਗਤਿ ਪ੍ਰਗਟ ਕੀਨੀ।
   ਭਗਤਿ ਤੈਂ ਪ੍ਰੇਮ ਪ੍ਰੇਮ ਤੈਂ ਲੱਛਨਾ, ਬਿਨਾ ਸਤਸੰਗਿ ਨਹੀਂ ਜਾਇ ਚੀਨ੍ਹੁ।।[979]

ਗੁਰੂ ਜੀ ਸੰਗਤ ਦਾ ਮਹਾਤਮ ਸਮਝਾਉਂਦੇ ਕਹਿੰਦੇ ਹਨ ਕਿ ਗਲੀਆਂ ਮੁਹੱਲਿਆਂ ਤੇ ਛੱਪੜਾਂ ਨਦੀਆਂ ਦਾ ਹਰ ਕਿਸਮ ਦਾ ਚੰਗਾ ਮੰਦਾ ਪਾਣੀ ਇਕੱਠਾ ਹੋਕੇ ਗੰਗਾ ਜੀ ਵਿਚ ਜਾ ਮਿਲਦਾ ਹੈ ਪਰ ਸੰਗਤ ਕਰਕੇ ਸਾਰੇ ਜਲ ਦਾ ਨਾਮ ਗੰਗਾ ਜਲ ਹੀ ਪੈ ਜਾਂਦਾ ਹੈ:--

ਗਲੀ ਗਲੀ ਕੋ ਨੀਰ ਬਹਿ ਆਯੋ, ਸੁਰਸੁਰੀ ਜਾਇ ਸਮਾਯੋ।
ਸੰਗਤਿ ਕੈ ਪਰਤਾਪ ਮਹਾਤਮੁ, ਨਾਮ ਗੰਗੋਦਕ ਪਾਯੋ।।[980]

ਪ੍ਰਭੂ ਦੀ ਪ੍ਰਾਪਤੀ ਲਈ ਸਿਮਰਨ ਤੋਂ ਵੀ ਵਧ ਕੇ ਸਿਮਰਨ ਦੀ ਸਾਰ ਦੱਸਣ ਵਾਲੇ ਕਿਸੇ ਸੰਤ ਮਹਾਤਮਾ, ਗੁਰੂ ਅਤੇ ਸੰਤ ਸੰਗਤ ਦੀ ਜ਼ਰੂਰਤ ਹੈ:--

ਸਾਧ ਸੰਗਤਿ ਪੂੰਜੀ ਭਈ, ਹੌਂ ਵਸਤ ਲਈ ਨਿਰਮੋਲ।
ਸਹਜ ਬਲਦਿਆ ਲਾਦਿ ਕਰ, ਚਲਯੋ ਲਹਨ ਪਿਵਮੋਲ।।[981]

ਇਸ ਤਰ੍ਹਾਂ ਸਾਧ ਸੰਗਤ ਇਕ ਐਸੀ ਪੂੰਜੀ ਹੈ ਜਿਸ ਨੂੰ ਸਹਜ ਦੇ ਬਲਦ ਤੇ ਲੱਦ ਕੇ ਗੁਰੂ ਰਵਿਦਾਸ ਜੀ ਪੀਆ ਨੂੰ ਮੁੱਲ ਖਰੀਦਣ ਚੱਲੇ ਹਨ। ਉਨ੍ਹਾਂ ਅਨੁਸਾਰ ਸੰਤ, ਭਗਤ, ਗੁਰੂ ਤੇ ਪਰਮਾਤਮਾ ਇੱਕੋ ਵਿਅਕਤੀ ਹੈ। ਉਨ੍ਹਾਂ ਦਾ ਸੰਤ ਤੇ ਅਨੰਤ ਅਭੇਦ ਹੈ। ਇਨ੍ਹਾਂ ਵਿੱਚ ਕੋਈ ਫ਼ਰਕ ਨਹੀਂ ਕੀਤਾ ਜਾ ਸਕਦਾ।[982]

ਸੰਤ ਦੀ ਮਹਿਮਾ ਤੇ ਸਤਿਸੰਗ ਦੇ ਮਹਾਤਮ ਦੇ ਨਾਲ ਹੀ ਗੁਰੂ ਰਵਿਦਾਸ ਜੀ ਨੇ ਸੰਤ ਨਿੰਦਾ ਤੇ ਸੰਤ ਦੋਖੀ ਬਾਰੇ ਵੀ ਵਿਚਾਰ ਕੀਤਾ ਹੈ। ਉਨ੍ਹਾਂ ਅਨੁਸਾਰ ਜੇ ਕੋਈ ਵਿਅਕਤੀ ਅੱਠਸਠ ਤੀਰਥਾਂ ਦਾ ਇਸ਼ਨਾਨ ਕਰੇ, ਬਾਰਾਂ ਸ਼ਿਵਲਾਵਾਂ ਦੀ ਪੂਜਾ ਕਰੇ। ਲੋਕਾਂ ਨੂੰ ਪਾਣੀ ਪਿਆਉਣ ਲਈ ਖੂਹ ਆਦਿ ਖੁਦਵਾਏ, ਵੇਦ ਸਿਮਰਤੀਆਂ ਦਾ ਸਰਵਨ ਕਰੇ। ਦੇਵੀ ਦੇਵਤਿਆਂ ਤੇ ਪ੍ਰਸ਼ਾਦ ਚੜ੍ਹਾਵੇ ਪਰ ਜੇ ਉਹ ਸਾਧ ਦਾ ਨਿੰਦਕ ਹੈ ਤਾਂ ਪਾਪੀ ਹੈ ਤੇ ਨਰਕ ਦਾ ਭਾਗੀ ਹੈ।[983]

ਗੁਰੂ ਜੀ ਦਾ ਵਿਸ਼ਵਾਸ ਹੈ ਕਿ ਪਰਮਾਤਮਾ ਦੀ ਪ੍ਰਾਪਤੀ ਸੰਗਤ ਵਿਚ ਹੀ ਹੋ ਸਕਦੀ ਹੈ ਅਤੇ ਇਥੋਂ ਹੀ ਦੁਨੀਆਂ ਦਾ ਹਰ ਸੁਖ ਆਰਾਮ ਪ੍ਰਾਪਤ ਹੋ ਸਕਦਾ ਹੈ ਪਰ ਮਾਇਆ

ਜਾਲ ਵਿਚ ਫਸੇ ਜੀਵ ਸੰਤਾਂ ਦੀ ਮਹਿਮਾ ਨੂੰ ਨਹੀਂ ਸਮਝ ਸਕਦੇ। ਉਹ ਤਾਂ ਤੇਲੀ ਦੇ ਬਲਦ ਤੇ ਗਧੇ ਦੇ ਬਰਾਬਰ ਹਨ। ਪ੍ਰਭੂ ਦੇ ਨਾਂ ਤੋਂ ਦੂਰ ਅਤੇ ਸੰਤਾਂ ਦੀ ਕ੍ਰਿਪਾ ਦ੍ਰਿਸ਼ਟੀ ਤੋਂ ਬਿਨਾਂ ਉਸ ਦੀ ਪ੍ਰਾਪਤੀ ਨਹੀਂ ਹੋ ਸਕਦੀ। ਰਾਮ ਦੇ ਬਲ ਵਾਲਾ ਜੀਵ ਕਿਸੇ ਤੋਂ ਨਹੀਂ ਡਰਦਾ। ਦੁਨੀਆਂ ਦੇ ਸਾਰੇ ਪਦਾਰਥ ਉਸ ਵਲ ਆਪੇ ਹੀ ਭਜੇ ਆਉਂਦੇ ਹਨ:-

ਜੋ ਸੁਖ ਹੋਤ ਸਾਧ ਕੂੰ ਭੇਟੇ, ਗਾਵਤ ਸਯਾਮ ਸਕਲ ਦੁਖ ਮੇਟੇ।।ਟੇਕ।।
ਤੇ ਕਿਨ ਜਾਨਹਿ ਸੰਤਨ ਮਹਮਾ, ਜੋ ਮਾਯਾ ਜੰਜਾਲ ਲਪੇਟੇ।
ਅੱਠ ਪਹਰਿ ਤਿਨ੍ਹ ਕਛ ਨਹੀਂ ਸੂਝਈ, ਜਯੂੰ ਤੇਲੀ ਕੂੰ ਵ੍ਰਿਖਭ ਸੰਕੇਟੇ।
ਜੋ ਜਨ ਰਾਮ ਨਾਮ ਨਹਿੰ ਉਚਰੈ, ਉਦਰ ਭਰਹਿ ਜਯੂੰ ਗਰਦਭ ਲੇਟੇ।
ਜਨ ਰਵਿਦਾਸ ਰਾਮੁ ਬਲ ਗਰਜਿਤ, ਮਨਹੂੰ ਰਜਾਰਿ ਪਦਾਰਥ ਭੇਟੇ।।984

ਗੁਰਬਾਣੀ ਵਿਚ ਵੀ ਸਤਿਸੰਗਤ ਨੂੰ ਪਰਮਾਤਮਾ ਪ੍ਰਾਪਤੀ ਦਾ ਸਾਧਨ ਕਬੂਲ ਕੀਤਾ ਗਿਆ ਹੈ। ਗੁਰੂ ਨਾਨਕ ਦਾ ਵਿਚਾਰ ਹੈ ਕਿ ਵਿਅਕਤੀ ਉਤਮ ਸੰਗਤ ਰਾਹੀਂ ਹੀ ਉੱਤਮ ਬਣ ਸਕਦਾ ਹੈ। ਕਿਉਂ ਕਿ ਇਸ ਤਰ੍ਹਾਂ ਉਹ ਗੁਣਾਂ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ ਅਤੇ ਔਗੁਣਾਂ ਦਾ ਤਿਆਗ ਕਰ ਦਿੰਦਾ ਹੈ:-

ਉਤਮਿ ਸੰਗਤਿ ਊਤਮ ਹੋਵੈ।। ਗੁਣ ਕਉ ਧਾਵੈ ਅਵਗੁਣ ਧੋਵੈ।।985

ਗੁਰੂ ਸਾਹਿਬ ਅਨੁਸਾਰ ਮਨੁੱਖੀ ਮਨ ਦੀਆਂ ਦੁਰਵਿਰਤੀਆਂ ਅਤੇ ਵਿਸ਼ੇ ਵਿਕਾਰਾਂ ਨੂੰ ਕਾਬੂ ਕਰਨ ਲਈ ਚੰਗੇ ਲੋਕਾਂ ਦੀ ਸੰਗਤ ਵਿਚ ਜਾਣਾ, ਪ੍ਰਭੂ ਗੁਣ ਗਾਇਨ ਕਰਨਾ, ਸਾਧੂ ਜਨਾਂ ਦੇ ਉਪਦੇਸ਼ਾਂ ਨੂੰ ਸੁਣਨਾ ਅਤੇ ਭੇਦ ਭਾਵ ਨੂੰ ਮਿਟਾ ਕੇ ਪ੍ਰੇਮ ਕਰਨਾ ਜ਼ਰੂਰੀ ਹੈ। ਸੰਤ ਨੂੰ ਬ੍ਰਹਮ ਸਤਿ ਦਾ ਅੰਸ਼ ਹੋਣ ਕਰਕੇ ਹਮੇਸ਼ਾ ਬ੍ਰਹਮਨੰਦ ਵਿਚ ਲੀਨ ਉੱਤਮ ਪੁਰਖ ਕਿਹਾ ਗਿਆ ਹੈ:-

ਉਤਮ ਜਨੁ ਸੰਤੁ ਭਲੇ ਹਰਿ ਪਿਆਰੇ। ਹਰਿ ਰਸ ਮਾਤੇ ਪਾਰਿ ਉਤਾਰੇ।।986

ਸੰਤ ਮਹਾਤਮਾ ਉਨ੍ਹਾਂ ਦੇ ਸੰਪਰਕ ਵਿਚ ਆਉਣ ਵਾਲਿਆਂ ਨੂੰ ਵੀ ਉਸ ਸਤਿ ਦਾ ਅਨੁਭਵ ਕਰਾਉਣ ਦੇ ਯੋਗ ਹੁੰਦੇ ਹਨ। ਇਸ ਲਈ ਉਨ੍ਹਾਂ ਦੀਆਂ ਸਾਖੀਆਂ ਸੱਚੀਆਂ ਹੁੰਦੀਆਂ ਹਨ:-

ਸੰਤਨੁ ਕੀ ਸੁਣਿ ਸਾਚੀ ਸਾਖੀ। ਸੋ ਬੋਲਹਿ ਜੋ ਪੇਖਹਿ ਆਖੀ।।987

ਸਤਿ ਸੰਗਤਿ ਕਿਹੋ ਜਿਹੀ ਹੋਣੀ ਚਾਹੀਦੀ ਹੈ? ਉਸ ਦੇ ਕੀ ਲੱਛਣ ਹਨ? ਇਸ ਦੇ ਉੱਤਰ ਵਿਚ ਗੁਰੂ ਜੀ ਦੱਸਦੇ ਹਨ ਕਿ ਸਤਿ ਸੰਗਤ ਉਹ ਹੈ ਜਿਥੇ ਇਕੋ ਨਾਮ ਦਾ ਵਖਿਆਨ

ਹੁੰਦਾ ਹੈ। ਪ੍ਰਭੂ ਦੇ ਨਾਮ ਦੀ ਚਰਚਾ ਹੁੰਦੀ ਹੈ ਜਿਸ ਦੇ ਸਿਮਰਨ ਨਾਲ ਜਨਮ ਜਨਮ ਦੀ ਮੈਲ ਕੱਟੀ ਜਾਂਦੀ ਹੈ:–

1. ਸਤਿ ਸੰਗਤਿ ਕੈਸੀ ਜਾਣੀਐ। ਜਿਥੈ ਏਕੋ ਨਾਮੁ ਵਖਾਣੀਐ।[988]
2. ਸੰਤ ਸੰਗਿ ਹਰਿ ਸਿਮਰਣਾ ਮਲੁ ਜਨਮ ਜਨਮ ਕੀ ਕਾਟਿ॥[989]
3. ਜਬ ਹੀ ਸਰਣਿ ਸਾਧ ਕੀ ਆਇਓ। ਦੁਰਮਤਿ ਸਗਲ ਬਿਨਾਸੀ॥[990]

ਸਤਿ ਸੰਗਤ ਹੀ ਐਸਾ ਸਾਧਨ ਹੈ ਜਿਥੇ ਹਰੀ ਦੀ ਪ੍ਰਾਪਤੀ ਹੁੰਦੀ ਹੈ ਅਤੇ ਸਤਿ ਸੰਗਤ ਦੀ ਪ੍ਰਾਪਤੀ ਗੁਰੂ ਅਤੇ ਪਰਮਾਤਮਾ ਦੀ ਕ੍ਰਿਪਾ ਦਾ ਫਲ ਹੈ। ਜਿਸ ਦੇ ਮਿਲਣ ਨਾਲ ਕਪਾਲ ਖੁਲ੍ਹ ਜਾਂਦਾ ਹੈ ਤੇ ਕਪਟ ਦੂਰ ਹੋ ਜਾਂਦਾ ਹੈ। ਜਨਮ-ਮਰਨ ਦਾ ਗੇੜ ਖਤਮ ਹੋ ਜਾਂਦਾ ਹੈ। ਇਸ ਲਈ ਗੁਰੂ ਜੀ ਸਾਧ-ਸੰਗਤ ਵਿਚ ਰਹਿ ਕੇ ਉਸ ਦਇਆਲ ਸਰੂਪ ਬ੍ਰਹਮ ਦਾ ਜਾਪ ਕਰਨ ਦਾ ਉਪਦੇਸ਼ ਦਿੰਦੇ ਹਨ।

1. ਹਰਿ ਹਰਿ ਆਨਿ ਮਿਲਾਇਓ ਗੁਰ ਸਾਧੂ ਮਿਲਿ ਸਾਧੂ ਕਪਟ ਖੁਲਾਨਾ॥[991]
2. ਸੁਣਿ ਸਾਜਨ ਮੇਰੇ ਮੀਤ ਪਿਆਰੇ। ਸਾਧ ਸੰਗਿ ਖਿਨ ਮਾਹਿ ਉਧਾਰੇ।
   ਕਿਲਵਿਖ ਕਾਟਿ ਹੋਆ ਮਨੁ ਨਿਰਮਲ। ਮਿਟਿ ਗਏ ਆਵਣ ਜਾਣਾ ਜੀਉ॥[992]
3. ਭੇਟਤ ਸੰਗਿ ਸਾਧ ਸੰਤਨ ਕੈ ਸਦਾ ਜਪਹੁ ਦਇਆਲਾ ਜੀਉ॥[993]

ਸੱਚ ਤਾਂ ਇਹ ਹੈ ਕਿ ਇਸ ਤੋਂ ਬਿਨਾ ਸੰਤੋਖ ਨਹੀਂ ਮਿਲਦਾ ਅਤੇ ਨਾਮ ਤੋਂ ਬਿਨਾ ਹਮੇਸ਼ਾ ਦੁੱਖ ਅਤੇ ਸੰਤਾਪ ਬਣਿਆ ਰਹਿੰਦਾ ਹੈ:–

ਬਿਨੁ ਸੰਗਤਿ ਸਾਧ ਨ ਧ੍ਰਾਪੀਆ। ਬਿਨੁ ਨਾਵੈ ਦੂਖ ਸੰਤਾਪੁ॥[994]

ਸੱਚੇ ਸਾਧੂ ਦੇ ਸੰਪਰਕ ਵਿਚ ਆਉਣ ਨਾਲ ਜੀਵ ਮੁਕਤ ਹੋ ਜਾਂਦਾ ਹੈ ਉਸਦਾ ਆਵਾ-ਗਵਨ ਮਿਟ ਜਾਂਦਾ ਹੈ:–

ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ।
ਜਮ ਕੰਕਰੁ ਨੇੜਿ ਨ ਆਵਈ ਫਿਰਿ ਬਹੁੜਿ ਨ ਮਰੀਐ॥[995]

ਗੁਰਬਾਣੀ ਵਿਚ ਲੋਕਾਂ ਦਾ ਮਿਲਕੇ ਪ੍ਰਭੂ ਚਰਚਾ ਕਰਨ ਨੂੰ ਵੀ ਸਤਿ ਸੰਗਤ ਕਿਹਾ ਗਿਆ ਹੈ:–

ਸਿਖ ਸਭਾ ਦੀਖਿਆ ਕਾ ਭਾਉ। ਗੁਰਮੁਖਿ ਸੁਣਨਾ ਸਾਚਾ ਨਾਉ॥[996]

ਗੁਰਬਾਣੀ ਵਿਚ ਸਾਧੂ ਦੇ ਸੰਪਰਕ ਵਿਚ ਆਉਣਾ ਉਸ ਦੀ ਚਰਨ ਧੂੜ ਨੂੰ ਮੁਖ-ਮਸਤਕ ਤੇ ਲਗਾਣਾ ਹੀ ਅਠਸਠ ਤੀਰਥਾਂ ਦੇ ਇਸ਼ਨਾਨ ਦੇ ਬਰਾਬਰ ਦੱਸਿਆ ਗਿਆ ਹੈ:-

1. ਸਤਸੰਗਤਿ ਸਾਧ ਧੂਰਿ ਮੁਖਿ ਪਰੀ॥ ਇਸਨਾਨੁ ਕੀਓ ਅਠਸਠਿ ਸੁਰਸਰੀ॥[997]

2. ਤ੍ਰਿਪਤਿ ਅਘਾਵਨੁ ਸਾਰੈ ਨਾਇ। ਅਠਸਠਿ ਮਜਨੁ ਸੰਤ ਧੂਰਾਇ।
   ਸਭ ਮਹਿ ਜਾਨਉ ਕਰਤਾ ਏਕੁ। ਸਾਧਿ ਸੰਗਤਿ ਮਿਲਿ ਬੁਧਿ ਬਿਬੇਕ॥[998]

ਗੁਰੂ ਜੀ ਵੀ ਇਸ ਗੱਲ ਵਿਚ ਪੂਰਾ ਯਕੀਨ ਰੱਖਦੇ ਹਨ ਕਿ ਸਤਿ ਸੰਗਤ ਵਿਚੋਂ ਹੀ ਪ੍ਰਭੂ ਦੀ ਪ੍ਰਾਪਤੀ ਹੋ ਸਕਦੀ ਹੈ। ਸਤਿ ਸੰਗਤ ਵਿਚ ਹੀ ਪ੍ਰਭੂ ਦਾ ਨਿਵਾਸ ਹੈ। ਇਸ ਲਈ ਜੋ ਜੀਵ ਸਾਧ ਸੰਗਤ ਵਿਚ ਆਉਂਦਾ ਹੈ ਉਸ ਨੂੰ ਪ੍ਰਭੂ ਦੀ ਪ੍ਰਾਪਤੀ ਹੋ ਜਾਂਦੀ ਹੈ:-

1. ਮਿਲਿ ਸਤਸੰਗਤਿ ਖੋਜੁ ਦਸਾਇ, ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ।[999]
2. ਮਿਲਿ ਸਤਸੰਗਤਿ ਹਰਿ ਗੁਣ ਗਾਇ ਜਗੁ ਭਉ ਜਲੁ ਦੁਤਰ ਤਰੀਐ ਜੀਉ।[1000]

ਪਰਮਾਤਮਾ ਦੀ ਪ੍ਰਾਪਤੀ ਲਈ ਜਿਵੇਂ ਹਉਮੈ ਦਾ ਤਿਆਗ, ਗੁਰ ਪ੍ਰਸਾਦ, ਸਾਧ ਸੰਗਤਿ ਆਦਿ ਜ਼ਰੂਰੀ ਹੈ। ਉਥੇ ਪ੍ਰਭੂ ਦਾ ਨਾਮ ਸਿਮਰਨ ਗੁਣ ਗਾਇਨ ਅਤੇ ਪ੍ਰਭੂ ਦੀ ਸ਼ਰਨ ਵੀ ਬਹੁਤ ਜ਼ਰੂਰੀ ਹੈ। ਗੀਤਾ ਵਿਚ ਭਗਵਾਨ ਕ੍ਰਿਸ਼ਨ ਅਰਜੁਨ ਨੂੰ ਕਹਿੰਦੇ ਹਨ ਕਿ ਤੂੰ ਸਾਰੇ ਕਰਮਾਂ ਅਤੇ ਧਰਮਾਂ ਦਾ ਤਿਆਗ ਕਰਕੇ ਮੇਰੀ ਸ਼ਰਨ ਵਿਚ ਆ ਜਾ, ਮੈਂ ਤੈਨੂੰ ਸਾਰੇ ਪਾਪਾਂ ਤੋਂ ਮੁਕਤ ਕਰ ਦੇਵਾਂਗਾ।[1001] ਗੁਰੂ ਰਵਿਦਾਸ ਜੀ ਅਨੁਸਾਰ ਉਹ ਪ੍ਰਭੂ ਸਹਜ-ਸਰੂਪ ਹੈ। 'ਰੰਰੰਕਾਰ' ਦਾ ਜਾਪ ਸਿਮਰਨ ਤੇ ਕੀਰਤਨ ਕਰਦਿਆਂ ਸੰਤ ਜਨ ਸਹਿਜੇ ਹੀ ਪਰਮਪਦ ਪ੍ਰਾਪਤ ਕਰ ਲੈਂਦੇ ਹਨ:-

ਭਗਤ ਰਵਿਦਾਸ ਰੰਰਕਾਰ ਗੁਣ ਗਾਵਤ, ਸੰਤ ਸਾਧੂ ਭਏ ਸਹਜਿ ਪਾਰੰ।[1002]

ਗੁਰੂ ਰਵਿਦਾਸ ਜੀ ਪ੍ਰਭੂ ਨਾਲ ਇਕਮਿਕਤਾ ਪ੍ਰਾਪਤ ਕਰਨ ਲਈ ਸਹਜ ਸਮਾਧੀ ਲਾਉਣ ਲਈ ਵੀ ਤਿਆਰ ਹਨ। ਉਹ ਲਿਖਦੇ ਹਨ:--

1. ਚਲਿ ਮਨ ਹਰਿ ਚਟਸਾਲ ਪੜਾਊਂ।
   ਗੁਰੂ ਕੀ ਸਾਂਟਿ ਗਿਆਨ ਕਾ ਅੱਛਰ, ਬਿਸਰੈ ਤੌ ਸਹਜ ਸਮਾਧ ਲਗਾਊਂ॥[1003]

<u>ਸ਼ਰਨ</u>

1. ਕਹਿ ਰਵਿਦਾਸ ਸਰਨਿ ਪ੍ਰਭ ਤੇਰੀ। ਜਿਉ ਜਾਨਹੁ ਤਿਉ ਕਰੁ ਗਤਿ ਮੇਰੀ॥[1004]

ਨਾਮ ਸਿਮਰਨ

1. ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ।
   ਹਰਿ ਸਿਮਰਤ ਜਨ ਗਏ ਨਿਸਤਰਿ ਤਰੇ।।[1005]
2. ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ। ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ।।
   ਮਨੁ ਸੁ ਮਧੁਕਰੁ ਕਰਉ ਚਰਨ ਹਿਰਦੇ ਧਰਉ। ਰਸਨ ਅੰਮ੍ਰਿਤ ਰਾਮ ਨਾਮ ਭਾਖਉ।।[1006]
3. ਜਬ ਰਾਮ ਨਾਮ ਕਹਿ ਗਾਵੈਗਾ।
   ਰਰੰਕਾਰ ਰਹਤ ਸਬਹਿਨ ਮੈਂ, ਅੰਤਰ ਮੇਲ ਮਿਲਾਵੈਗਾ।।[1007]
4. ਮੁਕੰਦ ਮੁਕੰਦ ਜਪਹੁ ਸੰਸਾਰ। ਬਿਨੁ ਮੁਕੰਦ ਤਨੁ ਹੋਇ ਅਉਹਾਰ।।[1008]

ਗੁਰਬਾਣੀ ਵਿਚ ਵੀ ਗੁਰੂ ਰਾਹੀਂ ਦੱਸੇ ਰਸਤੇ ਤੇ ਚੱਲਣ ਲਈ ਨਾਮ ਸਿਮਰਨ, ਸ਼ਬਦ ਸਰਵਣ ਅਤੇ ਸੁਰਤ ਸ਼ਬਦ ਜੋਗ ਤੇ ਜ਼ੋਰ ਦਿੱਤਾ ਗਿਆ ਹੈ। ਪ੍ਰਭੂ ਦੀ ਸ਼ਰਣ ਵਿਚ ਰਹਿ ਕੇ ਗੁਣ ਗਾਇਨ ਕਰਨ ਨਾਲ ਉਸ ਦੀ ਪ੍ਰਾਪਤੀ ਸੰਭਵ ਹੈ। ਸਿਰਫ਼ ਨਾਮ ਨੂੰ ਰਟਣ ਨਾਲ ਹੀ ਉਸਦੀ ਪ੍ਰਾਪਤੀ ਨਹੀਂ ਹੋ ਜਾਂਦੀ ਇਸ ਲਈ ਉਸਨੂੰ ਅੰਦਰ ਪਹਿਚਾਨਣਾ ਪੈਂਦਾ ਹੈ। ਜਿਵੇਂ ਜਲ ਕਹਿਣ ਨਾਲ ਤ੍ਰਿਪਤੀ ਨਹੀਂ ਮਿਲਦੀ, ਜਲ ਪੀਣਾ ਪੈਂਦਾ ਹੈ। ਇਸੇ ਤਰ੍ਹਾਂ ਨਾਮ ਰੂਪੀ ਜਲ ਪੀਕੇ ਹੀ ਤ੍ਰਿਪਤੀ ਮਿਲ ਸਕਦੀ ਹੈ। ਪਰ ਇਸ ਖਾਤਰ ਗੁਰੂ ਦੇ ਦੱਸੇ ਰਾਹ ਤੇ ਚੱਲਣਾ ਪੈਂਦਾ ਹੈ। 'ਜਪੁਜੀ' ਵਿਚ ਨਾਮ ਦੀ ਮਹੱਤਤਾ ਪੂਰੀ ਤਰ੍ਹਾਂ ਸਵੀਕਾਰ ਕੀਤੀ ਗਈ ਹੈ। ਪਾਪਾਂ ਨਾਲ ਭਰੀ ਹੋਈ ਮਤਿ ਨਾਮ ਦੇ ਰੰਗ ਨਾਲ ਹੀ ਧੋਤੀ ਜਾ ਸਕਦੀ ਹੈ:-

ਭਰੀਐ ਮਤਿ ਪਾਪਾਂ ਕੈ ਸੰਗਿ। ਓਹੁ ਧੋਪੈ ਨਾਵੈ ਕੈ ਰੰਗਿ।।[1009]

ਗੁਰਮਤਿ ਅਨੁਸਾਰ ਨਾਮ ਪ੍ਰਤੱਖ ਨਿਯੰਤ੍ਰਣ ਸ਼ਕਤੀ ਹੈ। ਗੁਰੂ ਨਾਨਕ ਨੇ 'ਜਪੁਜੀ' ਵਿਚ ਨਾਮ ਨੂੰ ਅਜਿਹੀ ਅਧਿਆਤਮਿਕ ਸ਼ਕਤੀ ਸਵੀਕਾਰ ਕੀਤਾ ਹੈ ਜੋ ਸਾਰੇ ਬ੍ਰਹਿਮੰਡ ਦੀ ਨਿਯੰਤਾ ਹੈ।[1010] ਗੁਰੂ ਨਾਨਕ ਦੇਵ ਜੀ ਨੇ ਨਾਮ ਸੁਣਨ ਤੋਂ ਸੱਚ, ਸੰਤੋਖ ਤੇ ਗਿਆਨ ਦੀ ਪ੍ਰਾਪਤੀ ਦੱਸੀ ਹੈ। ਅਠਾਹਠ ਤੀਰਥਾਂ ਦਾ ਇਸ਼ਨਾਨ ਹੁੰਦਾ ਹੈ। ਨਾਮ ਸੁਣਨ ਨਾਲ ਹੀ ਧਿਆਨ ਸਹਿਜ ਅਵਸਥਾ ਵਿਚ ਲਗਦਾ ਹੈ:-

ਸੁਣਿਐ ਸਤੁ ਸੰਤੋਖ ਗਿਆਨ।। ਸੁਣਿਐ ਅਠਸਠਿ ਕਾ ਇਸਨਾਨ।।
ਸੁਣਿਐ ਪੜਿ ਪੜਿ ਪਾਵਹਿ ਮਾਨ।। ਸੁਣਿਐ ਲਾਗੀ ਸਹਜਧਿਆਨੁ।।
ਨਾਨਕ ਭਗਤਾ ਸਦਾ ਵਿਗਾਸ।। ਸੁਣਿਐ ਦੂਖ ਪਾਪ ਕਾ ਨਾਸੁ।।[1011]

ਨਾਮ ਮੰਨਿਆ ਮਨ ਅਤੇ ਬੁਧੀ ਦੀ ਸ਼ੁੱਧੀ ਹੁੰਦੀ ਹੈ। ਮੰਨਣ ਵਾਲੇ ਨੂੰ ਇੱਜ਼ਤ ਮਿਲਦੀ ਹੈ। ਉਹ ਆਪ ਤਰਦਾ ਤੇ ਸਾਥੀਆਂ ਨੂੰ ਤਾਰਦਾ ਹੈ।[1012] ਨਾਮ ਦੀ ਪ੍ਰਾਪਤੀ ਲਈ ਪ੍ਰਭੂ ਦੀ ਸ਼ਰਨ ਬਹੁਤ ਜ਼ਰੂਰੀ ਹੈ।

1. ਕਹਾ ਭਇਓ ਤੀਰਥ ਬ੍ਰਤ ਕੀਏ, ਰਾਮ ਸਰਨਿ ਨਹੀਂ ਆਵੈ।[1013]
2. ਸਾਧੋ ਰਾਮ ਸਰਨਿ ਬਿਸਰਾਮਾ॥[1014]
3. ਗੁਰ ਸਰਣਿ ਨ ਆਈਐ, ਬ੍ਰਹਮੁ ਨ ਪਾਈਐ। ਭਰਮਿ ਭੁਲਾਈਐ, ਜਨਮ ਮਰ ਆਈਐ।
   ਜਮ ਦਰਿ ਬਾਧਉ, ਮਰੈ ਬਿਕਾਰ, ਨ ਰਿਦੈ ਨਾਮ, ਨ ਸਬਦ ਅਚਾਰ॥[1015]

ਪ੍ਰਮਾਤਮਾ ਦਾ ਨਾਮ ਜਪਣ ਤੋਂ ਬਿਨਾਂ ਜੀਵ ਦੁੱਖ ਪਾਉਂਦਾ ਹੈ। ਨਾਲ ਹੀ ਗੁਰੂ ਜੀ ਪ੍ਰਭੂ ਦੇ ਗੁਣਾਂ ਨੂੰ ਸੁਣਨ ਤੇ ਗਾਉਣ ਦੀ ਸਿੱਖਿਆ ਵੀ ਦਿੰਦੇ ਹਨ:-

1. ਹਰਿ ਕੇ ਨਾਮ ਬਿਨਾ ਦੁਖੁ ਪਾਵੈ।[1016]
2. ਸਰਬ ਧਰਮ ਮਾਨੋਤਿਹ ਕੀਏ। ਜਿਹ ਪ੍ਰਭ ਕੀਰਤਿ ਗਾਈ॥[1017]

ਪਰਮਾਤਮਾ ਦੀ ਪ੍ਰਾਪਤੀ ਲਈ ਉਸ ਨੂੰ ਇਕ ਮਨ ਇਕ ਚਿੱਤ ਹੋਕੇ ਧਿਆਉਣ ਦੀ ਲੋੜ ਹੈ। ਵੈਰਾਗ ਧਾਰਨ ਕਰਨ ਦੀ ਜ਼ਰੂਰਤ ਹੈ ਤੇ ਵੈਰਾਗ ਹੈ ਕਾਮ, ਕ੍ਰੋਧ, ਦੁਖ-ਸੁੱਖ, ਲੋਭ ਮੋਹ ਤੋਂ ਨਿਰਲੇਪ ਹੋਣਾ। ਇਨ੍ਹਾਂ ਵਿਚ ਰਹਿਣਾ ਤੇ ਇਨ੍ਹਾਂ ਦੇ ਸਪਰਸ਼ ਤੋਂ ਉੱਚਾ ਹੋ ਸਕਣਾ। ਨਾਮ-ਸਿਮਰਨ ਪ੍ਰਭੂ ਪਿਆਰ ਦਾ ਤਰੀਕਾ ਹੈ। ਵੈਰਾਗ ਦਾ ਦੂਜਾ ਪਾਸਾ ਪ੍ਰਭੂ ਸਿਮਰਨ, ਧਿਆਨ ਤੇ ਗੁਣ ਗਾਉਣਾ ਹੈ ਨਾਮ ਧਨ ਤੇ ਸਿਮਰਨ ਨਾਲ ਹੀ ਮਨੁੱਖੀ ਜੀਵਨ ਉੱਚਾ ਹੁੰਦਾ ਹੈ। ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ:-

1. ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹਿ ਨਿਤ॥[1017ੳ]
2. ਮਾਈ ਮੈ ਧਨ ਪਾਇਓ ਹਰਿਨਾਮੁ॥
   ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ॥ਰਹਾਉ॥
   ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨ॥
   - - - - - - - - - - - - - - - - - - - - - - -
   ਜਾ ਕਉ ਹੋਤ ਦਇਆਲ ਕਿਰਪਾਨਿਧਿ ਸੋ ਗੋਬਿੰਦ ਗੁਨ ਗਾਵੈ॥
   ਕਹੁ ਨਾਨਕ ਇਹ ਬਿਧਿ ਕੀ ਸੰਪੈ ਕੋਊ ਗੁਰਮੁਖਿ ਪਾਵੈ॥[1017ਅ]

ਗੁਰਬਾਣੀ ਵਿਚ ਪਰਮੇਸ਼ਰ ਨੂੰ ਹੀ ਪਰਮ ਲਕਸ਼ ਦੀ ਪ੍ਰਾਪਤੀ ਦਾ ਸਾਧਨ ਮੰਨਦਿਆਂ ਪ੍ਰਭੂ ਕੋਲੋਂ ਹੀ ਨਾਮ ਰੂਪੀ ਦਾਤ ਪ੍ਰਾਪਤ ਕਰਨ ਦੀ ਅਰਜੋਈ ਕੀਤੀ ਗਈ ਹੈ:-

ਕਰਤਾ ਤੂੰ ਮੇਰਾ ਜਜਮਾਨੁ।।
ਇਕ ਦਖਣਾ ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ।।[1018]

ਸ਼ਬਦ

ਪਰਮਾਤਮਾ ਦੀ ਪ੍ਰਾਪਤੀ ਲਈ ਗੁਰਬਾਣੀ ਵਿਚ ਨਾਮ ਸਿਮਰਨ ਲਈ 'ਸ਼ਬਦ' ਦੀ ਮਹੱਤਤਾ ਵੀ ਦਰਸਾਈ ਗਈ ਹੈ। 'ਸ਼ਬਦ' ਦੀ ਅਰਾਧਨਾ ਨਾਲ ਮਨ ਤਨ ਨਿਰਮਲ ਹੋ ਜਾਂਦਾ ਹੈ ਅਤੇ ਪ੍ਰਭੂ ਰੂਪੀ ਵਰ ਦੀ ਪ੍ਰਾਪਤੀ ਹੋ ਜਾਂਦੀ ਹੈ। 'ਸ਼ਬਦ' ਹੀ ਅੰਮ੍ਰਿਤ ਹੈ ਪਰ ਗੁਰਮੁਖਾਂ ਨੂੰ ਹੀ ਇਸ ਸ਼ਬਦ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਦੇ ਸ਼ਬਦ ਦੀ ਕਮਾਈ ਤੋਂ ਬਿਨਾ ਜਪ, ਤਪੁ, ਸੰਜਮ ਵਿਅਰਥ ਹੈ। ਗੁਰੂ ਦੇ ਸ਼ਬਦ ਦੀ ਪ੍ਰਾਪਤੀ ਨਾਲ ਹੀ ਉਸ ਸੱਚ ਦੀ ਪ੍ਰਾਪਤੀ ਹੋ ਸਕਦੀ ਹੈ:-

1. ਹਮ ਸਬਦਿ ਮੂਏ ਸਬਦਿ ਮਾਰਿ ਜੀਵਾਲੇ ਭਾਈ ਸਬਦੇ ਹੀ ਮੁਕਤਿ ਪਾਈ।
ਸਬਦੇ ਮਨੁ ਤਨੁ ਨਿਰਮਲੁ ਹੋਆ ਹਰਿ ਵਸਿਆ ਮਨਿ ਆਈ।।[1019]
2. ਸਬਦੇ ਹੀ ਨਾਉ ਊਪਜੈ ਸਬਦੇ ਮੇਲਿ ਮਿਲਾਇਆ।।
ਬਿਨੁ ਸਬਦੈ ਸਭ ਜਗੁ ਬਉਰਾਨਾ ਬਿਰਥਾ ਜਨਮ ਗਵਾਇਆ।।
ਅੰਮ੍ਰਿਤ ਏਕੋ ਸ਼ਬਦ ਹੈ ਨਾਨਕ ਗੁਰਮੁਖਿ ਪਾਇਆ।।[1020]
3. ਜਪੁ ਤਪੁ ਸੰਜਮੁ ਹੋਰ ਕੋਈ ਨਾਹੀ।। ਜਬ ਲਗੁ ਗੁਰ ਕਾ ਸਬਦੁ ਨ ਕਮਾਈ।।
ਗੁਰ ਕੈ ਸਬਦਿ ਮਿਲਿਆ ਸੁਖ ਪਾਇਆ ਸਚੇ ਸਚਿ ਕਮਾਇਦਾ।।[1021]

ਗੁਰੂ ਪਾਤਸ਼ਾਹ ਸਦੀਵੀ ਸੁਖ ਦੀ ਭਾਲ ਕਰ ਰਹੇ ਮਨੁੱਖ ਪ੍ਰਤੀ ਦੱਸਦੇ ਹਨ ਕਿ ਸਦੀਵੀ ਸੁਖ ਦੀ ਪ੍ਰਾਪਤੀ ਅਕਾਲਪੁਰਖ ਵਾਹਿਗੁਰੂ ਨਾਲ ਮੇਲ ਤੋਂ ਹੀ ਹੁੰਦੀ ਹੈ। ਹਿਰਦੇ ਵਿਚ ਗੁਰਸ਼ਬਦ ਨੂੰ ਟਿਕਾ ਕੇ ਅਕਾਲ ਪੁਰਖ ਵਾਹਿਗੁਰੂ ਦੀ ਪ੍ਰਾਪਤੀ ਹੁੰਦੀ ਹੈ। ਅੰਮ੍ਰਿਤ ਭਾਵ ਗੁਰਸ਼ਬਦ ਰਾਹੀਂ ਮਨੁੱਖ ਸਦਾ ਖੇੜੇ ਵਿਚ ਰਹਿੰਦਾ ਹੈ। ਗੁਰੂ ਦੀ ਮਤ ਰਾਹੀਂ ਅਕਾਲ ਪੁਰਖ ਦੀ ਯਾਦ ਵਿਚ ਜੁੜਿਆ ਮਨ ਸੁੱਕਾ ਵੀ ਹਰਾ ਹੋ ਜਾਂਦਾ ਹੈ ਤੇ ਵਿਸ਼ੇ ਵਿਕਾਰਾਂ ਵਿਚ ਫਸਿਆ ਮਨੁੱਖ ਵਾਹਿਗੁਰੂ ਨੂੰ ਪ੍ਰਾਪਤ ਕਰ ਲੈਂਦਾ ਹੈ। ਵਾਹਿਗੁਰੂ ਦੀ ਸਦੀਵੀ ਯਾਦ ਰਾਹੀਂ ਭਟਕਣਾ ਖਤਮ ਹੋ ਜਾਂਦੀ ਹੈ ਅਤੇ ਪ੍ਰਾਣੀ ਅਕਾਲ ਪੁਰਖ ਵਿਚ ਇਉਂ ਸਮਾ ਜਾਂਦਾ ਹੈ ਜਿਵੇਂ ਪਾਣੀ ਦੀ ਬੂੰਦ ਪਾਣੀ ਵਿੱਚ:-

ਸਭ ਕਿਛੁ ਘਰ ਮਹਿ ਬਾਹਰਿ ਨਾਹੀ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ॥
ਗੁਰਪਰਸਾਦੀ ਜਿਨੀ ਅੰਤਰਿ ਪਾਇਆ॥ ਸੋ ਅੰਤਰਿ ਬਾਹਰਿ ਸੁਹੇਲਾ ਜੀਉ॥
ਝਿਮਿ ਝਿਮਿ ਵਰਸੈ ਅੰਮ੍ਰਿਤਧਾਰਾ॥ ਮਨੁ ਪੀਵੈ ਸੁਨਿ ਸਬਦਿ ਬੀਚਾਰਾ॥[1022]

ਗੁਰੂ ਰਵਿਦਾਸ ਜੀ ਵੀ ਪਰਮਾਤਮਾ ਦੀ ਪ੍ਰਾਪਤੀ ਲਈ ਸੁਰਤ ਤੇ ਸ਼ਬਦ ਨੂੰ ਜ਼ਰੂਰੀ ਦੱਸਦੇ ਹਨ। ਜਿਸ ਦੀ ਪ੍ਰਾਪਤੀ ਨਾਲ ਅੰਦਰ ਰੋਸ਼ਨੀ ਹੁੰਦੀ ਹੈ ਅਤੇ ਅਨੰਦ ਉਪਜਦਾ ਹੈ। ਗੁਰੂ ਜੀ ਲਿਖਦੇ ਹਨ:-

1. ਸੁਰਤ ਸ਼ਬਦ ਜਉ ਏਕ ਹੋ, ਤਉ ਪਾਇਹਿ ਪਰਮਾਨੰਦ॥
ਰਵਿਦਾਸ ਅੰਤਰਿ ਦੀਪਕ ਜਾਰਈ, ਘਟ ਉਪਜਤੀ ਬ੍ਰਹਮ ਅਨੰਦ॥[1023]
2. ਰਵਿਦਾਸ ਸ਼ਬਦਹ ਸਰ ਜਬਹਿ, ਸੁਖਹ ਇਕਮਿਕ ਹੋਈ।
ਅਨੁਭੂਤਿ ਸੱਤਨਾਮਹ, ਬੂਝੰ ਦੇਤਹਿੰ ਲੋਈ॥[1024]

ਸੇਵਾ, ਭਾਵ, ਨਿਮਰਤਾ, ਪਰਉਪਕਾਰ, ਮਿੱਠਾ ਬੋਲਣਾ ਆਦਿ ਵੀ ਪਰਮਾਤਮਾ ਪ੍ਰਾਪਤੀ ਦਾ ਜ਼ਰੂਰੀ ਅੰਗ ਹਨ। ਗੁਰੂ ਰਵਿਦਾਸ ਜੀ ਵੀ ਸੇਵਾ ਭਾਵ ਨਾਲ ਨਾਮ ਪਰਗਟ ਹੋਣ ਦੀ ਗੱਲ ਕਰਦੇ ਹਨ। ਤਨ, ਮਨ, ਧਨ ਸੰਤਾਂ ਤੇ ਵਾਰਨਾ ਪੈਂਦਾ ਹੈ। ਕੌੜੇ ਬੋਲ ਬੋਲਣਾ ਗਿਆਨ ਦੀ ਪ੍ਰਾਪਤੀ ਦੇ ਰਸਤੇ ਵਿਚ ਰੁਕਾਵਟ ਹਨ।

1. 'ਰਵਿਦਾਸ' ਦਾਸ ਕੀ ਸੇਵਾ ਮਾਨਹੁ ਦੇਵ। ਪਵਿਤ੍ਰ ਪਾਵਨ ਨਾਮ ਪਰਗਟ ਕਰੀਜੈ।[1025]
2. ਕਰੌ ਡੰਡੌਤ ਅਰੁ ਚਰਨ ਪਖਾਰੌ, ਤਨ ਮਨ ਧਨ ਸੰਤਨ ਪਰਵਾਰੌਂ॥[1026]
3. ਕਟੁਕ ਬਚਨ ਨਹਿੰ ਬੋਲੀਏ, ਸਭ ਘਟ ਹਰਿ ਕੋ ਬਾਸ।
ਇਹ ਗਿਆਨ ਕੋ ਦਵਾਰ ਹੈ, ਕਹੈ ਰਵਿਦਾਸ ਵਿਚਾਰ॥[1027]

ਗੁਰਬਾਣੀ ਵਿੱਚ ਜਿਨ੍ਹਾਂ ਗੁਣਾਂ ਤੇ ਜ਼ੋਰ ਦਿੰਦਿਆਂ ਉਸ ਪ੍ਰਭੂ ਨੂੰ ਵਸ ਕਰਨ ਲਈ ਕਿਹਾ ਗਿਆ ਹੈ। ਗੁਰੂ ਜੀ ਨਿਵ ਕੇ ਚਲਣ, ਨਿਮਰਤਾ ਧਾਰਨ ਕਰਨ ਅਤੇ ਕੌੜੇ ਬੋਲ ਨਾ ਬੋਲਣਾ ਪ੍ਰਭੂ ਪ੍ਰਾਪਤੀ ਲਈ ਜ਼ਰੂਰੀ ਦੱਸਦੇ ਹਨ। ਜੋ ਜੀਵ ਗੁਰੂ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦਾ ਹੈ ਉਹ ਸੱਚੇ ਵਿਚ ਸਮਾ ਜਾਂਦਾ ਹੈ। ਆਪਣੇ ਭਾਣੇ ਅੰਦਰ ਚੱਲਣ ਨਾਲ ਉਸ ਪ੍ਰਭੂ ਦੀ ਪ੍ਰਾਪਤੀ ਨਹੀਂ ਹੋ ਸਕਦੀ:-

1. ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਵਾ ਮਣੀਆ ਮੰਤੁ॥

ਏ ਤ੍ਰੈ ਭੈਣੇ ਵੇਸ ਕਰਿ ਤਾ ਵਸਿ ਆਵੀ ਕੰਤ॥[1028]

2. ਗੁਰ ਕੈ ਭਾਣੈ ਕਰਮ ਕਮਾਵੈ॥ ਨਾਨਕ ਸਾਚੇ ਸਾਚਿ ਸਮਾਵੈ॥[1029]

3. ਤੇਰਾ ਭਾਣਾ ਮੰਨੇ ਸੁ ਮਿਲੈ ਤੁਧੁ ਆਏ। ਜਿਸ ਭਾਣਾ ਭਾਵੈ ਸੋ ਤੁਝਹਿ ਸਮਾਏ॥[1030]

4. ਆਪਣੈ ਭਾਣੈ ਕਿਨੈ ਨ ਪਾਇਓ॥ ਜਨੁ ਵੇਖਹੁ ਮਨੁ ਪਤੀਆਇ॥[1031]

ਫਲ ਦੀ ਆਸ ਕੀਤੇ ਬਿਨਾਂ ਪ੍ਰਭੂ ਦੀ ਸੇਵਾ ਕੀਤਿਆਂ ਹੀ ਉਸਦੀ ਪ੍ਰਾਪਤੀ ਹੁੰਦੀ ਹੈ। ਤੇ ਉਸ ਦੀ ਦਰਗਾਹ ਵਿਚ ਥਾਂ ਮਿਲਦਾ ਹੈ:-

1. ਸੇਵਾ ਕਰਤ ਹੋਇ ਨਿਹਕਾਮੀ, ਤਿਸ ਕਉ ਹੋਤ ਪਰਾਪਤਿ ਸੁਆਮੀ॥[1032]

2. ਵਿਚਿ ਦੁਨੀਆ ਸੇਵ ਕਮਾਈਐ। ਤਾ ਦਰਗਹ ਬੈਸਣੁ ਪਾਈਐ॥[1033]

ਉਸ ਦੀ ਪ੍ਰਾਪਤੀ ਲਈ ਆਤਮਾ ਵਿਚ ਬ੍ਰਹਮ ਦੀ ਸਿਧੀ ਕਰਨੀ ਪੈਂਦੀ ਹੈ ਤੇ ਆਤਮਾ ਵਿਚ ਬ੍ਰਹਮ ਦੀ ਸਿਧੀ ਦਾ ਅਰਥ ਵਿਸ਼ੁਧ ਤੇ ਪਰਮ ਜੋਤ ਨਾਲ ਅਭੇਦ ਹੋਣਾ ਹੈ। ਜਿਸਨੂੰ ਬਾਣੀ ਵਿਚ 'ਸਚਿਆਰ' ਹੋਣਾ ਵੀ ਕਿਹਾ ਗਿਆ ਹੈ। ਕੂੜ ਤੋਂ ਉਪਰ ਉੱਠ ਜਾਣਾ ਹੀ ਪਰਮਾਤਮਾ ਦੀ ਪ੍ਰਾਪਤੀ ਦਾ ਇਕ ਉਪਰਾਲਾ ਹੈ। ਨਾਸ਼ ਮਾਨਤਾ ਤੇ ਅਸਥਿਰਤਾ ਤੋਂ ਸਥਿਰਤਾ ਵਲ ਜਾਣਾ ਹੀ ਸਚਿਆਰ ਪਦ ਵਲ ਤੁਰਨਾ ਹੈ। ਜੋਤ ਤਾਂ ਮਨੁੱਖ ਦੇ ਅੰਦਰ ਹੀ ਨਿਵਾਸ ਕਰਦਾ ਹੈ:-

1. ਸਾਹਿਬੁ ਦੂਰਿ ਨ ਜਾਣੀਐ, ਅੰਤਰਿ ਹੈ ਸੋਈ॥[1034]

ਪਰ ਉਸਨੂੰ ਪਛਾਣ ਕੇ ਸਚਿਆਰਾ ਬਣਨ ਦੀ ਜ਼ਰੂਰਤ ਹੈ:-

ਕਿਵ ਸਚਿਆਰਾ ਹੋਈਐ, ਕਿਵ ਕੂੜੈ ਤੁਟੈ ਪਾਲਿ॥[1035]

ਤੇ ਸਚਿਆਰਾ ਇਵੇਂ ਬਣਿਆ ਜਾ ਸਕਦਾ ਹੈ:-

ਹੁਕਮਿ ਰਜਾਈ ਚਲਣਾ, ਨਾਨਕ ਲਿਖਿਆ ਨਾਲਿ॥[1036]

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਦੀ ਪ੍ਰਾਪਤੀ ਲਈ ਇੱਕ ਲੰਮੀ ਜੀਵਨ ਯਾਤਰਾ ਦਾ ਉਪਦੇਸ਼ ਦਿੱਤਾ ਹੈ। ਜੋ ਮਨੁੱਖ ਦੇ ਅੰਦਰੂਨੀ ਜੀਵਨ ਨੂੰ ਸਹਿਜੇ ਸਹਿਜੇ ਸਥਿਰ ਕਰਕੇ ਉਸਨੂੰ ਪਰਮਜੋਤੀ ਦੇ ਦਰਸ਼ਨਾਂ ਲਈ ਤਿਆਰ ਕਰਦੀ ਹੈ। ਪਹਿਲੀ ਮੰਜ਼ਿਲ ਧਰਮ ਖੰਡ ਤੋਂ ਚੱਲਕੇ

ਗਿਆਨ ਖੰਡ, ਸਰਮ ਖੰਡ, ਤੇ ਕਰਮ ਖੰਡ ਦੀ ਮੰਜਿਲ ਨੂੰ ਤਹਿ ਕਰਕੇ ਸਾਧਕ ਸੱਚ ਖੰਡ ਦੀ ਅਵਸਥਾ ਤੱਕ ਪਹੁੰਚਦਾ ਹੈ।[1037]

'ਸੱਚਖੰਡ' ਸਾਧਨਾ ਦੀ ਅੰਤਿਮ ਮੰਜ਼ਲ ਹੈ। ਇਥੇ ਪਹੁੰਚ ਕੇ ਜੀਵ ਨਾ ਕੇਵਲ ਆਵਾਗਵਨ ਦੇ ਚੱਕਰ ਤੋਂ ਮੁਕਤ ਹੋ ਜਾਂਦਾ ਹੈ, ਨਾਲ ਹੀ ਉਹ ਪਰਮਾਤਮਾ ਵਿਚ ਲੀਨ ਹੋ ਜਾਂਦਾ ਹੈ ਅਤੇ ਪਰਮ ਜੋਤੀ ਵਿੱਚ ਸਮਾ ਜਾਂਦਾ ਹੈ। ਉਸ ਨੂੰ ਮੁੜ ਜਨਮ ਨਹੀਂ ਲੈਣਾ ਪੈਂਦਾ। 'ਸੱਚ' ਦਾ ਇਥੇ ਅਰਥ 'ਪਰਮਸੱਤਾ' ਹੈ। ਗੁਰੂ ਸਾਹਿਬ ਨੇ ਸਪਸ਼ਟ ਆਖਿਆ ਹੈ ਕਿ ਜੀਵ ਦਾ ਪਰਮ ਉਦੇਸ਼ ਇਸ ਪਰਮਸੱਤਾ ਨੂੰ ਪ੍ਰਾਪਤ ਕਰਨਾ ਹੀ ਹੈ। ਸੱਚ ਨੂੰ ਪ੍ਰਾਪਤ ਕਰਨ ਦਾ ਅਰਥ ਆਪ ਸੱਚ ਬਣ ਜਾਣਾ ਹੈ।[1038] 'ਸੱਚ ਖੰਡ' ਹੀ ਪ੍ਰਭੂ ਦਾ ਨਿਵਾਸ ਸਥਾਨ ਹੈ। ਇਥੇ ਪਹੁੰਚ ਕੇ ਸਾਧਕ ਪ੍ਰਭੂ ਚਰਨਾਂ ਵਿਚ ਸਮਾ ਜਾਂਦਾ ਹੈ। ਪਰਮਾਤਮਾ ਆਪਣੀ ਕ੍ਰਿਪਾ ਦ੍ਰਿਸ਼ਟੀ ਨਾਲ ਆਪਣੇ ਭਗਤਾਂ ਨੂੰ ਵੇਖਦਾ ਅਤੇ ਉਨ੍ਹਾਂ ਨੂੰ ਨਿਹਾਲ ਕਰਦਾ ਹੈ ਇਹੋ ਪਰਮ ਪਦ ਦੀ ਪ੍ਰਾਪਤੀ ਦੀ ਅਵਸਥਾ ਹੈ:—

ਸੱਚ ਖੰਡਿ ਵਸੈ ਨਿਰੰਕਾਰੁ।। ਕਰਿ ਕਰਿ ਵੇਖੈ ਨਦਰਿ ਨਿਹਾਲ।।[1039]

ਇਸ ਅਵਸਥਾ ਵਿਚ ਪਹੁੰਚ ਕੇ ਸਾਧਕ ਪਰਮਾਤਮਾ ਦੇ ਹੁਕਮ ਅਨੁਸਾਰ ਆਪਣੀ ਅਧਿਆਤਮਿਕ ਯਾਤਰਾ ਪੂਰੀ ਕਰਕੇ ਪ੍ਰਭੂ ਨੂੰ ਵੇਖਦਾ, ਖੁਸ਼ ਹੁੰਦਾ ਤੇ ਵਿਚਾਰ ਕਰਦਾ ਹੈ:—

ਜਿਵ ਜਿਵ ਹੁਕਮੁ ਤਿਵੈ ਤਿਵ ਕਾਰ।। ਵੇਖੈ ਵਿਗਸੈ ਕਰਿ ਵੀਚਾਰੁ।।[1040]

ਇਸ ਅਵਸਥਾ ਨੂੰ ਪ੍ਰਾਪਤ ਕਰ ਚੁੱਕੇ ਸਾਧਕਾਂ ਦੇ ਸਰੂਪ ਦਾ ਚਿੱਤਰ 'ਜਪੁ' ਦੇ ਅੰਤਿਮ ਸਲੋਕ ਵਿਚ ਦਿੱਤਾ ਗਿਆ ਹੈ। ਜਿਨ੍ਹਾਂ ਨੇ ਨਾਮ ਧਿਆਇਆ ਉਨ੍ਹਾਂ ਦੀ ਮਿਹਨਤ ਪੂਰੀ ਹੋ ਗਈ। ਉਹ ਪਰਮਾਤਮਾ ਦੀ ਦਰਗਾਹ ਵਿਚ ਉਜਲੇ ਹੁੰਦੇ ਹਨ ਤੇ ਹੋਰ ਕਿੰਨਿਆਂ ਨੂੰ ਤਾਰ ਜਾਂਦੇ ਹਨ:--

ਜਿਨੀ ਨਾਮੁ ਧਿਆਇਆ। ਗਏ ਮਸਕਤਿ ਘਾਲਿ।।
ਨਾਨਕ ਤੇ ਮੁਖ ਉਜਲੇ। ਕੇਤੀ ਛੁਟੀ ਨਾਲਿ।।[1041]

ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇ ਪਰਮਾਤਮਾ ਦੀ ਪ੍ਰਾਪਤੀ ਦੇ ਸਾਧਨਾਂ ਤੇ ਸਮੁੱਚੀ ਵਿਚਾਰ ਕਰਨ ਤੋਂ ਬਾਅਦ ਇਹ ਗੱਲ ਨਿਸ਼ਚੇ ਨਾਲ ਕਹੀ ਜਾ ਸਕਦੀ ਹੈ ਕਿ ਭਾਵੇਂ ਦੋਹਾਂ ਗੁਰੂਆਂ ਨੇ ਪਰਮਾਤਮਾ ਦੀ ਪ੍ਰਾਪਤੀ ਲਈ ਇਕੋ ਰਾਹ ਚੁਣਿਆ ਤੇ ਦੋਹਾਂ ਨੇ ਗੁਰਪ੍ਰਸਾਦਿ, ਸਾਧ ਸੰਗਤ, ਹਉਮੈ ਦਾ ਤਿਆਗ, ਨਾਮ ਸਿਮਰਨ, ਸੇਵਾ ਭਾਵ, ਨਿਸ਼ਕਾਮ ਕਰਮ, ਨਿਮਰਤਾ ਆਦਿ ਗੁਣ

ਧਾਰਨ ਕਰਨ ਤੇ ਜੋਰ ਦਿੱਤਾ। ਪਰ ਗੁਰੂ ਰਵਿਦਾਸ ਨੇ ਪਰਮਾਤਮਾ ਦੀ ਪ੍ਰਾਪਤੀ ਲਈ ਸਾਧ-ਸੰਗਤਿ ਤੇ ਨਾਮ ਸਿਮਰਨ ਤੇ, ਪਰ ਗੁਰਬਾਣੀ ਵਿਚ ਗੁਰਪ੍ਰਸਾਦਿ ਅਤੇ ਨਾਮ ਸਿਮਰਨ ਤੇ ਬਲ ਦਿੱਤਾ ਗਿਆ ਹੈ। ਇਸ ਦਾ ਭਾਵ ਇਹ ਨਹੀਂ ਕਿ ਗੁਰਬਾਣੀ ਵਿਚ ਸੰਗਤ ਤੇ ਜੋਰ ਨਹੀਂ ਦਿੱਤਾ ਗਿਆ। ਗੁਰੂ ਸਾਹਿਬਾਨ ਨੇ ਤਾਂ ਸੰਗਤ ਤੇ ਪੰਗਤ ਦੀ ਰੀਤ ਚਲਾਈ। ਗੱਲ ਤਾਂ ਸਮੁੱਚੀ ਬਾਣੀ ਦੀ ਹੈ। ਵਿਸ਼ਵਾਸ ਨਾਲ ਉਸ ਦਾ ਸਿਮਰਨ ਹੀ ਪ੍ਰਭੂ ਪ੍ਰਾਪਤੀ ਲਈ ਜ਼ਰੂਰੀ ਹੈ। ਕਿਉਂ ਕਿ ਵਿਸ਼ਵਾਸ ਹੋਰਨਾਂ ਚੀਜ਼ਾਂ ਨਾਲੋਂ ਪਰਮੇਸਰ ਨੂੰ ਜ਼ਿਆਦਾ ਖੁਸ਼ ਕਰ ਸਕਦਾ ਹੈ। ਬਿਨਾ ਵਿਸ਼ਵਾਸ਼ ਪਰਮੇਸਰ ਨੂੰ ਖੁਸ਼ ਕਰਨਾ ਅਸੰਭਵ ਹੈ।[1042] ਡਾ. ਰਤਨ ਸਿੰਘ ਜੱਗੀ ਲਿਖਦੇ ਹਨ ਕਿ ਗੁਰੂ ਨਾਨਕ ਬਾਣੀ ਵਿਚ ਬੜੀ ਦ੍ਰਿੜ੍ਹਤਾ ਨਾਲ ਇਸ ਮਨੌਤ ਦੀ ਸਥਾਪਨਾ ਕੀਤੀ ਗਈ ਹੈ ਕਿ ਪਰਮਾਤਮਾ ਦੀ ਪ੍ਰਾਪਤੀ ਕੇਵਲ ਉਸਦੀ ਆਪਣੀ ਕ੍ਰਿਪਾ, ਬਖਸ਼ਿਸ਼ ਅਤੇ ਕਰਮ ਤੋਂ ਹੀ ਸੰਭਵ ਹੈ। ਇਸ ਤੋਂ ਭਿੰਨ ਹੋਰ ਹਿਕਮਤਾਂ ਅਤੇ ਹੁਕਮ ਵਿਅਰਥ ਹਨ।[1043]

ਗੁਰੂ ਰਵਿਦਾਸ ਜੀ ਨੇ 'ਕਰਮ ਨੂੰ ਹੀ ਧਰਮ' ਦੱਸਦਿਆਂ ਪ੍ਰਭੂ ਪ੍ਰਾਪਤੀ ਲਈ ਪ੍ਰੇਰਿਆ ਹੈ। ਪ੍ਰਭੂ ਪ੍ਰਾਪਤੀ ਲਈ ਉਨ੍ਹਾਂ ਦੀ ਭਗਤੀ ਭਾਵਨਾ ਸ਼ੁੱਧ ਪ੍ਰੇਮ ਤੇ ਆਧਾਰਤ ਹੈ। ਰਾਮ ਨਾਮ ਦੀ ਸੁਰ ਦਾ ਪਾਨ ਕਰਕੇ ਉਹ ਹਮੇਸ਼ਾ ਮਸਤ ਰਹਿੰਦੇ ਹਨ। ਡਾ. ਧਰਮਪਾਲ ਸਿੰਗਲ ਅਨੁਸਾਰ ਇਹ ਇਕ ਅਜਿਹੀ ਸਹਜ ਪ੍ਰੇਮ ਅਵਸਥਾ ਹੈ ਜਿਸ ਨੂੰ ਰਵਿਦਾਸ ਵਰਗਾ ਬ੍ਰਹਮਲੀਨ, ਰਸ ਦਾ ਜਾਨਣਹਾਰ ਅਤੇ ਰਸਿਕ ਜਨ ਹੀ ਪ੍ਰਾਪਤ ਕਰ ਸਕਦਾ ਹੈ। ਉਹ ਪਰਮ ਸਿੱਧੀ ਦੀ ਇਸ ਅਵਸਥਾ ਵਿਚ ਰੂਪ-ਗੁਣ ਅਤੇ ਕਰਮ ਵਿਹੀਨ ਹੋਕੇ ਖੁਦ ਹੀ ਬ੍ਰਹਮ ਰੂਪ ਹੋ ਗਿਆ ਹੈ।[1044] ਇਸ ਤਰ੍ਹਾਂ ਪ੍ਰਭੂ ਪ੍ਰਾਪਤੀ ਲਈ ਗਿਆਨ, ਕਰਮ ਅਤੇ ਭਗਤੀ ਲਈ ਉਤਸੁਕ ਗੁਰੂ ਰਵਿਦਾਸ ਲਈ ਨਾਮ ਸਿਮਰਨ, ਸਤਿਸੰਗ, ਗੁਰੂ ਭਗਤੀ ਸ਼ਰਧਾ-ਪ੍ਰੀਤ, ਇਕ ਵੱਡਾ ਸਹਾਰਾ ਹੈ। ਇਹੋ ਹੀ ਵੇਦ, ਉਪਨਿਸ਼ਦ, ਪੁਰਾਣ ਅਤੇ ਭਾਗਵਤ ਦੀਆਂ ਮੁੱਖ ਗੱਲਾਂ ਦਾ ਸਾਰ ਹੈ।

ਦੋਹਾਂ ਹੀ ਗੁਰੂਆਂ ਨੇ ਪ੍ਰਭੂ ਪ੍ਰਾਪਤੀ ਲਈ ਵੇਦ, ਕੁਰਾਨ, ਪੁਰਾਨ, ਦੇਵੀ ਦੇਵਤਿਆਂ ਦੀ ਪੂਜਾ, ਬਰਤ, ਤੇ ਤੀਰਥ ਇਸ਼ਨਾਨਾਂ ਨੂੰ ਵਿਅਰਥ ਦੱਸਿਆ ਹੈ। ਪ੍ਰੋ. ਹਰਨਾਮ ਦਾਸ ਦੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਕੁਰਾਨ ਵਿਚ ਯੋਗ ਅਤੇ ਪ੍ਰਮਾਤਮਾ ਨਾਲ ਪੂਰੀ ਏਕਤਾ ਬਾਰੇ ਕੁਝ ਨਹੀਂ ਦੱਸਿਆ ਗਿਆ; ਪਰ ਗੁਰਬਾਣੀ. ਯੋਗ, ਧਹਿਜ, ਗਿਆਨ, ਕਰਮ, ਸੁਰਤ, ਸ਼ਬਦ, ਧਰਮ, ਰਾਜ ਅਤੇ ਹਾਥ ਤੇ ਪੂਰਾ ਚਾਨਣਾ ਪਾਉਂਦੀ ਹੈ।[1045]

ਇਹ ਗੱਲ ਕਹਿਣ ਵਿਚ ਕੋਈ ਝਿਜਕ ਨਹੀਂ ਕਿ ਦੋਹਾਂ ਹੀ ਗੁਰੂਆਂ ਨੇ ਸੱਚੇ ਦੇ ਨਾਮ ਦੀ ਗੁਰ ਕ੍ਰਿਪਾ ਤੇ ਸਾਧ ਸੰਗਤਿ ਵਿਚ ਰਹਿ ਕੇ ਕਮਾਈ ਕਰਨ ਤੇ ਜੋਰ ਦਿੰਦਿਆਂ ਪ੍ਰਭੂ ਦੇ ਨਾਮ ਨੂੰ ਮਨ ਵਿਚ ਵਸਾ ਕੇ ਸੁਰਤ ਨੂੰ ਬਿਬੇਕ ਕਰਨ ਤੇ ਜੋਰ ਦਿੱਤਾ ਹੈ। ਸੁਰਤ ਦੇ ਬਿਬੇਕ

ਜੋਗ ਨਾਲ ਜਦੋਂ ਸਾਧਕ ਪੰਜਾਂ ਵਿਕਾਰਾਂ ਨੂੰ ਗਵਾ ਕੇ ਪੰਜਾਂ ਦੈਵੀ ਗੁਣਾਂ ਨੂੰ ਪਾ ਲੈਂਦਾ ਹੈ ਤਾਂ ਆਪਣੇ ਪਿਤਾ ਪ੍ਰਭੂ ਨਾਲ ਉਸ ਦਾ ਮਿਲਾਪ ਹੋ ਜਾਂਦਾ ਹੈ। ਜਿਵੇਂ ਭਾਂਡੇ ਵਿਚ ਕੋਈ ਹੋਰ ਵਸਤੂ ਪਾਉਣ ਤੋਂ ਪਹਿਲਾਂ ਉਸ ਭਾਂਡੇ ਨੂੰ ਸਾਫ਼ ਕਰਨਾ ਪੈਂਦਾ ਹੈ। ਇਵੇਂ ਹੀ ਮਨ ਰੂਪੀ ਭਾਂਡੇ ਨੂੰ ਸਾਫ਼ ਕਰਕੇ ਹੀ ਇਸ ਵਿਚ ਪ੍ਰਭੂ ਦੇ ਨਾਮ ਨੂੰ ਸਮਾਇਆ ਜਾ ਸਕਦਾ ਹੈ। ਪ੍ਰਭੂ ਹੈ ਤਾਂ ਹਰ ਸਮੇਂ ਸਾਡੇ ਅੰਦਰ, ਪਰ ਉਸ ਨੂੰ ਪ੍ਰਗਟ ਕਰਨ ਦੀ ਲੋੜ ਹੈ। ਜਿਵੇਂ ਪਾਣੀ ਦੀ ਭਾਫ਼ ਵਿਚ ਤਾਕਤ ਤਾਂ ਪਹਿਲਾਂ ਹੀ ਸੀ ਪਰ ਸਿੱਧ ਕਰਨਾ ਕਿਸੇ ਵਿਰਲੇ ਦੇ ਹੱਥ ਹੀ ਆਇਆ ਹੈ। ਇਸੇ ਤਰ੍ਹਾਂ ਇਸ ਨੂੰ ਕੋਈ ਵਿਰਲਾ ਹੀ ਸਿੱਧ ਕਰ ਸਕਦਾ ਹੈ। ਪ੍ਰਭੂ ਨੂੰ ਅੰਦਰੋਂ ਪ੍ਰਗਟ ਕਰਨ ਲਈ ਪਹਿਲਾਂ ਅੰਦਰ ਸਾਫ਼ ਕਰਨਾ ਜ਼ਰੂਰੀ ਹੈ।

## ਮੂਰਤੀ ਪੂਜਾ

ਜਿਸ ਸਮੇਂ ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇਵ ਜੀ ਵਿਚਰੇ, ਉਹ ਇਕ ਇਹੋ ਜਿਹਾ ਸਮਾਂ ਸੀ ਜਦੋਂ ਸਮੁੱਚੀ ਜਨਤਾ ਕਰਮ-ਕਾਂਡ, ਊਚ-ਨੀਚ-ਭੇਖ ਭਰਮ ਵਿਚ ਫਸੀ ਹੋਈ ਸੀ। ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇਵ ਜੀ ਦੀ ਸਭ ਤੋਂ ਮਹਾਨ ਸੇਵਾ ਆਪਣੇ ਸਮਕਾਲੀ ਸਮਾਜ ਵਿਚ ਭੇਖ-ਰੀਤੀ-ਰਿਵਾਜਾਂ, ਰੂੜ੍ਹੀਆਂ, ਕਰਮ-ਕਾਂਡ ਆਦਿ ਦਾ ਖੰਡਨ ਕਰਕੇ ਲੋਕਾਈ ਦੇ ਸਾਹਮਣੇ ਸੱਚਾ ਅਸਲੀ ਜੀਵਨ ਪੇਸ਼ ਕਰਨਾ ਸੀ ਜੋ ਮਾਨਵਤਾ ਦਾ ਵਾਸਤਵਿਕ ਧਰਮ ਹੈ। ਧਾਰਮਿਕ ਪੂਜਾ ਪਾਠ, ਜਾਪ, ਪੁੰਨ ਦਾਨ ਆਦਿ ਕੋਈ ਕਿੰਨਾ ਹੀ ਕਰ ਲਵੇ ਜੇ ਮਨੁੱਖ ਦੇ ਜੀਵਨ ਵਿਹਾਰ ਵਿਚੋਂ ਸੱਚ ਤੇ ਸੁੱਚਮਤਾ ਪ੍ਰਗਟ ਨਹੀਂ ਹੁੰਦੀ, ਉਹ ਧਰਮੀ ਨਹੀਂ ਅਖਵਾ ਸਕਦਾ।[1045]

ਗੁਰੂ ਰਵਿਦਾਸ ਜੀ ਅਨੁਸਾਰ ਕਰਮਕਾਂਡੀ ਪੂਜਾ ਕਰਨ ਨਾਲ ਜੀਵ ਪ੍ਰਭੂ ਨਾਲ ਇਕਮਿਕਤਾ ਪ੍ਰਾਪਤ ਨਹੀਂ ਕਰ ਸਕਦਾ। ਕਿਉਂ ਕਿ ਕਰਮਕਾਂਡ ਤਾਂ ਹੰਕਾਰ ਦਾ ਕਾਰਨ ਬਣਦੇ ਹਨ ਤੇ ਹਉਮੈ ਭਗਤੀ ਦੇ ਰਾਹ ਵਿਚ ਰੋੜਾ ਹੈ। ਇਸ ਲਈ ਹੰਕਾਰ ਅਤੇ ਹਉਮੈ ਦੀ ਭਾਵਨਾ ਵਿਚ ਪ੍ਰਭੂ ਕਿਵੇਂ ਪ੍ਰਾਪਤ ਹੋ ਸਕਦਾ ਹੈ:-

ਹਮ ਬਡ ਕਬਿ ਕੁਲੀਨ ਹਮ ਪੰਡਿਤ, ਹਮ ਜੋਗੀ ਸੰਨਿਆਸੀ।।
ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ।।[1047]

ਸਰਗੁਣ ਧਾਰਾ ਦੇ ਭਗਤ ਧੂਪ, ਦੀਪ, ਦੁਆਰਾ ਆਪਣੇ ਇਸ਼ਟ ਦੀ ਮੂਰਤੀ ਅੱਗੇ ਆਰਤੀ ਕਰਦੇ ਹਨ। ਪਰ ਗੁਰੂ ਜੀ ਅਨੁਸਾਰ ਬ੍ਰਾਹਮਣਾਂ ਦੀ ਕਰਮਕਾਂਡੀ ਪੂਜਾ ਨਾਲ ਉਸ ਪਰਮਾਤਮਾ ਨੂੰ ਨਹੀਂ ਪਾਇਆ ਜਾ ਸਕਦਾ। ਕਿਉਂਕਿ ਸ਼ੁੱਧ ਦੀ ਪ੍ਰਾਪਤੀ ਲਈ ਸ਼ੁੱਧਤਾ ਦੀ ਜ਼ਰੂਰਤ ਹੈ। ਗੁਰੂ ਜੀ ਅਨੁਸਾਰ ਠਾਕਰਾਂ ਨੂੰ ਭੇਂਟ ਕਰਾਉਣ ਵਾਲੀ ਸਮੱਗਰੀ ਸ਼ੁੱਧ ਨਹੀਂ ਹੁੰਦੀ। ਦੁੱਧ ਨੂੰ ਵੱਛੇ ਨੇ ਜੂਠਾ ਕੀਤਾ ਹੈ। ਫੁੱਲ ਨੂੰ ਭੌਰੇ ਨੇ, ਪਾਣੀ ਨੂੰ ਮੱਛੀ ਨੇ, ਚੰਦਨ ਨੂੰ ਸੱਪਾਂ ਨੇ, ਧੂਪ ਦੀਪ ਨੂੰ ਜੂਠਿਆਂ ਤੇ ਵੇਖਿਆ ਹੁੰਦਾ ਹੈ। ਇਸ ਪੂਜਾ ਸਮੱਗਰੀ ਨਾਲ ਸ਼ੁੱਧ ਸਰੂਪ ਦੀ ਪੂਜਾ ਕਿਵੇਂ ਹੋ ਸਕਦੀ ਹੈ। ਅਸਲ ਪੂਜਾ ਤਾਂ ਤਪਣਾ ਹੈ। ਗੁਰੂ ਰਵਿਦਾਸ ਜੀ ਇਹਨਾਂ ਅਪਵਿੱਤਰ ਵਸਤਾਂ ਪਰਮਾਤਮਾ ਦੀ ਆਰਤੀ ਲਈ ਨਹੀਂ ਵਰਤਣਾ ਚਾਹੁੰਦੇ। ਸਗੋਂ ਉਹ ਤਾਂ ਕਹਿੰਦੇ ਹਨ ਕਿ ਸ਼ੁੱਧ, ਤਨ ਤੇ ਮਨ ਦੇ ਅਰਪਣ ਨਾਲ ਹੀ ਉਸਦੀ ਪ੍ਰਾਪਤੀ ਹੋ ਸਕਦੀ ਹੈ:—

ਦੂਧੁ ਤ ਬਛਰੈ ਥਨਹੁ ਬਿਟਾਰਿਓ, ਫੂਲ ਭਵਰਿ ਜਲੁ ਮੀਨਿ ਬਿਗਾਰਿਓ।।
ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ।।
ਅਵਰੁ ਨ ਫੂਲੁ ਅਨੂਪ ਨਾ ਪਾਵਉ।।
ਮੈਲਾਗਰ ਬੇਰ੍ਹੇ ਹੈ ਭੁਇਅੰਗਾ। ਬਿਖੁ ਅੰਮ੍ਰਿਤ ਬਸਹਿ ਇਕ ਸੰਗਾ।।
ਧੂਪ ਦੀਪ ਨਈਬੇਦਹਿ ਬਾਸਾ।। ਕੈਸੇ ਪੂਜ ਕਰਹਿ ਤੇਰੀ ਦਾਸਾ।।
ਤਨੁ ਮਨੁ ਅਰਪਉ ਪੂਜ ਚਰਾਵਉ। ਗੁਰਪ੍ਰਸਾਦਿ ਨਿਰੰਜਨੁ ਪਾਵਉ।।
ਪੂਜਾ ਅਰਚਾ ਆਹਿ ਨ ਤੋਰੀ।। ਕਹਿ ਰਵਿਦਾਸ ਕਵਨ ਗਤਿ ਮੋਰੀ।।[1048]

ਗੁਰੂ ਰਵਿਦਾਸ ਜੀ ਉਸ ਪਰਮਾਤਮਾ ਦੀ ਆਰਤੀ ਉਸ ਦੇ ਨਾਮ ਰਾਹੀਂ ਹੀ ਕਰਦੇ ਹਨ ਕਿਉਂਕਿ ਉਸ ਦੇ ਨਾਮ ਤੋਂ ਬਿਨਾਂ ਸਾਰਾ ਸੰਸਾਰਕ ਪਸਾਰਾ ਝੂਠਾ ਹੈ। ਪਰਮਾਤਮਾ ਦਾ ਨਾਮ ਹੀ ਗੁਰੂ ਜੀ ਲਈ ਉਪਾਸਨਾ, ਰਟਾਈ, ਪਾਣੀ, ਚੰਦਨ, ਦੀਵਾ, ਵੱਟੀ, ਤੇਲ, ਧਾਗਾ, ਪੁਸ਼ਪਾਂ ਦਾ ਹਾਰ ਹੈ। ਇਸ ਲਈ ਗੁਰੂ ਜੀ ਉਸੇ ਦੀ ਬਣਾਈ ਹੋਈ ਵਸਤਾਂ ਦੀ ਉਸਨੂੰ ਭੇਟਾ ਨਹੀਂ ਕਰਨਾ ਚਾਹੁੰਦਾ। ਰਵਿਦਾਸ ਜੀ ਕਹਿੰਦੇ ਹਨ ਕਿ ਹੇ ਪਰਮਾਤਮਾ ਤੇਰਾ ਨਾਮ ਹੀ ਮੇਰੀ ਪੂਜਾ ਹੈ। ਆਪ ਦੇ ਨਾਮ ਦਾ ਪ੍ਰਸਾਦ ਹੀ ਮੈਂ ਆਪ ਨੂੰ ਚੜ੍ਹਾਉਂਦਾ ਹਾਂ:—

ਨਾਮ ਤੇਰੋ ਆਰਤੀ ਮਜਨੁ ਮੁਰਾਰੇ।। ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ।।
- - - - - - - - - - - - - - - - - - - -
ਕਹੈ ਰਵਿਦਾਸ ਨਾਮ ਤੇਰੋ ਆਰਤੀ ਸਤਿਨਾਮੁ ਹੈ ਹਰਿ ਭੋਗ ਤੁਹਾਰੇ।।[1049]

ਗੁਰੂ ਰਵਿਦਾਸ ਜੀ ਵਿਗਿਆਨਕ ਵਿਧੀ ਰਾਹੀਂ ਸਮਝਾਉਂਦੇ ਕਹਿੰਦੇ ਹਨ ਕਿ ਜੇਕਰ ਮੂਰਤੀ ਵਿੱਚ ਹੀ ਪਰਮਾਤਮਾ ਵਸਦਾ ਹੈ ਤਾਂ ਇਸ ਨੂੰ ਪ੍ਰਭੂ ਦੀ ਸ਼ਕਤੀ ਸਮਰੱਥ ਹੋਣ ਕਰਕੇ ਪਾਣੀ ਵਿਚ ਤਰਨਾ ਚਾਹੀਦਾ ਹੈ। ਪਰ ਇਹ ਤਾਂ ਪਾਣੀ ਵਿਚ ਸੁੱਟਿਆਂ ਸਾਰ ਹੀ ਡੁੱਬ ਜਾਂਦੀ ਹੈ। ਇਸ ਲਈ ਗੁਰੂ ਜੀ ਅਨੁਸਾਰ ਮੂਰਤੀ ਪੂਜਾ ਵੀ ਕਰਮਕਾਂਡੀ ਭਗਤੀ ਹੈ। ਇਹ ਪ੍ਰਭੂ ਦੀ ਪ੍ਰਾਪਤੀ ਨਹੀਂ ਕਰਾ ਸਕਦੀ:—

ਪਾਤੀ ਤੋਰੈਂ ਪੂਜਿ ਕਰਾਵੈਂ, ਤਾਰਨ ਤਿਰਥਨ ਜਾਈਂ ਹੋ।
ਮੂਰਤਿ ਮਾਹਿ ਬਸੈ ਪਰਮੇਸਰੁ, ਸੋ ਪਾਨੀ ਮਾਹਿ ਤਿਰੈ ਹੋ।।[1050]

ਇਸ ਤੱਥ ਦੀ ਪ੍ਰੋੜ੍ਹਤਾ ਲਈ ਗੁਰੂ ਜੀ ਇਕ ਹੋਰ ਸ਼ਬਦ ਵਿਚ ਦੱਸਦੇ ਹਨ ਕਿ ਪਰਮਾਤਮਾ ਜੋ ਬ੍ਰਹਿਮੰਡ ਦੇ ਕਣ-ਕਣ ਵਿਚ ਵਿਆਪਕ ਹੈ। ਜਿਸ ਦਾ ਵਿਸ਼ਾਲ ਅਤੇ ਵਿਰਾਟ ਸਰੂਪ ਹੈ, ਉਹ ਮੂਰਤੀ ਵਿਚ ਕਿਵੇਂ ਸਮਾ ਸਕਦਾ ਹੈ:—

ਗਗਨ ਪਤਾਲਿ ਜੋਤ ਅਸਮਾਨਾਂ, ਸੋ ਠਾਕੁਰ ਕੈਸੇ ਸੰਪਟਿ ਸਮਾਨਾ।।[1051]

ਗੁਰੂ ਜੀ ਸਾਧਕ ਨੂੰ ਸੁਚੇਤ ਕਰਦੇ ਕਹਿੰਦੇ ਹਨ ਕਿ ਉਸ ਦਾ ਅੱਜ ਤੱਕ ਕਿਸੇ ਨੇ ਅੰਤ ਨਹੀਂ ਪਾਇਆ। ਸ਼ਿਵ, ਸਨਕਾਦਿਕ ਤੇ ਬ੍ਰਹਮਾ ਵੀ ਉਸਦਾ ਅੰਤ ਨਾ ਪਾ ਸਕੇ। ਮੂਰਤੀ ਪੂਜਾ ਤੇ ਦੇਵ ਪੂਜਾ ਦੀ ਕੋਈ ਲੋੜ ਨਹੀਂ। ਉਸ ਦੀ ਤਾਂ ਸਹਿਜ ਅਵਸਥਾ ਵਿਚ ਸੇਵਾ ਕਰਨ ਦੀ ਲੋੜ ਹੈ:—

ਸ਼ਿਵ ਸਨਕਾਦਿਕ ਅੰਤ ਨ ਪਾਯਾ, ਖੋਜਤ ਬ੍ਰਹਮਾ ਜਨਮ ਗਵਾਯਾ।
ਤੋਰੌਂ ਨ ਪਾਤੀ ਪੂਜੌਂ ਨਾ ਦੇਵਾ, ਸਹਜ ਸਮਾਧਿ ਕਰੌਂ ਹਰਿ ਸੇਵਾ।।[1052]

ਅਠਾਹਠ ਤੀਰਥਾਂ ਦਾ ਇਸ਼ਨਾਨ, ਬਾਰਾਂ ਸ਼ਿਵਲਿੰਗ ਪੱਥਰਾਂ ਦੀ ਪੂਜਾ, ਖੂਹ ਅਤੇ ਤਲਾਅ ਲਗਵਾਉਣੇ ਵੀ ਉਦੋਂ ਵਿਅਰਥ ਹੋ ਜਾਂਦੇ ਹਨ ਜਦੋਂ ਉਹ ਸੰਤਾਂ ਦੀ ਨਿੰਦਾ ਕਰਦਾ ਹੈ। ਇਹ ਸਭ ਪਖੰਡ ਹੈ। ਜਿਸ ਤੋਂ ਛੁਟਕਾਰੇ ਦੀ ਲੋੜ ਹੈ:—

1. ਜੇ ਓਹੁ ਅਠਸਠਿ ਤੀਰਥ ਨ੍ਹਾਵੈ। ਜੇ ਓਹੁ ਦੁਆਦਸ ਸਿਲਾ ਪੂਜਾਵੈ।
ਜੇ ਓਹੁ ਕੂਪ ਤਟਾ ਦੇਵਾਵੈ। ਕਰੈ ਨਿੰਦ ਸਭ ਬਿਰਥਾ ਜਾਵੈ।।[1053]

4. ਪਾਂਡੇ ! ਹਰਿ ਵਿਚਿ ਅੰਤਰੁ ਡਾਢਾ।
ਮੂੰਡ ਮੁੰਡਾਵੈ ਸੇਵਾਪੂਜਾ, ਭ੍ਰਮ ਕਾ ਬੰਧਨ ਗਾਢਾ।।
ਮਾਲਾ ਤਿਲਕ ਮਨੋਹਰ ਬਾਂਕੇ, ਲਾਗੋ ਜਮ ਕੀ ਪਾਸੀ।
ਜੋ ਹਰਿ ਸੇਤੀ ਨੇਹਰਾ ਚਾਹੈ, ਤੌਂ ਸਭ ਸੇ ਰਹੈ ਉਦਾਸੀ।।[1054]

ਗੁਰੂ ਜੀ ਅਨੁਸਾਰ ਉਹ ਪਰਮਾਤਮਾ ਦੇਹੁਰਾ ਤੇ ਮਸੀਤ ਵਿਚ ਨਹੀਂ ਜਿਸ ਲਈ ਮਸੀਤ ਤੇ ਦੇਹਰੇ ਤੇ ਜਾਣੇ ਸੀਸ ਨਿਵਾਉਣ ਦੀ ਕੋਈ ਲੋੜ ਨਹੀਂ। ਪਰਮਾਤਮਾ ਤਾਂ ਸਭ ਥਾਂ ਹੈ।[1055] ਹਿੰਦੂ ਦੇਹਰੇ ਦੀ ਪੂਜਾ ਕਰਦੇ ਹਨ। ਮੁਸਲਮਾਨ ਮਸੀਤ ਦੀ ਪਰ ਰਵਿਦਾਸ ਜੀ ਉਸ ਰਾਮ ਦੀ ਪੂਜਾ ਕਰਦੇ ਹਨ ਜਿਸ ਦੀ ਪ੍ਰੀਤ ਨਿਰੰਤਰ ਹੈ:—

ਹਿੰਦੂ ਪੂਜਹੀ ਦੇਹੁਰਾ, ਮੁਸਲਮਾਨ ਮਸੀਤਿ।
ਰਵਿਦਾਸ ਪੂਜਹੀ ਉਸ ਰਾਮ ਕੂੰ, ਜਿਹ ਨਿਰੰਤਰਿ ਪ੍ਰੀਤਿ।।[1056]

ਮੁਸਲਮਾਨ ਮਸੀਤ ਵਿਚ ਪਰਮਾਤਮਾ ਨੂੰ ਲੱਭਦੇ ਹਨ ਅਤੇ ਹਿੰਦੂ ਦੇਹੁਰੇ ਵਿਚੋਂ ਰਾਮ ਦੇ ਦਰਸ਼ਨਾਂ ਦੀ ਭਾਲ ਕਰਦੇ ਹਨ ਪਰ ਗੁਰੂ ਜੀ ਰਾਮ ਰਹੀਮ ਨੂੰ ਉਥੇ ਲੱਭਦੇ ਹਨ ਜਿਥੇ ਨਾ ਦੇਹੁਰਾ ਹੈ ਅਤੇ ਨਾ **ਮਸੀਤ** ।[1057] ਜੇ ਉਹ ਅੱਲਾਹ ਮਸਜਿਦ ਵਿਚ ਹੈ ਤਾਂ ਮੰਦਰ ਵਿਚ ਭਗਵਾਨ ਕਿਉਂ ਨਹੀਂ ਹੋ ਸਕਦਾ। ਪਰ ਭਗਵਾਨ ਤਾਂ ਦੋਹਾਂ ਵਿਚ ਨਹੀਂ। ਉਸ ਨੂੰ ਤਾਂ ਆਪਣੇ ਅੰਦਰੋਂ ਹੀ ਲੱਭਿਆ ਜਾ ਸਕਦਾ ਹੈ:—

ਜਉ ਰੇ ਅੱਲਹ ਬਸਹਿੰ ਮਸਜਿਦ ਮਾਹੀ, ਮੰਦਿਰ ਮਾਹੀ ਕਾਹੇ ਨਾਹਿੰ ਭਗਵਾਨ।
ਰਵਿਦਾਸ ਖੋਜਿਹੁ ਜਿਨ ਹਿਰਦ ਆਪਨੇ, ਤਿਨ੍ਹ ਹੀ ਪਾਇਓ ਰਹਮਾਨ।।[1057]

ਗੁਰੂ ਨਾਨਕ ਦੇਵ ਜੀ ਵੀ ਮੂਰਤੀ ਪੂਜਾ ਦੇ ਵਿਰੋਧੀ ਸਨ । ਇਸ ਸੰਬੰਧੀ ਉਨ੍ਹਾਂ ਦੇ ਵਿਚਾਰ ਬੜੇ ਸਪਸ਼ਟ ਅਤੇ ਤਰਕ ਪੂਰਣ ਹਨ। ਮੂਰਤੀਆਂ ਦੇ ਪੁਜਾਰੀਆਂ ਨੂੰ ਉਨ੍ਹਾਂ ਨੇ ਅਗਿਆਨੀ ਕਿਹਾ ਹੈ ਕਿਉਂਕਿ ਉਹ ਅੰਨ੍ਹੇ, ਗੂੰਗੇ ਅਤੇ ਅਗਿਆਨੀ, ਪੱਥਰਾਂ ਦੀ ਪੂਜਾ ਕਰਦੇ ਹਨ। ਜੋ ਪੱਥਰ ਆਪ ਹੀ ਤਰ ਨਹੀਂ ਸਕਦੇ, ਪਾਣੀ ਵਿਚ ਡੁੱਬ ਜਾਂਦੇ ਹਨ, ਕੀ ਉਨ੍ਹਾਂ ਦੀ ਪੂਜਾ ਪੁਜਾਰੀਆਂ ਨੂੰ ਭਵਸਾਗਰ ਤੋਂ ਪਾਰ ਲੰਘਾ ਸਕਦੀ ਹੈ:—

ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ।। ਨਾਰਦਿ ਕਹਿਆ ਸਿ ਪੂਜ ਕਰਾਂਹੀ।
ਅੰਧੇ ਗੁੰਗੇ ਅੰਧੁ ਅੰਧਾਰੁ। ਪਾਥਰ ਲੈ ਪੂਜਹਿ ਮੁਗਧਿ ਗਵਾਰੁ।
ਓਹਿ ਜਾ ਆਪਿ ਡੂਬੇ ਤੁਮ ਕਹਾ ਤਾਰਣਹਾਰੁ।।[1059]

ਗੁਰੂ ਜੀ ਹੋਰ ਕਹਿੰਦੇ ਹਨ ਕਿ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਨੂੰ ਕਿਉਂ ਪੂਜਿਆ ਜਾਵੇ। ਮੰਗਣ ਤੇ ਉਹ ਕੀ ਦੇ ਸਕਦੀਆਂ ਹਨ? ਉਹ ਕੁਝ ਵੀ ਨਹੀਂ ਦੇ ਸਕਦੀਆਂ। ਜੇ ਉਨ੍ਹਾਂ ਨੂੰ ਪਾਣੀ ਵਿਚ ਰਖਿਆ ਜਾਵੇ ਤਾਂ ਉਹ ਪੱਥਰ ਡੁੱਬ ਜਾਂਦੇ ਹਨ ਤਾਂ ਫਿਰ ਉਹ ਦੂਜਿਆਂ ਨੂੰ ਕਿਵੇਂ ਤਾਰ ਸਕਦੇ ਹਨ:–

ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ।
ਪਾਹਣੁ ਨੀਰਿ ਪਖਾਲੀਐ ਭਾਈ, ਜਲ ਮਹਿ ਬੂਡਹਿ ਤੇਹਿ।।[1060]

ਕਿਹਾ ਜਾਂਦਾ ਹੈ ਕਿ ਇਕ ਵਾਰ ਗੁਰੂ ਜੀ ਦਾ ਮੇਲ ਕਾਸ਼ੀ ਦੇ ਕੱਟੜ ਬ੍ਰਾਹਮਣ ਤੇ ਪ੍ਰਸਿੱਧ ਵਿਦਵਾਨ ਪੰਡਤ ਚਤਰ ਦਾਸ ਨਾਲ ਹੋਇਆ। ਤਰਕਸਾਰ ਗੰਗਾ ਅਸ਼ਨਾਨ ਜਾਣ ਸਮੇਂ ਗੁਰੂ ਜੀ ਨੂੰ ਅਨੋਖੇ ਲਿਬਾਸ ਵਿਚ ਵੇਖਕੇ ਕਹਿਣ ਲੱਗਾ ਕਿ ਤੁਸੀਂ ਕਿਹੋ ਜਿਹੇ ਸੰਤ ਹੋ, ਨਾ ਤੁਹਾਡੇ ਕੋਲ ਸਾਲਗ੍ਰਾਮ ਹੈ, ਨਾ ਤੁਲਸੀ ਦੀ ਮਾਲਾ। ਤੁਸੀਂ ਭਗਤੀ ਕੀ ਕਰਦੇ ਹੋ? ਗੁਰੂ ਜੀ ਨੇ ਮੂਰਤੀ ਪੂਜਾ ਦਾ ਖੰਡਨ ਕਰਦਿਆਂ ਫੁਰਮਾਇਆ:–

ਸਾਲਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ।
ਰਾਮਨਾਮੁ ਜਪਿ ਬੇੜਾ ਬਾਂਧਹੁ ਦਇਆ ਕਰਹੁ ਦਇਆਲਾ।।[1061]

ਗੁਰੂ ਜੀ ਹਕੀਕਤ ਪੇਸ਼ ਕਰਦੇ ਹਨ ਕਿ ਜੀਵ ਭਾਵੇਂ ਜਿੰਨਾ ਇਸ਼ਨਾਨ ਮਰਜ਼ੀ ਕਰ ਲਵੇ, ਪੱਥਰਾਂ ਦੀ ਪੂਜਾ ਕਰ ਲਵੇ। ਉਹ ਉਦੋਂ ਤੱਕ ਮੈਲਾ ਹੀ ਰਹੇਗਾ ਜਦੋਂ ਤੱਕ ਪਰਮਾਤਮਾ ਦੇ ਨਾਂ ਵਿਚ ਆਪਣੇ ਮਨ ਨੂੰ ਨਹੀਂ ਰੰਗੇਗਾ:–

ਨਾਵਹਿ ਧੋਵਹਿ ਪੂਜਹਿ ਸੈਲਾ। ਬਿਨੁ ਹਰਿ ਰਾਤੇ ਮੈਲੋ ਮੈਲਾ।।[1062]

ਕਿਹਾ ਜਾ ਸਕਦਾ ਹੈ ਕਿ ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੋਹਾਂ ਨੇ ਹੀ ਬ੍ਰਾਹਮਣਾਂ ਦੇ ਕਰਮਕਾਂਡੀ ਜੀਵਨ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਨੇ ਸਮਾਜ ਵਿਚ ਪ੍ਰਚਲਿਤ ਮੂਰਤੀ ਪੂਜਾ ਦਾ ਵਿਰੋਧ ਕੀਤਾ ਤੇ ਦੱਸਿਆ ਕਿ ਹਰੀ ਦੇ ਨਾਮ ਤੋਂ ਬਿਨਾ ਤਰਿਆ ਨਹੀਂ ਜਾ ਸਕਦਾ। ਉਨ੍ਹਾਂ

ਨੇ ਬ੍ਰਾਹਮਣਵਾਦ ਨੂੰ ਖਤਮ ਕਰਨ ਲਈ ਪੂਰਾ ਤਾਣ ਲਾਇਆ। ਡਾ. ਧਰਮਪਾਲ ਸਿੰਗਲ ਲਿਖਦੇ ਹਨ, ਰਵਿਦਾਸ ਜੀ ਸਭ ਤੋਂ ਮਹਾਨ ਸੇਵਾ ਆਪਣੇ ਸਮਕਾਲੀ ਸਮਾਜ ਵਿਚ ਪ੍ਰਚਲਿਤ ਭੈੜੇ ਰੀਤ-ਰਿਵਾਜਾਂ, ਕੁਰੀਤੀਆਂ ਅਤੇ ਕਰਮ-ਕਾਂਡ ਦੇ ਨਾਂ ਤੇ ਚਲ ਰਹੀ ਬ੍ਰਾਹਮਣੀ ਮਨਮਾਨੀ ਦੇ ਵਿਰੁਧ ਜਨ-ਮਤ ਜਾਗ੍ਰਤ ਕਰਨਾ ਅਤੇ ਨੀਵੀਆਂ ਆਖੀਆਂ ਜਾਣ ਵਾਲੀਆਂ ਜਾਤਾਂ ਵਿਚ ਆਤਮ-ਵਿਸ਼ਵਾਸ, ਸਿਦਕ ਤੇ ਸਵੈਮਾਨ ਦੇ ਭਾਵ ਅੰਕੁਰਿਤ ਕਰਨਾ ਸੀ।[1063]

ਹਿੰਦੂ ਧਰਮ ਦੀ ਸ੍ਰੇਸ਼ਠਤਾ ਕਰਮਕਾਂਡ, ਪਖੰਡ, ਭੇਖ, ਮੂਰਤੀ ਪੂਜਾ ਅਤੇ ਸੁਆਰਥ ਕਰਕੇ ਮਾਨਸਿਕ ਕਮਜ਼ੋਰੀਆਂ ਵਿਚ ਪੈ ਗਈ ਸੀ। ਇਸ ਸ੍ਰੇਸ਼ਠਤਾ ਨੂੰ ਬਰਕਰਾਰ ਰੱਖਣ ਲਈ ਗੁਰੂ ਨਾਨਕ ਨੇ ਬ੍ਰਾਹਮਣਵਾਦ ਦੇ ਫੋਕੇ ਵਹਿਮ ਤੇ ਭਰਮ ਦਾ ਪਰਦਾ ਲਾਹੁਣ ਦੀ ਕੋਸ਼ਿਸ਼ ਕੀਤੀ ਤੇ ਸਫਲ ਵੀ ਹੋਏ। ਗੁਰੂ ਜੀ ਮੂਰਤੀ ਪੂਜਾ ਦੇ ਵਿਰੋਧੀ ਸਨ ਕਿਉਂਕਿ ਮੂਰਤੀਆਂ ਨੂੰ ਹੀ ਪਰਮਾਤਮਾ ਮੰਨਣਾ ਤਰਕ ਅਤੇ ਬੁੱਧੀ ਦੀ ਕਸੌਟੀ ਤੇ ਪੂਰਾ ਨਹੀਂ ਉਤਰਦਾ।[1064] ਗੁਰੂ ਸਾਹਿਬ ਤਾਂ ਬ੍ਰਹਮ ਦੀ ਪ੍ਰਾਪਤੀ ਲਈ ਕੀਤੇ ਇਨ੍ਹਾਂ ਯਤਨਾਂ ਨੂੰ ਫੋਕੇ ਅਤੇ ਫਜ਼ੂਲ ਕਰਮ ਮੰਨਦੇ ਹਨ। ਗੁਰੂ ਜੀ ਅਨੁਸਾਰ ਜੋ ਪੁਸਤਕਾਂ ਪੜ੍ਹਦੇ ਤੇ ਸੰਧਿਆ ਤੇ ਬਹਿਸ ਕਰਦੇ ਹਨ, ਪੱਥਰ ਪੂਜਦੇ ਤੇ ਬਗਲੇ ਵਾਂਗ ਸਮਾਧੀ ਲਾਉਂਦੇ ਹਨ, ਝੂਠ ਬੋਲਦੇ, ਤਿੰਨ ਵੇਲੇ ਗਾਇਤ੍ਰੀ ਦਾ ਪਾਠ ਕਰਦੇ, ਗਲ ਮਾਲਾ, ਮੱਥੇ ਤਿਲਕ, ਤੇੜ ਧੋਤੀ, ਸਿਰ ਤੇ ਕਪੜਾ ਰਖਦੇ ਹਨ, ਉਨ੍ਹਾਂ ਨੂੰ ਬ੍ਰਹਮ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਸ ਲਈ ਤਾਂ ਵਿਸ਼ਵਾਸ ਤੇ ਗੁਰੂ ਦੀ ਲੋੜ ਹੈ:-

ਪੜਿ ਪੁਸਤਕ ਸੰਧਿਆ ਬਾਦੰ।। ਸਿਲ ਪੂਜਸਿ ਬਗੁਲ ਸਮਾਧੰ।।
ਮੁਖਿ ਝੂਠ ਬਿਭੂਖਣ ਸਾਰੰ।। ਤ੍ਰੈਪਾਲ ਤਿਹਾਲ ਬਿਚਾਰੰ।।
ਗਲਿ ਮਾਲਾ ਤਿਲਕੁ ਲਿਲਾਟੰ।। ਦੁਇ ਧੋਤੀ ਬਸਤ੍ਰ ਕਪਾਟੰ।।
ਜੇ ਜਾਣਸਿ ਬ੍ਰਹਮੰ ਕਰਮੰ।। ਸਭਿ ਫੋਕਟ ਨਿਸਚਉ ਕਰਮੰ।।
ਕਹੁ ਨਾਨਕ ਨਿਹਚਉ ਧਿਆਵੈ।। ਵਿਣੁ ਸਤਿਗੁਰ ਵਾਟ ਨ ਪਾਵੈ।।[1065]

ਪੱਥਰਾਂ ਨੂੰ ਪੂਜਣਾ, ਸ਼ਿਵਲਿੰਗ ਗਲ ਵਿਚ ਪਾਉਣਾ, ਹਰੀ ਨੂੰ ਪੂਰਬ ਵਿਚ ਲੱਭਣਾ, ਪੱਛਮ ਵਲ ਸਿਰ ਨਿਵਾਣਾ, ਬੁੱਤਾਂ ਨੂੰ ਪੂਜਣ ਆਦਿ ਸਾਰੇ ਝੂਠੇ ਕਰਮ ਹਨ। ਇਸ ਤਰ੍ਹਾਂ ਭਗਵਾਨ ਦਾ ਭੇਦ ਨਹੀਂ ਪਾਇਆ ਜਾ ਸਕਦਾ। ਹਰੀ ਨੂੰ ਛੱਡ ਕੇ ਮੜ੍ਹੀ ਮਸਾਣਾਂ ਦੀ ਪੂਜਾ ਤਾਂ ਦੁਬਿਧਾ ਚ ਫਸਣਾ ਹੈ। ਗੁਰੂ ਜੀ ਦੱਸਦੇ ਹਨ ਕਿ ਤ੍ਰਿਸ਼ਨਾ ਕਰਕੇ ਆਪਣੇ ਅਸਲੀ ਘਰ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਸ ਤ੍ਰਿਸ਼ਨਾ ਨੂੰ ਉਸ ਦੇ ਨਾਮ ਨਾਲ ਬੁਝਾਇਆ ਜਾ ਸਕਦਾ ਹੈ:-

1. ਕਾਹੂ ਲੈ ਪਾਹਨ ਪੂਜ ਧਰਯੋ ਸਿਰ, ਕਾਹੂ ਲੈ ਲਿੰਗ ਗਰੇ ਲਟਕਾਇਓ।।

ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ, ਕਾਹੂ ਪਛਾਹ ਕੋ ਸੀਸ ਨਿਵਾਇਓ।।
ਕੋਊ ਬੁਤਾਨ ਕੋ ਪੂਜਤ ਹੈ ਪਸੁ, ਕੋਊ ਮ੍ਰਿਤਾਨ ਕੋ ਪੂਜਨ ਧਾਇਓ।।
ਕੂਰ ਕ੍ਰਿਆ ਉਰਝਿਓ ਸਭ ਹੀ ਜਗ, ਸ੍ਰੀ ਭਗਵਾਨ ਕੋ ਭੇਦ ਨ ਪਾਇਓ।।[1066]

2. ਦੁਬਿਧਾ ਨ ਪੜਉ ਹਰਿ ਬਿਨੁ ਹੋਰ ਨ ਪੂਜਉ ਮੜੈ ਮਸਾਣਿ ਨ ਜਾਈ।
ਤ੍ਰਿਸਨਾ ਰਾਚਿ ਨ ਪਰ ਘਰਿ ਜਾਵਾ ਤ੍ਰਿਸਨਾ ਨਾਮਿ ਬੁਝਾਈ।।

ਇਸ ਤਰ੍ਹਾਂ ਦੋਹਾਂ ਹੀ ਗੁਰੂਆਂ ਨੇ ਕਰਮਕਾਂਡੀ ਪੂਜਾ ਦਾ ਵਿਰੋਧ ਕੀਤਾ ਹੈ। ਗੁਰੂ ਨੇ ਪ੍ਰਭੂ ਦੀ ਪ੍ਰਾਪਤੀ ਲਈ ਮੂਰਤੀ ਪੂਜਾ ਕਰਨ ਦੀ ਥਾਂ ਸਤਿਕਰਮ ਕਰਨ ਵੱਲ ਪ੍ਰੇਰਤ ਕੀਤਾ ਹੈ। ਮੂਰਤੀਆਂ ਨੂੰ ਪਰਮਾਤਮਾ ਸਮਝਣਾ ਤਰਕ ਦੀ ਦ੍ਰਿਸ਼ਟੀ ਤੋਂ ਵੀ ਠੀਕ ਨਹੀਂ। ਸਤਿ ਕਰਮ ਕਰਕੇ ਹੀ ਗਿਆਨ ਦੀ ਪ੍ਰਾਪਤੀ ਹੋ ਸਕਦੀ ਹੈ। ਗਿਆਨ ਪ੍ਰਾਪਤੀ ਪਰਮਾਤਮਾ ਪ੍ਰਾਪਤੀ ਲਈ ਜ਼ਰੂਰੀ ਹੈ। ਕਰਮ ਨੂੰ ਭਗਤੀ ਦਾ ਜ਼ਰੂਰੀ ਅੰਗ ਦੱਸਿਆ ਗਿਆ ਹੈ। ਸ਼ੁੱਧ ਸਰੂਪ ਪਰਮਾਤਮਾ ਦੀ ਪ੍ਰਾਪਤੀ ਲਈ ਦੋਹਾਂ ਹੀ ਗੁਰੂਆਂ ਨੇ ਆਤਮਕ ਸ਼ੁੱਧੀ ਤੇ ਬਲ ਦਿੱਤਾ। ਕਣ-ਕਣ ਵਿਚ ਵਿਆਪਕ ਪ੍ਰਭੂ ਨੂੰ ਇੱਕ ਨਿੱਕੀ ਜਿਹੀ ਮੂਰਤੀ ਵਿਚ ਬੰਨ੍ਹਣਾ ਇਕ ਬਹੁਤ ਵੱਡਾ ਖਿਲਵਾੜ ਹੈ ਅਤੇ ਉਸ ਪ੍ਰਭੂ ਦੀ ਵਿਸ਼ਾਲਤਾ ਤੇ ਵਿਰਾਟਤਾ ਨੂੰ ਖਤਮ ਕਰਨ ਦੇ ਤੁਲ ਹੈ। ਇਸ ਤਰ੍ਹਾਂ ਦੋਹਾਂ ਨੇ ਨਾ ਹੀ ਇਸਨੂੰ ਸਵੀਕਾਰ ਕੀਤਾ ਹੈ ਅਤੇ ਨਾਹੀ ਇਸ ਪ੍ਰਤੀ ਕੋਈ ਉਤਸ਼ਾਹ ਦਿਖਾਇਆ ਹੈ।

ਅਵਤਾਰਵਾਦ

ਭਾਰਤੀ ਅਧਿਆਤਮਵਾਦ ਵਿਚ ਅਵਤਾਰਵਾਦ ਦੀ ਆਪਣੀ ਨਿਵੇਕਲੀ ਥਾਂ ਹੈ। ਮਧਯੁੱਗ ਦੀਆਂ ਸਾਰੀਆਂ ਧਾਰਮਿਕ ਪਰੰਪਰਾਵਾਂ ਤੇ ਅਵਤਾਰਵਾਦ ਦਾ ਪ੍ਰਭਾਵ ਕਿਸੇ ਨਾ ਕਿਸੇ ਰੂਪ ਵਿਚ ਵਿਖਾਈ ਦਿੰਦਾ ਹੈ। ਡਾ. ਰਤਨ ਸਿੰਘ ਜੱਗੀ 'ਤੁਲਸੀ ਦਰਸ਼ਨ ਮੀਮਾਂਸਾ' ਵਿਚੋਂ ਜ਼ਿਕਰ ਕਰਦੇ ਹਨ ਕਿ, " ਅਵਤਾਰ ਦਾ ਵਿਉਤਪਤੀ ਮੂਲਕ ਅਰਥ ਹੈ 'ਉਤਰਨਾ'। ਭਗਤ ਦਾ ਭਗਵਾਨ ਸਰਬ ਵਿਆਪਕ ਹੁੰਦੇ ਹੋਏ ਵੀ ਬੈਕੁੰਠ ਸਰੀਖੇ ਵਿਸ਼ਿਸਟ ਧਾਮ ਵਿਚ ਨਿਵਾਸ ਕਰਦਾ ਹੈ।[1067]

ਬੈਕੁੰਠ ਦੀ ਸਹੀ ਪਰਿਭਾਸ਼ਾ ਕੋਈ ਨਹੀਂ ਪਰ ਇਸ ਦੀ ਥਾਂ ਆਮ ਵਿਚਾਰ ਅਨੁਸਾਰ ਇਸ ਧਰਤ ਤੋਂ ਉਤੇ ਕਿਤੇ ਨਿਵੇਕਲੀ ਹੈ। ਪਰਮਾਤਮਾ ਉਸ ਥਾਂ ਤੋਂ ਕਿਸੇ ਨਾ ਕਿਸੇ ਰੂਪ ਵਿਚ ਇਸ ਧਰਤੀ ਤੇ ਪ੍ਰਗਟ ਹੁੰਦਾ ਹੈ। ਇਸੇ ਨੂੰ 'ਅਵਤਾਰ' ਕਿਹਾ ਜਾਂਦਾ ਹੈ। ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਤਿੰਨ ਦੇਵਤਿਆਂ ਨੂੰ ਸ੍ਰਿਸ਼ਟੀ ਦੀ ਕਰਮਵਾਰ ਉਤਪਤੀ, ਸਥਿਤੀ ਅਤੇ ਨਾਸ਼ ਦਾ

ਕੰਮ ਸੌਂਪਿਆ ਗਿਆ ਮੰਨਿਆ ਗਿਆ ਹੈ। ਅਵਤਾਰਵਾਦ ਦੇ ਬੀਜ ਭਾਵੇਂ ਵੈਦਿਕ ਸਾਹਿਤ ਵਿਚ ਮਿਲ ਜਾਂਦੇ ਹਨ ਪਰ ਇਸ ਦੀ ਨਿਸ਼ਚਿਤ ਸਥਾਪਨਾ ਪੁਰਾਣ ਗ੍ਰੰਥਾਂ ਵਿਚ ਹੋਈ ਹੈ। ਸੋ ਅਵਤਾਰਵਾਦ ਪੌਰਾਣਿਕ ਸਾਹਿਤ ਦੀ ਪ੍ਰਧਾਨ ਪ੍ਰਵਿਰਤੀ ਹੈ।[1065] ਪਰ ਇਨ੍ਹਾਂ ਅਵਤਾਰਾਂ ਦੀ ਸੰਖਿਆ ਨਿਸ਼ਚਿਤ ਕਰਨੀ ਬਹੁਤ ਮੁਸ਼ਕਲ ਹੈ।

ਜਿਥੋਂ ਤੱਕ ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦਾ ਸੰਬੰਧ ਹੈ। ਦੋਹਾਂ ਨੇ ਹੀ ਅਵਤਾਰਵਾਦ ਦਾ ਖੰਡਨ ਕੀਤਾ ਹੈ। ਗੁਰੂ ਰਵਿਦਾਸ ਜੀ ਇਕ ਪਰਮਾਤਮਾ ਤੋਂ ਬਿਨਾ ਹੋਰ ਕਿਸੇ ਵਿਚ ਯਕੀਨ ਨਹੀਂ ਰੱਖਦੇ। ਉਹ ਤਾਂ ਦੇਵੀ ਦੇਵਤਿਆਂ ਤੇ ਅਵਤਾਰਾਂ ਨੂੰ ਪਰਮਾਤਮਾ ਦਾ ਸਗੁਣ ਸਰੂਪ ਸਮਝਦੇ ਸਨ। ਪਰਮਾਤਮਾ ਤਾਂ ਨਾ ਜੰਮਦਾ ਹੈ ਅਤੇ ਨਾ ਮਰਦਾ। ਫਿਰ ਉਹ ਅਵਤਾਰ ਕਿਵੇਂ ਧਾਰ ਸਕਦਾ ਹੈ। ਉਹ ਨਿਰਲੇਪ, ਅਜੂਨੀ ਅਤੇ ਨਿਰਵਿਕਾਰ ਹੈ। ਇਸ ਲਈ ਨਿਰਗੁਣ ਵੀ ਹੈ:-

ਅਜਰ ਅਮਰ ਅਡੋਲ ਅਭੇਖ, ਨਿਰਗੁਨ ਰਹਿਤ ਰੂਪ ਨਹਿ ਰੇਖਾ।
ਚੇਤਨ ਸਤ ਚਿਤ ਘਨ ਅਨੰਦਾ, ਨਿਰਵਿਕਾਰ ਤੇਜ ਅਮਿਤ ਅਭੇਦਾ।
ਅਨੂਪ ਅਜਨਮਾ ਸਰਬ ਬਿਆਪਕ ਅਨੰਤਾ, ਅਭੇਦ ਅਦੇਖ ਅਵਿਗਤ ਗੁਣੀਦਾ॥[1069]

ਪ੍ਰਭੂ ਦੇ ਜਿਸ ਵਿਰਾਟ ਸਰੂਪ ਦਾ ਵਿਵਰਣ ਗੁਰੂ ਰਵਿਦਾਸ ਜੀ ਨੇ ਕੀਤਾ ਹੈ ਉਹ ਸਰੂਪ ਮਨੁੱਖੀ ਜਾਮੇ ਵਿਚ ਕਿਸੇ ਅਵਤਾਰ, ਦੇਵੀ-ਦੇਵਤੇ, ਪੀਰ-ਪੈਗੰਬਰ ਦਾ ਨਹੀਂ ਹੋ ਸਕਦਾ। ਉਸ ਵਿਰਾਟ ਸਰੂਪ ਨੂੰ ਕਿਸੇ ਬੰਧਨ ਵਿਚ ਨਹੀਂ ਬੰਨ੍ਹਿਆ ਜਾ ਸਕਦਾ। ਉਸਦੇ ਚਰਨ ਪਤਾਲ ਵਿਚ ਅਤੇ ਸੀਸ ਅਸਮਾਨ ਤੱਕ ਹੈ:-

ਬਾਂਧੂ ਨ ਬੰਧਨ ਛਾਂਹੂ ਨ ਛਾਇਆ, ਤੁਮਹੀ ਸੇਊਂ ਨਿਰੰਜਨ ਰਾਇਆ।
ਚਰਨ ਪਤਾਲਿ ਸੀਸ ਅਸਮਾਨਾ, ਸੋ ਠਾਕੁਰ ਕੈਸੇ ਸੰਪਟਿ ਸਮਾਨਾ॥[1070]

ਬ੍ਰਹਮਾ, ਵਿਸ਼ਨ, ਮਹੇਸ਼ ਜੇਕਰ ਰੱਬ ਦਾ ਰੂਪ ਹੁੰਦੇ ਤਾਂ ਉਨ੍ਹਾਂ ਨੂੰ ਉਸ ਪਰਮਾਤਮਾ ਦੀ ਭਾਲ ਵਿਚ ਆਪਣਾ ਜੀਵਨ ਗੁਆਉਣ ਦੀ ਕੀ ਲੋੜ ਸੀ। ਉਹ ਤਾਂ ਆਪਣੇ ਆਪ ਵਿਚ ਹੀ ਅੰਤ ਤੇ ਖੋਜ ਹੁੰਦੇ। ਪਰ ਸ਼ਿਵ, ਸਨਕਾਦਿਕ ਵੀ ਉਸ ਦਾ ਅੰਤ ਨਾ ਪਾ ਸਕੇ। ਬ੍ਰਹਮਾ ਨੇ

ਵੀ ਉਸਦੀ ਭਾਲ ਵਿਚ ਆਪਣਾ ਸਾਰਾ ਜੀਵਨ ਲਾ ਦਿੱਤਾ ਫਿਰ ਉਹ ਅਵਤਾਰ ਕਿਵੇਂ ਹੋਏ:-

1. ਸ਼ਿਵ ਸਨਕਾਦਿਕ ਅੰਤ ਨ ਪਾਯਾ, ਖੋਜਤ ਬ੍ਰਹਮਾ ਜਨਮ ਗੰਵਾਯਾ।।[1071]

ਉਹ ਪਰਮਾਤਮਾ ਤਾਂ ਆਦਿ ਤੋਂ ਅੰਤ ਤੱਕ ਇਕੋ ਜਿਹਾ ਹੈ। ਉਹ ਬਦਲਦਾ ਨਹੀਂ ਤੇ ਹੈ ਵੀ ਇੱਕ। ਉਸ ਵਰਗਾ ਹੋਰ ਦੂਜਾ ਹੈ ਹੀ ਨਹੀਂ। ਇਹ ਸਾਰੀ ਸ੍ਰਿਸ਼ਟੀ ਉਸ ਇੱਕੋ ਦਾ ਵਿਸਥਾਰ ਹੈ। ਜੇ ਉਸ ਨੇ ਅਵਤਾਰ ਧਾਰ ਲਿਆ ਫਿਰ ਤਾਂ ਉਹ ਇਕ ਜਿਹਾ ਨਹੀਂ ਰਿਹਾ ਤੇ ਉਹ ਦੋ ਹੋ ਗਏ, ਬਦਲ ਵੀ ਗਿਆ ਤੇ ਅਵਤਾਰ ਦੂਜਾ ਜਾਂ ਸਾਥੀ ਹੋ ਗਿਆ। ਸਾਰੇ ਪੀਰ ਪੈਗੰਬਰ ਉਸੀ ਦੀ ਹੱਦ ਵਿਚ ਹਨ। ਹੋਰ ਕੋਈ ਉਸ ਦਾ ਸਾਨੀ ਨਹੀਂ ਪਰ ਮਾਇਆ ਦੇ ਭਰਮ ਥੱਲੇ ਉਹ ਸਾਨੂੰ ਦੂਜਾ ਨਜ਼ਰ ਆਉਂਦਾ ਹੈ:-

1. ਆਦਿ ਹੂੰ ਏਕ ਅੰਤਾ ਫੁਨਿ ਸੋਈ। ਮਧਿ ਉਪਾਧਿ ਜੁ ਕੈਸੇ।।
   ਅਹੈ ਏਕ ਪੈ ਭ੍ਰਮ ਹੂੰ ਦੂਜੋ, ਕਨਕ ਅਲੰਕ੍ਰਿਤ ਜੈਸੇ।।[1072]
2. ਆਪਹਿ ਆਪਿ ਸਾਖੀ ਨਹਿ ਦੂਸਰ, ਜਾਨਨਹਾਰ ਸੁਜਾਨਾ।।[1073]
3. ਏਕ ਹੀ ਅਨੇਕ ਹੋਇ ਬਿਸਥਰਿਓ। ਆਨ ਰੇ ਆਨ ਭਰਪੂਰਿ ਸੋਊ।।[1074]
4. ਜਿਸ ਕੀ ਪਨਹ ਪੀਰ ਪੈਗੰਬਰ, ਮੈਂ ਗਰੀਬ ਕਯਾ ਗੰਦਾ।
   ਤੂ ਹਾਜਰਾ ਹਜੂਰਿ ਜੋਗ ਇਕ, ਅਵਰ ਨਹੀਂ ਦੂਜਾ।।[1075]

ਉਪਨਿਸ਼ਦ ਉਸ ਬ੍ਰਹਮ ਬਾਰੇ ਅਨੇਕ ਕਥਾਵਾਂ ਕਹਿੰਦੇ ਹਨ, ਉਸਦੇ ਉਦਾਹਰਣ ਦਿੰਦੇ ਹਨ। ਪਰ ਗੁਰੂ ਰਵਿਦਾਸ ਦਾ ਬ੍ਰਹਮ 'ਅਕਥ ਕਥਾ' ਅਨਿਰਵਚਨ ਹੈ, ਅਕਥਨੀਯ ਹੈ, ਉਪਮਾ ਤੋਂ ਰਹਿਤ ਹੈ, ਆਪਣੇ ਵਰਗਾ ਖੁਦ ਆਪ ਹੈ, ਸ੍ਵੈ-ਪ੍ਰਕਾਸ਼ ਅਤੇ ਅਦਵੈਤ ਹੈ:-

1. ਕਹੈ 'ਰਵਿਦਾਸ' ਅਕਥ ਕਥਾ, ਉਪਨਿਸ਼ਦ ਸੁਨੀਜੈ।
   ਜਸ ਤੂੰ ਤਸ ਤੂੰ ਹੀ, ਕਸ ਔਪਮ ਦੀਜੈ।।[1076]
2. ਹੈ ਸਭ ਆਤਮ ਸ੍ਵੈਂ ਪ੍ਰਕਾਸ ਸਾਂਚੋ।[1077]

ਕੇਸਉ, ਕ੍ਰਿਸ਼ਨ, ਕਰੀਮ, ਮਾਧਉ, ਮੁਕੰਦ, ਅਲਹ, ਰਾਮ ਸਭ ਉਸ ਦੇ ਹੀ ਨਾਂ ਹਨ।[1078] ਡਾ. ਧਰਮਪਾਲ ਸਿੰਗਲ ਲਿਖਦੇ ਹਨ ਕਿ ਜਿਸ ਵਿਰਾਟ ਪੁਰਖ ਦੀ ਪਰਿਕਲਪਣਾ ਰਵਿਦਾਸ ਕਰਦੇ ਹਨ, ਉਹ ਦਸ਼ਰਥ ਪੁੱਤਰ ਦੀ ਰਾਮ-ਉਪਾਸਨਾ ਨਹੀਂ ਹੈ। ਉਨ੍ਹਾਂ ਦਾ ਰਾਮ ਕਬੀਰ ਅਤੇ ਹੋਰ ਸੰਤ ਸਮਾਜ ਦੀ ਤਰ੍ਹਾਂ ਹੀ ਨਾਮ ਦਾ ਪਰਯਾਇ ਹੈ। ਉਹ ਸਗੁਣ ਰਾਮ, ਸੀਤਾਪਤੀ ,ਦਸ਼ਰਥ ਪੁਤਰ, ਰਾਵਣ ਅਰਿ ਰਾਮ ਨਹੀਂ ਹੈ। ਉਨ੍ਹਾਂ ਦੇ ਪਦਾਂ ਵਿਚ ਕਿਧਰੇ

ਵੀ ਰਾਮ ਦੇ ਅਵਤਾਰ ਧਾਰਨ ਦਾ ਜ਼ਿਕਰ ਮਾਤਰ ਨਹੀਂ ਆਇਆ। ਉਨ੍ਹਾਂ ਦਾ ਰਾਮ ਸਰਬ-ਵਿਆਪਕ ਹੈ, ਪੂਰਣ ਬ੍ਰਹਮ ਹੈ।[1079]

ਗੁਰੂ ਰਵਿਦਾਸ ਦਾ ਰਾਮ ਹੋਰ ਸਗੁਣ ਭਗਤਾਂ ਵਾਂਗ ਜਨਮ-ਮਰਨ ਦੇ ਗੇੜ ਵਿਚ ਨਹੀਂ ਆਉਂਦਾ। ਉਹ ਨਿਰਲੇਪ, ਦਿਵਜੋਤਿ ਪ੍ਰਕਾਸ਼ੀ, ਸੁਖ ਰਾਸੀ, ਅਜੂਨੀ, ਨਿਰਵਿਕਾਰ ਹੈ। ਇਸ ਲਈ ਉਹ ਨਿਰਗੁਣ ਵੀ ਹੈ:-

1. ਪ੍ਰਿਥਮਹਿ ਸਿਮਰ ਜੀ ਰਾਮ ਭਤਾਰਾ, ਜਿਹ ਕ੍ਰਿਪਾ ਜੀਵ ਉਤਰਹਿ ਪਾਰ।
ਪੂਰਨ ਬ੍ਰਹਮ ਸਦਾ ਸੁਖ ਰਾਸੀ, ਅਮਲ ਅਕਲ ਦਿਵ ਜੋਤਿ ਪ੍ਰਕਾਸੀ।।
ਕਲਿਮਲ ਹਰਣ ਸੁਰਸੁਰੀ ਸਮਜੋਇ, ਸਗੁਨ ਨਿਗੁਨ ਸਰਨਾਗਤ ਸੋਇ।
ਰਾਮ ਜਪਤ ਮੁਕਤ ਭਏ ਅਘਨਾਰੀ, ਕਹਤੀ ਗਯਾਨ ਤ੍ਰਿਵੇਦ ਵਿਚਾਰੀ।[1080]
2. ਰਵਿਦਾਸ ਹਮਾਰੋ ਰਾਮ ਜੀ, ਦਸਰਥ ਕਰਿ ਸੁਤ ਨਾਹਿੰ।
ਰਾਮ ਹਮਉ ਮਹਿੰ ਰਮਿ ਰਹਯੋ, ਬਿਸਬ ਕੁਟੰਬਹਿ ਮਾਹਿੰ।।[1081]

ਬ੍ਰਹਮ ਤੇ ਜੀਵ ਵੱਖ ਨਹੀਂ। ਬ੍ਰਹਮ ਤਾਂ ਰੋਮ ਰੋਮ ਵਿਚ ਵਸ ਰਿਹਾ ਹੈ। ਉਹ ਸਾਥੋਂ ਦੂਰ ਵੀ ਨਹੀਂ।[1082] ਗੁਰੂ ਰਵਿਦਾਸ ਨੂੰ ਸਾਰੇ ਪਾਸੇ ਉਸ ਪਰਮਾਤਮਾ ਦਾ ਨੂਰ ਵਿਖਾਈ ਦੇ ਰਿਹਾ ਹੈ। ਇਸ ਲਈ ਅਵਤਾਰ ਦੇਵੀ ਦੇਵਤਿਆਂ ਵਿਚ ਵੀ ਉਸੇ ਪਰਮਾਤਮਾ ਦਾ ਨੂਰ ਹੈ। ਪਰਮਾਤਮਾ ਹੈ ਵੀ ਇੱਕ। ਇਸ ਲਈ ਜੇ ਉਹ ਜੀਵਾਂ ਤੋਂ ਵੱਖਰੇ ਹਨ ਤੇ ਪਰਮਾਤਮਾ ਦੇ ਬਰਾਬਰ ਹਨ ਤਾਂ ਪਰਮਾਤਮਾ ਇੱਕ ਤੋਂ ਵਧ ਹਨ। ਪਰ ਅਜਿਹਾ ਵੀ ਨਹੀਂ ਹੈ। ਅਵਤਾਰ ਵੀ ਤਾਂ ਉਸੇ ਪਰਮਾਤਮਾ ਦੇ ਸਾਜੇ ਹੋਏ ਹਨ। ਇਹ ਵੀ ਉਸ ਪਰਮਜੋਤ ਦਾ ਅੰਸ਼ ਮਾਤਰ ਹਨ। ਕਰਤਾ ਤਾਂ ਇੱਕ ਹੀ ਹੈ।

1. ਰਵਿਦਾਸ ਹੌਂ ਖਾਲਿਕ ਦੇਖਿਆ, ਸਕਲ ਰਹਯਾ ਭਰਪੂਰ।
ਸਭ ਵਿਚ ਦੇਖਹੁ ਬਿਆਪਿਆ, ਖਾਲਿਕ ਕਾ ਹੀ ਨੂਰ।।[1083]
2. ਰਵਿਦਾਸ ਜੋ ਕਰਤਾ ਸਰਿਸਟਿ ਕਾ, ਵਹ ਤੋ ਕਰਤਾ ਏਕ।
ਸਭ ਮਹਿੰ ਜੋਤਿ ਸਰੂਪ ਇੱਕ, ਕਾਹੇ ਕਹੂੰ ਅਨੇਕ।।[1084]

ਹਾਂ ਇਕ ਗੱਲ ਮੰਨੀ ਜਾ ਸਕਦੀ ਹੈ ਕਿ ਇਹੋ ਜਿਹੇ ਜੀਵ ਮਨੁੱਖੀ ਜਾਮੇ ਵਿਚ ਸੰਸਾਰ ਵਿਚ ਰਹਿੰਦੇ ਹੋਏ ਕਾਮ, ਕ੍ਰੋਧ ,ਲੋਭ, ਮੋਹ,ਹੰਕਾਰ ਤੋਂ ਨਿਰਲੇਪ ਰਹਿਣ ਕਰਕੇ ਆਪਣੇ ਗੁਣਾਂ ਕਰਕੇ ਬਾਕੀ ਜੀਵਾਂ ਤੋਂ ਉਤਮ ਹੋ ਸਕਦੇ ਹਨ। ਉਹ ਸੁਖ, ਦੁੱਖ, ਹਾਨੀ ਲਾਭ ਨੂੰ

ਬਰਾਬਰ ਸਮਝਦੇ ਹਨ। ਰਵਿਦਾਸ ਜੀ ਉਨ੍ਹਾਂ ਨੂੰ ਜੋਗੀ ਪੁਰਸ਼ ਦਾ ਨਾਂ ਦਿੰਦੇ ਹਨ:-

1. ਸੁਖ ਦੁਖ ਹਾਨੀ ਲਾਭ ਕਉ, ਜੋਊ ਸਮਝਹਿ ਇਕ ਸਮਾਨ।
ਰਵਿਦਾਸ ਤਿਨ੍ਹਹਿ ਜਾਨੀਐ, ਜੋਗੀ ਪੁਰਸ਼ ਸੁਜਾਨ।।[1085]

ਬ੍ਰਹਮ ਰਿਖੀ, ਨਾਰਦ, ਸ਼ਿਵ, ਸਨਕਾਦਿਕ ਤਾਂ ਸਾਰੇ ਹੀ ਪ੍ਰਭੂ ਦਾ ਨਾਂ ਜਪ ਕੇ ਪਾਰ ਤਾਂ ਹੋਏ ਹਨ। ਫਿਰ ਵੀ ਪ੍ਰਭੂ ਦਾ ਅੰਤ ਨਹੀਂ ਪਾ ਸਕੇ:-

1. ਬ੍ਰਹਮ ਰਿਖਿ ਨਾਰਦ ਸਿਵ ਸਨਕਾਦਿਕ, ਰਾਮ ਨਾਮਿ ਰਮਤ ਗਏ ਪਾਰ ਤੇਤਾ।।[1086]
2. ਸਿਵ ਸਨਕਾਦਿਕ ਪਾਰ ਨ ਪਾਵੈ, ਸੋ ਬਪੁਰੋ ਕੋ ਕੋਨ ਗਿਨੀ ਹੈ।।[1087]

ਗੁਰੂ ਨਾਨਕ ਦੇਵ ਜੀ ਤੇ ਉਨ੍ਹਾਂ ਦੀ ਗੱਦੀ ਦੇ ਵਾਰਸ ਤੇ ਪੈਰੋਕਾਰ ਵੀ ਅਵਤਾਰਵਾਦ ਦੇ ਸਖ਼ਤ ਵਿਰੋਧੀ ਸਨ। ਉਹ ਪੈਗ਼ੰਬਰ ਜਾਂ ਅਵਤਾਰ ਦੀ ਥਾਂ ਅਜਿਹੇ ਮਹਾਂਪੁਰਖ ਨੂੰ ਪਰਮਾਤਮਾ ਦਾ ਸਗੁਣ ਸਰੂਪ ਸਮਝਦੇ ਸਨ। ਉਹ ਤਾਂ ਪਰਮ ਸਤ੍ਹਾ ਹੈ ਅਤੇ ਉਸ ਪਰਮਸਤ੍ਹਾ ਦੀ ਮਨੁੱਖ ਰੂਪ ਵਿਚ ਕਲਪਣਾ ਨਹੀਂ ਕੀਤੀ ਜਾ ਸਕਦੀ। ਉਹ ਤਾਂ ਨਾ ਜੰਮਦਾ ਹੈ ਤੇ ਨਾ ਮਰਦਾ। ਪਰ ਮਨੁੱਖ ਤੇ ਅਵਤਾਰ ਜਾਂ ਪੈਗੰਬਰ ਜੰਮਦੇ ਵੀ ਹਨ ਤੇ ਮਰਦੇ ਵੀ। ਫਿਰ ਉਹ ਪਰਮਾਤਮਾ ਕਿਵੇਂ ਹੋ ਸਕਦੇ ਹਨ। ਇਹੋ ਜੁਗਤੀ ਨੂੰ ਮੰਨਣਾ, ਸਮਝਣਾ, ਸਮਝਾਉਣਾ ਉਨ੍ਹਾਂ ਨੂੰ ਪ੍ਰਵਾਨ ਹੈ:-

1. ਏਕਮ ਏਕੰਕਾਰੁ ਨਿਰਾਲਾ।। ਅਮਰੁ ਅਜੋਨੀ ਜਾਤਿ ਨ ਜਾਲਾ।।[1088]
2. ਜਨਮ ਮਰਨ ਦੋਹੂ ਮਹਿ ਨਾਹੀ ਜਨ ਪਰਉਪਕਾਰੀ ਆਏ।।
ਜੀਅ ਦਾਨ ਦੇਇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ।।[1089]

ਗੁਰਬਾਣੀ ਵਿਚ ਅਕਾਲ ਪੁਰਖ ਨੂੰ ਅਜੋਨੀ ਮੰਨਿਆ ਹੈ। ਮਨੁੱਖ ਰੂਪ ਵਿਚ ਉਸਦੇ ਅਵਤਾਰ ਅਤੇ ਇਸ ਤੋਂ ਪ੍ਰਚੱਲਿਤ ਅਵਤਾਰਵਾਦ ਨੂੰ, ਜਿਸ ਕਾਰਣ ਸੰਪਰਦਾਵਾਂ ਉਤਪੰਨ ਹੋਈਆਂ ਤੇ ਸਮਾਜਕ ਏਕਤਾ ਖੰਡਣ ਹੋਈ, ਕਰੜੇ ਸ਼ਬਦਾਂ ਵਿਚ ਕੂੜ ਤੇ ਫੋਕਟ ਦਰਸਾਇਆ ਹੈ। ਅਕਾਲ ਇਹੋ ਇੱਕ ਹੈ। ਉਸ ਦਾ ਜੋੜ ਕੋਈ ਸਾਨੀ ਨਹੀਂ ਹੈ। ਉਹ ਜਨਮ ਮਰਨ ਦੇ ਚੱਕਰ ਤੋਂ ਮੁਕਤ ਹੈ। ਕਾਲ ਉਸ ਨੂੰ ਆਪਣੇ ਘੇਰੇ ਵਿਚ ਕਦਾਚਿਤ ਲਪੇਟ ਨਹੀਂ ਸਕਦਾ ਅਤੇ ਸਭਨੀ ਥਾਈਂ ਇਕ ਸਮਾਨ ਵਿਆਪਕ ਹੈ।[1090] ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ:-

1. ਕਿਤੇ ਕਿਸਨ ਸੇ ਕੀਟ ਕੋਟੈ ਉਪਾਏ। ਉਸਾਰੇ ਗੜ੍ਹੇ ਫੇਰ ਮੇਟੇ ਬਨਾਏ।
ਅਗਾਧੇ ਅਭੈ ਆਦਿ ਅਦ੍ਵੈ ਅਬਿਨਾਸੀ। ਪਰੇ ਅੰਪਰਾ ਪਰਮ ਪ੍ਰਗ੍ਯਾ ਪ੍ਰਕਾਸੀ।[1091]

2. ਜਿਮੀ ਜਮਾਨ ਕੇ ਬਿਖੈ ਸਮੱਸਤ ਏਕ ਜੋਤ ਹੈ।
ਨ ਘਾਟ ਹੈ ਨਾ ਬਾਢ ਹੈ ਨ ਘਾਟ ਬਾਢ ਹੋਤ ਹੈ।
ਨ ਹਾਨ ਹੈ ਨ ਬਾਨ ਹੈ ਸਮਾਨ ਰੂਪ ਜਾਨੀਐ।
ਮਕੀਨ ਔ ਮਕਾਨ ਅਪ੍ਰਮਾਨ ਤੇਜ ਮਾਨੀਐ॥ [1092]

ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਉਹ ਕਦੇ ਅਵਤਾਰ ਨਹੀਂ ਧਾਰਦਾ ਤੇ ਨਾਹੀ ਜੂਨਾਂ ਵਿਚ ਪੈਂਦਾ ਹੈ। ਉਹ ਤਾਂ ਆਪਣੇ ਆਪ ਤੋਂ ਹੈ। ਉਹ ਅਲੋਪ ਪੁਰਖ ਹੈ। ਉਹ ਤਾਂ ਅਲੱਖ ਅਪਾਰ, ਅਗਮਿ ਤੇ ਅਗੋਚਰ ਹੈ:--

1. ਤੂੰ ਅਕਾਲ ਪੁਰਖ ਨਾਹੀ ਸਿਰ ਕਾਲਾ। ਤੂੰ ਪੁਰਖ ਅਲੇਪ ਅਗਮਿ ਨਿਰਾਲਾ।
ਅਲਖ ਅਪਾਰ ਅਗਮਿ ਅਗੋਚਰ ਨਾ ਤਿਸ ਕਾਲ ਨ ਕਰਮਾ।
ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸ ਭਾਉ ਨ ਭਰਮਾ।
ਸਾਚੇ ਸਚਿਆਰ ਵਿਟਹੁ ਕੁਰਬਾਣੁ।
ਨਾ ਤਿਸ ਰੂਪ ਵਰਨ ਨਹੀਂ ਰੇਖਿਆ ਸਾਚੇ ਸਬਦ ਨੀਸਾਣ।
ਨਾ ਤਿਸ ਮਾਤ ਪਿਤਾ ਸੁਤ ਬੰਧਪ, ਨਾ ਤਿਸ ਕਾਮ ਨ ਨਾਰੀ।
ਅਕੁਲ ਨਿਰੰਜਨ ਅਪਰ ਪਰੰਪਰੁ ਸਗਲੀ ਜੋਤ ਤੁਮਾਰੀ॥ [1093]

ਗੁਰੂ ਨਾਨਕ ਨੇ ਬ੍ਰਹਮਾ, ਵਿਸ਼ਨੂੰ, ਮਹੇਸ਼ ਆਦਿ ਕਿਸੇ ਨੂੰ ਵੀ ਪਰਮਸਤ੍ਹਾ ਨਹੀਂ ਮੰਨਿਆ। ਉਨ੍ਹਾਂ ਨੇ ਇਨ੍ਹਾਂ ਨੂੰ ਵੀ ਸੰਸਾਰ ਦੇ ਬਾਕੀ ਜੀਵਾਂ ਦੀ ਤਰ੍ਹਾਂ ਉਸ ਪਰਮਾਤਮਾ ਰਾਹੀਂ ਪੈਦਾ ਕੀਤੇ ਮੰਨਿਆ ਹੈ। ਇਹ ਤਿੰਨੇ ਦੇਵ ਮਾਇਆ ਰਾਹੀਂ ਪੈਦਾ ਹੋਏ ਹਨ ਅਤੇ ਇਹ ਸਾਰੇ ਮਾਇਆ ਦੇ ਵਸ ਵਿਚ ਹਨ:--

1. ਤ੍ਰਿਤੀਆ ਬ੍ਰਹਮਾ ਬਿਸਨੁ ਮਹੇਸਾ। ਦੇਵੀ ਦੇਵ ਉਪਾਇ ਵੇਸਾ।
ਜੋਤੀ ਜਾਤਿ ਗਣਤ ਨ ਆਵੈ। ਜਿਨਿ ਸਾਜੀ ਸੋ ਕੀਮਤਿ ਪਾਵੈ॥ [1094]
2. ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥
ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥ [1095]
3. ਮਾਇਆ ਮੋਹੇ ਦੇਵੀ ਸਭਿ ਦੇਵਾ॥ [1096]

ਗੁਰੂ ਨਾਨਕ ਦੇਵ ਜੀ ਅਨੁਸਾਰ ਇਹ ਸਾਰੇ ਦੇਵੀ ਦੇਵਤੇ ਪਰਮਾਤਮਾ ਦੇ ਦਰ ਤੇ ਖੜੇ ਬੜੀ ਸ਼ਰਧਾ ਨਾਲ ਉਸ ਦੀ ਸੇਵਾ ਕਰਦੇ ਹਨ। ਉਸ ਪਰਮਾਤਮਾ ਦਾ ਨਾਂ ਜਪਣ ਨਾਲ ਹੀ ਬ੍ਰਹਮਾ, ਸੰਕਰ ਤੇ ਇੰਦਰ ਨੂੰ ਇਹ ਪਦਵੀ ਮਿਲੀ। ਬ੍ਰਹਮਾ, ਇੰਦਰ, ਗੋਪੀਆਂ, ਕ੍ਰਿਸ਼ਨ, ਸ਼ਿਵਜੀ, ਸਿੱਧ

ਤੇ ਬੁੱਧ ਵੀ ਉਸ ਪਰਮਾਤਮਾ ਦਾ ਨਾਮ ਜਪਦੇ ਹਨ। ਇਸ ਲਈ ਉਹ ਅਵਤਾਰ ਨਹੀਂ ਹੋ ਸਕਦੇ:–

1. ਬ੍ਰਹਮਾ ਬਿਸਨੁ ਮਹੇਸੁ ਦੁਆਰੈ। ਊਭੇ ਸੇਵਹਿ ਅਲਖ ਅਪਾਰੈ।।[1097]
2. ਸੁੰਞਐ ਈਸਰੁ ਬਰਮਾ ਥਿਉ।।[1098]
3. ਆਖਹਿ ਬਰਮੇ ਆਖਹਿ ਇੰਦ।। ਆਖਹਿ ਗੋਪੀ ਤੈ ਗੋਵਿੰਦ।।
   ਆਖਹਿ ਈਸਰ ਆਖਹਿ ਸਿਧ।। ਆਖਹਿ ਕੇਤੇ ਕੀਤੇ ਬੁਧ।।[1099]

ਬ੍ਰਹਮਾ, ਸ਼ਿਵਜੀ, ਬਿਸ਼ਨ ਸਾਰੇ ਕਾਲ ਦੇ ਵਸ ਹਨ। ਇਸ ਲਈ ਇਹ ਗੁਰੂ ਨਹੀਂ ਤੇ ਨਾਹੀ ਅਵਤਾਰ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਆਦਿ ਤੋਂ ਅੰਤ ਤਕ ਇਹੋ ਅਵਤਾਰ ਪਰਮਾਤਮਾ ਨੂੰ ਨਮਸਕਾਰ ਕਰਦੇ ਹਨ। ਅਤੇ ਉਸਨੂੰ ਹੀ ਗੁਰੂ ਮੰਨਦੇ ਹਨ। ਜੋ ਕ੍ਰੋੜਾਂ ਇੰਦ੍ਰਾਂ ਦਾ ਇੰਦਰ, ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ ਗਿਣਿਆ ਜਾਂਦਾ ਹੈ:–

1. ਪ੍ਰਥਮੇ ਬ੍ਰਹਮਾ ਕਾਲੈ ਘਰਿ ਆਇਆ।। ਬ੍ਰਹਮ ਕਮਲੁ ਪਇਆਲਿ ਨ ਪਾਇਆ।[1100]
2. ਕਾਲ ਪਾਇ ਬ੍ਰਹਮਾ ਬਪੁ ਧਰਾ।। ਕਾਲੁ ਪਾਇ ਸਿਵਜੂ ਅਵਤਰਾ।।
   ਕਾਲ ਪਾਇ ਕਰ ਬਿਸਨੁ ਪ੍ਰਕਾਸਾ।। ਸਕਲ ਕਾਲ ਕਾ ਕੀਆ ਤਮਾਸਾ।।
   - - - - - - - - - - - - - - - - - - - - - - -
   ਆਦਿ ਅੰਤਿ ਏਕੈ ਅਵਤਾਰਾ।। ਸੋਈ ਗੁਰੂ ਸਮਝਿਯਹੁ ਹਮਾਰਾ।।[1101]
3. ਕੋਟਿ ਇੰਦ੍ਰ ਇੰਦ੍ਰਾਣ।। ਸਾਹੁ ਸਾਹਾਣਿ ਗਣਿਜੈ।।[1102]

ਰਾਮ ਵਰਗੇ ਹੋਰ ਬਹੁਤ ਸਾਰੇ ਤਾਂ ਉਸ ਪਰਮਾਤਮਾ ਦੇ ਚਰਨਾਂ ਦੀ ਧੂੜ ਹਨ। ਉਸ ਪਰਮਾਤਮਾ ਦੇ ਦਰਸ਼ਨਾਂ ਲਈ, ਬ੍ਰਹਮਾ, ਸ਼ੰਕਰ ਆਦਿ ਦੇਵੀ-ਦੇਵਤਿਆਂ ਨੇ ਆਪਣੀਆਂ ਸੰਸਾਰਕ ਵਸਤੂਆਂ ਦਾ ਤਿਆਗ ਕਰ ਦਿੱਤਾ। ਭੁੱਖਾਂ-ਦੁੱਖਾਂ ਨੂੰ ਸਹਿਨ ਕਰਕੇ ਵੀ ਉਸ ਪਰਮਾਤਮਾ ਦਾ ਅੰਤ ਨਾ ਪਾ ਸਕੇ। ਉਸਨੂੰ ਵੇਦ ਵੀ ਬੇਅੰਤ ਦੱਸਦੇ ਹਨ। ਸਾਰੇ ਖੋਜੀ ਉਸਦੀ ਖੋਜ ਕਰਕੇ ਥੱਕ ਗਏ, ਦੇਵਤੇ ਹਾਰ ਗਏ ਪਰ ਹਰੀ ਦਾ ਭੇਦ ਨਾ ਪਾ ਸਕੇ:–

1. ਨਾਨਕ ਨਿਰਭਉ ਨਿਰੰਕਾਰੁ। ਹੋਰਿ ਕੇਤੇ ਰਾਮ ਰਵਾਲ।।[1103]
2. ਜੈ ਕਾਰਣਿ ਬੇਦ ਬ੍ਰਹਮੈ ਉਚਰੇ ਸੰਕਰਿ ਛੋਡੀ ਮਾਇਆ।
   ਜੈ ਕਾਰਣਿ ਸਿਧ ਭਏ ਉਦਾਸੀ ਦੇਵੀ ਮਰਮੁ ਨ ਪਾਇਆ।।[1104]
3. ਦੇਵਤਿਆਂ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ।
   ਜੋਗੀ ਜਤੀ ਜੁਗਤਿ ਮਹਿ ਰਹਤੇ ਕਰਿ ਕਰਿ ਭਗਵੇ ਭੇਖ ਭਏ।।[1105]

ਇਥੇ ਇਹੋ ਗੱਲ ਵਿਚਾਰਨ ਜੋਗ ਹੈ ਕਿ ਜੇ ਇਹ ਦੇਵੀ ਦੇਵਤੇ ਉਸ ਪਰਮਾਤਮਾ ਦਾ ਅਵਤਾਰ ਹੁੰਦੇ ਤਾਂ ਇਨ੍ਹਾਂ ਨੂੰ ਉਸ ਦਾ ਅੰਤ ਲੱਭਣ ਦੀ ਕੀ ਜ਼ਰੂਰਤ ਸੀ? ਉਸ ਦੇ ਗੁਣ ਗਾਇਨ ਕਰਨ ਦੀ ਕੀ ਲੋੜ ਸੀ। ਇਨ੍ਹਾਂ ਨੂੰ ਘਰ ਬਾਰ ਤਿਆਗ ਕੇ ਉਦਾਸੀ ਧਾਰਨ ਕਰਨ ਦੀ ਕੀ ਲੋੜ ਸੀ? ਹਾਂ ਇਹ ਗੱਲ ਜ਼ਰੂਰ ਹੈ ਕਿ ਉਹ ਜੀਵ ਜਿਨ੍ਹਾਂ ਨੂੰ ਅਵਤਾਰ ਜਾਂ ਦੇਵੀ ਦੇਵਤੇ ਕਿਹਾ ਜਾਂਦਾ ਹੈ ਉਹ ਬਾਕੀ ਮਨੁੱਖਾਂ ਨਾਲੋਂ ਕਰਣੀ ਤੇ ਕਥਨੀ ਵਿਚ ਉੱਤਮ ਹੋਣ ਕਰਕੇ ਉੱਤਮ ਗਿਣੇ ਜਾ ਸਕਦੇ ਹਨ। ਗੁਰੂ ਨਾਨਕ ਦੇਵ ਜੀ ਅਨੁਸਾਰ ਮਨੁੱਖਾਂ ਤੋਂ ਇਹ ਦੇਵਤੇ (ਕਰਣੀ ਤੇ ਕਥਨੀ ਵਿਚ ਉੱਚੇ) ਵੀ ਉਸੇ ਦੀ ਮਿਹਰ ਦਾ ਸਿੱਟਾ ਹੈ:-

1. ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥[1106]

ਗੁਰਬਾਣੀ ਵਿਚ ਉਨ੍ਹਾਂ ਮਨੁੱਖਾਂ ਨੂੰ ਵੀ ਧਿਰਕਾਰਿਆ ਗਿਆ ਹੈ ਜੋ ਇਹ ਕਹਿੰਦੇ ਹਨ ਕਿ ਉਹ ਪਰਮਾਤਮਾ ਜੂਨਾਂ ਵਿਚ ਪੈਂਦਾ ਹੈ। ਜਦੋਂ ਉਹ ਪਰਮਾਤਮਾ ਹੈ ਹੀ ਅਜੂਨੀ ਤਾਂ ਫਿਰ ਉਹ ਕੁੱਖ ਵਿਚ ਕਿਵੇਂ ਜਨਮ ਲੈ ਸਕਦਾ ਹੈ। ਉਹ ਪਰਮਾਤਮਾ ਤਾਂ ਨਿਹਚਲ ਹੈ, ਨਾ ਉਹ ਮਰਦਾ ਹੈ ਤੇ ਨਾ ਜੰਮਦਾ। ਪਰ ਜਿਨ੍ਹਾਂ ਨੂੰ ਅਵਤਾਰ ਜਾਂ ਦੇਵਤੇ ਕਿਹਾ ਜਾਂਦਾ ਹੈ ਇਹ ਜੰਮਦੇ ਵੀ ਹਨ ਤੇ ਮਰਦੇ ਵੀ। ਫਿਰ ਇਹ ਪਰਮਾਤਮਾ ਕਿਵੇਂ ਹੋਏ:-

1. ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ॥[1107]
2. ਜੇ ਕਉ ਰਾਮ ਅਜੋਨਿ ਅਜੈ ਹੈ ਤ ਕਾਹਿ ਕੈ ਕੌਸਲ ਕੁਖ ਜਯੋ ਜੂ॥[1108]
3. ਸਦਾ ਪਿਰੁ ਨਿਹਚਲੁ ਪਾਈਐ ਨਾ ਓਹੁ ਮਰੈ ਨ ਜਾਇ॥[1109]

ਪੀਰਾਂ, ਪੈਗੰਬਰਾਂ ਤੇ ਅਵਤਾਰਾਂ ਨੇ ਆਪਣੇ ਪੈਰੋਕਾਰਾਂ ਅੱਗੇ ਰੱਬ ਕੋਲ ਸਿਫ਼ਾਰਸ਼ ਕਰਨ ਦੇ ਦਾਅਵੇ ਕੀਤੇ। ਪਰ ਸਤਿਗੁਰਾਂ ਫ਼ੁਰਮਾਇਆ ਕਿ ਉਥੇ ਕਿਸੇ ਦੀ ਗਵਾਹੀ ਜਾਂ ਸਿਫ਼ਾਰਸ਼ ਦੀ ਕੋਈ ਲੋੜ ਨਹੀਂ। ਜੋ ਕੁਝ ਉਹ ਪਰਮਾਤਮਾ ਕਰਦਾ ਹੈ ਆਪ ਹੀ ਕਰਦਾ ਹੈ। ਨੇਕ ਤੇ ਹਲਾਲ ਕਮਾਈ ਕਰਨ ਦੀ ਲੋੜ ਹੈ:-

1. ਬੀਓ ਪੂਛਿ ਨ ਮਸਲਤਿ ਧਰੈ। ਜੋ ਕਿਛੁ ਕਰੈ ਸੁ ਆਪਹਿ ਕਰੈ॥[1110]
2. ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥[1111]

ਕਈ ਵਿਦਵਾਨ ਗੁਰਬਾਣੀ ਵਿਚ 'ਅਵਤਾਰ' ਸ਼ਬਦ ਦੀ ਵਰਤੋਂ ਹੋਣ ਕਰਕੇ ਇਹ ਸਿੱਧ

ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਗੁਰਬਾਣੀ ਵਿਚ ਅਵਤਾਰਵਾਦ ਦਾ ਮੰਡਨ ਹੋਇਆ ਹੈ:–

1. ਕਾਲ ਪਾਇ ਬ੍ਰਹਮਾ ਬਪੁ ਧਰਾ।। ਕਾਲ ਪਾਇ ਸਿਵਜੂ ਅਵਤਰਾ।।[1112]
2. ਕਈ ਕੋਟਿ ਹੋਏ ਅਵਤਾਰ।।[1113]
3. ਗਾਵਨ੍ਹਿ ਪਉਣੁ ਪਾਣੀ ਬੈਸੰਤਰੁ। ਚੰਦੁ ਸੂਰਜੁ ਅਵਤਾਰ।।[1114]

ਪਰ ਅਸਲ ਵਿਚ ਅਜਿਹਾ ਨਹੀਂ ਹੈ। ਗੁਰੂ ਜੀ ਦਾ ਅਵਤਾਰ ਤੋਂ ਭਾਵ ਜਨਮ ਲੈਣ ਤੋਂ ਹੈ। ਤਪੱਸਿਆ ਕਰਕੇ ਆਪਣੇ ਆਪ ਨੂੰ ਸਿਧ, ਦੇਵ ਅਵਤਾਰ ਕਹਾਉਣ ਵਾਲਾ ਆਪਣੇ ਹੰਕਾਰ ਕਰਕੇ ਘੜੀ ਮੁੜੀ ਨਰਕਾਂ ਸੁਰਗਾਂ ਵਿਚ ਅਵਤਾਰ ਲੈਂਦਾ ਹੈ। ਬ੍ਰਹਮਾ, ਸ਼ਿਵਜੀ, ਵਿਸ਼ਨੂੰ, ਸਚੀ ਦਾ ਪਤੀ ਇੰਦਰ ਅੰਤ ਫਸੇ ਹੋਏ ਜਮਾਂ ਦੀ ਫਾਹੀ ਵਿਚ ਪੈਣਗੇ:--

1. ਅਨਿਕ ਤਪਸਿਆ ਕਰੇ ਅਹੰਕਾਰ।। ਨਰਕ ਸੁਰਗ ਫਿਰਿ ਫਿਰਿ ਅਵਤਾਰ।।[1115]
2. ਬ੍ਰਹਮ ਮਹੇਸਰ ਬਿਸਨ ਸਚੀ ਪਤਿ। ਅੰਤ ਫਸੇ ਜਮ ਫਾਸ ਪਰੈਂਗੇ।।[1116]

ਡਾ. ਗੰਡਾ ਸਿੰਘ ਲਿਖਦੇ ਹਨ, ਜਦੋਂ ਲੋਕ ਗੁਰੂ ਗੋਬਿੰਦ ਸਿੰਘ ਜੀ ਦੇ ਦੁਆਲੇ ਇਕੱਠੇ ਹੋ ਕੇ ਉਨ੍ਹਾਂ ਦਾ ਹੁਕਮ ਤੇ ਵਿਚਾਰ ਸੁਣਨ ਲਈ ਉਤਾਵਲੇ ਸਨ ਜੋ ਸਭ ਕੁਝ ਅਸਾਧਾਰਣ ਸੀ। ਉਹ ਗੁਰੂ ਜੀ ਨੂੰ ਮਨੁੱਖੀ ਵੇਸ ਵਿਚ ਪਰਮਾਤਮਾ ਸਮਝਣ ਲੱਗੇ। ਕੁਝ ਉਨ੍ਹਾਂ ਨੂੰ ਅਵਤਾਰ, ਕੁਝ ਪਰਮਾਤਮਾ ਸਰੂਪ ਅਤੇ ਕੁਝ ਪਰਮਾਤਮਾ ਹੀ ਸਮਝਣ ਲੱਗੇ। ਜੋ ਸਿੱਖੀ ਰਵਾਇਤਾਂ ਦੇ ਉਲਟ ਸੀ। ਗੁਰੂ ਗੋਬਿੰਦ ਸਿੰਘ ਲਈ ਇਹ ਸਭ ਕੁਝ ਅੰਧ ਵਿਸ਼ਵਾਸ ਸੀ। ਜਿਸ ਨੂੰ ਸਹਿਣ ਨਹੀਂ ਸਨ ਕਰ ਸਕਦੇ। ਇਸੇ ਲਈ ਉਨ੍ਹਾਂ ਨੇ ਸਪਸ਼ਟ ਐਲਾਨ ਕੀਤਾ।[1117]

ਜੋ ਹਮਕੋ ਪਰਮੇਸਰ ਉਚਰੈਂ। ਤੇ ਸਭ ਨਰਕ ਕੁੰਡ ਮੈਂ ਪਰੈਂ।।
ਮੋ ਕੋ ਦਾਸ ਤਵਨ ਕੋ ਜਾਨੋ।। ਜਾ ਮੈ ਭੇਦ ਨ ਰੰਚ ਪਛਾਨੋ।।
ਮੈ ਹੋ ਪਰਮ ਪੁਰਖ ਕੋ ਦਾਸਾ।। ਦੇਖਨ ਆਇਓ ਜਗਤ ਤਮਾਸਾ।।[1118]

ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੁਆਰਾ ਵਰਣਿਤ ਬ੍ਰਹਮ ਅਜੂਨੀ ਹੈ। ਉਹ ਕਦੀ ਜਨਮ ਨਹੀਂ ਲੈਂਦਾ ਅਤੇ ਨਾ ਹੀ ਕਦੀ ਮਰਦਾ ਹੈ। ਉਸਦੀ ਸ਼ਕਤੀ ਸਦਾ ਇਕ ਰੂਪ, ਸਥਿਰ ਅਤੇ ਪਰਮਸੱਤ ਹੈ। ਸੰਤਾਂ ਤੇ ਗੁਰੂਆਂ ਦੀ ਇਹੋ ਹੀ ਧਾਰਣਾ ਭਾਰਤੀ ਅਵਤਾਰਵਾਦ ਦੇ ਸਿਧਾਂਤ ਦਾ ਵਿਰੋਧ ਹੈ। ਭਾਵੇਂ ਇਨ੍ਹਾਂ ਦੀ ਬਾਣੀ ਵਿਚ ਰਾਮ, ਕ੍ਰਿਸ਼ਨ ਆਦਿ ਅਵਤਾਰਾਂ ਦਾ ਜ਼ਿਕਰ ਆਇਆ ਹੈ ਅਤੇ ਇਨ੍ਹਾਂ ਨੂੰ ਬਹੁਤੀ ਵਡਿਆਈ ਨਹੀਂ ਦਿੱਤੀ ਪਰ ਉਨ੍ਹਾਂ ਨੇ ਪੀਰ ਪੈਗੰਬਰਾਂ ਦੀ ਨਿੰਦਾ ਕਰਨ ਦੇ ਲਿਹਾਜ਼ ਨਾਲ ਅਜਿਹਾ ਨਹੀਂ ਕੀਤਾ। ਉਨ੍ਹਾਂ ਨੇ ਇਨ੍ਹਾਂ ਨੂੰ ਪਰਮਸਤ੍ਹਾ ਦੇ ਅਧੀਨ

ਹੀ ਮੰਨਿਆ ਹੈ। ਡਾ. ਮਨਮੋਹਨ ਸਹਿਗਲ ਲਿਖਦੇ ਹਨ, "ਅਸਲ ਵਿਚ ਗੁਰੂ ਗ੍ਰੰਥ ਪਰਮ ਤੱਤ ਪ੍ਰਭੂ ਦੇ ਨਰ ਰੂਪ ਵਿਚ ਜਨਮ ਲੈਣ ਦੀ ਧਾਰਨਾ ਦੇ ਵਿਰੁੱਧ ਹੈ। ਨਿਰਸੰਦੇਹ ਗ੍ਰੰਥ ਵਿਚ ਅਜਿਹੇ ਅਨੇਕ ਨਾਂ ਅਤੇ ਉਨ੍ਹਾਂ ਦਾ ਮਹਿਮਾ ਗਾਇਨ ਉਪਲਬਧ ਹੈ, ਜਿਨ੍ਹਾਂ ਨੂੰ ਭਾਰਤੀ ਸੰਸਕ੍ਰਿਤੀ ਵਿਚ ਅਵਤਾਰ ਘੋਸ਼ਿਤ ਕੀਤਾ ਜਾ ਚੁੱਕਾ ਹੈ ਤਾਂ ਵੀ ਉਨ੍ਹਾਂ ਦਾ ਆਗਮਨ ਪ੍ਰਭੂ ਦੇ ਹੁਕਮ ਤੋਂ ਪ੍ਰਤੀਨਿਧ ਆਤਮਾਵਾਂ ਦੇ ਰੂਪ ਵਿਚ ਸਵੀਕਾਰ ਕੀਤਾ ਗਿਆ ਹੈ।"[1119]

ਹੁਕਮਿ ਉਪਾਏ ਦਸ ਅਉਤਾਰਾ॥ ਦੇਵ ਦਾਨਵ ਅਗਣਤ ਅਪਾਰਾ॥[1120]

---

## ਟਿੱਪਣੀਆਂ ਤੇ ਹਵਾਲੇ


1. ਆਚਾਰੀਆ ਬਲਦੇਵ ਉਪਾਧਿਆਇ, ਭਾਰਤੀਯ ਧਰਮ ਔਰ ਦਰਸ਼ਨ ਕਾ ਅਨੁਸ਼ੀਲਨ, ਪੰਨਾ- 11.

2. ਗੀਤਾ 4/18.

3. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ ਵਿਅਕਤਿੱਤਵ, ਕ੍ਰਿਤਿੱਤਵ ਔਰ ਚਿੰਤਨ, ਪੰਨਾ- 269.

4. ਡਾ. ਸਤੀਸ਼ ਚੰਦਰ ਚਟੋਪਾਧਿਆਇ, ਭਾਰਤੀਯ ਦਰਸ਼ਨ, ਪੰਨਾ- 19.

5. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ, ਵਿਅੱਕਤਿਤੱਵ, ਕ੍ਰਿਤੱਤਵ ਔਰ ਚਿੰਤਨ, ਪੰਨਾ- 270.

6. ਆਚਾਰੀਆ ਬਲਦੇਵ ਉਪਾਧਿਆਇ, ਭਾਰਤੀਯ ਧਰਮ ਔਰ ਦਰਸ਼ਨ ਕਾ ਅਨੁਸ਼ੀਲਨ, ਪੰਨਾ-32.

7. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ: ਵਿਅਕਤਿੱਤਵ, ਕ੍ਰਿਤੱਤਵ ਔਰ ਚਿੰਤਨ, ਪੰਨਾ- 270.

8. ਡਾ. ਸਤੀਸ਼ ਚੰਦਰ ਚਟੋਪਾਧਿਆਇ, ਭਾਰਤੀਯ ਦਰਸ਼ਨ; ਪੰਨਾ- 171.

9. ਡਾ. ਰਾਧਾ ਕ੍ਰਿਸ਼ਨਨ, ਭਾਰਤੀਯ ਦਰਸ਼ਨ ਭਾਗ-2, ਪੰਨਾ- 280.

10. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ- 241.

11. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ, ਵਿਅਕਤਿੱਤਵ, ਕ੍ਰਿਤੱਤਵ ਔਰ ਚਿੰਤਨ, ਪੰਨਾ- 271.

12. ਆਚਾਰੀਆ ਬਲਦੇਵ ਉਪਾਧਿਆਇ, ਭਾਰਤੀਯ ਧਰਮ ਔਰ ਦਰਸ਼ਨ ਕਾ ਅਨੁਸ਼ੀਲਨ, ਪੰਨਾ-112.

13. ਅਤੇ 14. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ- 35 ,41.

15. ਪੰਡਤ ਬਲਦੇਵ ਉਪਾਧਿਆਇ, ਭਾਰਤੀਯ ਦਰਸ਼ਨ, ਪੰਨਾ- 409.

16. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ: ਵਿਅਕਤਿੱਤਵ, ਕ੍ਰਿਤੱਤਵ ਔਰ ਚਿੰਤਨ, ਪੰਨਾ- 272.

17. ਆਚਾਰੀਆ ਬਲਦੇਵ ਉਪਾਧਿਆਇ, ਭਾਰਤੀਯ ਧਰਮ ਔਰ ਦਰਸ਼ਨ ਕਾ ਅਨੁਸ਼ੀਲਨ, ਪੰਨਾ- 136.

18. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ: ਵਿਅੱਕਤਿਤਵ, ਕ੍ਰਿਤੱਤਵ ਔਰ ਚਿੰਤਨ, ਪੰਨਾ-273.

19. ਰਾਮਪੂਜਨ ਤਿਵਾਰੀ, ਸੂਫੀਮੱਤ, ਸਾਧਨਾ ਔਰ ਸਾਹਿਤਯ, ਪੰਨਾ- 251.

20. ਤੋਂ 56. ਪ੍ਰੋ. ਪਰਮ ਪਾਲ ਸਿੰਘ(ਸੰਪਾ.) ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪਦ- 2, 5, 8, 8, 10, , 10, 13, 73, 16, 18, 128, 20, 21, 87, 22, 23, 30, 41, 43, 44, 46, 53, 57, 102, 66, 68, 69, 75, 77, 86, 92, 165, 123, 125, 142, 127, 135, 137.

57. ਪ੍ਰੋ. ਗੁਰਨਾਮ ਦਾਸ, ਇਸਲਾਮ ਔਰ ਸਿੱਖਿਜ਼ਮ.

58. ਗਉੜੀ ਅਸਟਪਦੀਆਂ ਮ: 1, ਪੰਨਾ- 224.

59. ਗਉੜੀ, ਮ: 1, ਪੰਨਾ- 155.

60. ਸਿਰੀ ਅਸਟਪਦੀਆਂ ਮ: 1, ਪੰਨਾ- 53, 55.

61. ਬਿਲਾਵਲੁ ਮ:1, ਪੰਨਾ- 795.

62. ਮਾਰੂ ਮ:1, ਪੰਨਾ- 992.

63. ੳ—ਅ ਸਿਰੀ ਰਾਗੁ ਮ:1, ਪੰਨਾ- 16,17.

64. ਸਿਰੀ ਅਸਟਪਦੀਆਂ ਮ:1, ਪੰਨਾ- 54.

65. ਮਾਝ ਅਸਟਪਦੀਆਂ ਮ:1, ਪੰਨਾ- 109.

66. ਸਿਰੀ ਮ:1, ਪੰਨਾ- 22.

67. ਬਿਲਾਵਲੁ ਮ:1, ਪੰਨਾ- 795.

68. ਮਾਰੂ ਮ:1, ਪੰਨਾ- 1011.

69. ਡਾ. ਧਰਮਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ ਪੰ-126.

70 ਤੋਂ 75. ਸੰਤ ਜਗਬੀਰ ਸਿੰਘ, ਰਵਿਦਾਸ ਮਹਾਤਮ, ਪੰਨਾ- 111,5,8,9,9,10.

76 ਤੋਂ 89. ਪਦ, 152,174,78,2 (ਪ੍ਰਹਲਾਦ ਚਰਿਤ੍ਰ) 21, ਸਾਖੀ ਭਾਗ 45,51,54, 64,122,136,1 11,143,140.

90. ਡਾ. ਜੀਤ ਸਿੰਘ ਸੀਤਲ, ਪ੍ਰਭੂ ਹਰਿ ਬਿਨੁ ਅਉਰ ਨ ਜਾਨਾ (ਰੋਜ਼ਾਨਾ ਅਜੀਤ, 22 ਨਵੰਬਰ, 80)

91. ਮਾਰੂ ਮ:5, ਪੰਨਾ- 1003.

92. ਰਾਮਕਲੀ ਓਅੰਕਾਰ ਮ:1, ਪੰਨਾ- 929-30.

93. ਪ੍ਰੋ. ਹਰਨਾਮ ਦਾਸ, ਇਸਲਾਮ ਅਤੇ ਸਿੱਖਿਜ਼ਮ, ਗੁਰੂ ਗੋਬਿੰਦ ਸਿੰਘ 300ਵਾਂ ਜਨਮ ਦਿਨ, ਸੋਵਿਨੀਰ।

94. ਬਿਲਾਵਲ ਥਿਤੀ ਮ:1, ਪੰਨਾ- 838-39.

95. ਆਸਾ ਪਟੀ ਮ:1, ਪੰਨਾ- 433.

96. ਆਸਾ ਮ:1, ਪੰਨਾ- 420.

97. ਡਾ. ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ, ਏਕ ਸਾਂਸਕ੍ਰਿਤਕ ਸਰਵੇਖਣ, ਪੰਨਾ- 245.

98. ਮਾਰੂ ਮ:1, ਸੋਲਹੇ, ਪੰਨਾ- 1040.

99. ਗਉੜੀ ਬਾਵਨ ਅੱਖਰੀ ਮ:5, ਪੰਨਾ- 250.

100. ਗਉੜੀ ਅਸਟਪਦੀ, ਮ:1, ਪੰਨਾ — 223

101. ਡਾ. ਬੀ.ਪੀ.ਸ਼ਰਮਾ, ਸੰਤ ਰਵਿਦਾਸ ਬਾਣੀ, ਪੰ-71.

102. ਗਉੜੀ ਬਾਵਨ ਅੱਖਰੀ ਮ:5, ਪੰਨਾ- 250.

103. ਗਉੜੀ ਸੁਖਮਨੀ ਮ:5, ਅਸਟਪਦੀਆਂ, ਪੰਨਾ — 240

104. ਗਉੜੀ ਬਾਵਨ ਅੱਖਰੀ ਮ:5, ਪੰਨਾ- 250.

105. ਰਾਮਕਲੀ ਮ:5, ਪੰਨਾ- 916.

106. ਕਠੋਪਨਿਸ਼ਦ, ਪੰਨਾ- 1/2/16.

107. ਬ੍ਰਹਮਸੂਤਰ, ਸ਼ੰਕਰ ਭਾਸ਼ਯ, 1/5/28.

108.—09. ਪਦ 155, 17.

110. ਡਾ. ਬਲਬੀਰ ਸਿੰਘ (ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ) ਸੁਰਤਿ ਸ਼ਬਦ ਵਿਚਾਰ, ਪੰਨਾ- 11.

111 ਤੋਂ 115, ਪਦ 26, 18, 137, — ਸਾਖੀ ਭਾਗ, 120, 121.

116. ਸੰਤ ਜਗਜੀਤ ਸਿੰਘ, ਰਵਿਦਾਸ ਮਹਾਤਮ, ਪੰਨਾ- 4.

117. ਡਾ. ਤਿਲਕ ਰਾਜ ਗ੍ਰਿਹਾਰੀ, ਸੰਤ ਮੱਤ ਵਿਚਾਰ, ਪੰਨਾ- 287.

118. ਤੋਂ 121. ਪਦ, 25, 26, 137, 26.

122 ਤੋਂ 124. ਸਾਖੀ ਭਾਗ, 120, 121, 123.

125. ਪਦ, 129.

126 ਤੋਂ 130. ਸਾਖੀ ਭਾਗ, 14, 73, 30, 32, 79.

131. ਸ੍ਰੀ ਰਾਜਾਰਾਮ, ਪਰਮੇਸ਼ਰ ਨਾਲ ਮੇਲ, ਪੰਨਾ- 102.

132 ਤੋਂ 134. ਰਾਮਕਲੀ ਮ:1, ਸਿਧ ਗੋਸਟਿ ਪੰਨਾ- 944, 945, 945.

135. ਆਸਾ ਮ:1, ਪੰਨਾ- 351.

136 ਤੋਂ 139. ਰਾਮਕਲੀ ਮ:1, ਸਿਧ ਗੋਸਟਿ, ਪੰਨਾ- 944.

140. ਧਨਾਸਰੀ ਮ:3, ਪੰਨਾ- 664.

141. ਆਸਾ ਮ:1, ਪੰਨਾ- 351.

142. ਮਾਰੂ ਮ:5, ਪੰਨਾ- 1078.

143. ਵਾਰ ਮਲਾਰ ਮ:1, ਪੰਨਾ- 1256.

144. ਮਾਰੂ ਸੋਲਹੇ ਮ:1, ਪੰਨਾ- 1023.

145. ਵਾਰ ਵਡਹੰਸ ਮ:5, ਪੰਨਾ- 594.

146. ਰਾਮਕਲੀ ਓਅੰਕਾਰੁ ਮ:1, ਪੰਨਾ- 936.

147. ਪ੍ਰੋ. ਸਤਿਬੀਰ ਸਿੰਘ, ਗੁਰੂ ਗੋਬਿੰਦ ਸਿੰਘ 300ਵਾਂ ਬਰਥਡੇ ਸੋਵੇਨੀਰ, ਪੰਨਾ- 14.

148. ਵਾਰ ਮਾਰੂ ਮ:3, ਪੰਨਾ- 1033.

149. ਓਅੰਕਾਰੁ, ਪੰਨਾ- 931.

150. ਸੋਰਠਿ ਮ:3, ਪੰਨਾ- 644.

151. ਰਾਮਕਲੀ ਮ:1 ਸਿਧ ਗੋਸਟਿ, ਪੰਨਾ- 946.

152. ਮਾਝ ਮ:5, ਪੰਨਾ- 102.

153. ਗੂਜਰੀ, ਮ:5, ਪੰਨਾ- 496.

154. ਮਾਰੂ ਸੋਲਹੇ ਮ:3, ਪੰਨਾ 1056.

155. ਰਾਮਕਲੀ ਮ:1, ਪੰਨਾ 904.

156. ਮਾਰੂ ਸੋਲਹੇ ਮ:5, ਪੰਨਾ 1069.

157. ਰਾਮਕਲੀ ਦੱਖਣੀ ਮ:1, ਪੰਨਾ 907.

158. ਸੋਰਠਿ ਮ:1, ਪੰਨਾ 635.

159. ਵਾਰ ਸੋਰਠਿ ਮ:4, ਪੰਨਾ 644.

160. ਸੋਰਠਿ ਮ:3, ਪੰਨਾ 601.

161. ਰਾਮਕਲੀ ਮ:1, ਪੰਨਾ 944.

162. ਨਟ ਮ:4, ਪੰਨਾ 982.

163. ਵਾਰ ਗਉੜੀ ਮ:4, ਪੰਨਾ 304.

164. ਸਿਰੀ ਰਾਗੁ ਮ:3, ਪੰਨਾ 39.

165. ਵਾਰ ਗੂਜਰੀ ਮ:4, ਪੰਨਾ 515.

166. ਜਪੁਜੀ ਸਾਹਿਬ, ਪੰਨਾ 8.

167 ਤੋਂ 169. ਰਾਮਕਲੀ ਮ:1, ਪੰਨਾ 903,944,944.

170. ਗੋਂਡ ਮ:5, ਪੰਨਾ 864.

171. ਰਾਮਕਲੀ ਮ:1, ਪੰਨਾ 879.

172 ਤੋਂ 174. ਰਾਮਕਲੀ ਅਸਟਪਦੀਆਂ ਮ:1, ਪੰਨਾ 903.

175. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ: ਵਿਅਕਤਿਤਵ, ਕ੍ਰਿਤਿੱਤਵ ਅਤੇ ਚਿੰਤਨ, ਪੰਨਾ 293.

175 ਤੋਂ 182. ਪਦ, 156,126,4,32,18,114,2.

183 ਤੋਂ 187. ਰਾਮਕਲੀ ਮ:1, ਸਿਧ ਗੋਸਟਿ, ਪੰਨਾ 940,943,943,943,944.

188 ਤੋਂ 189. ਮਾਰੂ ਸੋਲਹੇ ਮ:1, ਪੰਨਾ 1037, 1039.

190. ਗੂਜਰੀ ਅਸਟਪਦੀ, ਪੰਨਾ 503.

191. ਮਾਰੂ ਸੋਲਹੇ ਮ:1, ਪੰਨਾ 1035.

192. ਬਿਹਾਗੜੇ ਕੀ ਵਾਰ ਮ:4, ਸਲੋਕ ਮ:3, ਪੰਨਾ 555.

193. ਧਨਾਸਰੀ ਮ:1, ਪੰਨਾ 685.

194. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ: ਵਿਅਕਤਿਤਵ, ਕ੍ਰਿਤਿੱਤਵ ਅਤੇ ਚਿੰਤਨ, ਪੰਨਾ 297.

195 ਤੋਂ 201. ਪਦ, 8,10,18,111,132,135,148.

202 ਤੋਂ 203. ਸਾਖੀ ਭਾਗ, 263,265.

204 ਤੋਂ 205. ਸੋਰਠਿ ਮ:1 ਪਦੇ 6/2 ਪੰਨਾ 597,599.

206. ਜਪੁਜੀ ਸਾਹਿਬ, ਪੰਨਾ 2.

207. ਗਉੜੀ ਮ:1, ਪੰਨਾ 1223.

208. ਮਾਰੂ ਸੋਲਹੇ ਮ:1, ਪੰਨਾ 1033.

209. ਪ੍ਰਭਾਤੀ ਮ:1, ਪੰਨਾ 1328.

210 ਤੋਂ 212. ਰਾਮਕਲੀ ਮ:1, ਸਿਧ ਗੋਸਟਿ, ਪੰਨਾ 940, 942, 943.

213. ਸਾਰੰਗ ਕੀ ਵਾਰ ਮ:1 ਪਉੜੀ, ਪੰਨਾ 1237.

214. ਸਾਰੰਗ ਕੀ ਵਾਰ ਮ:2, ਪਉੜੀ, ਪੰਨਾ 1239.

215 ਤੋਂ 216. ਮਾਰੂ ਸੋਲਹੇ ਮ:1, ਪੰਨਾ 1023.

217 ਤੋਂ 218. ਗਉੜੀ ਮ:5, ਪੰਨਾ 216, 217.

219. ਮਾਰੂ ਮ:1, ਸੋਲਹੇ, ਪੰਨਾ 1022.

220. ਆਸਾ ਦੀ ਵਾਰ ਸਲੋਕ ਮ:1 ਪਉੜੀ 5, ਪੰਨਾ 465.

221. ਸੂਹੀ ਮ:1, ਪੰਨਾ 730.

222 ਤੋਂ 223. ਗਉੜੀ ਮ:1, ਪੰਨਾ 223.

224. ਮਾਰੂ ਸੋਲਹੇ ਮ:1, ਪੰਨਾ 1033.

225 ਤੋਂ 226. ਮਲਾਰ ਮ:1, ਪੰਨਾ 1255, 1256.

227. ਬਿਲਾਵਲੁ ਛੰਤ ਮ:1, ਪੰਨਾ 843.

228. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ: ਵਿਅੱਕਤਿਤਵ, ਕਰਿੱਤਤਵ ਔਰ ਚਿੰਤਨ, ਪੰਨਾ 277.

229. ਕਠੋਪਨਿਸ਼ਦ, 1/3/15.

230. ਡਾ. ਪੀਤਾਂਬਰ ਦੱਤ ਬੜਥਵਾਲ, ਹਿੰਦੀ ਸਾਹਿਤਯ ਮੇਂ ਨਿਰਗੁਨ ਸੰਪ੍ਰਦਾਇ, ਪੰਨਾ 153.

231. ਪਦ, 4,

232. ਡਾ. ਧਰਮਪਾਲ ਸਿੰਗਲ, ਸੰਤ ਸ਼ਿਰੋਮਣੀ ਰਵਿਦਾਸ, ਪੰਨਾ 65.

233 ਤੋਂ 241. ਪਦ, 16, 62, 18, 102, 109, 147, ਰਵਿਦਾਸ ਕਬੀਰ ਗੋਸਟੀ-6,
ਪਦ 104, 151.

242. ਜਪੁਜੀ ਸਾਹਿਬ, ਪਉੜੀ, 24, 5.

244. ਜਾਪੁ ਸਾਹਿਬ, ਪਾ: 10.

245. ਜਪੁਜੀ ਸਾਹਿਬ, ਪਉੜੀ, 37.

246. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ: ਵਿਅੱਕਤਿਤਵ, ਕਰਿੱਤਤਵ ਔਰ ਚਿੰਤਨ, ਪੰਨਾ 273.

247. ਜਪੁਜੀ ਸਾਹਿਬ, ਪਉੜੀ 24.

248. ਮਾਰੂ ਸੋਲਹੇ ਮ:1, ਪੰਨਾ 1032.

249. ਤ੍ਵਪ੍ਰਸਾਦਿ ਸਵੱਯੇ ਪਾ:10 ,ਪੰਨਾ 7.

250. ਸੋਰਠਿ ਅਸਟਪਦੀ ਮ:1, ਪੰਨਾ 635.

251. ਮਾਰੂ ਮ:1, ਪੰਨਾ 993.

252 ਤੋਂ 259. ਪਦ, 156,132,132,36,10,15,135,ਸਾਖੀ ਭਾਗ-260.

260. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ: ਵਿਅਕਤਿੱਤਵ,ਕ੍ਰਿਤਿੱਤਵ ਅਤੇ ਚਿੰਤਨ,ਪੰਨਾ 279.

261. ਤੋਂ 262. ਵਾਰ ਆਸਾ ਮ:1, ਪੰਨਾ 464.

263. ਸਿਰੀ ਰਾਗੁ ਮ:3, ਪੰਨਾ 32.

264. ਆਸਾ ਮ:5, ਪੰਨਾ 389.

265. ਸਿਰੀ ਰਾਗੁ ਮ:5, ਪੰਨਾ 49.

266. ਗਉੜੀ ਮ:1, ਪੰਨਾ 157.

267. ਮਾਰੂ ਸੋਲਹੇ ਮ:1, ਪੰਨਾ 1042.

268. ਡਾ. ਮਨਮੋਹਨ ਸਹਿਗਲ,ਗੁਰੂ ਗ੍ਰੰਥ ਸਾਹਿਬ:ਏਕ ਸਾਂਸਕ੍ਰਿਤਕ ਸਰਵੇਕਸ਼ਣ, ਪੰਨਾ 250.

269. ਸ਼੍ਰੀਮਦ ਭਗਵਤ ਗੀਤਾ, ਅਧਿ:9 ਸਲੋਕ 29.

270. ਰਾਮਕਲੀ ਮ:1, ਪੰਨਾ 931.

271. ਸਾਰਗ ਮ:4, ਪੰਨਾ 1201.

272. ਭੈਰਉ ਮ:5, ਪੰਨਾ 1141.

273. ਮਾਝ ਮ:5, ਪੰਨਾ 108.

274. ਸੋਰਠਿ ਮ:1, ਪਦੇ 3/4,ਪੰਨਾ 596.

275. ਤੋਂ 276. ਜਪੁਜੀ ਸਾਹਿਬ, ਪਉੜੀ, 1,5.

277. ਸਾਰਗ ਮ:4, ਪੰਨਾ 1201.

278. ਮਾਰੂ ਸੋਲਹੇ ਮ:1, ਪੰਨਾ 1037-38.

279. ਸੋਰਠਿ ਮ:1, ਪੰਨਾ 597.

280. ਡਾ. ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ:ਏਕ ਸਾਂਸਕ੍ਰਿਤਕ ਸਰਵੇਕਸ਼ਣ, ਪੰਨਾ 252.

281. ਮੁੰਡਕੋਪਨਿਸ਼ਦ, ਪਹਿਲਾ ਖੰਡ, ਦੂਜਾ ਮੁੰਡਕ, ਦੂਜਾ ਸਲੋਕ।

282. ਮਲਾਰ ਮ:1, ਪੰਨਾ 1255.

283. ਸੋਰਠਿ ਮ:1, ਪੰਨਾ 597.

284. ਮਾਰੂ ਸੋਲਹੇ ਮ:1, ਪੰਨਾ 1042.

285. ਸਾਰਗ ਮ:5, ਪੰਨਾ 1212.

286. ਬਿਲਾਵਲੁ ਮ:1, ਪੰਨਾ 795.

287. ਮਾਰੂ ਸੋਲਹੇ ਮ:1, ਪੰਨਾ 1027.

288. ਆਸਾ ਛੰਤ 3/1, ਪੰਨਾ 437.

289 ਤੋਂ 293. ਪਦ, 16,136,154,114, ਸਾਖੀ ਭਾਗ-39.

294. ਸੂਹੀ ਮ: 1., ਪੰਨਾ 730.

295. ਵਾਰ ਆਸਾ ਮ:1, ਪੰਨਾ 475.

296. ਭੈਰਉ ਮ:3, ਪੰਨਾ 1128.

297. ਮਾਰੂ ਸੋਲਹੇ ਮ:1, ਪੰਨਾ 1023.

298. ਗਉੜੀ ਮ:5, ਪੰਨਾ 206.

299 ਤੋਂ 304. ਪਦ, 18,77,143,156,126,114.

305. ਮਾਰੂ ਸੋਲਹੇ ਮ:1, ਪੰਨਾ 1033.

306. ਤੋਂ 307. ਸੋਰਠਿ ਮ:4, ਪੰਨਾ 605,606.

308. ਸਿਰੀ ਰਾਗੁ ਮ:1, ਪੰਨਾ 25.

309. ਰਾਮਕਲੀ ਮ:1, ਪੰਨਾ 876.

310 ਤੋਂ 311. ਸੋਰਠਿ ਮ:4, ਪੰਨਾ 604, 605-06.

312. ਰਾਮਕਲੀ ਓਅੰਕਾਰੁ ਮ:1, ਪੰਨਾ 835.

313. ਧਨਾਸਰੀ ਮ:1, ਪੰਨਾ 663.

314. ਵਾਰ ਆਸਾ ਮ:1 ਪੰਨਾ 463.

315. ਤੋਂ 317. ਆਸਾ ਮ:1, ਪੰਨਾ 412,413,414.

318 ਸ਼੍ਵੇਤਾਸ਼੍ਵਤਰੋਪਨਿਸ਼ਦ, 3/8/8

319. ਐਡਗਰ. ਐਸ. ਬਰਾਈਟਮੈਨ, ਐਨ ਇੰਟਰੋਡਕਸ਼ਨ ਆਫ਼ ਫਿਲਾਸਫ਼ੀ, ਪੰਨਾ 353.

320 ਤੋਂ 324. ਪਦ, 132,4,10,95,48.

325. ਵਾਰ ਮਲ੍ਹਾਰ ਮ:1, ਪੰਨਾ 1279.

326. ਸੋਰਠਿ ਪਦੇ ਮ:1, ਪੰਨਾ 597.

327. ਗਉੜੀ ਮ:1, ਪੰਨਾ 223.

328. ਤੋਂ 329. ਜਾਪੁ ਸਾਹਿਬ ਸ੍ਰੀ ਮੁਖ ਵਾਕ ਪਾਤਿਸ਼ਾਹੀ 10, - 1,32.

330. ਰਾਬਰਟ. ਸੀ. ਨੈਵਿਲ, ਗਾਡ ਦੀ ਕਰੀਏਟਰ, ਪੰਨਾ 10.

331. ਮਾਰੂ ਅਸਟਪਦੀਆਂ ਮ:1, ਪੰਨਾ 1010.

332. ਜਪੁਜੀ ਸਾਹਿਬ, ਪਉੜੀ, 32.

333. ਬਿਲਾਵਲੁ ਮ:1, ਪੰਨਾ 795.

334. ਆਸਾ ਮ:4, ਸੋਦਰੁ, ਪੰਨਾ 348.

335. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ:ਵਿਅਕਤਿੱਤਵ, ਕ੍ਰਿੱਤਤਵ ਅਤੇ ਚਿੰਤਨ, ਪੰਨਾ 286.

336 ਤੋਂ 339. ਪਦ, (77-ਸਾਖੀ ਭਾਗ), 121,18,(64-ਸਾਖੀ ਭਾਗ)।

340. ਡਾ. ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ: ਇਕ ਸਾਂਸਕ੍ਰਿਤਕ ਸਰਵੇਖਣ, ਪੰਨਾ 326.

341. ਮਾਰੂ ਸੋਲਹੇ ਮ:1, ਪੰਨਾ 1035.

342. ਜਾਪੁ ਸਾਹਿਬ, - 83.

343. ਗਉੜੀ ਸੁਖਮਨੀ ਮ:5, ਪੰਨਾ 290-91.

344-45. ਮਾਰੂ ਸੋਲਹੇ ਮ:1, ਪੰਨਾ 1023-26.

346. ਗਉੜੀ ਸੁਖਮਨੀ ਮ:5, ਪੰਨਾ 292.

347. ਜਪੁਜੀ ਸਾਹਿਬ, ਪਉੜੀ 15.

348 ਤੋਂ 349. ਗਉੜੀ ਸੁਖਮਨੀ ਮ:5, ਪੰਨਾ 292.

350. ਵਾਰ ਆਸਾ ਮ:1, ਪੰਨਾ 465.

351. ਸ਼੍ਵੇਤਾਸ਼੍ਵੇਤਰ ਉਪਨਿਸ਼ਦ, 3.6.

352. ਤੋਂ 359. ਪਦ, 16,53,77,119,151,105,74,127.

360. ਗਉੜੀ ਮ:1, ਅਸਟਪਦੀਆਂ, ਪੰਨਾ 223.

361. ਸਲੋਕ ਵਾਰਾਂ ਤੇ ਵਧੀਕ ਮ:1, ਪੰਨਾ 1412.

362. ਮਾਰੂ ਸੋਲਹੇ ਮ:1, ਪੰਨਾ 1035.

363. ਤੋਂ 364. ਵਾਰ ਆਸਾ ਮ:1, ਪੰਨਾ 463.

365. ਸਲੋਕ ਵਾਰਾਂ ਤੇ ਵਧੀਕ ਮ:1, ਪੰਨਾ 1411.

366. ਤੋਂ 367. ਗਉੜੀ ਮ:5, ਪੰਨਾ 206, 216.

368. ਵਡਹੰਸ ਕੀ ਵਾਰ ਮ:4, ਸਲੋਕ ਮ:3, ਪੰਨਾ 592.

369. ਸੋਰਠਿ ਮ:5, ਪੰਨਾ 624.

370. ਰਾਮਕਲੀ ਮ:3, ਪੰਨਾ 918.

371. ਜਪੁਜੀ ਸਾਹਿਬ, ਪਉੜੀ, 30.

372. ਗੂਜਰੀ ਮ:5, ਪੰਨਾ 496.

373 ਤੋਂ 392. ਪਦ, 4,10,14,16,46,48,52,147,151,18,151,10,157,
(ਸਾਖੀ ਭਾਗ 99,100,1) 171,103,104,106.

393. ਪੰਜਾਬੀ ਸਾਹਿਤ ਦਾ ਇਤਿਹਾਸ, ਭਾਸ਼ਾ ਵਿਭਾਗ, ਪੰਨਾ 135.

394. ਭਾਈ ਕਾਨ੍ਹ ਸਿੰਘ, ਮਹਾਨ ਕੋਸ਼, ਪੰਨਾ 16.

395. ਡਾ. ਜੀਤ ਸਿੰਘ ਸੀਤਲ, ਤਉ ਗਤਿ ਬਿਨੁ ਅਉਰ ਨ ਜਾਨਾ(ਰੋਜ਼ਾਨਾ ਅਜੀਤ 22 ਨਵੰਬਰ, 1980.)

396. ਸਰੂਪ ਦਾਸ ਭੱਲਾ, ਗੁਰੂ ਨਾਨਕ ਮਹਿਮਾ, ਪੰਨਾ 35.

397 ਤੋਂ 398. ਰਾਗੁ ਮਾਰੂ ਮ:1, ਪੰਨਾ 991.

399 ਤੋਂ 400. ਵਾਰ ਮਲਾਰ ਮ:1, ਪੰਨਾ 1280, 1291.

401. ਮਾਰੂ ਸੋਲਹੇ ਮ:1, ਪੰਨਾ 1040.

402 ਤੋਂ 403. ਮਾਰੂ ਮ:1, ਪੰਨਾ 992.

404. ਮਾਰੂ ਮ:3, ਪੰਨਾ 993.

405. ਆਸਾ ਮ:1, ਪਦੇ 5/1-2, ਪੰਨਾ 350.

406. ਗਉੜੀ ਮ:1 ਅਸਟਪਦੀਆਂ, ਪੰਨਾ 223.

407. ਬਸੰਤ ਮ:1 ਅਸਟਪਦੀਆਂ(3), ਪੰਨਾ 1188-89.

408 ਤੋਂ 409. ਰਾਮਕਲੀ ਮ: 1 ਓਅੰਕਾਰੁ, ਪੰਨਾ 930.

410-ਤੋਂ 411. ਮਾਰੂ ਸੋਲਹੇ ਮ:1, ਪੰਨਾ 1043, 1025.

412. ਜਪੁਜੀ ਸਾਹਿਬ, ਪੰਨਾ 2.

413. ਬਿੱਲੀ ਗਰਾਹਮ, ਪਰਮੇਸਰ ਨਾਲ ਮੇਲ, ਪੰਨਾ 27-28.

414. ਡਾ. ਸੁਰਿੰਦਰ ਸਿੰਘ ਕੋਹਲੀ(ਸੰਪਾ.) ਗੁਰੂ ਨਾਨਕ:ਜੀਵਨ ਦਰਸ਼ਨ ਅਤੇ ਕਾਵਿ ਕਲਾ, ਪੰ. 101.

415. ਡਾ. " ,ਏ ਕ੍ਰਿਟੀਕਲ ਸਟੱਡੀ ਆਫ ਆਦਿ ਗ੍ਰੰਥ, ਪੰਨਾ 277.

416. ਅਨਿਲ ਚੰਦਰ ਚੈਟਰਜੀ, ਗੁਰੂ ਨਾਨਕ ਐਂਡ ਹਿਜ਼ ਟਾਈਮਜ਼, ਪੰਨਾ 199.

417. ਡਾ. ਪੀਤਾਂਬਰ ਦੱਤ ਬੜਥਵਾਲ, ਹਿੰਦੀ ਕਾਵਿਯ ਮੇਂ ਨਿਰਗੁਣ ਸੰਪਰਦਾਇ, ਪੰਨਾ-155

418. ਪ੍ਰੋ. ਹਰਨਾਮ ਦਾਸ, ਇਸਲਾਮ ਐਂਡ ਸਿਖਇਜ਼ਮ(ਗੁਰੂ ਗੋਬਿੰਦ ਸਿੰਘ 300ਵਾਂ ਬਰਥਡੇ, ਸੋਵੀਨੀਰ।

419. ਵਡਹੰਸ ਮ:3, ਪੰਨਾ 559.

420. ਵਾਰ ਸੂਹੀ ਮ:3, ਪੰਨਾ 790.

421. ਬਿਲਾਵਲੁ ਮ:5, ਪੰਨਾ 816.

422. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ:ਵਿਅੱਕਤਿਤੱਵ, ਕ੍ਰਿੱਤਤਵ ਔਰ ਚਿੰਤਨ, ਪੰਨਾ-301.

423. ਪ੍ਰੋ. ਹਰਨਾਮ ਦਾਸ, ਇਸਲਾਮ ਐਂਡ ਸਿਖਇਜ਼ਮ

424. ਪੀ.ਐਮ. ਵਿਲਸ, ਦੀ ਸਪਿਰੀਚੂਅਲ ਮੀਨਿੰਗ ਆਫ ਅੰਮ੍ਰਿਤ ਐਂਡ ਸਿੰਬਲ(ਗੁਰੂ ਗੋਬਿੰਦ ਸਿੰਘ 300 ਵਾਂ ਬਰਥਡੇ )ਸੋਵੀਨੀਰ।

425 ਤੋਂ 437. ਪਦ -34,5,14,15,18,48,101,135(ਸਾਖੀ ਭਾਗ-12,96,92,99)
65.

438. ਡਾ. ਬੀ.ਪੀ.ਸ਼ਰਮਾ, ਸੰਤ ਰਵਿਦਾਸ ਬਾਣੀ ਪਦ-71.

439. ਸੋਰਠਿ ਮ:1, ਪੰਨਾ- 599.

440. ਰਾਮਕਲੀ ਮ:1 ਓਅੰਕਾਰੁ, ਪੰਨਾ- 930.

441. ਮਾਰੂ ਸੋਲਹੇ ਮ:1, ਪੰਨਾ- 1036.

442. ਰਾਮਕਲੀ ਦੱਖਣੀ ਮ:5, ਪੰਨਾ- 907.

443. ਵਾਰ ਰਾਮਕਲੀ(ਬਲਵੰਡ ਤਥਾ ਸਤੇ ਡੂੰਮ ਆਖੀ) ਪੰਨਾ- 966.

444 ਤੋਂ 445. ਮਾਰੂ ਸੋਲਹੇ ਮ:1, ਪੰਨਾ- 1022, 24.

446. ਧਨਾਸਰੀ ਮ:1 ਆਰਤੀ, ਪੰਨਾ- 663.

447. ਰਾਮਕਲੀ ਮ:1, ਓਅੰਕਾਰ, ਪੰਨਾ- 930.

448. ਬਿਲਾਵਲੁ ਛੰਤ ਮ:1, ਪੰਨਾ- 943.

449. ਸਿਰੀ ਰਾਗੁ ਮ:1, ਪੰਨਾ- 19.

450. ਸਵਈਏ ਮਹਲੇ ਪੰਜਵੇਂ ਕੇ, ਪੰਨਾ- 1408.

451. ਰਾਮਕਲੀ ਮ:1, ਪੰਨਾ- 376.

452. ਵਾਰ ਸੂਹੀ ਮ:3, ਪੰਨਾ- 790.

453. ਮਾਰੂ ਮ:1 ਅਸਟਪਦੀਆਂ, ਪੰਨਾ- 1009.

454. ਤੋਂ 457. ਪਦ- 151(ਸਾਖੀ ਭਾਗ- 64, 66, 68)

458. ਬਲਦੇਵ ਉਪਾਧਿਆਇ, ਭਾਰਤੀਯ ਦਰਸ਼ਨ, ਪੰਨਾ- 517.

459 ਤੋਂ 462. ਪਦ, 151, 16, 147, 7.

463. ਜਪੁਜੀ ਸਾਹਿਬ, ਪੰਨਾ- 1.

464 ਤੋਂ 467. ਜਪੁਜੀ ਸਾਹਿਬ, ਪਉੜੀ, 4,27,31,34.

468. ਵਾਰ ਮਾਝ ਮ:1, ਪੰਨਾ- 148.

469. ਰਾਮਕਲੀ ਮ:3, ਪੰਨਾ- 880.

470- ਤੋਂ 471. ਰਾਮਕਲੀ ਸਿਧ ਗੋਸਟਿ, ਪੰਨਾ- 940,941.

472. ਵਾਰ ਰਾਮਕਲੀ ਮ:3, ਸਲੋਕ ਮ:1, ਪੰਨਾ- 955.

473. ਵਾਰ ਰਾਮਕਲੀ ਮ:3 ਪਉੜੀ, ਪੰਨਾ- 954.

474. ਰਿਗ ਵੇਦ, 10/85/1.

475. ਤੈਤਰੀ ਉਪਨਿਸ਼ਦ, 2/1/1.

476. ਸਿਰੀ ਰਾਗੁ ਮ:1, ਪੰਨਾ- 19.

477. ਮਾਰੂ ਸੋਲਹੇ ਮ:1, ਪੰਨਾ- 1020.

478 ਤੋਂ 479. ਗਉੜੀ ਸੁਖਮਨੀ ਮ:5, ਪੰਨਾ- 284-285.

480. ਵਾਰ ਆਸਾ ਮ:1, ਪੰਨਾ- 463.

481 ਤੋਂ 482. ਮਾਰੂ ਅਸਟਪਦੀਆਂ ਮ:1, ਪੰਨਾ- 1009.

483. ਮਾਰੂ ਸੋਲਹੇ ਮ:1, ਪੰਨਾ- 1022.

484. ਮਾਰੂ ਸੋਲਹੇ ਮ:5, ਪੰਨਾ- 1083.

485. ਧਨਾਸਰੀ ਚਉਪਦੇ ਮ:1, ਪੰਨਾ- 660.

486 ਤੋਂ 489. ਪਦ- 136, 10, 15, 48.

490. ਡਾ. ਜੋਧ ਸਿੰਘ, ਗੁਰਬਾਣੀ ਵਿਚ ਪਰਮਸਤਿ ਦਾ ਸਰੂਪ (ਗੁਰਮਤਿ ਨਾਦ ਅੰਕ), ਪੰਨਾ-31.

491. ਮਾਰੂ ਸੋਲਹੇ ਮ:1, ਪੰਨਾ- 1035.

492. ਸੋਰਠਿ ਮ:1, ਪੰਨਾ- 597.

493. ਜਪੁਜੀ, ਪੰਨਾ- 2.

494. ਵਾਰ ਆਸਾ ਮ:1 ਪਉੜੀ, ਪੰਨਾ- 463.

495. ਵਡਹੰਸ ਮ:1 ਦੱਖਣੀ, ਪੰਨਾ- 580.

496. ਸਿਰੀ ਮ:1, ਅਸਟਪਦੀਆਂ, ਪੰਨਾ- 72.

497. ਗੂਜਰੀ ਕੀ ਵਾਰ ਮ:3, ਪੰਨਾ- 509.

498 ਤੋਂ 500. ਮਾਰੂ ਸੋਲਹੇ ਮ:1, ਪੰਨਾ- 1025, 1020, 1042.

501. ਸੋਰਠਿ ਮ:1, ਪੰਨਾ- 597.

502. ਮਾਰੂ ਮ:5, ਪੰਨਾ- 1082.

503 ਤੋਂ 504. ਸਵਈਏ ਮਹਲੇ ਚਉਥੇ ਕੇ, ਪੰਨਾ- 1397, 1405.

505. ਸਵਈਏ ਮਹਲੇ ਪੰਜਵੇਂ ਕੇ, ਪੰਨਾ- 1407.

506. ਮਾਝ ਮ:5, ਪੰਨਾ- 99.

507. ਰਾਮਕਲੀ ਮ:5, ਪੰਨਾ- 916.

508. ਸਾਰਗ ਮ:4, ਪੰਨਾ- 1201.

509. ਸਾਰਗ ਮ:5, ਪੰਨਾ- 1212.

510 ਤੋਂ 520. ਪਦ - [illegible], 156, 160, (ਕਬੀਰ [illegible]-27) [illegible], (ਕਬੀਰ-2).

521. ਡਾ. [illegible] ਸਿੰਘ ਸੇਠੀ, ਗੁਰੂ ਨਾਨਕ: [illegible], ਪੰਨਾ-[illegible]7.

522. ਗੀਤਾ, 12/5.

523. ਆਸਾ ਮ:1, ਪਦੇ 33/ਰਹਾਉ, ਪੰਨਾ 358.

524. ਮਾਰੂ ਸੋਲਹੇ ਮ:1, ਪੰਨਾ 1032.

525 ਤੋਂ 527. ਜਪੁਜੀ ਸਾਹਿਬ, ਪਉੜੀ, 24, 4, 7.

528. ਮਾਰੂ ਸੋਲਹੇ ਮ:1, ਪੰਨਾ 1025.

529. ਵਾਰ ਆਸਾ ਸਲੋਕ ਮ:1, ਪੰਨਾ 469.

530. ਆਸਾ ਮ: 4, ਸੋ ਪੁਰਖੁ, ਪੰਨਾ 348.

531. ਡਾ. ਜੋਧ ਸਿੰਘ, ਗੁਰਬਾਣੀ ਵਿਚ ਪਰਮਸਤਿ ਦਾ ਸਰੂਪ (ਗੁਰਮਤਿ ਨਾਦ ਅੰਕ) ਪੰ.32.

532. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ: ਵਿਅਕਤਿੱਤਵ, ਕ੍ਰਿੱਤਤਵ ਅਤੇ ਚਿੰਤਨ, ਪੰਨਾ 307.

533 ਤੋਂ 534. ਰਾਮਕਲੀ ਸਿਧ ਗੋਸਟਿ, ਪੰਨਾ 939, 940.

535. ਬਿਲਾਵਲੁ ਮ:3, ਪੰਨਾ 797.

536 ਤੋਂ 537. ਆਸਾ ਪਟੀ ਮ:1, ਪੰਨਾ 433, 434.

538. ਡਾ. ਜੋਧ ਸਿੰਘ, ਗੁਰਬਾਣੀ ਵਿਚ ਪਰਮਸਤਿ ਦਾ ਸਰੂਪ (ਗੁਰਮਤਿ ਨਾਦ ਅੰਕ), ਪੰਨਾ 33.

539-40. ਆਸਾ ਮ:1, ਪੰਨਾ 360, 350.

541. ਬਸੰਤ ਅਸਟਪਦੀਆਂ ਮ:1, ਪੰਨਾ 1190.

542. ਸਾਰਗ ਮ:5, ਪੰਨਾ 1213.

543. ਬਿਲਾਵਲੁ ਮ:1, ਪੰਨਾ 795.

544. ਆਸਾ ਮ:1, ਪੰਨਾ 357.

545. ਸੋਰਠਿ ਮ:4, ਪੰਨਾ 605.

546. ਆਸਾ ਮ:5, ਪੰਨਾ 387.

547. ਮਾਝ ਮ:5, ਪੰਨਾ 102.

548. ਗਉੜੀ ਬਾਵਨ ਅੱਖਰੀ ਮ:5, ਪੰਨਾ 250.

549. ਗਉੜੀ ਸੁਖਮਨੀ ਮ:5, ਪੰਨਾ 290.

550. ਗਉੜੀ ਬਾਵਨ ਅੱਖਰੀ ਮ:5, ਪੰਨਾ [illegible].

551 ਤੋਂ 559. ਪਦ 3, 69, 25, 36, 55, 102, 1[illegible], 1[illegible], 109.

560. ਵਾਰ ਮਾਝ ਮ:1, ਪੰਨਾ 138.

561. ਧਨਾਸਰੀ ਮ:1 ਆਰਤੀ, ਪੰਨਾ 663.

562 ਤੋਂ 565. ਵਾਰ ਆਸਾ ਮ:1, ਪੰਨਾ 463.

564. ਆਸਾ ਪਟੀ ਮ:1 1/1-2 ਪੰਨਾ 349.

565. ਜਪੁਜੀ, ਪੰਨਾ 2.

566. ਮਾਰੂ ਸੋਲਹੇ ਮ:1, ਪੰਨਾ 1032.

567. ਰਾਗੁ ਸਿਰੀ ਮ:1, ਪੰਨਾ 54.

568. ਜਪੁਜੀ, ਪਉੜੀ, 24.

569. ਰਾਮਕਲੀ ਮ:1, ਓਅੰਕਾਰੁ, ਪੰਨਾ 933.

570. ਸਿਰੀ ਅਸਟਪਦੀਆਂ ਮ:1, ਪੰਨਾ 54.

570ੳ. ਸੂਹੀ ਕੀ ਵਾਰ ਮ:3, ਸਲੋਕ ਮ:1, ਪੰਨਾ 790.

571. ਧਨਾਸਰੀ ਮ:1 ਅਸਟਪਦੀਆਂ, ਪੰਨਾ 685.

572. ਰਾਮਕਲੀ ਸਿਧ ਗੋਸਟਿ, ਪੰਨਾ 945.

573. ਆਸਾ ਮ:5, ਪੰਨਾ 387.

574. ਮਾਝ ਮ:5, ਪੰਨਾ 102.

575. ਜਪੁਜੀ, ਪੰਨਾ 3.

576. ਮਾਰੂ ਮ:5, ਪੰਨਾ 1003.

577. ਗਉੜੀ ਮ:1 ਅਸਟਪਦੀਆਂ, ਪੰਨਾ 223.

578. ਜਪੁਜੀ, ਪਉੜੀ 27.

579 ਤੋਂ 580. ਪਦ, 105, 116.

581. ਰਾਮਕਲੀ ਮ:5, ਪੰਨਾ 916.

582. ਮਾਰੂ ਮ:5, ਪੰਨਾ 1003.

583. ਆਸਾ ਪਟੀ, ਪੰਨਾ 433.

584 ਤੋਂ 591. ਪਦ 16, 36, 48, 66, 123, 77, (ਸਾਖੀ ਭਾਗ-47, 54)

592. ਗਉੜੀ ਮ:1 ਅਸਟਪਦੀਆਂ, ਪੰਨਾ 223.

593. ਗਉੜੀ ਬਾਵਨ ਅੱਖਰੀ ਮ:5, ਪੰਨਾ 250.

594. ਬਿਲਾਵਲੁ ਮ:1, ਪੰਨਾ 838.

595. ਆਸਾ ਮ:1, ਪੰਨਾ 412.

596. ਰਾਮਕਲੀ ਮ:1, ਪੰਨਾ 878.

597. ਸੂਹੀ ਮ:5, ਪੰਨਾ 759.

598. ਮਾਰੂ ਸੋਲਹੇ ਮ:1, ਪੰਨਾ 1042.

599. ਵਾਰ ਮਾਰੂ ਮ:5, ਪੰਨਾ 1096.

600 ਤੋਂ 602. ਪਦਾ 73,58,55.

603. ਸਾਰਗ ਮ:1, ਪੰਨਾ 1232.

604 ਤੋਂ 605. ਮਾਝ ਮ:5 ਚਉਪਦੇ, ਪੰਨਾ 96.

606. ਤੁਖਾਰੀ ਛੰਤ ਮ:1, ਪੰਨਾ 1108.

607 ਤੋਂ 608. ਮਲਾਰ ਮ:1, ਪੰਨਾ 1255, 1254.

609 ਤੋਂ 620. ਪਦਾ 5, 11, 155,22,24,32,75,77,105,180(ਸਾਖੀ ਭਾਗ-6,113

621. ਮਾਰੂ ਸੋਲਹੇ ਮ: 5, ਪੰਨਾ 1075.

622. ਗਉੜੀ ਪੂਰਬੀ ਮ:4, ਪੰਨਾ 169.

623. ਵਾਰ ਵਡਹੰਸ, ਮ:4, ਸਲੋਕਮ:3, ਪੰਨਾ 592.

624. ਮਾਰੂ ਮ:5, ਪੰਨਾ 1003.

625 ਤੋਂ 627. ਗਉੜੀ ਮ:5, ਪੰਨਾ 209,206,216.

628. ਵਡਹੰਸ ਛੰਤ ਮ:1, ਪੰਨਾ 566.

629. ਗਉੜੀ ਚੇਤੀ ਮ:1, ਪੰਨਾ 155.

630. ਬਿਲਾਵਲੁ ਮ:1 ,ਚਉਪਦੇ ਘਰ 1, ਪੰਨਾ 795.

631 ਤੋਂ 637. ਪਦਾ 46,38,120,150,153,185(ਸਾਖੀ ਭਾਗ-162)

638. ਸਿਰੀ ਰਾਗੁ ਮ:5, ਪੰਨਾ 45.

639. ਮਾਰੂ ਸੋਲਹੇ ਮ:1, ਪੰਨਾ 1031.

640. ਗਉੜੀ ਮ:5, ਪੰਨਾ 209.

641. ਸੋਰਠਿ ਮ:5, ਪੰਨਾ 624.

642 ਤੋਂ 654. ਪਦਾ 45(ਸਾਖੀ ਭਾਗ-99), 147,(ਸਾਖੀ ਭਾਗ-196),43,182, 151, 151,43, 62(ਸਾਖੀ ਭਾਗ-93,97),65.

655. ਵਾਰ ਮਾਝ ਮ:1, ਪੰਨਾ 138.

656. ਵਾਰ ਆਸਾ ਮ:1, ਪੰਨਾ 465.

657. ਆਸਾ ਛੰਤ ਮ:1, ਪੰਨਾ 437.

658. ਗਉੜੀ ਸੁਖਮਨੀ ਮ:5, ਪੰਨਾ 276.

659. ਸਿਰੀ ਰਾਗੁ ਮ:3, ਪੰਨਾ 37.

660. ਸੋਰਠਿ ਮ:4, ਪੰਨਾ 605.

661. ਵਾਰ ਬਿਹਾਗੜਾ ਮ:4, ਪੰਨਾ 551.

662. ਜਪੁਜੀ, ਪੰਨਾ 1.

663. ਗਉੜੀ ਸੁਖਮਨੀ ਮ:5, ਪੰਨਾ 277.

664. ਜਪੁਜੀ, ਪੰਨਾ 3.

665. ਮਾਰੂ ਮ:5, ਪੰਨਾ 1003.

666. ਗਉੜੀ ਸੁਖਮਨੀ ਮ:5, ਪੰਨਾ 275.

667 ਤੋਂ 674. ਪਦ- 29, 43, 90, 141(ਸਾਖੀ ਭਾਗ-32,56,61), 135.

675. ਸ੍ਰੀ ਗੁਰੂ ਗ੍ਰੰਥ ਸਾਹਿਬ, ਰਵਿਦਾਸ, ਭਗਤ, ਪੰਨਾ 1196.

676 ਤੋਂ 677. ਗਉੜੀ ਗੁਆਰੇਰੀ ਮ:1, ਪੰਨਾ 222-23.

678. ਗਉੜੀ ਮਾਝ ਮ:5, ਪੰਨਾ 216.

679. ਗਉੜੀ ਛੰਤ ਮ:1, ਪੰਨਾ 243.

680. ਮਾਰੂ ਮ:5, ਪੰਨਾ 1003.

681. ਡਾ. ਹਜ਼ਾਰੀ ਪ੍ਰਸਾਦ ਦ੍ਵਿਵੇਦੀ, ਕਬੀਰ, ਪੰਨਾ 75 ਤੋਂ 78.

682. ਪਦ- 142.

683. ਮਾਰੂ ਮ:5, ਪੰਨਾ 1003.

684. ਗਉੜੀ ਮ:1, ਪੰਨਾ 223.

685. ਗਉੜੀ ਮਾਝਾ ਮ:5, ਪੰਨਾ 216.

686. ਸੋਰਠਿ ਮ:1, ਪੰਨਾ 634.

687. ਮਾਰੂ ਸੋਲਹੇ ਮ:1, ਪੰਨਾ 1023.

688. ਰਾਮਕਲੀ ਮ:1, ਪੰਨਾ 933.

689. ਰਾਮਕਲੀ ਮ:5, ਪੰਨਾ 964.

690. ਮਾਝ ਮ:5, ਪੰਨਾ 87.

691 ਤੋਂ 700. ਪਦ - 23, 70, 90, 100, 101, 103, 121, 168, 179(ਸਾਖੀ ਭਾਗ-58)

701. ਵਾਰ ਸਿਰੀ ਰਾਗੁ ਮ:4 ਸਲੋਕ ਮ:1, ਪੰਨਾ 83.

702. ਬਿਲਾਵਲੁ ਮ:1, ਪੰਨਾ 795.

703. ਬਿਲਾਵਲੁ ਮ:3, ਪੰਨਾ 796.

704. ਵਾਰ ਗੂਜਰੀ ਮ:5, ਪੰਨਾ 521.

705. ਸੋਰਠਿ ਮ:5, ਪੰਨਾ 613.

706 ਤੋਂ 709. ਜਪੁਜੀ, ਪਉੜੀ 4, 4, 6, 25

710. ਗਉੜੀ ਗੁਆਰੇਰੀ ਮ:5. ਪੰਨਾ - 182.

711. ਜਪੁਜੀ, ਪਉੜੀ 37.

712. ਆਸਾ ਮ:1 ਪੱਟੀ, ਪੰਨਾ 433.

713. ਬਿਲਾਵਲੁ ਮ:5, ਪੰਨਾ 805.

714. ਮਲ੍ਹਾਰ ਮ:1, ਪੰਨਾ 1255.

715. ਸਿਰੀ ਅਸਟਪਦੀਆਂ ਮ:1, ਪੰਨਾ 53.

716. ਮਾਰੂ ਸੋਹਲੇ ਮ:1, ਪੰਨਾ 1038.

717. ਡਾ. ਰਤਨ ਸਿੰਘ ਜੱਗੀ-ਗੁਰੂ ਨਾਨਕ: ਵਿਅਕਤਿਤੱਵ, ਕ੍ਰਿਤਤ੍ਵ ਔਰ ਚਿੰਤਨ, ਪੰਨਾ 320.

718 ਤੋਂ 722. ਪਣ- 125, 54, 98, 162, 125.

723. ਵਾਰ ਮਲ੍ਹਾਰ ਮ:1, ਪੰਨਾ 1282.

724 ਤੋਂ 724 ੳ. ਸਿਰੀ ਰਾਗੁ ਮ:1, ਪੰਨਾ 54, 17.

725. ਵਾਰ ਮਾਝ ਮ:1, ਪੰਨਾ 144.

726. ਵਾਰ ਰਾਮਕਲੀ ਮ:3, ਸਲੋਕ ਮ:1, ਪੰਨਾ 955.

727. ਆਸਾ ਮ:5, ਪੰਨਾ 406.

728. ਸੋਰਠਿ ਮ:5, ਪੰਨਾ 616.

729. ਮਾਰੂ ਸੋਲਹੇ ਮ:5, ਪੰਨਾ 1084.

730. ਆਸਾ ਮ:1, ਪੰਨਾ 351.

731. ਸੋਰਠਿ ਮ:5, ਪੰਨਾ 640.

732. ਵਾਰ ਰਾਮਕਲੀ ਮ:3, ਸਲੋਕ ਮ:1, ਪੰਨਾ 955.

733. ਆਸਾ ਮ:5, ਪੰਨਾ 393.

734. ਸਿਰੀ ਰਾਗੁ ਮ:5, ਪੰਨਾ 79.

735. ਪਣ- 5.

736. ਧਨਾਸਰੀ ਮ:1 ਆਰਤੀ, ਪੰਨਾ 663.

737. ਵਾਰ ਆਸਾ ਮ:1, ਪੰਨਾ 469.

738. ਰਾਮਕਲੀ ਮ:3 ਅਨੰਦੁ, ਪੰਨਾ 921.

739. ਤੋਂ 743. ਪਣ- (34, 86, 179), 38, 20, 103, 23.

744. ਡਾ. ਬੀ.ਪੀ.ਸ਼ਰਮਾ -ਸੰਤ ਰਵਿਦਾਸ ਕੀ ਭਕਤਿ ਸਾਧਨਾ, ਪੰਨਾ 84.

745. ਪਣ- 128.

746. ਡਾ. ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ: ਏਕ ਸਾਂਸਕ੍ਰਿਤਿਕ ਸਰਵੇਖਣ, ਪੰਨਾ-438.

747. ਮਾਰੂ ਮ:5, ਪੰਨਾ 999.

748. ਗਉੜੀ ਮ:1, ਪੰਨਾ 224.

749. ਮਾਰੂ ਮ:4, ਪੰਨਾ 995.

750. ਮਾਰੂ ਸੋਲਹੇ ਮ:3, ਪੰਨਾ 1072.

751. ਸੋਰਠਿ ਮ:3, ਪੰਨਾ 637.

752. ਆਸਾ ਮ:5, ਪੰਨਾ 402.

753. ਗਉੜੀ ਮ:1, ਪੰਨਾ 227.

754. ਸੋਰਠਿ ਮ:3, ਪੰਨਾ 638.

755 ਤੋਂ 763. ਪਦ— 4,102,134,6,5,16,136,154(ਸਾਖੀ ਭਾਗ-126)

764. ਮਾਝ ਮ:5, ਪੰਨਾ 102.

765. ਆਸਾ ਮ:5, ਪੰਨਾ 387.

766. ਸੋਰਠਿ ਮ:4, ਪੰਨਾ 604.

767. ਮਾਰੂ ਮ:1 ਸੋਲਹੇ, ਪੰਨਾ 1023.

768. ਗਉੜੀ ਮ:5, ਪੰਨਾ 206.

769. ਮਾਰੂ ਮ:3, ਪੰਨਾ 1061.

770. ਆਸਾ ਮ:5, ਪੰਨਾ 403.

771. ਬਿਲਾਵਲੁ ਮ:4, ਪੰਨਾ 798.

772 ਤੋਂ 773. ਪਦ— ਸਾਖੀ ਭਾਗ— 249- 45.

774 ਤੋਂ 776. ਪਦ— 86, 100,103.

777 ਤੋਂ 778. ਗਉੜੀ ਪੂਰਬੀ ਮ:5, ਪੰਨਾ 213, 212.

779. ਆਸਾ ਮ:5, ਪੰਨਾ 402.

780. ਭੈਰਉ ਮ:5, ਪੰਨਾ 1153.

781 ਤੋਂ 782. ਮਲਾਰ ਮ:5, ਪੰਨਾ 1268-69.

783. ਬਿਲਾਵਲੁ ਮ:1, ਪੰਨਾ 843.

784. ਮਾਰੂ ਮ:1, ਪੰਨਾ 1013.

785 ਤੋਂ 795. ਪਦ— 25, 113, 126, 160 (ਸਾਖੀ ਭਾਗ-25), 130, 174,
(ਸਾਖੀ ਭਾਗ-14,78,83),73.

796. ਡਾ. ਜੀ.ਪੀ.ਸ਼ਰਮਾ, ਸੰਤ ਰਵਿਦਾਸ ਕੀ ਭਕਤਿ ਸਾਧਨਾ, ਪੰਨਾ 76.

797 ਤੋਂ 802. ਪਦ—174, 24,37,35,53,22.

803. ਸਿਰੀ ਰਾਗੁ ਮ:3, ਪੰਨਾ 27.

804. ਸੋਰਠਿ ਮ:3, ਪੰਨਾ 638.

805. ਗਉੜੀ ਮ:5, ਪੰਨਾ 212.

806. ਵਾਰ ਰਾਮਕਲੀ ਸਲੋਕ ਮ:2, ਪੰਨਾ 955.

807. ਮਾਰੂ ਸੋਲਹੇ ਮ:5, ਪੰਨਾ 1071.

808. ਰਾਮਕਲੀ ਮ:1, ਪੰਨਾ 876.

809. ਰਾਮਕਲੀ ਮ:9, ਪੰਨਾ 902.

810. ਵਾਰ ਆਸਾ ਮ:1, ਪੰਨਾ 467.

811. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ 168.

812. ਡਾ. ਬੀ.ਪੀ. ਸ਼ਰਮਾ, ਸੰਤ ਰਵਿਦਾਸ ਬਾਣੀ, ਪਦ 2.

813. ਪਦ 114.

814. ਤੋਂ 815. ਡਾ. ਬੀ.ਪੀ.ਸ਼ਰਮਾ, ਸੰਤ ਰਵਿਦਾਸ ਬਾਣੀ, ਪਦ 75, 140.

816 ਤੋਂ 821. ਪਦ 36, 53,53,128,16,46.

822. ਡਾ. ਬੀ.ਪੀ.ਸ਼ਰਮਾ, ਸੰਤ ਰਵਿਦਾਸ ਬਾਣੀ, ਪਦ 13.

823. ਤੋਂ 842. ਪਦ 34,48,77,95,66,(ਸਾਖੀ ਭਾਗ-60,62),131,182,
(ਸਾਖੀ ਭਾਗ- 49,51,52,54,59,61,66,94,96,97,115)

843. ਡਾ. ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ, ਏਕ ਸਾਂਸਕ੍ਰਿਤਕ ਸਰਵੇਖਣ, ਪੰਨਾ 255.

844. ਡਾ. ਸ਼ੇਰ ਸਿੰਘ, ਗੁਰਮਤਿ ਦਰਸ਼ਨ, ਪੰਨਾ 235.

845. ਜਪੁਜੀ, ਪੰਨਾ 3.

846. ਮਾਰੂ ਮ:5, ਪੰਨਾ 1003.

847. ਗਉੜੀ ਮ:1, ਅਸਟਪਦੀਆਂ, ਪੰਨਾ 223.

848. ਵਾਰ ਮਾਝ ਮ:1, ਪੰਨਾ 138.

849. ਵਾਰ ਆਸਾ ਮ:1, ਪੰਨਾ 463.

850. ਜਪੁਜੀ, ਪੰਨਾ 8.

851. ਤੋਂ 852. ਮਾਰੂ ਸੋਲਹੇ ਮ:1, ਪੰਨਾ 1039.

853. ਗਉੜੀ ਅਸਟਪਦੀਆਂ ਮ:1, ਪੰਨਾ 227-28.

854. ਰਾਮਕਲੀ ਅਸਟਪਦੀਆਂ ਮ:5, ਪੰਨਾ 915.

855. ਵਾਰ ਰਾਮਕਲੀ ਮ:3 ਸਲੋਕ ਮ:1, ਪੰਨਾ 952.

856. ਵਡਹੰਸ ਮ:3, ਘਰ 1, ਪੰਨਾ 559.

857. ਗਉੜੀ ਸੁਖਮਨੀ ਮ:5, ਪੰਨਾ 294.

858. ਮਾਰੂ ਸੋਲਹੇ ਮ:1, ਪੰਨਾ 1036.

859. ਸੂਹੀ ਮ:4, ਪੰਨਾ 759.

860. ਮਾਝ ਮ:5, ਪੰਨਾ 102.

861. ਆਸਾ ਮ:4, ਪੰਨਾ 442.

862. ਰਾਮਕਲੀ ਮ:1, ਪੰਨਾ 944.

863 ਤੋਂ 864. ਆਸਾ ਮ:1, ਪੰਨਾ 351.

865. ਰਾਮਕਲੀ ਮ:1, ਪੰਨਾ 877.

866. ਸਿਰੀ ਮ:1, ਪੰਨਾ 53.

867. ਤੋਂ 868. ਜਪੁਜੀ, ਪਉੜੀ 27,37.

869. ਡਾ. ਮਨਮੋਹਨ ਸਹਿਗਲ, ਸੰਤ ਕਾਵਿ ਕਾ ਦਾਰਸ਼ਨਿਕ ਵਿਸ਼ਲੇਸ਼ਣ, ਪੰਨਾ 117.

870. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ ਵਿਅਕਤਿੱਤਵ, ਕ੍ਰਿਤਿਤ੍ਵ ਔਰ ਚਿੰਤਨ, ਪੰਨਾ-327.

871. ਰਾਮਕਲੀ ਮ:1 ਓਅੰਕਾਰੁ, ਪੰਨਾ 930.

872. ਮਾਰੂ ਮ:1 ਦੱਖਣੀ, ਪੰਨਾ 1033.

873. ਮਲਾਰ ਮ:1, ਪੰਨਾ 1255.

874. ਰਾਮਕਲੀ ਮ:1 ਓਅੰਕਾਰ, ਪੰਨਾ 932.

975. ਮਾਰੂ ਮ:1 ਦੱਖਣੀ, ਪੰਨਾ 1033.

876. ਮਾਰੂ ਸੋਲਹੇ ਮ:1, ਪੰਨਾ 1038.

877. ਧਨਾਸਰੀ ਮ:9, ਪੰਨਾ 684.

878. ਤੋਂ 879. ਜੈਤਸਰੀ ਮ:9, ਪੰਨਾ 903,902.

880. ਵਾਰ ਆਸਾ ਮ:1, ਪੰਨਾ 469.

881. ਜਪੁਜੀ, ਪਉੜੀ, 3.

882. ਸਵਈਏ ਮਹਲੇ ਚਉਥੇ ਕੇ, ਪੰਨਾ 1402.

883. ਭਗਵਤ ਪੁਰਾਣ, 1,2,6.

884. ਕਠੋਪਨਿਸ਼ਦ, 2,23.

885. ਗੀਤਾ, 17,3.

886 ਤੋਂ 897. ਪਤ— 25,33,45,73,111,26,67,35,67,152(ਸਾਖੀ ਭਾਗ-14) 149.

898. ਮਾਰੂ ਸੋਲਹੇ ਮ:1, ਪੰਨਾ 1042.

899. ਰਾਮਕਲੀ ਸਿਧ ਗੋਸਟਿ, ਪੰਨਾ 946.

900. ਵਾਰ ਮਾਝ ਮ:1, ਪੰਨਾ 138.

901. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ: ਵਿਅਕਤਿੱਤਵ, ਕ੍ਰਿਤਿੱਤ੍ਵ ਅਤੇ ਚਿੰਤਨ, ਪੰਨਾ-592.

902. ਮਾਝ ਮ:3, ਅਸਟਪਦੀਆਂ, ਪੰਨਾ 117.

903. ਗਉੜੀ ਮ:4, ਪੰਨਾ 165.

904. ਡਾ. ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ, ਏਕ ਸਾਂਸਕ੍ਰਿਤਕ ਸਰਵੇਖਣ, ਪੰਨਾ 311.

905. ਆਸਾ ਮ:1, ਪੰਨਾ 357.

906. ਭੈਰਉ ਮ:5, ਪੰਨਾ 1152.

907. ਤੋਂ 908. ਵਾਰ ਆਸਾ ਮ:1, ਪਉੜੀ 4,6, ਪੰਨਾ 455,466.

909. ਗੁਰਬਚਨ ਸਿੰਘ ਤਾਲਿਬ, ਗੁਰੂ ਗੋਬਿੰਦ ਸਿੰਘ 300ਵਾਂ ਜਨਮ ਦਿਨ ਸੋਵੀਨੀਰ।

910. ਰਾਮਕਲੀ ਮ:1, ਓਅੰਕਾਰੁ, ਪੰਨਾ 936.

911. ਸਿਰੀ ਅਸਟਪਦੀਆਂ ਮ:1, ਪੰਨਾ 73.

912. ਭੈਰਉ ਮ:1, ਪੰਨਾ 1126.

913. ਆਸਾ ਮ:1, ਪੰਨਾ 353.

914. ਆਸਾ ਮ:3, ਪੰਨਾ 425.

915 ਤੋਂ 916. ਪਦ 53, 18.

917. ਵਾਰ ਆਸਾ ਮ:1, ਪੰਨਾ 465.

918. ਸੋਰਠਿ ਮ:9, ਪੰਨਾ 633.

919. ਸੋਰਠਿ ਮ:1 ਅਸਟਪਦੀਆਂ, ਪੰਨਾ 635.

920. ਡਾ. ਬੀ.ਪੀ.ਸ਼ਰਮਾ, ਸੰਤ ਰਵਿਦਾਸ ਬਾਣੀ, ਪਦ-14.

921. ਪਦ 31.

922. ਜਪੁਜੀ, ਪੰਨਾ 1.

923. ਵਡਹੰਸ ਮ:3, ਪੰਨਾ 560.

924. ਗਉੜੀ ਮ:1, ਪੰਨਾ 222.

925. ਸੋਰਠਿ ਮ:3, ਪੰਨਾ 600.

926. ਗਉੜੀ ਮ:5, ਪੰਨਾ 264.

927. ਡਾ. ਬੀ.ਪੀ.ਸ਼ਰਮਾ, ਸੰਤ ਰਵਿਦਾਸ ਬਾਣੀ, ਪਦ 14-15.

928 ਤੋਂ 930. ਪਦ 183, (ਸਾਖੀ ਭਾਗ 61, 113)

931. ਵਾਰ ਸਿਰੀ ਰਾਗੁ, ਪੰਨਾ 83.

932. ਬਿਹਾਗੜਾ ਮ:9, ਪੰਨਾ 537.

933. ਜੈਤਸਰੀ ਮ:9, ਪੰਨਾ- 703.

934. ਗਉੜੀ ਮ:5, ਪੰਨਾ- 184.

935. ਬਿਲਾਵਲੁ ਮ:5, ਪੰਨਾ- 845.

936. ਵਾਰ ਬਿਹਾਗੜਾ ਮ:4, ਪੰਨਾ- 556.

937. ਵਾਰ ਆਸਾ ਮ:1, ਪੰਨਾ- 466.

938. ਤੋਂ 939. ਡਾ. ਬੀ.ਪੀ.ਸ਼ਰਮਾ, ਸੰਤ ਰਵਿਦਾਸ ਬਾਣੀ, ਪੰਨਾ 40,2.

940 ਤੋਂ 946. ਪੰਨਾ 17(ਸਾਖੀ ਭਾਗ-155,141,142,145,147,151)

947. ਵਾਰ ਗੂਜਰੀ ਮ:5, ਸਲੋਕ ਮ:5, ਪੰਨਾ- 522.

948. ਵਾਰ ਆਸਾ ਮ:1, ਪੰਨਾ- 474.

949. ਗਉੜੀ ਮ:5, ਪੰਨਾ- 134.

950. ਰਾਮਕਲੀ ਅਸਟਪਦੀਆਂ ਮ:1, ਪੰਨਾ- 904.

951. ਮਾਰੂ ਸੋਲਹੇ ਮ:3, ਪੰਨਾ- 1063.

952. ਸਿਰੀ ਰਾਗੁ ਮ:3, ਪੰਨਾ- 66.

953. ਵਾਰ ਰਾਮਕਲੀ ਮ:3, ਸਲੋਕ ਮ:1, ਪੰਨਾ- 951.

954. ਸੋਰਠਿ ਮ:1, ਪੰਨਾ- 59[illegible].

955. ਮਾਰੂ ਸੋਲਹੇ ਮ:1, ਪੰਨਾ- 1036.

956. ਗਉੜੀ ਮ:1, ਅਸਟਪਦੀਆਂ, ਪੰਨਾ- 223.

957. ਆਸਾ ਮ:1, ਪੰਨਾ- 351.

958. ਗਉੜੀ ਸੁਖਮਨੀ ਮ:5, ਪੰਨਾ- 286.

959. ਪੰਨਾ- 67.

960. ਰਾਮਕਲੀ ਅਸਟਪਦੀਆਂ ਮ:1, ਪੰਨਾ- 902.

961. ਧਨਾਸਰੀ ਅਸਟਪਦੀਆਂ ਮ:1, ਪੰਨਾ- 686.

962. ਬਿੱਲੀ ਗਰਾਹਮ, ਪਰਮੇਸ਼ਰ ਨਾਲ ਮੇਲ, ਪੰਨਾ- 8.

963 ਤੋਂ 966. ਪੰਨਾ- 56,(ਸਾਖੀ ਭਾਗ-60, 59, 116)

967. ਬਿੱਲੀ ਗਰਾਹਮ, ਪਰਮੇਸ਼ਰ ਨਾਲ ਮੇਲ, ਪੰਨਾ- 44.

968. ਸਿਰੀ ਰਾਗੁ ਮ:1, ਪੰਨਾ- 24.

969. ਬਸੰਤ ਅਸਟਪਦੀਆਂ ਮ:1, ਪੰਨਾ- 1189.

970. ਸਲੋਕ ਵਾਰਾਂ ਤੇ ਵਧੀਕ ਮ:1, ਪੰਨਾ- 1410.

971. ਧਨਾਸਰੀ ਮ:9, ਪੰਨਾ- 684.

972. ਜੈਤਸਰੀ ਮ:9, ਪੰਨਾ- 702.

973. ਸੋਰਠਿ ਮ:1, ਪੰਨਾ- 598.

974. ਸੋਰਠਿ ਮ:3, ਪੰਨਾ- 644.

975. ਤੋਂ 984. ਪਦ- 162,91,97,73,117,134,(ਸਾਖੀ ਭਾਗ-9) 35,[illegible],94.

985. ਆਸਾ ਅਸਟਪਦੀਆਂ ਮ:1, ਪੰਨਾ-414. .

986. ਮਾਰੂ ਸੋਲਹੇ ਮ:1, ਪੰਨਾ- 1037.

987. ਰਾਮਕਲੀ ਮ:5, ਪੰਨਾ- 814.

988. ਸਿਰੀ ਮ:1, ਪੰਨਾ- 72.

989. ਸਿਰੀ ਮ: 5, ਪੰਨਾ- 48.

990. ਸੋਰਠਿ ਮ:9, ਪੰਨਾ- 633.

991. ਜੈਤਸਰੀ ਮ:4, ਪੰਨਾ- 697.

992 ਤੋਂ 993. ਮਾਝ ਮ:5, ਪੰਨਾ- 103- 04.

994. ਸਿਰੀ ਪਦੇ ਮ:1, ਪੰਨਾ- 21.

995. ਗਉੜੀ ਮ:5, ਪੰਨਾ- 320.

996. ਕਬਿ ਆਸਾ ਮ:1, ਪੰਨਾ- 350.

997. ਭੈਰਉ ਮ:4, ਪੰਨਾ- 1314.

998. ਆਸਾ ਮ:5, ਪੰਨਾ- 371.

999. ਤੋਂ 1000. ਮਾਝ ਮ: 4, ਪੰਨਾ- 94,95.

1001. ਗੀਤਾ , 18, 66.

1002 ਤੋਂ 03. ਡਾ. ਬੀ.ਪੀ.ਸ਼ਰਮਾ, ਸੰਤ ਰਵਿਦਾਸ ਬਾਣੀ, ਪਦ 52, 94.

1004 ਤੋਂ 1008. ਪਦ- 29,45, 73, 78,163.

1009. ਜਪੁਜੀ, ਪਉੜੀ, 20.

1010. ਡਾ. ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ: ਏਕ ਸਾਂਸਕ੍ਰਿਤਕ ਸਰਵੇਖਣ, ਪੰਨਾ-312.

1011. ਤੇ 1012. ਜਪੁਜੀ, ਪਉੜੀ 10,13-14-15.

1013. ਬਿਲਾਵਲੁ ਮ:9, ਪੰਨਾ- 830.

1014. ਗਉੜੀ ਮ:9, ਪੰਨਾ- 220.

1015. ਰਾਮਕਲੀ ਅਸਟਪਦੀਆਂ ਮ:1, ਪੰਨਾ- 904.

1016. ਬਿਲਾਵਲੁ ਮ:9, ਪੰਨਾ- 830.

1017. ਰਾਮਕਲੀ ਮ:9, ਪੰਨਾ- 902.

1017ੳ. ਸਲੋਕ ਵਾਰਾਂ ਤੇ ਵਧੀਕ ਮ:9, ਪੰਨਾ- 1428.

1017ਅ. ਬਸੰਤ ਮ:9, ਪੰਨਾ- 1186.

1018. ਪ੍ਰਭਾਤੀ ਮ:1, ਪੰਨਾ- 1329.

1019. ਸੋਰਠਿ ਮ:3, ਪੰਨਾ- 601.

1020. ਵਾਰ ਸੋਰਠਿ ਮ:4, ਪੰਨਾ- 644.

1021. ਮਾਰੂ ਮ:3, ਪੰਨਾ- 1060.

1022. ਮਾਝ ਮ:5, ਪੰਨਾ- 102.

1023 ਤੋਂ 1027. ਪਦ -(ਸਾਖੀ ਭਾਗ-120, 121) 11,13,(ਸਾਖੀ ਭਾਗ-43)

1028. ਸਲੋਕ ਸ਼ੇਖ ਫਰੀਦ ਕੇ ਮ:3, ਪੰਨਾ- 1384.

1029. ਰਾਮਕਲੀ ਅਸਟਪਦੀਆਂ ਮ:1, ਪੰਨਾ- 905.

1030. ਮਾਰੂ ਸੋਲਹੇ ਮ:3, ਪੰਨਾ- 1063.

1031. ਵਾਰ ਕਾਨੜਾ ਮ:4, ਪੰਨਾ- 1313.

1032. ਗਉੜੀ ਸੁਖਮਨੀ ਮ:5, ਪੰਨਾ- 286.

1033. ਸਿਰੀ ਮ:1, ਪੰਨਾ- 26.

1034. ਆਸਾ ਮ:1, ਪੰਨਾ- 421.

1035 ਤੋਂ 1037. ਜਪੁਜੀ, ਪੰਨਾ- 1, 8.

1038. ਡਾ. ਐਸ.ਐਨ.ਗੁਪਤਾ, ਦਰਸ਼ਨ ਸ਼ਾਸਤਰ ਦੀ ਨਵੀਨ ਰੂਪ ਰੇਖਾ, ਪੰਨਾ- 157.

1039 ਤੋਂ 1041. ਜਪੁਜੀ, ਪੰਨਾ- 8.

1042. ਬਿੱਲੀ ਗਰਾਹਮ, ਪਰਮੇਸ਼ਰ ਨਾਲ ਮੇਲ(ਇਬਰਾਨੀਆਂ 11.6)

1043. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ: ਵਿਅਕਤੀਤਵ, ਕ੍ਰਿਤਿੱਤ੍ਵ ਅਤੇ ਚਿੰਤਨ, ਪੰਨਾ- 617.

1044. ਡਾ. ਧਰਮਪਾਲ ਸਿੰਗਲ, ਸੰਤ ਸ਼੍ਰੋਮਣੀ ਰਵਿਦਾਸ, ਪੰਨਾ- 55.

1045. ਪ੍ਰੋ. ਹਰਨਾਮ ਦਾਸ, ਇਸਲਾਮ ਤੇ ਸਿਖਇਜ਼ਮ(ਗੁਰੂ ਗੋਬਿੰਦ ਸਿੰਘ 300ਵਾਂ ਬਰਥਡੇ ਸੋਵੀਨੀਰ)

1046. ਡਾ. ਗੋਬਿੰਦ ਸਿੰਘ, ਗੁਰੂ ਨਾਨਕ ਵਰਲਡ ਟੀਚਰ, ਪੰਨਾ- 7.

1047 ਤੋਂ 1058. ਪਦ- 127, 111, 124, 137, 8, 8, 88, 131, (ਸਾਖੀ ਭਾਗ-110, 111, 112, 116, 118)

1059. ਵਾਰ ਬਿਹਾਗੜਾ ਮ:4, ਸਲੋਕ ਮ:1, ਪੰਨਾ- 555.

1060. ਸੋਰਠਿ ਮ:1 ਅਸਟਪਦੀਆਂ, ਪੰਨਾ- 637.

1061. ਬਸੰਤ ਹਿੰਡੋਲ ਮ:1, ਪੰਨਾ- 1170.

1062. ਰਾਮਕਲੀ ਅਸਟਪਦੀਆਂ ਮ:1, ਪੰਨਾ- 904.

1063. ਡਾ. ਧਰਮਪਾਲ ਸਿੰਗਲ, ਸੰਤ ਸ਼ਿਰੋਮਣੀ ਰਵਿਦਾਸ, ਪੰਨਾ- 99.

1064. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ:ਵਿਅੱਕਤਿੱਤਵ, ਕ੍ਰਿਤਿੱਤ੍ਵ ਅਤੇ ਚਿੰਤਨ, ਪੰਨਾ- 324.

1065. ਵਾਰ ਆਸਾ ਮ:1, ਪੰਨਾ- 470.

1066. ਸਵੱਯੇ ਪਾ:10, ਪੰਨਾ- 10.

1067 ਤੋਂ 1068. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ :ਵਿਅੱਕਤਿਤਵ, ਕ੍ਰਿਤੱਤ੍ਵ ਅਤੇ ਚਿੰਤਨ, ਪੰ.322.

1069 ਤੋਂ 1078. ਪਦ- 15,3,8,151,16,46,68,102,43,104.

1079. ਡਾ. ਧਰਮਪਾਲ ਸਿੰਗਲ- ਸੰਤ ਸ਼ਿਰੋਮਣੀ ਰਵਿਦਾਸ, ਪੰਨਾ- 71.

1080 ਤੋਂ 1085. ਪਦ- (ਰਮੈਣੀ- 1,2),(ਸਾਖੀ ਭਾਗ-44,45,51,99,152)

1086 ਤੋਂ 1087. ਪਦ- 52, 85.

1088. ਬਿਲਾਵਲੁ ਮ:1 ਥਿਤੀ, ਪੰਨਾ- 838.

1089. ਸੂਹੀ ਮ:5, ਪੰਨਾ- 749.

1090. ਗਿਆਨੀ ਲਾਲ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ(ਭਾਗ ਪਹਿਲਾ) ਪੰਨਾ- 293.

1091. ਤੋਂ 1092. ਗੁਰੂ ਗੋਬਿੰਦ ਸਿੰਘ, ਸੁਧਾ ਸਵੱਯੇ (ਅਕਾਲਉਸਤਤਿ)

1093. ਸੋਰਠਿ ਮ:1, ਪੰਨਾ- 597.

1094. ਬਿਲਾਵਲੁ ਮ:1 ਥਿਤੀ, ਪੰਨਾ- 839.

1095. ਜਪੁਜੀ, ਪੌੜੀ,30.

1096. ਗਉੜੀ ਮ 1 ਅਸਟਪਦੀਆਂ, ਪੰਨਾ- 227.

1097. ਮਾਰੂ ਸੋਲਹੇ ਮ:1, ਪੰਨਾ- 1021.

1098. ਤੋਂ 1099. ਜਪੁਜੀ, ਪਉੜੀ 9,26.

1100. ਗਉੜੀ ਮ:1 ਅਸਟਪਦੀਆਂ, ਪੰਨਾ- 227.

1101. ਰਹਿਰਾਸ, ਕਬਿਯੋ ਬਾਚ ਬੇਨਤੀ ਚੌਪਈ ਪਾ:10, 7,8,9.

1102. ਜਾਪੁ ਸਾਹਿਬ ਪਾ:10, 1.

1103. ਵਾਰ ਆਸਾ ਮ:1, ਪੰਨਾ- 464.

1104. ਪ੍ਰਭਾਤੀ ਮ:1, ਪੰਨਾ- 1328.

1105. ਆਸਾ ਮ:1, ਪੰਨਾ- 358.

1106. ਵਾਰ ਆਸਾ ਸਲੋਕ ਮ:1, ਪੰਨਾ- 462.

1107. ਭੈਰਉ ਮ:5, ਪੰਨਾ- 1136.

1108. ਦਸਮ ਪਾਤਸ਼ਾਹ 33 ਸਵਈਏ

1109. ਸਿਰੀ ਅਸਟਪਦੀਆਂ ਮ:3, ਪੰਨਾ- 66.

1110. ਗੋਂਡ ਮ:5, ਪੰਨਾ- 863.

1111. ਵਾਰ ਮਾਝ ਮ:1, ਪੰਨਾ- 141.

1112. ਹਰਿਦਾਸ, ਕਬਿਯੋ ਬਾਚ ਬੇਨਤੀ 'ਚੌਪਈ' ਪਾ.10, ਪੰਨਾ- 7.

1113. ਗਉੜੀ ਸੁਖਮਨੀ ਮ:5, ਪੰਨਾ- 275.

1114. ਵਾਰ ਆਸਾ ਸਲੋਕ ਮ:1, ਪੰਨਾ- 465.

1115. ਗਉੜੀ ਸੁਖਮਨੀ ਮ:5, ਪੰਨਾ- 278.

1116. ਸਵੱਯੇ ਪਾ: 10, ਪੰਨਾ- 8.

1117. ਡਾ. ਗੰਡਾ ਸਿੰਘ, ਗੁਰੂ ਗੋਬਿੰਦ ਸਿੰਘ 300ਵਾਂ ਬਰਥਡੇ ਸੋਵੀਨੀਰ, ਪੰਨਾ- 3.

1118. ਡਾ. ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ: ਏਕ ਸਾਂਸਕ੍ਰਿਤਕ ਸਰਵੇਖਣ, ਪੰਨਾ- 405.

1119. ਮਾਰੂ ਸੋਲਹੇ ਮ:1, ਪੰਨਾ- 1036.

------

# ਅਧਿਆਇ ਤੀਜਾ

## ਸੰਤ ਰਵਿਦਾਸ ਅਤੇ ਗੁਰੂ ਨਾਨਕ ਦਾ ਜੀਵ ਦਰਸ਼ਨ

# ਸੰਤ ਰਵਿਦਾਸ ਅਤੇ ਗੁਰੂ ਨਾਨਕ ਦਾ ਜੀਵ ਦਰਸ਼ਨ

## ਆਤਮ ਨਿਰੂਪਣ

ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਆਤਮਾ ਅਤੇ ਪਰਮਾਤਮਾ ਸੰਬੰਧੀ ਇੱਕ ਲੰਮੀ ਪਰੰਪਰਾ ਕਾਇਮ ਹੋ ਚੁੱਕੀ ਸੀ। ਜਿੱਥੇ ਕਿਤੇ ਵੀ ਪਰਮਾਤਮਾ ਦਾ ਜ਼ਿਕਰ ਹੋਇਆ ਹੈ ਉੱਥੇ ਆਤਮਾ ਦਾ ਸੰਬੰਧ ਪਰਮਾਤਮਾ ਨਾਲ ਆ ਜੁੜਦਾ ਹੈ। ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੀ ਬਾਣੀ ਵਿਚ ਵੀ ਪਰਮਾਤਮਾ ਦੇ ਨਾਲ ਨਾਲ ਆਤਮਾ ਦਾ ਨਿਰੂਪਣ ਹੋਇਆ ਹੈ। ਇਨ੍ਹਾਂ ਦੀ ਬਾਣੀ ਵਿਚ ਜੀਵਾਤਮਾ ਅਤੇ ਮਨੁੱਖ ਦੇ ਧਾਰਮਿਕ ਵਿਕਾਸ ਅਤੇ ਅਧਿਆਤਮਕ ਉੱਨਤੀ ਤੇ ਬਲ ਦਿੱਤਾ ਗਿਆ ਹੈ। ਪਰ ਗੁਰੂ ਨਾਨਕ ਨੇ ਵਿਸਤਾਰ ਵਿਚ ਜਾ ਜਾ ਕੇ ਇਸ ਦਾ ਵਿਸ਼ਲੇਸ਼ਣ ਗੰਭੀਰਤਾ ਅਤੇ ਸੂਖਮ ਦ੍ਰਿਸ਼ਟੀ ਤੋਂ ਕੀਤਾ ਹੈ। ਆਤਮਾ ਕੀ ਹੈ ? ਉਸਦਾ ਲੱਛਣ ਅਤੇ ਸਰੂਪ ਕੀ ਹੈ ? ਮਰਨ ਉਪਰੰਤ ਆਤਮਾ ਕਿੱਥੇ ਜਾਂਦੀ ਹੈ ? ਆਦਿ ਪ੍ਰਸ਼ਨਾਂ ਨੂੰ ਮੁੱਢ ਤੋਂ ਹੀ ਸੁਲਝਾਉਣ ਦਾ ਯਤਨ ਕੀਤਾ ਜਾਂਦਾ ਰਿਹਾ ਹੈ ਅਤੇ ਵੱਖ ਵੱਖ ਸਮਿਆਂ ਵਿੱਚ ਵੱਖ ਵੱਖ ਮਾਨਤਾਵਾਂ ਸਥਾਪਤ ਹੋਈਆਂ ਹਨ। ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇ ਆਤਮਾ ਸੰਬੰਧੀ ਵਿਚਾਰਾਂ ਨੂੰ ਜਾਨਣ ਤੋਂ ਪਹਿਲਾਂ ਇਨ੍ਹਾਂ ਮਾਨਤਾਵਾਂ ਦੀ ਲੰਮੀ ਪਰੰਪਰਾ ਨੂੰ ਸੰਖੇਪ ਵਿਚ ਵਾਚਣਾ ਠੀਕ ਰਹੇਗਾ।

## ਜੀਵਾਤਮਾ ਦਾ ਸਰੂਪ ਜਾਂ ਆਤਮ ਦਰਸ਼ਨ ਦੀ ਪਰੰਪਰਾ

ਜੀਵ ਦੀ ਹੋਂਦ ਕਿਉਂਕਿ ਆਤਮਾ ਸ਼ਕਤੀ ਕਾਰਨ ਹੀ ਹੈ। ਇਸ ਲਈ ਵੈਦਿਕ ਕਾਲ ਤੋਂ ਹੀ ਆਤਮਾ ਸੰਬੰਧੀ ਪ੍ਰਸ਼ਨ ਉੱਠਦੇ ਰਹੇ ਹਨ ਤੇ ਇਨ੍ਹਾਂ ਪ੍ਰਸ਼ਨਾਂ ਨੂੰ ਹੱਲ ਕਰਨ ਦੇ ਯਤਨ ਹੁੰਦੇ ਰਹੇ ਹਨ। ਰਿਗਵੇਦ ਵਿਚ ਪਰਮਾਤਮਾ ਅਤੇ ਆਤਮਾ ਦੀ ਇੱਕ ਰੁੱਖ ਤੇ ਬੈਠੇ ਪਰਸਪਰ ਮਿੱਤਰ ਭਾਵ ਰੱਖਣ ਵਾਲੇ ਦੋ ਪੰਛੀਆਂ ਨਾਲ ਤੁਲਨਾ ਕੀਤੀ ਗਈ ਹੈ। ਜਿਨ੍ਹਾਂ ਵਿਚ ਇੱਕ ਪੰਛੀ ਦਰਖਤ ਦੇ ਫਲ ਖਾਧੇ ਬਿਨਾਂ ਕੇਵਲ ਵੇਖਦਾ ਹੈ ਪਰ ਦੂਜਾ ਦਰਖਤ ਦੇ ਫਲਾਂ ਦਾ ਭਕਸ਼ਣ ਕਰਦਾ ਹੈ। ਪਹਿਲਾ ਪਰਮਾਤਮਾ ਅਤੇ ਦੂਜਾ ਆਤਮਾ ਦਾ ਪ੍ਰਤੀਕ ਹੈ।[1] ਇਸ ਲਿਹਾਜ਼ ਨਾਲ ਵੇਦਾਂ ਦਾ ਪੁਰਖ ਪ੍ਰਕ੍ਰਿਤੀ ਦਾ ਕਾਰਣ ਹੈ। ਜੀਵਾਤਮਾ ਪ੍ਰਕ੍ਰਿਤੀ ਦਾ ਅੰਸ਼ ਹੈ। ਜੀਵਾਤਮਾ ਸੰਸਾਰਕ ਜੀਵਨ ਭੋਗਦਾ ਹੈ ਅਤੇ ਪਰਮਾਤਮਾ ਸ੍ਰਿਸ਼ਟੀ ਦੇ ਕਾਰਜ ਕਰਮ ਨੂੰ ਵੇਖਦਾ ਹੈ।

## ਉਪਨਿਸ਼ਦ

ਉਪਨਿਸ਼ਦਾਂ ਵਿੱਚ ਪਰਮਾਤਮਾ ਅਤੇ ਆਤਮਾ ਨੂੰ ਇੱਕ-ਰੂਪ ਕਿਹਾ ਗਿਆ ਹੈ। ਪਰਮਾਤਮਾ ਦਾ ਨਾਮ ਬ੍ਰਹਮ ਰੱਖਿਆ ਗਿਆ ਹੈ। ਆਤਮਾ ਸ਼ਬਦ ਮਨੁੱਖੀ ਰੂਹ ਲਈ ਵਰਤਿਆ ਗਿਆ ਹੈ ਤੇ ਸਿੱਟਾ ਇਹ ਕੱਢਿਆ ਗਿਆ ਹੈ ਕਿ ਆਤਮਾ ਤੇ ਬ੍ਰਹਮ ਦੋ ਅੱਡਰੀਆਂ ਹਸਤੀਆਂ ਨਹੀਂ। ਬ੍ਰਹਮ ਹੀ ਜਗਤ ਦਾ ਨਿਮਿੱਤ ਅਤੇ ਉਪਾਦਾਨ ਕਾਰਣ ਹੈ। ਉਹ ਸਭ ਵਸਤੂਆਂ ਵਿੱਚ ਵਿਆਪਕ ਪਰ ਅਲੇਪ ਹੈ। ਅਨੇਕ ਭਾਂਤ ਦਾ ਜਗਤ ਪੈਦਾ ਕਰਕੇ ਵੀ ਬ੍ਰਹਮ ਵਿਚ ਕੋਈ ਘਾਟ ਨਹੀਂ ਹੁੰਦੀ।" ਉਹ ਵੀ ਪੂਰਣ। ਇਹ ਵੀ ਪੂਰਣ। ਇਹ ਪੂਰਣ ਉਸ ਪੂਰਣ ਵਿਚੋਂ ਨਿਕਲਿਆ ਹੈ, ਪ੍ਰੰਤੂ ਉਹ ਪੂਰਣ ਉਸੇ ਤਰ੍ਹਾਂ ਹੀ ਪੂਰਣ ਹੈ।"[2]

ਬੰਧਨ ਵਿੱਚ ਪੈ ਕੇ ਆਤਮਾ ਜੀਵਾਤਮਾ ਕਹਿਲਾਉਂਦੀ ਹੈ। ਜੀਵਾਤਮਾ ਪੂਰਵ ਜਨਮ ਦੇ ਕਰਮਾਂ ਅਨੁਸਾਰ ਦੁੱਖ-ਸੁੱਖ ਦੇ ਭੋਗ ਲਈ ਇਸ ਸੰਸਾਰ ਵਿਚ ਆਉਂਦੀ ਹੈ ਅਤੇ ਜਨਮ ਮਰਨ ਦੇ ਗੇੜ ਵਿੱਚ ਫਸਿਆ ਰਹਿੰਦਾ ਹੈ।[3] ਵਿਅਕਤੀਗਤ ਆਤਮਾ ਦਾ ਨਾਮ ਜੀਵ ਰੱਖਿਆ ਗਿਆ ਹੈ। ਤੈਤਿਰੀਯ ਉਪਨਿਸ਼ਦ ਵਿਚ ਜੀਵ ਦੇ ਪੰਜ ਕੋਸ਼ਾਂ ਦਾ ਵਰਣਨ ਹੈ। ਅੰਨਮਯ, ਪ੍ਰਾਣਮਯ, ਮਨੋਮਯ, ਵਿਗਿਆਨਮਯ ਅਤੇ ਆਨੰਦਮਯ। ਇਹ ਰਲਕੇ ਆਤਮਾ ਦਾ 'ਭੋਗ ਘਰ' ਬਣਾਉਂਦੇ ਹਨ ਅਤੇ ਅੰਤ ਅਸਲੀਅਤ ਦਾ ਗਿਆਨ ਪ੍ਰਾਪਤ ਕਰਕੇ ਉਹ ਮੁਕਤ ਹੋ ਜਾਂਦੀ ਹੈ। ਜਪੁ ਜੀ ਸਾਹਿਬ ਵਿਚ ਵੀ ਜੀਵ ਦੇ ਇਨ੍ਹਾਂ ਪੰਜ ਕੋਸ਼ਾਂ ਦਾ ਵਰਣਨ ਕੀਤਾ ਗਿਆ ਹੈ। ਉਪਨਿਸ਼ਦਾਂ ਅਨੁਸਾਰ ਜੀਵਾਤਮਾ ਸ਼ਰੀਰ ਦੇ ਜਗਤ ਵਿਚ ਆਉਣ ਨਾਲ ਨਾ ਜੰਮਦੀ ਹੈ, ਨ ਉਸਦੇ ਨਾਸ਼ ਹੋਣ ਨਾਲ ਨਾਸ਼ ਹੁੰਦੀ ਹੈ। ਇਹ ਅਜਨਮੀ, ਸਦੀਵੀ ਆਦਿ ਤੋਂ ਹੈ। ਇਕ ਸ਼ਰੀਰ ਦੇ ਨਾਸ਼ ਹੋ ਜਾਣ ਤੇ ਇਹ ਹੋਰ ਸ਼ਰੀਰ ਧਾਰ ਲੈਂਦੀ ਹੈ।[4]

ਗੀਤਾ ਅਨੁਸਾਰ ਆਤਮਾ ਨਾ ਜੰਮਦੀ ਹੈ ਨਾ ਮਰਦੀ ਹੈ। ਉਸ ਤੇ ਕਿਸੇ ਵੀ ਵਸਤੂ ਦਾ ਪ੍ਰਭਾਵ ਨਹੀਂ ਪੈਂਦਾ। ਆਤਮਾ ਪਰਮਾਤਮਾ ਦਾ ਇੱਕ ਸਨਾਤਨ ਅੰਸ਼ ਹੈ। ਆਤਮਾ ਵੀ ਪਰਮਾਤਮਾ ਦੀ ਤਰ੍ਹਾਂ ਅਵਿਅਕਤ, ਨਿਰਵਿਕਾਰ ਅਤੇ ਅਚਿੰਤ ਹੈ।[5] ਪਰ ਗੀਤਾ ਵਿਚ ਕ੍ਰਿਸ਼ਨ ਈਸ਼ਵਰ ਬ੍ਰਹਮ ਦਾ ਆਪ ਦੇਹ ਧਾਰ ਕੇ ਅਰਜਨ ਇਕ ਜੀਵ ਨੂੰ ਉਪਦੇਸ਼ ਕਰਨਾ ਜੀਵਾਤਮਾ ਤੇ ਬ੍ਰਹਮ ਦੇ ਵਿਚਕਾਰ ਭਿੰਨਾ ਪਾੜਾ ਜ਼ਾਹਰ ਕਰਦਾ ਹੈ ਕਿ ਇੰਨੀ ਵੱਡੀ ਵਿਥ ਸਰਗੁਣ ਸਰੂਪ ਵਿਚ ਮਿਟਦੀ ਨਹੀਂ ਜਾਪਦੀ।

## ਜੈਨਮੱਤ

ਜੈਨਮੱਤ ਅਨੁਸਾਰ ਸੰਸਾਰ ਵਿਚ ਦੋ ਤਰ੍ਹਾਂ ਦੀਆਂ ਹਸਤੀਆਂ ਹਨ। ਚੇਤਨ ਅਤੇ

ਅਚੇਤਨ ਅਰਥਾਤ ਜੀਵ ਅਤੇ ਅਜੀਵ। ਪੰ: ਬਲਦੇਵ ਉਪਾਧਿਆਏ ਅਨੁਸਾਰ ਚੇਤਨ ਪਦਾਰਥ ਨੂੰ ਹੀ ਜੀਵ ਕਿਹਾ ਗਿਆ ਹੈ। ਸਾਰੇ ਜੀਵਾਂ ਚ ਚੇਤਨਾ ਦਾ ਹੋਣਾ ਉਸ ਦਾ ਮੂਲ ਲੱਛਣ ਹੈ।[6] ਹਰ ਇੱਕ ਚੀਜ਼ ਇੱਕ ਸਰੂਪ ਨੂੰ ਛੱਡ ਕੇ ਦੂਸਰਾ ਸਰੂਪ ਧਾਰਨ ਕਰਦੀ ਹੈ। ਜੀਵ ਦੇ ਆਪਣੇ ਕਰਮਾਂ ਦੇ ਫਲਸਰੂਪ ਹੀ ਉਸ ਦੀਆਂ ਕਿਰਿਆਵਾਂ ਬਣਦੀਆਂ ਹਨ। ਜੀਵ ਖੁਦ ਸ਼ੁੱਭ-ਅਸ਼ੁੱਭ ਕਰਮਾਂ ਦਾ ਕਰਤਾ ਅਤੇ ਕਰਮ ਫਲਾਂ ਨੂੰ ਭੋਗਣ ਵਾਲਾ ਹੈ। ਜੀਵ ਇਕ ਨਹੀਂ ਅਨੇਕ ਹਨ। ਪਸ਼ੂਆਂ, ਪੰਛੀਆਂ, ਦਰਖਤਾਂ ਅਤੇ ਪੌਦਿਆਂ ਵਿਚ ਵੀ ਜੀਵ ਦਾ ਅਸਤਿੱਤਵ ਹੈ। ਪਰ ਸਭ ਤੋਂ ਉਤਮ ਪਦਵੀ ਮਨੁੱਖ ਦੀ ਹੈ। ਦੇਵਤਿਆਂ ਨੂੰ ਵੀ ਮੁਕਤ ਹੋਣ ਲਈ ਮਨੁੱਖ ਜਾਮਾ ਧਾਰਨਾ ਪੈਂਦਾ ਹੈ। ਤਪ ਦੁਆਰਾ ਮਨੁੱਖੀ ਆਤਮਾ, ਹੌਲੀ ਹੌਲੀ ਪਵਿੱਤਰ ਹੋ ਜਾਂਦੀ ਹੈ। ਜੈਨਮੱਤ ਅਨੁਸਾਰ ਕਰਮਾਂ ਦੇ ਪ੍ਰਮਾਣੂ ਆਤਮਾ ਨੂੰ ਸੰਸਾਰ ਵੱਲ ਖਿੱਚਦੇ ਰਹਿੰਦੇ ਹਨ। ਧਾਰਮਕ ਯਤਨਾਂ ਨਾਲ ਕਰਮਾਂ ਦਾ ਅੰਤ ਹੋ ਜਾਣ ਤੇ ਆਤਮਾ ਸਰੀਰ ਨੂੰ ਛੱਡ ਕੇ ਬ੍ਰਹਮੰਡ ਦੀ ਚੋਟੀ ਤੇ ਮੁਕਤ ਰੂਹਾਂ ਵਿਚ ਜਾ ਨਿਵਾਸ ਕਰਦੀ ਹੈ। ਇਸ ਤਰ੍ਹਾਂ ਆਤਮਾ ਦੀ ਹੋਂਦ ਕਰਮਾਂ ਤੇ ਨਿਰਭਰ ਕਰਦੀ ਹੈ।

## ਬੁੱਧ ਦਰਸ਼ਨ

ਬੁੱਧ ਮੱਤ ਵਿਚ ਆਤਮਾ ਦੀ ਸਦੀਵੀ ਹੋਂਦ ਤੋਂ ਇਨਕਾਰ ਕੀਤਾ ਗਿਆ ਹੈ। ਇਸ ਮੱਤ ਅਨੁਸਾਰ ਆਤਮਾ ਨਾਂ ਦੀ ਕੋਈ ਚੀਜ਼ ਨਹੀਂ। ਸਾਰੀਆਂ ਵਸਤੂਆਂ ਖਿਣਭੰਗਰ, ਨਾਸ਼ਵਾਨ ਅਤੇ ਪਰਿਵਰਤਨਸ਼ੀਲ ਹਨ। ਇਸ ਮੱਤ ਅਨੁਸਾਰ ਚਿੱਤ ਵੀ ਇੱਕ ਮਾਤਰ ਵਸਤੂ ਹੈ। ਭਾਈ ਜੋਧ ਸਿੰਘ ਲਿਖਦੇ ਹਨ ਕਿ ਬੁੱਧ ਦੇਵ ਜੀ ਦਾ ਆਤਮਾ ਨੂੰ ਇਕ ਕਲਪਿਤ ਹਸਤੀ ਕਰਾਰ ਦੇਣਾ ਬਿੱਲਕੁੱਲ ਇਕ ਨਵਾਂ ਖਿਆਲ ਸੀ। ਉਨ੍ਹਾਂ ਕਿਹਾ ਕਿ ਵਿਅਕਤਿਤ੍ਵ ਬਣਾਣ ਵਿਚ ਪੰਜ ਸਕੰਧ ਭਾਗ ਲੈਂਦੇ ਹਨ। ਰੂਪ ਅਰਥਾਤ ਭੌਤਿਕ ਸਰੀਰ ਜਿਹੜਾ ਚਾਰ ਤੱਤਾਂ ਪ੍ਰਿਥਵੀ, ਜਲ, ਪਵਨ ਅਤੇ ਅਗਨੀ ਤੋਂ ਬਣਿਆ ਹੈ ਅਤੇ ਨਾਮਨ ਜਾਂ ਮਾਨਸਿਕ ਭਾਗ ਜਿਸ ਦੀਆਂ ਚਾਰ ਸ਼ਕਲਾਂ ਹਨ, ਵੇਦਨਾ ਸੰਗਿਆ, ਸੰਸਕਾਰ ਅਤੇ ਵਿਗਿਆਨ। ਇਹ ਸਾਰੇ ਮਾਨਸਿਕ ਅੰਗ ਸਾਡੇ ਵਿਚ ਇੱਕ ਨਦੀ ਦੇ ਪ੍ਰਵਾਹ ਵਾਂਗ ਤੁਰਦੇ ਰਹਿੰਦੇ ਹਨ ਅਤੇ ਸਾਰੇ ਹੀ ਕਸ਼ਣਿਕ ਹੁੰਦੇ ਹਨ ਆਤਮਾ ਇਨ੍ਹਾਂ ਭੌਤਿਕ ਪਰਮਾਣੂਆਂ, ਵੇਦਨਾਵਾਂ, ਸੰਗਿਆਵਾਂ, ਸੰਸਕਾਰਾਂ ਜਾਂ ਵਿਗਿਆਨਾਂ ਨਾਲ ਇਕ ਰੂਪ ਨਹੀਂ ਸਮਝੀ ਜਾ ਸਕਦੀ ਨਾ ਹੀ ਇਹ ਸਾਰੇ ਉਸਦੇ ਵਿਚ ਸਮਾਏ ਜਾਂ ਨਿਵਾਸ ਕਰਦੇ ਹਨ।[7] ਸਪਸ਼ਟ ਹੈ ਕਿ ਜਦੋਂ ਬੋਧ ਮੱਤ ਆਤਮਾ ਦੀ ਹੋਂਦ ਤੋਂ ਇਨਕਾਰ ਕਰਦਾ ਹੈ ਤਾਂ ਪਰਮਾਤਮਾ ਦੀ ਹੋਂਦ ਤੋਂ ਵੀ ਇਨਕਾਰੀ ਹੈ। ਇਥੇ ਜੈਨ ਅਤੇ ਬੁੱਧ ਮੱਤ ਵਿਚ ਇਹੋ ਫਰਕ ਹੈ ਕਿ ਜੈਨ ਮੱਤ ਆਤਮਾ ਦੀ ਹੋਂਦ ਵਿਚ ਵਿਸ਼ਵਾਸ ਰੱਖਦਾ ਹੈ ਪਰ ਬੁੱਧ ਮੱਤ ਆਤਮਾ ਦੀ ਸਦੀਵੀ ਹੋਂਦ ਤੋਂ ਇਨਕਾਰ ਕਰਦਾ ਹੈ ਪਰ 'ਕਰਮ ਮਾਰਗ' ਵਿਚ ਦੋਨੋਂ ਵਿਸ਼ਵਾਸ ਰੱਖਦੇ ਹਨ। ਬੁੱਧ ਮੱਤ ਪੁਨਰ-ਜਨਮ ਵਿਚ ਵੀ ਵਿਸ਼ਵਾਸ ਰੱਖਦਾ ਹੈ। ਪੁਨਰ

ਜਨਮ ਕੀ ਚੀਜ਼ ਤੇ ਕੌਣ ਲੈਂਦਾ ਹੈ ਇਸ ਬਾਰੇ ਬੁੱਧ ਮੱਤ ਅਸਪਸ਼ਟ ਹੈ। ਬੁੱਧ ਮੱਤ ਮੰਨਦਾ ਹੈ ਇਸ ਜਨਮ ਅਤੇ ਅਗਲੇ ਜਨਮ ਵਿਚ ਜੀਵ ਦੀ ਸਥਿਤੀ ਪੂਰਨ ਤੇ ਕਰਮਾਂ ਤੇ ਨਿਰਭਰ ਕਰਦੀ ਹੈ। ਜੀਵ ਜੋ ਬੀਜਦਾ ਹੈ ਉਹੀ ਵੱਢਦਾ ਹੈ। ਕੋਈ ਦੇਵੀ ਦੇਵਤਾ ਉਸ ਨੂੰ ਨਹੀਂ ਬਦਲ ਸਕਦਾ। ਆਪਣੇ ਕਰਮਾਂ ਦਾ ਫਲ ਪਾਉਣ ਲਈ ਉਹ ਵਾਰ-ਵਾਰ ਜਨਮ ਲੈਂਦਾ ਹੈ। ਕਰਮ ਸਿਧਾਂਤ ਦਾ ਇਹ ਨਿਯਮ ਕੋਈ ਵੱਖਰਾ ਨਹੀਂ ਸੀ ਕਿਉਂਕਿ ਪਹਿਲਾਂ ਪ੍ਰਚੱਲਤ ਸੀ। ਕਰਮ ਸਿਧਾਂਤ ਕਰਕੇ ਹੀ ਬੁੱਧ ਨੇ ਪਰਮਾਤਮਾ ਦੀ ਹੋਂਦ ਵਲ ਚੁਪ ਧਾਰੀ ਰੱਖੀ ਉਸਦੀ ਇਹ ਚੁੱਪ ਪਰਮਾਤਮਾ ਦੀ ਹੋਂਦ ਸਵੀਕਾਰ ਕਰਦੀ ਜਾਪਦੀ ਹੈ ਜੇ ਪਰਮਾਤਮਾ ਹੈ ਤਾਂ ਆਤਮਾ ਕਿਉਂ ਨਹੀਂ। ਇਸ ਬਾਰੇ ਵੀ ਬੁੱਧ ਚੁੱਪ ਹੈ। ਬੋਧ ਮੱਤ ਦੀ ਇਹ ਨਾਸਤਿਕਤਾ ਸਭ ਵਸਤੂਆਂ ਨੂੰ ਨਿਰਜੀਵਤਾ ਦੇ ਨੇੜੇ ਲੈ ਆਉਂਦੀ ਹੈ।

## ਨਯਾਯ ਅਤੇ ਵਈਸ਼ੇਸ਼ਿਕ

ਨਯਾਯ ਅਤੇ ਵਈਸ਼ੇਸ਼ਿਕ ਵਿਚ ਆਤਮਾ ਨੂੰ ਸਰਬੱਗ, ਦ੍ਰਿਸ਼ਟਾ, ਨਿਤਯ ਅਤੇ ਸਰਬ-ਵਿਆਪਕ ਮੰਨਿਆ ਗਿਆ ਹੈ। ਜੀਵਾਤਮਾ ਆਪਣੇ ਖੇਤਰ ਵਿੱਚ ਨਿਰਪੇਖ ਹੋਣ ਕਰਕੇ ਆਪਣੇ ਕਰਮਾਂ ਦੇ ਸੰਸਕਾਰਾਂ ਕਾਰਨ ਇਕ ਸਰੀਰ ਤੋਂ ਦੂਸਰੇ ਸਰੀਰ ਵਿਚ ਪ੍ਰਵੇਸ਼ ਕਰਦੀ ਹੈ। ਦੁੱਖਾਂ ਦਾ ਨਾਸ਼ ਹੋ ਜਾਣ ਤੇ ਉਹ ਮੁਕਤ ਹੋ ਜਾਂਦੀ ਹੈ।[8] ਡਾ. ਰਾਧਾ ਕ੍ਰਿਸ਼ਨਨ ਅਨੁਸਾਰ ਆਤਮਾ ਇਕ ਯਥਾਰਥ ਸੱਤਾ ਹੈ ਅਤੇ ਇੱਛਾ, ਦ੍ਵੇਸ਼, ਸੰਕਲਪ, ਸੁੱਖ-ਦੁੱਖ ਅਤੇ ਗਿਆਨ ਇਸਦੇ ਗੁਣ ਹਨ।[9] ਆਤਮਾ ਇੱਕ ਨਹੀਂ ਅਨੇਕ ਹਨ। ਇਕ ਸਰੀਰ ਪਰ ਇੱਕ ਹੀ ਆਤਮਾ ਰਹਿੰਦਾ ਹੈ।[10] ਆਤਮਾ ਵੀ ਅਮਰ ਤੇ ਸਰਵ ਵਿਆਪਕ ਹੈ। ਆਤਮਾ ਸਰੀਰ, ਗਿਆਨ ਇੰਦ੍ਰੀਆਂ ਮਨ ਅਤੇ ਚੇਤਨਾ ਦੇ ਵਹਾਉ ਤੋਂ ਅੱਡਰੀ ਤੇ ਵੱਖਰੀ ਹੈ। ਦੋਵੇਂ ਸ਼ਾਸਤ੍ਰ ਮੰਨਦੇ ਹਨ ਕਿ ਆਤਮਾ ਦਾ ਵੀ ਸਿੱਧਾ ਅਨੁਭਵ ਮਾਨਸਿਕ ਅਰਥਾਤ ਅੰਤ੍ਰੀਵ ਸੂਝ ਰਾਹੀਂ ਹੋ ਸਕਦਾ ਹੈ। ਆਤਮਾ ਦੇ ਗੁਣ ਇੱਛਾ, ਤ੍ਰਿਸ਼ਣਾ, ਰਾਗ ਦ੍ਵੈਖ ਆਦਿ ਕਿਸੇ ਭੌਤਿਕ ਦ੍ਰਵ ਵਿਚ ਨਹੀਂ ਹੋ ਸਕਦੇ। ਇਸ ਲਈ ਆਤਮਾ ਇਕ ਮਾਦੀ ਪਦਾਰਥ ਨਹੀਂ। ਭਾਵੇਂ ਗਿਆਨ ਜਾਂ ਚੇਤਨਾ ਆਤਮਾ ਦਾ ਗੁਣ ਹੈ ਪਰੰਤੂ ਇਹ ਉਸਦੇ ਅਸਲੇ ਦਾ ਅਨਿੱਖੜਵਾਂ ਭਾਗ ਨਹੀਂ। ਜਦੋਂ ਸੱਤ ਦੇ ਗਿਆਨ ਦੁਆਰਾ ਆਤਮਾ ਮੁਕਤੀ ਪ੍ਰਾਪਤ ਕਰ ਲੈਂਦੀ ਹੈ ਅਤੇ ਸਰੀਰ ਨਾਲ ਉਸਦਾ ਕੋਈ ਸੰਬੰਧ ਨਹੀਂ ਰਹਿੰਦਾ, ਉਸ ਨੂੰ ਦੁੱਖ-ਸੁੱਖ ਦਾ ਕੋਈ ਅਹਿਸਾਸ ਨਹੀਂ ਰਹਿੰਦਾ, ਨਾਹੀ ਕੋਈ ਹੋਰ ਚੇਤਨਾ ਰਹਿੰਦੀ ਹੈ।[11]

## ਸਾਂਖ ਦਰਸ਼ਨ

ਸਾਂਖ ਦਰਸ਼ਨ ਅਨੁਸਾਰ ਪੁਰਸ਼ ਜਾਂ ਆਤਮਾ ਅਤੇ ਪ੍ਰਕ੍ਰਿਤੀ ਦੋ ਮੂਲ ਤੱਤ ਹਨ। ਪ੍ਰਕ੍ਰਿਤੀ ਸਦੀਵੀ ਹਸਤੀ ਹੈ। ਕਿਸੇ ਨੇ ਇਸ ਨੂੰ ਉਤਪੰਨ ਨਹੀਂ ਕੀਤਾ। ਪਰ ਸੰਸਾਰ ਦਾ ਸਾਰਾ ਪਸਾਰਾ ਇਸ ਤੋਂ ਹੈ। ਸਤ, ਰਜ ਤੇ ਤਮ ਤਿੰਨ ਗੁਣ ਇਸ ਦੇ ਹਨ। ਪ੍ਰਕ੍ਰਿਤੀ ਤਿੰਨਾਂ ਗੁਣਾਂ ਦੇ ਸੰਤੁਲਨ

ਹੀ ਅਵਸਥਾ ਹੈ। ਇਹ ਸਭ ਵਸਤਾਂ ਦਾ ਮੂਲ ਹੈ।[12] ਜੀਵਾਤਮਾ ਇੰਦਰੀਆਂ ਦੇ ਸੰਜੋਗ ਅਤੇ ਸਰੀਰ ਦੁਆਰਾ ਸੀਮਤ ਹੋਣ ਕਾਰਨ ਵੱਖਰੇ ਰੂਪ ਦਾ ਦਿਖਾਈ ਦਿੰਦੀ ਹੈ। ਜੀਵਾਤਮਾ ਸੁਤੰਤਰ ਆਤਮਾ ਜਾਂ ਪੁਰਸ਼ ਅਤੇ ਪ੍ਰਕ੍ਰਿਤੀ ਦਾ ਮਿਸ਼ਰਣ ਹੈ। ਲਿੰਗ ਸਰੀਰ ਸੁੱਖ-ਦੁੱਖ, ਕਰਮ, ਕਰਮ ਫਲਾਂ ਦੇ ਅਧੀਨ ਹੈ ਅਤੇ ਜਨਮ-ਮਰਨ ਦੇ ਚੱਕਰ ਚ ਪਿਆ ਰਹਿੰਦਾ ਹੈ। ਆਤਮਾ ਜਾਂ **ਪੁਰਸ਼** ਸੰਸਾਰਕ ਕਾਰਵਿਹਾਰਾਂ ਪ੍ਰਤੀ ਉਦਾਸੀਨ ਰਹਿੰਦਾ ਹੈ।[13] ਸਾਂਖ ਭੇਦਵਾਦੀ ਹੈ ਪਰ ਗੁਰਬਾਣੀ ਅਭੇਦਵਾਦੀ ਹੈ। ਸਾਂਖ ਅਨੁਸਾਰ ਅਨੇਕ ਜੀਵਾਤਮਾ ਅਨਾਦੀ ਹਨ ਅਤੇ 'ਪੁਰਖ' ਪਰਮਾਤਮਾ ਵਾਂਗ ਹੀ ਸੱਤ ਹਨ।

## ਯੋਗ ਦਰਸ਼ਨ

ਇਸ ਅਨੁਸਾਰ ਜੀਵ ਸ਼ੁੱਧ ਚੇਤਨ ਸਰੂਪ ਹੈ। ਜੋ ਸਰੀਰਕ ਬੰਧਨ ਅਤੇ ਮਾਨਸਿਕ ਵਿਕਾਰਾਂ ਤੋਂ ਮੁਕਤ ਰਹਿੰਦਾ ਹੈ। ਪ੍ਰੰਤੂ ਭਰਮ ਅਤੇ ਅਗਿਆਨਤਾ ਕਾਰਣ ਬੰਧਨ ਵਿਚ ਫਸ ਜਾਂਦਾ ਹੈ ਅਤੇ ਆਪਣੇ ਆਪ ਨੂੰ 'ਚਿੱਤ' ਸਮਝਣ ਲੱਗ ਪੈਂਦਾ ਹੈ। ਇਹ 'ਚਿੱਤ' ਜਿਸ ਵਿਚ ਰਜੋ ਗੁਣ ਅਤੇ ਤਮੋ ਗੁਣ ਤੋਂ ਉਪਰ ਸਤੋ ਗੁਣ ਦੀ ਪ੍ਰਧਾਨਤਾ ਰਹਿੰਦੀ ਹੈ, ਪ੍ਰਕ੍ਰਿਤੀ ਦਾ ਪਹਿਲਾ ਵਿਕਾਰ ਹੈ। ਚਿਤ ਸੁਭਾਅ ਤੋਂ ਜੜ੍ਹ ਹੈ ਪ੍ਰੰਤੂ ਆਤਮਾ ਦੇ ਪ੍ਰਕਾਸ਼ ਨਾਲ ਪ੍ਰਕਾਸ਼ਿਤ ਹੋ ਜਾਂਦਾ ਹੈ।[14] ਯੋਗ ਕਿਉਂਕਿ ਚਿੱਤ ਵਿਚ ਉੱਠਣ ਵਾਲੀਆਂ ਲਹਿਰਾਂ ਨੂੰ ਰੋਕਣ ਦਾ ਨਾਮ ਹੈ। ਜਦੋਂ ਇਹ ਲਹਿਰਾਂ ਰੁਕ ਜਾਂਦੀਆਂ ਹਨ ਤਾਂ ਜਿਵੇਂ ਤਲਾ ਵਿਚ ਹਵਾ ਨਾਲ ਉਠਣ ਵਾਲੀਆਂ ਲਹਿਰਾਂ ਬੰਦ ਹੋ ਜਾਣ ਤੇ ਤਲਾ ਦਾ ਥੱਲਾ ਦਿਸਣ ਦੀ ਤਰ੍ਹਾਂ, ਚਿੱਤ ਦੀ ਇਕਾਗਰਤਾ ਹੋ ਜਾਂਦੀ ਹੈ ਤੇ ਫਿਰ ਆਤਮਾ ਦੇ ਅਸਲੀ ਸਰੂਪ ਦੀ ਜਾਣਕਾਰੀ ਹੁੰਦੀ ਹੈ।

## ਮੀਮਾਂਸਾ ਮੱਤ

ਮੀਮਾਂਸਾ ਮੱਤ ਕਾਰਜ ਵਾਦ ਵਿਚ ਵਿਸ਼ਵਾਸ ਰੱਖਦੇ ਹਨ। ਕਾਰਜ ਦਾ ਉਸ ਦੇ ਉਪਾਦਾਨ ਕਾਰਣ ਨਾਲ ਸੰਬੰਧ ਸਮਵਾਯ ਦਾ ਨਹੀਂ। ਪਰਮਾਣੂ ਅੱਦ੍ਰਿਸ਼ ਨਹੀਂ। ਸੂਰਜ ਦੀ ਕਿਰਣ ਵਿਚ ਛੋਟੇ ਛੋਟੇ ਜਰੇ ਦਿਸਦੇ ਹਨ ਜਿਵੇਂ ਘੜਾ ਮਿੱਟੀ ਹੈ, ਪਰ ਰੂਪ ਆਦਿ ਗੁਣਾਂ ਕਰਕੇ ਉਸ ਤੋਂ ਵਖਰਾ ਹੈ। ਮਿੱਟੀ ਤੋਂ ਘੜਾ, ਚੱਪਣੀ, ਆਦਿ ਅਨੇਕ ਵਸਤਾਂ ਬਣਦੀਆਂ ਹਨ ਜੋ ਉਸ ਮਿੱਟੀ ਦਾ ਪਰਿਣਾਮ ਹਨ। ਇਹੋ ਸੰਬੰਧ ਆਤਮਾ ਤੇ ਪਰਮਾਤਮਾ ਦਾ ਹੈ। ਵਿਅਕਤੀਗਤ ਆਤਮਾ ਅਣਗਿਣਤ ਹਨ ਪਰ ਪਰਮਆਤਮਾ ਇੱਕ ਹੀ ਹੈ। ਮੀਮਾਂਸਾ ਮੱਤ ਅਨੁਸਾਰ ਜੀਵਾਤਮਾ ਦੀ ਸੱਤਾ ਸਰੀਰ, ਇੰਦਰੀਆਂ ਆਦਿ ਤੋਂ ਭਿੰਨ ਹੈ। ਸਰੀਰ ਦੇ ਨਸ਼ਟ ਹੋ ਜਾਣ ਤੇ ਜੀਵਾਤਮਾ ਹੀ ਪਰਲੋਕ ਨੂੰ ਜਾਂਦਾ ਹੈ। ਆਤਮਾ ਕਰਤਾ ਅਤੇ ਭੋਗਤਾ ਹੋਵੇਂ ਹੈ। ਇਹ ਵਿਆਪਕ ਅਤੇ ਹਰ ਸਰੀਰ ਵਿਚ ਭਿੰਨ ਹੈ।[15] ਡਾ. ਰਤਨ ਸਿੰਘ ਜੱਗੀ ਲਿਖਦੇ ਹਨ ਕਿ ਮੀਮਾਂਸਾ ਵਿਚ ਈਸ਼ੁਵਰ ਦੇ ਸੰਬੰਧ ਵਿਚ ਕੋਈ ਸਪਸ਼ਟ

ਧਾਰਨਾ ਨਹੀਂ। ਵੇਦ ਵਿਹਿਤ ਆਹੂਤੀਆਂ ਨੂੰ ਅਰਪਿਤ ਕਰਨ ਲਈ ਅਨੇਕ ਦੇਵਤਿਆਂ ਦੀ ਕਲਪਣਾ ਕਰ ਲਈ ਗਈ ਹੈ। ਜੋ ਮੀਮਾਂਸਕ ਆਤਮਾ ਦੇ ਅਨੇਕਤਵ ਵਿਚ ਵਿਸ਼ਵਾਸ਼ ਰੱਖਦੇ ਹਨ।[16] ਚਾਰਵਾਕ ਦਰਸ਼ਨ ਧਨ, ਪੁੱਤਰ ਸਰੀਰ, ਪ੍ਰਾਣ, ਮਨ ਆਦਿ ਨੂੰ ਹੀ ਆਤਮਾ ਮੰਨਦਾ ਹੈ।

## ਅਦਵੈਤ-ਵੇਦਾਂਤ

ਸਾਂਖ ਦੇ ਕਰਤਾ ਕਪਲ ਵਾਂਗ ਸੰਕਰ ਜੀਵ-ਆਤਮਾ, ਬ੍ਰਹਮ ਤੇ ਜਗਤ ਨੂੰ ਭਿੰਨ-ਭਿੰਨ ਅਨਾਦੀ ਤੇ ਸੱਤ ਵਸਤੂਆਂ ਨਹੀਂ ਮੰਨਦਾ। ਸਗੋਂ ਜੀਵਾਤਮਾ ਤੇ ਜਗਤ ਮਾਇਆ ਦੇ ਸੰਬੰਧ ਕਰਕੇ ਇਕੋ ਬ੍ਰਹਮ ਤੋਂ ਹੀ ਬਣੇ ਹਨ ਤੇ ਬ੍ਰਹਮ ਹੀ ਤੱਤ ਸੱਤ ਹੈ। ਮਾਇਆ ਅਤੇ ਅਵਿਦਿਆ ਕਰਕੇ ਏਕ ਬ੍ਰਹਮ ਅਨੇਕ ਹੋ ਕੇ ਭਾਸਦਾ ਹੈ ਜਿਵੇਂ ਭਰਮ ਦੇ ਕਾਰਣ ਹਨੇਰੇ ਵਿਚ ਰੱਸੀ ਸੱਪ ਹੋਕੇ ਦਿਸਦੀ ਹੈ ਪਰ ਅਸਲ ਵਿਚ ਉਹ ਸੱਪ ਨਹੀਂ ਹੁੰਦੀ। ਇਸੇ ਤਰ੍ਹਾਂ ਅਵਿਦਿਆ ਕਾਰਣ ਜੀਵਾਤਮਾ ਆਪਣੇ ਆਪ ਨੂੰ ਬ੍ਰਹਮ ਨਾਲੋਂ ਵਖ ਸਮਝਦੀ ਹੈ। ਇਥੇ ਇਹ ਮੱਤ ਗੁਰਮਤ ਨਾਲ ਵੀ ਕਾਫ਼ੀ ਹੱਦ ਤੱਕ ਮੇਲ ਖਾਂਦਾ ਹੈ। ਅਦਵੈਤ-ਵੇਦਾਂਤ ਅਨੁਸਾਰ ਆਤਮਾ ਗਿਆਨ-ਰੂਪ, ਸਤਿ, ਗਿਆਤਾ, ਅਨੰਤ, ਨਿਤਯ, ਨਿਰਾਕਾਰ, ਅਮਰ ਅਤੇ ਚੇਤਨ-ਸਰੂਪ ਹੈ। ਸਭ ਜੀਵਾਂ ਵਿਚ ਇਕ ਹੀ ਆਤਮਾ ਹੈ। ਅਤਿਅੰਤ ਸੂਖਮ ਹੋਣ ਕਾਰਨ ਇਹ ਅਣੂ ਕਹਿਲਾਉਂਦਾ ਹੈ। ਜੀਵ ਅਤੇ ਬ੍ਰਹਮ ਦਾ ਸੰਬੰਧ ਅਦਵੈਤ-ਰੂਪ ਹੈ। ਆਤਮਾ ਅਕਰਤਾ, ਅਭੋਗਤਾ ਅਤੇ ਦੁੱਖ-ਸੁੱਖ ਤੋਂ ਪਰੇ ਹੈ। ਇਸ ਦਾ ਵਿਹਾਰਕ ਰੂਪ ਜੀਵ ਹੈ। ਡਾ. ਜੱਗੀ ਅਨੁਸਾਰ ਨਾਮ ਰੂਪ ਉਪਾਧੀ ਨਾਲ ਲੀਨ ਆਤਮਾ ਹੀ ਜੀਵ ਹੈ। ਸਾਰੇ ਜੀਵਾਂ ਅੰਦਰ ਇਕ ਹੀ ਆਤਮਾ ਹੈ।[17]

## ਵਿਸ਼ਿਸ਼ਟ ਦਵੈਤਵਾਦ

ਵਿਸ਼ਿਸ਼ਟ ਦਵੈਤਵਾਦ ਅਨੁਸਾਰ ਜੀਵ ਅਤੇ ਬ੍ਰਹਮ ਵਿੱਚ ਵਿਸ਼ੇਸ਼ ਅਦਵੈਤ ਹੈ। ਦੋਵੇਂ ਇਕ ਨਹੀਂ। ਇਹ ਮੱਤ ਚਿੱਤ ਤੱਤ ਨੂੰ ਹੀ ਜੀਵਾਤਮਾ ਮੰਨਦਾ ਹੈ। ਇਹ ਦੇਹ ਇੰਦਰੀਆਂ, ਮਨ, ਪ੍ਰਾਣ ਅਤੇ ਬੁੱਧੀ ਤੋਂ ਭਿੰਨ ਹੈ। ਇਹ ਸ੍ਵੈ-ਪ੍ਰਕਾਸ਼, [illegible], ਅਣੂ, ਅਵਿਅਕਤ ਅਤੇ ਨਿਰਵਿਕਾਰ ਹੈ। ਕਰਮਾਂ ਦੇ ਅਨੁਸਾਰ ਆਤਮਾ ਨੂੰ ਸਰੀਰ ਮਿਲਦਾ ਹੈ। ਜਦੋਂ ਆਤਮਾ ਸਰੀਰ ਧਾਰਣ ਕਰ ਲੈਂਦੀ ਹੈ ਤਾਂ ਇਹ ਇੰਦਰੀਆਂ ਦੇ ਬੰਧਨ ਅੰਦਰ ਪੈ ਜਾਂਦੀ ਹੈ। ਇਹ ਮੱਤ ਜੀਵ ਨੂੰ ਈਸ਼ਵਰ ਦਾ ਅੰਸ਼ ਮੰਨਦਾ ਹੈ। ਰਾਮਾਨੁਜ ਅਨੁਸਾਰ ਜੀਵ ਅਨੰਤ ਹਨ। ਇਹ ਤਿੰਨ ਤਰ੍ਹਾਂ ਦੇ ਹਨ- ਨਿੱਤ ਜੀਵ, ਮੁਕਤ-ਜੀਵ, ਬੱਧ ਜੀਵ। ਨਿੱਤ ਜੀਵ ਕਰਮ ਅਤੇ ਪ੍ਰਕ੍ਰਿਤੀ ਤੋਂ ਮੁਕਤ ਹੋ ਕੇ ਆਨੰਦ ਭੋਗਦੇ ਹਨ ਅਤੇ ਬੈਕੁੰਠ ਦੀ ਪ੍ਰਾਪਤੀ ਕਰਦੇ ਹਨ। ਮੁਕਤ ਜੀਵ ਭਗਤੀ ਸਦਕਾ

ਮੁਕਤੀ ਪ੍ਰਾਪਤ ਕਰ ਲੈਂਦੇ ਹਨ। ਬੱਧ ਜੀਵ ਅਗਿਆਨਤਾ ਕਾਰਨ ਸੰਸਾਰ ਵਿਚ ਵਿਚਰਦੇ ਹਨ। ਇਸ ਤਰ੍ਹਾਂ ਇਹ ਮੱਤ ਚੇਤਨਾ ਨੂੰ ਆਤਮਾ ਤੋਂ ਵੱਖ ਨਹੀਂ ਕਰਦਾ, ਪਛਾਣ ਭਾਵੇਂ ਦੋਹਾਂ ਦੀ ਵੱਖ ਵੱਖ ਹੋ ਸਕਦੀ ਹੈ। ਜਿਵੇਂ ਦੀਵਾ ਅਤੇ ਉਸ ਦੇ ਚਾਨਣ ਨੂੰ ਅੱਡ ਨਹੀਂ ਕੀਤਾ ਜਾ ਸਕਦਾ, ਭਾਵੇਂ ਨਾਂ ਦੋ ਹਨ ਇਹ ਹੀ ਸਵੈ-ਚੇਤਨਾ ਭਾਵ ਕੋਈ ਆਤਮਾ ਹੈ ਜੋ ਚੇਤਨ ਹੈ।

## ਦ੍ਵੈਤਾਦ੍ਵੈਤ

ਨਿੰਬਾਰਕ ਅਨੁਸਾਰ ਜੀਵਾਤਮਾ ਹੀ ਅਣੂ ਹੈ। ਇਸ ਮੱਤ ਅਨੁਸਾਰ ਹਰ ਪ੍ਰਾਣੀ ਵਿਚ ਭਿੰਨ-ਭਿੰਨ ਜੀਵ ਹੈ। ਪਰ ਅਦਵੈਤਵਾਦ ਇਸ ਦੇ ਉਲਟ ਹੈ। ਜੀਵ ਕਰਤਾ ਤੇ ਭੋਗਤਾ ਦੋਵੇਂ ਹੈ। ਜੀਵ ਭੋਗ ਅਤੇ ਗਿਆਨ ਦੀ ਪ੍ਰਾਪਤੀ ਲਈ ਈਸ਼ਵਰ ਤੇ ਨਿਰਭਰ ਹੈ। ਜੀਵ ਹਰੀ ਦਾ ਅੰਸ਼ ਰੂਪ ਹੈ। ਜਦ ਤਕ ਦਵੈਤਭਾਵ ਰਹਿੰਦਾ ਹੈ ਉਦੋਂ ਤੱਕ ਇਹ ਰਹਿੰਦਾ ਹੈ। ਬਾਅਦ ਵਿਚ ਪਰਮਾਤਮਾ ਦੇ ਸਰੂਪ ਦਾ ਹੀ ਹੋ ਜਾਂਦਾ ਹੈ।[18] ਸਰੀਰਕ ਭਿੰਨਤਾ ਕਾਰਨ ਭਾਵੇਂ ਜੀਵਾਂ ਵਿਚ ਭੇਦ ਹੈ ਪਰ ਆਤਮਾ ਦੀ ਏਕਤਾ ਕਾਰਨ ਜੀਵਾਂ ਵਿਚ ਏਕਤਾ ਹੈ। ਮੁਕਤ ਅਤੇ ਬੱਧ ਦੋ ਤਰ੍ਹਾਂ ਦੇ ਜੀਵ ਹਨ। ਨਿੰਬਾਰਕ ਹੋਰ ਵੈਸ਼ਨੋ ਵੇਦਾਂਤੀਆਂ ਵਾਂਗ ਬ੍ਰਹਮ, ਚਿਤ ਅਤੇ ਅਚਿਤ, ਤਿੰਨ ਸਦੀਵੀ ਤੱਤ ਮੰਨਦਾ ਹੈ।

ਹਰ ਇਕ ਆਤਮਾ ਲਈ ਸ੍ਰਵਣ, ਮਨਨ ਤੇ ਨਿਧਿਆਸਨ ਦੀ ਲੋੜ ਹੈ ਤਾਂ ਜੋ ਧਰਮ ਪੁਸਤਕਾਂ ਵਿਚ ਦੱਸੀਆਂ ਸਚਾਈਆਂ ਦਾ ਅਨੁਭਵ ਕਰ ਸਕੇ। ਚਿਤ੍ ਦਾ ਅਸਲਾ ਚੇਤਨਾ ਹੈ। ਆਤਮਾ ਚੇਤਨ, ਜਾਨਣਹਾਰ, ਕਰਮਾਂ ਦਾ ਕਰਤਾ ਅਤੇ ਉਨ੍ਹਾਂ ਦੇ ਫਲ ਦਾ ਭੋਗਤਾ ਹੈ। ਆਤਮਾਵਾਂ ਬਹੁਤ ਹਨ ਅਤੇ ਅਣੂ ਹਨ, ਇਨ੍ਹਾਂ ਦੀ ਏਕਤਾ ਨਾ ਬ੍ਰਹਮ ਨਾਲ ਹੈ ਨਾ ਇਕ ਦੂਜੇ ਨਾਲ। ਮੁਕਤ ਰੂਹਾਂ ਦੀ ਵਿਅਕਤਿੱਤਵ ਕਾਇਮ ਰਹਿੰਦਾ ਹੈ। ਉਹ ਬ੍ਰਹਮ ਵਿਚ ਲੀਨ ਨਹੀਂ ਹੋ ਜਾਂਦੀਆਂ। ਮੁਕਤੀ ਦਾ ਮਤਲਬ ਆਤਮਾ ਦੇ ਵਿਅਕਤਿਤ੍ਵ ਦਾ ਨਾਸ਼ ਨਹੀਂ ਇਸ ਦਾ ਭਾਵ ਆਤਮਾ ਦੇ ਅਸਲੀ ਸੁਭਾਵ ਤੇ ਗੁਣਾਂ ਦਾ ਅਵਿਨਾਸ਼ ਹੈ। ਜਦੋਂ ਆਤਮਾ ਆਪਣੇ ਪੂਰਨ ਵਿਕਾਸ ਤੇ ਅਪੜ ਜਾਂਦੀ ਹੈ, ਉਸਦੇ ਵਿਚ ਦੈਵੀ ਸੁਭਾਵ ਤੇ ਗੁਣ ਆ ਜਾਂਦੇ ਹਨ ਅਤੇ ਉਹ ਈਸ਼੍ਵਰ ਰੂਪ ਹੋ ਜਾਂਦੀ ਹੈ। ਇਹੋ ਜਿਹੀ ਮੁਕਤੀ ਮਰਨ ਮਗਰੋਂ ਹੀ ਸੰਭਵ ਹੈ। ਇਸ ਸੰਸਾਰ ਵਿਚ ਜਿਕੁਰ ਅਦ੍ਵੈਤਵਾਦੀ ਮੰਨਦੇ ਹਨ, ਸੰਭਵ ਨਹੀਂ।[18ੳ]

## ਵੱਲਭ ਦਾ ਸ਼ੁਧ ਅਦ੍ਵੈਤ

ਇਹ ਮੱਤ ਗੁਰਮਤਿ ਨਾਲ ਮੇਲ ਖਾਂਦਾ ਹੈ। ਇਸ ਅਨੁਸਾਰ ਪਰਮ-ਆਤਮਾ ਇਕ ਹੈ ਜੋ ਬ੍ਰਹਮ ਹੈ। ਜਗਤ ਉਸ ਦੀ ਇੱਛਾ ਦਾ ਸਿੱਟਾ ਹੈ। ਗੁਰਬਾਣੀ ਵੀ ਜਗਤ ਨੂੰ ਪਰਮਾਤਮਾ

ਦਾ ਹੁਕਮ ਤੇ ਇੱਛਾ ਤੇ ਬ੍ਰਹਮ ਨੂੰ ਇਕ ਮੰਨਦਾ ਹੈ। ਜਗਤ ਵਿਚ ਹਰ ਚੀਜ਼ ਬ੍ਰਹਮ ਹੈ। ਵਸਤਾਂ ਵਿਚ ਵਖ ਵਖ ਗੁਣ ਬ੍ਰਹਮ ਦੀ ਇੱਛਾ ਕਾਰਣ ਹਨ। ਅਵਿਦਿਆ ਕਾਰਣ ਆਤਮਾ ਬ੍ਰਹਮ ਤੋਂ ਦੂਰ ਆਪਣੇ ਆਪ ਨੂੰ ਸਮਝਦੀ ਹੈ। ਜਿਸ ਕਰਕੇ ਆਤਮਾਵਾਂ ਅਸਲੀ ਸਰੂਪ ਵਿਚ ਜਗਤ ਦੀਆਂ ਵਸਤੂਆਂ ਨੂੰ ਨਹੀਂ ਵੇਖਦੀਆਂ। ਇਸ ਮੱਤ ਅਨੁਸਾਰ ਜਦੋਂ ਬ੍ਰਹਮ ਨੇ ਜਗਤ ਸਿਰਜਿਆ ਤਾਂ ਆਤਮਾਵਾਂ ਇਸ ਤਰ੍ਹਾਂ ਉਪਜੀਆਂ ਜਿਵੇਂ ਅੱਗ ਵਿਚੋਂ ਚਿੰਗਾੜੀਆਂ। ਆਤਮਾਵਾਂ ਦੀ ਗਿਣਤੀ ਅਸੰਖਿਆਤ ਹੈ। ਇਹ ਸਦੀਵੀ, ਅਣੂ ਰੂਪ ਅਤੇ ਬ੍ਰਹਮ ਦਾ ਹੀ ਅੰਸ਼ ਹਨ ਜਿਵੇਂ ਚਿੰਗਾਰੀ ਅੱਗ ਦਾ ਅੰਸ਼ ਹੈ। ਅੱਗ ਬ੍ਰਹਮ ਹੈ ਅਤੇ ਚਿੰਗਾਰੀ ਆਤਮਾ। ਬ੍ਰਹਮ ਦੀ ਇੱਛਾ ਅਨੁਸਾਰ ਸੱਤ ਤੇ ਚਿੱਤ ਦੋ ਗੁਣ ਆਤਮਾਵਾਂ ਵਿੱਚ ਹਨ। ਆਤਮਾ ਚੇਤਨ ਸੱਤ ਹੈ ਅਤੇ ਬ੍ਰਹਮ ਦਾ ਅੰਸ਼ ਹੈ। ਇਹ ਮੱਤ ਸ਼ੰਕਰ ਦੇ ਅਦ੍ਵੈਤ ਵੇਦਾਂਤ ਦੀ ਵੀ ਵਿਰੋਧਤਾ ਕਰਦਾ ਹੈ। ਸ਼ੰਕਰ ਅਨੁਸਾਰ ਬ੍ਰਹਮ ਉੱਤੇ ਅਵਿਦਿਆ ਦਾ ਆਵਰਣ ਆਤਮਾ ਪੈਦਾ ਕਰਦਾ ਹੈ। ਇਹ ਠੀਕ ਨਹੀਂ ਹੈ। ਆਤਮਾ ਤਾਂ ਅਣੂ ਹੈ ਅਨੰਦ ਰੂਪ ਹੋ ਜਾਣ ਤੇ ਆਤਮਾ ਵੀ ਬ੍ਰਹਮ ਦਾ ਰੂਪ ਧਾਰ ਲੈਂਦਾ ਹੈ। ਇਸ ਮੱਤ ਅਨੁਸਾਰ ਆਤਮਾਵਾਂ ਨੂੰ ਮਿਲਣ ਵਾਲੇ ਦੁੱਖ ਸੁੱਖ ਉਸਦੇ ਪਿਛਲੇ ਕਰਮਾਂ ਦੇ ਫਲ ਕਾਰਨ ਹੁੰਦੇ ਹਨ। ਗੁਰਮਤਿ ਵੀ ਇਸੇ ਵਿਚਾਰ ਦਾ ਧਾਰਨੀ ਹੈ।

## ਦ੍ਵੈਤਮੱਤ

ਦ੍ਵੈਤਮੱਤ ਵਿੱਚ ਬ੍ਰਹਮ ਅਤੇ ਜੀਵ-ਜਗਤ ਦੋ ਮੂਲ ਤੱਤ ਮੰਨੇ ਗਏ ਹਨ। ਬ੍ਰਹਮ ਸੁਤੰਤਰ ਪਰ ਜੀਵ ਅਤੇ ਜਗਤ ਪਰਤੰਤਰ ਹੈ। ਮਾਧਵਾਚਾਰੀਆ ਜੀਵ ਤਿੰਨ ਤਰ੍ਹਾਂ ਦੇ ਮੰਨਦਾ ਹੈ। ਮੁਕਤੀ-ਯੋਗ, ਨਿੱਤਯ ਸੰਸਾਰ ਯੋਗ ਅਤੇ ਤਮੋ ਯੋਗ ਮੁਕਤੀ ਯੋਗ ਜੀਵਾਂ ਵਿਚ ਮੁਕਤੀ ਹੋਣ ਤੇ ਵੀ ਉਨ੍ਹਾਂ ਵਿਚ ਭੇਦ ਬਣਿਆ ਰਹਿੰਦਾ ਹੈ। ਅੰਤਿਮ ਦੋ ਦੀ ਮੁਕਤੀ ਹੁੰਦੀ ਹੀ ਨਹੀਂ। ਦੇਵ, ਰਿਸ਼ੀ, ਪਿਤਰ, ਚਕਰਵਰਤੀ ਅਤੇ ਉੱਤਮ ਮਨੁੱਖ ਮੁਕਤੀ ਪ੍ਰਾਪਤ ਕਰਨ ਦੇ ਅਧਿਕਾਰੀ ਜੀਵ ਹਨ। ਸੰਸਾਰ ਵਿਚ ਭਿੰਨਤਾ ਕੇਵਲ ਸੰਸਾਰਿਕ ਅਵਸਥਾ ਤੱਕ ਹੀ ਸੀਮਤ ਨਹੀਂ। ਮੁਕਤ ਅਵਸਥਾ ਵਿੱਚ ਵੀ ਦ੍ਵੈਤਤਾ ਬਣੀ ਰਹਿੰਦੀ ਹੈ।[19] ਭਾਈ ਜੋਧ ਸਿੰਘ ਲਿਖਦੇ ਹਨ ਕਿ ਜਗਤ ਵਿਚ ਚੇਤਨ ਆਤਮਾਵਾਂ ਅਤੇ ਅਚੇਤ ਵਸਤੂਆਂ ਹਨ। ਵਿਅਕਤੀਗਤ ਆਤਮਾਵਾਂ ਬਹੁਤ ਹਨ। ਸਭ ਆਤਮਾਵਾਂ ਇਕ ਦੂਜੇ ਤੇ ਅਸਰ ਪਾਂਦੀਆਂ ਹਨ। ਇਸ ਲਈ ਕੋਈ ਵੀ ਪੂਰਣ ਭਾਂਤ ਆਜ਼ਾਦ ਨਹੀਂ। ਇਕ ਆਤਮਾ ਪੁਰ ਦੂਜੀ ਦਾ ਅਸਰ ਬਹੁਤ ਵੱਡਾ ਹੋ ਸਕਦਾ ਹੈ ਭਾਵੇਂ ਉਨ੍ਹਾਂ ਦਾ ਹਸਤੀ ਅੱਡਰੀ ਅੱਡਰੀ ਹੈ। ਪਰਿਣਾਮ ਦੇ ਵਸ ਹੋਣਾ ਪਰਤੰਤ੍ਰ ਹੋਣਾ ਹੈ। ਇਸ ਲਈ ਜਗਤ ਦੀ ਹਰ ਇੱਕ ਚੇਤਨ ਜਾਂ ਅਚੇਤ ਹਸਤੀ ਆਪਣੇ ਸੁਭਾਵ ਤੋਂ ਹੀ ਪਰਤੰਤ੍ਰ ਹੈ।[20]

## ਇਸਲਾਮਿਕ ਦਰਸ਼ਨ

ਇਸ ਵਿੱਚ ਆਤਮਾ ਦੇ ਸੰਬੰਧ ਵਿਚ ਬਹੁਤ ਕੁਝ ਨਹੀਂ ਮਿਲਦਾ। ਡਾ. ਰਤਨ ਸਿੰਘ ਜੱਗੀ ਐਨਸਾਈਕਲੋਪੀਡੀਆ ਆਫ਼ ਇਸਲਾਮ ਦਾ ਹਵਾਲਾ ਦਿੰਦੇ ਲਿਖਦੇ ਹਨ ਕਿ ਕੁਰਾਨ ਵਿਚ ਆਤਮਾ ਦੇ ਲਈ 'ਨਫ਼ਸ' ਸ਼ਬਦ ਦਾ ਪ੍ਰਯੋਗ ਹੋਇਆ ਹੈ, ਪ੍ਰੰਤੂ ਬਾਅਦ ਵਿਚ ਕੁਰਾਨਿਕ ਸਾਹਿਤ ਵਿੱਚ 'ਨਫ਼ਸ' ਅਤੇ 'ਰੂਹ' ਦੋਵੇਂ ਸ਼ਬਦ ਆਤਮਾ ਦੇ ਲਈ ਪ੍ਰਯੋਗ ਹੋਏ ਹਨ।[21]

## ਸੂਫ਼ੀ ਮੱਤ

ਸੂਫ਼ੀ ਮੱਤ ਵਿਚ ਵੀ ਆਤਮਾ ਲਈ 'ਨਫ਼ਸ' ਅਤੇ 'ਰੂਹ' ਦੋ ਭੇਦ ਮੰਨੇ ਗਏ ਹਨ। ਨਫ਼ਸ ਕੁਵਿਰਤੀਆਂ ਦਾ ਸਥਾਨ ਹੈ ਅਤੇ ਰੂਹ ਸਦਵਿਰਤੀਆਂ ਦਾ। ਇਨ੍ਹਾਂ ਦੋਹਾਂ ਦਾ ਸੰਘਰਸ਼ ਲਗਾਤਾਰ ਚਲਦਾ ਰਹਿੰਦਾ ਹੈ। ਇਹ ਆਤਮਾ ਨੂੰ ਉਲਟ ਪਾਸੇ ਖਿੱਚਦੇ ਰਹਿੰਦੇ ਹਨ। ਸ੍ਰੀ ਰਾਮ ਪੂਜਨ ਤਿਵਾਰੀ ਲਿਖਦੇ ਹਨ ਕਿ ਸੂਫ਼ੀਆਂ ਅਨੁਸਾਰ ਉੱਚਤਮ ਆਤਮਾ ਸਰੀਰ ਦੇ ਪਹਿਲਾਂ ਤੋਂ ਹੀ ਵਰਤਮਾਨ ਰਹਿੰਦਾ ਹੈ ਅਤੇ ਪਰਮਾਤਮਾ ਹੀ ਆਤਮਾ ਵਿਸ਼ੇਸ਼ ਨੂੰ ਮਨੁੱਖਾ ਸਰੀਰ 'ਚ ਭੇਜਦਾ ਹੈ।[22]

ਸਮੁੱਚੇ ਤੌਰ ਤੇ ਇਸ ਸੰਖੇਪ ਚਰਚਾ ਪਿਛੋਂ ਕਿਹਾ ਜਾ ਸਕਦਾ ਹੈ ਕਿ ਵੇਦਾਂ ਤੋਂ ਲੈ ਕੇ ਉਪਨਿਸ਼ਦਾਂ ਤੱਕ ਅਤੇ ਇਸਲਾਮ ਧਰਮ ਆਦਿ ਵਿਚ ਵੀ ਕਿਸੇ ਨਾ ਕਿਸੇ ਰੂਪ ਵਿਚ ਆਤਮਾ ਸੰਬੰਧੀ ਚਰਚਾ ਹੁੰਦੀ ਰਹੀ ਹੈ ਅਤੇ ਇਸਦੀ ਹੋਂਦ ਨੂੰ ਕਿਸੇ ਨਾ ਕਿਸੇ ਰੂਪ ਵਿਚ ਸਵੀਕਾਰ ਕੀਤਾ ਗਿਆ ਹੈ। ਭਾਰਤੀ ਦਰਸ਼ਨ ਆਤਮਾ ਅਤੇ ਪਰਮਾਤਮਾ ਵਿਚ ਕੋਈ ਅੰਤਰ ਨਹੀਂ ਮੰਨਦਾ। ਦੋਹਾਂ ਵਿਚ ਨੇੜਲਾ ਸੰਬੰਧ ਸਥਾਪਤ ਕੀਤਾ ਗਿਆ ਹੈ। ਆਤਮਾ ਨਿਤਯ(ਸੁਤੰਤਰ) ਮੁਕਤ, ਅਨੰਤ, ਅਜਰ, ਅਮਰ ਅਤੇ ਅਵਿਨਾਸ਼ੀ ਹੈ। ਮਨੁੱਖ ਅਗਿਆਨੀ ਹੈ। ਅਵਿਦਿਆ ਕਾਰਨ ਸੰਸਾਰਕ ਬੰਧਨਾਂ ਵਿਚ ਫਸਕੇ ਇਸ ਦੀ ਬੁੱਧੀ ਵਿਕਾਰੀ ਹੋ ਜਾਂਦੀ ਹੈ। ਜਿਸ ਕਾਰਨ ਆਤਮਾ ਆਪਣੇ ਆਪ ਨੂੰ ਪਰਮਾਤਮਾ ਤੋਂ ਭਿੰਨ ਅਤੇ ਸੁਤੰਤਰ ਸਮਝਣ ਲੱਗ ਪੈਂਦੀ ਹੈ। ਜਦੋਂ ਆਤਮ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਮੁਕਤੀ ਨੂੰ ਪ੍ਰਾਪਤ ਹੁੰਦਾ ਹੈ।

## ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦਾ ਆਤਮ-ਦਰਸ਼ਨ

ਗੁਰੂ ਰਵਿਦਾਸ ਅਤੇ ਗੁਰੂ ਨਾਨਕ ਨੇ ਆਪਣੀ ਬਾਣੀ ਵਿਚ ਆਤਮ ਤੱਤ ਵਿਚਾਰ ਜਾਂ ਗਿਆਨ ਨੂੰ ਪ੍ਰਮੁੱਖ ਸਥਾਨ ਦਿੱਤਾ ਹੈ। ਉਨ੍ਹਾਂ ਦੇ ਜੀਵਨ ਦਾ ਮੁੱਖ ਉਦੇਸ਼ ਹੀ ਆਤਮ ਗਿਆਨ

ਸੀ। ਉਨ੍ਹਾਂ ਨੇ ਕਿਸੇ ਸ਼ਾਸਤਰ ਦੀ ਰਚਨਾ ਨਹੀਂ ਕੀਤੀ, ਆਪਣੇ ਅਨੁਭਵ ਨੂੰ ਸ਼ਬਦਾਂ ਵਿਚ ਬੰਨ੍ਹਿਆ ਹੈ। ਦੋਵੇਂ ਹੀ ਸਾਧਕ ਹੋਣ ਦੇ ਨਾਲ ਨਾਲ ਚਿੰਤਕ ਵੀ ਸਨ। ਦੋਹਾਂ ਨੇ ਹੀ ਬ੍ਰਹਮ ਅਤੇ ਜੀਵਾਤਮਾ ਦੇ ਸੰਬੰਧ ਨੂੰ ਪਛਾਣਿਆ ਹੈ। ਜੀਵਾਤਮਾ ਦਾ ਲਖਸ਼-ਪਰਮ-ਆਤਮਾ ਤੱਕ ਦੀ ਸਫਲ ਯਾਤਰਾ ਕਰਨਾ ਦੱਸਿਆ ਗਿਆ ਹੈ। ਪ੍ਰਭੂ ਅਨੰਤ ਹੈ ਤਾਂ ਇਸਦੇ ਮੁਕਾਬਲੇ ਜੀਵਾਤਮਾ ਇਕ ਸਾਂਤ ਅੰਤ ਵਾਲੀ, ਖੈ ਹੋਣ ਵਾਲੀ (ਕਸੂਰ) ਸੱਤਾ ਹੈ ਜੇ ਬ੍ਰਹਮ ਅਮੂਰਤ ਹੈ ਤਾਂ ਜੀਵਾਤਮਾ ਮੂਰਤ ਸੱਤਾ ਹੈ।[23] ਡਾ. ਦਲੀਪ ਸਿੰਘ ਦੀਪ ਅਨੁਸਾਰ ਆਤਮਾ ਪਰਮਾਤਮਾ ਅਤੇ ਜਗਤ ਦੇ ਗੁੱਝੇ ਸੱਚ ਦੀ ਅਨੁਭੂਤੀ ਦਾ ਪ੍ਰਤੀਕੀਕਰਨ ਹੈ।[24] ਆਤਮ ਨਿਰੂਪਣ ਦਾ ਇਤਿਹਾਸ ਬਾਹਰਮੁਖੀ ਇੰਦਰੀਆਂ ਦੀ ਅੰਤਰਮੁਖੀ ਯਾਤਰਾ ਦਾ ਹੀ ਇਤਿਹਾਸ ਹੈ।[25] ਪਵਿੱਤਰ ਬਾਈਬਲ ਵਿਚ ਯਿਸੂ ਮਸੀਹ ਦੁਆਰਾ ਉਨ੍ਹਾਂ ਦੇ ਆਪਣੇ ਦੁਬਾਰਾ ਜਿੰਦਾ ਹੋਣ ਪਿਛੋਂ ਕਹੇ ਸ਼ਬਦ ਹਨ, " ਮੈਨੂੰ ਛੂਹ ਕੇ ਵੇਖੋ, ਕਿਉਂ ਕਿ ਆਤਮਾ ਦਾ ਨਾ ਮਾਸ ਹੁੰਦਾ ਹੈ ਅਤੇ ਨਾ ਹੱਡੀਆਂ, ਜਿਸ ਤਰ੍ਹਾਂ ਤੁਸੀਂ ਮੈਨੂੰ ਵੇਖ ਰਹੇ ਹੋ।[26] ਡਾ. ਜੱਗੀ ਗੁਰੂ ਨਾਨਕ ਦੀ ਆਤਮ-ਦਰਸ਼ਨ ਪਧਤੀ ਬਾਰੇ ਲਿਖਦੇ ਹਨ ਕਿ ਗੁਰੂ ਨਾਨਕ ਦਾ ਆਤਮ ਨਿਰੂਪਣ ਦਾ ਆਧਾਰ ਨਾ ਤਾਂ ਪੂਰਨ ਰੂਪ ਵਿਚ ਕੋਈ ਪ੍ਰਾਚੀਨ ਦਰਸ਼ਨ ਪਧਤੀ ਹੈ ਅਤੇ ਨਾ ਹੀ ਉਨ੍ਹਾਂ ਦੁਆਰਾ ਪ੍ਰਤਿਪਾਦਿਤ ਸਿਧਾਂਤ ਕਿਸੀ ਨਿਸ਼ਚਿਤ ਆਤਮ ਦਰਸ਼ਨ ਦੀ ਸਿਰਜਨਾ ਕਰਦੇ ਹਨ। ਉਨ੍ਹਾਂ ਨੇ ਆਤਮਾ ਅਨੁਭੂਤੀ ਦੀ ਅਭਿਵਿਅਕਤੀ ਦੇ ਲਈ ਜੋ ਵਿਚਾਰ ਪ੍ਰਗਟ ਕੀਤੇ ਹਨ, ਉਨ੍ਹਾਂ ਉਕਤੀਆਂ ਨੂੰ ਇਕੱਠਾ ਕਰਨ ਤੇ ਜੋ ਰੂਪ ਰੇਖਾ ਤਿਆਰ ਹੁੰਦੀ ਹੈ, ਉਹੀ ਉਨ੍ਹਾਂ ਦਾ ਆਤਮ-ਦਰਸ਼ਨ ਹੈ।"[27] ਇਹ ਗੱਲ ਨਿਸ਼ਚੇ ਹੀ ਗੁਰੂ ਰਵਿਦਾਸ ਬਾਰੇ ਵੀ ਕਹੀ ਜਾ ਸਕਦੀ ਹੈ। ਪ੍ਰੰਤੂ ਗੁਰੂ ਰਵਿਦਾਸ ਦੀ ਬਾਣੀ ਵਿਚ ਆਤਮਾ ਸੰਬੰਧੀ ਬਹੁਤੇ ਵਿਸਥਾਰ ਵਿਚ ਜਾਣਕਾਰੀ ਨਹੀਂ ਮਿਲਦੀ। ਪਰ ਦੋਵੇਂ ਗੁਰੂਆਂ ਦੀ ਬਾਣੀ ਵਿਚ ਆਤਮ ਗਿਆਨ ਪ੍ਰਾਪਤ ਕਰਨ ਲਈ ਜਗਿਆਸੂ ਨੂੰ ਪ੍ਰੇਰਿਆ ਗਿਆ ਹੈ। ਗੁਰੂ ਰਵਿਦਾਸ ਅਨੁਸਾਰ ਇਹ ਸਾਰਾ ਪ੍ਰਕਾਸ਼ ਉਸ ਪਰਮ ਆਤਮਾ ਤੋਂ ਹੀ ਹੈ। ਉਹ ਪਰਮ ਆਤਮਾ ਸਾਰੇ ਜੀਵਾਂ ਵਿਚ ਇਕ ਰਸ-ਵਿਚਰ ਰਹੀ ਹੈ।–

ਹੈ ਸਭ ਆਤਮ ਸੂਯੰ ਪ੍ਰਕਾਸ ਸਾਂਚੋਂ ।
ਨਿਰੰਤਰ ਨਿਰਾਹਾਰ ਕਲਪਤ ਏ ਪਾਂਚੋਂ।।ਟੇਕ।।
ਆਦਿ ਮਧਯ ਔਸਾਨ ਏਕ ਰਸ, ਤਾਰ ਤੂੰਬ ਨਹੀਂ ਭਾਈ।।
ਥਾਵਰ ਜੰਗਮ ਕੀਟ ਪਤੰਗਾ, ਪੂਰਿ ਰਹਯੋ ਹਰਿ ਰਾਈ।।[28]

ਗੁਰੂ ਨਾਨਕ ਦੇ ਮੱਤ ਅਨੁਸਾਰ ਜਦੋਂ ਜੀਵ ਆਤਮ ਤੱਤ ਨੂੰ ਪਛਾਣ ਲੈਂਦਾ ਹੈ ਤਾਂ

ਉਹ ਪਰਮਾਤਮਾ ਰੂਪ ਹੋ ਜਾਂਦਾ ਹੈ। ਜਿਨ੍ਹਾਂ ਨੇ ਪਰਮਾਤਮਾ ਰੂਪੀ ਬ੍ਰਿਖ ਦਾ ਅੰਮ੍ਰਿਤ ਰੂਪੀ ਫਲ ਚਖ ਲਿਆ ਹੈ ਉਹ ਸਤ ਸਰੂਪ ਪਰਮਾਤਮਾ ਵਿੱਚ ਸਮਾ ਜਾਂਦੇ ਹਨ:—

1. ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ। ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤ ਹੋਈ।

   ਅੰਮ੍ਰਿਤ ਫਲੁ ਜਿਨੀ ਚਾਖਿਆ ਸਚਿ ਰਹੇ ਅਘਾਈ। ਤਿੰਨਾ ਭਰਮ ਨ ਭੇਦੁ ਹੈ ਹਰਿ ਰਸਨ ਰਸਾਈ।।[29]

2. ਸਤ ਸੰਤੋਖਿ ਰਹਹੁ ਜਨ ਭਾਈ।। ਖਿਮਾ ਗਹਹੁ ਸਤਿਗੁਰ ਸਰਣਾਈ।।

   ਆਤਮੁ ਚੀਨਿ ਪਰਾਤਮੁ ਚੀਨਹੁ, ਗੁਰ ਸੰਗਤਿ ਇਹ ਨਿਸਤਾਰਾ ਹੈ।।[30]

ਆਤਮ ਤੱਤ ਦੀ ਪਛਾਣ ਗੁਰੂ ਰਾਹੀਂ ਹੀ ਹੁੰਦੀ ਹੈ। ਇੱਕ ਸੱਚਾ ਸਾਧਕ ਗੁਰੂ ਦੀ ਦੱਸੀ ਸਿੱਖਿਆ ਤੇ ਚੱਲ ਕੇ ਮੂਲ ਤੱਤ ਬਾਰੇ ਵਿਚਾਰ ਕਰਕੇ ਆਪਣੇ ਆਪ ਨੂੰ ਪਹਿਚਾਣ ਲੈਂਦਾ ਹੈ। ਉਹ ਆਪਣ ਜੀਵਨ-ਰਾਹ ਨੂੰ ਆਪਣੇ ਵਿਚਾਰ ਮੰਡਲ ਵਿਚ ਟਿਕਾਈ ਰੱਖਦਾ ਹੈ:—

1. ਨਾਨਕ ਆਪੈ ਆਪੁ ਪਛਾਣੈ ਗੁਰਮੁਖਿ ਤਤੁ ਬੀਚਾਰੀ।।[31]
2. ਜੋਤੀ ਅੰਦਰਿ ਜੋਤਿ ਸਮਾਣੀ ਆਪੁ ਪਛਾਤਾ ਆਪੈ।।[32]

ਪਵਿੱਤਰ ਬਾਈਬਲ ਵਿੱਚ ਲਿਖਿਆ ਹੈ, ਪਰਮੇਸਰ ਆਤਮਾ ਹੈ।"[33] ਗੁਰੂ ਜੀ ਦੁਆਰਾ ਦਿੱਤੀ ਗਈ ਇਹ ਪ੍ਰੇਰਨਾ ਜੀਵ ਦੀ ਅਧਿਆਤਮਿਕ ਉਨਤੀ ਲਈ ਬਹੁਤ ਜਰੂਰੀ ਹੈ।

## ਆਤਮਾ ਦਾ ਸਰੂਪ

ਗੁਰੂ ਰਵਿਦਾਸ ਅਤੇ ਗੁਰੂ ਨਾਨਕ ਨੇ ਆਤਮਾ ਨੂੰ ਪਰਮਾਤਮਾ ਦਾ ਅੰਸ਼ ਮੰਨਿਆ ਹੈ। ਗੁਰੂ ਰਵਿਦਾਸ ਜੀ ਤਰ੍ਹਾਂ ਤਰ੍ਹਾਂ ਦੀਆਂ ਤੁਲਨਾਵਾਂ ਰਾਹੀਂ ਜੀਵ ਦਾ ਉਸ ਪਰਮਾਤਮਾ ਨਾਲ ਅੰਸ਼-ਅੰਸ਼ੀ ਦਾ ਸੰਬੰਧ ਸਥਾਪਤ ਕਰਦੇ ਹਨ। ਕਿਉਂਕਿ ਜੀਵ ਜੋਤਿ ਸਰੂਪ ਹੈ ਅਤੇ ਇਸ ਅੰਦਰ ਉਸ ਪਰਮ ਆਤਮਾ ਦੀ ਹੀ ਆਤਮਾ ਹੈ। ਇਸ ਲਈ ਇਹ ਆਤਮਾ ਉਸ ਪਰਮ ਆਤਮਾ ਦਾ ਅੰਸ਼ ਮਾਤਰ ਹੀ ਹੈ। ਡਾ. ਧਰਮਪਾਲ ਸਿੰਗਲ ਅਨੁਸਾਰ, ਜੀਵਾਤਮਾ ਸੰਸਾਰ-ਚੱਕਰ ਵਿਚ, ਪ੍ਰਕ੍ਰਿਤੀ ਵਿੱਚ ਵਿਚਰਦਾ ਹੈ, ਇਸ ਦੇ ਨਿੱਤਨੇਮ ਕਰਦਾ, ਪ੍ਰਭੂ-ਸਿਮਰਨ ਰਾਹੀਂ ਅਤੇ ਯੋਗ, ਗਿਆਨ, ਕਰਮ ਅਤੇ ਭਗਤੀ ਆਦਿ ਹੋਰ ਸਾਧਨਾਂ ਰਾਹੀਂ ਪਰਮ-ਪੁਰਖ ਜਾਂ ਬ੍ਰਹਮ ਦੀ ਪ੍ਰਾਪਤੀ ਵਲ ਅੱਗੇ ਵਧਦਾ ਹੈ, ਜਗਤ ਦੀ ਮਾਰ ਖਾਂਦਾ, ਜਨਮ-ਮਰਨ ਦੇ ਗੇੜ ਵਿਚ ਪੈਂਦਾ, ਚੌਰਾਸੀ ਲੱਖ ਜੂਨਾਂ ਭੋਗਦਾ, ਪਰਮ

ਪੁਰਖ ਵਿੱਚ ਹੀ ਲੀਨ ਹੋ ਜਾਂਦਾ ਹੈ।'[34] ਗੁਰੂ ਜੀ ਅਨੁਸਾਰ:-

1. ਪ੍ਰਭ ਜੀ ਤੁਮ ਚੰਦਨ ਹਮ ਪਾਨੀ, ਜਾਕੀ ਬਾਸ ਅੰਗ-ਅੰਗ ਸਮਾਨੀ।
   ਪ੍ਰਭ ਜੀ ਤੁਮ ਦੀਪਕ ਹਮ ਬਾਤੀ, ਜਾਕੀ ਜੋਤਿ ਜਰੈ ਦਿਨ ਰਾਤੀ।[35]

2. ਜਲ ਕੇ ਤਰੰਗ ਜਲ ਮਾਹਿੰ ਸਮਾਈ, ਕਹਿ ਕਾ ਹੋ ਨਾਂਵ ਧਰਿਯੈ।
   ਐਸੇ ਤੇ ਮੈਂ ਏਕ ਰੂਪ ਹੈ ਮਾਧੋ, ਆਪਣੁ ਹੀ ਨਿਰਵਰਿਯੈ।।[36]

ਗੁਰੂ ਨਾਨਕ ਦੇਵ ਜੀ ਆਤਮਾ ਨੂੰ ਪਰਮਾਤਮਾ ਦਾ ਅੰਸ਼ ਦੱਸਦੇ ਹੋਏ ਕਹਿੰਦੇ ਹਨ ਕਿ ਇਸ ਸੁੰਦਰ ਦੇਹ ਵਿੱਚ ਨਿਰਮਲ ਹੰਸ ਅਰਥਾਤ ਪਵਿੱਤਰ ਆਤਮਾ ਦਾ ਵਾਸਾ ਹੈ, ਜਿਸ ਵਿਚ ਪਰਮਾਤਮਾ ਦਾ ਅੰਸ਼ ਮੌਜੂਦ ਹੈ। ਉਨ੍ਹਾਂ ਅਨੁਸਾਰ ਪਰਮਾਤਮਾ ਰੂਪੀ ਸਰੋਵਰ ਵਿਚ ਜੀਵ ਰੂਪੀ ਅਨੂਪਮ ਕੰਵਲ ਵਿਕਸਿਤ ਹੋਏ ਹਨ। ਇਹ ਸਰੋਵਰ ਉਨ੍ਹਾਂ ਕੰਵਲਾਂ ਨੂੰ ਹਮੇਸ਼ਾਂ ਵਿਕਸਿਤ ਕਰਦਾ ਹੈ ਅਤੇ ਸੁਗੰਧ ਤੇ ਸੁੰਦਰਤਾ ਬਖਸ਼ਦਾ ਹੈ। ਹੰਸ ਰੂਪੀ ਉੱਤਮ ਜੀਵ ਉੱਤਮ ਮੋਤੀ ਚੁਗਦੇ ਹਨ। ਉਹ ਸਰਬ-ਸ਼ਕਤੀਮਾਨ ਪਰਮਾਤਮਾ ਦੇ ਹੀ ਅੰਸ਼ ਮਾਤਰ ਹਨ:

1. ਨਿਰਮਲ ਕਾਇਆ ਊਜਲ ਹੰਸਾ।। ਤਿਸੁ ਵਿਚਿ ਨਾਮੁ ਨਿਰੰਜਨ ਅੰਸਾ।।[37]

2. ਕੰਚਨ ਕਾਇਆ ਨਿਰਮਲ ਹੰਸੁ।। ਜਿਸ ਮਹਿ ਨਾਮੁ ਨਿਰੰਜਨ ਅੰਸੁ।।[38]

3. ਏਕੋ ਸਰਵਰੁ ਕਮਲ ਅਨੂਪ। ਸਦਾ ਬਿਗਾਸੈ ਪਰਮਲ ਰੂਪ।
   ਊਜਲ ਮੋਤੀ ਚੂਗਹਿ ਹੰਸ। ਸਰਬ ਕਲਾ ਜਗਦੀਸੈ ਅੰਸ।।[39]

ਗੁਰੂ ਰਵਿਦਾਸ ਵਾਂਗ ਗੁਰੂ ਨਾਨਕ ਵੀ ਸਮੁੰਦਰ ਅਤੇ ਬੂੰਦ ਦੇ ਸੰਬੰਧ ਵਾਂਗ ਅਖੰਡ ਅਤੇ ਅਭੇਦ ਰੂਪ ਵਾਲਾ ਸੰਬੰਧ ਦੱਸਦੇ ਹਨ। ਸਮੁੰਦਰ ਤੋਂ ਬਿਨਾਂ ਬੂੰਦ ਦੀ ਕੋਈ ਕੀਮਤ ਨਹੀਂ ਅਤੇ ਬੂੰਦ ਬੂੰਦ ਰਲ ਕੇ ਹੀ ਸਮੁੰਦਰ ਬਣਦਾ ਹੈ। ਇਨ੍ਹਾਂ ਨੂੰ ਅਲੱਗ ਨਹੀਂ ਕੀਤਾ ਜਾ ਸਕਦਾ। ਇਹੋ ਸੰਬੰਧ ਆਤਮਾ ਤੇ ਪਰਮਾਤਮਾ ਦਾ ਹੈ ਪਰ ਇਸ ਰਹੱਸ ਨੂੰ ਉਹੀ ਜਾਣ ਸਕਦਾ ਹੈ ਜੋ ਜੀਵਨ ਦੀ ਅਸਲ ਚਾਲ ਨੂੰ ਜਾਣਦਾ ਹੈ।

1. ਮਿਲਿ ਬ੍ਰਹਮ ਜੋਤੀ ਓਤਿਪੋਤੀ ਉਦਕੁ ਉਦਕਿ ਸਮਾਇਆ।।[40]
2. ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ਕਵਣੁ ਬੁਝੈ ਬਿਧਿ ਜਾਣੈ।।[41]
3. ਜਲ ਤਰੰਗ ਜਿਉ ਜਲਹਿ ਸਮਾਇਆ।। ਤਿਉ ਜੋਤੀ ਸੰਗਿ ਜੋਤਿ ਮਿਲਾਇਆ।।[42]

ਇਹ ਜੀਵਨ ਰਾਹ ਸਤਿਗੁਰੂ ਦੀ ਮੱਦਦ ਨਾਲ ਹੀ ਲੱਭਿਆ ਜਾ ਸਕਦਾ ਹੈ: ਸਤਿਗੁਰ ਮਿਹਰ ਕਰਕੇ ਪਰਮਾਤਮਾ ਦਾ ਨਾਮ ਬਖਸ਼ਦਾ ਹੈ ਤੇ ਫਿਰ ਜੀਵ ਪਰਮਾਤਮਾ ਦੇ ਚਰਨਾਂ ਵਿਚ ਇਉਂ ਮਿਲ ਜਾਂਦਾ ਹੈ ਜਿਵੇਂ ਪਾਣੀ ਪਾਣੀ ਵਿਚ ਰਲ ਜਾਂਦਾ ਹੈ:

ਸਤਿਗੁਰ ਬਾਝੁ ਨ ਬੇਲੀ ਕੋਈ।। ਐਥੈ ਓਥੈ ਰਾਖਾ ਪ੍ਰਭੁ ਸੋਈ।।
ਰਾਮ ਨਾਮੁ ਦੇਵੈ ਕਰਿ ਕਿਰਪਾ ਇਉ ਸਲਲੈ ਸਲਲ ਮਿਲਾਤਾ ਹੇ।।[43]

ਸਪੱਸ਼ਟ ਹੈ ਕਿ ਆਤਮਾ ਪਰਮਾਤਮਾ ਵਿੱਚ ਅਤੇ ਪਰਮਾਤਮਾ ਆਤਮਾ ਵਿੱਚ ਸਮਾਇਆ ਹੋਇਆ ਹੈ। ਇਸ ਤਰ੍ਹਾਂ ਇਨ੍ਹਾਂ ਦੀ ਆਤਮਾ ਸੰਬੰਧੀ ਧਾਰਣਾ ਬ੍ਰਹਮ ਵਾਲੀ ਧਾਰਣਾ ਹੀ ਹੈ। ਪਰ ਇਹ ਸਮਝ ਗੁਰੂ ਦੇ ਸ਼ਬਦ ਦੀ ਵਿਚਾਰ ਕਰਨ ਨਾਲ ਹੀ ਆਉਂਦੀ ਹੈ:-

ਆਤਮ ਰਾਮੁ ਰਾਮੁ ਹੈ ਆਤਮ ਹਰਿ ਪਾਈਐ ਸਬਦਿ ਵੀਚਾਰਾ ਹੇ।।[44]

ਗੁਰੂ ਰਵਿਦਾਸ ਵੀ ਜਦੋਂ ਸਾਰੀ ਸ੍ਰਿਸ਼ਟੀ ਵਿਚ ਰੋਮ ਰੋਮ ਵਿਚ ਇਕ ਜੋਤ ਪਸਰੀ ਵੇਖਦੇ ਹਨ ਤਾਂ ਉਸ ਨੂੰ ਪਰਮਾਤਮਾ ਦਾ ਹੀ ਰੂਪ ਸਮਝਦੇ ਹਨ:-

ਕਹੈ ਰਵਿਦਾਸ ਮੈਂ ਦੇਖਯਾ ਮਾਹੀਂ, ਸਕਲੈ ਹੀ ਜੋਤਿ ਰੋਮ ਸਮਿ ਨਾਹੀਂ।।[45]

ਪਵਿੱਤਰ ਬਾਈਬਲ ਵਿੱਚ ਵੀ ਆਤਮਾ ਨੂੰ ਹੀ ਪਰਮੇਸ਼ਰ ਮੰਨਿਆ ਗਿਆ ਹੈ। 'ਪਰਮੇਸ਼ਰ ਇਕ ਇਹੋ ਜਿਹੀ ਆਤਮਾ ਹੈ, ਜੋ ਸਰੀਰ ਤੱਕ ਸੀਮਤ ਨਹੀਂ ਹੈ, ਉਸ ਨੂੰ ਅੱਖਾਂ ਦੁਆਰਾ ਦੇਖਿਆ ਜਾਂ ਜਾਣਿਆ ਨਹੀਂ ਜਾ ਸਕਦਾ ਉਹ ਕਿਸੇ ਰੂਪ ਤੱਕ ਸੀਮਤ ਨਹੀਂ।'[46]

ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੁਆਰਾ ਵਰਣਿਤ ਅੰਸ-ਅੰਸ਼ੀ ਦਾ ਇਹ ਸੰਬੰਧ ਅਦਵੈਤਵਾਦ, ਦ੍ਵੈਤਾਦ੍ਵੈਤਵਾਦ ਵਿਸ਼ਿਸ਼ਟਾਦ੍ਵੈਤਵਾਦ ਵਿਚ ਕਿਸੀ ਨਾ ਕਿਸੀ ਰੂਪ ਵਿਚ ਸਥਾਪਤ ਹੋਇਆ ਹੈ। ਗੀਤਾ ਵਿਚ ਦੇਹ ਸਥਿਤ ਜੀਵਾਤਮਾ ਨੂੰ ਪਰਮਾਤਮਾ ਦਾ ਸਨਾਤਨ ਅੰਸ਼ ਮੰਨਿਆ ਗਿਆ ਹੈ।[47] ਪਰਮਾਤਮਾ ਸਰਬਸ਼ਕਤੀਮਾਨ ਹੈ, ਉਹ ਅੰਸ਼ੀ ਹੈ, ਜੀਵ ਉਸਦਾ ਸ਼ਕਤੀ ਰੂਪ ਹੈ ਅਤੇ ਅੰਸ਼ ਰੂਪ ਹੈ।[48]

ਪਰ ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੀ ਬਾਣੀ ਤੇ ਵਿਚਾਰ ਕਰਨ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਦੀਆਂ ਭਾਵਨਾਵਾਂ ਅਦ੍ਵੈਤਵਾਦੀ ਦ੍ਰਿਸ਼ਟੀਕੋਣ ਨਾਲ ਜ਼ਿਆਦਾ ਮੇਲ ਖਾਂਦੀਆਂ ਹਨ। ਸਮੁੱਚੀ ਭਾਵਨਾ ਦੇ ਨਾਲ ਨਾਲ ਗੁਰੂ ਰਵਿਦਾਸ ਦੁਆਰਾ ਵਰਣਿਤ ਜਲ ਅਤੇ ਜਲ ਤਰੰਗ[49] ਅਤੇ ਗੁਰੂ ਨਾਨਕ ਦੁਆਰਾ ਵਰਣਿਤ ਸਮੁੰਦਰ ਅਤੇ ਬੂੰਦ[50] ਦੇ ਦ੍ਰਿਸ਼ਟਾਂਤ ਇਸੀ ਭਾਵਨਾ ਦੀ ਪੁਸ਼ਟੀ ਕਰਦੇ ਹਨ।

ਜੋਤਿ-ਸਰੂਪ ਆਤਮਾ

ਸਾਰੇ ਜੀਵਾਂ ਵਿੱਚ ਪਰਮਾਤਮਾ ਦਾ ਪ੍ਰਤੀਬਿੰਬ ਵੇਖਣਾ ਵੀ ਇਸੇ ਧਾਰਨਾ ਦਾ ਲਖਾਇਕ ਹੈ। ਗੁਰੂ ਰਵਿਦਾਸ ਜੀ ਸਾਰੀ ਪ੍ਰਕਿਰਤੀ ਵਿਚ ਉਸ ਪਰਮਾਤਮਾ ਦੀ ਜੋਤਿ ਪਸਰੀ ਹੋਈ ਵੇਖਦੇ ਹਨ:—

1. ਸਭ ਮਹਿ ਏਕ ਰਾਮਹਿ ਜੋਤਿ, ਸਭਨਾਂ ਏਕਉ ਸਿਰਜਨਹਾਰਾ।।
'ਰਵਿਦਾਸ' ਰਾਮ ਰਮਹਿਂ ਸਭਨ ਮਹਿ, ਬ੍ਰਾਹਮਨ ਹੁਈ ਕ ਚਮਾਰਾ।।[51]
2. ਰਵਿਦਾਸ ਜੋ ਕਰਤਾ ਸ੍ਰਿਸਟਿ ਕਾ, ਵਹ ਤੋ ਕਰਤਾ ਏਕ।।
ਸਭ ਮੀਂਹ ਜੋਤਿ ਸਰੂਪ ਇਕ ਕਾਹੇ ਕਹੂੰ ਅਨੇਕ।।[52]
3. ਕਹੈ ਰਵਿਦਾਸ ਮੈਂ ਦੇਖਯਾ ਮਾਹੀਂ, ਸਕਲੈ ਹੀ ਜੋਤਿ ਰੋਮ ਸਮ ਨਾਹੀਂ।।[53]
4. ਨਾਮ ਕੀ ਬਾਤੀ ਘੀਵ ਅਖੰਡਾ, ਇਕ ਹੀ ਜੋਤਿ ਜਲੈ ਬ੍ਰਹਮੰਡਾ।।[54]
5. ਲੋਚਨ ਭਰਿ ਭਰਿ ਬਿੰਬ ਨਿਹਾਰੋਂ, ਜੋਤਿ ਬਿਚਾਰ ਨ ਅਵਰ ਬਿਚਾਰੋਂ।।[55]

ਗੁਰੂ ਨਾਨਕ ਵੀ ਇਸੇ ਵਿਚਾਰ ਦੇ ਧਾਰਨੀ ਹਨ। ਉਸ ਇਕ ਜੋਤਿ ਦਾ ਹੀ ਸਾਰੇ ਜੀਵਾਂ ਵਿਚ ਚਾਨਣ ਹੋ ਰਿਹਾ ਹੈ। ਪਰ ਇਸ ਜੋਤਿ ਦਾ ਗਿਆਨ ਗੁਰੂ ਦੀ ਸਿੱਖਿਆ ਰਾਹੀਂ ਹੀ ਹੁੰਦਾ ਹੈ। ਹਉਮੈਂ ਨੂੰ ਮਾਰ ਕੇ ਹੀ ਇਹ ਜੋਤਿ ਨਜ਼ਰੀਂ ਆਉਂਦੀ ਹੈ ਤੇ ਫਿਰ ਜਿਸ ਤੇ ਪ੍ਰਭੂ ਦੀ ਮਿਹਰ ਹੁੰਦੀ ਹੈ ਉਸ ਨੂੰ ਹਰ ਜੀਵ ਚ ਉਸਦੀ ਜੋਤਿ ਦਿਸਦੀ ਹੈ।

1. ਸਭ ਮਹਿ ਜੋਤਿ, ਜੋਤਿ ਹੈ ਸੋਇ।। ਤਿਸਕੈ ਚਾਨਣਿ ਸਭ ਮਹਿ ਚਾਨਣੁ ਹੋਇ।।
ਗੁਰਸਾਖੀ ਜੋਤਿ ਪਰਗਟੁ ਹੋਇ।।[56]
2. ਮਮਤਾ ਮਾਰਿ ਹਉਮੈ ਸੋਖੈ ਤ੍ਰਿਭਵਣਿ ਜੋਤਿ ਤੁਮਾਰੀ।।[57]
- - - - - - - - - - - - - - - - - - - -
ਸਿੰਙੀ ਸੁਰਤਿ ਅਨਾਹਦਿ ਵਾਜੈ ਘਟਿ ਘਟਿ ਜੋਤਿ ਤੁਮਾਰੀ।।

ਗੁਰਬਾਣੀ ਵਿਚ ਗੁਰੂ ਜੋਤਿ ਨੂੰ ਬਹੁਤ ਮਹੱਤਵ ਦਿੱਤਾ ਗਿਆ ਹੈ। ਇਹੋ ਜੋਤਿ ਇਕੋ ਅੰਸ਼ ਅੱਗੇ ਤੋਂ ਅੱਗੇ ਦਸ ਗੁਰੂ ਸਾਹਿਬਾਨ ਤਕ ਪਹੁੰਚੀ। ਇਸ ਗੁਰੂ ਜੋਤਿ ਤੋਂ ਭਾਵ ਗੁਰੂ ਦੀ ਆਤਮਾ ਦੇ ਉਸ ਸਰੂਪ ਤੋਂ ਹੈ ਜਿਹੜੀ ਪਰਮਾਤਮਾ ਦੀ ਪ੍ਰਕਾਸ਼ ਰੂਪ ਪਰਮਸਤਾ ਨਾਲ ਤਦਰੂਪਤਾ ਗ੍ਰਹਿਣ ਕਰ ਚੁੱਕੀ ਹੈ। ਇਹ ਪਰਮਾਤਮਾ ਨਾਲ ਤਦਰੂਪ ਹੋਈ ਗੁਰੂ ਨਾਨਕ ਦੀ ਜੋਤਿ ਉਨ੍ਹਾਂ ਦੇ ਪਰਵਰਤੀ ਗੁਰੂਆਂ ਦੇ ਵੱਖ ਵੱਖ ਸਰੀਰਾਂ ਵਿਚ ਪ੍ਰਵੇਸ਼ ਹੁੰਦੀ ਰਹੀ ਹੈ। ਸ੍ਰੀ ਗੁਰੂ ਅਮਰਦਾਸ ਜੀ ਇਸ ਜੋਤਿ ਮਿਲਾਪ ਅਤਿ ਅਲੌਕਿਕ ਕ੍ਰਿਸ਼ਮੇ ਦੀ ਅਸਚਰਜਤਾ ਦਾ ਵਰਣਨ ਕਰਦੇ ਹਨ:—

ਨਾਨਕ ਗੁਰ ਤੇ ਗੁਰੂ ਹੋਇਆ ਵੇਖਹੁ ਤਿਸੁ ਕੀ ਰਜਾਇ।।
ਇਹ ਕਾਰਣੁ ਕਰਤਾ ਕਰੇ ਜੋਤੀ ਜੋਤਿ ਸਮਾਇ।।[58]

ਸੱਤਾ ਅਤੇ ਬਲਵੰਡ ਲਿਖਦੇ ਹਨ ਕਿ ਜਦੋਂ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਗੱਦੀ ਬਖ਼ਸ਼ੀ ਤਾਂ ਗੁਰੂ ਜੋਤਿ ਤਾਂ ਉਹੋ ਹੀ ਰਹੀ ਅਤੇ ਉਸ ਨੂੰ ਪਰਗਟ ਕਰਨ ਦੀ ਜੁਗਤ ਵਿਚ ਵੀ ਕੋਈ ਫ਼ਰਕ ਨਾ ਆਇਆ ਕੇਵਲ ਕਾਇਆ ਹੀ ਪਲਟ ਦਿੱਤੀ ਗਈ:-

ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ।।
ਜੋਤਿ ਓਹਾ, ਜੁਗਤਿ ਸਾਇ, ਸਹਿ ਕਾਇਆ ਫੇਰ ਪਲਟੀਐ।।[59]

ਮਥਰਾ ਭੱਟ ਗੁਰੂ ਜੋਤਿ ਦੀ ਇਕ ਸਰੀਰ ਤੋਂ ਦੂਜੇ ਸਰੀਰ ਤੱਕ ਦੀ ਅਲੌਕਿਕ ਯਾਤਰਾ ਨੂੰ ਪ੍ਰਦਰਸ਼ਿਤ ਕਰਦੇ ਲਿਖਦੇ ਹਨ ਕਿ ਪ੍ਰਕਾਸ਼ ਸਰੂਪ ਪਰਮਾਤਮਾ ਨੇ ਖ਼ੁਦ ਹੀ ਗੁਰੂ ਨਾਨਕ ਦੇ ਸਰੀਰ ਵਿੱਚ ਪ੍ਰਵੇਸ਼ ਕੀਤਾ ਸੀ। ਫਿਰ ਇਹੋ ਜੋਤਿ ਗੁਰਤਾ ਦੇ ਤੱਤ ਦੇ ਰੂਪ ਵਿਚ ਅੱਗੇ ਚਲਦੀ ਹੈ:-

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕ ਕਹਾਯਉ।।
ਤਾ ਤੇ ਅੰਗਦੁ ਭਯਉ ਤੱਤ ਸਿਉ ਤੱਤ ਮਿਲਾਯਉ।।
ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੂ ਥਿਰੁ ਕੀਅਉ।।
ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ।।
ਗੁਰੂ ਰਾਮਦਾਸ ਦਰਸਨੁ ਪਰਸਿ, ਕਹਿ ਮਥੁਰਾ ਅੰਮ੍ਰਿਤ ਬਯਣ।।
ਮੂਰਤਿ ਪੰਚ ਪ੍ਰਮਾਣੁ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ।।[60]

ਇਹ ਕਹਿਣ ਵਿਚ ਕੋਈ ਝਿਜਕ ਨਹੀਂ ਕਿ ਗੁਰੂ ਰਵਿਦਾਸ ਅਤੇ ਗੁਰੂ ਨਾਨਕ ਬ੍ਰਹਮ ਅਤੇ ਜੀਵ ਨੂੰ ਅੰਸ਼ੀ-ਅੰਸ਼ ਭਾਵ ਵਿਚ ਚਿਤਰਦੇ ਹਨ। ਆਤਮਾ ਸ਼ੁੱਧ ਚੇਤਨ ਸਰੂਪ ਤੇ ਜੋਤਿ ਸਰੂਪ ਹੋਣ ਦੇ ਬਾਵਜੂਦ ਵੀ ਇਸ ਦਾ ਨਿਵਾਸ ਸਥਾਨ ਮਨੁੱਖ ਹੋਣ ਕਰਕੇ ਇਹ ਅਗਿਆਨਤਾ ਵਸ ਸੰਸਾਰਿਕ ਮਾਇਆ ਜਾਲ ਵਿਚ ਉਲਝ ਜਾਂਦੀ ਹੈ:-

1. ਮਾਧੋ ਅਬਿਦਿਆ ਹਿਤ ਕੀਨ।। ਬਿਬੇਕ ਦੀਪ ਮਲੀਨ।।[61]
2. ਮਾਧੋ: ਅਵਿਦਿਆ ਹਿਤੁ ਕੀਨ, ਤਾ ਥੈ ਮੈਂ ਤੇਰ ਨਾਮ ਨ ਲੀਨੁ।।[62]

ਗੁਰਮੁਖ ਹਰ ਥਾਂ ਪਰਮਾਤਮਾ ਨੂੰ ਹੀ ਪਛਾਣਦਾ ਹੈ। ਉਹ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ। ਆਤਮਾ ਪਰਮਾਤਮਾ ਵਿਚ ਲੀਨ ਹੋ ਜਾਂਦੀ ਹੈ:-

ਸਭੁ ਆਤਮ ਰਾਮੁ ਪਛਾਣਿਆ ਭਉਜਲੁ ਤਰਿ ਗਇਆ।।
ਜੋਤਿ ਸਮਾਣੀ ਜੋਤਿ ਵਿਚਿ ਹਰਿ ਨਾਮਿ ਸਮਾਇਆ।।[63]

ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੀ ਬਾਣੀ ਵਿਚ ਵਰਣਿਤ ਆਤਮਾ ਦਾ ਜੋਤਿ ਸਰੂਪ ਹੋਣਾ ਉਪਨਿਸ਼ਦਾਂ ਦੀ ਧਾਰਨਾ ਨਾਲ ਮੇਲ ਖਾਂਦਾ ਹੈ। ਕਿਉਂਕਿ ਉਪਨਿਸ਼ਦਾਂ ਵਿਚ ਵੀ ਆਤਮਾ ਨੂੰ ਜੋਤਿ ਸਰੂਪ ਆਖਿਆ ਗਿਆ ਹੈ। ਮੁੰਡਕ ਉਪਨਿਸ਼ਦ ਜੋਤਿ ਮਈ ਆਤਮਾ ਨੂੰ ਸਰੀਰ ਦੇ ਅੰਦਰ ਨਿਵਾਸ ਕਰਦੀ ਦੱਸਦਾ ਹੈ। ਕਠੋਪਨਿਸ਼ਦ ਅਨੁਸਾਰ ਇਕ ਹੀ ਸੂਰਜ ਬ੍ਰਹਿਮੰਡ ਨੂੰ ਪ੍ਰਕਾਸ਼ਿਤ ਕਰਦਾ ਹੈ। ਉਸ ਦਾ ਪ੍ਰਕਾਸ਼ ਸਾਰੇ ਪ੍ਰਾਣੀਆਂ ਦੀਆਂ ਅੱਖਾਂ ਦਾ ਸਹਾਇਕ ਹੈ।(ਦੂਜਾ ਅਧਿਆਇ, ਦੂਸਰੀ ਵਲੀ)। ਗੁਰੂ ਰਵਿਦਾਸ ਅਤੇ ਗੁਰੂ ਨਾਨਕ ਵੀ ਉਪਨਿਸ਼ਦਾਂ ਵਾਂਗ ਹੀ ਆਤਮਾ ਨੂੰ ਜੋਤਿ ਸਰੂਪ, ਪ੍ਰਕਾਸ਼ ਮਈ ਬਿਆਨ ਕਰਦੇ ਹਨ। ਜਿਹੜੀ ਜੋਤਿ ਅਤੇ ਪ੍ਰਕਾਸ਼ ਸਾਰੀ ਸ੍ਰਿਸ਼ਟੀ ਵਿਚ ਫੈਲਿਆ ਹੋਇਆ ਹੈ। ਹਉਮੈਂ ਨੂੰ ਮਾਰ ਕੇ ਇਹ ਜੋਤਿ ਨਜ਼ਰ ਆਉਂਦੀ ਹੈ ਤੇ ਫਿਰ ਗੁਰੂ ਦੀ ਮਿਹਰ ਸਦਕਾ ਸਾਰੇ ਪਾਸੇ ਉਸੀ ਇਕੋ ਜੋਤਿ ਦਾ ਪ੍ਰਕਾਸ਼ ਨਜ਼ਰੀਂ ਆਉਂਦਾ ਹੈ।

## ਪਰਮ-ਰੂਪ ਆਤਮਾ

ਉਪਨਿਸ਼ਦਾਂ ਵਿਚ ਪਰਮਾਤਮਾ ਅਤੇ ਆਤਮਾ ਨੂੰ ਇੱਕ ਰੂਪ ਕਿਹਾ ਗਿਆ ਹੈ। ਅਦ੍ਵੈਤ-ਵੇਦਾਂਤ ਗ੍ਰੰਥਾਂ ਵਿਚ ਵੀ ਆਤਮਾ ਅਤੇ ਪਰਮਾਤਮਾ ਦੀ ਏਕਤਾ ਦਾ ਪ੍ਰਤਿਪਾਦਨ ਹੋਇਆ ਹੈ। ਮਹਾਤਮਾ ਕਬੀਰ ਆਦਿ ਵੈਸ਼ਨੋਮੱਤ ਸੰਤਾਂ ਨੇ ਵੀ ਆਤਮਾ ਨੂੰ ਰਾਮ ਹੀ ਕਿਹਾ ਹੈ।[64] ਬ੍ਰਿਹਦਾਰਣਕ ਉਪਨਿਸ਼ਦ ਵਿੱਚ ਕਿਹਾ ਗਿਆ ਹੈ ਕਿ ਆਤਮਾ ਹੀ ਬ੍ਰਹਮ ਹੈ।[65] ਪਵਿੱਤਰ ਬਾਈਬਲ ਵਿਚ ਵੀ 'ਪਰਮੇਸ਼ੁਰ ਆਤਮਾ ਹੈ।'[66]

ਇਸੇ ਧਾਰਨਾ ਅਧੀਨ ਗੁਰੂ ਰਵਿਦਾਸ ਅਤੇ ਗੁਰੂ ਨਾਨਕ ਨੇ ਵੀ ਦੋਹਾਂ ਨੂੰ ਇੱਕ ਹੀ ਮੰਨਿਆ ਹੈ। ਗੁਰੂ ਰਵਿਦਾਸ ਜੀ ਮੰਨਦੇ ਹਨ ਕਿ ਗੁਰ ਸ਼ਬਦ ਰਾਹੀਂ ਜੀਵ ਬ੍ਰਹਮ ਰੂਪ ਹੋ ਜਾਂਦਾ ਹੈ।ਜਦੋਂ ਭਗਤ ਦੀਪਕ ਦੇ ਸਮਾਨ ਪ੍ਰਕਾਸ਼ ਸਰੂਪ ਆਤਮ ਭਾਵ ਨਾਲ ਬ੍ਰਹਮ ਤੱਤ ਦਾ ਸਾਖਿਆਤਕਾਰ ਕਰਦਾ ਹੈ, ਉਸ ਵੇਲੇ ਉਹ ਸਾਰੇ ਬੰਧਨਾਂ ਤੋਂ ਮੁਕਤ ਹੋਕੇ ਪਰਮਾਤਮਾ ਰੂਪ ਹੋ ਜਾਂਦਾ ਹੈ। ਜਨਮ ਮਰਨ ਦਾ ਗੇੜ ਖਤਮ ਹੋ ਜਾਂਦਾ ਹੈ:-

1. ਗੁਰੂ ਗਿਆਨ ਦੀਪਕ ਦਿਆ, ਬਾਤੀ ਦਈ ਜਲਾਇ।।
ਰਵਿਦਾਸ ਹਰਿ ਭਗਤਿ ਕਾਰਨੇ, ਜਨਮ ਮਰਨ ਬਿਲਮਾਇ।।[67]

2. ਸੁੰਨ ਮਹਲ ਕੇ ਭੀਤਰੇ , ਦੀਸਤ ਦਿਵਯ ਪ੍ਰਕਾਸ਼।।
ਅਦਭੁਤ ਮਹਿਮਾ ਤਾਸ ਕੀ, ਗਾਵੈ ਕਿਮਿ ਰਵਿਦਾਸ।।[68]

3. ਦੀਪਕ ਕਰਿ ਪਰਗਾਸ ਜਿਮਿ ਗ੍ਰਿਹ ਤਿਮਿਰ ਨਸਾਯ।।
ਰਵਿਦਾਸ ਜਪੈਤਾ ਗੁਰੂ ਮੰਤਰ ਬ੍ਰਹਮ ਰੂਪ ਹੋ ਜਾਇ।।[69]

ਗੁਰੂ ਨਾਨਕ ਵੀ ਆਤਮ-ਪਰਮਾਤਮਾ ਦੀ ਪੂਰਨ ਏਕਤਾ ਵਿਚ ਵਿਸ਼ਵਾਸ ਰੱਖਦੇ ਹਨ। ਉਨ੍ਹਾਂ ਅਨੁਸਾਰ ਜਿਸ ਸਾਧਕ ਦਾ ਪਰਮਾਤਮਾ ਨਾਲ ਪੂਰਨ ਧਿਆਨ ਲੱਗ ਜਾਂਦਾ ਹੈ। ਉਸ ਦੀ ਆਤਮਾ ਪਰਮਾਤਮਾ ਨਾਲ ਇਕਮਿਕ ਹੋ ਜਾਂਦੀ ਹੈ। ਦ੍ਵੈਤਭਾਵ ਨਸ਼ਟ ਹੋ ਜਾਂਦਾ ਹੈ। ਤਿੰਨ ਭਵਨਾਂ ਵਿੱਚ ਇਕ ਜੋਤਿ ਦਿਖਾਈ ਦਿੰਦੀ ਹੈ। ਦੁੱਖ ਸੁੱਖ ਇਕ ਸਮਾਨ ਜਾਪਦਾ ਹੈ।

1. ਆਤਮਾ ਪਰਮਾਤਮਾ ਏਕੋ ਕਰੈ।। ਅੰਤਰ ਕੀ ਦੁਬਿਧਾ ਅੰਤਰਿ ਮਰੈ।[70]
2. ਦੀਪਕ ਤੇ ਦੀਪਕ ਪਰਗਾਸਿਆ, ਤ੍ਰਿਭਵਣ ਜੋਤਿ ਦਿਖਾਈ।।[71]
3. ਸੂਰਜਿ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ।।
ਜੋਤੀ ਜੋਤਿ ਰਲੀ ਸੰਪੂਰਣੁ ਥੀਆ ਰਾਮ।।[72]
4. ਤੇਇ ਸਦਾ ਅਨੰਦ ਬਿਬੇਕ ਰਹਹਿ ਦੁਖਿ ਸੁਖਿ ਏਕੁ ਸਮਾਨਿ।।
ਤਿਨਾ ਨਦਰੀ ਇਕੋ ਆਇਆ ਸਭੁ ਆਤਮ ਰਾਮ ਪਛਾਨੁ।।[73]

ਆਤਮਾ ਵਿਚ ਪਰਮਾਤਮਾ ਵਸਦਾ ਹੈ। ਉਪਨਿਸ਼ਦਾਂ ਅਨੁਸਾਰ ਵੀ ਉਹ ਸਰਬ ਵਿਆਪੀ ਬ੍ਰਹਮ ਸੱਭ ਜੀਵਾਂ ਦੇ ਹਿਰਦੇ ਵਿਚ ਵਸਦਾ ਹੈ। ਜੋ ਇਸ ਗੱਲ ਨੂੰ ਜਾਣ ਲੈਂਦਾ ਹੈ। ਉਹ ਅਮਰ ਹੋ ਜਾਂਦਾ ਹੈ। ਵੇਦਾਂਤ ਵਾਂਗ ਗੁਰੂ ਰਵਿਦਾਸ ਵੀ ਮੰਨਦੇ ਹਨ ਕਿ ਆਤਮਾ ਵਿੱਚ ਪਰਮਾਤਮਾ ਹੈ। ਉਹ ਪਰਮਾਤਮਾ ਹਰ ਜੀਵ ਜੰਤੂ ਥਾਵਰ, ਜੰਗਮ, ਕੀਟ ਪਤੰਗਾ ਆਦਿ ਵਿਚ ਵਸਦਾ ਹੈ:--

1. ਸਬ ਮੈ ਹਰਿ ਹੈ ਹਰਿ ਮੈਂ ਸਬ ਹੈ, ਹਰਿ ਅਪਨੋ ਜਿਨ ਜਾਨਾ।।[74]
2. ਤਤ ਪਦੁ ਦੀਨ ਦਯਾਲ ਗੁਵੈ, ਕਹਿਯਤੁ ਵਿਸ਼ਵ ਨਿਵਾਸੁ।
ਜਾਸੋਂ ਆਤਮ-ਪ੍ਰਕਾਸ਼ ਹੈ, ਭਜੈ ਤਾਸਿ ਰਵਿਦਾਸ।।[75]
3. ਹੈ ਸਬ ਆਤਮ ਸੂਝ ਪ੍ਰਕਾਸ਼ ਸਾਚੋ।
ਨਿਰੰਤਰ ਨਿਰਾਹਾਰ ਕਲਪਤ ਏ ਪਾਂਚੋਂ।।
ਆਦਿ ਮਧਯ ਔਸਾਨ ਏਕ ਰਸ, ਤਾਰ ਤੂਬ ਨਹੀਂ ਤਾਈ।
ਥਾਵਰ ਜੰਗਮ ਕੀਟ ਪਤੰਗਾ, ਪੂਰਿ ਰਹਯੋ ਹਰਿ ਰਾਈ।।[76]

4. ਸਰਬੇ ਏਕੁ ਅਨੇਕੈ ਸੁਆਮੀ ਸਭ ਘਟਿ ਭੋਗਵੈ ਸੋਈ ॥[77]

5. ਸਭ ਘਟਿ ਅੰਤਰਿ ਰਮਸਿ ਨਿਰੰਤਰਿ, ਮੈਂ ਦੇਖਨ ਹੂੰ ਨਹੀਂ ਜਾਨਾ ॥[78]

6. ਰਵਿਦਾਸ ਹੈ ਦੇਖਣਾ ਸੋਧ ਕਰਿ, ਸਾਹਿਬ ਭੇਖ ਅਨੰਤ।
ਏਕੈ ਆਤਮ ਘਟ ਘਟ ਰਮੈ, ਸਭ ਵਿਚਿ ਏਕਹੁ ਭਗਵੰਤ ॥[79]

7. ਜਲ ਥਲ ਜੀਵ ਚਰਾਚਰ ਜੇਤੇ, ਰਾਮ ਰੂਪ ਮਾਨਿਯਹਿ ਸਭ ਤੇ ਤੇ।
ਗਯਾਨ ਰੂਪ ਵਿਆਪਤ ਸਭ ਮਾਹਿੰ, ਆਤਮ ਰਾਮ ਸਮੁਝਿ ਘਟ ਮਾਹਿੰ ॥[80]

ਗੁਰੂ ਨਾਨਕ ਦੇਵ ਜੀ ਵੀ ਇਸੇ ਵਿਚਾਰ ਦੇ ਧਾਰਨੀ ਹਨ। ਕਿਉਂ ਕਿ ਇਹ ਸਰੀਰ ਪੰਜ ਤੱਤਾਂ ਤੋਂ ਮਿਲ ਕੇ ਬਣਿਆ ਹੈ। ਇਸ ਵਿੱਚ ਰਾਮ ਰਤਨ ਆਤਮਾ ਹੈ। ਆਤਮਾ ਪਰਮਾਤਮਾ ਹੈ ਅਤੇ ਪਰਮਾਤਮਾ ਆਤਮਾ। ਇਸ ਲਈ ਜਗਿਆਸੂ ਨੂੰ ਚਾਹੀਦਾ ਹੈ ਕਿ ਉਹ ਪੰਜ ਤੱਤਾਂ ਤੋਂ ਮਿਲਾ ਕੇ ਬਣੇ ਪਰਮਾਤਮਾ ਅੰਸ਼ ਨੂੰ ਪਛਾਣੇ। ਪਰ ਇਹ ਸਬਦ ਤੇ ਵੀਚਾਰ ਕਰਨ ਨਾਲ ਹੀ ਸੰਭਵ ਹੋ ਸਕਦਾ ਹੈ। ਇਹ ਸਾਰੇ ਸਰੀਰ ਵੀ ਪ੍ਰਭੂ ਦੇ ਸਰੀਰ ਹਨ ਤੇ ਉਹ ਸਭਨਾਂ ਵਿਚ ਵਸਦਾ ਹੈ।

1. ਪੰਚ ਤਤੁ ਮਿਲਿ ਕਾਇਆ ਕੀਨੀ ॥ ਤਿਸੁ ਮਹਿ ਰਾਮ ਰਤਨੁ ਲੈ ਚੀਨੀ ॥
ਆਤਮ ਰਾਮੁ ਰਾਮੁ ਹੈ ਆਤਮ ਹਰਿ ਪਾਈਐ ਸਬਦਿ ਵੀਚਾਰਾ ਹੈ ॥[81]

2. ਸਭਿ ਘਟ ਮੇਰੇ ਹਉ ਸਭਨਾਂ ਅੰਤਰਿ ਜਿਸਹਿ ਖੁਆਈ ਤਿਸੁ ਕਉਣੁ ਕਹੈ।[82]

3. ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ ॥[83]

ਗੁਰੂ ਅਰਜਨ ਦੇਵ ਜੀ ਵੀ ਫੁਰਮਾਉਂਦੇ ਹਨ ਕਿ ਜੀਵਾਤਮਾ ਉਸ ਪਰਮਾਤਮਾ ਦਾ ਰੂਪ ਹੈ ਜਿਸ ਦੀ ਸਿਫ਼ਤਿ ਸਲਾਹ ਦੀਆਂ ਗੱਲਾਂ ਹੈਰਾਨ ਕਰਨ ਵਾਲੀਆਂ ਹਨ:--

ਅਚਰਜ ਕਥਾ ਮਹਾ ਅਨੂਪ ॥ ਪ੍ਰਾਤਮਾ ਪਾਰਬ੍ਰਹਮ ਕਾ ਰੂਪੁ ॥ਰਹਾਉ॥
ਨਾ ਇਹੁ ਬੂਢਾ ਨਾ ਇਹੁ ਬਾਲਾ ॥ ਨਾ ਇਸੁ ਦੂਖੁ ਨਹੀ ਜਮ ਜਾਲਾ ॥[84]

ਗੁਰੂ ਰਵਿਦਾਸ ਵਾਂਗ ਗੁਰਬਾਣੀ ਵਿਚ ਵੀ ਪਰਮਾਤਮਾ ਨੂੰ ਜਲ, ਥਲ, ਸਾਰੇ ਜੀਵਾਂ ਵਿਚ ਇਕ ਰਸ ਮੌਜੂਦ ਮੰਨਿਆ ਗਿਆ ਹੈ। ਜੋ ਜੀਵ ਨੂੰ ਸਰਬ ਵਿਆਪਕ ਪਰਮਾਤਮਾ ਸਭ ਜੀਵਾਂ ਦੇ ਅੰਦਰ ਵਸਦਾ ਦਿਸ ਪੈਂਦਾ ਹੈ ਉਸ ਦਾ ਜਨਮ ਮਰਨ ਦਾ ਗੇੜ ਮੁੱਕ ਜਾਂਦਾ ਹੈ। ਬੇਅੰਤ ਤੇ ਗੁਣਾਂ ਨਾਲ ਭਰਪੂਰ ਪਰਮਾਤਮਾ ਸਭਨੀਂ ਥਾਈਂ ਵਿਆਪਕ ਹੈ।

ਏਕੰਕਾਰੁ ਨਿਰੰਜਨੁ ਨਿਰਭਉ ਸਭ ਜਲਿ ਥਲਿ ਰਹਿਆ ਸਮਾਈ ॥

- - - - - - - - - - - - - - - - - - - - - - - -

ਆਤਮ ਰਾਮੁ ਰਵਿਆ ਸਭ ਅੰਤਰਿ ਕਤ ਆਵੈ ਕਤ ਜਾਈ ਮੰਤਰੁ ॥

ਆਦਿ ਜੁਗਾਦਿ ਹੈ ਭੀ ਹੋਸੀ ਸਭ ਜੀਆ ਕਾ ਸੁਖਦਾਤੀ ਜੀਉ ॥
ਆਪਿ ਬੇਅੰਤੁ ਅੰਤੁ ਨਹੀਂ ਪਾਈਐ ਪੂਰਿ ਰਹਿਆ ਸਭ ਥਾਈ ਜੀਉ ॥[85]

ਰਾਮਕਲੀ ਅਸਟਪਦੀਆਂ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਵਿਚਾਰ ਦੀ ਪੁਸ਼ਟੀ ਕਰਦੇ ਲਿਖਦੇ ਹਨ ਕਿ ਸ੍ਰਿਸ਼ਟੀ ਦੇ ਸਾਰੇ ਜੀਵ ਇੱਕ ਪਰਮਾਤਮਾ ਵਿਚ ਹਨ ਅਤੇ ਸਾਰੇ ਜੀਵਾਂ ਵਿਚ ਇਕ ਪਰਮਾਤਮਾ ਵਿਆਪਕ ਹੈ:-

ਏਕ ਮਹਿ ਸਰਬ ਮਹਿ ਏਕਾ ਏਹ ਸਤਿਗੁਰਿ ਦੇਖਿ ਦਿਖਾਈ ॥[86]

ਸ੍ਰੀ ਗੁਰੂ ਨਾਨਕ ਦੇਵ ਜੀ ਦੋਹਾਂ ਨੂੰ ਅਭਿੰਨ ਮੰਨਦੇ ਹੋਏ ਪਰਮਾਤਮਾ ਨੂੰ ਸਰੀਰਾਂ ਦਾ ਮਾਲਕ, ਨਵਾਂ, ਪਾਲਕ, ਸਦਾ ਥਿਰ ਰਹਿਣ ਵਾਲਾ ਅਤੇ ਸਾਰੇ ਜੀਵਾਂ ਵਿਚ ਮੌਜੂਦ ਮੰਨਦੇ ਹਨ। ਏਥੇ ਗੁਰੂ ਰਾਮਦਾਸ ਫੁਰਮਾਉਂਦੇ ਹਨ ਕਿ ਇਹ ਬਾਲਕ ਮਨ ਰਤਾ ਭਰ ਵੀ ਟਿਕਿਆ ਨਹੀਂ ਰਹਿ ਸਕਦਾ:-

1. ਨਵਾ ਸਾਹਿਬੁ ਨਵਤਨੋ ਬਾਲਕੁ ਲੀਲ ਅਨੂਪੁ ॥
ਨਾਰਿ ਨ ਪੁਰਖੁ ਨ ਪੰਖਣੂ ਸਾਚਉ ਚਤੁਰ ਸਰੂਪੁ ॥[87]
2. ਕਾਇਆ ਨਗਰਿ ਇਕੁ ਬਾਲਕੁ ਵਸਿਆ ਖਿਨੁ ਪਲੁ ਥਿਰੁ ਨ ਰਹਾਈ ॥[88]

ਸਪਸ਼ਟ ਹੈ ਕਿ ਗੁਰੂ ਰਵਿਦਾਸ ਜੀ ਆਤਮਾ ਦਾ ਪਰਮ-ਰੂਪ ਹੋਣ ਸੰਬੰਧੀ ਧਾਰਣਾ ਉਪਨਿਸ਼ਦਾਂ ਵਾਲੀ ਹੈ। ਜਿਸ ਧਾਰਨਾ ਰਾਹੀਂ ਆਤਮਾ ਬ੍ਰਹਮ ਦਾ ਅੰਸ਼ ਹੋਣ ਕਰਕੇ ਗੁਰ ਸ਼ਬਦ ਰਾਹੀਂ ਬ੍ਰਹਮ ਰੂਪ ਹੋ ਜਾਂਦੀ ਹੈ। ਪਰ ਗੁਰੂ ਨਾਨਕ ਦੀ ਵਿਚਾਰਧਾਰਾ ਜਿਥੇ ਉਪਨਿਸ਼ਦਾਂ ਨਾਲ ਮੇਲ ਖਾਂਦੀ ਹੈ, ਉਥੇ ਉਨ੍ਹਾਂ ਦੀ ਆਤਮਾ ਦਾ ਪਰਮ-ਰੂਪ ਸੰਬੰਧੀ ਵਿਚਾਰ ਵੈਸ਼ਨੋਮੱਤ ਅਤੇ ਇਸਲਾਮੀ ਮੱਤ ਨਾਲ ਵੀ ਜਾ ਮਿਲਦਾ ਹੈ। ਇਹ ਦੋਵੇਂ ਮੱਤ ਸਿੱਧਾ ਆਤਮਾ ਨੂੰ ਹੀ ਰਾਮ ਮੰਨਦੇ ਹਨ। ਗੁਰੂ ਨਾਨਕ ਦੇਵ ਜੀ ਵੀ ਆਤਮਾ ਨੂੰ ਪ੍ਰ. ਮੰਨਦੇ ਹੋਏ ਉਸਦੇ ਸਰਬ-ਵਿਆਪੀ ਹੋਣ ਦੀ ਵੀ ਗੱਲ ਕਰਦੇ ਹਨ। ਉਹ ਤਾਂ ਤਿੰਨ ਭਵਨਾਂ ਦਾ ਮਾਲਕ ਹੈ। ਉਹ ਪਰਮ-ਰੂਪ ਆਤਮਾ ਸੱਭ ਜੀਵ-ਜੰਤੂਆਂ ਅਤੇ ਸ੍ਰਿਸ਼ਟੀ ਦੇ ਕਣ ਕਣ ਵਿਚ ਵਿਚਰ ਰਹੀ ਹੈ। ਬ੍ਰਹਮ ਪਰਮ-ਰੂਪ ਹੋਣ ਕਰਕੇ ਸਭ ਸਰੀਰਾਂ ਦਾ ਮਾਲਕ ਹੈ ਅਤੇ ਆਨੰਦ ਮਾਣ ਰਿਹਾ ਹੈ। ਉਹ ਸਭ ਆਤਮਾਵਾਂ ਵਿਚ ਅੰਤਰਜਾਮੀ ਦੇ ਰੂਪ ਵਿਚ ਰਹਿੰਦਾ ਹੈ। ਇਥੇ ਗੁਰੂ ਨਾਨਕ ਦਾ ਇਹ ਵਿਚਾਰ ਵੱਲਭ ਦੇ ਸ਼ੁੱਧਅਦ੍ਵੈਤ ਨਾਲ ਇਕ ਹੱਦ ਮੇਲ ਖਾਂਦਾ ਹੈ। ਕਿਉਂਕਿ ਵੱਲਭ ਵੀ ਆਤਮਾ ਅਤੇ ਪਰਮਾਤਮਾ ਵਿਚ ਕੋਈ ਅਦਵੈਤ ਨਹੀਂ ਮੰਨਦਾ।

ਡਾ. ਧਰਮਪਾਲ ਸਿੰਗਲ ਅਨੁਸਾਰ ਗੁਰੂ ਰਵਿਦਾਸ ਜੀ ਦਾ ਆਤਮਾ ਤੇ ਪਰਮਾਤਮਾ ਸੰਬੰਧੀ ਵਿਚਾਰ ਦਵੈਤਵਾਦ ਨਾਲ ਮੇਲ ਖਾਂਦਾ ਹੈ। ਕਿਉਂਕਿ ਬ੍ਰਹਮ ਤੇ ਜੀਵ ਦਾ ਜੋ ਰਿਸ਼ਤਾ ਕੇਵਲ

ਮਾਇਆ ਦਾ ਭਰਮ ਹੈ, ਪਰੰਤੂ ਦੋਵੇਂ ਅਲੱਗ ਅਲੱਗ ਹੋਕੇ ਵੀ ਇਕ ਹਨ। ਇੱਕ ਤੋਂ ਹੀ ਦੂਜੇ ਦੀ ਉਤਪਤੀ ਹੁੰਦੀ ਹੈ ਅਤੇ ਉਸੇ ਵਿਚ ਲੀਨ ਹੋ ਜਾਂਦਾ ਹੈ ਜਿਵੇਂ ਸੋਨਾ ਤੇ ਉਸਤੋਂ ਬਣੇ ਗਹਿਣੇ, ਸੂਤ ਤੇ ਕੱਪੜਾ ਰੱਸੀ ਤੇ ਸੱਪ ਮੂਲਕ ਤੌਰ ਤੇ ਇਕ ਹਨ ਪਰ ਵੱਖ ਵੱਖ ਸੂਰਤਾਂ ਵਿਚ ਇਹ ਵੱਖ ਵੱਖ ਦਿਸਦੇ ਹਨ ਜਿਵੇਂ ਜਲ ਤੇ ਜਲ ਤੋਂ ਉੱਠੀ ਲਹਿਰ, ਪੱਥਰ ਤੇ ਪੱਥਰ ਤੋਂ ਬਣੀ ਮੂਰਤ ਇਕੋ ਹਨ।[88ੲ] ਪਰੰਤੂ ਡਾ. ਰਤਨ ਸਿੰਘ ਜੱਗੀ ਇਸ ਸੰਬੰਧ ਵਿਚ ਗੁਰੂ ਜੀ ਨੂੰ ਅਦਵੈਤ-ਵਾਦੀ ਮੰਨਦੇ ਹਨ।[88ਅ] ਪਰ ਮੇਰੇ ਵਿਚਾਰ ਵਿਚ ਗੁਰੂ ਰਵਿਦਾਸ ਜੀ ਵਿਸ਼ਿਸ਼ਟਾਦ੍ਵੈਤਵਾਦੀ ਸਨ। ਸੋਨਾ ਅਤੇ ਸੋਨੇ ਦੇ ਗਹਿਣੇ ਨੂੰ ਅੱਡ ਭਾਵੇਂ ਨਹੀਂ ਕੀਤਾ ਜਾ ਸਕਦਾ ਪਰ ਦੋ ਵਿਸ਼ੇਸ਼ ਚੀਜ਼ਾਂ ਬਣ ਜਾਂਦੀਆਂ ਹਨ। ਸੋਨਾ ਤਾਂ ਸੋਨਾ ਕਹਿਲਾਉਂਦਾ ਹੈ ਅਤੇ ਉਸ ਤੋਂ ਬਣਿਆ ਗਹਿਣਾ ਕਹਾਉਂਦਾ ਹੈ। ਜਲ ਤੇ ਜਲ ਲਹਿਰ ਦੋ ਵੱਖ ਗੱਲਾਂ ਹਨ। ਪੱਥਰ ਤੋਂ ਘੜੀ ਮੂਰਤੀ ਨੂੰ ਪੱਥਰ ਨਹੀਂ ਕਿਹਾ ਜਾ ਸਕਦਾ। ਮੂਰਤੀ ਕਹਾਂਗੇ । ਭਾਵੇਂ ਸਭ ਦਾ ਮੂਲ ਇਕੋ ਹੈ। ਇਹੋ ਹਾਲਤ ਬ੍ਰਹਮ ਤੇ ਜੀਵ ਦੀ ਹੈ। ਜੀਵ ਭਾਵੇਂ ਬ੍ਰਹਮ ਦਾ ਅੰਸ਼ ਹੈ ਤੇ ਬ੍ਰਹਮ ਹੀ ਮਾਇਆ ਦੇ ਸੰਗ ਕਰਕੇ ਜੀਵ ਕਹਾਉਂਦਾ ਹੈ ਪਰ ਹੈ ਤਾਂ ਅੱਡ, ਨਾਂ ਤਾਂ ਅੱਡ ਹੈ। ਕਿਉਂ ਕਿ ਜੀਵ ਉਦੋਂ ਤੱਕ ਬ੍ਰਹਮ ਵਿਚ ਨਹੀਂ ਸਮਾ ਸਕਦਾ ਜਦੋਂ ਤੱਕ ਉਸ ਉਤੋਂ ਮਾਇਆ ਤੇ ਅਵਿਦਿਆ ਦਾ ਪਰਦਾ ਨਹੀਂ ਲਹਿ ਜਾਂਦਾ। ਕਿਹਾ ਜਾ ਸਕਦਾ ਹੈ ਕਿ ਗੁਰੂ ਰਵਿਦਾਸ ਜੀ ਵਿਸ਼ਿਸ਼ਟਾਦ੍ਵੈਤਵਾਦੀ ਸਨ ਤੇ ਗੁਰੂ ਨਾਨਕ ਦੇਵ ਜੀ ਸ਼ੁੱਧ ਅਦ੍ਵੈਤਵਾਦੀ ਸਨ।

## ਪੰਛੀ-ਰੂਪ ਆਤਮਾ

ਰਿਗਵੇਦ ਵਿਚ ਪਰਮਾਤਮਾ ਅਤੇ ਆਤਮਾ ਦੀ ਇੱਕ ਹੀ ਬ੍ਰਿਛ ਤੇ ਬੈਠੇ ਆਪਸ ਵਿਚ ਮਿੱਤਰ ਭਾਵ ਰੱਖਣ ਵਾਲੇ ਦੋ ਪੰਛੀਆਂ ਨਾਲ ਤੁਲਨਾ ਕੀਤੀ ਗਈ ਹੈ।[89] ਗੁਰੂ ਰਵਿਦਾਸ ਬਾਣੀ ਵਿੱਚ ਵੀ ਕਈ ਥਾਵਾਂ ਤੇ ਇਸ ਸ਼ਬਦ ਦਾ ਪ੍ਰਯੋਗ ਜੀਵਾਤਮਾ ਲਈ ਕੀਤਾ ਗਿਆ ਹੈ। ਹੱਡਮਾਸ ਅਤੇ ਨਾੜੀ ਦੇ ਪਿੰਜਰ ਇਸ ਸਰੀਰ ਵਿਚ ਆਤਮਾ ਰੂਪੀ ਪੰਛੀ ਬੈਠਾ ਹੈ। ਇਹ ਚੰਚਲ ਮੱਤ ਪੰਛੀ ਹੀ ਸਰੀਰ ਰੂਪੀ ਜਹਾਜ ਨੂੰ ਚਲਾ ਰਿਹਾ ਹੈ:-

1. ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੂੰਦ ਕਾ ਗਾਰਾ।।
   ਹਾਡ ਮਾਸ ਨਾੜੀ ਕੋ ਪਿੰਜਰ, ਪੰਖੀ ਬਸੈ ਬਿਚਾਰਾ।।[90]
2. ਹੰਸੁ ਪੰਖੇਰੂ ਚੰਚਲ ਭਾਈ, ਸਮੁਝਿ ਪੇਖਿ ਮਨ ਮਾਹਿ।।[91]
3. ਰਵਿਦਾਸ ਪੰਖੀ ਜਿਹਾਜ ਕੋ, ਆਨਤ ਕੋਉ ਠੌਰ।।[92]
4. ਮੀਨ ਪਿਪੀਲ ਤਜੇ ਦੂਹੂੰ, ਪੰਛੀ ਕੀ ਕਰਿ ਆਸ।।[93]

ਗੁਰਬਾਣੀ ਵਿਚ ਵੀ ਆਤਮਾ ਨੂੰ ਪੰਛੀ ਨਾਲ ਤੁਲਨਾਇਆ ਗਿਆ ਹੈ ਇਹ ਸਰੀਰ ਬਿਛਵਤ ਹੈ। ਇਸ ਵਿੱਚ ਸੁੱਖ-ਦੁੱਖ ਦੋ ਫਲ ਹਨ। ਪੰਛੀ ਜੀਵਾਤਮਾ ਅਤੇ ਬ੍ਰਹਮ ਦੋਵੇਂ ਹਨ। ਜੀਵਾਤਮਾ ਅਤੇ ਬ੍ਰਹਮ ਦੋਵੇਂ ਹਨ। ਜੀਵਾਤਮਾ ਕਰਮ ਫਲ ਭੋਗਦਾ ਹੈ। ਸ਼ਬਦ ਬ੍ਰਹਮ ਨਿਰਬਾਨ ਭਾਵ ਨਿਰਲੇਪ ਰਹਿੰਦਾ ਹੈ। ਸਪੱਸਟ ਹੈ ਕਿ ਦੋਹਾਂ ਮਹਾਨ ਸੰਤਾਂ ਨੇ ਇਹ ਵਿਚਾਰ ਵੈਦਿਕ ਦਰਸ਼ਨ ਤੋਂ ਪ੍ਰਾਪਤ ਕੀਤਾ:-

ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ॥
ਆਵਤ ਜਾਵਤ ਨ ਦੀਸਹੀ ਨ ਪਰ ਪੰਖੀ ਤਾਹਿ॥
ਬਹੁ ਰੰਗੀ ਰਸ ਭੋਗਿਆ ਸਬਦਿ ਰਹੈ ਨਿਰਬਾਣੁ॥
ਹਰਿ ਰਸ ਫਲਿ ਰਾਤੇ ਨਾਨਕਾ ਕਰਮਿ ਸਚਾ ਨੀਸਾਣੁ॥[94]

ਉਪਨਿਸ਼ਦਾਂ ਦੀ ਤਰ੍ਹਾਂ ਗੁਰੂ ਰਵਿਦਾਸ ਅਤੇ ਗੁਰੂ ਨਾਨਕ ਨੇ ਆਤਮਾ ਲਈ 'ਹੰਸ' ਸ਼ਬਦ ਦਾ ਪ੍ਰਯੋਗ ਵੀ ਕੀਤਾ ਹੈ। ਗੁਰੂ ਰਵਿਦਾਸ ਜੀ ਲਿਖਦੇ ਹਨ ਕਿ ਇਸ 'ਹੰਸ' ਰੂਪੀ ਆਤਮਾ ਨੂੰ ਜੋਗੀ, ਜਤੀ ਅਤੇ ਤਪੀ ਵੀ ਬੰਨ੍ਹ ਕੇ ਨਾ ਰੱਖ ਸਕੇ। ਇਸ ਚੰਚਲ ਮੱਤ ਹੰਸ ਰੂਪੀ ਆਤਮਾ ਨੂੰ ਭਟਕਣ ਤੋਂ ਬਚਾਉਣ ਲਈ ਹਰੀ ਦੀ ਪ੍ਰੀਤ ਬਹੁਤ ਜ਼ਰੂਰੀ ਹੈ:-

1. ਕੋਟਿ ਜਤਨ ਕਰਿ ਜੋਗ ਤਪਿ ਹਾਰੇ, ਨਿਹਚਲ ਹੰਸਾ ਉਡਿ ਜਾਤ॥[95]
2. ਹੰਸ ਪੰਖੇਰੂ ਚੰਚਲ ਭਾਈ, ਸਮੁਝਿ ਪੇਖਿ ਮਨ ਮਾਹਿਂ।[96]
3. ਕਾਇਆ ਹੰਸ ਪ੍ਰੀਤਿ ਹੈ, ਪ੍ਰਿਅ ਸੰਗਿ ਉਲਝੀ ਨਾਰਿ॥
   ਮਨ ਐਸੀ ਹਰਿ ਸਿਉ ਪ੍ਰੀਤ ਕਰਿ ਤੂ ਕਾਰਜ ਲੇਹਿ ਸਵਾਰਿ॥[97]
4. ਬਿਨ ਸਰਵਰ ਹੰਸ ਨ ਰਹਿ ਸਕੈ, ਮੁਕਤਾਹਲ ਆਧਾਰ॥
   ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਤੂੰ ਭਵਜਲਿ ਉਤਰਹਿ ਪਾਰ॥[98]

ਆਤਮਾ ਪਰਮਾਤਮਾ, ਮਨ, ਇੰਦਰੀਆਂ, ਮਨੁੱਖੀ ਸਰੀਰ ਦਾ ਆਪਸੀ ਡੂੰਘਾ ਸੰਬੰਧ ਹੈ। ਕਠੋਪਨਿਸ਼ਦ ਵਿੱਚ ਆਤਮਾ ਨੂੰ ਰੱਥੀ ਅਤੇ ਸਰੀਰ ਨੂੰ ਰਥ ਕਿਹਾ ਗਿਆ ਹੈ। ਬੁੱਧੀ ਰਥਵਾਨ ਅਤੇ ਮਨ ਨੂੰ ਲਗਾਮ ਕਿਹਾ ਗਿਆ ਹੈ। ਗੁਰੂ ਨਾਨਕ ਅਤੇ ਰਵਿਦਾਸ ਨੇ ਵੀ ਜੀਵਾਤਮਾ ਦੇ ਸੰਕਲਪ ਵਿੱਚ ਵੇਦਾਂਤ ਦਾ ਅਨੁਕਰਣ ਕੀਤਾ ਹੈ। ਇਹ ਸਰੀਰ ਰੂਪੀ ਰਥ ਪੰਜ ਤੱਤਾਂ ਦਾ ਮਿਲ ਕੇ ਬਣਿਆ ਹੈ:-

1. ਪਾਂਚ ਤੱਤ ਕੋ ਯਹੁ ਰਥ ਸਾਜਯੋ, ਅਰਧ-ਉਰਧ-ਨਿਵਾਸਾ।।
ਰਥ ਕੇ ਚਤੁਰ ਚਲਾਵਣਹਾਰੇ
ਖਿਣ ਹਾਂਕੈ ਖਿਣ ਉਤੇ ਰਾਖੈ, ਨਹੀਂ ਆਨ ਕੋ ਸਾਰੈ।।ਟੇਕ।।
ਜਬ ਰਥੁ ਰਹੈ ਸਾਰਥੀ ਥਾਕੈ, ਤਬ ਕੋ ਰਥਹਿੰ ਚਲਾਵੈ।।[99]
2. ਨਾਨਕ ਮੇਰੁ ਸਰੀਰ ਕਾ ਇਕ ਰਥੁ ਇਕੁ ਰਥਵਾਹੁ।।[99ੳ]

ਭੰਵਰਾ

ਆਤਮਾ ਲਈ 'ਭੰਵਰਾ' ਸ਼ਬਦ ਦੀ ਵਰਤੋਂ ਵੀ ਕੀਤੀ ਗਈ ਹੈ। ਇਸ ਸਰੀਰ ਰੂਪੀ ਗੁਫਾ ਅੰਦਰ ਆਤਮਾ ਰੂਪੀ ਭੰਵਰਾ ਗੂੰਜ ਰਿਹਾ ਹੈ। ਗੁਰੂ ਰਵਿਦਾਸ ਜੀ ਅਨੁਸਾਰ ਜਿਵੇਂ ਚਕੋਰ ਦੀ ਚੰਦ ਨਾਲ, ਭੌਰੇ ਦੀ ਫੁੱਲ ਨਾਲ ਪ੍ਰੀਤ ਹੈ ਇਸੇ ਤਰ੍ਹਾਂ ਆਤਮਾ ਰੂਪੀ ਭੰਵਰਾ ਸਰੀਰ ਰੂਪੀ ਗੁਫਾ ਤੋਂ ਬਿਨਾਂ ਨਹੀਂ ਰਹਿ ਸਕਦਾ:–

1. ਇਲਾ ਪਿੰਗਲਾ ਸੁਖਮਣ ਨਾਰੀ, ਜਾਮੈਂ ਚਿਤ ਨ ਧਰੈ।।
ਸਹਸ੍ਰਾਰ ਮਹਿ ਭੰਵਰ ਗੁਫਾ ਹੈ, ਭਵਰਾ ਗੂੰਜ ਕਰੈ।।[100]
2. ਭਵਰ ਕੁਸਮ ਜਿਉ ਉਲਝਿਆ ਅਤਿ ਪ੍ਰੀਤ ਚੰਦ ਚਕੋਰ।।[101]
3. ਭੌਰ ਭਯੋ ਮੋਹਿ ਇਕ ਟਗ ਜੋਵਤ, ਤਲਫਤ ਰਜਨੀ ਜਾਈ।।[102]

ਗੁਰੂ ਨਾਨਕ ਦੇਵ ਜੀ ਅਨੁਸਾਰ ਸਾਰੇ ਜਗਤ ਦਾ ਕਾਰ-ਵਿਹਾਰ ਕਰਨ ਵਾਲਾ ਸਰਬ ਵਿਆਪਕ ਪ੍ਰਭੂ ਜੋ ਹਵਾ, ਪਾਣੀ ਅਤੇ ਅੱਗ, ਸਰੂਪ ਹੈ ਉਸ ਦੀ ਇੱਕੋ ਜੋਤਿ ਰੂਪ ਆਤਮਾ ਸਾਰੇ ਜਗਤ ਵਿਚ ਪਸਰ ਰਹੀ ਹੈ:–

ਏਕੁ ਆਚਾਰੁ ਰੰਗੁ ਇਕੁ ਰੂਪੁ।।ਪਉਣ ਪਾਣੀ ਅਗਨੀ ਅਸਰੂਪੁ।।
ਏਕੋ ਭਵਰੁ ਭਵੈ ਤਿਹੁ ਲੋਇ।।[103]

ਗੁਰਬਾਣੀ ਵਿਚ ਵੀ ਆਤਮਾ ਲਈ 'ਹੰਸ' ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਮਨੁੱਖੀ ਉਮਰ ਨੂੰ ਦਸ ਹਿੱਸਿਆਂ ਵਿਚ ਵੰਡਦਿਆਂ ਦਸਵੀਂ ਅਵਸਥਾ ਦਾ ਜ਼ਿਕਰ ਕਰਦਿਆਂ ਲਿਖਦੇ ਹਨ ਕਿ ਸਰੀਰ ਸੜ ਕੇ ਸੁਆਹ ਹੋ ਜਾਂਦਾ ਹੈ। ਸਾਥੀ ਧਾਹਾਂ ਮਾਰਦੇ ਹਨ। ਜੀਵਾਤਮਾ ਸਰੀਰ ਵਿਚੋਂ ਨਿਕਲ ਕੇ ਅਗਾਂਹ ਦੇ ਰਾਹ ਪੁੱਛਦਾ ਹੈ। ਇਹ ਸਰੀਰ ਤੇ ਜੀਵਾਤਮਾ ਦਾ ਸੰਜੋਗ ਤੇ ਵਿਯੋਗ ਉਸ ਪਰਮਾਤਮਾ ਨੇ ਹੀ ਬਣਾਇਆ ਹੈ। ਜਦੋਂ ਜੀਵਾਤਮਾ ਸਰੀਰ ਨੂੰ ਛੱਡ ਕੇ ਤੁਰ ਜਾਂਦੀ ਹੈ ਤਾਂ ਸਰੀਰ ਛੁੱਟੜ ਇਸਤ੍ਰੀ ਵਾਂਗ ਹੋ ਜਾਂਦਾ ਹੈ:-

1. ਦਸਵੈਦਧਾ ਹੋਆ ਸੁਆਹ।। ਗਏ ਸਿਗੀਤ ਪੁਕਾਰੀ ਧਾਹ।।
   ਉਡਿਆ ਹੰਸੁ ਦਸਾਏ ਰਾਹ।।[104]
2. ਕਾਇਆ ਹੰਸ ਸੰਜੋਗੁ ਮੇਲਿ ਮਿਲਾਇਆ।।
   ਤਿਨ ਹੀ ਕੀਆ ਵਿਜੋਗ ਜਿਨਿ ਉਪਾਇਆ।।[105]
3. ਹੰਸੁ ਚਲਿਆ ਤੂੰ ਪਿਛੈ ਰਹੀਏਹਿ ਛੁਟੜਿ ਹੋਈਅਹਿ ਨਾਰੀ।।[106]

ਸ੍ਰੀ ਗੁਰੂ ਨਾਨਕ ਦੇਵ ਜੀ ਉਪਦੇਸ਼ ਦਿੰਦੇ ਕਹਿੰਦੇ ਹਨ ਕਿ ਜਿਸ ਮਨੁੱਖ ਦੇ ਗਿਆਨ-ਇੰਦ੍ਰੇ ਵਿਕਾਰਾਂ ਵਿਚ ਫੱਸੇ ਹੋ ਜਾਣ। ਅੰਞਾਣਾ ਜੀਵਾਤਮਾ ਜਿੰਦਗੀ ਦਾ ਸਹੀ ਰਸਤਾ ਨਾ ਸਮਝਦਾ ਹੋਵੇ ਉਸ ਦੀ ਸਾਰੀ ਉਮਰ ਮਾਇਆ ਦੀ ਮਮਤਾ ਵਿੱਚ ਲੰਘ ਜਾਂਦੀ ਹੈ:-

ਕਾਇਆ ਕਮਲੀ ਹੰਸੁ ਇਆਣਾ ਮੇਰੀ ਮੇਰੀ ਕਰਤ ਬਿਹਾਣੀਤਾ।।[107]

ਸਰੀਰ ਤੇ ਜੀਵਾਤਮਾ ਦਾ ਸੰਜੋਗ ਧੁਰੋਂ ਹੀ ਕਰਤਾਰ ਨੇ ਆਪਣੇ ਹੁਕਮ ਅਨੁਸਾਰ ਬਣਾ ਦਿੱਤਾ ਹੈ। ਸਰੀਰ ਤੇ ਆਤਮਾ ਦਾ ਪਿਆਰ ਪੱਕਾ ਨਹੀਂ ਕਿਹਾ ਜਾ ਸਕਦਾ ਜੋ ਸਰੀਰ ਵਿੱਚ ਨਿਵਾਸ ਕਰਦਿਆਂ ਹੀ ਆਤਮਾ ਸਰੀਰ ਨੂੰ ਛੱਡ ਜਾਂਦੀ ਹੈ। ਪਰ ਜਦੋਂ ਅਉਧਪੂਰੀ ਹੋ ਜਾਂਦੀ ਹੈ। ਦੋਹਾਂ ਦਾ ਵਿਛੋੜਾ ਪੈ ਜਾਂਦਾ ਹੈ।

1. ਕਾਇਆ ਹੰਸ ਧੁਰਿ ਮੇਲੁ ਕਰਤੈ ਲਿਖਿ ਪਾਇਆ।।[108]
2. ਕਾਇਆ ਹੰਸ ਕਿਆ ਪ੍ਰੀਤਿ ਹੈ ਜਿ ਪਇਆ ਹੀ ਛਡਿ ਜਾਇ।।[109]
3. ਕਾਇਆ ਹੰਸ ਥੀਆ ਵੇਛੋੜਾ ਜਾਂ ਦਿਨ ਪੁੰਨੇ ਮੇਰੀ ਮਾਏ।।[110]

ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਜੀਵਾਤਮਾ-ਪਤੀ ਲਈ ਪਿਰੁ ਸ਼ਬਦ ਵਰਤਦੇ ਹੋਏ ਕਹਿੰਦੇ ਹਨ ਕਿ ਮਾਇਆ ਗ੍ਰਸੀ ਕਾਇਆ(ਸਰੀਰ) ਦੀ ਸੰਗਤਿ ਵਿਚ ਜੀਵਾਤਮਾ ਚੰਚਲ ਚਤੁਰ ਹੋਕੇ ਦੁਨੀਆਂ ਦੀ ਖੇਡ ਖੇਡ ਰਿਹਾ ਹੈ। ਪਰਮਾਤਮਾ ਦਾ ਹੁਕਮ ਆਉਣ ਤੇ ਜੀਵਾਤਮਾ ਕਾਇਆ ਮਿੱਟੀ ਨੂੰ ਛੁੱਟੜ ਕਰਕੇ ਤੁਰ ਪੈਂਦਾ ਹੈ:-

ਧੰਨ ਅੰਧੀ ਪਿਰੁ ਚਪਲੁ ਸਿਆਨਾ।। ਪੰਚ ਤਤੁ ਕਾ ਰਚਨੁ ਰਚਾਨਾ।।

- - - - - - - - - - - - - - - - - - - - - - - - - -

ਊਠਿ ਸਿਧਾਇਓ ਛੂਟਰਿਮਾਟੀ ਦੇਖੁ ਨਾਨਕ ਮਿਥਨ ਮੋਹਾਸਾ ਰੇ।।[111]

### ਤੱਤ ਰੂਪ ਆਤਮਾ

ਗੁਰੂ ਰਵਿਦਾਸ ਨੇ 'ਆਤਮਾ ਲਈ ਤੱਤ ਸ਼ਬਦ ਦਾ ਪ੍ਰਯੋਗ ਵੀ ਕੀਤਾ ਹੈ। ਉਹ ਪਰਮਾਤਮਾ ਤੱਤ ਰੂਪ ਵਿੱਚ ਸਾਰੇ ਵਿਸ਼ਵ ਵਿਚ ਨਿਵਾਸ ਕਰਦਾ ਹੈ। ਜਿਸ ਦਾ ਪ੍ਰਕਾਸ਼ ਸਾਰੇ ਪਾਸੇ ਫੈਲਿਆ ਹੋਇਆ ਹੈ। ਪਰਮਾਤਮਾ ਪਰਮਤੱਤ ਹੈ:-

1. ਤਤੁ ਪਦ ਦੀਨ ਦਯਾਲ ਹਵੈ, ਨਿਹਚਤੁ ਵਿਸ਼ਵ ਨਿਵਾਸੁ।
   ਜਾਸੋਂ ਆਤਮ ਪ੍ਰਗਾਸ ਹੈ, ਤਜੈ ਤਾਹਿ ਰਵਿਦਾਸ।।[112]
2. ਭਗਤਿ ਨਹਿੰ ਸ੍ਵਾਮੀ ਅਰੁ ਸੇਵਗੁ, ਜਬ ਲਗ ਪਰਮ ਤਤ ਨਹਿੰ ਚੀਨ੍ਹੈ ।।[113]
3. ਕਹਾ ਭਯੋ ਜੇ ਚਰਨ ਪਖਾਲੌਂ, ਜੌ ਲੌਂ ਪਰਮ ਤੱਤ ਨਹੀਂ ਚੀਨ੍ਹੂ।।[114]

ਗੁਰੂ ਨਾਨਕ ਵੀ ਆਤਮਾ ਨੂੰ ਤੱਤ ਅਤੇ ਪਰਮਾਤਮਾ ਨੂੰ ਪਰਮ ਤੱਤ ਮੰਨਦੇ ਹਨ। ਉਨ੍ਹਾਂ ਅਨੁਸਾਰ ਉੱਤਮ ਵਿਅਕਤੀ ਵਿਚ ਹੀ ਸੱਤ-ਸਰੂਪ ਪਰਮਾਤਮਾ ਨਿਵਾਸ ਕਰਦਾ ਹੈ। ਸਦਾਚਾਰੀ ਜੀਵ ਇਸ ਸੰਸਾਰ ਵਿਚ ਬਹੁਤ ਘੱਟ ਹਨ। ਸਦਾਚਾਰੀ ਵਿਅਕਤੀ ਦੀ ਆਤਮਾ ਪਰਮ-ਆਤਮਾ ਵਿਚ ਮਿਲ ਜਾਂਦੀ ਹੈ। ਅਤੇ ਪਰਮਾਤਮਾ ਦੀ ਸ਼ਰਣ ਪ੍ਰਾਪਤ ਕਰ ਲੈਂਦਾ ਹੈ। ਅਜਿਹੇ ਵਿਅਕਤੀ ਨੂੰ ਅਖ਼ੀਰਲੇ ਸਮੇਂ ਜਮਾਂ ਦਾ ਡਰ ਵੀ ਨਹੀਂ ਹੁੰਦਾ:-

1. ਸੂਚੈ ਭਾਡੈ ਸਾਚੁ ਸਮਾਵੈ ਵਿਰਲੇ ਸੂਚਾਚਾਰੀ।
   ਤੰਤੈ ਕਉ ਪਰਮਤੰਤੁ ਮਿਲਾਇਆ ਨਾਨਕ ਸਰਣਿ ਤੁਮਾਰੀ।।[115]
2. ਰਾਮ ਨਾਮੁ ਜਪਿ ਗੁਰਮੁਖਿ ਜੀਅੜੇ ਏਹੁ ਪਰਮ ਤਤੁ ਵੀਚਾਰਾ ਹੇ।।

   - - - - - - - - - - - - - - - - - - - - - - - -

   ਸਚੁ ਤੀਰਥਿ ਨਾਵਹੁ ਹਰਿ ਗੁਣ ਗਾਵਹੁ।।ਤਤੁ ਵੀਚਾਰਹੁ ਹਰਿ ਲਿਵ ਲਾਵਹੁ।।
   ਅੰਤਿ ਕਾਲਿ ਜਮੁ ਜੋਰ ਨ ਸਾਕੈ ਹਰਿ ਬੋਲਹੁ ਰਾਮੁ ਪਿਆਰਾ ਹੇ।।[116]

### ਆਤਮਾ ਸ਼ੁੱਧ ਅਤੇ ਮੁਕਤ-ਸਰੂਪ ਹੈ

ਗੀਤਾ ਅਨੁਸਾਰ ਆਤਮਾ ਨਾ ਕਦੀ ਮਰਦੀ ਹੈ ਅਤੇ ਨਾ ਹੀ ਕਦੀ ਜਨਮ ਲੈਂਦੀ ਹੈ।[117] ਉਪਨਿਸ਼ਦਾਂ ਵਿਚ ਵੀ ਆਤਮਾ ਨੂੰ ਅਮਰ ਦੱਸਿਆ ਗਿਆ ਹੈ। ਜੋ ਨਾ ਜਨਮ ਲੈਂਦੀ ਹੈ ਅਤੇ ਨਾ ਮਰਦੀ ਹੈ, ਨਿੱਤਯ ਹੈ। ਆਤਮਾ ਖੁਦ ਨਾ ਕਿਸੀ ਦੁਆਰਾ ਪੈਦਾ ਹੋਈ ਹੈ ਅਤੇ ਨਾ ਹੀ ਇਸ਼ ਰਾਹੀਂ ਕੋਈ ਪੈਦਾ ਹੋਇਆ ਹੈ। ਇਹ ਅਜਨਮਾ, ਨਿੱਤ, ਸਥਾਈ ਅਤੇ ਸਨਾਤਨ ਹੈ। ਸਰੀਰ ਦੇ ਨਸ਼ਟ ਹੋਣ ਜਾਣ ਤੇ ਵੀ ਆਤਮਾ ਨਹੀਂ ਮਰਦੀ। ਗੁਰੂ ਰਵਿਦਾਸ ਬਾਣੀ ਵਿਚ ਵੀ ਆਤਮਾ ਨੂੰ

ਅਮਰ, ਨਿਹਚਲ ਅਤੇ ਅਬਿਨਾਸੀ ਦੱਸਿਆ ਗਿਆ ਹੈ। ਉਨ੍ਹਾਂ ਅਨੁਸਾਰ ਆਤਮਾ ਨੂੰ ਨਾ ਕੱਟਿਆ ਜਾ ਸਕਦਾ ਹੈ, ਨਾ ਹੀ ਜਲਾਇਆ ਅਤੇ ਨਾਹੀ ਪਾਣੀ ਇਸ ਨੂੰ ਗਾਲ ਸਕਦਾ ਹੈ:-

1. ਅਨੂਪ ਅਜਨਮਾ ਸਰਬਗਯ ਅਨੰਤਾ, ਅਭੇਦ ਅਦੇਖ ਅਵਿਗਤ ਸੁਛੰਦਾ।।
   ਨਾਮ ਕੀ ਬਾਤੀ ਘੀਵ ਅਖੰਡਾ, ਇਕ ਹੀ ਜੋਤਿ ਜਲੈ ਬ੍ਰਹਮੰਡਾ।।[119]
2. ਪਰਮ ਪ੍ਰਕਾਸੁ ਅਵਿਨਾਸੁ ਅਘਮੋਚਨੰ।।
   ਨਿਰਖਿ ਨਿਜ ਰੂਪ ਬਿਸ੍ਰਮ ਪਾਇਆ।।[120]
3. ਕਾਟਾ ਕਟੈ ਨ ਆਤਮਾ, ਆਗ ਸਕੈ ਨ ਜਾਲ।
   ਰਵਿਦਾਸ ਵਾਯੂ ਸਰਵਾਤ ਹੈ, ਪਾਣੀ ਸਕੈ ਨ ਗਾਲ।।[121]

ਗੀਤਾ ਵਿਚ ਵਰਣਨ ਆਉਂਦਾ ਹੈ ਕਿ ਜਿਸ ਤਰ੍ਹਾਂ ਮਨੁੱਖ ਪੁਰਾਣੇ ਬਸਤਰ ਤਿਆਗ ਕੇ ਨਵੇਂ ਪਹਿਨ ਲੈਂਦਾ ਹੈ। ਉਸ ਤਰ੍ਹਾਂ ਹੀ ਜੀਵਾਤਮਾ ਪੁਰਾਣੇ ਸਰੀਰ ਦਾ ਤਿਆਗ ਕਰਕੇ ਨਵੇਂ ਸਰੀਰ ਨੂੰ ਪ੍ਰਾਪਤ ਹੁੰਦਾ ਹੈ।[122] ਗੁਰੂ ਰਵਿਦਾਸ ਅਨੁਸਾਰ ਵੀ ਆਤਮਾ ਪੁਰਾਣੀ ਦੇਹ ਛੱਡ ਕੇ ਨਵੀਂ ਦੇਹ ਵਿੱਚ ਪ੍ਰਵੇਸ਼ ਕਰ ਲੈਂਦੀ ਹੈ ਅਤੇ ਉਸਨੂੰ ਆਪਣੇ ਕੀਤੇ ਕਰਮਾਂ ਦਾ ਲੇਖਾ ਜੋਖਾ ਦੇਣਾ ਪੈਂਦਾ ਹੈ:-

1. ਸਾਹਿਬ ਲੇਖਾ ਮੰਗਿਆ ਬਣਜਾਰਿਆ, ਤੂੰ ਛਾਡਿ ਪੁਰਾਨੀ ਥੇਹ ਬੇ।
   ਛਾਡਿ ਪੁਰਾਨੀ ਜਿੰਦ ਅਯਾਨਾ, ਬਾਲਦਿ ਲਾਦਿ ਸਬੇਰਿਯਾਂ ਬੇ।।[123]
2. ਸਾਹਿਬ ਲੇਖਾ ਲੇਸੀ, ਤੂੰ ਭਰਿ ਦੇਸੀ, ਭੀੜ ਪਰੈ ਤੂੰ ਤਾਹ ਬੇ।।[124]

ਮਨੁਖ ਦੀ ਉਮਰ ਹਰ ਪਲ ਘਟਦੀ ਜਾਂਦੀ ਹੈ। ਇਹ ਚੰਚਲ ਆਤਮਾ ਇਸ ਗੱਲ ਬਾਰੇ ਮਨੁੱਖ ਨੂੰ ਸੁਚੇਤ ਹੀ ਨਹੀਂ ਹੋਣ ਦਿੰਦੀ। ਜੋਗੀ ਜਤੀ ਤਪੀ ਵੀ ਤਪ ਕਰਕੇ ਹਾਰ ਗਏ ਪਰ ਇਸ ਨੂੰ ਬੰਨ੍ਹ ਨਾ ਸਕੇ। ਗੁਰੂ ਰਵਿਦਾਸ ਜੀ ਮਨੁੱਖ ਨੂੰ ਸੁਚੇਤ ਕਰਦੇ ਕਹਿੰਦੇ ਹਨ ਕਿ ਆਤਮਾ ਦੀ ਚੰਚਲਤਾ ਨੂੰ ਕਾਬੂ ਕਰਕੇ ਸਾਰੀਆਂ ਨਿਧੀਆਂ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ:-

1. ਹੰਸ ਪੰਖੇਰੂ ਚੰਚਲ ਭਾਈ, ਸਮੁਝਿ ਪੇਖਿ ਮਨ ਮਾਹਿੰ।
   ਪ੍ਰਤਿ ਪਲੁ ਮੀਚੁ ਗਰਾਸੈ ਦੇਹੀ, ਭਨਿ ਰੈਦਾਸ ਚੇਤਹੁ ਨਾਹਿ।।[125]
2. ਕੋਟਿ ਜਤਨ ਕਰਿ ਜੋਗਿ ਤਪ ਹਾਰੈ, ਨਿਹਚਯ ਹੰਸਾ ਉਡਿ ਜਾਤਿ।।[126]
3. ਆਤਮਾ ਥਿਰ ਭਈ ਤਬ, ਸਬ ਹੀ ਨਿਧਿ ਪਾਈ।।[127]

ਇਹ ਆਤਮਾ ਰੂਪੀ ਦੀਵਾ ਸਰੀਰ ਅੰਦਰ ਬਿਨਾ ਤੇਲ ਅਤੇ ਬੱਤੀ ਦੇ ਜਗ ਰਿਹਾ ਹੈ।

ਇਹ ਸਾਰੀ ਖੇਡ ਉਸ ਪਰਮਾਤਮਾ ਦੀ ਹੈ। ਇਹ ਜੀਵਨ ਜੋਤਿ ਕਿਵੇਂ ਜਗਦੀ ਹੈ ਅਤੇ ਕਿਸ ਤਰ੍ਹਾਂ ਇਸ ਦਾ ਅੰਤ ਹੋਣਾ ਹੈ ਇਹ ਪਰਮਾਤਮਾ ਹੀ ਜਾਣ ਸਕਦਾ ਹੈ:-

1. ਰਵਿਦਾਸ ਦੀਆ ਜਗਮਗ ਜਰਈ, ਬਿਨ ਬਾਤੀ ਬਿਨੁ ਤੇਲ।
ਸੁਰਤਿ ਸਾਧਿ ਕਰ ਹੀਅ ਮਹਿੰ, ਦੇਖਿ ਪੀਆ ਕੇ ਖੇਲ।।[128]
2. ਜੀਵਨ ਜੋਤਿ ਕਇਸਹਿੰ ਜਗਿ, ਕਇਸੇ ਹੋਇਹਿੰ ਅੰਤ।
ਰਵਿਦਾਸ ਮਨੁਖ ਨ ਜਾਨਹਿੰ, ਜਾਨਤ ਹੈ ਭਗਵੰਤ।।[129]

ਗੁਰਬਾਣੀ ਵਿਚ ਵੀ ਆਤਮਾ ਨੂੰ ਅਮਰ, ਅਬਿਨਾਸ਼ੀ ਦਰਸਾਇਆ ਗਿਆ ਹੈ। ਉਸ ਨੂੰ ਕਿਸੇ ਬੰਧਨ ਵਿਚ ਵੀ ਨਹੀਂ ਬੰਨ੍ਹਿਆ ਜਾ ਸਕਦਾ। ਭੁੱਖ, ਤ੍ਰਿਸ਼ਨਾ ਕੁਝ ਵੀ ਨਹੀਂ:-

1. ਨ ਓਹੁ ਮਰਤਾ ਨ ਹਮ ਡਰਿਆ। ਨਾ ਓਹੁ ਬਿਨਸੈ ਨ ਹਮ ਕੜਿਆ।
ਨ ਓਹੁ ਨਿਰਧਨੁ ਨਾ ਹਮ ਭੂਖੇ। ਨਾ ਓਸੁ ਦੂਖੁ ਨ ਹਮ ਕਉ ਦੂਖੇ।।
ਨ ਉਸੁ ਬੰਧਨ ਨਾ ਹਮ ਬਾਧੇ। ਨਾ ਉਸੁ ਧੰਧਾ ਨਾ ਹਮ ਸਾਧੇ।
- - - - - - - - - - - - - - - - - - - - - - -
ਨਾਨਕ ਗੁਰਿ ਖੋਇ ਭਰਮ ਭੰਗਾ। ਹਮ ਓਇ ਮਿਲਿ ਹੋਇ ਇਕ ਰੰਗਾ।।[130]
2. ਮੇਰਾ ਮੇਰਾ ਕਰਿ ਬਿਲਲਾਹੀ।। ਮਰਣੁ ਹਾਰ ਇਹੁ ਜੀਅਰਾ ਨਾਹੀ।।[131]

ਅਬਿਨਾਸ਼ੀ ਕਰਤਾਰ ਆਪ ਹੀ ਹਰੇਕ ਦੇ ਅੰਦਰ ਮੌਜੂਦ ਹੈ। ਜੀਵ ਉਸ ਪਰਮਾਤਮਾ ਦਾ ਹੀ ਅੰਸ਼ ਹੈ। ਇਸ ਲਈ ਜੀਵਾਤਮਾ ਨਾਹ ਮਰਦਾ ਹੈ ਅਤੇ ਨਾ ਹੀ ਇਸ ਨੂੰ ਕੋਈ ਮਾਰ ਸਕਦਾ ਹੈ:-

ਦੇਹੀ ਅੰਦਰਿ ਨਾਮੁ ਨਿਵਾਸੀ।। ਆਪੇ ਕਰਤਾ ਹੈ ਅਬਿਨਾਸੀ।।
ਨਾ ਜੀਉ ਮਰੈ ਨ ਮਾਰਿਆ ਜਾਈ ਕਰਿ ਦੇਖੈ ਸਬਦਿ ਰਜਾਈ ਹੇ।।[132]

ਇਸ ਸੋਚ ਵਿਚਾਰ ਪਿਛੋਂ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਗੁਰੂ ਰਵਿਦਾਸ ਅਤੇ ਗੁਰੂ ਨਾਨਕ ਨੇ ਆਤਮਾ ਅਤੇ ਪਰਮਾਤਮਾ ਨੂੰ ਇਕ ਰੂਪ ਵਿੱਚ ਵੇਖਿਆ ਹੈ। ਦੋਹਾਂ ਦਾ ਅੰਸ ਤੇ ਅੰਸੀ ਵਾਲਾ ਸੰਬੰਧ ਸਥਾਪਤ ਕੀਤਾ ਹੈ। ਆਤਮਾ, ਅਮਰ, ਅਬਿਨਾਸੀ, ਸ਼ੁੱਧ ਅਤੇ ਮੁਕਤ ਸਰੂਪ ਹੈ। ਡਾ. ਧਰਮਪਾਲ ਸਿੰਗਲ ਅਤੇ ਡਾ. ਗੁਰਚਰਨ ਸਿੰਘ ਪਦਮ ਵੀ ਰਵਿਦਾਸ ਜੀ ਦੇ ਵਿਚਾਰਾਂ ਦੇ ਨਿਚੋੜ ਵਜੋਂ ਆਤਮਾ ਨੂੰ ਪਰਮਤੱਤ ਦਾ ਅੰਸ਼ ਮੰਨਦੇ ਹਨ। ਆਤਮਾ ਪਰਮਾਤਮਾ ਦੋਵੇਂ ਇਕ ਹਨ। ਇਨ੍ਹਾਂ ਦੋਵਾਂ ਵਿਚ ਸੋਨਾ ਅਤੇ ਉਸਦੇ ਬਣੇ ਗਹਿਣਿਆਂ

ਵਰਗਾ ਸੰਬੰਧ ਹੈ। ਅਸਲ ਵਿਚ ਦੋਵੇਂ ਅਭਿੰਨ ਹਨ।[133] ਡਾ. ਰਤਨ ਸਿੰਘ ਜੱਗੀ ਅਨੁਸਾਰ, ਭਗਵਤ ਗੀਤਾ ਅਤੇ ਵੇਦਾਂਤ ਦੇ ਸਮਾਨ ਆਤਮਾ ਨੂੰ ਭਗਵਾਨ ਦਾ ਅੰਗ ਮੰਨਿਆ ਅਤੇ ਸ਼ੰਕਰ ਦੇ ਸਮਾਨ ਆਤਮਾ ਅਤੇ ਪਰਮਾਤਮਾ ਨੂੰ ਅਭਿੰਨ ਵੀ ਮੰਨਿਆ। ਇਨ੍ਹਾਂ ਦੋਹਾਂ ਵਿਚ ਸਾਗਰ ਅਤੇ ਬੂੰਦ ਦਾ ਸੰਬੰਧ ਸਿੱਧ ਕੀਤਾ।[134] ਡਾ. ਜੱਗੀ ਦੇ ਇਹ ਵਿਚਾਰ ਰਵਿਦਾਸ ਵਿਚਾਰਧਾਰਾ ਤੇ ਵੀ ਪੂਰੇ ਉਤਰਦੇ ਹਨ। ਪ੍ਰੋ. ਹਰਨਾਮ ਸ਼ਾਨ ਦੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਕੁਰਾਨ ਮਨੁੱਖੀ ਵਿਅਕਤਿੱਤਵ, ਅੰਦਰੂਨੀ ਤਾਕਤ(ਆਤਮਾ), ਮਨ, ਨਾਂ ਆਦਿ ਬਾਰੇ ਉਚਿੱਤ ਅਤੇ ਤਸੱਲੀਬਖਸ਼ ਪ੍ਰਕਾਸ਼ ਨਹੀਂ ਪਾਉਂਦੀ ਪਰ ਗੁਰਬਾਣੀ ਇਸ ਤੇ ਪੂਰਾ ਅਤੇ ਉਚਿੱਤ ਪ੍ਰਕਾਸ਼ ਪਾਉਂਦੀ ਹੈ।[135] ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੋਵੇਂ ਆਤਮਾ ਨੂੰ ਅਮਰ, ਅਬਿਨਾਸ਼ੀ, ਸ਼ੁੱਧ ਅਤੇ ਮੁਕਤ ਸਰੂਪ ਆਖਦੇ ਹਨ ਅਤੇ ਬ੍ਰਹਮ ਦਾ ਅੰਸ਼ ਵੀ ਪਰ ਗੁਰੂ ਨਾਨਕ ਦੇਵ ਜੀ ਅਤੇ ਗੁਰਮਤਿ ਬ੍ਰਹਮ ਅਤੇ ਆਤਮਾ ਦਾ ਸੰਬੰਧ ਅੱਗ ਅਤੇ ਉਸ ਵਿਚੋਂ ਨਿਕਲਣ ਵਾਲੀ ਚੰਗਾੜੀ ਦਾ ਸਥਾਪਤ ਕਰਦੇ ਹਨ। ਗੁਰੂ ਨਾਨਕ ਮੰਨਦੇ ਹਨ ਕਿ ਮਾਲਿਕ ਆਪ ਆਨੰਦ ਸਰੂਪ ਹੈ ਇਸ ਲਈ ਮਾਲਿਕ ਦੀ ਇੱਛਾ ਅਨੁਸਾਰ ਆਨੰਦ ਦਾ ਗੁਣ ਆਤਮਾਵਾਂ ਵਿੱਚ ਵੀ ਟੰਬਿਆ ਹੋਇਆ ਹੈ। ਵੱਲਭ ਦਾ ਸ਼ੁੱਧ ਅਦਵੈਤ-ਵੀ ਇਸੇ ਵਿਚਾਰ ਦਾ ਧਾਰਨੀ ਹੈ। ਇਸ ਤਰ੍ਹਾਂ ਗੁਰੂ ਨਾਨਕ ਵੱਲਭ ਦੇ ਸ਼ੁੱਧ ਅਦਵੈਤ ਦੇ ਜ਼ਿਆਦਾ ਨੇੜੇ ਜਾਪਦੇ ਹਨ ਜਦੋਂ ਕਿ ਗੁਰੂ ਰਵਿਦਾਸ ਰਾਮਾਨੁਜ ਦੇ ਵਿਸ਼ਿਸ਼ਟਾਦ੍ਵੈਤ ਦੇ ਨੇੜੇ। ਕਿਉਂਕਿ ਗੁਰੂ ਰਵਿਦਾਸ ਬ੍ਰਹਮ ਅਤੇ ਆਤਮਾ ਨੂੰ ਦੋ ਵਿਸ਼ੇਸ਼ ਹਸਤੀਆਂ ਵਿੱਚ ਵੇਖਦੇ ਹਨ। ਜਿਵੇਂ ਦੀਵਾ ਅਤੇ ਦੀਵੇ ਦੀ ਲੋਅ, ਸੋਨਾ ਅਤੇ ਸੋਨੇ ਦੇ ਗਹਿਣੇ, ਸੂਤ ਅਤੇ ਕੱਪੜਾ ਵੱਖ ਤਾਂ ਨਹੀਂ ਕੀਤੇ ਜਾ ਸਕਦੇ ਪਰ ਦੋ ਨਾਵਾਂ ਨਾਲ ਪੁਕਾਰ ਕੇ ਅਸੀਂ ਇਨ੍ਹਾਂ ਨੂੰ ਇਕ ਦੂਜੇ ਨਾਲੋਂ ਅੱਡ ਵੀ ਕਰ ਦਿੰਦੇ ਹਾਂ।

## ਜੀਵ ਨਿਰੂਪਣ

ਪਿੱਛੇ ਅਸੀਂ ਵੇਖਿਆ ਹੈ ਕਿ ਆਤਮਾ ਪਰਮਾਤਮਾ ਦਾ ਅੰਸ਼ ਹੈ ਅਤੇ ਦੋਵੇਂ ਇਕ ਹਨ। ਅਸਲ ਵਿਚ ਆਤਮਾ ਅਤੇ ਜੀਵ ਵਿੱਚ ਕੋਈ ਅੰਤਰ ਨਹੀਂ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ 'ਆਤਮਾ ਅਤੇ ਜੀਵ ਵਿਚ ਕਿਸੇ ਤਰ੍ਹਾਂ ਦਾ ਕੋਈ ਤਾਤਵਿਕ ਅੰਤਰ ਨਹੀਂ ਹੈ। ਜੋ ਭੇਦ ਮਾਲੂਮ ਹੁੰਦਾ ਹੈ, ਉਹ ਮਾਇਆ ਦੇ ਪ੍ਰਭਾਵ ਦੇ ਪਰਿਣਾਮ-ਸਰੂਪ ਹੈ। ਸਤ,ਨਿਤਯ, ਸ਼ੁੱਧ-ਬੁੱਧ ਅਤੇ ਮੁਕਤ-ਸਰੂਪ ਆਤਮਾ ਹੀ ਮਾਇਆ ਦੇ ਪ੍ਰਭਾਵ ਦੇ ਫਲ-ਸਰੂਪ ਆਪਣੇ ਮੂਲ ਰੂਪ ਨੂੰ ਭੁੱਲ ਜਾਣ ਤੇ ਜੀਵ ਕਹਿਲਾਉਂਦਾ ਹੈ।[136] ਜੀਵ ਬ੍ਰਹਮ ਦਾ ਅੰਸ਼ ਤੇ ਰੂਪ ਹੈ। ਭੌਤਿਕ ਸਰੀਰ ਦੇ ਅੰਦਰ ਜੋ ਚਿਤ ਹੈ, ਉਹ ਹੀ ਪਰਮਸੱਤ ਦਾ ਚੇਤਨ ਅੰਸ਼ ਹੈ।[137] ਗੀਤਾ ਵਿਚ

ਵੀ ਜੀਵ ਨੂੰ ਪਰਮਾਤਮਾ ਦਾ ਅੰਸ਼ ਮੰਨਿਆ ਗਿਆ ਹੈ।[138] ਪਰ ਜੀਵ ਅਬਿਨਾਸ਼ੀ ਹੈ ਅਤੇ ਸਰੀਰ ਦੇ ਨਸ਼ਟ ਹੋ ਜਾਣ ਤੇ ਵੀ ਨਸ਼ਟ ਨਹੀਂ ਹੁੰਦਾ।[139] ਜੀਵ ਮਾਇਆ ਵਿਚ ਫਸਕੇ ਆਪਣੇ ਮੂਲ ਰੂਪ ਬ੍ਰਹਮ ਨੂੰ ਭੁੱਲ ਜਾਂਦਾ ਹੈ। ਆਪਣੇ ਕਰਮ ਬੰਧਨਾਂ ਵਿਚ ਬੱਝੇ ਹੋ ਉਹ ਅਨੇਕ ਜੂਨੀਆਂ ਵਿਚ ਭਟਕਦਾ ਚੱਕਰ ਕੱਟਦਾ ਰਹਿੰਦਾ ਹੈ। ਉਸ ਨੂੰ ਪਾਪ ਪੁੰਨ ਦਾ ਵੀ ਧਿਆਨ ਨਹੀਂ ਰਹਿੰਦਾ ਅਤੇ ਉਸ ਅੰਦਰ ਹਉਮੈ ਦੀ ਭਾਵਨਾ ਵਧਦੀ ਹੈ।[140] ਜਦੋਂ ਜੀਵ ਮਾਇਆ ਦਾ ਪਰਦਾ ਲਾਹ ਕੇ ਪਰਮਾਤਮਾ ਨਾਲ ਇਕਮਿਕ ਹੋ ਜਾਂਦਾ ਹੈ ਤਾਂ ਮੁੜ ਆਪਣਾ ਮੂਲ ਰੂਪ ਗ੍ਰਹਿਣ ਕਰ ਲੈਂਦਾ ਹੈ। ਡਾ. ਧਰਮਪਾਲ ਸਿੰਗਲ ਲਿਖਦੇ ਹਨ ਕਿ ਜੀਵ ਨੂੰ ਆਤਮਾ ਜਾਂ ਜੀਵਾਤਮਾ ਵੀ ਕਿਹਾ ਗਿਆ ਹੈ ਜਿਸ ਦਾ ਲਖਸ਼ ਪਰਮ-ਆਤਮਾ ਤੱਕ ਦੀ ਸਫਲ ਯਾਤਰਾ ਕਰਨਾ ਦੱਸਿਆ ਗਿਆ ਹੈ। ਪ੍ਰਭੂ ਅਨੰਤ ਹੈ ਤਾਂ ਇਸ ਦੇ ਮੁਕਾਬਲੇ ਜੀਵਾਤਮਾ ਇਕ ਸਾਂਤ, ਅੰਤ ਵਾਲੀ, ਖੈ ਹੋਣ ਵਾਲੀ ਸੱਤਾ ਹੈ, ਜੇ ਬ੍ਰਹਮ ਅਮੂਰਤ ਹੈ ਤਾਂ ਜੀਵਾਤਮਾ ਮੂਰਤ ਸੱਤਾ ਹੈ। ਬ੍ਰਹਮ ਅਤੇ ਜੀਵ ਮਿਲ ਕੇ ਹੀ ਪੁਰਸ਼ ਬਣਦਾ ਹੈ, ਪ੍ਰੰਤੂ ਬ੍ਰਹਮ ਨੂੰ ਪ੍ਰਕ੍ਰਿਤੀ ਦਾ ਕਰਤਾ-ਪੁਰਸ਼ ਜਾਂ ਨਿਯੰਤਾ ਤੇ ਨਿਰਮਾਤਾ ਮੰਨਿਆ ਜਾਂਦਾ ਹੈ। ਜੀਵਾਤਮਾ ਸੰਸਾਰ-ਚੱਕਰ ਵਿੱਚ, ਪ੍ਰਕ੍ਰਿਤੀ ਵਿਚ ਵਿਚਰਦਾ ਹੈ, ਇਸ ਦੇ ਨਿੱਤ ਨੇਮ ਕਰਦਾ, ਪ੍ਰਭੂ ਸਿਮਰਨ ਰਾਹੀਂ ਅਤੇ ਯੋਗ, ਗਿਆਨ, ਕਰਮ ਅਤੇ ਭਗਤੀ ਆਦਿ ਹੋਰ ਸਾਧਨਾਂ ਰਾਹੀਂ ਪਰਮ-ਪੁਰਸ਼ ਜਾਂ ਬ੍ਰਹਮ ਦੀ ਪ੍ਰਾਪਤੀ ਵੱਲ ਅੱਗੇ ਵਧਦਾ ਹੈ, ਜਗਤ ਦੀ ਮਾਰ ਖਾਂਦਾ, ਜਨਮ-ਮਰਨ ਦੇ ਗੇੜ ਵਿਚ ਪੈਂਦਾ, ਚੌਰਾਸੀ ਲੱਖ ਜੂਨਾਂ ਭੋਗਦਾ, ਪਰਮ-ਪੁਰਸ ਵਿਚ ਹੀ ਲੀਨ ਹੋ ਜਾਂਦਾ ਹੈ।[141]

ਕਰਮ-ਸਿਧਾਂਤ ਅਨੁਸਾਰ ਜਦੋਂ ਜੀਵ ਆਪਣੇ ਕੀਤੇ ਕਰਮਾਂ ਦਾ ਦੁੱਖ-ਸੁੱਖ ਭੋਗਦਾ ਹੈ ਤਾਂ ਉਹ ਸੰਸਾਰੀ ਜੀਵ ਕਹਾਉਂਦਾ ਹੈ। ਕਰਮ ਕਰਨ ਲਈ ਜੀਵ ਆਜ਼ਾਦ ਹੈ ਪਰ ਫਲ ਭੋਗਣ ਲਈ ਪਰਮਾਤਮਾ ਦੇ ਅਧੀਨ ਹੈ। ਕਰਮ ਫਲ ਦੇ ਅਧੀਨ ਜੀਵ ਵੱਖ ਵੱਖ ਜੂਨਾਂ ਵਿਚ ਪੈਂਦਾ ਹੈ। ਸਵਰਗ, ਨਰਕ ਦੀ ਪ੍ਰਾਪਤੀ ਕਰਦਾ ਹੈ। ਕਰਮਾਂ ਅਨੁਸਾਰ ਹੀ ਜੀਵ ਨਾਮ ਜਪਦਾ ਹੈ ਤੇ ਠੀਕ ਰਸਤਾ ਚੁਣਦਾ ਹੈ। ਚੰਗੇ ਕਰਮਾਂ ਕਾਰਨ ਹੀ ਮਾਨਸ ਜਨਮ ਪ੍ਰਾਪਤ ਕਰਦਾ ਹੈ।

ਉਪਨਿਸ਼ਦਾਂ ਵਿੱਚ ਵਿਅਕਤੀਗਤ ਆਤਮਾ ਦਾ ਨਾਮ ਜੀਵ ਰੱਖਿਆ ਗਿਆ ਹੈ ਤੇ ਇਹ ਹੈ ਵੀ ਠੀਕ ਜਾਪਦਾ ਕਿਉਂਕਿ ਜੀਵ ਭਾਵੇਂ ਪਰਮਾਤਮਾ ਦਾ ਅੰਸ਼ ਹੈ, ਪਰ ਮਾਇਆ ਅਧੀਨ ਜਦੋਂ ਤੱਕ ਰਹਿੰਦਾ ਹੈ ਉਦੋਂ ਤੱਕ ਇਸ ਦੀ ਹੋਂਦ ਵੱਖਰੀ ਹੈ ਅਤੇ ਵਿਅਕਤੀਗਤ ਹੈ। ਜਦੋਂ ਮਾਇਆ ਦਾ ਪੜਦਾ ਲਹਿ ਜਾਂਦਾ ਹੈ, ਹਉਮੈ ਭਾਵ ਖਤਮ ਹੋ ਜਾਂਦਾ ਹੈ ਤੇ ਨਿਜਤਾ ਖਤਮ ਹੋ ਜਾਂਦੀ ਹੈ ਜੀਵ ਪ੍ਰਭੂ ਦਾ ਰੂਪ ਹੋ ਜਾਂਦਾ ਹੈ। ਗੁਰਬਾਣੀ ਵੀ ਇਸੇ ਵਿਚਾਰ ਦੀ ਪ੍ਰੋੜ੍ਹਤਾ

ਕਰਦੀ ਹੈ। ਜੈਨ ਧਰਮ ਦਾ ਜੀਵਾਂ ਵਿਚ ਚੇਤਨਾ ਮੰਨਣਾ ਤੇ ਜੀਵ ਨੂੰ ਮੁਕਤ ਤੇ ਬੱਧ ਦੋ ਤਰ੍ਹਾਂ ਦਾ ਮੰਨਣਾ ਇਸੇ ਵਿਚਾਰ ਦੀ ਹਾਮੀ ਭਰਦਾ ਹੈ। ਬੱਧ ਜੀਵ ਵਿਅਕਤੀਗਤ ਹੈ ਅਤੇ ਮੁਕਤ ਜੀਵ ਵਿਅਕਤੀਗਤ ਨਹੀਂ ਰਹਿੰਦਾ। ਪਰ ਮੁਕਤੀ ਪ੍ਰਾਪਤ ਕਰਨ ਵਿੱਚ ਜੈਨ ਧਰਮ ਤੇ ਗੁਰਬਾਣੀ ਦੇ ਮਾਰਗ, ਸਾਧਨ ਤੇ ਯਤਨ ਵੱਖਰੇ ਹਨ। ਮੇਰੇ ਵਿਚਾਰ ਅਨੁਸਾਰ ਬੁੱਧ ਦਾ ਵਿਅਕਤਿਤਵ ਦਾ ਖਿਆਲ ਹੀ ਜੀਵ ਹੈ। ਬੁੱਧ ਜੀਵਨ ਨੂੰ ਦੁੱਖਾਂ ਤੇ ਕਲੇਸ਼ਾਂ ਦਾ ਘਰ ਸਮਝਦੇ ਹਨ ਇਥੇ ਉਹ ਨਿਰਾਸ਼ਾਵਾਦੀ ਜਾਪਦੇ ਹਨ। ਦੁਖਾਂ ਦਾ ਕਾਰਣ ਤ੍ਰਿਸ਼ਨਾ ਨੂੰ ਸਮਝ ਕੇ ਤ੍ਰਿਸ਼ਨਾ ਨੂੰ ਮਾਰਨ ਲਈ ਬੋਧ ਮਾਰਗ ਦੱਸਦੇ ਹਨ ਜੋ ਸਖਤ ਜੀਵਨ ਮਾਰਗ ਹੈ ਪ੍ਰੰਤੂ ਇਥੇ ਗੁਰਬਾਣੀ ਸਾਨੂੰ ਠੀਕ ਜਾਪਦੀ ਹੈ। ਗੁਰਬਾਣੀ ਜੀਵ ਨੂੰ ਆਸ਼ਾਵਾਦੀ ਬਣਾਉਂਦੀ ਹੈ। ਸੰਸਾਰ ਨੂੰ ਦੁੱਖਾਂ ਤੇ ਸੁੱਖਾਂ ਦਾ ਘਰ ਸਮਝਦੀ ਹੈ ਜੀਵ ਨੂੰ ਖਲਾਸੀ ਪ੍ਰਾਪਤ ਕਰਨ ਲਈ ਘਰ ਵਿਚ ਰਹਿ ਕੇ ਸਾਰੇ ਕਰਮ ਕਰਦਿਆਂ ਹੀ ਪ੍ਰਭੂ ਦਾ ਨਾਮ ਜਪਣ ਦਾ ਉਪਦੇਸ਼ ਦਿੰਦੀ ਹੈ। ਜੋ ਉਸਾਰੂ ਤੇ ਅਗਾਂਹਵਧੂ ਰੁਚੀ ਹੈ, ਭਾਂਜਵਾਦੀ ਨਹੀਂ। ਸ਼ੰਕਰ ਦੇ ਵੇਦਾਂਤ ਅਦ੍ਵੈਤ ਅਨੁਸਾਰ ਜੀਵਆਤਮਾ ਅਤੇ ਅਨ-ਆਤਮਾ ਦਾ ਰਲਗਡ ਹੈ। ਅੰਤਹਿਕਰਣ ਆਦਿ ਉਪਾਧੀਆਂ ਨਾਲ ਯੁਕਤ ਹੋਣ ਕਰਕੇ ਇਹ ਭੋਗਤਾ ਹੈ ਅਤੇ ਬੰਧਨ ਅਧੀਨ ਹੋ ਫਿਰ ਜੰਮਦਾ ਮਰਦਾ ਹੈ। ਜਦੋਂ ਜੀਵ ਨੂੰ ਗਿਆਨ ਹੋ ਜਾਂਦਾ ਹੈ ਕਿ ਮੈਂ ਹੀ ਬ੍ਰਹਮ ਹਾਂ ਤਾਂ ਉਹ ਜਨਮ ਮਰਨ ਤੋਂ ਰਹਿਤ ਹੋ ਜਾਂਦਾ ਹੈ। ਇਥੇ ਸ਼ੰਕਰ ਦੇ ਵਿਚਾਰ ਆਪਣੇ ਪਹਿਲੇ ਧਰਮਾਂ ਤੇ ਗੁਰਬਾਣੀ ਨਾਲ ਮਿਲਦੇ ਜੁਲਦੇ ਜਾਪਦੇ ਹਨ ਦੋਵੇਂ ਬ੍ਰਹਮ ਨੂੰ ਸੱਤ ਮੰਨਦੇ ਹਨ, ਦੋਵੇਂ ਅਭੇਦਵਾਦੀ ਹਨ। ਦੋਵੇਂ ਜੀਵਾਤਮਾ, ਬ੍ਰਹਮ ਤੇ ਜਗਤ ਨੂੰ ਇੱਕ ਮੰਨਦੇ ਹਨ। ਜੀਵ ਤੇ ਜਗਤ ਮਾਇਆ ਦੇ ਸੰਬੰਧ ਕਰਕੇ ਇਕੋ ਬ੍ਰਹਮ ਤੋਂ ਬਣੇ ਹੋਏ ਹਨ ਤੇ ਬ੍ਰਹਮ ਹੀ ਤੱਤ ਸੱਤ ਹੈ। ਮਾਇਆ ਤੇ ਅਵਿਦਿਆ ਕਰਕੇ ਇਕ ਬ੍ਰਹਮ ਅਨੇਕ ਹੋ ਕੇ ਜਾਪਦਾ ਹੈ। ਜਿਵੇਂ ਭਰਮ ਦੇ ਕਾਰਨ ਰੱਸੀ ਸੱਪ ਹੋਕੇ ਦਿਸਦੀ ਹੈ। ਸੱਪ ਜੋ ਦਿਸਦਾ ਹੈ ਉਹ ਸਤ ਨਹੀਂ। ਪਰ ਨਿਰਾ ਅਸੱਤ ਵੀ ਨਹੀਂ ਜਦ ਤਕ ਅਸਲੀਅਤ ਦਾ ਗਿਆਨ ਨਹੀਂ ਹੁੰਦਾ, ਸੱਪ ਸੱਤ ਹੀ ਪ੍ਰਤੀਤ ਹੁੰਦਾ ਹੈ। ਏਸੇ ਤਰ੍ਹਾਂ ਜੀਵਾਤਮਾ ਅਵਿਦਿਆ ਦੇ ਅਸਰ ਹੇਠ ਆਪਣੇ ਆਪ ਨੂੰ ਬ੍ਰਹਮ ਨਾਲੋਂ ਵੱਖ ਸਮਝਦੀ ਹੈ ਤੇ ਸੰਸਾਰ ਨੂੰ ਸੱਤ ਸਮਝਦੀ ਹੈ। ਗਿਆਨ ਹੋ ਜਾਣ ਤੇ ਭਰਮ ਦੂਰ ਹੋ ਜਾਂਦਾ ਹੈ ਤੇ ਜੀਵ ਬ੍ਰਹਮ ਅਤੇ ਜਗਤ ਨੂੰ ਬ੍ਰਹਮ ਜਾਣਦਾ ਹੈ ਸੱਭ ਬ੍ਰਹਮ ਹੀ। ਮਾਇਆ ਤੋਂ ਨਿਰਲੇਪ ਹੋਣ ਕਰਕੇ ਬ੍ਰਹਮ ਈਸ਼ਵਰ ਕਹਾਉਂਦਾ ਹੈ ਤੇ ਅਵਿਦਿਆ ਦੇ ਸੰਗ ਕਰਕੇ ਜੀਵ।

ਰਾਮਾਨੁਜ ਦਾ ਵਿਸ਼ਿਸ਼ਟਾਦ੍ਵੈਤ ਸ਼ੰਕਰਾਚਾਰੀਆ ਦੇ ਵੇਦਾਂਤ-ਅਦ੍ਵੈਤ ਨਾਲੋਂ ਥੋੜ੍ਹਾ ਜਿਹਾ ਵੱਖਰਾ ਹੈ। ਜਿਥੇ ਸ਼ੰਕਰਚਾਰਜ ਤੇ ਗੁਰਬਾਣੀ ਜੀਵ ਨੂੰ ਬ੍ਰਹਮ ਨਾਲੋਂ ਮਾਇਆ ਦੇ ਭਰਮ ਕਰਕੇ ਵੱਖ ਸਮਝਦਾ ਹੈ ਉਥੇ ਰਾਮਨੁਜ ਦੋਹਾਂ ਨੂੰ ਅੱਡ ਭਾਵੇਂ ਨਹੀਂ ਸਮਝਦਾ ਪਰ ਵਿਸ਼ੇਸ਼ ਸਮਝਦਾ ਹੈ। ਈਸ਼ਵਰ ਸਭ ਜੀਵਾਂ ਵਿਚ ਉਨ੍ਹਾਂ ਦੀ ਅੰਤ੍ਰੀਵ ਆਤਮਾ ਦੇ ਤੌਰ ਤੇ ਵਿਆਪਕ ਹੈ, ਪਰ

ਅਲੇਪ ਹੈ। ਰਾਮਾਨੁਜ ਜੀਵ ਨੂੰ ਚੇਤਨ ਤੇ ਜਗਤ ਨੂੰ ਅਚੇਤਨ ਮੰਨਦਾ ਹੈ ਇਹ ਦੋਵੇਂ ਜੀਵ ਜਗਤ ਮਿਲ ਕੇ ਈਸ਼ਵਰ ਦਾ ਸਰੀਰ ਬਣਾਉਂਦੇ ਹਨ। ਨਿੰਬਾਰਕ ਬਾਕੀ ਮੱਤਾਂ ਨਾਲੋਂ ਵੱਖ ਜੀਵ-ਜਗਤ ਤੇ ਈਸ਼ਵਰ ਦਾ ਸਰੀਰ ਬਣਾਉਂਦੇ ਹਨ। ਨਿੰਬਾਰਕ ਬਾਕੀ ਮੱਤਾਂ ਨਾਲੋਂ ਵੱਖ ਜੀਵ-ਜਗਤ ਤੇ ਈਸ਼ਵਰ ਨੂੰ ਵੱਖ ਵੱਖ ਹਸਤੀਆਂ ਮੰਨਦਾ ਹੈ, ਇਹ ਅਭੇਦ ਨਹੀਂ ਹਨ। ਮਾਧਵ ਨੇ ਨਿਰੋਲ ਦਵੈਤਵਾਦ ਨੂੰ ਮੁੱਖ ਰਖਦਿਆਂ ਜੀਵ ਤੇ ਈਸ਼ਵਰ ਨੂੰ ਬਿਲਕੁੱਲ ਵੱਖ ਮੰਨਿਆ ਹੈ।

ਵੱਲਭ ਜੀ ਸ਼ੁੱਧ ਅਦ੍ਵੈਤਵਾਦੀ ਹੋਏ ਹਨ ਉਨ੍ਹਾਂ ਅਨੁਸਾਰ ਜੀਵਾਤਮਾ ਬ੍ਰਹਮ ਨਾਲ ਉਸ ਤਰ੍ਹਾਂ ਅਭੇਦ ਹੈ ਜਿਵੇਂ ਅੱਗ ਤੇ ਅੱਗ ਦੀਆਂ ਚੰਗਿਆੜੀਆਂ, ਸੋਨਾ ਤੇ ਸੋਨੇ ਦੇ ਗਹਿਣੇ। ਵੱਲਭ ਜੀ ਦੇ ਵਿਚਾਰ ਸ਼ੰਕਰ ਨਾਲੋਂ ਗੁਰਬਾਣੀ ਤੇ ਰਵਿਦਾਸ ਬਾਣੀ ਦੇ ਜ਼ਿਆਦਾ ਨਜ਼ਦੀਕ ਜਾਪਦੇ ਹਨ। ਰਵਿਦਾਸ ਬਾਣੀ ਤੇ ਗੁਰਬਾਣੀ ਵੀ ਜੀਵ ਨੂੰ ਬ੍ਰਹਮ ਨਾਲ ਉਸੇ ਤਰ੍ਹਾਂ ਅਭੇਦ ਦੱਸਦੀ ਹੈ ਜਿਵੇਂ ਸੋਨਾ ਤੇ ਸੋਨੇ ਦੇ ਗਹਿਣੇ, ਅੱਗ ਤੇ ਅੱਗ ਦੀਆਂ ਚੰਗਿਆੜੀਆਂ, ਸੂਤ ਤੇ ਸੂਤ ਤੋਂ ਬਣਿਆ ਕੱਪੜਾ। ਸਾਗਰ ਤੇ ਲਹਿਰਾਂ, ਜਲ ਤੇ ਜਲਦੀ ਬੂੰਦ। ਦੋਹਾਂ ਮੱਤਾਂ ਅਨੁਸਾਰ ਜੀਵ ਭਰਮ ਕਾਰਨ ਅਲੱਗ ਜਾਪਦਾ ਹੈ। ਭਰਮ ਖਤਮ ਹੋ ਜਾਣ ਤੇ ਜੀਵ ਬ੍ਰਹਮ ਸਰੂਪ ਹੋ ਜਾਂਦਾ ਹੈ।

1. ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ।
   ਕਨਕ ਕਟਿਕ ਜਲ ਤਰੰਗ ਜੈਸਾ।। — ਪਦ- 105.
2. ਕਨਕ ਕਟਕ ਸੂਤਪਟ ਜੁਦਾ, ਰਜੁ ਭੁਅੰਗ ਭ੍ਰਮ ਜੈਸਾ।
   ਜਲ ਤਰੰਗ ਪਾਹਨ ਪ੍ਰਤਿਮਾ ਜਯੂੰ, ਬ੍ਰਹਮ ਜੀਵ ਦੁਤਿ ਐਸਾ।। — ਪਦ- 156.
3. ਜਿਉ ਪਸਰੀ ਸੂਰਜ ਕਿਰਣਿ ਜੋਤਿ।।
   ਤਿਉ ਘਟਿ ਘਟਿ ਰਮਈਆ ਓਤਿਪੋਤਿ।। — ਬਸੰਤ ਮ:4 ਪੰਨਾ- 1177.
4. ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ।
   ਨਿਆਰੇ ਨਿਆਰੇ ਹੋਇ ਕੈ ਫੇਰਿ ਆਗ ਮੈ ਮਿਲਾਹਿਗੇ।।
   ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ।
   ਧੂਰ ਕੇ ਕਨੂਕਾ ਫੇਰ ਧੂਰ ਹੀ ਸਮਾਹਿਗੇ।।
   ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ।
   ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿਗੇ।
   ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ।
   ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿਗੇ।। — ਅਕਾਲ ਉਸਤੁਤਿ, 17 -2.

5. ਜਿਉ ਜਲ ਮੈਂ ਜਲ ਆਇ ਖਟਾਨਾ ਤਿਉ ਜੋਤੀ ਸੰਗਿ ਜੋਤਿ ਸਮਾਨਾਂ।।
ਨਾਨਕ ਲੀਨ ਭਇਓ ਗੋਬਿੰਦ ਜਿਉ ਜਿਉ ਪਾਨੀ ਸੰਗਿ ਪਾਨੀ।। –
– ਪੰਨਾ 634.

ਗੁਰੂ ਰਵਿਦਾਸ ਜੀ ਇਥੇ ਜਿੱਥੇ ਵੱਲਭ ਦੇ ਸ਼ੁੱਧ ਅਦਵੈਤ ਦੇ ਨੇੜੇ ਜਾਪਦੇ ਹਨ ਉਥੇ ਸ਼ੰਕਰ ਦੇ ਵੇਦਾਂਤ ਅਦਵੈਤ ਦੇ ਨੇੜੇ ਵੀ ਜਾਪਦੇ ਹਨ। ਪਰ ਗੁਰਬਾਣੀ ਸ਼ੁੱਧ ਅਦਵੈਤ ਦੇ ਜ਼ਿਆਦਾ ਨੇੜੇ ਜਾਪਦੀ ਹੈ।

## ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੀ ਜੀਵ ਜਵਿਆਖਿਆ

ਗੁਰੂ ਰਵਿਦਾਸ ਅਤੇ ਗੁਰੂ ਨਾਨਕ ਬਾਣੀ ਵਿਚ ਵੀ ਜੀਵ ਸੰਬੰਧੀ ਕਈ ਉਲੇਖ ਪ੍ਰਾਪਤ ਹੁੰਦੇ ਹਨ। ਗੁਰੂ ਰਵਿਦਾਸ ਜੀ ਵੀ ਜੀਵ ਨੂੰ ਬ੍ਰਹਮ ਦਾ ਅੰਸ਼ ਮੰਨਦੇ ਹੋਏ ਜੀਵ ਨੂੰ ਕਰਮ ਵਸ ਸਮਝਦੇ ਹਨ। ਕਰਮਾਂ ਅਧੀਨ ਜੀਵ ਜੂਨਾਂ ਵਿਚ ਪੈਂਦਾ ਹੈ, ਜਮ ਦੇ ਵਸ ਪੈਂਦਾ ਹੈ। ਪ੍ਰਭੂ ਦੇ ਭਜਨ ਤੋਂ ਬਿਨਾਂ ਭਟਕਦਾ ਫਿਰਦਾ ਹੈ:–

1. ਕ੍ਰਮ ਬਸਿ ਬਹਿ ਪਰਯੋ ਕਛੂ ਨ ਸੂਝੈ, ਭ੍ਰਾਮੀ ਨਾਵ ਭੁਲਾਈ।।[142]
2. ਲਿਯੋ ਵਿਵਿਧ ਜੋਨਿ ਬਾਸ, ਜਮ ਕੀ ਅਗਮ ਤ੍ਰਾਸ।
   ਤੁਮਰੇ ਭਜਨ ਬਿਨੁ ਭ੍ਰਮਤ ਫਿਰਯੋ।।[143]
3. ਜਹਾਂ ਜਹਾਂ ਜੀਵ ਆਪ ਬੰਧਾਵੈ, ਤਾਂ ਥੈਂ ਕਛੁ ਕਹਯਾ ਨ ਜਾਈ।।[144]
4. ਜੀਅ ਜੰਤ ਜਹਾਂ ਜਹਾਂ ਲਾਗੁ।। ਕਰਮ ਕੇ ਬਸਿ ਜਾਇ।।[145]

ਜੀਵ ਪ੍ਰਕ੍ਰਿਤੀ ਅਧੀਨ ਹੀ ਸਾਰਾ ਕਾਰ-ਵਿਹਾਰ ਕਰਦਾ ਹੈ। ਗੁਰੂ ਜੀ ਅਨੁਸਾਰ ਕਰਮ ਕਰਨਾ ਮਨੁੱਖ ਦਾ ਧਰਮ ਹੈ। ਕਰਮ ਕਰਨਾ ਜੀਵ ਦੇ ਹੱਥ ਹੈ ਪਰ ਇਸਦਾ ਫਲ ਪਰਮਾਤਮਾ ਦੇ ਹੱਥ ਹੈ। ਕੀਤੇ ਕਰਮਾਂ ਦੇ ਅਨੁਸਾਰ ਹੀ ਜੀਵ ਨੂੰ ਫਲ ਮਿਲਦਾ ਹੈ। ਜਲ ਤੇ ਥਲ ਦੇ ਸਾਰੇ ਜੀਵ ਕਰਮਾਂ ਦੇ ਬੰਨ੍ਹੇ ਹੋਏ ਹਨ, ਕਰਮਾਂ ਅਨੁਸਾਰ ਸਜਾ ਪਾਉਂਦੇ ਹਨ:

1. ਪਰਕਿਰਤੀ ਪਰਭਾਉ ਬਸ, ਮਾਨੁਸ਼ ਕਰਤ ਹੈ ਕਾਰ।
   ਮਨੁਖ ਤਉ ਹੈ ਨਿਮਿਤ ਰੂਪ ਕਹਿ ਰਵਿਦਾਸ ਬਿਚਾਰ।।[146]
2. ਰਵਿਦਾਸ ਮਨੁਸ਼ ਕਰ ਧਰਮ ਹੈ, ਕਰਮ ਕਰਹਿ ਦਿਨ ਰਾਤ।
   ਕਰਮਨਹਿ ਫਲ ਪਾਵਨਾਂ, ਨਹੀਂ ਕਾਹੂ ਕੇ ਹਾਥ।।[147]

3. ਜਲ ਥਲਿ ਜੀਵ ਜੰਤ ਜਹਾਂ ਜਹਾਂ ਲੌ, ਕਰਮ ਪਾ ਜਜਾਹਿ।।[143]

ਚੰਗੀ ਕਰਮਾਂ ਸਦਕਾ ਹੀ ਜੀਵ ਨੂੰ ਮਾਨਸ ਜਨਮ ਪ੍ਰਾਪਤ ਹੁੰਦਾ ਹੈ। ਪਰ ਵਿਚਾਰ ਤੋਂ ਬਿਨਾਂ ਅਜਾਈਂ ਜਾ ਰਿਹਾ ਹੈ। ਨੀਚ ਜੂਨਾਂ ਦੇ ਜੀਵ ਤਾਂ ਜੰਮੇ ਹੀ ਬਿਨਾਂ ਚੇਤੇ ਹਨ। ਪੁੰਨ ਤੇ ਪਾਪ ਦੀ ਉਨ੍ਹਾਂ ਨੂੰ ਖਬਰ ਨਹੀਂ। ਪਰ ਮਨੁੱਖਾ ਜਨਮ ਦੁਰਲਭ ਹੈ ਜੋ ਇਸ ਜਨਮ ਵਿੱਚ ਵੀ ਨੀਚਾਂ ਦੀ ਹੀ ਸੰਗਤ ਹੈ:—

1. ਦੁਲਭ ਜਨਮ ਪੁੰਨ ਫਲ ਪਾਇਓ ਬਿਰਥਾ ਜਾਤਿ ਅਬਿਬੇਕੇ।।[149]
2. ਤਿਰਜਗ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ।
   ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ।।[150]

ਭਰਮ ਕਰਮ ਦਾ ਬੰਨ੍ਹਿਆ ਜੀਵ ਹਰੀ ਦੀ ਸ਼ਰਣ ਤੋਂ ਬਿਨਾਂ ਨਹੀਂ ਛੁੱਟ ਸਕਦਾ। ਹਰੀ ਦੀ ਸ਼ਰਣ ਵਿਚ ਆਉਣ ਨਾਲ ਜੀਵ ਦਾ ਜਨਮ ਮਰਨ ਦਾ ਸੰਦੇਹ ਖਤਮ ਹੋ ਜਾਂਦਾ ਹੈ:—

1. ਭਰਮ ਕਰਮ ਜੀਅ ਬੰਧਯੋ, ਛੂਟੈ ਤੁਮ ਬਿਨ ਕੈਸੇ ਹੋ ਹਰਿ।।[151]
2. ਤੁਝ ਦੇਵ ਕਵਲਾਪਤਿ ਜਨ ਸਰਣਿ ਆਯਾ।
   ਮੇਰਾ ਜਨਮ ਸੰਦੇਹ ਭ੍ਰਮ ਛੇਦਿ ਭਾਯਾ।।[152]

ਗੁਰੂ ਨਾਨਕ ਬਾਣੀ ਵਿਚ ਵੀ ਜੀਵ ਨੂੰ ਬ੍ਰਹਮ ਦਾ ਰੂਪ ਮੰਨਿਆ ਗਿਆ ਹੈ ਅਤੇ ਪ੍ਰਭੂ ਨਾਲ ਅਭੇਦ ਦੱਸਿਆ ਗਿਆ ਹੈ। ਜੀਵ ਕਿਥੋਂ ਆਉਂਦਾ ਹੈ, ਕਿਸ ਤਰ੍ਹਾਂ ਪੈਦਾ ਹੁੰਦਾ ਹੈ ਅਤੇ ਕਿਸ ਵਿਚ ਜਾ ਕੇ ਸਮਾਉਂਦਾ ਹੈ, ਕਿਸ ਤਰ੍ਹਾਂ ਜੀਵ ਕਰਮ ਕਰਦਾ ਹੋਇਆ ਸੰਸਾਰਿਕ ਬੰਧਨਾਂ ਵਿਚ ਬੰਨ੍ਹਿਆ ਜਾਂਦਾ ਹੈ। ਕਰਮ ਬੰਧਨ ਵਿਚ ਬੰਨ੍ਹਿਆ ਜੀਵ ਕਿਵੇਂ ਮੁਕਤੀ ਪ੍ਰਾਪਤ ਕਰਦਾ ਹੈ ਅਤੇ ਪਰਮਾਤਮਾ ਵਿਚ ਕਿਸ ਤਰ੍ਹਾਂ ਸਮਾਉਂਦਾ ਹੈ। ਆਦਿ ਪ੍ਰਸ਼ਨ ਗੁਰੂ ਨਾਨਕ ਬਾਣੀ ਵਿਚ ਕੀਤੇ ਗਏ ਹਨ ਅਤੇ ਗੁਰੂ ਨਾਨਕ ਬਾਣੀ ਹੀ ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਸਪਸ਼ਟ ਵੀ ਕਰਦੀ ਹੈ।

ਜਾਤੇ ਜਾਇ ਕਹਾ ਤੇ ਆਵੈ।। ਕਹ ਉਪਜੈ ਕਹ ਜਾਇ ਸਮਾਵੈ।।
ਕਿਉ ਬਾਧਿਓ ਕਿਉ ਮੁਕਤੀ ਪਾਵੈ।। ਕਿਉ ਅਬਿਨਾਸੀ ਸਹਜਿ ਸਮਾਵੈ।।[153]

ਗੁਰੂ ਜੀ ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਦਿੰਦੇ ਹੋਏ ਸਪਸ਼ਟ ਕਰਦੇ ਹਨ ਕਿ ਜੀਵ

ਕੁਦਰਤੀ ਨਿਯਮ ਪੈਦਾ ਹੁੰਦਾ ਹੈ। ਕੁਦਰਤੀ ਨਿਯਮ ਅਨੁਸਾਰ ਹੀ ਮੁੱਕ ਜਾਂਦਾ ਹੈ। ਮਨਮੁੱਖਤਾ ਦੀ ਹਾਲਤ ਵਿਚ ਮਨ ਤੋਂ ਪੈਦਾ ਹੋ ਕੇ ਆਪਣੇ ਆਤਮ ਸਰੂਪ ਦਾ ਗਿਆਨ ਹੋ ਜਾਣ ਤੇ ਮਨ ਵਿਚ ਹੀ ਖਤਮ ਹੋ ਜਾਂਦਾ ਹੈ। ਕਿਉਂਕਿ ਮਨ ਤੋਂ ਭਰਮ ਦਾ ਪਰਦਾ ਲਹਿ ਜਾਣ ਤੇ ਮਨ ਪ੍ਰਕਾਸ਼ਮਾਨ ਹੋ ਜਾਂਦਾ ਹੈ ਅਤੇ ਜੀਵ ਪਰਮਾਤਮਾ ਵਿਚ ਸਮਾ ਜਾਂਦਾ ਹੈ। ਜੋ ਜੀਵ ਗੁਰੂ ਦੇ ਉਪਦੇਸ਼ ਤੇ ਚੱਲਦੇ ਹਨ ਉਹ ਮੁਕਤ ਹੋ ਜਾਂਦੇ ਹਨ, ਵਾਸਨਾ ਤੋਂ ਬਚ ਜਾਂਦੇ ਹਨ। ਸ਼ਬਦ ਤੇ ਵਿਚਾਰ ਕਰਦਿਆਂ ਹਰੀ ਨਾਮ ਜਪਦਿਆਂ ਇਸ ਸੰਸਾਰਕ ਬੰਧਨ ਤੋਂ ਖਲਾਸੀ ਪ੍ਰਾਪਤ ਕਰ ਲੈਂਦੇ ਹਨ:—

ਸਹਜੇ ਆਵੈ ਸਹਜੇ ਜਾਇ।। ਮਨ ਤੇ ਉਪਜੈ ਮਨ ਮਾਹਿ ਸਮਾਇ।।
ਗੁਰਮੁਖਿ ਮੁਕਤੋ ਬੰਧੁ ਨ ਪਾਇ।। ਸਬਦੁ ਬੀਚਾਰਿ ਛੁਟੈ ਹਰਿ ਨਾਇ।।[154]

ਜੇਕਰ ਬੰਧਨ ਪ੍ਰਮਾਤਮਾ ਤੋਂ ਜੀਵ ਦਾ ਵਿਛੋੜਾ ਹੈ ਤਾਂ ਮੁਕਤੀ ਜੀਵ ਅਤੇ ਜੀਵਾਤਮਾ ਦੇ ਪ੍ਰਮਾਤਮਾ ਨਾਲ ਮੇਲ ਦੀ ਅਵਸਥਾ ਹੈ। ਫਿਰ ਜੀਵ ਪਰਮਾਤਮਾ ਵਿਚ ਇਵੇਂ ਮਿਲ ਜਾਂਦਾ ਹੈ ਜਿਵੇਂ ਕਿਰਣ ਸੂਰਜ ਨਾਲ, ਜਲ, ਜਲ ਨਾਲ ਅਤੇ ਜੋਤਿ ਜੋਤਿ ਵਿਚ ਰਲ ਜਾਂਦੀ ਹੈ:—

ਸੂਰਜ ਕਿਰਣਿ ਮਿਲੇ ਜਲ ਕਾ ਜਲ ਹੂਆ ਰਾਮ।।
ਜੋਤੀ ਜੋਤਿ ਰਲੀ ਸੰਪੂਰਣ ਥੀਆ ਰਾਮ।।[155]

ਚੰਗੇ ਪੁੰਨ, ਕਰਮ ਕਰਨ ਪਿੱਛੋਂ ਹੀ ਜੀਵ ਨੂੰ ਇਹ ਮਨੁੱਖ ਜਨਮ ਪ੍ਰਾਪਤ ਹੁੰਦਾ ਹੈ। ਇਸੇ ਮੌਕੇ ਹੀ ਪਰਮਾਤਮਾ ਨੂੰ ਮਿਲਿਆ ਜਾ ਸਕਦਾ ਹੈ। ਇਸ ਲਈ ਜੀਵ ਦੁਆਰਾ ਪਰਮਾਤਮਾ ਨੂੰ ਮਿਲਣ ਤੋਂ ਬਿਨਾਂ ਹੋਰ ਕੀਤੇ ਕਰਮ ਵਿਅਰਥ ਹਨ। ਸਾਧ ਸੰਗਤ ਵਿਚ ਬੈਠ ਕੇ ਨਾਮ ਦਾ ਜਾਪ ਹੀ ਇਸ ਪ੍ਰਾਪਤੀ ਦਾ ਉੱਤਮ ਸਾਧਨ ਹੈ:—

1. ਭਈ ਪਰਾਪਤਿ ਮਾਨੁਖ ਦੇਹੁਰੀਆ।। ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ।।
   ਅਵਰਿ ਕਾਜ ਤੇਰੈ ਕਿਤੈ ਨ ਕਾਮ।। ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ।।[156]
2. ਮਾਣਸ ਜਨਮ ਦੁਲੰਭ ਗੁਰਮੁਖਿ ਪਾਇਆ।।[157]

ਗੁਰੂ ਨਾਨਕ ਦੇਵ ਜੀ ਅਨੁਸਾਰ ਇਹ ਜੀਵ ਕਰਮਾਂ ਦਾ ਬੰਨ੍ਹਿਆ ਹੋਇਆ ਹੈ। ਜੀਵ ਜਿਹੋ ਜਿਹੇ ਕਰਮ ਕਰਦਾ ਹੈ, ਤਿਹੋ ਜਿਹੇ ਫਲ ਦੀ ਪ੍ਰਾਪਤੀ ਕਰਦਾ ਹੈ;—

1. ਜੇਹੇ ਕਰਮ ਕਮਾਇ ਤੇਰਾ ਹੋਇਸੀ।।[158]

2. ਜੈਸਾ ਕਰੇ ਸੁ ਤੈਸਾ ਪਾਵੈ।। ਆਪਿ ਬੀਜਿ ਆਪੇ ਹੀ ਖਾਵੈ।।[159]

ਉਪਰੋਕਤ ਵਿਵੇਚਨ ਪਿਛੋਂ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੀ ਜੀਵ ਜਗਿਆਸਾ ਬ੍ਰਹਮ ਤੇ ਜੀਵ ਨੂੰ ਇਕ ਮੰਨਦੀ ਹੋਈ ਕਰਮਾਂ ਅਧੀਨ ਪ੍ਰਭੂ ਦਾ ਨਾਮ ਜਪਦਿਆਂ ਪਰਮਾਤਮਾ ਨਾਲ ਮਿਲਣ ਦਾ ਉਪਦੇਸ਼ ਕਰਦੀ ਹੈ। ਇਥੇ ਦੋਵੇਂ ਗੀਤਾ ਤੇ ਵੇਦਾਂਤ ਤੋਂ ਅੱਗੇ ਜਾਂਦੇ ਹਨ। ਗੀਤਾ ਤੇ ਵੇਦਾਂਤ ਅਨੁਸਾਰ ਮੁਕਤ ਪੁਰਸ਼ ਦਾ ਨਿਸ਼ਾਨਾ ਸ੍ਵਾਰਥਕ ਹੈ ਇਹ ਤਾਂ ਠੀਕ ਹੈ ਕਿ ਜੀਵ ਮੁਕਤੀ ਸੰਗਤ ਦੇ ਰਾਹੀਂ ਪ੍ਰਾਪਤ ਕਰਦਾ ਹੈ ਪਰ ਮੁਕਤ ਹੋ ਕੇ ਆਪਣੇ ਜੋਗਾ ਹੀ ਰਹਿ ਜਾਂਦਾ ਹੈ। ਹੋਰ ਵੀ ਜਦ ਇਕ ਪੁਰਸ਼ ਗਿਆਨ ਦੇ ਆਸਰੇ ਜੀਵਨ ਮੁਕਤੀ ਪ੍ਰਾਪਤ ਕਰ ਲੈਂਦਾ ਹੈ ਤਾਂ ਉਹ ਬਾਕੀ ਦਾ ਜੀਵਨ 'ਪ੍ਰਾਰਬੱਧ' ਕਰਮਾਂ ਨੂੰ ਪੂਰਾ ਕਰਨ ਲਈ ਜੀਉਂਦਾ ਹੈ। ਪਰ ਗੁਰਮਤਿ ਅਨੁਸਾਰ ਜੀਵਨ ਮੁਕਤੀ ਪ੍ਰਾਪਤ ਕਰਕੇ ਬਾਕੀ ਸਾਰੇ ਕਰਮ ਨਸ਼ਟ ਹੋ ਜਾਂਦੇ ਹਨ। ਉਹ ਰੱਬ ਦੀ ਮਿਹਰ ਨਾਲ ਹੀ ਤਾਂ ਜੀਵਨ ਮੁਕਤ ਹੁੰਦਾ ਹੈ ਤੇ ਫੇਰ ਰੱਬ ਦੇ ਭਾਣੇ ਅੰਦਰ ਜੀਵਨ ਬਤੀਤ ਕਰਦਾ ਹੈ। ਉਸ ਦਾ ਮਨੁੱਖਾ ਜਨਮ ਸਫਲ ਹੋ ਜਾਂਦਾ ਹੈ। ਉਹ ਪਰਮ ਜੋਤਿ ਵਿਚ ਲੀਨ ਹੋ ਜਾਂਦਾ ਹੈ। ਉਹ ਸੱਭ ਨੂੰ ਰੱਬੀ ਹੁਕਮ ਸਮਝਦਾ ਹੈ। ਵੇਦਾਂਤ ਵਿਚ ਕਰਮਾਂ ਅਨੁਸਾਰ ਹੀ ਨਿਬੇੜਾ ਸਮਝਦੇ ਹਨ। ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇਵ ਜੀ ਵੀ ਕਰਮਾਂ ਦੀ ਗੱਲ ਕਰਦੇ ਹੋਏ ਵੀ ਪ੍ਰਭੂ ਦੀ ਮਿਹਰ ਜਾਂ ਦਇਆ ਉਤੇ ਵਧੇਰੇ ਬਲ ਦਿੱਤਾ ਹੈ। ਪਰ ਦੋਵੇਂ ਇਸ ਗੱਲ ਨਾਲ ਸਹਿਮਤ ਹਨ ਕਿ ਹਰੀ ਦੀ ਕ੍ਰਿਪਾ ਤੋਂ ਬਿਨਾਂ ਛੁਟਕਾਰਾ ਨਹੀਂ ਹੋ ਸਕਦਾ। ਇਥੇ ਗੁਰੂ ਨਾਨਕ ਤੇ ਗੁਰੂ ਰਵਿਦਾਸ ਦੋਵੇਂ ਸ਼ੁੱਧ ਅਦ੍ਵੈਤਵਾਦੀ ਜਾਪਦੇ ਹਨ। ਗੁਰੂ ਸਾਹਿਬ ਜੈਨ ਧਰਮ ਦੇ ਇਨ੍ਹਾਂ ਵਿਚਾਰਾਂ ਦਾ ਵੀ ਖੰਡਨ ਕਰਦੇ ਹਨ ਕਿ ਕਰਮਾਂ ਨੂੰ ਜੀਵ ਆਪਣੇ ਧਾਰਮਕ ਯਤਨਾ ਨਾਲ ਨਾਸ਼ ਕਰ ਲੈਗਾ ਤਾਂ ਆਤਮਾ ਸਰੀਰ ਨੂੰ ਛੱਡ ਕੇ ਸਿੱਧੀ ਹੀ ਉਪਰ ਨੂੰ ਉਠੇਗੀ ਤੇ ਬ੍ਰਹਮੰਡ ਦੀ ਚੋਟੀ ਤੇ ਪਹੁੰਚ ਕੇ ਉਥੇ ਨਿਵਾਸ ਕਰੇਗੀ ਜਿਥੇ ਸਾਰੀਆਂ ਮੁਕਤ ਰੂਹਾਂ ਸਦਾ ਲਈ ਨਿਵਾਸ ਕਰਦੀਆਂ ਹਨ।

## ਜੀਵ ਦਾ ਸਰੂਪ

ਬ੍ਰਹਮ ਅਤੇ ਜੀਵ ਦਾ ਅਟੁੱਟ ਸੰਬੰਧ ਹੈ। ਜੇ ਬ੍ਰਹਮ ਅਬਿਨਾਸੀ ਹੈ ਤਾਂ ਜੀਵ ਵੀ ਅਮਰ ਹੈ। ਗੁਰੂ ਰਵਿਦਾਸ ਜੀ ਵੀ ਇਸੇ ਵਿਚਾਰ ਦੇ ਧਾਰਨੀ ਹਨ। ਉਨ੍ਹਾਂ ਅਨੁਸਾਰ ਦੋਵੇਂ ਹੀ ਪ੍ਰਕ੍ਰਿਤੀ ਪੁਰਸ਼ ਹਨ, ਦੋਵੇਂ ਹੀ ਵਿਮਲ ਅਤੇ ਇਕ ਰਸ ਹਨ ਦੋਵੇਂ ਹੀ ਨਾ ਉਪਜਦੇ ਹਨ ਅਤੇ ਨਾ ਹੀ ਬਿਨਸਦੇ। ਉਦੈ ਤੇ ਅਸਤ ਵੀ ਨਹੀਂ ਹੁੰਦਾ:-

1. ਜਲ ਤਰੰਗ ਪਾਹਨ ਪ੍ਰਤਿਮਾ ਜਸ੍ਰੈ, ਬ੍ਰਹਮ ਜੀਵ ਦ੍ਵੈਤ ਐਸਾ।।
ਬਿਮਲ ਏਕ ਰਸ ਉਪਜੈ ਨ ਬਿਨਸੈ, ਉਦੈ ਅਸਤ ਦੋਊ ਨਾਹੀਂ।
ਬਿਗਤਾ ਬਿਗਤਿ ਘਟੈ ਨਹੀਂ ਕਬਹੂੰ, ਬਸਤ ਬਸੈ ਸਬ ਮਾਹੀਂ।।[160]

2. ਚੇਤਨ ਸਤ ਚਿਤ ਘਨ ਆਨੰਦਾ, ਨਿਰਵਿਕਾਰ ਤੇਜ ਅਮਿਤ ਅਭੇਦਾ।
ਅਨੂਪ ਅਜਨਮਾ ਸਰਬਗਯ ਅਨੰਤਾ, ਅਭੇਦ ਅਟੈਖ ਅਵਿਗਤ ਸੁਛੰਦਾ।[161]

ਮਿਥਿਆ ਜਗ ਅਤੇ ਮਾਇਆ ਦਾ ਤਿਆਗ ਕਰਕੇ ਸੱਤ ਸਰੂਪ ਪਰਮਾਤਮਾ ਵਿੱਚ ਸੁਰਤੀ ਜੋੜਨ ਨਾਲ ਜੀਵ ਸੱਤ ਸਰੂਪ ਵਾਂਗ ਅਮਰ ਹੋ ਜਾਂਦਾ ਹੈ:—

ਅਮਰ ਭਯੇ ਹਮ ਕਾਹੇ ਕੂੰ ਮਰਿ ਹੈਂ।।
ਮਿਥਯਾ ਜਗ ਮਾਯਾ ਤਜਿ ਦੀਨੀ, ਸੱਤ ਰੂਪ ਮਨਿ ਧਰਿ ਹੈਂ।।[162]

ਸਰੀਰ ਅੰਦਰ ਪਰਮਾਤਮਾ ਦਾ ਵਾਸਾ ਹੈ ਤੇ ਜੀਵ ਪਰਮਾਤਮਾ ਤੋਂ ਹੀ ਪੈਦਾ ਹੋਇਆ ਹੈ। ਪਰਮਾਤਮਾ ਅਬਿਨਾਸ਼ੀ ਹੈ ਅਤੇ ਪਰਮ-ਪ੍ਰਕਾਸ਼ ਹੈ। ਉਸਨੇ ਆਪਣਾ ਹੀ ਰੂਪ ਜੀਵ ਅੰਦਰ ਧਰਿਆ ਹੈ। ਇਸ ਲਈ ਜੀਵ ਵੀ ਅਮਰ ਹੈ:—

ਪਰਮ ਪ੍ਰਕਾਸ਼ ਅਵਿਨਾਸ਼ ਅਘਮੋਚਨੀ।
ਨਿਰਖਿ ਨਿਜ ਰੂਪ ਬਿਸ਼੍ਰਾਮ ਪਾਯਾ।।[163]

ਇਸੇ ਲਈ ਗੁਰੂ ਜੀ ਨੂੰ ਬ੍ਰਹਮ ਅਤੇ ਜੀਵ ਵਿਚ ਕੋਈ ਅੰਤਰ ਨਜ਼ਰ ਨਹੀਂ ਆਉਂਦਾ। ਅਸਲ ਵਿਚ ਦੋਵੇਂ ਇਕ ਹਨ। ਜਿਵੇਂ ਸੋਨਾ ਤੇ ਸੋਨੇ ਤੋਂ ਬਣਿਆ ਗਹਿਣਾ ਅਤੇ ਜਲ ਤੇ ਉਸ ਵਿਚੋਂ ਉੱਠੀ ਤਰੰਗ:—

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ।।
ਕਨਕ ਕਟਿਕ ਜਲ ਤਰੰਗ ਜੈਸਾ।।[164]

ਗੁਰਬਾਣੀ ਵਿੱਚ ਵੀ ਜੀਵ ਨੂੰ ਅਮਰ ਮੰਨਿਆ ਗਿਆ ਹੈ। ਜੀਵ ਸੰਸਾਰਕ ਕਰਮ ਕਰਦਿਆਂ ਸੁਖੀ ਦੁਖੀ ਹੁੰਦਾ ਹੈ। ਇਹ ਕਰਤਾ ਵੀ ਹੈ, ਭੋਗਤਾ ਵੀ। ਇਹੋ ਜੀਵ ਸੰਸਾਰ ਵਿਚ

ਵਿਚਰਦਿਆਂ ਭੋਗ ਕਰਦਾ ਹੈ ਅਤੇ ਜਨਮ ਮਰਨ ਦੇ ਚੱਕਰ ਵਿਚ ਪੈਦਾ ਪਰਤੀਤ ਹੁੰਦਾ ਹੈ। ਪਰ ਆਪਣੇ ਸ਼ੁੱਧ-ਸਰੂਪ ਵਿਚ ਜੀਵ ਜਾਂ ਜੀਵਾਤਮਾ ਅਮਰ ਹੈ। ਨਾਸ਼ ਰਹਿਤ ਹੈ। ਜੀਵ ਨਾ ਮਰਦਾ ਹੈ, ਨਾ ਇਹ ਡੁੱਬਦਾ ਹੈ ਅਤੇ ਨਾ ਹੀ ਤੈਰਦਾ ਹੈ:—

1. ਮਰਣਹਾਰ ਇਹੁ ਜੀਅਰਾ ਨਾਹੀ।।[165]
2. ਨਾ ਜੀਉ ਮਰੈ ਨ ਡੂਬੈ ਤਰੈ।।[166]

ਕਿਉਂ ਕਿ ਜੀਵ ਦਾ ਅਸਲ ਰੂਪ ਆਨੰਦਮਈ ਹੈ। ਉਹ ਨਾਸ਼ ਰਹਿਤ ਹੈ; ਸ਼ਾਸ਼ਵਤ ਅਤੇ ਅਮਰ ਹੈ। ਇਹ ਕਦੀ ਮਰਦਾ ਨਹੀਂ, ਚਿਰ ਚੇਤਨ ਹੈ, ਪਰੰਤੂ ਸਰੀਰ ਦੇ ਤੱਤਾਂ ਦੇ ਨਾਸ਼ ਹੋ ਜਾਣ ਤੇ ਇਹ ਕਰਮ ਫਲ ਭੋਗਅਰਥ ਸਰੀਰ ਬਦਲਦਾ ਹੈ। ਜਿਸ ਤੋਂ ਉਸਦੇ ਮਰਨ-ਜੀਮਣ ਦਾ ਭਰਮ ਹੁੰਦਾ ਹੈ।[167] ਜੀਵ ਦੀ ਅਮਰਤਾ ਦਾ ਇਹ ਵਰਣਨ ਭਾਰਤੀ ਸੰਸਕ੍ਰਿਤੀ ਦੀ ਦੇਣ ਹੈ। ਉਪਨਿਸ਼ਦਾਂ ਅਤੇ ਭਗਵਦ ਗੀਤਾ ਵਿਚ ਵੀ ਜੀਵ ਨੂੰ ਅਮਰ ਦੱਸਿਆ ਗਿਆ ਹੈ। ਪੰਜਵੇਂ ਗੁਰੂ ਅਰਜਨ ਦੇਵ ਜੀ ਵੀ ਆਸਾਰਾਗ ਵਿਚ ਜੀਵ ਨੂੰ ਅਮਰ ਤੇ ਨਾਸ਼ ਰਹਿਤ ਦੱਸਦੇ ਹਨ:—

ਨ ਓਹੁ ਮਰਤਾ ਨ ਹਮ ਡਰਿਆ। ਨ ਓਹੁ ਬਿਨਸੈ ਨ ਹਮ ਕੜਿਆ।।[168]

ਸਰੀਰ ਦੇ ਅੰਦਰ ਨਾਮ ਰੂਪ ਪਰਮਾਤਮਾ ਦਾ ਵਾਸਾ ਹੈ ਅਤੇ ਅਵਿਨਾਸ਼ੀ ਬ੍ਰਹਮ ਆਪ ਹੀ ਉਸਦਾ ਰਚਣਹਾਰ ਹੈ। ਇਸ ਲਈ ਪਰਮਾਤਮਾ ਦਾ ਪੈਦਾ ਕੀਤਾ ਜੀਵ ਨਾ ਹੀ ਮਰਦਾ ਹੈ ਅਤੇ ਨਾਹੀ ਇਸ ਨੂੰ ਮਾਰਿਆ ਜਾ ਸਕਦਾ ਹੈ। ਪਰਮਾਤਮਾ ਜੀਵ ਪੈਦਾ ਕਰਕੇ ਆਪ ਹੀ ਸੰਭਾਲ ਕਰਦਾ ਹੈ:—

ਦੇਹੀ ਅੰਦਰਿ ਨਾਮੁ ਨਿਵਾਸੀ।।ਆਪੇ ਕਰਤਾ ਹੈ ਅਬਿਨਾਸੀ।।
ਨਾ ਜੀਉ ਮਰੈ ਨ ਮਾਰਿਆ ਜਾਈ।। ਕਰਿ ਦੇਖੈ ਸਬਦਿ ਰਜਾਈ ਹੇ।।[169]

ਜੀਵ ਪਰਮਾਤਮਾ ਦਾ ਅੰਸ਼ ਹੈ। ਪਰਮਾਤਮਾ ਅਮਰ ਹੈ ਤੇ ਜੀਵ ਉਸ ਅਮਰ ਪਰਮਾਤਮਾ ਵਿਚੋਂ ਪੈਦਾ ਹੁੰਦਾ ਹੈ ਅਤੇ ਉਸੇ ਵਿਚ ਸਮਾ ਜਾਂਦਾ ਹੈ। ਇਸ ਲਈ ਜੀਵ ਵੀ ਤਾਂ ਅਮਰ ਹੀ ਹੈ:—

ਸੇ ਗੁਣ ਗਾਵਹਿ ਸਾਚੇ ਭਾਵਹਿ।। ਤੁਝ ਤੇ ਊਪਜਹਿ ਤੁਝ ਮਾਹਿ ਸਮਾਵਹਿ।।
ਨਾਨਕ ਸਾਚੁ ਕਹੈ ਬੇਨੰਤੀ ਮਿਲਿ ਸਾਚੇ ਸੁਖੁ ਪਾਇਦਾ।।[170]

ਸਰੀਰ ਭਾਵੇਂ ਨਾਸ਼ਵਾਨ ਹੈ ਪਰੰਤੂ ਜਦੋਂ ਬ੍ਰਹਮ ਦਾ ਅੰਸ਼ ਆਤਮਾ ਇਸ ਵਿਚ ਆ

ਵਸਦੀ ਹੈ ਤਾਂ ਇਹ ਸਰੀਰ ਹਰਿਮੰਦਿਰ ਦੇ ਸਮਾਨ ਹੋ ਜਾਂਦਾ ਹੈ। ਅਸਲ ਵਿੱਚ ਜੀਵ ਨੂੰ ਮਨੁੱਖਾ ਸਰੀਰ ਦੀ ਪ੍ਰਾਪਤੀ ਵੀ ਪ੍ਰਭੂ ਦੁਆਰਾ ਜੋਤਿ ਦਾਨ ਕਰਕੇ ਹੀ ਮਿਲਿਆ ਹੈ।

1. ਕਾਇਆ ਹਰਿ ਮੰਦਿਰ ਹਰਿ ਆਪੁ ਸਵਾਰੇ।।ਤਿਸੁ ਵਿਚਿ ਹਰਿ ਜੀਉ ਵਸੈ ਮੁਰਾਰੇ।।[171]
2. ਜੀਉ ਪਿੰਡੁ ਸਭੁ ਹੈ ਤਿਸ ਕੇਰਾ।। ਸਦਾ ਸਾਹਿਬੁ ਠਾਕੁਰੁ ਮੇਰਾ।।[172]
3. ਨਿਰਮਲ ਕਾਇਆ ਊਜਲ ਹੰਸਾ।। ਤਿਸੁ ਵਿਚ ਨਾਮੁ ਨਿਰੰਜਨ ਅੰਸਾ।।[173]
4. ਸੰਜੋਗੁ ਵਿਜੋਗੁ ਧੁਰਹੁ ਹੀ ਹੂਆ।। ਪੰਚ ਧਾਤੁ ਕਰਿ ਪੁਤਲਾ ਕੀਆ।।
   ਸਾਹੈਂ ਕੈ ਫੁਰਮਾਇਅੜੈ ਜੀ ਦੇਹੀ ਵਿਚਿ ਜੀਉ ਆਇ ਪਇਆ।।[174]

ਸਰੀਰ ਰੂਪੀ ਰੁਖ ਉਤੇ ਜੀਵ ਰੂਪੀ ਪੰਛੀ ਦਾ ਵਾਸਾ ਹੈ। ਇਹ ਜੀਵ ਨਾ ਮਰਦਾ ਹੈ ਤੇ ਨਾ ਹੀ ਉਡਦਾ ਸਗੋਂ ਗੁਰੂ ਦੇ ਸ਼ਬਦ ਰਾਹੀਂ ਜਨਮ ਮਰਨ ਦੇ ਗੇੜ ਤੋਂ ਮੁਕਤ ਹੋ ਕੇ ਜੋਤਿਦਾਨ ਕਰਨ ਵਾਲੇ ਪ੍ਰਭੂ ਵਿਚ ਹੀ ਸਮਾ ਜਾਂਦਾ ਹੈ:–

ਕਾਇਆ ਬਿਰਖੁ ਪੰਖੀ ਵਿਚਿ ਵਾਸਾ।। ਅੰਮ੍ਰਿਤੁ ਚੁਗਹਿ ਗੁਰ ਸਬਦਿ ਨਿਵਾਸਾ।।
ਉਡਹਿ ਨ ਮੂਲੇ ਨ ਆਵਹਿ ਨ ਜਾਹੀ ਨਿਜ ਘਰਿ ਵਾਸਾ ਪਾਇਆ।।[175]

ਇਹ ਸਰੀਰ ਅੱਗ, ਹਵਾ, ਪਾਣੀ ਆਦਿ ਤੱਤਾਂ ਤੋਂ ਮਿਲਕੇ ਬਣਿਆ ਹੈ। ਆਤਮਾ ਇਸ ਸਰੀਰ ਨੂੰ ਚਲਾ ਰਹੀ ਹੈ। ਗੁਰੂ ਮਿਲਾਪ ਨਾਲ ਆਪਾ ਭਾਵ ਖਤਮ ਹੋ ਜਾਂਦਾ ਹੈ ਪਰ ਉਹ ਆਤਮਾ ਨਹੀਂ ਮਰਦਾ ਜੋ ਸਭ ਦੀ ਸੰਭਾਲ ਕਰਨ ਵਾਲੇ ਪਰਮਾਤਮਾ ਦਾ ਅੰਸ਼ ਹੈ:–

1. ਪਉਣੈ ਪਾਣੀ ਅਗਨੀ ਕਾ ਮੇਲੁ।। - - - - -
   - - - - - - - - - - - - - - - - - -
   ਮੂਏ ਸੁਰਤਿ ਬਾਦੁ ਅਹੰਕਾਰ।। ਓਹੁ ਨ ਮੂਆ ਜੋ ਦੇਖਣਹਾਰ।।[176]
2. ਪਉਣੁ ਪਾਣੀ ਅਗਨੀ ਇਕ ਵਾਸਾ।।[177]

ਪ੍ਰਭੂ ਦੀ ਜੋਤਿ ਹਰ ਜੀਵ ਅੰਦਰ ਵਿਚਰ ਰਹੀ ਹੈ। ਪ੍ਰਭੂ ਸਾਰੇ ਸਰੀਰਾਂ ਵਿੱਚ ਵਿਆਪਕ ਹੋਕੇ ਪ੍ਰਭੂ ਆਪ ਹੀ ਆਪਣੇ ਨਾਮ ਦਾ ਰਸ ਪੀ ਰਿਹਾ ਹੈ। ਉਹ ਆਪ ਹੀ ਇਹ ਨਾਮ ਰਸ ਦਿੰਦਾ ਹੈ ਅਤੇ ਆਪ ਹੀ ਲੈ ਲੈਂਦਾ ਹੈ। ਤਿੰਨਾਂ ਭਵਨਾਂ ਵਿੱਚ ਮੌਜੂਦ ਪ੍ਰਭੂ ਆਪ ਹੀ ਸਭ ਦਾਤਾਂ ਦੇ ਰਿਹਾ ਹੈ। ਉਸ ਨੇ ਹੀ ਜਗਤ ਪੈਦਾ ਕਰਕੇ ਖੇਡ ਰਚ ਕੇ ਹਵਾ, ਅੱਗ, ਪਾਣੀ ਤੱਤਾਂ ਨੂੰ ਮਿਲਾਕੇ

ਸਰੀਰ ਦਾ ਢਾਂਚਾ ਤਿਆਰ ਕੀਤਾ। ਹਰ ਜੀਵ ਅੰਦਰ ਉਸਦੀ ਹੀ ਜੋਤਿ ਹੈ। ਪਦਾਰਥਾਂ ਦੀ ਬਖਸ਼ਸ਼ ਵੀ ਉਸੇ ਦੀ ਹੈ। ਉਹ ਹਰ ਥਾਂ ਮੌਜੂਦ ਹੈ। ਪਰਮਾਤਮਾ ਆਪ ਹੀ ਸਰੀਰ ਵਿਚ ਬੈਠ ਕੇ ਸੱਭ ਰੰਗ-ਤਮਾਸ਼ੇ ਕਰ ਰਿਹਾ ਹੈ। ਉਸ ਨੇ ਆਪ ਹੀ ਮਾਇਆ ਮੋਹ ਦਾ ਪਸਾਰਾ ਖਿਲਾਰਿਆ ਹੈ:-

1. ਮਾ ਕੀ ਰਕਤੁ ਪਿਤਾ ਬਿਦੁ ਧਾਰਾ।। ਮੂਰਤਿ ਸੂਰਤਿ ਕਰਿ ਆਪਾਰਾ।।
   ਜੋਤਿ ਦਾਤਿ ਜੇਤੀ ਸਭ ਤੇਰੀ ਤੂ ਕਰਤਾ ਸਭ ਠਾਈ ਹੇ।।[180]
2. ਬਿੰਦੁ ਰਕਤੁ ਮਿਲਿ ਪਿੰਡੁ ਸਰੀਆ।। ਪਉਣੁ ਪਾਣੀ ਅਗਨੀ ਮਿਲਿ ਜੀਆ।।
   ਆਪੇ ਚੋਜ ਕਰੇ ਰੰਗ ਮਹਲੀ ਹੋਰ ਮਾਇਆ ਮੋਹ ਪਸਾਰਾ ਹੈ।।[181]
3. ਕਾਚ ਕੋਟੰ, ਰਚੰਤਿ ਤੋਯੰ, ਲੇਪਨੰ ਰਕਤ ਚਰਮਣਹ।।[182]

ਮਰਨ ਤੋਂ ਬਾਅਦ ਜੀਵ ਆਪਣੇ ਮੂਲ ਰੂਪ ਪ੍ਰਭੂ ਵਿਚ ਸਮਾ ਜਾਂਦਾ ਹੈ। ਨਾ ਉਹ ਮਰਦਾ ਹੈ ਅਤੇ ਨਾ ਹੀ ਜਾਂਦਾ। ਪੰਜ ਤੱਤਾਂ ਦਾ ਸਰੀਰ ਹੀ ਨਸ਼ਟ ਹੁੰਦਾ ਹੈ। ਹੰਸ ਹੀ ਸਰੀਰ ਨੂੰ ਛੱਡ ਜਾਂਦਾ ਹੈ:-

1. ਨਾ ਓਹੁ ਆਵੈ ਨਾ ਓਹੁ ਜਾਇ।।
   ਨਾਨਕ ਸਾਚੇ ਸਾਚਿ ਸਮਾਇ।।[183]
2. ਜਲ-ਥਲ, ਬਾਉ-ਅਗਨ ਕੋ ਪੁਤਰਾ, ਛਿਨ ਮਹਿੰ ਹੋਹਿ ਭਸਮਾਤ।।
   ਕੋਇ ਜਤਨ ਕਰਿ ਜੋਗਿ ਤਪ ਹਾਰੈ, ਨਿਹਚਯ ਹੰਸਾ ਉਡਿ ਜਾਤ।।[183ੳ]

ਉਪਰਲੀ ਵਿਚਾਰ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਪ੍ਰਮਾਤਮਾ ਤੇ ਜੀਵਾਤਮਾ ਇਕੋ ਹਨ। ਦੋਹਾਂ ਦਾ ਸਰੂਪ ਇਕ ਹੈ। ਦੋਨੋ ਅਮਰ ਹਨ। ਜੀਵਾਤਮਾ ਪ੍ਰਮਾਤਮਾ ਦੀ ਅੰਸ਼ ਹੈ ਪਰ ਜੀਵਾਤਮਾ ਅਵਿਦਿਆ ਕਾਰਣ ਆਪਣੀ ਮੌਜੂਦਾ ਹਾਲਤ ਵਿਚ ਪਰਮਾਤਮਾ ਨਹੀਂ ਹੈ। ਭਾਵੇਂ ਗੁਰਬਾਣੀ ਵਿਚ ਬਹੁਤ ਸਾਰੀਆਂ ਆਉਂਦੀਆਂ ਤੁਕਾਂ ਦਾ ਭਾਵ ਇਹੋ ਹੈ ਕਿ ਜੀਵਾਤਮਾ ਤੇ ਪਰਮਾਤਮਾ ਵਿਚ ਕੋਈ ਭੇਦ ਨਹੀਂ। ਪ੍ਰਮਾਤਮਾ ਜੀਵਤਾਮਾ ਵਿਚ ਤੇ ਜੀਵਾਤਮਾ ਪ੍ਰਮਾਤਮਾ ਵਿਚ ਹੈ। ਇਹ ਵੀ ਕਹਿ ਲਵੋ ਕਿ ਈਸ਼ਵਰ ਤੇ ਜੀਵ ਵਿੱਚ ਕੋਈ ਭੇਦ ਨਹੀਂ:-

1. ਆਤਮ ਮਹਿ ਰਾਮ- ਰਾਮ ਮਹਿ ਆਤਮ (ਭੈਰੋ ਮ:1 ਪੰਨਾ-1153)
2. ਬ੍ਰਹਮ ਮਹਿ ਜਨ-ਜਨ ਮਹਿ ਪਾਰਬ੍ਰਹਮ (ਸੁਖਮਨੀ ਪੰਨਾ- 287)

ਪਰ ਇਹ ਅਭੇਦਤਾ ਹੋਣ ਦੇ ਬਾਵਜੂਦ ਵੀ ਸਪਸ਼ਟ ਹੈ ਕਿ ਫਰਕ ਹੈ ਵੀ ਤੇ ਨਹੀਂ ਵੀ ਜਿਵੇਂ ਸੋਨਾ ਤੇ ਸੋਨੇ ਤੋਂ ਬਣਿਆ ਗਹਿਣਾ, ਸੂਤ ਤੇ ਸੂਤ ਤੋਂ ਬਣਿਆ ਕਪੜਾ, ਜਲ ਤੇ ਜਲ

ਤਰੰਗ ਆਦਿ ਵਿਚ। ਸਾਗਰ ਤੇ ਲਹਿਰ ਵਿਚ ਜੋ ਫ਼ਰਕ ਹੈ ਉਹੀ ਫ਼ਰਕ ਪਰਮਾਤਮਾ ਤੇ ਆਤਮਾ ਵਿਚ ਸਮਝਣਾ ਚਾਹੀਦਾ ਹੈ। ਇਹ ਨਹੀਂ ਸਮਝਣਾ ਚਾਹੀਦਾ ਕਿ ਜਿਵੇਂ ਕਾਰੀਗਰ ਨੇ ਮਕਾਨ ਬਣਾਇਆ ਇਵੇਂ ਤਰ੍ਹਾਂ ਪਰਮਾਤਮਾ ਨੇ ਆਤਮਾ ਬਣਾਈ। ਕਾਰੀਗਰ ਤੇ ਮਕਾਨ ਦੋ ਵੱਖ ਵੱਖ ਵਸਤਾਂ ਹਨ। ਪਾਰਬ੍ਰਹਮ ਤੇ ਜੀਵ ਉਸੇ ਤਰ੍ਹਾਂ ਸੰਬੰਧਤ ਹਨ ਜਿਵੇਂ ਸੂਰਜ ਤੇ ਉਸ ਦੀ ਕਿਰਨ, ਦੀਵਾ ਤੇ ਉਸ ਦੀ ਲੋਅ, ਸਾਗਰ ਤੇ ਬੂੰਦ, ਧੂੜ ਤੇ ਧੂੜ ਦਾ ਕਿਣਕਾ ਆਦਿ। ਸੋ ਜੀਵਾਤਮਾ ਤੇ ਪ੍ਰਮਾਤਮਾ ਅਸਲ ਵਿਚ ਇਕ ਹਨ। ਪਰ ਇਹ ਨਹੀਂ ਕਿ ਜੀਵਾਤਮਾ ਆਪਣੀ ਮੌਜੂਦਾ ਹਾਲਤ ਵਿਚ ਪਰਮਾਤਮਾ ਹੈ। ਇਥੇ ਗੁਰੂ ਰਵਿਦਾਸ ਤੇ ਗੁਰੂ ਨਾਨਕ ਰਾਮਾਨੁਜ ਦੇ ਵਸ਼ਿਸ਼ਟ ਅਦ੍ਵੈਤ ਅਤੇ ਵੱਲਭ ਦੇ ਸ਼ੁਧ-ਅਦ੍ਵੈਤ ਦੇ ਨੇੜੇ ਹਨ। ਕਿਉਂਕਿ ਜੀਵ ਬ੍ਰਹਮ ਨਾਲ ਅਭੇਦ ਵੀ ਹੈ ਤੇ ਨਹੀਂ ਵੀ। ਜੀਵ, ਜਗਤ ਤੇ ਈਸ਼ਵਰ ਮਾਇਆ ਦੇ ਪਰਦੇ ਕਰਕੇ ਤਾਂ ਭਿੰਨ ਭਿੰਨ ਜਾਪਦੇ ਹਨ ਪਰ ਜਦ ਮਾਇਆ ਦਾ ਪਰਦਾ ਲਹਿ ਜਾਂਦਾ ਹੈ ਤਾਂ ਜੀਵ-ਜਗਤ ਈਸ਼ਵਰ ਆਪਣੇ ਅਸਲੀ ਰੂਪ ਵਿਚ ਆ ਕੇ ਇਕ ਹੀ ਹਨ। ਇਥੇ ਗੁਰੂ ਨਾਨਕ ਤੇ ਗੁਰੂ ਰਵਿਦਾਸ ਸ਼ੁੱਧ ਅਦ੍ਵੈਤ ਦੇ ਬਿਲਕੁਲ ਨੇੜੇ ਹਨ ਪਰ ਇਹ ਨਹੀਂ ਕਿਹਾ ਜਾ ਸਕਦਾ ਕਿ ਇਨ੍ਹਾਂ ਨੇ ਇਹ ਵਿਚਾਰ ਵੱਲਭ ਦੀ ਨਕਲ ਕੀਤੀ ਹੈ। ਕਿਉਂਕਿ ਦੋਨੋਂ ਮਹਾਂਪੁਰਖ ਸਮਕਾਲੀ ਸਨ ਇਸ ਲਈ ਆਪਸੀ ਵਿਚਾਰ ਵਟਾਂਦਰੇ ਦਾ ਸਿੱਟਾ ਤਾਂ ਹੋ ਸਕਦਾ ਹੈ।

## ਜੀਵ ਦੀ ਉਤਪਤੀ

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜੀਵ ਅਤੇ ਸ੍ਰਿਸ਼ਟੀ ਦਾ ਕਰਤਾ ਅਵਿਨਾਸ਼ੀ ਪਰਮਾਤਮਾ ਹੀ ਹੈ। ਗੁਰੂ ਰਵਿਦਾਸ ਬਾਣੀ ਅਤੇ ਗੁਰੂ ਨਾਨਕ ਬਾਣੀ ਵੀ ਇਸ ਗੱਲ ਦੀ ਸਾਖੀ ਭਰਦੀ ਹੈ। ਗੁਰੂ ਰਵਿਦਾਸ ਅਨੁਸਾਰ ਸਾਰੇ ਜੀਵ ਪਰਮਾਤਮਾ ਦੇ ਇਕ ਨੂਰ ਤੋਂ ਪੈਦਾ ਹੋਏ ਹਨ। ਭਾਵੇਂ ਬਾਹਮਨ ਹੈ ਤੇ ਭਾਵੇਂ ਮੁੱਲਾਂ ਜਾਂ ਸ਼ੇਖ। ਸਾਰਿਆਂ ਦਾ ਕਰਤਾ ਇਕੋ ਪਰਮਾਤਮਾ ਹੈ। ਇਹ ਸਾਰਾ ਪਸਾਰਾ ਬ੍ਰਹਮ ਦੀ ਇਕ ਬੂੰਦ ਤੋਂ ਹੀ ਹੋਇਆ ਹੈ ਅਤੇ ਸਾਰੇ ਬਰਾਬਰ ਹਨ। ਇਹ ਸਾਰੇ ਜੀਵ ਰੂਪੀ ਭਾਂਡੇ ਪਰਮਾਤਮਾ ਨੇ ਇਕ ਹੀ ਮਿੱਟੀ ਤੋਂ ਪੈਦਾ ਕੀਤੇ ਹਨ। ਸਾਰਿਆਂ ਅੰਦਰ ਉਹੀ ਵਿਆਪ ਰਿਹਾ ਹੈ:-

1. ਰਵਿਦਾਸਾ ਉਪਜਈ ਸਭ ਇਕ ਨੂਰ ਤੇ, ਬਾਹਮਨ ਮੁੱਲਾਂ ਸੇਖ।
   ਸਭ ਕੋ ਕਰਤਾ ਏਕ ਹੈ, ਸਭ ਕੂੰ ਏਕ ਹੀ ਪੇਖ।।[184]
2. ਰਵਿਦਾਸ ਇਕ ਬੂੰਦ ਸੇ, ਸਗਲ ਪਸਾਰਾ ਜਾਨ।
   ਸਭ ਉਪਜਓ ਇਕ ਬੂੰਦ ਸੇ, ਸਭ ਹੀ ਏਕ ਸਮਾਨ।।[185]

3. ਏਕੇ ਮਾਟੀ ਕੇ ਸਭ ਭਾਂਡੇ, ਸਭ ਕਾ ਏਕੋ ਸਿਰਜਨਹਾਰਾ।
'ਰਵਿਦਾਸ' ਬਯਾਪੈ ਏਕੋ ਘਟ ਭੀਤਰੁ ਸਭ ਕੋ ਏਕੈ ਘੜੈ ਕੁਮ੍ਹਾਰਾ।।[186]

ਜੀਵ ਪਰਮ ਤੱਤ ਤੋਂ ਪੈਦਾ ਹੋਕੇ ਉਸੇ ਵਿਚ ਸਮਾ ਜਾਂਦਾ ਹੈ। ਪਰ ਸਾਰੇ ਜੀਵ ਉਸ ਪਰਮ ਤੱਤ ਨਾਲ ਸਮਜੋਤ ਨਹੀਂ ਹੁੰਦੇ। ਕੁਝ ਜੀਵ ਆਪਣੇ ਕਰਮਾਂ ਕਾਰਨ ਜੂਨਾਂ ਵਿਚ ਘੁੰਮਦੇ ਰਹਿੰਦੇ ਹਨ। ਪ੍ਰੰਤੂ ਭਗਤੀ ਦੇ ਰਸਤੇ ਤੇ ਚੱਲਣ ਵਾਲੇ ਜੀਵ ਆਪਣੇ ਨੇਕ ਕਰਮਾਂ ਕਰਕੇ ਉਸੇ ਵਿਚ ਮੁੜ ਵਿਲੀਨ ਹੋ ਜਾਂਦੇ ਹਨ:—

1. ਕਰਮ ਜੋਗ ਕੀ ਸਾਧ ਜੋ, ਆਤਮ ਰਾਮ ਸੁਧ ਹੋਇ।
ਰਵਿਦਾਸ ਬਿਜੈਤਾ ਸੋ ਭਯਾ, ਕਰਮ ਕਰੈ ਜਉ ਕੋਇ।।[187]
2. ਏਕ ਭਰੋਸੇ ਰਾਮ ਕੇ, ਅਰੁ ਭਰੋਸੇ ਸੱਤਕਾਰ।
ਸਫਲ ਹੋਇਹਿੰ ਜੀਵਨਾ, ਕਹਿ ਰਵਿਦਾਸ ਬਿਚਾਰ।।[188]
3. ਜਹਾਂ ਕਾ ਉਪਜਯਾ ਤਹਾਂ ਵਿਲਾਈ, ਸਹਜ ਸੁੰਨਿ ਮੈਂ ਰਹਯੋ ਲੁਕਾਈ।।[189]

ਗੁਰੂ ਰਵਿਦਾਸ ਜੀ ਨੇ ਜੀਵਾਂ ਦੀਆਂ ਤਿੰਨ ਜੋਨੀਆਂ ਮੰਨੀਆਂ ਹਨ ਅਤੇ ਉਤਪਤੀ ਦੀ ਦ੍ਰਿਸ਼ਟੀ ਤੋਂ ਜੀਵ ਅੰਡਜ,ਜੇਰਜ, ਸੇਤਜ ਉਤਭੁਜ ਆਦਿ ਚਾਰ ਪ੍ਰਕਾਰ ਦੇ ਮੰਨੇ ਹਨ ਇਹ ਜੀਵ ਤਿੰਨਾਂ ਜੋਨੀਆਂ ਵਿਚ ਵੰਡੇ ਜਾਂਦੇ ਹਨ। ਇਨ੍ਹਾਂ ਜੂਨੀਆਂ ਵਿਚ ਮਨੁੱਖਾ ਜਨਮ ਦੁਰਲੱਭ ਹੈ ਜੋ ਚੰਗੇ ਕਰਮਾਂ ਨਾਲ ਪ੍ਰਾਪਤ ਹੁੰਦਾ ਹੈ। ਪਰ ਵਿਚਾਰ ਤੋਂ ਬਿਨ੍ਹਾਂ ਅਜਾਈਂ ਜਾ ਰਿਹਾ ਹੈ:—

1. ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ।
ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ।[190]
2. ਦੁਲਭ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤਿ ਅਬਿ ਬੇਕੈ।।[191]

ਜੀਵ ਸੰਸਾਰਕ ਕਾਰ ਵਿਹਾਰ ਕਰਦਿਆਂ ਮਾਇਆ ਵਿਚ ਰਚ ਜਾਂਦਾ ਹੈ। ਸਤੋ,ਰਜੋ, ਤਮੋ ਗੁਣਾਂ ਵਿਚੋਂ ਜੀਵ ਨੂੰ ਹਰ ਸਮੇਂ ਕੋਈ ਨਾ ਕੋਈ ਜ਼ਰੂਰ ਆ ਘੇਰਦਾ ਹੈ। ਸਤਿ ਸਰੂਪ ਪਰਮਾਤਮਾ ਹੀ ਜੀਵ ਨੂੰ ਇਨ੍ਹਾਂ ਸੰਸਿਆਂ ਤੋਂ ਨਵਿਰਤੀ ਦਵਾ ਸਕਦਾ ਹੈ। ਸਿਰਜਨ ਹਾਰ ਪਰਮਾਤਮਾ ਹੀ ਜੀਵ ਦੀ ਸੰਭਾਲ ਕਰ ਸਕਦਾ ਹੈ:—

1. ਸਤ ਰਜ ਤਮ ਮਾਯਾ ਧਨੀ, ਚੇਤਨ ਕੋ ਪ੍ਰਤਿਭਾਸ।
ਕਰਤਾ ਹਰਤਾ ਜਗਤ ਕੋ, ਭਜੈ ਤਾਹਿ ਰਵਿਦਾਸ।।[192]

2. ਮਨ ਮੇਰੇ ! ਸਤਿ ਸਰੂਪ ਵਿਚਾਰੋ।

ਆਦਿ ਅੰਤਿ ਅਨੰਤ ਪਰਮਪਦ, ਸੰਸਾ ਸਕਲ ਨਿਵਾਰੋ।।[193]

3. ਜੀਵ ਤਰਸੈ ਇਕ ਦੰਗਿ ਬਸੇਰਾ, ਕਰਹੁ ਸੰਭਾਲ ਤੁਮ ਸਿਰਜਨ ਮੇਰਾ।।[194]

ਜੀਵ ਦੈਹਿਕ, ਦੈਵਿਕ ਅਤੇ ਭੌਤਿਕ ਤਾਪਾਂ ਨਾਲ ਗ੍ਰਸਿਆ ਹੋਇਆ ਹੈ। ਇਹ ਹੀ ਜੀਵ ਦੀ ਅਗਿਆਨਤਾ ਹੈ। ਇਸ ਅਗਿਆਨਤਾ ਤੋਂ ਪ੍ਰਭੂ ਦੇ ਚਰਨਾਂ ਵਿਚ ਚਿੱਤ ਜੋੜ ਕੇ ਛੁਟਕਾਰਾ ਪ੍ਰਾਪਤ ਕੀਤਾ ਜਾ ਸਕਦਾ ਹੈ। ਜੀਵ ਮਾਇਆ ਹੱਥ ਵਿਕ ਜਾਂਦਾ ਹੈ ਇਸ ਲਈ ਇਸਨੂੰ ਹੋਰ ਸੋਝੀ ਨਹੀਂ ਰਹਿੰਦੀ। ਇਸ ਝੂਠੀ ਮਾਇਆ ਪਿੱਛੇ ਜੀਵ ਦੌੜਿਆ ਫਿਰਦਾ ਹੈ। ਪਰ ਜੀਵ ਇਹ ਨਹੀਂ ਸਮਝਦਾ ਕਿ ਮਾਇਆ ਤਾਂ ਨਾਸ਼ਵਾਨ ਹੈ, ਨਾਲ ਨਹੀਂ ਜਾਣੀ। ਨਾਲ ਤਾਂ ਪਰਮਾਤਮਾ ਦਾ ਨਾਮ ਸਿਮਰਣ ਹੀ ਸਹਾਈ ਹੋਣਾ ਹੈ। ਇਨ੍ਹਾਂ ਤਾਪਾਂ ਤੋਂ ਰਾਮ ਦੇ ਨਾਮ ਦਾ ਸਿਮਰਣ ਕਰਨ ਨਾਲ ਹੀ ਛੁਟਕਾਰਾ ਮਿਲ ਸਕਦਾ ਹੈ। ਨਹੀਂ ਤਾਂ ਜੀਵ ਜਨਮ ਮਰਨ ਦੇ ਚੱਕਰ ਵਿੱਚ ਪਿਆ ਰਹਿੰਦਾ ਹੈ:-

1. ਦੈਹਿਕ ਦੈਵਿਕ ਭੌਤਿਕ ਤਾਪਾ, ਅਤਿ ਅਗਯਾਨ ਰਹੇਉ ਜਗ ਬਾਪਾ।

ਪ੍ਰਭੂ ਚਰਨਾਂ ਚਿਤ ਥਿਰੋਇ ਨ ਤੌ ਲੌਂ, ਰਹਇ ਅਗਯਾਨੁ ਹਿਰਦੈ ਮਹਿ ਜੌ ਲੌਂ।।[19]

2. ਜਹਾਂ ਜਹਾਂ ਰਖੋਂ ਤਹਾਂ ਜਨਮ ਕਾਛੈ, ਤ੍ਰਿਬਿਧ ਤਾਪ ਤ੍ਰਿਭੁਵਨਿ ਪਤਿ ਪਾਛੈ।

ਭਜੇ ਅਤਿ ਛੀਨ ਖੇਦ ਮਾਯਾ ਬਸ, ਜਸ ਤਿਸ ਤਾਪ ਗਰਿ ਹੈਂ ਤੇ ਤਸ।।[196]

3. ਨਾਥ ਕਛੂਅ ਨ ਜਾਨਊ।। ਮਨੁ ਮਾਇਆ ਕੈ ਹਾਥਿ ਬਿਕਾਨਉ।।[197]

4. ਝੂਠੀ ਮਾਯਾ ਜਗ ਡਹਕਾਯਾ, ਤੋ ਤਨਿ ਤਾਪ ਦਹੈ ਰੇ।

ਕਹੈ 'ਰਵਿਦਾਸ' ਰਾਮ ਜਪ ਰਸਨਾ, ਮਾਯਾ ਕਾਹੂ ਕੇ ਸੰਗ ਨ ਰਹੈਰੇ।[198]

5. ਮਾਯਾ ਮੰਮਤਾ ਮੋਹ ਲਪਟਾਨੇ, ਦਿਨ ਦਿਨ ਉਰਝਤ ਜਾਈ।

- - - - - - - - - - - - - - - - - - - - -

ਕਹਿ ਰਵਿਦਾਸ ਮਨ ਥਿਰ ਹ੍ਵੈਸੀ, ਚਲਿ ਸਬ ਛਾਡੀ ਗੁਰ ਸਰਣਾਈ।[199]

6. ਰੇ ਮਨ ਰਾਮ ਨਾਮ ਸੰਭਾਰਿ। ਮਾਯਾ ਕੈ ਭ੍ਰਮਿ ਕਹਾਂ ਭੂਲਯੋ, ਜਾਹਿਗੋ ਕਰ ਝਾਰਿ।

- - - - - - - - - - - - - - - - - - - - - - - -

ਯਹੁ ਮਾਯਾ ਸਬ ਥੋਥਰੀ ਰੇ, ਭਗਤਿ ਕੋ ਪ੍ਰਤਿਪਾਰਿ।

ਕਹੈ 'ਰਵਿਦਾਸ' ਸਤਿ ਵਚਨ ਗੁਰ ਕੇ, ਸੋ ਨ ਜੀਅ ਤੈਂ ਟਾਰਿ।।[200]

ਗੁਰੂ ਨਾਨਕ ਨੇ ਵੀ ਜੀਵ ਦੀ ਉਤਪਤੀ ਪਰਮਤੱਤ ਤੋਂ ਹੀ ਮੰਨੀ ਹੈ ਉਸ ਤੋਂ ਹੀ ਪੈਦਾ ਹੁੰਦਾ ਹੈ ਅਤੇ ਉਸੇ ਵਿਚ ਸਮਾ ਜਾਂਦਾ ਹੈ। ਬ੍ਰਹਮ ਦੀ ਇੱਛਾ ਤੋਂ ਹੀ ਜੀਵ ਦਾ ਲੈਅ ਹੁੰਦਾ ਹੈ ਅਰਥਾਤ ਜੀਵ ਦਾ ਲੈਅ ਉਸੇ ਵਿਚ ਬ੍ਰਹਮ ਹੁੰਦਾ ਹੈ ਜਿਸ ਬ੍ਰਹਮ ਤੋਂ ਉਸਦੀ ਉਤਪਤੀ ਹੁੰਦੀ ਹੈ:—

1. ਤੁਝ ਤੇ ਉਪਜਹਿ ਤੁਝ ਮਾਹਿ ਸਮਾਵਹਿ।।[201]
2. ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਹਿ।।[202]
3. ਜਿਸ ਤੇ ਉਪਜੈ ਤਿਸ ਤੇ ਬਿਨਸੈ।।[203]
4. ਇਕਸੁ ਤੇ ਹੋਇਓ ਅਨੰਤਾ ਨਾਨਕ ਏਕਸੁ ਮਾਹਿ ਸਮਾਏ ਜੀਉ।[204]
5. ਜਿਸ ਤੇ ਉਪਜੈ ਤਿਸ ਤੇ ਬਿਨਸੈ ਘਟਿ ਘਟਿ ਸਚੁ ਭਰਪੂਰਿ।।[205]

ਗੋਰਖ ਅਨੁਸਾਰ ਉਤਪਤੀ ਕਰਨ ਵਾਲੀ ਮਾਇਆ ਸ਼ਕਤੀ ਨੇ ਹੀ ਸਤ, ਰਜ ਅਤੇ ਤਮ ਦੇ ਪ੍ਰਤੀਕ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਨੂੰ ਉਤਪੰਨ ਕੀਤਾ। ਤ੍ਰੈਗੁਣਾਂ ਕਾਰਨ ਹੀ ਜੀਵ ਬੰਧਨ ਵਿਚ ਪੈਂਦਾ ਹੈ ਅਤੇ ਤ੍ਰੈਗੁਣਾਤਮਕ ਮਾਇਆ ਦਾ ਯਥਾਰਥ ਰੂਪ ਸਮਝ ਲੈਣ ਤੇ ਉਹ ਬੰਧਨ ਮੁਕਤ ਹੋ ਜਾਂਦਾ ਹੈ। ਇੰਜ ਜੀਵ ਨੂੰ ਬੰਧਨ ਵਿੱਚ ਪਾਉਣ ਵਾਲਾ ਤਤ ਗਿਆਨ ਦੇ ਦੁਆਰਾ ਉਸ ਦੇ ਮੋਖ ਦਾ ਕਾਰਣ ਬਣਦਾ ਹੈ।[206] ਨਾਥ ਸੰਪ੍ਰਦਾਇ ਦੀ ਇਹ ਸ਼ਕਤੀ ਵਿਚਾਰ ਗੀਤਾ ਦੀ ਮਾਇਆ ਅਤੇ ਸਾਂਖ ਦੀ ਪ੍ਰਕ੍ਰਿਤੀ ਵਾਂਗ ਹੀ ਤ੍ਰੈਗੁਣਾਤਮਕ ਹੈ। ਗੁਰਬਾਣੀ ਵੀ ਇਸੇ ਵਿਚਾਰ ਦੀ ਧਾਰਨੀ ਹੈ ਅਤੇ ਜੀਵ ਨੂੰ ਸਤ, ਰਜ, ਅਤੇ ਤਮ ਮਾਇਕ ਸ਼ਕਤੀ ਦੀ ਦੇਣ ਸਮਝਦੀ ਹੈ। ਸੰਸਾਰ ਦੇ ਕਰੋੜਾਂ ਹੀ ਜੀਵ ਮਾਇਆ ਦੇ ਇਨ੍ਹਾਂ ਤਿੰਨਾਂ ਗੁਣਾਂ ਵਿਚ ਜਕੜੇ ਹੋਏ ਹਨ। ਜੀਵ ਇਨ੍ਹਾਂ ਤਿੰਨਾਂ ਗੁਣਾਂ ਦੇ ਅਧੀਨ ਰਹਿ ਕੇ ਕਰਮ ਕਰਦਾ ਹੈ, ਜਿਸ ਕਰਕੇ ਆਸਾ ਤੇ ਸਹਿਸਿਆਂ ਦਾ ਗੇੜ ਬਣਿਆ ਰਹਿੰਦਾ ਹੈ। ਇਹ ਗੇੜ ਗੁਰੂ ਦੀ ਸ਼ਰਣ ਵਿਚ ਪੈਣ ਨਾਲ ਹੀ ਕੱਟਿਆ ਜਾ ਸਕਦਾ ਹੈ। ਇਸ ਮਾਇਆ ਰੂਪੀ ਨਾਗਣੀ ਨੇ ਸਾਰੇ ਜਗਤ ਨੂੰ ਆਪਣੀ ਲਪੇਟ ਵਿਚ ਲਿਆ ਹੋਇਆ ਹੈ। ਇਸ ਦੀ ਗੁਲਾਮੀ ਜੀਵ ਨੂੰ ਤਬਾਹ ਕਰ ਦਿੰਦੀ ਹੈ:—

1. ਕਈ ਕੋਟਿ ਰਾਜਸ ਤਾਮਸ ਸਾਤਕ।।[207]
2. ਤ੍ਰਿਬਿਧ ਕਰਮ ਕਮਾਈਅਹਿ ਆਸ ਅੰਦੇਸਾ ਹੋਇ।।
   ਕਿਉ ਗੁਰ ਬਿਨੁ ਤ੍ਰਿਕੁਟੀ ਛੁਟਸੀ ਸਹਿਜ ਮਿਲੈ ਸੁਖੁ ਹੋਇ।।[208]
3. ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ।
   ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰ ਖਾਇ।।[209]

ਗੀਤਾ ਵਿਚ ਮਾਇਆ ਨੂੰ ਤ੍ਰੈਗੁਣਾਤਮਕ ਕਿਹਾ ਗਿਆ ਹੈ। ਜਿਸ ਤੋਂ ਪਦਾਰਥਾਂ ਦੀ ਉਤਪਤੀ ਹੁੰਦੀ ਹੈ। ਗੀਤਾ ਦੀ ਮਾਇਆ ਉਪਨਿਸ਼ਦਾਂ ਵਾਂਗ ਹੀ ਬ੍ਰਹਮ ਦੀ ਸ੍ਰਿਸ਼ਟੀ ਉਤਪਾਦਕ ਕ੍ਰਿਆ-ਸ਼ਕਤੀ ਹੈ।[210]

ਇਹ ਜੀਵ ਮਾਇਆ ਦੀ ਖਾਤਰ ਬਹੁਤ ਭੱਜ ਦੌੜ ਕਰਦਾ ਹੈ। ਮਾਇਆ ਦੇ ਤਿੰਨੇ ਗੁਣਾਂ ਵਿਚ ਫਸੇ ਰਹਿ ਕੇ ਉਹ ਦੁਖੀ ਹੁੰਦਾ ਹੈ। ਮਾਇਆ ਦੇ ਇਹ ਤਿੰਨ ਗੁਣ ਵੀ ਪ੍ਰਭੂ ਦੇ ਆਪੇ ਤੋਂ ਪੈਦਾ ਹੋਏ ਹਨ। ਕੋਈ ਜੀਵ ਵੀ ਉਸ ਪਰਮਾਤਮਾ ਦਾ ਮੁੱਲ ਨਹੀਂ ਪਾ ਸਕਦਾ। ਇਹ ਗੁਣ ਉਸ ਦੀ ਤਾਕਤ ਦਾ ਸਿੱਟਾ ਹੋਣ ਕਰਕੇ ਜੀਵਾਂ ਵਾਸਤੇ ਜੰਮਣਾ ਤੇ ਮਰਨਾ ਵੀ ਉਸ ਪ੍ਰਭੂ ਨੇ ਆਪ ਹੀ ਪੈਦਾ ਕੀਤਾ। ਗੁਰੂ ਦੀ ਸ਼ਰਨ ਪੈ ਕੇ ਤਿੰਨਾਂ ਗੁਣਾਂ ਤੋਂ ਉਪਰ ਚੌਥੀ ਅਵਸਥਾ ਚ ਮੁਕਤੀ ਮਿਲਦੀ ਹੈ:-

1. ਸਾਕਤ ਮਾਇਆ ਕਉ ਬਹੁ ਧਾਵਹਿ।। ਨਾਮੁ ਵਿਸਾਰਿ ਕਹਾ ਸੁਖ ਪਾਵਹਿ।
   ਤ੍ਰਿਹੁ ਗੁਣ ਅੰਤਰਿ ਖਪਹਿ ਖਪਾਵਹਿ ਨਾਹੀ ਪਾਰਿ ਉਤਾਰਾ ਹੇ।।[211]
2. ਬ੍ਰਹਮੇ ਮੁਖਿ ਮਾਇਆ ਹੈ ਤ੍ਰੈ ਗੁਣ।। ---------
   ਰਜ ਤਮ ਸਤ ਕਲ ਤੇਰੀ ਛਾਇਆ।। ਜਨਮ ਮਰਣ ਹਉਮੈ ਦੁਖ ਪਾਇਆ।।
   ਜਿਸ ਨੋ ਕ੍ਰਿਪਾ ਕਰੇ ਹਰਿ ਗੁਰਮੁਖਿ ਗੁਣਿ ਚਉਥੈ ਮੁਕਤਿ ਕਰਾਇਦਾ।।[212]

ਮਾਇਆ ਦੇ ਤਿੰਨਾਂ ਗੁਣਾਂ ਦਾ ਪਸਾਰਾ ਕਰਕੇ ਪਰਮਾਤਮਾ ਆਪ ਚਉਥੇ ਘਰ ਵਿਚ ਟਿਕਿਆ ਹੋਇਆ ਹੈ। ਜਨਮ-ਮਰਨ ਤੋਂ ਰਹਿਤ ਪਰਮਾਤਮਾ ਦੀ ਪਵਿਤ੍ਰ ਜੋਤਿ ਜੀਵ ਦੀ ਜ਼ਿੰਦਗੀ ਦਾ ਸਹਾਰਾ ਹੈ। ਸਾਰੇ ਜੀਵ ਅੰਤਰਜਾਮੀ ਪਰਮਾਤਮਾ ਦੇ ਪੈਦਾ ਕੀਤੇ ਹਨ।-

ਤ੍ਰੈ ਵਰਤਾਇ ਚਉਥੈ ਘਰਿ ਵਾਸਾ।। ਕਾਲ ਬਿਕਾਲ ਕੀਏ ਇਕ ਗ੍ਰਾਸਾ।।
ਨਿਰਮਲ ਜੋਤਿ ਸਰਬ ਜਗਜੀਵਨੁ ਗੁਰਿ ਅਨਹਦ ਸਬਦਿ ਦਿਖਾਇਆ।।
ਤੂੰ ਅੰਤਰਜਾਮੀ ਜੀਅ ਸਭ ਤੇਰੇ।।[213]

ਪਰਮਾਤਮਾ ਨੇ ਜੀਵਾਂ ਦੀ ਉਤਪਤੀ ਅੰਡੇ, ਜਿਓਰ, ਪਸੀਨਾ ਅਤੇ ਬਾਹਾਂ ਦੇ ਬਲ ਤੋਂ ਪੈਦਾ ਕੀਤੀ ਹੈ। ਇਸੇ ਕਰਕੇ ਤਾਂ ਬ੍ਰਹਮ ਆਪ ਹੀ ਅੰਡਜ, ਜੇਰਜ, ਸੇਤਜ ਉਤਭੁਜ ਹੈ ਉਹ ਆਪ ਹੀ ਜਾਣਦਾ ਹੈ। ਇਹ ਸਾਰੇ ਜੀਵ ਜੰਮਣ ਮਰਨ ਦੇ ਗੇੜ ਵਿਚ ਹਨ ਤੇ ਅੰਤ ਵਿਚ

ਇਹ ਉਸੇ ਪ੍ਰਭੂ ਵਿਚ ਸਮਾ ਜਾਂਦੇ ਹਨ:–

1. ਅੰਡਜ ਜੇਰਜ ਸੇਤਜ ਉਤਭੁਜਾ ਪ੍ਰਭ ਕੀ ਇਹ ਕਿਰਤਿ।।[214]
2. ਆਪੇ ਅੰਡਜ ਜੇਰਜ,ਸੇਤਜ ਉਤਭੁਜ ਆਪੇ ਖੰਡ ਆਪੇ ਸਭ ਲੋਇ।।[215]
3. ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ।। ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਂਹ।।[216]
4. ਖਾਣੀ ਬਾਣੀ ਤੁਝਹਿ ਸਮਾਣੀ।। ਜੋ ਦੀਸੈ ਸਭ ਆਵਣ ਜਾਣੀ।।[217]

ਪ੍ਰਭੂ ਨੇ ਨਿਰੋਲ ਆਪੇ ਤੋਂ ਜੀਵ-ਉਤਪਤੀ ਦੀਆਂ ਚਾਰ ਖਾਣੀਆਂ ਬਣਾਈਆਂ ਤੇ ਜੀਵਾਂ ਦੀਆਂ ਬਾਣੀਆਂ ਰਚੀਆਂ। ਉਸ ਤੋਂ ਪੈਦਾ ਹੋ ਕੇ ਮੁੜ ਉਸੇ ਵਿਚ ਸਮਾ ਜਾਂਦੀਆਂ ਹਨ। ਉਹ ਆਪ ਹੀ ਉਪਾਉਂਦਾ ਹੈ ਤੇ ਆਪ ਹੀ ਖਪਾਉਂਦਾ ਹੈ:–

1. ਸੁੰਨਹੁ ਖਾਣੀ ਸੁੰਨਹੁ ਬਾਣੀ।। ਸੁੰਨਹੁ ਉਪਜੀ ਸੁੰਨਿ ਸਮਾਣੀ।।[218]
2. ਆਪਿ ਉਪਾਏ ਆਪਿ ਖਪਾਏ।।[219]

ਭਾਵੇਂ ਪਰਮਾਤਮਾ ਨੇ ਜੀਵ ਅੰਡਜ, ਜੇਰਜ, ਸੇਤਜ, ਉਤਭੁਜ ਆਦਿ ਚਾਰ ਤਰ੍ਹਾਂ ਪੈਦਾ ਕੀਤੇ ਹਨ ਪ੍ਰੰਤੂ ਉਹ ਸਾਰਿਆਂ ਵਿਚ ਇਕ ਰਸ ਵਿਚਰ ਰਿਹਾ ਹੈ:–

ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ।।
ਏਕੁ ਪੁਰਬੁ ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ।।[220]

ਇੰਨਾ ਕੁਝ ਹੁੰਦਿਆਂ ਹੋਇਆਂ ਵੀ ਗੁਰੂ ਨਾਨਕ ਦੇਵ ਜੀ ਜੀਵ ਦੀ ਉਤਪਤੀ ਪਰਮਾਤਮਾ ਦੇ ਹੁਕਮ ਅਨੁਸਾਰ ਮੰਨਦੇ ਹਨ। ਹੁਕਮ ਦਾ ਭਾਵ ਇੱਛਾ ਜਾਂ ਇਰਾਦਾ ਹੈ। ਇਸ ਦਾ ਭਾਵ " ਰੱਬੀ ਫੁਰਨਾ" ਹੈ।[221] ਪਰ ਡਾ. ਮੋਹਨ ਸਿੰਘ ਨੇ 'ਹੁਕਮ' ਦਾ ਅਰਥ 'ਸ੍ਰਿਸ਼ਟੀ ਵਿਧਾਨ' ਕੀਤਾ ਹੈ।[222] ਗੁਰੂ ਜੀ ਅਨੁਸਾਰ ਪਰਮਾਤਮਾ ਦੇ ਹੁਕਮ ਅਨੁਸਾਰ ਹੀ ਸਾਰੇ ਸਰੀਰ ਬਣਦੇ ਹਨ। ਹੁਕਮ ਅਨੁਸਾਰ ਹੀ ਸਾਰੇ ਜੀਵ ਪੈਦਾ ਹੁੰਦੇ ਤੇ ਹੁਕਮ ਅਨੁਸਾਰ ਹੀ ਸੋਭਾ ਪਾਉਂਦੇ ਹਨ। ਜੋ ਉਸਦੀ ਇੱਛਾ ਦਾ ਹੀ ਸਿੱਟਾ ਹੈ:–

ਹੁਕਮੀ ਹੋਵਨਿ ਆਕਾਰ, ਹੁਕਮੁ ਨ ਕਹਿਆ ਜਾਈ।।
ਹੁਕਮੀ ਹੋਵਨਿ ਜੀਅ, ਹੁਕਮਿ ਮਿਲੈ ਵਡਿਆਈ।।[223]

ਗੁਰੂ ਨਾਨਕ ਦੇਵ ਜੀ ਜੀਵ ਸਮੇਤ ਸਾਰੀ ਸ੍ਰਿਸ਼ਟੀ ਨੂੰ ਪਰਮਾਤਮਾ ਦੇ ਹੁਕਮ ਦੀ

ਦੇਣ ਸਮਝਦੇ ਹਨ। ਉਨ੍ਹਾਂ ਅਨੁਸਾਰ ਜੀਵ ਪਰਮਾਤਮਾ ਦੇ ਹੁਕਮ ਅਨੁਸਾਰ ਜਗਤ ਵਿਚ ਆਉਂਦਾ ਹੈ ਅਤੇ ਹੁਕਮ ਅਨੁਸਾਰ ਹੀ ਸਮਾ ਜਾਂਦਾ ਹੈ। ਹੁਕਮ ਵਿਚ ਹੀ ਜਗਤ ਪੈਦਾ ਹੋਇਆ। ਜੀਵਾਤਮਾ ਦਾ ਮਾਇਆ ਦੇ ਘੇਰੇ ਵਿਚ ਫਾਸਾ ਹੋਇਆ ਜਿਸ ਜੀਵ ਉੱਤੇ ਉਹ ਮਿਹਰ ਕਰਦਾ ਹੈ ਉਸ ਨੂੰ ਮਾਇਆ ਦੇ ਬੰਧਨ ਤੋਂ ਖਲਾਸੀ ਦੇਂਦਾ ਹੈ ਅਤੇ ਆਪਣੇ ਵਿਚ ਲੀਨ ਕਰ ਲੈਂਦਾ ਹੈ।

1. ਹੁਕਮੇ ਆਇਆ ਹੁਕਮਿ ਸਮਾਇਆ॥ ਹੁਕਮੇ ਦੀਸੈ ਜਗਤੁ ਉਪਾਇਆ॥

\- - - - - - - - - - - - - -   - - - - - - - - -

ਹੁਕਮੇ ਜਾਸ ਰਿਰਾਸ ਸਦਾ ਫੁਨਿ ਹੁਕਮੇ ਦੇਖਿ ਦਿਖਾਇਦਾ॥

\- - - - - - - - - - - - - - - - - - - - - - -

ਆਪਿ ਨਾਥੁ ਨਥੀ ਸਭ ਜਾਕੀ ਬਖਸੇ ਮੁਕਤਿ ਕਰਾਇਦਾ॥[224]

2. ਆਗਿਆ ਆਵੈ ਆਗਿਆ ਜਾਇ॥ ਨਾਨਕ ਜਾ ਭਾਵੈ ਤਾ ਲਏ ਸਮਾਇ।[225]

ਇਹ ਠੀਕ ਹੈ ਕਿ ਗੁਰੂ ਰਵਿਦਾਸ ਜੀ ਜੀਵ ਦੀ ਉਤਪਤੀ ਸੰਬੰਧੀ ਹੁਕਮ ਸ਼ਬਦ ਦਾ ਪ੍ਰਯੋਗ ਨਹੀਂ ਕਰਦੇ ਪਰ ਉਹ ਪਰਮਾਤਮਾ ਦੇ ਇਕ ਨੂਰ ਤੋਂ ਹੀ ਜੀਵ ਦੀ ਉਤਪਤੀ ਦੱਸਦੇ ਹਨ ਜੋ ਗੁਰਬਾਣੀ ਦੇ 'ਪਰਮਾਤਮਾ ਦੀ ਇਕ ਜੋਤਿ ਤੋਂ' ਨਾਲ ਬਿਲਕੁਲ ਮੇਲ ਖਾਂਦਾ ਹੈ। ਪ੍ਰਕ੍ਰਿਤੀ ਦੇ ਤਿੰਨ ਗੁਣ ਸਤ ਰਜ ਤੇ ਤਮ ਦੋਹਾਂ ਗੁਰੂਆਂ ਨੇ ਮੰਨੇ ਹਨ। ਜੋ ਸਾਂਖ ਦਰਸ਼ਨ ਨਾਲ ਮੇਲ ਖਾਂਦੇ ਹਨ। ਗੁਰਬਾਣੀ ਵਿਚ 'ਪ੍ਰਭੂ ਦੇ ਹੁਕਮ' ਨੂੰ ਸਾਰੀ ਸ੍ਰਿਸ਼ਟੀ ਦਾ ਕਾਰਣ ਦੱਸਿਆ ਗਿਆ ਹੈ। ਹੁਕਮ ਦੇ ਨਾਲ ਹੀ 'ਹਉਮੈ' ਰੂਪ ਧਾਰਦੀ ਹੈ। ਇਹ ਹਉਮੈ ਸਾਂਖ-ਵੇਦਾਂਤ ਦਾ ਅਹੰਕਾਰ ਹੀ ਸ੍ਰਿਸ਼ਟੀ ਸਮੇਤ ਜੀਵ ਦਾ ਕਾਰਣ ਹੈ। ਪ੍ਰਭੂ ਦੀ ਇੱਛਾ ਹੀ ਕਰਮ ਹੈ, ਹੁਕਮ ਦੀ ਹੋਂਦ ਹੈ। ਸਾਡੇ ਵਾਂਗ ਨਹੀਂ ਕਿ ਅਸੀਂ ਇੱਛਾ ਕਰੀਏ ਕਿ ਸੁਹਣਾ ਬੰਗਲਾ ਹੋਵੇ। ਇਸ ਇੱਛਾਂ ਨੂੰ ਪੂਰਾ ਕਰਨ ਲਈ ਕਿੰਨੇ ਸਾਲ ਲੱਗਣਗੇ ਤੇ ਕਿੰਨੇ ਸਾਧਨ ਜੁਟਾਉਣੇ ਪੈਣਗੇ ਇਹ ਸਭ ਖਿਆਲੀ ਹੈ। ਪਰ ਪ੍ਰਭੂ ਦਾ ਹੁਕਮ ਅਜਿਹਾ ਨਹੀਂ। ਜਦੋਂ ਉਸਨੂੰ ਫੁਰਨਾ ਫੁਰਦਾ ਹੈ ਤਾਂ ਜੀਵ ਹੋਂਦ ਵਿਚ ਆ ਜਾਂਦਾ ਹੈ:-

ਹੁਕਮੀ ਸਭੈ ਊਪਜਹਿ ਹੁਕਮੀ ਕਾਰ ਕਮਾਹਿ॥
ਹੁਕਮੀ ਕਾਲੈ ਵਸਿ ਹੈ ਹੁਕਮੀ ਸਾਚਿ ਸਮਾਹਿ॥
ਨਾਨਕ ਜੋ ਤਿਸੁ ਭਾਵੈ ਸੋ ਥੀਐ ਇਨਾ ਜੰਤਾ ਵਸਿ ਕਿਛੁ ਨਾਹਿ॥

— ਗੁਰੂ ਗ੍ਰੰਥ ਸਾਹਿਬ ਸਿਰੀ ਅਸਟਪਦੀਆਂ ਮ: 1,
ਪੰਨਾ-55.

ਜੀਵ ਸ਼ਿਖਿਆ

ਸ੍ਰਿਸ਼ਟੀ ਵਿਚ ਮਨੁੱਖ ਸ਼੍ਰੋਮਣੀ ਜੀਵ ਹੈ। ਪਰ ਇਹ ਸ੍ਰੇਸ਼ਟ ਪਦ ਇਸ ਨੂੰ ਕਈ ਕਰਮਾਂ ਤੋਂ ਬਾਅਦ ਮਿਲਦਾ ਹੈ ਜੋ ਮੰਨੀਆਂ ਗਈਆਂ ਜੂਨਾਂ ਵਿਚੋਂ ਸਭ ਤੋਂ ਉਤਮ ਮੰਨਿਆ ਗਿਆ ਹੈ। ਵੇਦਾਂਤ ਅਨੁਸਾਰ ਮਨੁੱਖ ਨੂੰ ਆਪਣੇ ਕੀਤੇ ਕਰਮਾਂ ਅਨੁਸਾਰ ਮਨੁੱਖਾ ਜਨਮ ਪ੍ਰਾਪਤ ਹੁੰਦਾ ਹੈ। ਗੁਰੂ ਰਵਿਦਾਸ ਜੀ ਵੀ ਮਨੁੱਖਾ ਜਨਮ ਨੂੰ ਵੱਖ-ਵੱਖ ਜੂਨੀਆਂ ਵਿਚੋਂ ਉਤਮ ਮੰਨਦੇ ਹਨ ਪਰ ਇਹ ਜਨਮ ਵੀ ਮਨੁੱਖ ਦੀ ਅਗਿਆਨਤਾ ਕਾਰਨ ਬੇਅਰਥ ਚਲਾ ਜਾਂਦਾ ਹੈ:-

1. ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ।।[226]
2. ਦੁਲਭ ਜਨਮ ਪੁੰਨ ਫਲ ਪਾਇਓ, ਬਿਰਥਾ ਜਾਤ ਅਬਿਬੇਕੈ।।[227]

ਸਾਰੇ ਜੀਵ ਕਰਮਾਂ ਦੇ ਬੰਨ੍ਹੇ ਹੋਏ ਹਨ। ਕਾਲ ਦੀ ਫਾਹੀ ਉਨ੍ਹਾਂ ਨੂੰ ਹਰ ਥਾਂ ਆ ਪੈਂਦੀ ਹੈ। ਗੁਰੂ ਜੀ ਕੋਟਿ ਜਨਮ ਦਾ ਜ਼ਿਕਰ ਕਰਦੇ ਹੋਏ ਮਨੁੱਖਾ ਜਨਮ ਵਿਚ ਹਰੀ ਸਿਮਰਨ ਤੋਂ ਬਿਨਾਂ ਬਾਕੀ ਜਨਮਾਂ ਨੂੰ ਬੇਕਾਰ ਦੱਸਦੇ ਹਨ। ਗੁਰੂ ਜੀ ਅਨੁਸਾਰ ਕਬੀਰ ਨਾਮ ਜਪ ਕਰਕੇ ਉਘਾ ਹੋਇਆ ਅਤੇ ਉਸਦੇ ਜਨਮਾਂਤਰਾਂ ਦੇ ਲੇਖੇ ਫਟ ਗਏ:-

1. ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ।।
ਕਾਲ ਫਾਸ ਅਬਧ ਲਾਗੀ ਕਛੁ ਨ ਚਲੈ ਉਪਾਇ।।[228]
2. ਹਰਿ ਸਿਮਰੈ ਸੋਇ ਸੰਤ ਵਿਚਾਰੋ।
ਅਵਰੁ ਜਨਮ ਬੇਨਾਮ ਰਾਮ ਬਿਨ, ਕੋਟਿ ਜਨਮ ਸੋਂ ਉਪਰਿ ਬਾਰੋ।।[229]
3. ਹਰਿ ਕੇ ਨਾਮ ਕਬੀਰ ਉਜਾਗਰੀ।। ਜਨਮ ਜਨਮ ਕੇ ਕਾਟੇ ਕਾਗਰ।।[230]

ਸਪੱਸ਼ਟ ਹੈ ਕਿ ਗੁਰੂ ਰਵਿਦਾਸ ਜੀ ਜੀਵ ਸ਼ਿਖਿਆ ਅਤੇ ਜੀਵ-ਜੂਨੀਆਂ ਵਿਚ ਵਿਸ਼ਵਾਸ਼ ਰੱਖਦੇ ਸਨ। ਇਸੇ ਕਰਕੇ ਗੁਰੂ ਜੀ ਆਪਣੇ ਆਪ ਨੂੰ ਉਸ ਪ੍ਰਭੂ ਤੋਂ ਕਈ ਜਨਮਾਂ ਤੋਂ ਵਿਛੜੇ ਹੋਏ ਸਮਝਦੇ ਹਨ ਅਤੇ ਇਹ ਜਨਮ ਆਪਣਾ ਪ੍ਰਭੂ ਦੇ ਚਰਨਾਂ ਵਿਚ ਜੁੜ ਉਸਦੇ ਲੇਖੇ ਲਾਉਣਾ ਚਾਹੁੰਦੇ ਹਨ:-

ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮਾਰੇ ਲੇਖੇ।।[231]

ਅਨੇਕਾਂ ਜੀਵ ਜੂਨੀਆਂ ਵਿਚ ਭਟਕਦੇ ਫਿਰਦੇ ਹਨ। ਜਲ, ਥਲ ਦੇ ਸਾਰੇ ਜੀਵ ਪਰਮਾਤਮਾ ਦਾ ਰੂਪ ਤਾਂ ਹਨ ਪਰ ਵੱਖ ਵੱਖ ਜੂਨੀਆਂ ਭੋਗਦੇ ਹਨ:-

1. ਉਦੈ ਅਸਤ ਸ੍ਰਿਸ਼ਟਿ ਕਰ ਲੇਖਾ, ਜੀਵ ਜੋਨਿ ਮਹਿ ਭ੍ਰਮਹਿ ਅਨੇਕਾ।।[232]
2. ਜਲ ਥਲ ਜੀਵ ਚਰਾਚਰ ਜੇਤੇ, ਰਾਮ ਰੂਪ ਅਨਿਯਹਿ ਸਭ ਤੇਤੇ।।[233]
3. ਥਾਵਰ, ਜੰਗਮ, ਜਲ੍ਹ ਨਭ ਵਾਸੀ, ਜੋਗੀ ਜਤੀ ਵਿਰਤਿ ਉਦਾਸੀ।[234]

ਗੁਰੂ ਨਾਨਕ ਦੇਵ ਜੀ ਨੇ ਵੀ ਜੀਵ-ਜੂਨਾਂ ਦੀ ਗਿਣਤੀ 84 ਲੱਖ ਦੱਸੀ ਹੈ। ਪਰ ਜਿਵੇਂ ਉਸਦੀ ਮਰਜੀ ਹੁੰਦੀ ਹੈ ਪੈਦਾ ਕਰਕੇ ਨਾਸ਼ ਕਰ ਦਿੰਦਾ ਹੈ। ਉਹ ਆਪ ਹੀ ਆਪਣੇ ਪੈਦਾ ਕੀਤੇ ਜੀਵਾਂ ਨੂੰ ਰੋਜੀ ਪਹੁੰਚਾਉਂਦਾ ਹੈ। ਉਸ ਦੇ ਬਰਾਬਰ ਹੋਰ ਕੋਈ ਹਸਤੀ ਨਹੀਂ। ਜੀਵ ਉਸਦੀ ਮਰਜੀ ਨਾਲ ਹੀ ਸਾਹ ਲੈਂਦੇ ਹਨ:-

1. ਲਖ ਚਉਰਾਸੀਹ ਜੰਤ ਉਪਾਏ।। ਮੇਰੇ ਠਾਕੁਰ ਭਾਣੇ ਸਿਰਜਿ ਸਮਾਏ।।[235]
2. ਲਖ ਚਉਰਾਸੀਹ ਜੀਅ ਉਪਾਏ।। ਗਿਆਨੀ ਧਿਆਨੀ ਆਖਿ ਸੁਣਾਏ।।
   ਸਭਨਾ ਰਿਜਕੁ ਸਮਾਹੇ ਆਪੇ ਕੀਮਤਿ ਹੋਰ ਨ ਹੋਈ ਹੇ।।[236]
3. ਲਖ ਚਉਰਾਸੀਹ ਜੀਅ ਉਪਾਏ ਭਾਣੈ ਸਾਹ ਲਵਾਇਦਾ।।[237]

ਭਾਵੇਂ ਗੁਰੂ ਜੀ ਨੇ ਜੀਵ ਅਸੰਖ ਮੰਨੇ ਹਨ ਪਰ ਇਨ੍ਹਾਂ ਜੀਵਾਂ ਦੀਆਂ ਅਨੰਤ ਜਾਤੀਆਂ, ਅਨੰਤ ਰੰਗ ਅਤੇ ਅਨੰਤ ਨਾਮ ਹਨ। ਜਿਸਦਾ ਅੰਤ ਨਹੀਂ ਪਾਇਆ ਜਾ ਸਕਦਾ:-

1. ਜੀਅਜਾਤਿ, ਰੰਗਾ ਕੇ ਨਾਵ।।[238]
2. ਤਿਸੁ ਵਿਚਿ ਜੀਅ ਜੁਗਤਿ ਕੇ ਰੰਗ।। ਤਿਨ ਕੇ ਨਾਮ ਅਨੇਕ ਅਨੰਤ।।[239]
3. ਅੰਤੁ ਨ ਜਾਪੈ ਕੀਤਾ ਆਕਾਰੁ। ਅੰਤੁ ਨ ਜਾਪੈ ਪਾਰਾਵਾਰੁ।।[240]

ਅਕਾਲ ਪੁਰਖ ਦੀ ਇਸ ਰਚਨਾ ਵਿਚ ਕਈ ਪ੍ਰਕਾਰ ਦੇ ਪਉਣ, ਪਾਣੀ ਤੇ ਅਗਨੀਆਂ ਹਨ। ਕਈ ਕ੍ਰਿਸ਼ਨ ਤੇ ਕਈ ਸ਼ਿਵ ਹਨ। ਕਈ ਬ੍ਰਹਮੇ ਪੈਦਾ ਕੀਤੇ ਹਨ ਜਿਨ੍ਹਾਂ ਦੇ ਕਈ ਰੂਪ, ਕਈ ਰੰਗ ਤੇ ਕਈ ਵੇਸ ਹਨ:-

1. ਕੇਤੇ ਪਵਣ ਪਾਣੀ ਵੈਸੰਤਰ, ਕੇਤੇ ਕਾਨ ਮਹੇਸ।।
   ਕੇਤੇ ਬਰਮੇ ਘਾੜਤਿ ਘੜੀਅਹਿ, ਰੂਪ ਰੰਗ ਕੇ ਵੇਸ।।[247]

ਇਹ ਸਾਰੀ ਸ੍ਰਿਸ਼ਟੀ ਪ੍ਰਭੂ ਨੇ ਆਪ ਬਣਾਈ ਹੈ ਤੇ ਪ੍ਰਭੂ ਸੱਭ ਵਿਚ ਮੌਜੂਦ ਹੈ ਇਹ ਰਚਨਾ ਕਈ ਰੰਗਾਂ, ਕਈ ਕਿਸਮਾਂ ਅਤੇ ਕਈ ਤਰੀਕਿਆਂ ਨਾਲ ਬਣਾਈ ਹੈ ਇਹ ਸਾਰਾ ਭੇਤ ਉਹ ਆਪ ਹੀ ਜਾਣਦਾ ਹੈ:-

1. ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ॥
ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ॥
ਤੂੰ ਜਾਣਹਿ ਜਿਨਿ ਉਪਾਈਐ ਸਭੁ ਖੇਲੁ ਤੁਮਾਤੀ॥[242]

2. ਨਾਨਕ ਰਚਨਾ ਪ੍ਰਭ ਰਚੀ ਬਹੁ ਬਿਧਿ ਅਨਿਕ ਪ੍ਰਕਾਰ॥[243]

ਗੁਰੂ ਨਾਨਕ ਨੇ ਦ੍ਵੈਤਭਾਵ ਦਾ ਇਸ ਲਈ ਬਾਰ ਬਾਰ ਖੰਡਨ ਕੀਤਾ ਹੈ ਕਿ ਜੀਵ ਦੀ ਕਿਸੀ ਤਰ੍ਹਾਂ ਸਵਤੰਤਰਤਾ ਸਿੱਧ ਹੀ ਨਾ ਹੋਵੇ। ਗੁਰੂ ਨਾਨਕ ਦੀ ਬਾਣੀ ਵਿੱਚ ਜੀਵਾਂ ਦੀ ਤਾਤਵਿਕ ਅਨੇਕਤਾ ਦਾ ਪ੍ਰਸ਼ਨ ਹੀ ਪੈਦਾ ਨਹੀਂ ਹੁੰਦਾ। ਆਤਮਾ ਹੀ ਕਰਮਾਂ ਦੇ ਫਲਸਰੂਪ ਸੰਸਕਾਰਾਂ ਦੇ ਆਧਾਰ ਤੇ ਭਿੰਨ ਭਿੰਨ ਜੂਨੀਆਂ ਧਾਰਨ ਕਰਦਾ ਹੈ ਅਤੇ ਉਚ ਨੀਚ ਸਤਾ ਪ੍ਰਾਪਤ ਕਰਦਾ ਹੈ।[244] ਇਹ ਗੱਲ ਹੈ ਵੀ ਸੱਚ ਦੇ ਨਜ਼ਦੀਕ।

ਇਸ ਚਉਰਾਸੀ ਲੱਖ ਜੂਨ ਵਿਚ ਮਨੁੱਖਾ ਜੂਨ ਬੜੀ ਦੁਰਲੱਭ ਮੰਨੀ ਗਈ ਹੈ। ਜੋ ਨਿਯਮਾਂ ਦੇ ਅਨੁਸਾਰ ਚੰਗੇ ਕਰਮ ਕਰਕੇ ਮਿਲਦਾ ਹੈ। ਡਾ. ਸ਼ੇਰ ਸਿੰਘ ਲਿਖਦੇ ਹਨ, ਉਹ ਨਿਯਮ ਜਿਸ ਅਨੁਸਾਰ ਜੀਵ ਜਨਮ ਲੈਂਦੇ ਹਨ 'ਕਰਮਾਂ' ਦਾ ਨਿਯਮ ਹੈ। ਇਹ ਕਰਮਾਂ ਦਾ ਧਰਮ ਜੀਵ ਨੂੰ ਉਤਾਂਹ ਭੀ ਚੁਕਦਾ ਹੈ ਤੇ ਹੇਠਾਂ ਵੀ ਡੇਗਦਾ ਹੈ। ਇਹ ਗੱਲ ਕਰਮਾਂ ਦੇ ਗੁਣਾਂ ਦੇ ਅਧੀਨ ਹੈ। ਤਰੱਕੀ ਵਾਲੇ ਪਾਸੇ ਤਾਂ ਚੰਗੇ ਕਰਮਾਂ ਦਾ ਅੰਤਲਾ ਫਲ ਮਨੁੱਖਾ ਜਨਮ ਦੀ ਪ੍ਰਾਪਤੀ ਹੀ ਹੈ।[245]

ਕਈ ਜਨਮ ਭਏ ਕੀਟ ਪਤੰਗਾ॥ ਕਈ ਜਨਮ ਗਜ ਮੀਨ ਕੁਰੰਗਾ॥
ਕਈ ਜਨਮ ਪੰਖੀ ਸਰਪ ਹੋਇਓ॥ ਕਈ ਜਨਮ ਹੈਵਰ ਬ੍ਰਿਖ ਜੋਇਓ॥
- - - - - - - - - - - - - - - - - - - - - - - - -
ਲਖ ਚਉਰਾਸੀਹ ਜੋਨਿ ਭ੍ਰਮਾਇਆ॥ ਸਾਧ ਸੰਗਿ ਭਇਓ ਜਨਮੁ ਪਰਾਪਤ॥[246]

ਚੌਰਾਸੀ ਲੱਖ ਜੂਨਾਂ ਵਿਚੋਂ ਪਰਮਾਤਮਾ ਨੇ ਮਨੁੱਖਾ ਜਨਮ ਨੂੰ ਵਡਿਆਈ ਦਿੱਤੀ ਹੈ। ਪਰ ਜਿਹੜਾ ਜੀਵ ਇਸ ਪੌੜੀ ਤੋਂ ਖੁੰਝ ਜਾਂਦਾ ਹੈ ਉਹ ਜਨਮ ਮਰਨ ਦੇ ਗੇੜ ਵਿਚ ਪੈ ਕੇ ਦੁੱਖ ਭੋਗਦਾ ਹੈ:-

ਲਖ ਚਉਰਾਸੀਹ ਜੋਨਿ ਸਬਾਈ॥ ਮਾਣਸ ਕਉ ਪ੍ਰਭਿ ਦੀਈ ਵਡਿਆਈ॥
ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ॥[247]

ਪਰ ਪਰਮਾਤਮਾ ਦੀ ਭਗਤੀ ਕਰਨ ਵਾਲਾ ਜੀਵ ਪਰਮਾਤਮਾ ਵਰਗਾ ਹੋ ਜਾਂਦਾ ਹੈ। ਉਸ ਦੇ ਸਰੀਰ ਤੇ ਪਰਮਾਤਮਾ ਵਿਚ ਕੋਈ ਫਰਕ ਨਹੀਂ ਰਹਿੰਦਾ। ਉਹ ਉਵੇਂ ਹੀ ਪਰਮਾਤਮਾ ਵਿਚ ਸਮਾ ਜਾਂਦਾ ਹੈ ਜਿਵੇਂ ਪਾਣੀ ਦੀਆਂ ਲਹਿਰਾਂ ਪਾਣੀ ਵਿਚ ਰਲ ਜਾਂਦੀਆਂ ਹਨ:-

ਹਰਿ ਕਾ ਸੇਵਕ ਸੋ ਹਰਿ ਜੇਹਾ।। ਭੇਦੁ ਨ ਜਾਣਹੁ ਮਾਣਸ ਦੇਹਾ।।
ਜਿਉ ਜਲ ਤਰੰਗ ਉਠਹਿ ਬਹੁ ਭਾਤੀ ਫਿਰਿ ਸਲਲੈ ਸਲਲ ਸਮਾਇਦਾ।।[248]

ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਰੂ ਰਵਿਦਾਸ ਅਤੇ ਗੁਰੂ ਨਾਨਕ ਨੇ ਜੀਵ-ਸੀਂਖਿਆ ਲਈ ਵੱਖ ਵੱਖ ਜੂਨੀਆਂ ਦਾ ਜ਼ਿਕਰ ਕਰਦਿਆਂ ਮਨੁੱਖਾ ਜਨਮ ਨੂੰ ਸਭ ਤੋਂ ਦੁਰਲੱਭ ਮੰਨਿਆ ਹੈ ਅਤੇ ਇਸੇ ਜਨਮ ਵਿਚ ਹੀ ਹਰੀ ਦਾ ਸਿਮਰਨ ਕਰਦਿਆਂ ਚਉਰਾਸੀ ਲੱਖ ਜੂਨਾਂ ਦੇ ਚੱਕਰ ਤੋਂ ਬਚਿਆ ਜਾ ਸਕਦਾ ਹੈ। ਜੂਨਾਂ ਦੇ ਚੱਕਰ ਵਿਚ ਪੈਣਾ ਤੇ ਇਸ ਤੋਂ ਮੁਕਤ ਹੋਣਾ ਜੀਵਾਂ ਦੇ ਆਪਣੇ ਕਰਮਾਂ ਤੇ ਨਿਰਭਰ ਕਰਦਾ ਹੈ ਅਤੇ ਪਰਮਾਤਮਾ ਦੀ ਕ੍ਰਿਪਾ ਦੁਆਰਾ ਹੀ ਜੂਨਾਂ ਦੇ ਚੱਕਰ ਤੋਂ ਬਚਿਆ ਜਾ ਸਕਦਾ ਹੈ। ਡਾ. ਸ਼ੇਰ ਸਿੰਘ ਅਨੁਸਾਰ ਵੀ ਭਾਵੇਂ ਇਹ ਬਿਲਕੁਲ ਸਪੱਸ਼ਟ ਹੈ ਕਿ ਚਉਰਾਸੀ ਦੇ ਚੱਕਰ ਤੋਂ ਬਚਣ ਦਾ ਮੌਕਾ ਮਨੁਖਾ ਜਨਮ ਵਿਚ ਹੀ ਮਿਲਦਾ ਹੈ ਤੇ ਏਸ ਤੋਂ ਹੇਠਲੀਆਂ ਜੋਨੀਆਂ ਨੂੰ ਇਹ ਦਰਜਾ ਪ੍ਰਾਪਤ ਨਹੀਂ ਹੋ ਸਕਦਾ, ਉਹ ਤਾਂ ਅਜੇ ਤਰੱਕੀ ਦੇ ਮਨਜ਼ਲ ਦੇ ਅਧਵਾਟੇ ਹੀ ਹਨ ਤੇ ਮਨੁੱਖ ਅਖੀਰਲੇ ਪੜਾਅ ਉੱਤੇ ਹੈ - - - - - - ਏਹ ਤਾਂ ਠੀਕ ਹੈ ਕਿ ਪਸ਼ੂ ਜੋਨੀਆਂ ਵਿਚ ਇਹ ਮਾਨਸਕ ਤਰੱਕੀ ਬਹੁਤ ਕਠਨ ਹੈ ਤੇ ਮਨੁੱਖ ਜੋਨੀ ਵਿਚ ਮਹਾਂਪੁਰਖਾਂ ਦੇ ਸੰਗ ਕਰਕੇ ਬਹੁਤ ਸਰਲ। ਏਸ ਲਈ ਮਾਨਸ ਜਨਮ ਦੀ ਮਹੱਤਤਾ ਤੇ ਮਨੁੱਖਾ ਜੋਨੀ ਦੀ ਵਡਿਆਈ ਤੋਂ ਇਨਕਾਰ ਨਹੀਂ ਹੋ ਸਕਦਾ।"[249] ਇਹ ਜੂਨਾਂ ਦਾ ਚੱਕਰ ਆਵਾਗਵਣ ਦਾ ਮਸਲਾ ਹੈ। ਇਹ ਮਸਲਾ ਹਿੰਦੂ ਮਤ ਬੁੱਧ ਤੇ ਜੈਨ ਮੱਤ ਆਦਿ ਸਾਰਿਆਂ ਵਿਚ ਪ੍ਰਧਾਨ ਹੈ। ਵੇਦਾਂਤ, ਵੈਸ਼ਣਵ ਮੱਤ ਸਾਰੇ ਹੀ ਇਸ ਨੂੰ ਮੰਨਦੇ ਹਨ। ਏਸ਼ੀਆਈ ਤੇ ਪੂਰਬੀ ਮੱਤ ਵੀ ਇਸ ਵਿਚ ਨਿਸ਼ਚਾ ਰੱਖਦੇ ਹਨ। ਯੂਨਾਨੀ ਦਾਰਸ਼ਨਿਕ ਪਾਈਥਾਗੋਰਸ ਦਾ ਇਸ ਵਿਚ ਪੱਕਾ ਤੇ ਅਡੋਲ ਨਿਸ਼ਚਾ ਸੀ। ਵੇਦਾਂਤ ਅਦ੍ਵੈਤ ਦਾ ਇਹ ਵਿਚਾਰ ਕਿ ਆਤਮਾ ਨਾ ਜੰਮਦੀ ਹੈ ਨਾ ਵਧਦੀ ਘਟਦੀ ਇਸ ਗੱਲ ਨੂੰ ਸਿੱਧ ਕਰਦਾ ਹੈ ਕਿ ਆਤਮਾਵਾਂ ਦੀ ਗਿਣਤੀ ਨਿਸ਼ਚਿਤ ਹੈ। ਉਹ ਹੀ ਆਤਮਾਵਾਂ ਵੱਖ ਵੱਖ ਜਨਮ ਧਾਰਦੀਆਂ ਹਨ, ਕਦੀ ਜਾਨਵਰ, ਕਦੀ ਕੀੜੇ ਮਕੌੜੇ ਤੇ ਕਦੇ ਬਟੇ ਆਦਿ। ਇਹ ਵੀ ਕਿਹਾ ਹੈ ਕਿ ਗਿਆਨ ਪ੍ਰਾਪਤੀ ਤੇ ਜੀਵ ਨੂੰ ਮੁਕਤੀ ਮਿਲਦੀ ਹੈ। ਮੁਕਤੀ ਕਿਉਂਕਿ ਮਨੁੱਖਾ ਜਨਮ ਵਿਚ ਹੀ ਸੰਭਵ ਹੈ ਤੇ ਮਨੁੱਖਾ ਜਨਮ ਚੰਗੇ ਕਰਮਾਂ ਦਾ ਫਲ ਹੈ ਤਾਂ ਫਿਰ ਮਨੁੱਖਾ ਜੀਵਾਂ ਦੀ ਸੀਂਖਿਆ ਮੁਕਤੀ ਪ੍ਰਾਪਤ ਕਰਕੇ ਘਟਣੀ ਚਾਹੀਦੀ ਹੈ ਨਾ ਕਿ ਵਧਣੀ। ਜੀਵ ਕਲਜੁਗੀ ਹੈ। ਮਾਇਆ ਚ ਗ੍ਰਸਿਆ ਕਰਮਾਂ ਦੇ ਬੰਧਨ ਚ ਪੈ ਕੇ ਆਵਾਗਵਣ ਦੇ ਚੱਕਰ ਚ ਪਿਆ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ ਤੇ ਜੀਵ ਸੀਂਖਿਆ ਵਧ ਰਹੀ ਹੈ ਜੋ ਵਿਰੋਧਾਭਾਸ ਹੈ। ਕੁੱਝ ਵੀ ਹੋਵੇ ਇਹ ਮੰਨਣ ਵਿਚ ਕੋਈ ਹਰਜ ਨਹੀਂ

ਸਾਰੇ ਮੱਤ ਜੀਵ ਸੰਖਿਆ ਤੇ ਜੂਨਾਂ ਵਿਚ ਵਿਸ਼ਵਾਸ ਰੱਖਦੇ ਹਨ ਤੇ ਜੀਵ ਸੰਖਿਆ ਅਨਿਸ਼ਚਿਤ ਹੈ। ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇ ਜੀਵ-ਸੰਖਿਆ ਸੰਬੰਧੀ ਵਿਚਾਰ ਪਹਿਲੇ ਮੱਤਾਂ ਨਾਲ ਮੇਲ ਖਾਂਦੇ ਹਨ ਪਰ ਇਹ ਕਹਿਣਾ ਗਲਤ ਹੋਵੇਗਾ ਕਿ ਇਹ ਵਿਚਾਰ ਇਨ੍ਹਾਂ ਨੇ ਪੁਰਾਣੇ ਮੱਤਾਂ ਤੋਂ ਗ੍ਰਹਿਣ ਕੀਤੇ ਹਨ ਜਦੋਂ ਕਿ ਗੁਰੂ ਨਾਨਕ ਦੇਵ ਜੀ ਦਾ 84 ਲੱਖ ਜੂਨਾਂ ਦਾ ਵਿਚਾਰ ਬਿਲਕੁਲ ਨਵਾਂ ਹੈ ਜੋ ਜੀਵ ਕਿਸਮਾਂ ਦਰਸਾਂਦਾ ਹੈ। ਪਰ ਜੀਵ ਸੰਖਿਆ ਜਾਂ ਕਿਸਮ ਪੂਰੀ 84 ਲੱਖ ਨਿਸ਼ਚਿਤ ਕਰ ਦੇਣੀ ਗੁਰੂ ਜੀ ਦੀ ਆਤਮਕ ਬਲ ਦਾ ਸਿੱਟਾ ਹੀ ਹੋ ਸਕਦਾ ਹੈ। ਉਂਞ ਗਿਣਤੀ ਕਰਨਾ ਮੁਸ਼ਕਲ ਹੈ।

## ਜੀਵ ਦੀ ਛੋਟੀ ਜਾਂ ਥੋੜ੍ਹੀ ਮੱਤ

ਜੀਵ ਦਾ ਮਹੱਤਵ ਉਦੋਂ ਤੱਕ ਹੀ ਹੈ ਜਦੋਂ ਤੱਕ ਉਹ ਮਾਇਆ ਤੋਂ ਨਿਰਲੇਪ ਰਹਿ ਕੇ ਆਪਣੇ ਅਸਲੀ ਰੂਪ ਵਿਚ ਰਹਿੰਦਾ ਹੈ। ਪਰ ਜਦੋਂ ਉਹ ਅਹੰਕਾਰ ਵਸ ਮਾਇਆ ਵਿਚ ਲੀਨ ਹੋ ਕੇ ਆਪਣੇ ਮੂਲ ਰੂਪ ਤੋਂ ਦੂਰ ਹੋ ਜਾਂਦਾ ਹੈ ਤਾਂ ਉਹ ਛੋਟੀ ਜਾਂ ਥੋੜ੍ਹੀ ਮੱਤ ਦਾ ਗਿਣਿਆ ਜਾਂਦਾ ਹੈ। ਉਸਦੀ ਅਵਸਥਾ ਖੂਹ ਦੇ ਉਨ੍ਹਾਂ ਡੱਡੂਆਂ ਵਰਗੀ ਹੋ ਜਾਂਦੀ ਹੈ ਜਿਨ੍ਹਾਂ ਨੂੰ ਖੂਹ ਤੋਂ ਬਾਹਰ ਦੀ ਕੋਈ ਖਬਰ ਨਹੀਂ। ਉਸ ਦਾ ਮਨ ਵਿਸ਼ਿਆਂ ਵਿਚ ਲੀਨ ਹੋ ਜਾਂਦਾ ਹੈ:—

ਕੂਪੁ ਭਰਿਓ ਜੈਸੇ ਦਾਦਰਾ ਕਛੁ ਦੇਸੁ ਬਦੇਸੁ ਨ ਬੂਝ।।
ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾ ਪਾਰੁ ਨ ਸੂਝ।।[250]

ਬੁੱਧੀ ਮੈਲੀ ਹੋ ਜਾਂਦੀ ਹੈ ਪਰਮਾਤਮਾ ਦੀ ਪਦਵੀ ਜਾਣੀ ਨਹੀਂ ਜਾਂਦੀ:--

ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ।[251]

ਜੀਵ ਭਰਮ ਕਰਮ ਵਿੱਚ ਬੰਨ੍ਹਿਆ ਜਾਂਦਾ ਹੈ। ਹਰੀ ਤੋਂ ਦੂਰ ਹੁੰਦਾ ਹੈ ਜਿਸ ਕਰਕੇ ਮੁਕਤੀ ਨਹੀਂ ਮਿਲਦੀ। ਮਨ ਨੂੰ ਰੋਕਣ ਦੇ ਅਨੇਕ ਯਤਨ ਕਰਦਾ ਹੈ ਪਰ ਭਰਮ ਦੀ ਫਾਂਸੀ ਹਟਾਈ ਨਹੀਂ ਹਟਦੀ। ਨਾ ਹੀ ਉਨ੍ਹਾਂ ਯਤਨਾਂ ਤੋਂ ਪ੍ਰੇਮ ਭਗਤੀ ਮਨ ਵਿਚ ਪੁੰਗਰਦੀ ਹੈ:—

1. ਭਰਮ ਕਰਮ ਜੀਅ ਬੰਧਿਓ, ਛੂਟੈ ਤੁਮ ਬਿਨ ਕੈਸੇ ਹੋ ਹਰਿ।।[252]
2. ਅਨਿਕ ਜਤਨ ਨਿਗ੍ਰਹ ਕੀਏ ਟਾਰਿ ਨ ਟਰੈ ਭ੍ਰਮ ਫਾਸ।।
   ਪ੍ਰੇਮ ਭਗਤ ਨਹੀਂ ਉਪਜੈ ਤਾਤੇ ਰਵਿਦਾਸ ਉਦਾਸ।।[253]

ਗੁਰੂ ਰਵਿਦਾਸ ਜੀ ਜੀਵ ਨੂੰ ਭਰਮ ਰੂਪੀ ਸੰਸਾਰ ਤੋਂ ਉਦਾਸ ਹੋਕੇ ਗੁਰੂ ਦੇ ਗਿਆਨ ਰੂਪੀ ਤਪਾਂ ਨੂੰ ਤਪਣ ਦੀ ਸਿੱਖਿਆ ਦਿੰਦੇ ਹਨ ਤਾਂ ਹੀ ਜੀਵ ਨੂੰ ਪਰਮ ਅਨੰਦ ਮਿਲ ਸਕਦਾ ਹੈ:-

ਰਵਿਦਾਸ ਦਾਸ ਉਦਾਸ ਤਜ ਭ੍ਰਮ ਤਪਨ ਤਪੁ ਗੁਰ ਗਿਆਨ।।
ਭਗਤ ਜਨ ਭੈ ਹਰਨ ਪਰਮਾਨੰਦ ਕਰਹੁ ਨਿਦਾਨ।।[254]

ਇਹ ਜੀਵ ਮਿੱਟੀ ਦਾ ਪੁਤਲਾ ਹੈ। ਮਾਇਆ ਵਿਚ ਰੁੱਝਿਆ ਅਹੰਕਾਰ ਕਰਦਾ ਹੈ। ਮਾਇਆ ਜਾਣ ਤੇ ਰੋਣ ਲੱਗ ਪੈਂਦਾ ਹੈ। ਜਦੋਂ ਤੱਕ ਜੀਵ ਅੰਦਰ ਹਉਮੈ ਦਾ ਵਾਸਾ ਹੈ ਉਦੋਂ ਤੱਕ ਹਰੀ ਦਾ ਵਾਸਾ ਮਨ ਵਿਚ ਨਹੀਂ ਹੋ ਸਕਦਾ। ਹਉਮੈ ਦਾ ਖਾਤਮਾ ਹੋਣ ਨਾਲ ਹੀ ਹਰੀ ਮਨ ਅੰਦਰ ਵਸਦਾ ਹੈ:-

1. ਮਾਟੀ ਕੋ ਪੁਤਰਾ ਕੈਸੇ ਨਚਤੁ ਹੈ। ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤ ਹੈ।
   ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ।। ਮਾਇਆ ਗਈ ਤਬ ਰੋਵਨ ਲਗਤੁ ਹੈ।।[255]
2. ਜਬ ਹਮ ਹੋਤੇ ਤਬ ਤੁਮ ਨਾਹੀ ਅਬ ਤੂ ਹੀ ਮੈ ਨਾਹੀ।।[256]

ਮਾਇਆ ਹੱਥ ਵਿਕਿਆਂ ਜੀਵ ਹਰਪਲ ਹਰੀ ਤੋਂ ਦੂਰ ਹੁੰਦਾ ਜਾਂਦਾ ਹੈ। ਹਰ ਪਾਸੇ ਦੁਖ ਹੀ ਦੁੱਖ ਵਿਖਾਈ ਦਿੰਦੇ ਹਨ। ਗਰੀਬੀ ਵੇਖ ਸਭ ਕੋਈ ਠੱਠੇ ਕਰਦਾ ਹੈ। ਪਰ ਜਦੋਂ ਜੀਵ ਮਾਇਆ ਅਤੇ ਅਹੰਕਾਰ ਦਾ ਤਿਆਗ ਕਰਕੇ ਪਰਮਾਤਮਾ ਨਾਲ ਇਕ ਰੂਪ ਹੋ ਜਾਂਦਾ ਹੈ ਤਾਂ ਸਾਰੇ ਸੁਖ ਪ੍ਰਾਪਤ ਹੋ ਜਾਂਦੇ ਹਨ।

1. ਨਾਥ ਕਛੂਅ ਨ ਜਾਨਉ।। ਮਨੁ ਮਾਇਆ ਕੈ ਹਾਥਿ ਬਿਕਾਨਉ।।
   ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ।। ਪਲੁ ਪਲ ਹਰਿ ਜੀ ਤੇ ਅੰਤਰੁ ਪਾਰਿਓ।।
   ਜਤ ਦੇਖਉ ਤਤ ਦੁਖ ਕੀ ਰਾਸੀ।।[257]
2. ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ।।
   ਅਸਟ ਦਸਾ ਸਿਧਿ ਕਰਤਲੈ ਸਭ ਕ੍ਰਿਪਾ ਤੁਮਾਰੀ।।[258]

ਗੁਰੂ ਜੀ ਅਨੁਸਾਰ ਕਰਮਾਂ ਦਾ ਅਭਿਆਸ ਗਿਆਨ ਦੀ ਪ੍ਰਾਪਤੀ ਲਈ ਹੈ ਜਦੋਂ ਜੀਵ ਨੂੰ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਕਰਮਾਂ ਦਾ ਨਾਸ਼ ਹੋ ਜਾਂਦਾ ਹੈ ਤੇ ਜੀਵ ਗਿਆਨੀ ਜੀਵਨ ਮੁਕਤ ਹੋ ਜਾਂਦਾ ਹੈ। ਉਸ ਨੂੰ ਨਿਰਬਾਨ ਪਦਵੀ ਸਦਾ ਲਈ ਪ੍ਰਾਪਤ ਹੋ ਜਾਂਦੀ ਹੈ:-

ਗਿਆਨੈ ਕਾਰਨ ਕਰਮ ਅਭਿਆਸੁ।। ਗਿਆਨ ਭਇਆ ਤਹ ਕਰਮਹੁ ਨਾਸ।।
ਘ੍ਰਿਤ ਕਾਰਨ ਦਧਿ ਮਥੈ ਸਇਆਨ।। ਜੀਵਨ ਮੁਕਤ ਸਦਾ ਨਿਰਬਾਨ।।[259]

ਗੁਰੂ ਨਾਨਕ ਦੇਵ ਜੀ ਵੀ ਜੀਵ ਨੂੰ ਬ੍ਰਹਮ ਦਾ ਅੰਸ਼ ਮੰਨਦੇ ਹਨ। ਪਰ ਅਹੰਕਾਰ ਕਰਕੇ ਆਪਣੇ ਮੂਲ ਰੂਪ ਤੋਂ ਅਲੱਗ ਹੋ ਜਾਣ ਕਰਕੇ ਮੂਰਖ ਜਾਂ ਥੋੜ੍ਹੀ ਮੱਤ ਵਾਲਾ ਗਿਣਿਆ ਜਾਂਦਾ ਹੈ। ਕਿਉਂ ਕਿ ਹਉਮੈ ਜਾਂ ਅਹੰਕਾਰ ਇਕ ਤੋਂ ਅਨੇਕ ਕਰਨ ਵਾਲਾ ਅਤੇ ਭਿੰਨ ਭੇਦ ਪਾਉਣ ਵਾਲਾ ਨਿਯਮ ਹੈ। ਇਸ ਹਉਮੈ ਕਰਕੇ ਜੀਵਾਤਮਾ ਅਵਿਦਿਆ ਕਾਰਣ ਮਾਇਆ ਵਸ ਆਪਣੇ ਆਪ ਨੂੰ ਪਰਮਾਤਮਾ ਤੋਂ ਭਿੰਨ ਸਮਝਦੀ ਹੈ।

ਜਦੋਂ ਅਵਿਦਿਆ ਦਾ ਪਰਦਾ ਉੱਠ ਜਾਂਦਾ ਹੈ ਤਾਂ ਜੀਵਾਤਮਾ ਆਪਣੇ ਆਪ ਨੂੰ ਬ੍ਰਹਮ ਰੂਪ ਪ੍ਰਤੀਤ ਕਰ ਲੈਂਦੀ ਹੈ ਪਰ ਅਸਲ ਅਭੇਦਤਾ ਮਾਇਕ ਉਪਾਧੀ ਦੇ ਨਾਸ਼ ਹੋਣ ਨਾਲ ਹੀ ਹੁੰਦੀ ਹੈ। ਜੀਵ ਸੰਸਾਰ ਵਿਚ ਰਹਿੰਦਿਆਂ ਤਿੰਨ ਆਪਿਆਂ ਦਾ ਸ਼ਿਕਾਰ ਰਹਿੰਦਾ ਹੈ, ਸਰੀਰ, ਸਮਾਜਕ, ਆਤਮਕ ਜਾਂ ਮਾਨਸਕ। ਇਨ੍ਹਾਂ ਤਿੰਨਾਂ ਦੀ ਬੁਨਿਆਦ ਹਉਮੈਂ ਹੈ। ਇਸ ਹਉਮੈ ਦੇ ਆਸਰੇ ਹੀ ਸਾਰਾ ਜੀਵਨ, ਸਮਾਜੀ, ਸਰੀਰ ਤੇ ਮਾਨਸਕ ਉੱਤੇ ਸਾਰਾ ਸੰਸਾਰ ਕਾਇਮ ਹੈ। ਹਉਮੈ ਦੇ ਅਸਰ ਹੇਠ ਹੀ ਜੀਵ ਕਰਤਾ ਤੇ ਕਾਰਣ ਹੈ। ਹਉਮੈ ਤੋਂ ਨਵਿਰਤੀ ਪ੍ਰਾਪਤ ਕਰਕੇ ਸਾਰੇ ਆਪੇ ਨਾਮ ਵਿਚ ਸਮਾ ਜਾਂਦੇ ਹਨ। ਈਸ਼ਵਰ ਹੀ ਇਨ੍ਹਾਂ ਦਾ ਕਰਤਾ ਹੈ। ਜਨਮ, ਮੌਤ, ਲਾਭ, ਹਾਨ, ਲੈਣ-ਦੇਣ ਪਾਪ-ਪੁੰਨ, ਦੁੱਖ-ਸੁੱਖ, ਨਫਾ-ਨੁਕਸਾਨ, ਨਰਕ-ਸੁਰਗ, ਹੱਸਣਾ-ਰੋਣਾ ,ਜਾਤਿ-ਪਾਤਿ,ਗਿਆਨ-ਅਗਿਆਨ, ਮੁਕਤੀ ਤੇ ਬੰਧੇਜ ਆਦਿ ਸਭ ਕੁਝ ਹਉਮੈ ਕਰਕੇ ਹੀ ਹੈ:—

ਹਉ ਵਿਚਿ ਆਇਆ ਹਉ ਵਿਚਿ ਗਇਆ।।
ਹਉ ਵਿਚਿ ਜੰਮਿਆ ਹਉ ਵਿਚਿ ਮੁਆ।।
ਹਉ ਵਿਚਿ ਦਿਤਾ ਹਉ ਵਿਚਿ ਲਇਆ।। ਹਉ ਵਿਚਿ ਖਟਿਆ ਹਉ ਵਿਚਿ ਗਇਆ।।
ਹਉ ਵਿਚਿ ਸਚਿਆਰੁ ਕੂੜਿਆਰ।। ਹਉ ਵਿਚਿ ਪਾਪ ਪੁੰਨ ਵੀਚਾਰ।।
ਹਉ ਵਿਚਿ ਨਰਕਿ ਸੁਰਗਿ ਅਵਤਾਰ।। - - - - - - - - -
- - - - - - - - - - - - - - - - - - - - - - -
ਹਉਮੈ ਬੂਝੈ ਤਾ ਦਰੁ ਸੂਝੈ।। ਗਿਆਨ ਵਿਹੂਣਾ ਕਥਿ ਕਥਿ ਲੂਝੈ।।
ਨਾਨਕ ਹੁਕਮੀ ਲਿਖੀਐ ਲੇਖੁ।। ਜੇਹਾ ਵੇਖਹਿ ਤੇਹਾ ਵੇਖੁ।।[260]

ਇਹੋ ਹਉਮੈ ਜੀਵਾਤਮਾ ਨੂੰ ਸੰਸਾਰ ਯਾਤਰਾ ਦਾ ਕਾਰਣ ਬਣਦੀ ਹੈ। ਇਸ ਹਉਮੈ ਕਾਰਣ ਸੰਸਾਰ ਵਿਚ ਆ ਕੇ ਜੀਵ ਦੀ ਹਾਲਤ ਜਲ ਤੋਂ ਨਿਕਲੀ ਮੱਛੀ ਦੇ ਬਰਾਬਰ ਹੋ ਜਾਂਦੀ ਹੈ:—

ਤੂ ਦਰੀਆਉ ਦਾਨਾ ਬੀਨਾ, ਮੈ ਮਛੁਲੀ ਕੈਸੇ ਅੰਤੁ ਲਹਾ।।
ਜਹ ਜਹ ਦੇਖਾ ਤਹ ਤਹ ਤੂ ਹੈ, ਤੁਝ ਤੇ ਨਿਕਸੀ ਫੂਟਿਮਰਾ।।[261]

ਰਜੋ,ਤਮੋ, ਸਤੋ ਤੇ ਬੇਅੰਤ ਤਰ੍ਹਾਂ ਦੇ ਮੇਲ ਨਾਲ ਤਰ੍ਹਾਂ ਤਰ੍ਹਾਂ ਦੀ ਰਚਨਾ ਬਣਦੀ ਰਹਿੰਦੀ ਹੈ। ਅਨੇਕ ਤਰ੍ਹਾਂ ਦੇ ਜੀਵ ਹੋਂਦ ਵਿਚ ਆਉਂਦੇ ਹਨ ਅਤੇ ਹਉਮੈ ਦੇ ਅਸਰ ਹੇਠ ਉਹ ਕਈ ਤਰ੍ਹਾਂ ਦੇ ਕਰਮ ਕਮਾਉਂਦੇ ਹਨ। ਇਨ੍ਹਾਂ ਕਰਮਾਂ ਦੇ ਅਸਰ ਜੀਵ ਨੂੰ ਸਦਾ ਹੀ ਚੰਬੜੇ ਰਹਿੰਦੇ ਹਨ ਜਿਸ ਕਰਕੇ ਇਕੋ ਜੀਵਾਤਮਾ ਭਿੰਨ ਭਿੰਨ ਜੂਨੀਆਂ ਵਿਚ ਜਨਮ ਲੈਂਦੀ ਹੈ ਅਤੇ ਆਪਾ ਜਾਰੀ ਰਹਿੰਦਾ ਹੈ। ਨਹੀਂ ਤਾਂ ਮਰਨ ਵਿਚੋਂ ਬੂੰਦ ਸਾਗਰ ਵਿਚ ਸਦਾ ਲਈ ਸਮਾਅਜਾਵੇ ਤੇ ਮੁੜ ਉਹ ਬੂੰਦ ਨਾ ਮਿਲੇ:—

1. ਰਜ ਤਮ ਸਤ ਕਲ ਤੇਰੀ ਛਾਇਆ।। ਜਨਮ ਮਰਣ ਹਉਮੈ ਦੁਖੁ ਪਾਇਆ।
   ਜਿਸ ਨੋ ਕ੍ਰਿਪਾ ਕਰੇ ਹਰਿ ਗੁਰਮੁਖਿ ਗੁਣਿ ਚਉਥੈ ਮੁਕਤਿ ਕਰਾਇਦਾ।।[262]
2. ਉਪਜੀਹ ਬਿਨਸਹਿ ਬੰਧਨ ਬੰਧੇ।। ਹਉਮੈ ਮਾਇਆ ਕੇ ਗਲਿ ਫੰਧੇ।।
   ਜਿਸੁ ਰਾਮਨਾਮੁ ਨਾਹੀ ਮਤਿ ਗੁਰਮਤਿ ਸੋ ਜਮਪੁਰਿ ਬੰਧਿ ਚਲਾਇਆ।।[263]

ਇਸੇ ਹਉਮੈ ਕਾਰਨ ਜੀਵ ਅਗਿਆਨੀ, ਮੂਰਖ, ਮਨਮੁਖ ਅਤੇ ਥੋੜ੍ਹੀ ਮੱਤ ਵਾਲਾ ਗਿਣਿਆ ਜਾਂਦਾ ਹੈ। ਗੁਰੂ ਜੀ ਸਪੱਸ਼ਟ ਕਰਦੇ ਹਨ ਕਿ ਜਦੋਂ ਪੂਰਣ ਅਤੇ ਗੰਭੀਰ ਪਰਮਾਤਮਾ ਦੀ ਅੰਸ਼ ਆਤਮਾ ਮਾਇਆ ਦੇ ਪ੍ਰਭਾਵ ਅਧੀਨ ਆ ਜਾਂਦੀ ਹੈ ਤਾਂ ਜੀਵ ਕਹਾਉਂਦੀ ਹੈ ਤੇ ਫਿਰ ਇਹ ਸੂਖਮ ਅਤੇ ਹੀਣ ਹੋ ਜਾਂਦਾ ਹੈ ਅਤੇ ਆਪਣੇ ਮੂਲ ਤੱਤ ਬ੍ਰਹਮ ਦੀ ਨਿਸਬਤ ਬਹੁਤ ਤੁਛ ਅਤੇ ਮਨਮੁਖ ਹੋ ਜਾਂਦਾ ਹੈ:—

ਤੂ ਪੂਰਾ ਹਮ ਊਰੇ ਹੋਛੇ ਤੂ ਗਉਰਾ ਹਮ ਹਉਰੇ।।[264]

ਜਦੋਂ ਜੀਵ ਨੂੰ ਆਪਣੇ ਅਸਲੀ ਰੂਪ ਦਾ ਗਿਆਨ ਹੋ ਜਾਂਦਾ ਹੈ ਤਾਂ ਉਹ ਹਉਮੈ ਦਾ ਗਿਆਨ ਪ੍ਰਾਪਤ ਕਰਕੇ ਇਸ ਨੂੰ ਅਤੇ ਮਾਇਆ ਨੂੰ ਤਿਆਗ ਦਿੰਦਾ ਹੈ। ਫਿਰ ਉਹ ਪ੍ਰਮਾਤਮਾ ਨਾਲ ਇਕ ਰੂਪ ਹੋ ਜਾਂਦਾ ਹੈ ਅਤੇ ਆਨੰਦ ਪ੍ਰਾਪਤ ਕਰਦਾ ਹੈ ਪਰ ਇਹ ਮੌਕਾ ਵੀ ਉਨ੍ਹਾਂ ਜੀਵਾਂ ਨੂੰ ਪ੍ਰਾਪਤ ਹੁੰਦਾ ਹੈ ਜੋ ਜੀਵ ਪਰਮਾਤਮਾ ਨੂੰ ਚੰਗੇ ਲੱਗਦੇ ਹਨ। ਜਿਸ ਤੇ ਉਸਦੀ ਕਿਰਪਾ ਹੁੰਦੀ ਹੈ ਉਹ ਮਾਇਆ ਦੇ ਤਿੰਨਾਂ ਗੁਣਾਂ ਤੋਂ ਉਪਰ ਉਠਕੇ ਮੁਕਤੀ ਪ੍ਰਾਪਤ ਕਰ ਲੈਂਦੇ ਹਨ:—

1. ਹਉਮੈ ਬੂਝੈ ਤਾ ਦਰੁ ਸੂਝੈ।।[265]
2. ਭਉ ਬੈਰਾਗਾ ਸਹਜਿ ਸਮਾਤਾ।। ਹਉਮੈ ਤਿਆਗੀ ਅਨਹਦਿ ਰਾਤਾ।।
   ਅੰਜਨਿ ਸਾਰਿ ਨਿਰੰਜਨੁ ਜਾਣੈ ਸਰਬ ਨਿਰੰਜਨੁ ਰਾਇਆ।।[266]

3. ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦਿ ਕਮਾਹਿ॥
ਨਾਨਕ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ॥[267]

4. ਜੇ ਗੁਣ ਗਾਵਹਿ ਸਾਰੇ ਭਾਵਹਿ॥ ਤੁਝ ਤੇ ਉਪਜਹਿ ਤੁਝ ਮਾਹਿ ਸਮਾਵਹਿ॥
ਨਾਨਕ ਸਾਚੁ ਕਹੈ ਬੇਨੰਤੀ ਮਿਲਿ ਸਾਰੇ ਸੁਖੁ ਪਾਇਆ॥[268]

5. ਜਿਸਨੋ ਕ੍ਰਿਪਾ ਕਰੇ ਹਰਿ ਗੁਰਮੁਖਿ ਗੁਣਿ ਚਉਥੈ ਮੁਕਤਿ ਕਰਾਇਦਾ॥[269]

ਸਪੱਸ਼ਟ ਹੈ ਕਿ ਜੀਵ ਦੀ ਹਉਮੈਂ ਹੀ ਇਸਦੇ ਬੰਧਨ ਦਾ ਕਾਰਨ ਬਣਦੀ ਹੈ। ਬ੍ਰਹਮ ਦੇ 'ਹੁਕਮ' ਅਨੁਸਾਰ ਸੰਸਾਰ ਵਿਚ ਜੀਵ ਦੇ ਆਉਣ ਸਾਰ ਹੀ 'ਹਉਮੈਂ' ਰੂਪ ਧਾਰ ਲੈਂਦੀ ਹੈ। ਇਹ ਹਉਮੈਂ ਸਾਂਖ-ਵੇਦਾਂਤ ਦਾ ਅਹੰਕਾਰ ਹੀ ਸ੍ਰਿਸ਼ਟੀ ਅਤੇ ਜੀਵ ਦਾ ਕਾਰਣ ਹੈ। ਇਹ ਹਉਮੈਂ ਹੀ ਸਾਰੇ ਮਾਦੀ ਤੇ ਮਾਨਸਿਕ ਸੰਸਾਰ ਦੀ ਹੋਂਦ ਦਾ ਕਾਰਣ ਬਣਦੀ ਹੈ। ਅਵਿਦਿਆ, ਅਗਿਆਨ ਮਾਇਆ ਅਤੇ ਮਾਇਆ ਦੇ ਤਿੰਨ ਗੁਣ ਸਤ, ਰਜ ਤੇ ਤਮ ਸਾਰਾ ਵਿਕਾਸ ਹਉਮੈਂ ਕਾਰਨ ਹੀ ਹੈ। ਬ੍ਰਹਮ ਤੇ ਜੀਵ ਇਕ ਹਨ। ਪ੍ਰਕ੍ਰਿਤੀ ਦੀ ਕੋਈ ਵੀ ਹਸਤੀ ਬ੍ਰਹਮ ਤੋਂ ਭਿੰਨ ਨਹੀਂ ਹੈ। ਪ੍ਰਕ੍ਰਿਤੀ ਵੀ ਹਉਮੈਂ ਤੋਂ ਹੀ ਉਪਜਦੀ ਹੈ। ਇਥੇ ਗੁਰਬਾਣੀ ਸਾਂਖ-ਵੇਦਾਂਤ ਨਾਲੋਂ ਭਿੰਨ ਹੈ। ਪ੍ਰਕ੍ਰਿਤੀ ਕਰਕੇ ਹਉਮੈਂ ਨਹੀਂ ਉਪਜਦੀ ਬਲਕਿ ਹਉਮੈਂ ਕਰਕੇ ਪ੍ਰਕ੍ਰਿਤੀ ਰੂਪ ਧਾਰਦੀ ਹੈ। ਮਾਇਆ ਦੇ ਤਿੰਨ ਗੁਣ ਸਤ, ਰਜ, ਤਮ ਵੀ ਹਉਮੈਂ ਦੇ ਵਿਚ ਹਨ ਅਤੇ ਹਉਮੈਂ ਕਰਕੇ ਹੀ ਸੰਜੋਗ ਵਿਜੋਗ ਦੇ ਅਮਲ ਰਾਹੀਂ ਸ੍ਰਿਸ਼ਟੀ ਅਤੇ ਜੀਵ ਰਚਨਾ ਦਾ ਕਾਰਨ ਬਣਦੇ ਹਨ। ਹਉਮੈਂ ਕਾਰਨ ਹੀ ਜੀਵ ਆਪਣੇ ਆਪ ਨੂੰ ਬ੍ਰਹਮ ਤੋਂ ਅਲੱਗ ਸਮਝਦਾ ਹੈ ਜਿਸ ਕਾਰਨ ਮਨਮੁਖ ਅਤੇ ਬੇਝੂ ਮੱਤ ਵਾਲਾ ਗਿਣਿਆ ਜਾਂਦਾ ਹੈ।

## ਜੀਵ ਦੀ ਬੇਵਸੀ

ਉਪਰਲੀ ਵਿਚਾਰ ਵਿਚ ਅਸੀਂ ਇਹ ਮੰਨਿਆ ਹੈ ਕਿ ਜੀਵ ਤੇ ਪਰਮਾਤਮਾ ਇਕ ਹਨ ਦੋਵੇਂ ਅਭਿੰਨ ਹੈ ਪਰ ਫਿਰ ਵੀ ਜੀਵ ਬੇਵਸ ਹੈ। ਜੀਵ ਦੀ ਹੋਂਦ ਪਰਮਾਤਮਾ ਦੀ ਹੋਂਦ ਤੇ ਨਿਰਭਰ ਕਰਦੀ ਹੈ। ਜੀਵ ਦੀ ਇਹ ਬੇਵਸੀ ਪਰਮਾਤਮਾ ਪ੍ਰਤੀ ਹੈ। ਗੁਰੂ ਰਵਿਦਾਸ ਅਤੇ ਗੁਰੂ ਨਾਨਕ ਵੀ ਜੀਵ ਨੂੰ ਪਰਮਾਤਮਾ ਦੇ ਅਧੀਨ ਮੰਨਦੇ ਹਨ। ਗੁਰੂ ਰਵਿਦਾਸ ਜੀ ਅਨੁਸਾਰ ਜੀਵ ਭਰਮ ਕਰਮ ਵਿਚ ਬੱਝਿਆ ਹੋਇਆ ਹੈ। ਹਰੀ ਤੋਂ ਬਿਨ੍ਹਾਂ ਇਸ ਦਾ ਛੁਟਕਾਰਾ ਨਹੀਂ ਹੋ ਸਕਦਾ। ਹਰੀ ਰੂਪੀ ਸੌਰ ਦੀ ਪ੍ਰਾਪਤੀ ਜੀਵ ਨੂੰ ਉਦੋਂ ਹੀ ਹੁੰਦੀ ਹੈ ਜਦੋਂ ਜੀਵ 'ਅਹੰ' ਭਾਵ ਨੂੰ ਖਤਮ ਕਰਕੇ ਉਲਟਾ ਪ੍ਰਭੂ ਵਿਚ ਸਮਾ ਜਾਂਦਾ ਹੈ।

1. ਭਰਮ ਕਰਮ ਜੀਅ ਬੰਧਿਓ, ਛੂਟੈ ਤੁਮ ਬਿਨ ਕੈਸੇ ਹੋ ਹਰਿ॥[270]

2. ਜਹਾਂ ਜਹਾਂ ਜੀਵ ਆਪ ਬੰਧਾਵੈ, ਤਾਥੈ ਕਛੁ ਕਹਣਾ ਨ ਜਾਈ।।
ਕਹੈ 'ਰਵਿਦਾਸ' ਤਬੈ ਸਚੁ ਪਾਵੈ, ਆਪਾ ਉਲਟਿ ਸਮਾਈ।।[271]

ਜੀਵ ਦੀ ਇਹ ਸਥਿਤੀ ਭੌਰੇ ਤੇ ਹਿਰਨ ਦੇ ਸਮਾਨ ਹੈ। ਜਿਵੇਂ ਭੌਰਾ ਫੁੱਲਾਂ ਤੇ ਲੁਭਾਇਮਾਨ ਹੋਇਆ ਰਹਿੰਦਾ ਹੈ ਤਿਵੇਂ ਹੀ ਜੀਵ ਵੀ ਵਿਸ਼ਿਆਂ ਵਿਚ ਗੱਤਾ ਸੰਸਾਰਕ ਵਸਤੂਆਂ ਤੇ ਆਕਰਸ਼ਿਤ ਹੋਇਆ ਭਟਕਦਾ ਫਿਰਦਾ ਹੈ। ਮਨੁੱਖ ਹਿਰਨ ਦੀ ਤਰ੍ਹਾਂ ਆਪਣੇ ਅੰਦਰ ਦੀ ਅਣਮੋਲ ਵਸਤੂ ਕਸਤੂਰੀ ਦੀ ਪਹਿਚਾਣ ਕਰਨ ਤੋਂ ਅਸਮਰਥ ਹੋਇਆ ਜੰਗਲਾਂ-ਬੇਲਿਆਂ ਵਿਚ ਪ੍ਰਭੂ ਪ੍ਰੀਤਮ ਨੂੰ ਭਾਲਦਾ ਫਿਰਦਾ ਹੈ। ਪਰ ਜਦੋਂ ਤੱਕ ਉਹ ਦਵੈਤਭਾਵ ਨੂੰ ਛੱਡ ਕੇ ਪਰਮਾਤਮਾ ਨੂੰ ਨਹੀਂ ਅਰਾਧਦਾ ਉਦੋਂ ਤੱਕ ਉਹ ਬੇਵਸੀ ਦੀ ਅਵਸਥਾ ਵਿਚ ਰਹੇਗਾ ਅਤੇ ਉਸ ਦੀ ਮੁਕਤੀ ਨਹੀਂ ਹੋ ਸਕਦੀ।

1. ਮਾਇਆ ਦੀਪਕ ਪੇਖਿ ਕਰ, ਨਰ ਪਤੰਗ ਅੰਧਿਆਇ।
ਰਵਿਦਾਸ ਗੁਰੂ ਰਾ ਗਿਆਨ ਬਿਨੁ, ਵਿਰਲਾ ਕੋ ਬਚਪਾਇ।।[272]
2. ਖੋਜਤ ਕਿਧੂੰ ਫਿਰੈ, ਤੇਰੇ ਘਟ ਮਹਿ ਸਿਰਜਨਹਾਰ।।
ਕਿਸਤੂਰੀ ਮ੍ਰਿਗਪਾਸ ਹੈ ਰੇ, ਢੂੰਢਤ ਘਾਸ ਫਿਰੇ।।[273]
3. ਹਰਿ ਅਰਪਨ ਕਰਿ ਭੋਜ ਨ ਕੀਨੋ, ਕਥਾ ਕੀਰਤਨ ਨਹੀਂ ਜਾਨੀ।
ਰਾਮ ਭਗਤਿ ਬਿਨ ਮੁੱਤਿ ਨ ਪਾਵੈ, ਅਮਰ ਜੀਵ ਗਹਾਵੈ ਪ੍ਰਾਨੀ।।[274]

ਗੁਰੂ ਨਾਨਕ ਦੇਵ ਜੀ ਨੇ ਵੀ ਜੀਵ ਨੂੰ ਬੇਵਸ ਮੰਨਿਆ ਹੈ ਇਹ ਬੇਵਸੀ ਪਰਮਾਤਮਾ ਪ੍ਰਤੀ ਹੈ। ਚੰਗੇ ਮਾੜੇ ਕਰਮ ਜੀਵ ਦੇ ਆਪਣੇ ਵਸ ਦੀ ਗੱਲ ਨਹੀਂ ਹੈ, ਜੀਵ ਬੇਵਸ ਇਕ ਯੰਤਰ ਦੀ ਤਰ੍ਹਾਂ ਆਪਣੇ [illegible] ਦੇ [illegible] ਕਰਦਾ ਹੈ:—

ਕਰਮ ਸੁਕਰਮ ਕਰਾਏ ਆਪੇ ਇਸੁ ਜੰਤੈ ਵਸਿ ਕਿਛੁ ਨਾਹਿ।।[275]

ਪਰਮਾਤਮਾ ਤੋਂ ਉਰੇ ਹੋਰ ਕੋਈ ਕੁਝ ਵੀ ਕਰਨ ਜੋਗਾ ਨਹੀਂ। ਇਹ ਸਾਰਾ ਜਗਤ ਆਕਾਰ ਪਰਮਾਤਮਾ ਤੋਂ ਹੀ ਪੈਦਾ ਹੋਇਆ ਹੈ। ਇਸ ਲਈ ਜਿਸ ਪਾਸੇ ਪਰਮਾਤਮਾ ਇਨ੍ਹਾਂ ਜੀਵਾਂ ਨੂੰ ਲਾਉਂਦਾ ਹੈ। ਉੱਧਰ ਹੀ ਇਹ ਜੀਵ ਲੱਗਦੇ ਹਨ। ਇਨ੍ਹਾਂ ਦੇ ਆਪਣੇ ਵਸ ਕੁਝ ਵੀ ਨਹੀਂ ਹੈ:—

1. ਕਰੈ ਕਛੂ ਨ ਕਿਨਹੂ ਕੀਆ।। ਨਾਨਕ ਸਭੁ ਕਛੁ ਪ੍ਰਭ ਤੇ ਹੂਆ।।[276]
2. ਜਿਤੁ ਜਿਤੁ ਲਾਵਹੁ ਤਿਤੁ ਲਗਹਿ ਹਰਿ ਨਾਥ।।
ਨਾਨਕ ਇਨ ਕੈ ਕਛੂ ਨ ਹਾਥ।।[277]

ਇਹੋ ਕਾਰਨ ਹੈ ਕਿ ਉਹ ਪ੍ਰਭੂ ਜਿਵੇ ਜਿਵੇ ਚਾਹੁੰਦਾ ਹੈ, ਜੀਵਾਂ ਨੂੰ ਉਵੇ ਉਵੇ ਹੀ ਰਖਦਾ ਹੈ। ਹਰ ਗੱਲ ਉਸ ਨੇ ਆਪਣੇ ਹੱਥ ਵਿਚ ਰਖੀ ਹੋਈ ਹੈ। ਜੀਵ ਦੀ ਤਾਕਤ ਵੀ ਉਸੇ ਪ੍ਰਭੂ ਦੇ ਹੱਥ ਵਿਚ ਹੈ ਅਤੇ ਉਹ ਹੀ ਸਭ ਕੁਝ ਕਰਨ ਕਰਾਉਣ ਦੇ ਸਮਰਥ ਹੈ। ਜੀਵ ਤਾਂ ਉਸ ਪ੍ਰਭੂ ਦੇ ਹੁਕਮ ਵਿਚ ਹੀ ਤੁਰਦਾ ਹੈ:–

1. ਜਹ ਜਹ ਭਾਣਾ ਤਹ ਤਹ ਰਾਖੇ॥ ਨਾਨਕ ਸਭੁ ਕਿਛੁ ਪ੍ਰਭ ਕੈ ਹਾਥੇ॥[278]
2. ਇਸ ਦਾ ਬਲੁ ਨਾਹੀ ਇਸੁ ਹਾਥ॥ ਕਰਨ ਕਰਾਵਨ ਸਰਬ ਕੋ ਨਾਥ॥
   ਆਗਿਆਕਾਰੀ ਬਪੁਰਾ ਜੀਉ॥ ਜੋ ਤਿਸੁ ਭਾਵੈ ਸੋਈ ਫੁਨਿ ਥੀਉ॥[279]
3. ਧੁਰਿ ਕਰਮੁ ਜਿਨਾ ਕਉ ਤੁਧੁ ਪਾਇਆ ਤਾ ਤਿਨੀ ਖਸਮੁ ਧਿਆਇਆ॥
   ਏਨਾ ਜੰਤਾ ਕੈ ਵਸਿ ਕਿਛੁ ਨਾਹੀ ਤੁਧੁ ਵੇਕੀ ਜਗਤੁ ਉਪਾਇਆ॥
   ਇਕਨਾ ਨੋ ਤੂ ਮੇਲਿ ਲੈਹਿ ਇਕਿ ਆਪਹੁ ਤੁਧੁ ਖੁਆਇਆ॥[280]

ਜੀਵ ਲਈ ਇਹ ਸਥਿਤੀ ਉਦੋਂ ਪੈਦਾ ਹੁੰਦੀ ਹੈ ਜਦੋਂ ਉਹ ਆਪਣੇ ਆਪ ਨੂੰ ਪਰਮਾਤਮਾ ਤੋਂ ਭਿੰਨ ਅਤੇ ਸੁਤੰਤਰ ਸਮਝਣ ਲੱਗ ਪੈਂਦਾ ਹੈ। ਆਪਣੇ ਮੂਲ ਸਰੋਤ ਪ੍ਰਭੂ ਨੂੰ ਭੁੱਲ ਕੇ ਭੌਤਿਕ ਵਸਤੂਆਂ ਵਿਚ ਹੀ ਖੋ ਜਾਂਦਾ ਹੈ। ਆਪਣੇ ਸਕੇ ਸੰਬੰਧੀਆਂ ਨੂੰ ਹੀ ਸਭ ਕੁਝ ਸਮਝ ਕੇ ਉਨ੍ਹਾਂ ਨਾਲ ਹੀ ਪਿਆਰ ਕਰਨ ਲਗਦਾ ਹੈ। ਦਵੈਤ ਦੇ ਕਾਰਣ ਫਿਰ ਉਹ ਜਨਮ-ਮਰਨ ਵਿਚ ਪਿਆ ਬ੍ਰਹਮ ਤੋਂ ਦੂਰ ਹੁੰਦਾ ਜਾਂਦਾ ਹੈ। ਪਰਿਵਾਰਿਕ ਮੋਹ ਦੇ ਨਾਲ ਨਾਲ ਮਾਇਆ ਦਾ ਮੋਹ ਵੀ ਇਸ ਨੂੰ ਪਰਮਾਤਮਾ ਤੋਂ ਦੂਰ ਲਿਜਾਂਦਾ ਹੈ:–

1. ਤਨ ਮਨੁ ਧਨੁ ਅਪਨਾ ਕਰਿ ਥਾਪਿਆ॥ ਕਰਨਹਾਰੁ ਇਕ ਨਿਮਖ ਨ ਜਾਪਿਆ॥
   ਮਹਾ ਮੋਹ ਅੰਧ ਕੂਪ ਪਰਿਆ॥ ਪਾਰਬ੍ਰਹਮ ਮਾਇਆ ਪਟਲਿ ਬਿਸਰਿਆ॥[281]
2. ਕਾਹੇ ਗਰਬਸਿ, ਮੂੜੇ ਮਾਇਆ॥
   ਪਿਤ ਸੁਤੋ ਸਗਲ ਕਾਲਤ੍ਰ ਮਾਤਾ ਤੇਰੇ ਹੋਹਿ ਨ ਅੰਤਿ ਸਖਾਇਆ॥[282]
3. ਦੂਜੈ ਭਾਇ ਨ ਸੇਵਿਆ ਜਾਇ॥ ਹਉਮੈ ਮਾਇਆ ਮਹਾ ਬਿਖੁ ਖਾਇ॥
   ਪੁਤਿ ਕੁਟੰਬਿ ਗ੍ਰਿਹਿ ਮੋਹਿਆ ਮਾਇ॥ ਮਨਮੁਖਿ ਅੰਧਾ ਆਵੈ ਜਾਇ॥[283]

ਇਸ ਸੰਸਾਰ ਵਿਚ ਜੀਵ ਦੀ ਹਸਤੀ ਉਸ ਪ੍ਰਭੂ ਦੀ ਹਸਤੀ ਨਾਲ ਹੀ ਕਾਇਮ ਹੈ। ਪਰ ਉਸ ਪ੍ਰਭੂ ਵਰਗਾ ਉਹ ਆਪ ਹੀ ਹੈ।ਆਪਣੀ ਭਗਤੀ ਕਰਨ ਦਾ ਢੰਗ ਵੀ ਉਹ ਆਪ ਹੀ ਜਾਣਦਾ ਹੈ। ਜੀਵ ਤਾਂ ਆਪਣੇ ਬਲ ਨਾਲ ਪ੍ਰਭੂ ਦੀ ਭਗਤੀ ਵੀ ਨਹੀਂ ਕਰ ਸਕਦਾ। ਉਹੀ ਜੀਵ

ਹਰਿ ਨਾਮ ਦੀ ਦਾਤ ਹਾਸਲ ਕਰਦਾ ਹੈ ਜਿਸ ਨੂੰ ਪ੍ਰਭੂ ਆਪ ਦਿੰਦਾ ਹੈ ਫਿਰ ਜਿਹੜਾ ਜੀਵ ਉਸ ਪ੍ਰਭੂ ਨੂੰ ਪਿਆਰਾ ਲੱਗਣ ਲੱਗ ਪੈਂਦਾ ਹੈ ਉਹ ਪ੍ਰਭੂ ਦਾ ਮਿਲਾਪ ਹਾਸਲ ਕਰ ਲੈਂਦਾ ਹੈ:-

ਏਕਸੁ ਬਿਨੁ ਨਾਹੀ ਕੋ ਦੂਜਾ।। ਤੁਮ ਹੀ ਜਾਨਹੁ ਅਪਨੀ ਪੂਜਾ।।
ਆਪਹੁ ਕਛੂ ਨ ਹੋਵਤ ਭਾਈ।। ਜਿਸੁ ਪ੍ਰਭੁ ਦੇਵੈ ਸੋ ਨਾਮੁ ਪਾਈ।।
ਕਹੁ ਨਾਨਕ ਜੋ ਜਨੁ ਪ੍ਰਭ ਭਾਇਆ।। ਗੁਣ ਨਿਧਾਨ ਪ੍ਰਭੁ ਤਿਨ ਹੀ ਪਾਇਆ।।[284]

ਇਸ ਤਰ੍ਹਾਂ ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇਵ ਜੀ ਇਹ ਗੱਲ ਮੰਨਦੇ ਹਨ ਕਿ ਭਰਮ-ਕਰਮ ਵਿਚ ਬੱਝਿਆ ਜੀਵ ਪਰਮਾਤਮਾ ਦੇ ਅਧੀਨ ਹੈ। ਜੀਵ ਚੰਗੇ ਤੇ ਮਾੜੇ ਕਰਮ ਉਸ ਪਰਮਾਤਮਾ ਦੇ ਹੁਕਮ ਅਨੁਸਾਰ ਹੀ ਕਰ ਰਿਹਾ ਹੈ। ਗੁਰੂ ਰਵਿਦਾਸ ਜੀ ਇਸ ਭਰਮ ਕਰਮ ਤੋਂ ਨਿਵਿਰਤੀ ਲਈ 'ਅਹੰ' ਭਾਵ ਦਾ ਤਿਆਗ ਅਤੇ ਦਵੈਤਭਾਵ ਨੂੰ ਛੱਡਣ ਦੀ ਪ੍ਰੇਰਨਾ ਕਰਦੇ ਹਨ। ਗੁਰੂ ਨਾਨਕ ਦੇਵ ਜੀ ਇਸ ਦੇ ਨਾਲ ਨਾਲ ਪ੍ਰਭੂ ਪ੍ਰੇਮ ਦੀ ਪ੍ਰਾਪਤੀ ਵੀ ਜਰੂਰੀ ਦੱਸਦੇ ਹਨ। ਤਾਂ ਹੀ ਜੀਵ ਪ੍ਰਭੂ ਦਾ ਮਿਲਾਪ ਹਾਸਲ ਕਰ ਸਕਦਾ ਹੈ ਤੇ ਉਸਨੂੰ ਮੁਕਤੀ ਮਿਲ ਸਕਦੀ ਹੈ। ਇਸਤਰ੍ਹਾਂ ਉਹ ਪਰਮਾਤਮਾ ਜੀਵ ਲਈ ਜਿਥੇ ਬਿਧਾਤਾ ਹੈ ਉਥੇ ਕਰਮਾਂ ਦਾ ਫਲ ਪ੍ਰਦਾਤਾ ਵੀ ਹੈ। ਨਯਾਯ ਅਤੇ ਵੈਸ਼ੇਸ਼ਿਕ ਦਰਸ਼ਨ ਵਿਚ ਵੀ ਈਸ਼ਵਰ ਨੂੰ ਬਿਧਾਤਾ ਅਤੇ ਕਰਮਾਂ ਦਾ ਫਲ ਪ੍ਰਦਾਤਾ ਮੰਨਿਆ ਗਿਆ ਹੈ ਅਤੇ ਜੀਵ ਦੀ ਬੇਵਸੀ ਪ੍ਰਗਟ ਕੀਤੀ ਗਈ ਹੈ। ਰਾਮਾਨੁਜ ਦੇ ਵਿਸ਼ਿਸ਼ਟਾਦ੍ਵੈਤ ਅਨੁਸਾਰ ਜੀਵ ਲਈ ਨਿਸ਼ਕਾਮ ਕਰਮ ਕਰਨੇ ਜ਼ਰੂਰੀ ਹਨ ਤਾਂ ਹੀ ਉਹ ਪਰਮ ਆਨੰਦ ਪ੍ਰਾਪਤ ਕਰ ਸਕਦਾ ਹੈ। ਨਿਸਕਾਮ ਕਰਮਾਂ ਕਾਰਨ ਜੀਵ ਪ੍ਰਭੂ ਦੇ ਅਧੀਨ ਹੈ। ਗੁਰੂ ਰਵਿਦਾਸ ਅਤੇ ਗੁਰੂ ਨਾਨਕ ਵੀ ਨਿਸ਼ਕਾਮ ਕਰਮਾਂ ਲਈ ਜੀਵ ਨੂੰ ਪ੍ਰਭੂ ਦੇ ਅਧੀਨ ਮੰਨਦੇ ਹਨ। ਪਰ ਗੁਰੂ ਨਾਨਕ ਵੱਲਭ ਦੇ ਸ਼ੁੱਧ ਅਦ੍ਵੈਤ ਦਾ ਅਨੁਕਰਣ ਕਰਦੇ ਹੋਏ ਮੰਨਦੇ ਹਨ ਕਿ ਮਾਲਿਕ ਦੀ ਇੱਛਾ ਅਨੁਸਾਰ ਆਨੰਦ ਦਾ ਗੁਣ ਇਨ੍ਹਾਂ ਜੀਵਾਤਮਾਵਾਂ ਵਿਚ ਛੁਪਿਆ ਹੋਇਆ ਹੈ। ਜੋ ਜੀਵ ਇਸ ਗੁਣ ਨੂੰ ਪ੍ਰਜੱਵਲਿਤ ਕਰ ਲੈਂਦਾ ਹੈ ਉਹ ਪ੍ਰਭੂ ਦੀ ਮਿਹਰ ਸਦਕਾ ਮਿਲਾਪ ਹਾਸਲ ਕਰ ਲੈਂਦਾ ਹੈ।

ਸਮੁੱਚੇ ਤੌਰ ਤੇ ਅਸੀਂ ਇਸ ਸਿੱਟੇ ਤੇ ਪਹੁੰਚੇ ਹਾਂ ਕਿ ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੋਹਾਂ ਨੇ ਜੀਵਾਤਮਾ ਨੂੰ ਪਰਮਾਤਮਾ ਦਾ ਅੰਸ਼ ਮੰਨਿਆ ਹੈ ਪਰ ਮੌਜੂਦਾ ਹਾਲਤ ਵਿਚ ਜੀਵਾਤਮਾ ਪਰਮਾਤਮਾ ਨਹੀਂ ਹੈ। ਜਿਸ ਦਾ ਕਾਰਣ ਹਉਮੈਂ ਹੈ। ਜੀਵਾਤਮਾ ਜੋਤਿ-ਸਰੂਪ ਸ਼ੁੱਧ ਤੇ ਮੁਕਤ ਸਰੂਪ ਹੋਣ ਦੇ ਬਾਵਜੂਦ ਵੀ ਇਹ ਹਉਮੈ ਕਾਰਣ ਅਸਮਰਥ ਹੋਕੇ ਆਪਣੇ ਆਪ ਨੂੰ ਪਰਮਾਤਮਾ ਤੋਂ ਭਿੰਨ ਸਮਝਣ ਲੱਗ ਪੈਂਦੀ ਹੈ। ਤਾਤਵਿਕ ਦ੍ਰਿਸ਼ਟੀ ਤੋਂ ਵੀ ਆਤਮਾ ਅਤੇ ਜੀਵ ਵਿਚ ਕੋਈ ਭੇਦ ਨਹੀਂ, ਜੋ ਭੇਦ ਨਜ਼ਰ ਆਉਂਦਾ ਹੈ ਉਹ ਕੇਵਲ ਹਉਮੈਂ ਤੇ ਮਾਇਆ ਦੇ ਪ੍ਰਭਾਵ ਕਾਰਨ ਹੈ। ਇਸ ਭੇਦ ਦੇ

ਬਾਵਜੂਦ ਜੀਵ ਵਿਚ ਪਰਮ-ਸ਼ਕਤੀ ਵਿਚ ਲੀਨ ਹੋਣ ਦੀ ਵਿਸ਼ਿਸ਼ਟਤਾ ਤਾਂ ਹੈ ਪਰ ਉਸ ਵਿੱਚ ਇੰਨੀ ਸਮਰਥਾ ਨਹੀਂ ਕਿ ਪਰਮਤੱਤ ਦੀਆਂ ਵਿਸ਼ੇਸ਼ਤਾਵਾਂ ਗ੍ਰਹਿਣ ਕਰ ਸਕੇ। ਇਹ ਵਿਸ਼ੇਸ਼ਤਾ ਜੀਵ ਅੰਦਰ ਪ੍ਰਭੂ ਦੀ ਕਿਰਪਾ ਨਾਲ ਪੈਦਾ ਹੋ ਸਕਦੀ ਹੈ ਕਿਉਂਕਿ ਉਸ ਦੀਆਂ ਸਾਰੀਆਂ ਪ੍ਰਵਿਰਤੀਆਂ, ਕਿਰਿਆਵਾਂ ਤੇ ਇੱਛਾਵਾਂ ਪਰਮਾਤਮਾ ਦੇ ਅਧੀਨ ਹਨ ਅਤੇ ਜੀਵ ਬੇਵਸ ਹੈ। ਪਰ ਗੁਰੂ ਰਵਿਦਾਸ ਜੀ ਬ੍ਰਹਮ ਅਤੇ ਜੀਵ ਵਿਚ ਵਿਸਿਸਟ ਅਦਵੈਤ ਮੰਨਦੇ ਹਨ ਅਤੇ ਗੁਰੂ ਨਾਨਕ ਸ਼ੁੱਧ ਅਦਵੈਤ ਦੇ ਧਾਰਨੀ ਹਨ। ਗੁਰੂ ਰਵਿਦਾਸ ਅਨੁਸਾਰ ਸੋਨਾ ਅਤੇ ਉਸ ਦੇ ਬਣੇ ਗਹਿਣੇ ਜਾਂ ਪਾਣੀ ਤੇ ਪਾਣੀ ਤੋਂ ਉਪਜੀਆਂ ਲਹਿਰਾਂ, ਸੂਤ ਅਤੇ ਸੂਤ ਤੋਂ ਬਣੇ ਕਪੜੇ ਵਿਚ ਭੇਦ ਨਾ ਹੁੰਦਿਆਂ ਹੋਇਆਂ ਵੀ ਉਨ੍ਹਾਂ ਦਾ ਸੰਬੰਧ ਸ਼ੁੱਧ ਨਹੀਂ ਵਿਸ਼ੇਸ਼ ਹੈ। ਪਰ ਗੁਰੂ ਨਾਨਕ ਇਸ ਸੰਬੰਧ ਨੂੰ ਵਿਸ਼ੇਸ਼ ਨਹੀਂ ਸਗੋਂ ਸ਼ੁੱਧ ਮੰਨਦੇ ਹਨ। ਜੀਵਾਤਮਾ ਅਤੇ ਪ੍ਰਮਾਤਮਾ ਅਸਲ ਵਿਚ ਇਕ ਹਨ। ਅਸਲਾ ਤੇ ਅੰਸ ਬੰਸ ਇਕੋ ਹੈ। ਸੰਸਾਰਕ ਜੀਵਾਂ ਦੀ ਸਥਿਤੀ ਤਰਸਯੋਗ ਹੈ। ਜੀਵ ਭੰਵਰੇ ਦੀ ਤਰ੍ਹਾਂ ਵਿਸ਼ਿਆਂ-ਵਿਕਾਰਾਂ ਵਿਚ ਫਸਿਆ ਭਟਕਦਾ ਹੈ। ਜੀਵ ਹਿਰਨ ਦੀ ਤਰ੍ਹਾਂ ਆਪਣੇ ਅੰਦਰ ਦੀ ਨਾਮ-ਰੂਪੀ ਅਨਮੋਲ ਕਸਤੂਰੀ ਦੀ ਪਹਿਚਾਣ ਕਰਨ ਦੇ ਅਸਮਰੱਥ ਹੈ। ਇਸ ਦਾ ਕਾਰਨ ਹਉਮੈਂ ਹੈ ਕਿਉਂਕਿ ਹਉਮੈਂ ਇਕ ਤੋਂ ਅਨੇਕ ਕਰਨ ਵਾਲਾ, ਭਿੰਨ ਭੇਦ ਪੈਦਾ ਕਰਨ ਵਾਲਾ ਨਿਯਮ ਹੈ। ਇਸ ਹਉਮੈਂ ਕਾਰਨ ਜੀਵਾਤਮਾ ਮਾਇਆ-ਅਵਿਦਿਆ ਅਗਿਆਨਤਾ ਦੇ ਅਸਰ ਹੇਠ ਪ੍ਰਮਾਤਮਾ ਤੋਂ ਭਿੰਨ ਰਹਿੰਦੀ ਹੈ ਤੇ ਭਿੰਨ ਪ੍ਰਤੀਤ ਕਰਦੀ ਹੈ। ਜਦ ਤਕ ਜੀਵ ਹਉਮੈਂ ਵਿਚ ਫਸਿਆ ਰਹਿੰਦਾ ਹੈ ਤਦ ਤੱਕ ਉਹ ਕਰਮ ਚੱਕਰ ਵਿਚ ਪਿਆ ਰਹਿੰਦਾ ਹੈ। ਇਸ ਤਰ੍ਹਾਂ ਉਹ ਥੋੜ੍ਹੀ ਮੱਤ ਵਾਲਾ ਤੇ ਬੇਵਸ ਹੈ। ਪਰ ਅਵਿਦਿਆ ਦੇ ਦੂਰ ਹੋਣ ਅਤੇ ਮਾਇਆ ਦਾ ਪ੍ਰਭਾਵ ਦੂਰ ਹੋਣ ਨਾਲ ਜੀਵਾਤਮਾ ਆਪਣੇ ਆਪ ਨੂੰ ਪਰਮਾਤਮਾ ਤੇ ਬ੍ਰਹਮ ਰੂਪ ਪ੍ਰਤੀਤ ਕਰ ਲੈਂਦੀ ਹੈ, ਭਟਕਣਾ ਖਤਮ ਹੋ ਜਾਂਦੀ ਹੈ, ਜੀਵ ਮੁਕਤੀ ਦਾ ਅਧਿਕਾਰੀ ਬਣ ਜਾਂਦਾ ਹੈ ਪਰ ਪ੍ਰਭੂ ਦੀ ਮਿਹਰ ਅਤੇ ਭਗਤੀ ਨਾਲ ਹੀ ਇਹ ਸਭ ਕੁਝ ਸੰਭਵ ਹੈ।

---

# ਟਿੱਪਣੀਆਂ ਤੇ ਹਵਾਲੇ


1. ਰਿਗਵੇਦ ,1/164/20
2. ਭਾਈ ਜੋਧ ਸਿੰਘ, ਗੁਰੂ ਨਾਨਕ ਤੇ ਭਾਰਤੀ ਧਰਮ ਦਰਸ਼ਨ, ਪੰਨਾ-5.
3. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ- 59.
4. ਭਾਈ ਜੋਧ ਸਿੰਘ, ਗੁਰੂ ਨਾਨਕ ਤੇ ਭਾਰਤੀ ਧਰਮ ਦਰਸ਼ਨ, ਪੰਨਾ-6.
5. ਗੀਤਾ 2/20,25.
6. ਪੰ. ਬਲਦੇਵ ਉਪਾਧਿਆਏ, ਭਾਰਤੀਯ ਦਰਸ਼ਨ, ਪੰਨਾ-107.
7. ਭਾਈ ਜੋਧ ਸਿੰਘ, ਗੁਰੂ ਨਾਨਕ ਤੇ ਭਾਰਤੀ ਧਰਮ ਦਰਸ਼ਨ, ਪੰਨਾ- 8-9.
8. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ- 226.
9. ਡਾ. ਰਾਧਾ ਕ੍ਰਿਸ਼ਨਨ, ਭਾਰਤੀਯ ਦਰਸ਼ਨ ਭਾਗ-2, ਪੰਨਾ- 143.
10. ਪੰ. ਬਲਦੇਵ ਉਪਾਧਿਆਇ, ਭਾਰਤੀਯ ਦਰਸ਼ਨ, ਪੰਨਾ- 231.
11. ਭਾਈ ਜੋਧ ਸਿੰਘ , ਗੁਰੂ ਨਾਨਕ ਤੇ ਭਾਰਤੀ ਧਰਮ ਦਰਸ਼ਨ, ਪੰਨਾ- 12.
12. -ਉਹੀ- ਪੰਨਾ- 13.
13. ਡਾ. ਰਾਧਾ ਕ੍ਰਿਸ਼ਨਨ, ਭਾਰਤੀਯ ਦਰਸ਼ਨ, ਭਾਗ-2, ਪੰਨਾ- 282.
14. ਡਾ. ਸਤੀਸ਼ ਚੰਦਰ ਚਟੋਪਾਧਿਆਇ, ਭਾਰਤੀਯ ਦਰਸ਼ਨ, ਪੰਨਾ- 183.
15. ਪੰ. ਬਲਦੇਵ ਉਪਾਧਿਆਇ, ਭਾਰਤੀਯ ਦਰਸ਼ਨ, ਪੰਨਾ- 329.
16. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ:ਵਿਅਕਤਿੱਤਵ,ਕ੍ਰਿੱਤਵ ਅਤੇ ਚਿੰਤਨ,ਪੰਨਾ-337.
17. -ਉਹੀ- ਪੰਨਾ- 338.
18. ਡਾ. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ- 403.

18ੳ. ਭਾਈ ਜੋਧ ਸਿੰਘ, ਗੁਰੂ ਨਾਨਕ ਤੇ ਭਾਰਤੀ ਧਰਮ ਦਰਸ਼ਨ, ਪੰਨਾ- 43.

19. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ:ਵਿਅਕਤਿੱਤਵ ਕ੍ਰਿੱਤਵ ਔਰ ਚਿੰਤਨ,ਪੰਨਾ-338
20. ਭਾਈ ਜੋਧ ਸਿੰਘ, ਗੁਰੂ ਨਾਨਕ ਤੇ ਭਾਰਤੀ ਧਰਮ ਦਰਸ਼ਨ,ਪੰਨਾ- 41.
21. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ:ਵਿਅਕਤਿੱਤਵ:ਕ੍ਰਿੱਤਵ ਔਰ ਚਿੰਤਨ,ਪੰਨਾ-339.
22. ਸ੍ਰੀ ਰਾਮਪੂਜਨ ਤਿਵਾਰੀ, ਸੂਫ਼ੀਮਤ: ਸਾਧਨਾ ਔਰ ਸਾਹਿਤ,ਪੰਨਾ-281.
23. ਡਾ. ਧਰਮਪਾਲ ਸਿੰਗਲ,ਸੰਤ ਸ਼੍ਰੋਮਣੀ ਰਵਿਦਾਸ, ਪੰਨਾ- 84.
24. ਡਾ. ਦਲੀਪ ਸਿੰਘ ਦੀਪ, ਪੂਰਨ ਸਿੰਘ ਦਾ ਰਹੱਸਵਾਦ(ਪ੍ਰੋ. ਪੂਰਨ ਸਿੰਘ ਅੰਕ)ਪੰ.285.
25. ਡਾ. ਗੋਬਿੰਦ ਤ੍ਰਿਗੁਣਾਇਤ,ਹਿੰਦੀ ਕੀ ਨਿਰਗੁਣ ਕਾਵਿਧਾਰਾ ਔਰ ਉਸਕੀ ਦਾਰਸ਼ਨਿਕ ਪ੍ਰਿਸ਼ਠ ਭੂਮੀ,ਪੰਨਾ-420.
26. ਬਿੱਲੀ ਗਰਾਹਮ, ਪਰਮੇਸ਼ਰ ਨਾਲ ਮੇਲ(ਲੂਕਾ. 24.39) ਪੰਨਾ-36.

27. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ: ਵਿਅਕਤਿਤਵ, ਕ੍ਰਿਤਿਤਵ ਔਰ ਚਿੰਤਨ, ਪੰ.340.
28. ਪਦ 48,
29. ਗੁਰੂ ਗ੍ਰੰਥ ਸਾਹਿਬ ਆਸਾ ਮ:1 ਅਸ਼ਟਪਦੀਆਂ, ਪੰਨਾ-421.
30. " ਮਾਰੂ ਮ:1 ਸੋਲਹੇ ,ਪੰਨਾ- 1030.
31. " ਤੁਖਾਰੀ ਛੰਤ ਮ:1,ਪੰਨਾ- 1112.
32. " " ਪੰਨਾ- 1111.
33. ਬਿੱਲੀ ਗਰਾਹਮ, ਪਰਮੇਸ਼ਰ ਨਾਲ ਮੇਲ(ਯੂਹੰਨਾ 4:24) ਪੰਨਾ-35.
34. ਡਾ. ਧਰਮਪਾਲ ਸਿੰਗਲ, ਸੰਤ ਸ਼ਿਰੋਮਣੀ ਰਵਿਦਾਸ, ਪੰਨਾ-84
35 ਤੇ 36. ਪਦ, 5,4.
37. ਗੁਰੂ ਗ੍ਰੰਥ ਸਾਹਿਬ, ਮਾਰੂ ਸੋਲਹੇ ਮ:1, ਪੰਨਾ- 1034.
38. " ਮਲਾਰ ਮ:1,ਪੰਨਾ- 1256.
39. " ਆਸਾ ਮ:1,ਪੰਨਾ- 352.
40. " ਬਿਹਾਗੜਾ ਛੰਤ ਮ:5, ਪੰਨਾ- 545.
41. " ਰਾਮਕਲੀ ਮ:1, ਪੰਨਾ- 878.
42. " ਮਾਝ ਮ:5, ਪੰਨਾ- 102.
43. " ਮਾਰੂ ਸੋਲਹੇ ਮ:1, ਪੰਨਾ- 1031.
44. " ਮਾਰੂ ਸੋਲਹੇ ਮ:1, ਪੰਨਾ- 1030.
45. ਪਦ, 14.
46. ਬਿੱਲੀ ਗਰਾਹਮ, ਪਰਮੇਸ਼ਰ ਨਾਲ ਮੇਲ, ਪੰਨਾ- 37.
47. ਗੀਤਾ, 15/7.
48. ਪੰ: ਬਲਦੇਵ ਉਪਾਧਿਆਇ, ਭਾਰਤੀਯ ਦਰਸ਼ਨ, ਪੰਨਾ- 403.
49. ਪਦ, 4,
50. ਗੁਰੂ ਗ੍ਰੰਥ ਸਾਹਿਬ,ਰਾਮਕਲੀ ਮ:1, ਪੰਨਾ- 878.
51. ਤੇ 52. ਸਾਖੀ ਭਾਗ, 98,99.
53 ਤੋਂ 55. ਪਦ,14,15,18.
56. ਗੁਰੂ ਗ੍ਰੰਥ ਸਾਹਿਬ, ਧਨਾਸਰੀ ਮ:1, ਪੰਨਾ- 663.
57. " ਰਾਮਕਲੀ ਮ:1,ਪੰਨਾ- 907.
58. " ਗੂਜਰੀ ਮ:3, ਪੰਨਾ- 490-91.
59. " ਵਾਰ ਰਾਮਕਲੀ ਰਾਇ ਬਲਵੰਡ ਅਤੇ ਸੱਤਾ,ਪੰਨਾ-965.

60. ਗੁਰੂ ਗ੍ਰੰਥ ਸਾਹਿਬ, ਸਵੱਈਏ ਮਹਲੇ ਪੰਜਵੇਂ ਕੇ, ਪੰਨਾ- 1408.

61 ਤੇ 62. ਪਦ, 166,161.

63. ਸ੍ਰੀ ਗੁਰੂ ਗ੍ਰੰਥ ਸਾਹਿਬ, ਸੂਹੀ ਕੀ ਵਾਰ ਮ:3, ਪੰਨਾ- 790.

64. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ: ਵਿਅਕਤਿਤਵ,ਕ੍ਰਿਤ੍ਵ ਔਰ ਚਿੰਤਨ,ਪੰਨਾ-343.

65. ਬ੍ਰਿਹਦਾਰਣ੍ਯਕ ਉਪਨਿਸ਼ਦ, 2/5/19.

66. ਬਿੱਲੀ ਗਰਾਹਮ, ਪਰਮੇਸ਼ਰ ਨਾਲ ਮੇਲ, ਪੰਨਾ- 35.

67 ਤੇ 68. ਸਾਖੀ ਭਾਗ, 15,262.

69. ਆਚਾਰਯ ਪ੍ਰਿਥਵੀ ਸਿੰਘ ਆਜ਼ਾਦ, ਰਵਿਦਾਸ ਦਰਸ਼ਨ(ਸਾਖੀ)

70. ਸ੍ਰੀ ਗੁਰੂ ਗ੍ਰੰਥ ਸਾਹਿਬ, ਧਨਾਸਰੀ ਮ:1 ਪਦੇ 4/1,ਪੰਨਾ- 661.

71. " ਰਾਮਕਲੀ ਮ:1, ਪੰਨਾ-907.

72. " ਬਿਲਾਵਲ ਮ:5, ਪੰਨਾ- 846.

73. " ਸਲੋਕ ਵਾਰਾਂ ਤੇ ਵਧੀਕ ਮ:3, ਪੰਨਾ- 1418.

74 ਤੋਂ 78. ਪਦ 16,27,48,77,119.

79. ਸਾਖੀ ਭਾਗ, 100.

80. ਰਮੈਣੀ, 17.

81. ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ:1, ਪੰਨਾ- 1030.

82. " ਰਾਮਕਲੀ ਦੀ ਵਾਰ ਮ:3, ਪੰਨਾ- 952.

83. " ਭੈਰਉ ਅਸ਼ਟਪਦੀਆਂ ਮ:1, ਪੰਨਾ- 1153.

84. " ਗੋਂਡ ਮ:5, ਪੰਨਾ- 868.

85. " ਰਾਮਕਲੀ ਅਸਟਪਦੀਆਂ ਮ:5, ਪੰਨਾ- 916.

86. " ਰਾਮਕਲੀ ਅਸਟਪਦੀਆਂ ਮ:1, ਪੰਨਾ- 907.

87. " ਰਾਗ ਮਾਰੂ ਮ:1, ਪੰਨਾ- 1010.

88. " ਰਾਗ ਬਸੰਤੁ ਮ:4 ਹਿੰਡੋਲੁ ਘਰ 2(ਅਸ਼ਟਪਦੀਆਂ) ਪੰਨਾ-1191.

88ੳ. ਡਾ. ਧਰਮਪਾਲ ਸਿੰਗਲ, ਸੰਤ ਸ਼ਿਰੋਮਣੀ ਰਵਿਦਾਸ, ਪੰਨਾ-87.

88ਅ. ਡਾ. ਰਤਨ ਸਿੰਘ ਜੱਗੀ,ਬਾਣੀ ਗੁਰੂ ਰਵਿਦਾਸ,ਪੰਨਾ- 8.

89. ਰਿਗਵੇਦ, 1/164/20.

90 ਤੇ 91. ਪਦ, 82,175.

92 ਤੇ 93. ਸਾਖੀ ਭਾਗ, 31,265.

94. ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਹਾਗੜੇ ਦੀ ਵਾਰ ਮ:1,ਪੰਨਾ- 550.

95.ਤੋਂ 98. ਪਦ , 56,175,183,183.

99. ਪਦ ,169.

99ੳ. ਸ੍ਰੀ ਗੁਰੂ ਗ੍ਰੰਥ ਸਾਹਿਬ ਆਸਾ ਦੀ ਵਾਰ, ਸਲੋਕ ਮ:1, ਪੰਨਾ-470.

100 ਤੋਂ 102. ਪਦ 63,133,135.

103. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ:1 ਦੱਖਣੀ ਓਅੰਕਾਰ, ਪੰਨਾ - ੯੩੦

104 ਤੇ 105. ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਕੀ ਵਾਰ ਮ:1, ਪੰਨਾ- 138,139.

106 ਤੇ 107. " ਗਉੜੀ ਮ:1, ਪੰਨਾ- 155,156.

108. ਸ੍ਰ " ਰਾਮਕਲੀ ਕੀ ਵਾਰ ਮ:3, ਪੰਨਾ- 954.

109. " ਵਾਰ ਗੁਜਰੀ ਮ:3, ਸਲੋਕ ਮ:3, ਪੰਨਾ-510.

110. " ਵਡਹੰਸ ਮ:1 ਅਲਾਹਣੀਆਂ, ਪੰਨਾ- 579.

111. " ਮਾਰੂ ਸੋਲਹੇ ਮ:5, ਪੰਨਾ- 1072.

112 ਤੋਂ 114. ਪਦ , 27,32,143.

115. ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਮ:1, ਪਦੇ 6/5

116. " ਮਾਰੂ ਮ:1 ਸੋਲਹੇ, ਪੰਨਾ- 1030.

117. ਗੀਤਾ, 2/20.

118. ਬਿੱਲੀ ਗਰਾਹਮ, ਪਰਮੇਸਰ ਨਾਲ ਮੇਲ, ਪੰਨਾ-83.

119 ਤੇ 120. ਪਦ 15,101.

121. ਸਾਖੀ ਭਾਗ, 258.

122. ਗੀਤਾ, 2/22.

123 ਤੋਂ 127. ਪਦ 125,125,175,56,17.

128 ਤੇ 129. ਸਾਖੀ ਭਾਗ, 123,125.

130. ਗੁਰੂ ਗ੍ਰੰਥ ਸਾਹਿਬ, ਆਸਾ ਮ:5, ਪੰਨਾ- 391.

131. " ਗਉੜੀ ਮ:5, ਪੰਨਾ- 188.

132. " ਮਾਰੂ ਸੋਲਹੇ ਮ:1, ਪੰਨਾ- 1025.

133. ਡਾ. ਧਰਮਪਾਲ ਸਿੰਗਲ, ਸੰਤ ਸ਼੍ਰੋਮਣੀ ਰਵਿਦਾਸ, ਪੰਨਾ- 91.

134. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ ਵਿਅਕਤਿੱਤਵ, ਕ੍ਰਿਤ੍ਵ ਔਰ ਚਿੰਤਨ, ਪੰਨਾ-345.

135. ਪ੍ਰੋ. ਹਰਨਾਮ ਦਾਸ, ਇਸਲਾਮ ਐਂਡ ਸਿੱਖੀਜ਼ਮ, ਗੁਰੂ ਗੋਬਿੰਦ ਸਿੰਘ 300ਵਾਂ ਬਰਥਡੇ, ਸੈਮੀਨਾਰ।

136. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ: ਵਿਅਕਤਿਤ੍ਵ, ਕ੍ਰਿਤਿਤ੍ਵ ਔਰ ਚਿੰਤਨ, ਪੰਨਾ-345.

137. ਡਾ. ਮਨੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ: ਏਕ ਸਾਂਸਕ੍ਰਿਤਕ ਸਰਵੇਖਣ, ਪੰਨਾ- 57.

138 ਤੇ 139. ਗੀਤਾ 15/7, 2/20.

140. ਆਚਾਰਯ ਪ੍ਰਿਥਵੀ ਸਿੰਘ ਆਜ਼ਾਦ, ਰਵਿਦਾਸ ਦਰਸ਼ਨ, ਪੰਨਾ-81.

141. ਡਾ. ਧਰਮਪਾਲ ਸਿੰਗਲ, ਸੰਤ ਸ਼ਿਰੋਮਣੀ ਰਵਿਦਾਸ, ਪੰਨਾ-84.

142 ਤੋਂ 144. ਪਦ 3,11,32.

145. ਡਾ. ਬੀ.ਪੀ.ਸ਼ਰਮਾ, ਰਵਿਦਾਸ ਬਾਣੀ, ਪਦ 47, ਡਾ. ਸਿੰਗਲ, 161.

146 ਤੇ 147. ਸਾਖੀ ਭਾਗ 150,149.

148 ਤੋਂ 152. ਪਦ, 161,112,165,6,101.

153 ਤੇ 154. ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: 1, ਪੰਨਾ- 152-53.

155. " ਬਿਲਾਵਲ ਮ:5, ਪੰਨਾ- 846.

156. " ਆਸਾ ਮ:5, ਪੰਨਾ- 12.

157. " ਸੂਹੀ ਅਸਟਪਦੀ ਮ:1, ਪੰਨਾ- 751.

158. " ਸੂਹੀ ਮ: 1, ਪੰਨਾ- 729.

159 " ਧਨਾਸਰੀ ਮ:1, ਪੰਨਾ- 662.

160. ਤੋਂ 164. ਪਦ 156,15,7,101,105.

165. ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: 5, ਪੰਨਾ- 188.

166. " ਗਉੜੀ ਮ:1, ਪੰਨਾ- 151.

167. ਡਾ. ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ:ਏਕ ਸਾਂਸਕ੍ਰਿਤਕ ਸਰਵੇਕਸ਼ਣ, ਪੰਨਾ-260.

168. ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ:5, ਪੰਨਾ- 391.

169. " ਮਾਰੂ ਸੋਲਹੇ ਮ:1, ਪੰਨਾ- 1025.

170. " ਮਾਰੂ ਸੋਲਹੇ ਮ:1, ਪੰਨਾ- 1034.

171 ਤੇ 172. " ਮਾਰੂ ਮ:3, ਪੰਨਾ- 1059,1058.

173. " ਮਾਰੂ ਸੋਲਹੇ ਮ:1, ਪੰਨਾ- 1034.

174. " ਮਾਰੂ ਮ:5, ਪੰਨਾ- 1007.

175. " ਮਾਰੂ ਸੋਲਹੇ ਮ: 3, ਪੰਨਾ- 1068.

176. " ਗਉੜੀ ਮ:1, ਪੰਨਾ- 152.

177. ਸ੍ਰ. " ਮਾਰੂ ਸੋਲਹੇ ਮ:1, ਪੰਨਾ- 1033.

178. ਤੋਂ 181. " ਮਾਰੂ ਸੋਲਹੇ ਮ:1, ਪੰਨਾ- 1031,1034,1022,1026.

182. " ਸਲੋਕ ਸੰਸਕ੍ਰਿਤੀ ਮ:5, ਪੰਨਾ- 1354.

183. " ਬਿਲਾਵਲ ਮ:3, ਪੰਨਾ- 832.

183ੳ. ਪਦ,56.

184 ਤੋਂ 188. ਸਾਖੀ ਭਾਗ ,196,95,89,153,144.

189 ਤੋਂ 194. ਪਦ , 126,166,112,27,151,90.

195. ਰਮੈਣੀ, 9.

196 ਤੋਂ 200. ਪਦ 121,123,137,149,176.

201. ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਸੋਲਹੇ ਮ:1, ਪੰਨਾ 1034.

202. " ਗਉੜੀ ਸੁਖਮਨੀ ਮ: 5, ਪੰਨਾ 276.

203. " ਸਿਰੀ ਮ:1, ਪੰਨਾ 20.

204. " ਮਾਝ ਅਸਟਪਦੀਆਂ ਮ:5, ਪੰਨਾ 131.

205. " ਸਿਰੀ ਮ:1, ਪੰਨਾ 20.

206. ਡਾ. ਮਨਮੋਹਨ ਸਿੰਘ, ਗੁਰਮਤਿ ਕਾਵਿ ਦੀ ਜਗਤ ਸੰਬੰਧੀ ਦ੍ਰਿਸ਼ਟੀ(ਖੋਜ ਪੱਤ੍ਰਿਕਾ)ਪੰ.43.

207. ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਸੁਖਮਨੀ ਮ:5, ਪੰਨਾ 276.

208. " ਸਿਰੀ ਮ:1, ਪੰਨਾ 18.

209. " ਵਾਰ ਗੂਜਰੀ, ਮ:3, ਪੰਨਾ 510.

210. ਡਾ. ਮਨਮੋਹਨ ਸਿੰਘ, ਗੁਰਮਤਿ ਕਾਵਿ ਦੀ ਜਗਤ ਸੰਬੰਧੀ ਦ੍ਰਿਸ਼ਟੀ(ਖੋਜ ਪੱਤ੍ਰਿਕਾ)ਪੰ.42.

211 ਤੋਂ 213. ਸ੍ਰੀ ਗੁਰੂ ਗ੍ਰੰਥ ਸਾਹਿਬ ਮਾਰੂ ਸੋਲਹੇ ਮ:1, ਪੰਨਾ 1028,1037,1038.

214. " ਬਿਲਾਵਲ ਮ:5, ਪੰਨਾ 816.

215. " ਸੋਰਠਿ ਮ:4, ਪੰਨਾ 605.

216. " ਵਾਰ ਆਸਾ ਸਲੋਕ ਮ:1, ਪੰਨਾ 467.

217.ਤੋਂ 219. " ਮਾਰੂ ਸੋਲਹੇ ਮ:1, ਪੰਨਾ 1020,1037,1020.

220. " ਸੋਰਠ ਮ:1, ਪੰਨਾ 596.

221. ਡਾ. ਸ਼ੇਰ ਸਿੰਘ, ਗੁਰਮਤਿ ਦਰਸ਼ਨ, ਪੰਨਾ 235.

222. ਡਾ. ਮੋਹਨ ਸਿੰਘ, ਪੰਜਾਬੀ ਭਾਖਾ ਵਿਗਿਆਨ ਅਤੇ ਗੁਰਮਤ ਗਿਆਨ, ਪੰਨਾ 30.

223. ਸ੍ਰੀ ਗੁਰੂ ਗ੍ਰੰਥ ਸਾਹਿਬ, ਜਪੁਜੀ, ਪੰਨਾ 1.

224. " ਮਾਰੂ ਸੋਲਹੇ ਮ:1, ਪੰਨਾ 1037.

225. " ਗਉੜੀ ਸੁਖਮਨੀ ਮ:5, ਪੰਨਾ 295.

226 ਤੋਂ 231. ਪਦ, 166,112,165,42,45,44.

232 ਤੋਂ 234 ਰਮੈਣੀ, 15,17,14.

235. ਸ੍ਰੀ ਗੁਰੂ ਗ੍ਰੰਥ ਸਾਹਿਬ, ਬਸੰਤ ਅਸਟਪਦੀਆਂ,ਮ:1, ਪੰਨਾ 1190.

236. " ਮਾਰੂ ਸੋਲਹੇ ਮ: 3, ਪੰਨਾ 1044.

237. " ਮਾਰੂ ਸੋਲਹੇ ਮ:1, ਪੰਨਾ 1034.

238.ਤੇ 239. " ਜਪੁਜੀ, ਪੰਨਾ 3,7.

240 ਤੋਂ 41. ਸ੍ਰੀ ਗੁਰੂ ਗ੍ਰੰਥ ਸਾਹਿਬ, ਜਪੁਜੀ, ਪੰਨਾ 5,7.

242. " ਮਾਝ ਕੀ ਵਾਰ ਮ:1, ਪੰਨਾ 138.

243. " ਗਉੜੀ ਸੁਖਮਨੀ ਮ:5, ਪੰਨਾ 275.

244. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ: ਵਿਅਕਤਿੱਤਵ ਕ੍ਰਿਤਿਤਵ ਔਰ ਚਿੰਤਨ, ਪੰਨਾ 350.

245. ਡਾ. ਸ਼ੇਰ ਸਿੰਘ, ਗੁਰਮਤਿ ਦਰਸ਼ਨ, ਪੰਨਾ 246.

246. ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ:5, ਪੰਨਾ 176.

247 ਤੇ 248. " ਮਾਰੂ ਸੋਲਹੇ ਮ:5, ਪੰਨਾ 1075,1075.

249. ਡਾ. ਸ਼ੇਰ ਸਿੰਘ, ਗੁਰਮਤਿ ਦਰਸ਼ਨ, ਪੰਨਾ 247.

250 ਤੋਂ 259. ਪਦ , 58,58,6,25,165,154,77,123,109,138.

260. ਸ੍ਰੀ ਗੁਰੂ ਗ੍ਰੰਥ ਸਾਹਿਬ, ਵਾਰ ਆਸਾ ਮ:1, ਪੰਨਾ 466.

261. " ਸਿਰੀ ਮ:1, ਪੰਨਾ 25.

262. ਤੇ 263. " ਮਾਰੂ ਸੋਲਹੇ ਮ:1, ਪੰਨਾ 1037,1040.

264. " ਸੋਰਠਿ ਮ:1, ਪਦੇ 5/2 ਪੰਨਾ 597.

265. " ਵਾਰ ਆਸਾ ਮ:1, ਪੰਨਾ 465.

266. " ਮਾਰੂ ਸੋਲਹੇ ਮ:1, ਪੰਨਾ 1039.

267. " ਵਾਰ ਆਸਾ ਮ:1 ਸਲੋਕ ਮ:2, ਪੰਨਾ 466.

268 ਤੋਂ 269. " ਮਾਰੂ ਸੋਲਹੇ ਮ:1, ਪੰਨਾ 1034,1037.

270 ਤੇ 271. ਪਦ 6,32

272. ਸਾਖੀ ਭਾਗ, 17.

273 ਤੋਂ 274. ਪਦ 63, 40.

275. ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀ ਰਾਗੁ ਮ:5, ਪੰਨਾ 77.

276. " ਗਉੜੀ ਬਾਵਨ ਅੱਖਰੀ ਮ:5, ਪੰਨਾ 261.

277. ਤੋਂ 79. " ਗਉੜੀ ਸੁਖਮਨੀ ਮ: 5, ਪੰਨਾ 271,276।277.

280. " ਵਾਰ ਆਸਾ ਮ:1, ਪੰਨਾ 469

281. " ਰਾਗ ਬਿਲਾਵਲ ਮ:5, ਪੰਨਾ 805.

282. " ਸਿਰੀ ਰਾਗ ਮ:1, ਪੰਨਾ 23.

283. " ਰਾਗ ਗਉੜੀ ਮ:3, ਪੰਨਾ 161.

284. " ਰਾਗ ਬਿਲਾਵਲ ਮ:5, ਪੰਨਾ 805.

## ਅਧਿਆਇ ਚੌਥਾ

## ਸੰਤ ਰਵਿਦਾਸ ਅਤੇ ਗੁਰੂ ਨਾਨਕ ਦਾ ਜਗਤ ਤੇ ਮਾਇਆ ਦਾ ਸਿਧਾਂਤ

## ਸੰਤ ਰਵਿਦਾਸ ਅਤੇ ਗੁਰੂ ਨਾਨਕ ਦਾ ਜਗਤ ਤੇ ਮਾਇਆ ਦਾ ਸਿਧਾਂਤ

### ਸ੍ਰਿਸ਼ਟੀ ਚਿਤਰਣ

ਗੁਰੂ ਰਵਿਦਾਸ ਬਾਣੀ ਅਤੇ ਗੁਰੂ ਨਾਨਕ ਬਾਣੀ ਵਿਚ ਅਨੇਕ ਥਾਵਾਂ ਤੇ ਸ੍ਰਿਸ਼ਟੀ ਸੰਬੰਧੀ ਵਿਚਾਰ ਮਿਲਦੇ ਹਨ। ਮੁੱਢ ਤੋਂ ਹੀ ਮਨੁੱਖ ਪਰਮਾਤਮਾ ਦੀ ਇਸ ਪ੍ਰਕ੍ਰਿਤਕ ਖੇਡ ਨੂੰ ਵੇਖ ਵੇਖ ਕੇ ਹੈਰਾਨ ਹੁੰਦਾ ਰਿਹਾ ਹੈ ਅਤੇ ਉਸਦੇ ਮਨ ਵਿਚ ਸ੍ਰਿਸ਼ਟੀ ਸੰਬੰਧੀ ਤਰ੍ਹਾਂ ਤਰ੍ਹਾਂ ਦੇ ਵਿਚਾਰ ਉੱਠਦੇ ਰਹੇ ਹਨ ਜਿਵੇਂ ਜਗਤ ਕੀ ਹੈ ? ਇਹ ਕਿਸ ਨੇ ਤੇ ਕਿਵੇਂ ਬਣਾਇਆ ? ਇਸ ਦਾ ਸਰੂਪ ਕੀ ਹੈ ? ਇਸ ਦਾ ਅੰਤ ਕੀ ਹੋਵੇਗਾ ? ਆਦਿ । ਇਨ੍ਹਾਂ ਪ੍ਰਸ਼ਨਾਂ ਦੇ ਹੱਲ ਲਈ ਮੁੱਢ ਤੋਂ ਹੀ ਰਿਸ਼ੀ-ਮੁਨੀ, ਯੋਗੀ-ਤਪੀ, ਵਿਦਵਾਨ ਤੇ ਸਾਹਿਤਕਾਰ ਯਤਨਸ਼ੀਲ ਰਹੇ ਹਨ ਪਰ ਉਹ ਸਾਰੇ ਕਿਸੇ ਇੱਕ ਮੱਤ ਤੇ ਨਹੀਂ ਪਹੁੰਚ ਸਕੇ। ਗੁਰੂ ਰਵਿਦਾਸ ਬਾਣੀ ਅਤੇ ਗੁਰੂ ਨਾਨਕ ਬਾਣੀ ਵਿਚ ਜਗਤ ਸੰਬੰਧੀ ਦ੍ਰਿਸ਼ਟੀ ਨੂੰ ਭਲੀ ਪ੍ਰਕਾਰ ਸਮਝਣ ਲਈ ਸੱਭ ਤੋਂ ਪਹਿਲਾਂ ਸਾਨੂੰ ਜਗਤ-ਉਤਪਤੀ ਸੰਬੰਧੀ ਪਿਛਲੀ ਪਰੰਪਰਾ ਤੇ ਸੰਖੇਪ ਜਿਹੀ ਚਰਚਾ ਕਰਨੀ ਉਚਿਤ ਰਹੇਗੀ।

ਜਗਤ ਉਤਪਤੀ ਦੇ ਕਾਰਣ ਨੂੰ ਅਨੇਕ-ਮਤ-ਮਤਾਂਤਰਾਂ ਨੇ ਆਪੋ ਆਪਣੇ ਢੰਗ ਨਾਲ ਦਰਸਾਇਆ ਹੈ। ਮੁੱਖ ਰੂਪ ਵਿਚ ਬ੍ਰਹਮ, ਪ੍ਰਕ੍ਰਿਤੀ, ਮਾਇਆ ਅਤੇ ਸ਼ਕਤੀ ਨੂੰ ਹੀ ਜਗਤ-ਉਤਪਤੀ ਦਾ ਕਾਰਣ ਮੰਨਿਆ ਗਿਆ ਹੈ।

ਸ੍ਰਿਸ਼ਟੀ ਦੀ ਉਤਪਤੀ ਸੰਬੰਧੀ ਸਭ ਤੋਂ ਪਹਿਲਾਂ ਵਰਣਨ ਵੇਦਾਂ ਵਿਚ ਮਿਲਦਾ ਹੈ। ਇਸ ਵਰਣਨ ਵਿਚ ਅਗਨੀ, ਜਲ, ਸੋਮ, ਇੰਦਰ ,ਵਰੁਣ ਆਦਿ ਤੋਂ ਸ੍ਰਿਸ਼ਟੀ ਦੀ ਉਤਪਤੀ ਮੰਨੀ ਗਈ ਹੈ। ਰਿਗਵੇਦ ਦੇ ਦਸਵੇਂ ਮੰਡਲ ਦੇ 129ਵੇਂ ਨਾਸਦੀਯ ਮੰਤ੍ਰ ਵਿਚ ਇਕ ਰੱਬੀ ਮਤ ਪੇਸ਼ ਕੀਤਾ ਗਿਆ ਲੱਗਦਾ ਹੈ ਜੋ ਵੈਦਕ ਰਿਸ਼ੀਆਂ ਦੇ ਮਨ ਦੀ ਦੁਚਿੱਤੀ ਅਵਸਥਾ ਦਾ ਸਿੱਟਾ ਹੈ। ਇਸ ਦੇ ਨਿਚੋੜ ਵਿਚ ਕਿਹਾ ਗਿਆ ਹੈ ਕਿ ਸ੍ਰਿਸ਼ਟੀ ਤੋਂ ਪਹਿਲੀ ਹਾਲਤ ਦੀ ਕੋਈ ਸੂਝ-ਬੂਝ ਨਹੀਂ ਸੀ। ਜਿਸ ਦਾ ਗਿਆਨ ਰਚਣਹਾਰ ਨੂੰ ਵੀ ਨਹੀਂ ਸੀ ਕਿਉਂ ਕਿ ਰਚਨਹਾਰ ਹੈ ਨਹੀਂ ਸੀ। ਰਚਨਹਾਰ ਕਿਸੇ ਹੋਰ ਹਾਲਤ ਵਿੱਚ ਸੀ। ਡਾ. ਉਮੇਸ਼ ਮਿਸਰ ਲਿਖਦੇ ਹਨ ਕਿ ਇਸ ਵਰਣਨ ਅਨੁਸਾਰ ਸ੍ਰਿਸ਼ਟੀ ਦੇ ਆਰੰਭ ਵਿਚ ਇਕ ਅਜਿਹੀ ਅਵਿਅਕਤ ਚੇਤਨ ਸੀ ਜਿਸ ਤੋਂ ਕਾਲ-ਅੰਤਰ ਵਿਚ ਸ੍ਰਿਸ਼ਟੀ ਦੀ ਅਭਿਵਿਅਕਤੀ ਹੋਈ। ਉਸ ਅਵਿਅਕਤ ਚੇਤਨ ਨੂੰ

'ਤਪਸ' ਕਿਹਾ ਗਿਆ ਹੈ। ਅਸਲ ਵਿਚ ਇਹ ਸ਼ਕਤੀ ਸਰਵ-ਵਿਆਪੀ ਹੈ। ਇਸ ਤੋਂ ਹੀ ਗਿਆਨ ਸ਼ਕਤੀ, ਇੱਛਾ ਸ਼ਕਤੀ ਅਤੇ ਕ੍ਰਿਆ ਸ਼ਕਤੀ ਦੀ ਅਭਿਵਿਅਕਤੀ ਹੁੰਦੀ ਹੈ।[1]

ਉਪਨਿਸ਼ਦਾਂ ਅਨੁਸਾਰ ਸ੍ਰਿਸ਼ਟੀ ਦੇ ਆਦਿ ਵਿਚ ਕੁਝ ਵੀ ਨਹੀਂ ਸੀ। ਸੁੰਨ-ਮਸੁੰਨ ਸੀ। ਬਾਅਦ ਵਿਚ ਮਨ, ਜਲ, ਪ੍ਰਕਾਸ਼ ਅਤੇ ਅੰਤ ਵਿਚ ਪਰਜਾਪਤੀ ਦੀ ਉਤਪਤੀ ਹੋਈ। ਬ੍ਰਿਹਦਾਰਣਯਕ ਉਪਨਿਸ਼ਦ ਵਿਚ ਬ੍ਰਹਮ ਤੋਂ ਜਗਤ ਉਤਪਤੀ ਨੂੰ ਦ੍ਰਿਸ਼ਟਾਂਤ ਦੁਆਰਾ ਸਪਸ਼ਟ ਕਰਦਿਆਂ ਕਿਹਾ ਗਿਆ ਹੈ ਕਿ ਜਿਵੇਂ ਅਗਨੀ ਤੋਂ ਅਨੇਕ ਛੋਟੀਆਂ ਛੋਟੀਆਂ ਚਿੰਗਾੜੀਆਂ ਨਿਕਲਦੀਆਂ ਹਨ ਤਿਵੇਂ ਹੀ ਆਤਮਾ ਤੋਂ ਸਮਸਤ ਪ੍ਰਾਣ, ਸਮਸਤ ਲੋਕ, ਸਮਸਤ ਦੇਵਗੁਣ ਅਤੇ ਸਮਸਤ ਭੂਤ ਭਿੰਨ ਰੂਪਾਂ ਵਿਚ ਉਤਪੰਨ ਹੁੰਦੇ ਹਨ ਅਤੇ ਮੁੜ ਵਿਲੀਨ ਹੋ ਜਾਂਦੇ ਹਨ। ਅੱਗੇ ਹੋਰ ਲਿਖਿਆ ਹੈ ਕਿ ਸਭ ਤੋਂ ਪਹਿਲਾਂ ਪੁਰਸ਼ ਤੇ ਬਾਅਦ ਵਿਚ ਇਸਤਰੀ ਦਾ ਸਰੂਪ ਉਤਪੰਨ ਹੋਇਆ ਅਤੇ ਦੋਨਾਂ ਤੋਂ ਵਿਸ਼ਵ ਦੀ ਉਤਪਤੀ ਹੋਈ।[2] ਛਾਂਦੋਗਯ ਉਪਨਿਸ਼ਦ ਵਿਚ ਸੱਤ ਸਰੂਪ ਬ੍ਰਹਮ ਤੋਂ ਹੀ ਜਗਤ ਦੀ ਉਤਪਤੀ ਦਾ ਵਰਣਨ ਕੀਤਾ ਗਿਆ ਹੈ।[3] ਕਠੋਪਨਿਸ਼ਦ ਅਨੁਸਾਰ ਜਿਵੇਂ ਅਗਨੀ ਇੱਕ ਹੁੰਦੇ ਹੋਏ ਵੀ ਅਗਨੀਕਣਾਂ ਵਿੱਚ ਅਨੇਕ ਰੂਪ ਹੋ ਜਾਂਦੀ ਹੈ। ਅਗਨੀ ਨਿਰਾਕਾਰ ਰੂਪ ਵਿਚ ਸਾਰੇ ਬ੍ਰਹਿਮੰਡ ਵਿਚ ਸਥਿੱਤ ਹੈ ਪਰ ਜਦ ਉਹ ਸਾਕਾਰ ਰੂਪ ਵਿਚ ਬਲਦੀ ਹੈ ਤਾਂ ਆਧਾਰ-ਭੂਤ ਵਸਤੂਆਂ ਦਾ ਜਿਸ ਤਰ੍ਹਾਂ ਦਾ ਆਕਾਰ ਹੁੰਦਾ ਹੈ। ਉਸੇ ਤਰ੍ਹਾਂ ਦਾ ਹੀ ਆਕਾਰ ਅਗਨੀ ਦਾ ਵੀ ਵਿਖਾਈ ਦਿੰਦਾ ਹੈ। ਇਸੇ ਤਰ੍ਹਾਂ ਸਾਰੇ ਪ੍ਰਾਣੀਆਂ ਵਿਚ ਅੰਤਰਯਾਮੀ ਪਰਮਾਤਮਾ ਇੱਕ ਹੈ ਅਤੇ ਸਾਰਿਆਂ ਵਿਚ ਸਮਾਨ ਭਾਵ ਨਾਲ ਸਥਿੱਤ ਹੈ। ਆਧਾਰਭੂਤ ਵਸਤੂਆਂ ਦੇ ਅਨੁਰੂਪ ਹੀ ਉਸ ਦੀ ਮਹਿਮਾ ਦਾ ਪ੍ਰਗਟਾਵਾ ਹੁੰਦਾ ਹੈ ਉਸ ਦੀ ਅਨੰਤ ਸ਼ਕਤੀ ਦੇ ਇੱਕ ਛੋਟੇ ਤੋਂ ਛੋਟੇ ਅੰਸ਼ ਨਾਲ ਹੀ ਇਹ ਬ੍ਰਹਿਮੰਡ ਭਿੰਨ ਪ੍ਰਕਾਰ ਦੀਆਂ ਹੈਰਾਨੀ ਭਰੀਆਂ ਸ਼ਕਤੀਆਂ ਨਾਲ ਵਿਖਾਈ ਦੇ ਰਿਹਾ ਹੈ।[4] ਤੈਤਰੀਯ ਉਪਨਿਸ਼ਦ ਵਿਚ ਬ੍ਰਹਮ ਤੋਂ ਹੀ ਨਾਨ-ਰੂਪਾਤਮਕ ਵਿਅਕਤ ਜਗਤ ਦੀ ਉਤਪਤੀ ਦਰਸਾਈ ਗਈ ਹੈ।[5]

ਉਪਨਿਸ਼ਦਾਂ ਵਾਂਗ ਸ਼੍ਰੀਮਦ ਭਗਵਤ ਗੀਤਾ ਵਿਚ ਵੀ ਜਗਤ ਦੀ ਉਤਪਤੀ ਬ੍ਰਹਮ ਤੋਂ ਹੀ ਦਰਸਾਈ ਗਈ ਹੈ। ਗੀਤਾ ਵਿਚ ਬ੍ਰਹਮ ਨੂੰ 'ਸਨਾਤਕ ਬੀਜਮ' ਅਤੇ 'ਬੀਜਮਵਯਯਮ' ਆਦਿ ਸ਼ਬਦਾਂ ਦੁਆਰਾ ਸਮਸਤ ਭੂਤਾਂ ਦਾ ਅਬਿਨਾਸੀ ਬੀਜ ਦੱਸਿਆ ਗਿਆ ਹੈ। ਜਿਸ ਤਰ੍ਹਾਂ ਬੀਜ ਤੋਂ ਬ੍ਰਿਖ ਪੈਦਾ ਹੁੰਦਾ ਹੈ ਉਸੇ ਤਰ੍ਹਾਂ ਬ੍ਰਹਮ ਰੂਪੀ ਸਨਾਤਕ ਅਬਿਨਾਸ਼ੀ ਮਹਾਂਤੱਤ ਤੋਂ ਜਗਤ ਉਤਪੰਨ ਹੁੰਦਾ ਹੈ। ਗੀਤਾ ਵਿਚ ਭਗਵਾਨ ਨੇ ਆਪ ਕਿਹਾ ਹੈ ਕਿ ਮੈਂ ਸੰਪੂਰਣ ਜਗਤ ਦੀ

ਉਤਪਤੀ ਅਤੇ ਪਨ੍ਹੇ ਦਾ ਸਥਾਨ ਹਾਂ।[6] ਜਗਤ ਦੀ ਸਭ ਜੜ੍ਹ ਅਤੇ ਚੇਤਨ ਵਸਤੂਆਂ ਪੁਰਸ਼ੋਤਮ ਦੇ ਸਰੂਪ ਹਨ।[7]

ਜੈਨਮੱਤ ਵਿਭਿੰਨ ਤਰ੍ਹਾਂ ਦੇ ਦ੍ਰਵਾਂ ਦੇ ਸੰਜੋਗ ਤੋਂ ਸੰਸਾਰ ਦੀ ਉਤਪਤੀ ਮੰਨਦਾ ਹੈ। ਸੰਸਾਰ ਪਰਿਵਰਤਨਸ਼ੀਲ ਅਤੇ ਨਿਤਯ ਹੈ। ਸੰਸਾਰ ਵਿਚ ਪਰਿਵਰਤਨ ਹੋਣ ਕਾਰਨ ਪਰਿਵਰਤਨਸ਼ੀਲ ਹੈ ਅਤੇ ਦ੍ਰਵ ਦੇ ਗੁਣ ਨਾ ਬਦਲਣ ਕਾਰਣ ਨਿਰਮਾਣ ਦੀ ਅਵਸਥਾ ਵਿਚ ਇਹ **ਨਿਤਯ** ਹੈ।

ਬੁੱਧਮੱਤ ਅਨੁਸਾਰ ਜਗਤ ਸੁਤੰਤਰ ਸਤ੍ਹਾ ਤਾਂ ਹੈ ਪਰ ਪਰਿਵਰਤਨਸ਼ੀਲ ਵੀ ਹੈ। ਕੋਈ ਵੀ ਵਸਤੂ ਸਥਿਰ ਨਹੀਂ ਹੈ। ਹਰ ਇੱਕ ਵਸਤੂ ਕਿਸੇ ਕਾਰਣ ਤੋਂ ਪੈਦਾ ਹੁੰਦੀ ਹੈ। ਇਸ ਲਈ ਕੋਈ ਵਸਤੂ ਨਿਤਯ ਨਹੀਂ ਸਭ ਵਸਤਾਂ ਪਰਿਵਰਤਨਸ਼ੀਲ ਹਨ।[8] ਭੌਤਿਕ ਸਰੀਰ ਦਾ ਨਿਰਮਾਣ ਚਾਰ ਤੱਤਾਂ ਪ੍ਰਿਥਵੀ, ਜਲ, ਪਵਨ ਅਤੇ ਅਗਨੀ ਤੋਂ ਹੋਇਆ ਹੈ। ਮਾਨਸਿਕ ਭਾਗ ਦੀਆਂ ਵੇਦਨਾ, ਸੰਗਿਆ, ਸੰਸਕਾਰ, ਵਿਗਯਾਨ ਚਾਰ ਸ਼ਕਲਾਂ ਹਨ। ਇਹ ਸਾਰੇ ਮਾਨਸਿਕ ਅੰਗ ਸਾਡੇ ਵਿਚ ਨਦੀ ਦੇ ਪਰਵਾਹ ਵਾਂਗ ਤੁਰੇ ਰਹਿੰਦੇ ਹਨ ਅਤੇ ਸਾਰੇ ਹੀ ਕਸ਼ਣਿਕ ਹੁੰਦੇ ਹਨ; ਜਿਸ ਤਰ੍ਹਾਂ ਪਰਵਾਹ ਜਾਂ ਲਹਿਰ ਵਿਚ ਨਦੀ ਦਾ ਜਲ ਬਦਲਦਾ ਹੈ।[9] ਇਸ ਤਰ੍ਹਾਂ ਬੁੱਧ ਮੱਤ ਵਾਲੇ ਮਾਨਸਿਕ ਹਾਲਤਾਂ ਅਤੇ ਜਗਤ ਦੀ ਉਤਪਤੀ ਸੰਬੰਧੀ ਕਿਸੇ ਸਦੀਵੀ ਹਸਤੀ ਨੂੰ ਸਵੀਕਾਰ ਨਹੀਂ ਕਰਦੇ।

ਜੈਨਮੱਤ ਅਤੇ ਬੁੱਧਮਤ ਵਾਂਗ ਚਾਰਵਾਕ-ਦਰਸ਼ਨ ਵੀ ਜਗਤ ਦੀ ਉਤਪਤੀ ਸੰਬੰਧੀ ਕਿਸੇ ਦੈਵੀ ਸ਼ਕਤੀ ਜਾਂ ਪਰਮਾਤਮਾ ਨੂੰ ਨਹੀਂ ਮੰਨਦਾ। ਇਸ ਅਨੁਸਾਰ ਪ੍ਰਿਥਵੀ, ਜਲ, ਵਾਯੂ ਅਤੇ ਪ੍ਰਕਾਸ਼ ਇਹ ਚਾਰ ਪਦਾਰਥ ਸੰਸਾਰ ਵਿਚ ਪ੍ਰਮੁੱਖ ਮੰਨੇ ਗਏ ਹਨ। ਇਨ੍ਹਾਂ ਤੋਂ ਹੀ ਜਗਤ ਦਾ ਨਿਰਮਾਣ ਹੁੰਦਾ ਹੈ। ਇਨ੍ਹਾਂ ਅਨੁਸਾਰ ਸ੍ਰਿਸ਼ਟੀ ਦੇ ਨਿਰਮਾਣ ਲਈ ਈਸ਼ਵਰ ਇੱਛਾ ਨੂੰ ਮੰਨਣ ਦੀ ਜ਼ਰੂਰਤ ਨਹੀਂ ਕਿਉਂ ਕਿ ਸ੍ਰਿਸ਼ਟੀ ਆਪਣੇ ਆਪ ਜਾਂ ਮਾਤਾ ਪਿਤਾ ਦੀ ਪਰੰਪਰਾ ਨਾਲ ਉਤਪੰਨ ਹੋ ਜਾਂਦੀ ਹੈ।[10]

ਨਿਆਇ ਅਤੇ ਵਈਸ਼ੇਸ਼ਿਕ ਦਰਸ਼ਨ ਈਸ਼ਵਰ ਦੀ ਹਸਤੀ ਨੂੰ ਮੰਨਦੇ ਹਨ। ਈਸ਼ਵਰ ਅਦੁੱਤੀ, ਬੇਅੰਤ ਅਤੇ ਸਦਾ ਰਹਿਣ ਵਾਲਾ ਹੈ। ਉਹ ਸੰਸਾਰ ਦੀ ਉਤਪਤੀ ਸਥਿਤੀ ਅਤੇ ਨਾਸ਼ ਦਾ ਸਰਵ ਸ਼ਕਤੀਮਾਨ ਕਾਰਣ ਹੈ। ਉਹ ਸੰਸਾਰ ਦਾ ਪ੍ਰਥਮ ਨਮਿਤ ਕਾਰਣ ਹੈ ਪਰ ਉਪਾਦਾਨ ਕਾਰਣ ਨਹੀਂ। ਉਹ ਸੰਸਾਰ ਦਾ ਕਰਤਾ ਨਹੀਂ, ਬਿਧਾਤਾ ਅਤੇ ਕਰਮਾਂ ਦਾ ਫਲ ਪ੍ਰਦਾਤਾ ਹੈ।[11]

ਸੰਸਾਰ ਦੀ ਉਤਪਤੀ ਦਾ ਕਾਰਣ ਵਿਅਕਤੀਗਤ ਜੀਵਾਂ ਦੇ ਅਦ੍ਰਿਸ਼ਟ ਕਰਮ ਮੰਨੇ ਗਏ ਹਨ। ਜੀਵਾਂ ਨੂੰ ਉਨ੍ਹਾਂ ਦੇ ਕਰਮਾਂ ਅਨੁਸਾਰ ਸੁੱਖ-ਦੁਖ ਦੀ ਪ੍ਰਾਪਤੀ ਲਈ ਸੰਸਾਰ ਦੀ ਉਤਪਤੀ ਕੀਤੀ ਗਈ ਹੈ। ਦੋਹਾਂ ਸ਼ਾਸਤਰਾਂ ਅਨੁਸਾਰ ਪਰਲੈ ਈਸ਼ਵਰ ਦੀ ਇੱਛਾ ਨਾਲ ਹੁੰਦੀ ਹੈ।

ਸਾਂਖ ਦਰਸ਼ਨ ਅਨੁਸਾਰ ਪ੍ਰਕ੍ਰਿਤੀ ਹੀ ਜਗਤ ਦਾ ਆਦਿ ਅਤੇ ਮੂਲ ਕਾਰਣ ਹੈ। ਪ੍ਰਕ੍ਰਿਤੀ ਸਤ,ਰਜ ਅਤੇ ਤਮ ਆਦਿ ਗੁਣਾਂ ਦੀ ਸਮ-ਅਵਸਥਾ ਹੈ। ਪ੍ਰਕ੍ਰਿਤੀ ਕਿਉਂਕਿ ਸਮਸਤ ਤ੍ਰੈਗੁਣਾਤ-ਮਕ ਅਤੇ ਅਚੇਤਨ ਪਦਾਰਥਾਂ ਦਾ ਉਪਾਦਾਨ ਕਾਰਣ ਹੈ ਇਸ ਲਈ ਉਹ ਆਪ ਵੀ ਤ੍ਰੈਗੁਣਾਤਮਕ ਅਤੇ ਅਚੇਤਨ ਹੈ। ਭਾਵੇਂ ਜੜ੍ਹ ਪ੍ਰਕ੍ਰਿਤੀ ਦੇ ਵਿਕਾਰ ਜਾਂ ਪਰਿਵਰਤਨ ਤੋਂ ਹੀ ਜਗਤ ਦੀ ਉਤਪਤੀ ਹੋਈ ਹੈ ਪਰ ਤਾਂ ਵੀ ਪ੍ਰਕ੍ਰਿਤੀ ਆਪ ਅਵਿਕ੍ਰਿਤੀ ਹੈ ਅਰਥਾਤ ਇਹ ਕਿਸੇ ਕਾਰਣ ਦਾ ਵਿਕਾਰ ਨਹੀਂ ਹੈ। ਪ੍ਰਕ੍ਰਿਤੀ ਕਿਉਂ ਕਿ ਜਗਤ ਦਾ ਮੂਲ ਕਾਰਣ ਹੈ ਇਸ ਲਈ ਇਹ ਨਿੱਤ, ਸੁਤੰਤਰ ਅਤੇ ਪ੍ਰਧਾਨ ਹੈ। ਭਾਈ ਜੋਧ ਸਿੰਘ ਲਿਖਦੇ ਹਨ ਕਿ ਪ੍ਰਕ੍ਰਿਤੀ ਸਦੈਵ ਹਸਤੀ ਹੈ। ਕਿਸੇ ਨੇ ਇਸ ਨੂੰ ਉਤਪੰਨ ਨਹੀਂ ਕੀਤਾ ਪਰ ਸੰਸਾਰ ਦਾ ਸਾਰਾ ਪਸਾਰਾ ਇਸ ਤੋਂ ਹੈ। ਸੱਤ, ਰਜ ਅਤੇ ਤਮ ਤਿੰਨ ਗੁਣ ਇਸਦੇ ਹਨ। ਪ੍ਰਕ੍ਰਿਤੀ ਤਿੰਨਾਂ ਗੁਣਾਂ ਦੇ ਸੰਤੁਲਨ ਦੀ ਅਵਸਥਾ ਹੈ। ਇਹ ਸਭ ਵਸਤਾਂ ਦਾ ਮੂਲ ਹੈ।[12]

ਪ੍ਰਕ੍ਰਿਤੀ ਸੂਖਮ, ਅਦਿੱਖ ਅਤੇ ਸਤ੍ਹਾ ਰਹਿਤ ਹੈ। ਇਸ ਦੇ ਕਾਰਜ ਜਗਤ ਨੂੰ ਵੇਖ ਕੇ ਹੀ ਪ੍ਰਕ੍ਰਿਤੀ ਦੀ ਹੋਂਦ ਅਤੇ ਸਤ੍ਹਾ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ। ਪ੍ਰਕ੍ਰਿਤੀ ਕਰਮਸ਼ੀਲ ਅਤੇ ਪਰਣਾਮਸ਼ੀਲ ਹੈ। ਜਿਸ ਤਰ੍ਹਾਂ ਮਿੱਟੀ ਤੋਂ ਘੜੇ ਦੀ ਉਤਪਤੀ ਹੁੰਦੀ ਹੈ ਅਤੇ ਵਿਨਾਸ਼ ਹੋਣ ਤੇ ਘੜਾ ਮੁੜ ਮਿੱਟੀ ਵਿੱਚ ਵਿਲੀਨ ਹੋ ਜਾਂਦਾ ਹੈ। ਠੀਕ ਉਸੇ ਤਰ੍ਹਾਂ ਜਗਤ ਦੀ ਉਤਪਤੀ ਪ੍ਰਕ੍ਰਿਤੀ ਤੋਂ ਹੁੰਦੀ ਹੈ ਅਤੇ ਪਰਲੈ-ਕਾਲ ਵਿਚ ਉਹ ਮੁੜ ਪ੍ਰਕ੍ਰਿਤੀ ਵਿਚ ਹੀ ਵਿਲੀਨ ਹੋ ਜਾਂਦਾ ਹੈ। ਪ੍ਰਕ੍ਰਿਤੀ ਨੂੰ ਜਗਤ ਦਾ ਉਪਾਦਾਨ ਕਾਰਣ ਮੰਨਿਆ ਗਿਆ ਹੈ ਜਿਸ ਤਰ੍ਹਾਂ ਤਿਲ ਵਿਚ ਤੇਲ ਪਹਿਲਾਂ ਤੋਂ ਹੀ ਮੌਜੂਦ ਹੈ ਉਸੇ ਤਰ੍ਹਾਂ ਸਾਰਾ ਜਗਤ ਪ੍ਰਕ੍ਰਿਤੀ ਵਿਚ ਪਹਿਲਾਂ ਤੋਂ ਹੀ ਵਿਦਮਾਨ ਰਹਿੰਦਾ ਹੈ। ਸਾਂਖ ਸ਼ਾਸਤ੍ਰ ਵਾਲੇ ਕਹਿੰਦੇ ਹਨ ਕਿ ਜਦ ਪੁਰਖ ਅਤੇ ਪ੍ਰਕ੍ਰਿਤੀ ਦਾ ਸੰਜੋਗ ਹੁੰਦਾ ਹੈ ਤਾਂ ਝਟਪਟ ਹੀ ਸ੍ਰਿਸ਼ਟੀ ਰਚਨਾ ਆਰੰਭ ਹੋ ਜਾਂਦੀ ਹੈ ਜਿਵੇਂ ਬਸੰਤ ਰੁਤ ਵਿੱਚ ਬ੍ਰਿਛਾਂ ਦੀਆਂ ਪਹਿਲਾਂ ਨਵੀਆਂ ਕਰੂੰਬਲਾਂ ਪੁੰਗਰਦੀਆਂ ਹਨ। ਫੇਰ ਪੱਤੇ, ਫੇਰ ਸਮੇਂ ਸਿਰ ਫੁਲ ਤੇ ਫਲ ਲੱਗਦੇ ਹਨ। ਇਸ ਤਰ੍ਹਾਂ ਪੁਰਖ ਦੇ ਮੇਲ ਤੋਂ ਪ੍ਰਕ੍ਰਿਤੀ ਦਾ

ਵਿਕਾਸ ਸ਼ੁਰੂ ਹੁੰਦਾ ਹੈ ਤੇ ਸ੍ਰਿਸ਼ਟੀ ਰਚਨਾ ਦਾ ਸਾਰਾ ਵਿਸਥਾਰ ਹੋਂਦ ਵਿਚ ਆਉਂਦਾ ਹੈ।[13] ਯੋਗ ਸ਼ਾਸਤਰ ਵਾਲੇ ਵੀ ਪ੍ਰਕ੍ਰਿਤੀ ਅਤੇ ਪੁਰਸ਼ ਦੇ ਸੰਜੋਗ ਤੋਂ ਸ੍ਰਿਸ਼ਟੀ ਦੀ ਉਤਪਤੀ ਸਵੀਕਾਰ ਕਰਦੇ ਹਨ।

ਮੀਮਾਂਸਾ ਦਰਸ਼ਨ ਭੌਤਿਕ ਜਗਤ ਦੀ ਹੋਂਦ ਨੂੰ ਸਵੀਕਾਰ ਕਰਦਾ ਹੈ ਪਰ ਪਰਮਾਤਮਾ ਦੀ ਹੋਂਦ ਨੂੰ ਨਹੀਂ ਮੰਨਦਾ। ਜਗਤ ਅਨਾਦਿ ਅਤੇ ਅਨੰਤ ਹੋਣ ਕਰਕੇ ਇਸ ਦੀ ਨਾ ਕਦੀ ਉਤਪਤੀ ਹੋਈ ਹੈ ਅਤੇ ਨਾ ਹੀ ਪਰਲੌ ਹੁੰਦਾ ਹੈ। ਮੀਮਾਂਸਾ ਕਰਮ ਸਿਧਾਂਤ ਵਿਚ ਵਿਸ਼ਵਾਸ ਰੱਖਣ ਕਰਕੇ ਸੰਸਾਰਕ ਵਸਤੂਆਂ ਦਾ ਨਿਰਮਾਣ ਆਤਮਾ ਦੇ ਪੂਰਵ ਜਨਮਾਂ ਦੇ ਕਰਮਾਂ ਦੇ ਅਨੁਸਾਰ ਭੌਤਿਕ ਤੱਤਾਂ ਤੋਂ ਮੰਨਦੇ ਹਨ। ਕਰਮ ਇੱਕ ਸੁਤੰਤਰ ਸ਼ਕਤੀ ਹੈ ਜਿਸ ਨਾਲ ਸੰਸਾਰ ਚੱਲ ਰਿਹਾ ਹੈ।[14] ਈਸ਼ਵਰ ਦੀ ਲੋੜ ਨਾ ਤਾਂ ਜਗਤ ਦੀ ਸ੍ਰਿਸ਼ਟੀ ਲਈ ਹੈ ਅਤੇ ਨਾ ਹੀ ਕਰਮ ਦਾ ਫਲ ਦੇਣ ਲਈ। ਕਰਮ ਫਲ ਦੀ ਪ੍ਰਾਪਤੀ ਅਪੂਰਵ ਦੁਆਰਾ ਹੁੰਦੀ ਹੈ।

ਅਦਵੈਤ-ਵੇਦਾਂਤ ਅਨੁਸਾਰ ਬ੍ਰਹਮ ਚੇਤਨ, ਸੱਤ, ਨਿਰਾਕਾਰ, ਸਚਿਦਾਨੰਦ ਹੈ। ਈਸ਼ਵਰ ਸ੍ਰਿਸ਼ਟੀ ਦਾ ਉਪਾਦਾਨ ਕਾਰਣ ਹੈ। ਕੇਵਲ ਲੀਲ੍ਹਾ ਦੇ ਲਈ ਸ੍ਰਿਸ਼ਟੀ ਪੈਦਾ ਕਰਦਾ ਹੈ। ਸ਼ੰਕਰ ਮਾਇਆ ਸ਼ਕਤੀ ਨੂੰ ਪਰਮੇਸ਼ਰ ਦਾ ਰੂਪ ਮੰਨਦਾ ਹੈ। ਇਹ ਅਵਿਅਕਤ, ਅਨਾਦਿ ਅਤੇ ਤ੍ਰੈਗੁਣਾਤਮਕ ਹੈ। ਮਾਇਆ -ਸ਼ਕਤੀ ਦੇ ਕਾਰਣ ਹੀ ਬ੍ਰਹਮ ਜਗਤ ਦਾ ਕਾਰਣ ਬਣਦਾ ਹੈ । ਸਾਰਾ ਜਗਤ ਤ੍ਰੈਗੁਣਾਤਮਕ ਮਾਇਆ ਦਾ ਪਰਿਮਾਣ ਹੈ। ਪਰ ਸ਼ੰਕਰ ਦੀ ਮਾਇਆ ਪਰਮਾਰਥ ਵਿਚ ਅਸੱਤ ਹੋਣ ਦੇ ਕਾਰਣ ਨਾ ਤਾਂ ਤਾਂਤ੍ਰਿਕਾਂ ਦੀ ਮਹਾਂਮਾਯਾ ਸ਼ਕਤੀ ਹੈ ਤੇ ਨਾ ਹੀ ਈਸ਼ਵਰ ਦੇ ਅਧੀਨ ਹੋਣ ਕਾਰਨ ਸਾਂਖ ਦੀ ਪ੍ਰਕ੍ਰਿਤੀ ਹੈ। ਸ਼ੰਕਰ ਨੇ ਮਾਇਆ ਨੂੰ ਬੀਜ-ਸ਼ਕਤੀ ਦੇ ਰੂਪ ਵਿਚ ਸ੍ਰਿਸ਼ਟੀ ਉਤਪਤੀ ਦਾ ਕਾਰਨ ਸਵੀਕਾਰ ਕੀਤਾ ਹੈ। ਮਾਇਆ ਵਿਚ ਕਿਰਿਆ ਹੋਣ ਦੇ ਫਲ ਸਰੂਪ ਆਕਾਸ਼, ਆਕਾਸ਼ ਤੋਂ ਹਵਾ, ਹਵਾ ਤੋਂ ਅਗਨੀ, ਅਗਨੀ ਤੋਂ ਜਲ ਅਤੇ ਜਲ ਤੋਂ ਪ੍ਰਿਥਵੀ ਦਾ ਵਿਕਾਸ ਹੁੰਦਾ ਹੈ। ਮਨੁੱਖ ਵੀ ਇਨ੍ਹਾਂ ਪੰਜ ਭੂਤਾਂ ਦਾ ਨਿਰਮਾਣ ਹੈ। ਇਹ ਮੱਤ ਬ੍ਰਹਮ ਨੂੰ ਸੱਤ ਅਤੇ ਜਗਤ ਨੂੰ ਮਿਥਿਆ ਮੰਨਦਾ ਹੈ। ਜੀਵ ਬ੍ਰਹਮ ਹੀ ਹੈ।

ਦ੍ਵੈਤਾਦ੍ਵੈਤ ਅਨੁਸਾਰ ਬ੍ਰਹਮ ਜਗਤ ਦਾ ਉਪਾਦਾਨ ਕਾਰਣ ਹੋਣ ਕਰਕੇ ਇਸ ਵਿਚ ਵਿਆਪਕ ਹੈ। ਬ੍ਰਹਮ ਆਪਣੀ ਸ਼ਕਤੀ ਰਾਹੀਂ ਆਪਣੇ ਆਪ ਨੂੰ ਜਗਤ ਦੇ ਆਕਾਰ ਵਿਚ ਪਰਿਣਤ ਕਰਦਾ ਹੈ। ਪਰਲੌ ਅਵਸਥਾ ਵਿਚ ਜਗਤ ਅਤੇ ਜੀਵਾਤਮਾ ਦੋਵੇਂ ਸੂਖਮ ਰੂਪ ਵਿਚ

ਈਸੁਵਰ ਵਿਚ ਲੀਨ ਹੋ ਜਾਂਦੇ ਹਨ। ਬ੍ਰਹਮ ਸਮੂਹ ਭੂਤਾਂ ਦੀ ਅੰਤਰ-ਆਤਮਾ ਹੈ ਇਸ ਲਈ ਸਮੁੱਚਾ ਜਗਤ ਬ੍ਰਹਮ-ਰੂਪ ਹੈ।[15] ਬ੍ਰਹਮ ਸਦਾ ਹੀ ਪੂਰਣ ਸੰਤੁਸ਼ਟ ਅਤੇ ਅਨੰਦਮਯ ਹੈ। ਜਗਤ ਉਸ ਦੀ ਲੀਲ੍ਹਾ ਹੈ। ਇਹ ਲੀਲ੍ਹਾ ਜੀਵਾਂ ਨੂੰ ਉਨ੍ਹਾਂ ਦੇ ਕਰਮਾਂ ਦਾ ਫਲ ਭੁਗਤਾਵਣ ਲਈ ਹੈ।[16]

ਵਿਸ਼ਿਸ਼ਟਾ-ਦ੍ਵੈਤ ਅਨੁਸਾਰ ਈਸੁਵਰ ਆਪਣੀ ਇੱਛਾ ਨਾਲ ਸਾਰੇ ਜਗਤ ਦਾ ਕਾਰਨ-ਸਰੂਪ ਹੈ। ਸੰਸਾਰ ਨੂੰ ਪੈਦਾ ਕਰਨ ਦਾ ਇਕ ਮਾਤਰ ਪ੍ਰਯੋਜਨ ਭਗਵਤ-ਲੀਲਾ ਹੈ। ਸੰਸਾਰ ਨੂੰ ਪੈਦਾ ਕਰਨ ਦਾ ਇਕ ਮਾਤਰ ਪ੍ਰਯੋਜਨ ਭਗਵਤ-ਲੀਲਾ ਹੈ। ਸੰਸਾਰ ਦਾ ਸੰਘਾਰ ਕਰਨਾ ਵੀ ਭਗਵਾਨ ਦੀ ਲੀਲ੍ਹਾ ਹੈ। ਇਹ ਈਸੁਵਰ ਆਪ ਹੀ ਜਗਤ ਰੂਪ ਵਿਚ ਪਰਿਣਤ ਹੈ।[17]

ਰਾਮਾਨੁਜ ਨੇ ਈਸੁਵਰ ਦੀ ਵਚਿੱਤਰ ਅਤੇ ਅਚਿੰਤਯ ਸ਼ਕਤੀ ਰੂਪੀ ਮਾਇਆ ਨੂੰ ਹੀ ਸ੍ਰਿਸ਼ਟੀ ਰਚਨਾ ਦਾ ਕਾਰਨ ਮੰਨਿਆ ਹੈ। ਇਹ ਮਾਇਆ ਸਤ, ਰਜ ਅਤੇ ਤਮ ਆਦਿ ਗੁਣਾਂ ਤੋਂ ਬਣੀ ਹੈ। ਇਸ ਮੱਤ ਅਨੁਸਾਰ ਬ੍ਰਹਮ ਸਤਯ ਹੈ, ਇਸ ਲਈ ਬ੍ਰਹਮਧਾਰਿਤ ਜਗਤ ਵੀ ਸਤ੍ਯ ਹੈ।

ਦ੍ਵੈਤਵਾਦੀ ਜਗਤ ਦੀ ਉਤਪਤੀ, ਸਥਿਤੀ ਅਤੇ ਸੰਘਾਰ ਆਦਿ ਸਭ ਕਾਰਜ ਪਰਮਾਤਮਾ ਦੁਆਰਾ ਮੰਨਦੇ ਹਨ। ਦ੍ਵੈਤਵਾਦੀ ਮਾਧਵਚਾਰੀਆ ਨੇ ਮਾਇਆ ਦੇ ਦੋ ਰੂਪ ਮੰਨੇ ਹਨ। ਇੱਕ ਅਨੁਸਾਰ ਇਹ ਈਸੁਵਰ ਦੀ ਉਹ ਸ਼ਕਤੀ ਹੈ ਜੋ ਸਤ, ਰਜ ਅਤੇ ਤਮ ਗੁਣਾਂ ਰਾਹੀਂ ਸ੍ਰਿਸ਼ਟੀ ਸਿਰਜਨ ਵਿਚ ਸਹਾਇਕ ਸਿੱਧ ਹੁੰਦੀ ਹੈ। ਦੂਜੇ ਅਨੁਸਾਰ ਇਹ ਜੀਵਾਂ ਉੱਪਰ ਅਗਿਆਨ ਅਤੇ ਅਵਿਦਿਆ ਦਾ ਪਰਦਾ ਪਾ ਦਿੰਦੀ ਹੈ। ਮਾਧਵ ਨੇ ਪਰਮਾਤਮਾ ਦੀ ਸ਼ਕਤੀ-ਰੂਪੀ ਮਾਇਆ ਨੂੰ ਵੀ ਪਰਮਾਤਮਾ ਤੋਂ ਭਿੰਨ ਮੰਨਿਆ ਹੈ। ਇਹ ਭਿੰਨਤਾ ਸਾਂਖ ਦੇ ਪ੍ਰਕ੍ਰਿਤੀ-ਪੁਰਸ਼ ਦੇ ਸੰਕਲਪ ਨਾਲ ਮੇਲ ਖਾਂਦੀ ਹੈ।

ਭੇਦਾਭੇਦ ਦਰਸ਼ਨ ਅਨੁਸਾਰ ਇਕ ਮਾਤਰ ਤੱਤ ਬ੍ਰਹਮ ਜਗਤ ਦਾ ਉਪਾਦਾਨ ਕਾਰਣ ਹੈ। ਬ੍ਰਹਮ ਸਤਿ ਹੈ ਅਤੇ ਸਤਿ ਕਰਮਵਾਦੀ ਹੈ ਜਗਤ ਵੀ ਇਸ ਲਈ ਮਿਥਿਆ ਨਹੀਂ।

ਸ਼ੁੱਧ ਅਦਵੈਤ ਦੇ ਸੰਚਾਲਕ ਵੱਲਭ ਨੇ ਬ੍ਰਹਮ ਨੂੰ ਸਚਿਦਾਨੰਦ ਸਰੂਪ ਮੰਨਦਿਆਂ ਉਸ ਨੂੰ ਰਸ ਭਰਪੂਰ, ਅਮਿੱਤ ਆਨੰਦ ਮੰਨਿਆ ਹੈ। ਬ੍ਰਹਮ ਸਾਕਾਰ ਹੈ। ਉਹ ਸਦੀਵੀ,

ਨਿਰਵਿਕਾਰ, ਹਾਜ਼ਿਰ ਨਾਜਰ, ਸਰਬੱਗਤੇ ਸਰਬ ਸ਼ਕਤੀਮਾਨ ਹੋਣ ਕਰਕੇ ਉਸ ਵਿਚ ਇਹ ਕੁਦਰਤ ਹੈ ਕਿ ਉਹ ਕਿਸੇ ਸਮੇਂ ਕੋਈ ਵਸਤੂ ਅਤੇ ਹਰ ਇੱਕ ਵਸਤੂ ਬਣ ਸਕਦਾ ਹੈ। ਇਹੋ ਉਸਦੀ ਮਾਇਆ ਸ਼ਕਤੀ ਹੈ। ਉਹ ਹਰ ਇੱਕ ਵਸਤੂ ਦਾ ਸਿਰਜਣਹਾਰ ਹੈ ਅਤੇ ਉਪਾਦਾਨ ਅਤੇ ਨਮਿੱਤ ਕਾਰਣ ਦੋਵੇਂ ਹੈ। ਉਹ ਆਤਮਾਵਾਂ ਜੋ ਉਸ ਤੋਂ ਉਪਜ ਦੀਆਂ ਹਨ ਭਿੰਨ ਨਹੀਂ। ਉਹ ਪ੍ਰਕ੍ਰਿਤੀ ਅਤੇ ਚਿੱਤ ਦੋਹਾਂ ਦਾ ਮੰਬਾ ਹੈ ਤੇ ਇਨ੍ਹਾਂ ਦੇ ਭੇਦ ਉਸ ਵਿਚ ਮੁੱਕ ਜਾਂਦੇ ਹਨ। ਜਗਤ ਅਤੇ ਆਤਮਾਵਾਂ ਅਸਲੋ ਵਿਚ ਬ੍ਰਹਮ ਨਾਲ ਇੱਕ ਹਨ।[18] ਈਸ਼ਵਰ ਵਾਂਗ ਜਗਤ ਸੱਤ-ਸਰੂਪ ਹੈ। ਜਗਤ ਸੰਸਾਰ ਤੋਂ ਭਿੰਨ ਹੈ। ਈਸ਼ਵਰ ਦੇ ਸੱਤ-ਅੰਸ਼ ਤੋਂ ਉਤਪੰਨ ਪਦਾਰਥ ਜਗਤ ਹੈ। ਇਹ ਮਾਇਆ ਦਾ ਵਿਦਿਆ ਰੂਪ ਹੈ ਪ੍ਰੰਤੂ ਅਵਿਦਿਆ ਮਾਇਆ ਕਾਰਣ ਜੀਵ ਦੁਆਰਾ ਕਲਪਿਤ ਪਦਾਰਥ ਸੰਸਾਰ ਹੈ। ਜਗਤ ਨਿਤਯ ਹੈ ਪ੍ਰੰਤੂ ਸੰਸਾਰ ਅਨਿਤਯ।

ਚੈਤੰਨਯ ਮਹਾਂਪ੍ਰਭੂ ਦੇ ਅਚਿੰਤਯ-ਭੇਦਾਭੇਦ ਮੱਤ ਅਨੁਸਾਰ ਮਾਇਆ ਮਿਥਿਆ ਅਤੇ ਬਾਧਕ ਸ਼ਕਤੀ ਨਹੀਂ ਸਗੋਂ ਬ੍ਰਹਮ ਦੀ ਉਹ ਅਚਿੰਤਯ ਸ਼ਕਤੀ ਹੈ ਜਿਸ ਤੋਂ ਆਤਮ-ਉਤਪਾਦਨ ਦੁਆਰਾ ਈਸ਼ਵਰ ਜਗਤ ਦੀ ਸਿਰਜਨਾ ਅਤੇ ਇਸਦਾ ਨਿਯੰਤ੍ਰਣ ਕਰਦਾ ਹੈ। ਚੈਤੰਨਯ ਵੀ ਸਾਰੇ ਵੈਸ਼ਨਵ ਚਿੰਤਕਾਂ ਵਾਂਗ ਸ਼ੰਕਰ ਦੇ ਮਾਯਾਵਾਦ ਅਤੇ ਜਗਤ ਦੇ ਮਿਥਯਾਤ ਨੂੰ ਨਹੀਂ ਪ੍ਰਵਾਨ ਕਰਦਾ। ਜਗਤ ਸੱਤ ਹੈ। ਪ੍ਰਭੂ ਦੀ ਮਾਇਆ ਸ਼ਕਤੀ ਪ੍ਰਧਾਨ ਦੇ ਰੂਪ ਵਿਚ ਅਚੇਤ ਮਾਦੀ ਜਗਤ ਪੈਦਾ ਕਰਦੀ ਹੈ ਅਤੇ ਅਵਿਦਿਆ ਦੇ ਰੂਪ ਵਿੱਚ ਜੀਵ ਨੂੰ ਆਪਣਾ ਅਸਲੀ ਰੂਪ ਭੁਲਾ ਦੇਂਦੀ ਹੈ ਅਤੇ ਜੀਵ ਆਪਣੇ ਆਪ ਨੂੰ ਸੁਤੰਤਰ ਹੋਂਦ ਵਾਲਾ ਸਮਝਣ ਲੱਗ ਪੈਂਦਾ ਹੈ।

ਪਦਾਰਥਕ ਜਗਤ ਭਾਵੇਂ ਮਾਇਆ ਸ਼ਕਤੀ ਅਤੇ ਇਸ ਦੇ ਮਿਥਿਆ ਅਭਾਸ ਦੀ ਕਾਣ ਹੈ ਪ੍ਰੰਤੂ ਇਹ ਅਸੱਤ ਨਹੀਂ। ਇਹ ਪ੍ਰਭੂ ਦੀ ਸ੍ਵਰੂਪ ਸ਼ਕਤੀ ਦੇ ਇਕ ਪ੍ਰਕਾਰ ਅਰਥਾਤ ਮਾਇਆ ਸ਼ਕਤੀ ਦੀ ਕਿਰਤ ਹੋਣ ਕਰਕੇ ਇਹ ਆਪਣੇ ਸੋਮੇ ਦੇ ਸੱਤ ਦਾ ਭਾਗੀ ਹੈ ਅਤੇ ਸੀਮਿਤ ਅਣੂ-ਜੀਵ ਲਈ ਇੱਕ ਸਚਮੁਚਲੀ ਫਾਹੀ ਹੈ।[19] ਇਸਲਾਮ ਵਿਚ ਵੀ ਜਗਤ ਨੂੰ ਅੱਲਾਹ ਦੀ ਕਿਰਤ ਮੰਨਿਆ ਗਿਆ ਹੈ।

ਨਾਥ ਸੰਪ੍ਰਦਾਇ ਵਿਚ ਸ਼ਕਤੀ ਨੂੰ ਜਗਤ-ਪ੍ਰਪੰਚ ਕਾਰਜ ਦਾ ਮੂਲ ਦਰਸਾਇਆ ਗਿਆ ਹੈ। ਸ਼ਕਤੀ ਨੂੰ ਪਰਮ ਸ਼ਿਵ ਦੀ 'ਸ੍ਰਿਸ਼ਟੀ ਰਚਣ ਦੀ ਇੱਛਾ' ਮੰਨਿਆ ਗਿਆ ਹੈ। ਸ਼ਕਤੀ ਪਰਮਸ਼ਿਵ ਤੋਂ ਪੈਦਾ ਹੋ ਕੇ ਨਿਜ, ਪਰ, ਅਪਰ, ਸੂਖਮ ਅਤੇ ਕੁੰਡਲੀ ਪੰਜ ਅਵਸਥਾਵਾਂ ਵਿਚੋਂ ਗੁਜ਼ਰਦੀ ਹੋਈ ਪ੍ਰਫੁਲਿਤ ਅਤੇ ਵਿਕਸਿਤ ਹੁੰਦੀ ਹੈ। ਜਗਤ ਇਸੇ ਸ਼ਕਤੀ ਦਾ ਪਰਿਣਾਮ

ਹੈ ਕਿਉਂ ਕਿ ਇਹੋ ਸ਼ਕਤੀ ਜਗਤ ਰੂਪ ਵਿਚ ਪਰਿਣਿਤ ਅਥਵਾ ਪਰਿਵਰਤਿਤ ਹੁੰਦੀ ਹੈ। ਨਾਥ ਸੰਪ੍ਰਦਾਇ ਦੀ ਸ਼ਕਤੀ ਗੀਤਾ ਦੀ ਮਾਇਆ ਅਤੇ ਸਾਂਖ ਦੀ ਪ੍ਰਕ੍ਰਿਤੀ ਵਾਂਗ ਹੀ ਤ੍ਰੈਗੁਣਾਤਮਕ ਹੈ। ਮਾਇਆ ਸ਼ਕਤੀ ਨੇ ਹੀ ਸਤ, ਰਜ ਅਤੇ ਤਮ ਦੇ ਪ੍ਰਤੀਕ ਬ੍ਰਹਮਾ, ਵਿਸ਼ਨੂ ਅਤੇ ਮਹੇਸ਼ ਨੂੰ ਉਤਪੰਨ ਕੀਤਾ। ਤ੍ਰੈਗੁਣਾਂ ਕਾਰਨ ਹੀ ਜੀਵ ਬੰਧਨ ਵਿਚ ਪੈਂਦਾ ਹੈ ਅਤੇ ਇਸ ਮਾਇਆ ਦਾ ਗਿਆਨ ਹੋ ਜਾਣ ਤੇ ਬੰਧਨ ਮੁਕਤ ਹੋ ਜਾਂਦਾ ਹੈ। ਸਾਂਖ ਦੀ ਪ੍ਰਕ੍ਰਿਤੀ ਵੀ ਪੁਰਸ਼ ਦੇ ਬੰਧਨ ਅਤੇ ਮੋਖ ਦਾ ਕਾਰਣ ਹੈ ਪਰ ਸਾਂਖ ਅਤੇ ਨਾਥ ਸੰਪ੍ਰਦਾਇ ਦੀ ਇਸ ਧਾਰਨਾ ਵਿਚ ਅੰਤਰ ਇਹ ਹੈ ਕਿ ਜਿਥੇ ਸਾਂਖ ਦੀ ਪ੍ਰਕ੍ਰਿਤੀ ਜੜ੍ਹ ਹੈ ਉਥੇ ਨਾਥ ਸੰਪ੍ਰਦਾਇ ਦੀ ਸ਼ਕਤੀ ਸ਼ਿਵ-ਰੂਪ ਚੇਤਨ ਬ੍ਰਹਮ ਦਾ ਅੰਸ਼ ਹੋਣ ਦੇ ਕਾਰਨ ਆਪ ਵੀ ਚੇਤਨ ਹੈ। ਨਾਥ ਪੰਥ ਦੀ ਸ਼ਕਤੀ ਅਤੇ ਵੇਦਾਂਤ ਦੀ ਮਾਇਆ ਵਿਚ ਵੀ ਇਹੋ ਭੇਦ ਹੈ। ਨਾਥ ਪੰਥ ਦੀ ਸ਼ਕਤੀ ਚੇਤਨ ਹੈ ਪਰ ਵੇਦਾਂਤ ਦੀ ਮਾਇਆ ਜੜ੍ਹ ਸੁਭਾਅ ਵਾਲੀ ਹੈ।

ਉਪਰੋਕਤ ਅਧਿਐਨ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਭਾਵੇਂ ਸ੍ਰਿਸ਼ਟੀ ਦੀ ਉਤਪਤੀ ਦੇ ਕਾਰਣ ਬ੍ਰਹਮ ਜਾਂ ਆਤਮਾ, ਜਲ, ਅਗਨੀ, ਸੋਮ, ਵਰੁਣ, ਪ੍ਰਕਾਸ਼, ਆਕਾਸ਼, ਦ੍ਰਵਾਂ ਦੇ ਸੰਜੋਗ, ਵਾਯੂ, ਸਤੋ, ਰਜੋ, ਤਮੋ, ਗੁਣ, ਪ੍ਰਕ੍ਰਿਤੀ ਅਤੇ ਪੁਰਸ਼ ਦਾ ਸੰਯੋਗ, ਪ੍ਰਿਥਵੀ ਆਦਿ ਮੰਨੇ ਗਏ ਹਨ। ਪਰ ਜਗਤ ਰਚਨਾ ਦਾ ਮੁੱਖ ਕਾਰਣ ਇਕ ਮਾਤਰ ਬ੍ਰਹਮ ਹੀ ਹੈ। ਮਾਇਆ-ਸ਼ਕਤੀ ਕਿਉਂ ਕਿ ਬ੍ਰਹਮ ਦੇ ਅਧੀਨ ਹੈ ਇਸ ਲਈ ਇਹ ਸ੍ਰਿਸ਼ਟੀ ਰਚਨਾ ਦਾ ਸੁਤੰਤਰ ਕਾਰਣ ਨਹੀਂ ਹੋ ਸਕਦਾ। ਭਾਵੇਂ ਸਾਂਖਵਾਦੀ ਪ੍ਰਕ੍ਰਿਤੀ ਨੂੰ ਸੁਤੰਤਰ ਰੂਪ ਵਿਚ ਸ੍ਰਿਸ਼ਟੀ ਰਚਨਾ ਦਾ ਕਾਰਣ ਮੰਨਦੇ ਹਨ ਪਰ ਅਚੇਤ ਪ੍ਰਕ੍ਰਿਤੀ ਨੂੰ ਸੁਚੇਤ ਪੁਰਸ਼ ਦੇ ਸੰਜੋਗ ਦੀ ਜ਼ਰੂਰਤ ਬਣੀ ਰਹਿੰਦੀ ਹੈ ਜਿਸ ਤੋਂ ਬਿਨ੍ਹਾਂ ਪ੍ਰਕ੍ਰਿਤੀ ਦੀ ਤ੍ਰੈਗੁਣਾਤਮਕ ਸਮ-ਅਵਸਥਾ ਭੰਗ ਨਹੀਂ ਹੋ ਸਕਦੀ ਅਤੇ ਸ੍ਰਿਸ਼ਟੀ ਨਿਰਮਾਣ ਦਾ ਕਾਰਜ ਵੀ ਆਰੰਭ ਨਹੀਂ ਹੋ ਸਕਦਾ।

## ਸੰਤ ਰਵਿਦਾਸ ਅਤੇ ਗੁਰੂ ਨਾਨਕ ਦੀ ਜਗਤ ਬਾਰੇ ਧਾਰਨਾ

ਸੰਤ ਰਵਿਦਾਸ ਅਤੇ ਗੁਰੂ ਨਾਨਕ ਨੇ ਵੀ ਜਗਤ ਅਥਵਾ ਸ੍ਰਿਸ਼ਟੀ ਦੀ ਉਤਪਤੀ ਦਾ ਮੂਲ ਕਾਰਣ ਬ੍ਰਹਮ ਨੂੰ ਹੀ ਮੰਨਿਆ ਹੈ। ਨਮਿੱਤ ਕਾਰਣ ਵੀ ਅਤੇ ਉਪਾਦਾਨ ਕਾਰਣ ਵੀ। ਬ੍ਰਹਮ ਦੀ ਇੱਛਾ ਤੋਂ ਹੀ ਜਗਤ ਦਾ ਲੈਅ ਹੁੰਦਾ ਹੈ। ਅਰਥਾਤ ਜਗਤ ਦਾ ਲੈਅ ਉਸੇ ਬ੍ਰਹਮ ਵਿ

ਵਿਚ ਹੁੰਦਾ ਹੈ ਜਿਸ ਬ੍ਰਹਮ ਤੋਂ ਉਸ ਦੀ ਉਤਪਤੀ ਹੁੰਦੀ ਹੈ:--

(1) ਜਹਾਂ ਕਾ ਉਪਜਯਾ ਤਹਾਂ ਵਿਲਾਈ, ਸਹਜ ਸੁੰਨਿ ਮੇਂ ਰਹਯੋ ਲੁਕਾਈ।।[20]
(2) ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ।।[21]
(3) ਜਿਸ ਤੇ ਉਪਜੈ ਤਿਸ ਤੇ ਬਿਨਸੈ।।[22]
(4) ਤੁਝ ਤੇ ਉਪਜਹਿ ਤੁਝ ਮਾਹਿ ਸਮਾਵਹਿ।।[23]

ਗੁਰੂ ਰਵਿਦਾਸ ਜੀ ਬ੍ਰਹਮ ਨੂੰ ਓਂਕਾਰ ਰੂਪ ਵਿਚ ਵੇਖਦੇ ਹੋਏ ਓਂਕਾਰ ਤੋਂ ਹੀ ਸਾਰੀ ਸ੍ਰਿਸ਼ਟੀ ਦਾ ਵਿਸਥਾਰ ਮੰਨਦੇ ਹਨ। ਉਨ੍ਹਾਂ ਅਨੁਸਾਰ ਸਭ ਕੁਝ ਓਂਕਾਰ ਹੀ ਹੈ। ਬ੍ਰਹਮ ਦਾ ਆਕਾਰ 'ਬਟ' ਦੇ ਬੀਜ ਵਾਂਗ ਹੈ। ਤਿੰਨਾਂ ਲੋਕਾਂ ਵਿਚ ਇਸ ਦਾ ਪਸਾਰਾ ਹੈ। ਮੁੱਢ ਵਿਚ ਇੱਕ ਓਂਕਾਰ ਹੀ ਸੀ। ਉਹ ਓਂਕਾਰ ਰੂਪ ਬ੍ਰਹਮ ਮਾਤਲੋਕ, ਪਾਤਾਲ ਤੇ ਆਕਾਸ਼ ਦੇ ਕਣ-ਕਣ ਵਿਚ ਵਿਚਰ ਰਿਹਾ ਹੈ। ਇਸ ਤਰ੍ਹਾਂ ਓਂਕਾਰ ਤੋਂ ਹੀ ਸ੍ਰਿਸ਼ਟੀ ਦੀ ਉਤਪਤੀ ਮੰਨੀ ਗਈ ਹੈ। ਵੇਦਾਂ, ਉਪਨਿਸ਼ਦਾਂ ਤੋਂ ਲੈ ਕੇ ਸੰਤ ਸਾਹਿਤ ਤੱਕ 'ਓਂਕਾਰ' ਸ਼ਬਦ ਦਾ ਪ੍ਰਯੋਗ ਕਰਦਿਆਂ ਉਸ ਨੂੰ ਸ੍ਰਿਸ਼ਟੀ ਦਾ ਕਰਤਾ ਮੰਨਿਆ ਗਿਆ ਹੈ। ਇਸ ਤਰ੍ਹਾਂ ਗੁਰੂ ਜੀ ਦੇ ਵਿਚਾਰ ਪੁਰਾਣੇ ਦਰਸ਼ਨਾਂ ਨਾਲ ਜਾ ਮੇਲ ਖਾਂਦੇ ਹਨ। ਬ੍ਰਹਮ ਦਾ ਪਸਾਰਾ ਹੀ ਸਭ ਪਾਸੇ ਹੈ। ਉਹ ਇਕ ਤੋਂ ਅਨੇਕ ਰੂਪ ਹੋ ਗਿਆ:--

(1) ਬਟ ਕੈ ਬੀਜ ਜੈਸਾ ਆਕਾਰ, ਪਸਰਯੋ ਤੀਨਿ ਲੋਕ ਪਸਾਰ।[24]
(2) ਏਕ ਹੀ ਏਕ ਅਨੇਕ ਹੋਇ ਬਿਸਥਰਿਓ। ਆਨ ਰੇ ਆਨ ਭਰਪੂਰਿ ਸੋਊ।[25]
(3) ਅਖਰੁ ਅਨਾਦਿ ਏਕ ਓਂਕਾਰਾ, ਤੀਨ ਲੋਕ ਜਿਨ ਕੀਆ ਪਸਾਰਾ।।[26]
(4) ਰਵਿਦਾਸ ਏਕੈ ਬ੍ਰਹਮ ਕਾ ਹੋਇ ਰਹਯੋ ਸਗਲ ਪਸਾਰ।
ਏਕੈ ਮਾਟੀ ਸਭ ਘਟ ਸਜੈ, ਏਕੈ ਸਭ ਕੂੰ ਸਿਰਜਨਹਾਰ।।[27]

ਤੈਤਰੀਯ ਉਪਨਿਸ਼ਦ ਵਿਚ ਵੀ ਵਰਣਨ ਹੈ ਕਿ ਉਸ ਪਰਮਾਤਮਾ ਨੇ ਕਾਮਨਾ ਕੀਤੀ ਕਿ ਮੈਂ ਬਹੁਤ ਹੋ ਜਾਵਾਂ। ਉਸ ਨੇ ਤਪ ਕਰਕੇ ਸ੍ਰਿਸ਼ਟੀ ਦੀ ਰਚਨਾ ਕੀਤੀ ਤੇ ਇਸ ਰਚਨਾ ਵਿਚ ਆਪ ਪ੍ਰਵੇਸ਼ ਕਰ ਗਿਆ।

ਗੁਰੂ ਰਵਿਦਾਸ ਜੀ ਅਨੁਸਾਰ ਸ੍ਰਿਸ਼ਟੀ ਦੇ ਆਰੰਭ ਵਿਚ ਸਹਜ ਸੁੰਨ ਸੀ। ਉਸ ਪ੍ਰਭੂ ਨੇ ਇੱਛਾ ਕੀਤੀ ਤਾਂ ਸ੍ਰਿਸ਼ਟੀ ਦਾ ਨਿਰਮਾਣ ਹੋਇਆ। ਸ੍ਰਿਸ਼ਟੀ ਦੀ ਪ੍ਰਕਿਰਿਆ

ਹਰ ਪਲ ਹਰ ਵਕਤ ਹੁੰਦੀ ਰਹਿੰਦੀ ਹੈ। ਇਹ ਸ੍ਰਿਸ਼ਟੀ ਉਸ ਪਰਮਤੱਤ ਦੀ ਇੱਛਾ ਦਾ ਸਿੱਟਾ ਹੈ। ਗੁਰੂ ਜੀ ਲਿਖਦੇ ਹਨ ਕਿ ਉਹ ਇਸ਼ਟ ਦੇਵ ਪਰਮਾਤਮਾ ਹੀ ਸੰਸਾਰ ਦੇ ਸ਼ੁਰੂ ਵਿਚ ਸੀ ਅਤੇ ਉਹ ਹੀ ਸੰਸਾਰ ਵਿਚ ਸਦਾ ਮੌਜੂਦ ਰਹੇਗਾ।

(1) ਨਹੀਂ ਵਿਸ੍ਰਾਮ ਲਹੌਂ ਧਰਨੀਧਰ, ਜਾਕੈ ਸੁਰਨਰ ਸੰਤ ਸਰਨ ਅਭਿ ਅੰਤਰ।
ਜਹਾਂ ਜਹਾਂ ਗਯੋਂ ਜਨਮ ਕਾਛੈ ਤ੍ਰਿਬਿਧ ਤਾਪ ਤ੍ਰਿਭੁਵਨਪਤਿ ਪਾਛੈ।।[28]
(2) ਸੁੰਨਿ ਮੰਡਲ ਮੈਂ ਤੇਰਾ ਬਾਸਾ। ਤਾਥੈਂ ਜੀਵ ਮੈਂ ਰਹੌ ਉਦਾਸਾ।[29]
(3) ਜਉ ਨਾਹੀਂ ਥਾ ਸ੍ਰਿਸ਼ਟਿ ਮਾਹਿੰ, ਤੇਊ ਹੋਇਹਿ ਨਾਂਹ।
ਰਵਿਦਾਸ ਇਸ਼ਟ ਸਰਵੱਤ ਹੈ, ਮੋਇ ਰਹਇ ਸ੍ਰਿਸ਼ਟਿਹਿੰ ਮਾਹ।[30]

ਗੁਰੂ ਜੀ ਸਮੁੱਚੇ ਜਗਤ ਨੂੰ ਈਸ਼ਵਰ ਦੀ ਗਿਆਨ ਸ਼ਕਤੀ ਦੀ ਅਭਿਵਿਅਕਤੀ ਮੰਨਦੇ ਹਨ। ਗਿਆਨ ਰੂਪ ਪਰਮਾਤਮਾ ਜਗ ਵਿਚ ਅਨੇਕ ਰੂਪ ਧਾਰਦਾ ਹੈ। ਸ੍ਰਿਸ਼ਟੀ ਵਿਚ ਸਭ ਤਰ੍ਹਾਂ ਦੇ ਜੀਵ ਉਸਦੇ ਗਿਆਨ ਰੂਪ ਤੋਂ ਪਰਗਟ ਹੁੰਦੇ ਹਨ।

(1) ਜਲ ਥਲ ਜੀਵ ਚਰਾਚਰ ਜੇਤੇ, ਰਾਮ ਰੂਪ ਮਾਨਿਯਹਿ ਸਭ ਤੇ ਛੇ।
ਗਯਾਨ ਰੂਪ ਬਿਆਪਤ ਜਗ ਮਾਹਿੰ, ਆਤਮ ਰਾਮ ਸਮੁਝਹਿ ਘਟ ਮਾਹਿੰ।[31]
(2) ਸਰਗ ਨਰਕ ਅਕਾਸ ਪਾਤਾਲਾ, ਕੂਰਮ ਮੱਛ ਨਰਸਿੰਗ ਕਰਾਲਾ।
ਵਿਸਨੁ ਵਿਰੰਚਿ ਰਾਮ ਭਗਵਾਨਾ, ਗਯਾਨ ਰੂਪ ਪ੍ਰਗਟੇ ਜਗ ਨਾਨਾ।।[32]
(3) ਥਾਵਰ ਜੰਗਮ ਜਲ ਨਭਵਾਸੀ, ਜੋਗੀ ਜਤੀ ਵਿਰਤਿ ਉਦਾਸੀ।
ਸਬੈ ਗਯਾਨ ਕਰਿ ਰੂਪ ਅਨੇਕਾ, ਸਮੁਝਹਿੰ ਸੁਬੁਧ ਸੁਗਯਾਨ ਬਮੇਕਾ।।[33]

ਗੁਰੂ ਜੀ ਜਗਤ ਨੂੰ ਪ੍ਰਭੂ ਦੀ ਕ੍ਰਿਆ ਸ਼ਕਤੀ ਦਾ ਵਿਅਕਤ ਰੂਪ ਸਵੀਕਾਰਦੇ ਹੋਏ ਪ੍ਰਭੂ ਨੂੰ ਸ੍ਰਿਸ਼ਟੀ ਦੇ ਆਦਿ, ਵਰਤਮਾਨ ਅਤੇ ਭਵਿੱਖ ਵਿਚ ਵੀ ਕਰਤਾ ਕਾਰਣ ਮੰਨਦੇ ਹਨ:--

ਆਦਿ ਮਧਯ ਔਸਾਨ ਏਕ ਰਸ, ਤਾਰ ਤੂੰਬ ਨਹੀਂ ਤਾਈ।
ਥਾਵਰ ਜੰਗਮ ਕੀਟ ਪਤੰਗਾ, ਪੂਰਿ ਰਹਯੋ ਹਰਿ ਰਾਈ।।[34]

ਵੇਦਾਂਤ ਸੂਤ੍ਰਾਂ ਵਿਚ ਲਿਖਿਆ ਹੈ ਕਿ ਪਾਰਬ੍ਰਹਮ ਤੋਂ ਆਤਮਾ ਦੇ ਸਰੂਪ ਵਿਚ ਪਹਿਲਾਂ ਪੰਜ ਤੱਤਾਂ ਧਰਤੀ, ਆਕਾਸ਼, ਪਾਣੀ, ਅਗਨੀ ਤੇ ਹਵਾ ਨੇ ਰੂਪ ਧਾਰਿਆ। ਇਨ੍ਹਾਂ ਤੱਤਾਂ ਤੋਂ ਅੱਗੇ ਹੋਰ ਤੱਤ ਬਣੇ। ਉਪਨਿਸ਼ਦਾਂ ਵਿਚ ਮਹੱਤ, ਪ੍ਰਕ੍ਰਿਤੀ ਆਦਿ ਤੱਤਾਂ ਦਾ ਵੀ ਜ਼ਿਕਰ ਹੈ। ਇਨ੍ਹਾਂ ਪੰਜਾਂ ਤੱਤਾਂ ਤੋਂ ਸ੍ਰਿਸ਼ਟੀ ਦੀ ਰਚਨਾ ਹੋਈ।

ਗੁਰੂ ਰਵਿਦਾਸ ਜੀ ਵੀ ਤਿਨ੍ਹਾਂ ਤੱਤਾਂ ਤੋਂ ਸ੍ਰਿਸ਼ਟੀ ਦੀ ਰਚਨਾ ਮੰਨਦੇ ਹਨ।

ਜੋ ਅਵਿਨਾਸੀ ਸਬਕਾ ਕਰਤਾ, ਵਯਾਪ ਰਹਯੋ ਸਬ ਠੋਰ ਰੇ।।
ਪਾਂਚ ਤਤ ਜਿਨਿ ਕੀਯਾ ਪਾਸਾਰਾ, ਸੋ ਯੋਹੀ ਕਿਧੂ ਔਰ ਰੇ।।[35]

ਸਾਂਖ ਦਰਸ਼ਨ ਵਿਚ ਜਗਤ ਦਾ ਮੂਲ ਕਾਰਣ ਤ੍ਰੈਗੁਣਾਤਮਕ ਮਾਇਆ ਨੂੰ ਸਵੀਕਾਰ ਕੀਤਾ ਗਿਆ ਹੈ ਜੋ ਉਸ ਪ੍ਰਭੂ ਦੀ ਖੇਡ ਹੈ। ਪਰ ਸਾਂਖ ਉਸਨੂੰ ਪ੍ਰਕ੍ਰਿਤੀ ਆਖਦਾ ਹੈ। ਨਾਥ ਸੰਪ੍ਰਦਾਇ ਵਿਚ ਇਸਨੂੰ ਸ਼ਕਤੀ ਕਿਹਾ ਗਿਆ ਹੈ। ਤ੍ਰੈਗੁਣਾਂ ਕਾਰਨ ਹੀ ਜੀਵ ਬੰਧਨ ਵਿਚ ਪੈਂਦਾ ਹੈ ਅਤੇ ਤ੍ਰੈਗੁਣਾਤਮਕ ਮਾਇਆ ਦਾ ਯਥਾਰਥਕ ਰੂਪ ਸਮਝ ਲੈਣ ਤੇ ਉਹ ਬੰਧਨ ਮੁਕਤ ਹੋ ਜਾਂਦਾ ਹੈ। ਸਾਰੇ ਜਗਤ ਵਿਚ ਇਸੇ ਮਾਇਆ ਦਾ ਪਸਾਰਾ ਹੈ। ਗੁਰੂ ਰਵਿਦਾਸ ਵੀ ਇਨ੍ਹਾਂ ਹੀ ਵਿਚਾਰਾਂ ਦੇ ਧਾਰਨੀ ਹਨ। ਉਹ ਵੀ ਤ੍ਰਿਗੁਣੀ ਮਾਯਾ ਨੂੰ ਉਸ ਪ੍ਰਭੂ ਦੀ ਪੈਦਾ ਕੀਤੀ ਮੰਨਦੇ ਹਨ। ਪਰ ਉਹ ਮਾਇਆ ਦਾ ਕਰਤਾ ਸੈਭੰ ਵੀ ਇਸ ਦੀ ਪਕੜ ਤੋਂ ਨਹੀਂ ਬਚ ਸਕਿਆ:—

1. ਪੰਚ ਤਤ ਯਹ ਤ੍ਰਿਗੁਣੀ ਮਾਯਾ, ਜੋ ਦੀਸੈ ਸੋ ਸ਼ਕਲ ਉਪਾਯਾ।।[36]
2. ਸਤ ਰਜ ਤਮ ਮਾਯਾ ਧਨੀ, ਚੇਤਨ ਕੌ ਪ੍ਰਤਿਭਾਸ।
   ਕਰਤਾ ਹਰਤਾ ਜਗਤ ਕੌ, ਭਜੈ ਤਾਹਿ ਰਵਿਦਾਸ।।[37]
3. ਖੰਡ ਬ੍ਰਹਮਾਂਡ ਲੋਕ ਸਬ ਜੀਤੈ, ਇਹਿ ਬਿਧਿ ਤੇਜ ਜਨਾਵੈ।
   ਸਯੰਭੂ ਕੋ ਚਿਤ ਚੋਰਿ ਲਿਯੋ ਹੈ, ਵਾਕੈ ਪਾਛੈ ਲਾਗਾ ਧਾਵੈ।।[38]

ਸਾਰਾ ਜਗਤ ਇਸ ਤ੍ਰਿਗੁਣਾਤਮਕ ਮਾਇਆ ਰਾਹੀਂ ਤ੍ਰਿਬਿਧਤਾਪ (ਦੈਹਿਕ,ਦੈਵਿਕ, ਭੌਤਿਕ) ਤਾਪ ਨਾਲ ਸੰਤਾਪਤ ਹੈ। ਜੀਵ ਵੀ ਇਨ੍ਹਾਂ ਤਾਪਾਂ ਦਾ ਗ੍ਰਸਿਆ ਹੋਇਆ ਹੈ। ਇਸ ਮਾਇਆ ਦਾ ਕਰਤਾ ਪ੍ਰਭੂ ਵੀ ਇਸ ਦੇ ਜਾਲ ਵਿੱਚ ਫਸਿਆ ਹੋਇਆ ਹੈ। ਇਹ ਮਾਇਆ ਝੂਠੀ ਹੈ ਇਹ ਕਿਸੇ ਦੇ ਨਾਲ ਨਹੀਂ ਜਾਂਦੀ:—

1. ਦੈਹਿਕ ਦੈਵਿਕ ਭੌਤਿਕ ਤਾਪਾ, ਅਤਿ ਅਗਯਾਨ ਰਹੇਊ ਜਗ ਥਾਪਾ।।[39]
2. ਜਹਾਂ ਜਹਾਂ ਗਯੋਂ ਤਹਾਂ ਜਨਮ ਕਾਛੈ, ਤ੍ਰਿਬਿਧ ਤਾਪ ਤ੍ਰਿਭੁਵਨਿਪਤਿ ਪਾਛੈ।
   ਭਯੋ ਅਤਿ ਛੀਨ ਖੇਦ ਮਾਯਾ ਬਸ, ਜਸ ਤਿਸ ਤਾਪ ਗਰਿ ਹੌਂ ਤੇ ਤਸ।।[40]
3. ਝੂਠੀ ਮਾਯਾ ਜਗ ਡਹਕਾਯਾ, ਤੋ ਤੀਨਿ ਤਾਪ ਦਹੈ ਰੇ।।[41]

ਗੁਰੂ ਨਾਨਕ ਦੇਵ ਜੀ ਵੀ ਜਗਤ ਅਥਵਾ ਸ੍ਰਿਸ਼ਟੀ ਦੀ ਉਤਪਤੀ ਦਾ ਨਮਿੱਤ ਅਤੇ ਉਪਾਦਾਨ ਕਾਰਣ ਬ੍ਰਹਮ ਨੂੰ ਹੀ ਸਵੀਕਾਰ ਕਰਦੇ ਹਨ। ਪਰਮਾਤਮਾ ਨੇ ਸ੍ਰਿਸ਼ਟੀ ਦੀ ਰਚਨਾ ਬਿਨਾਂ ਕਿਸੇ ਨੂੰ ਪੁੱਛੇ ਆਪ ਹੀ ਕੀਤੀ ਹੈ। ਵਿਨਾਸ਼ ਵੀ ਆਪ ਹੀ ਕਰਦਾ ਹੈ। ਆਪਣੀ

ਮਿਹਰ ਦੀ ਨਿਗਾਹ ਨਾਲ ਸਭ ਜੀਵਾਂ ਦੀ ਸੰਭਾਲ ਆਪ ਹੀ ਕਰਦਾ ਹੈ। ਜੋ ਉਸ ਨੂੰ ਭਾਉਂਦਾ ਹੈ, ਉਸ ਨੂੰ ਆਪਣੇ ਗੁਣ ਬਖਸ਼ਦਾ ਹੈ:–

ਪੁਛਿ ਨ ਸਾਜੇ, ਪੁਛਿ ਨ ਢਾਹੇ, ਪੁਛਿ ਨ ਦੇਵੈ ਲੇਇ।।
ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ।
ਸਭਨਾ ਵੇਖੈ ਨਦਰਿ ਕਰਿ ਜੈ ਭਾਵੈ ਤੈ ਦੇਇ।।[42]

ਪਰਮਾਤਮਾ ਤੋਂ ਹੀ ਇਹ ਜਗਤ ਪੈਦਾ ਹੁੰਦਾ ਹੈ। ਉਸੇ ਦੇ ਹੁਕਮ ਅਨੁਸਾਰ ਨਾਸ਼ ਵੀ ਹੁੰਦਾ ਰਹਿੰਦਾ ਹੈ। ਇਹ ਸਭ ਕੁਝ ਉਹ ਆਪ ਹੀ ਕਰ ਸਕਦਾ ਹੈ ਉਸਦੇ ਤੁਲ ਹੋਰ ਕੋਈ ਨਹੀਂ। ਸ੍ਰਿਸ਼ਟੀ ਦੀ ਸਾਰੀ ਬਣਤਰ ਪ੍ਰਭੂ ਨੇ ਆਪ ਹੀ ਬਣਾਈ ਹੈ। ਸਾਰੇ ਜਗਤ ਦੀ ਖੇਡ ਆਪ ਹੀ ਚਲਾ ਰਿਹਾ ਹੈ। ਉਹ ਆਪ ਹੀ ਆਪਣੇ ਇਕ ਸਰੂਪ ਤੋਂ ਬੇਅੰਤ ਰੂਪਾਂ ਵਾਲਾ ਬਣਿਆ ਹੋਇਆ ਹੈ। ਮੁੜ ਇਹ ਸਾਰਾ ਬਹੁਰੰਗੀ ਜਗਤ ਉਸੇ ਵਿਚ ਲੀਨ ਹੋ ਜਾਂਦਾ ਹੈ:–

1. ਜਿਸ ਤੇ ਉਪਜੈ ਤਿਸ ਤੇ ਬਿਨਸੈ ਘਟਿ ਘਟਿ ਸਚੁ ਭਰਪੂਰਿ।।[43]
2. ਤੁਧੁ ਜੇਵਡੁ ਮੈ ਹੋਰੁ ਨ ਕੋਈ।। ਤੁਧੁ ਆਪੇ ਸਿਰਜੀ ਆਪੇ ਗੋਈ।।[44]
3. ਸਗਲੀ ਬਣਤ ਬਣਾਈ ਆਪੇ।। ਆਪੇ ਕਰੇ ਕਰਾਏ ਥਾਪੇ।।
   ਇਕਸੁ ਤੇ ਹੋਇਓ ਅਨੰਤਾ ਨਾਨਕ ਏਕਸੁ ਮਾਹਿ ਸਮਾਏ ਜੀਉ।।[45]

ਪ੍ਰਭੂ ਨੇ ਆਪ ਹੀ ਜਗਤ ਪੈਦਾ ਕਰਕੇ ਆਪ ਹੀ ਇਸਨੂੰ ਜੰਜਾਲ ਵਿਚ ਪਾ ਦਿੱਤਾ ਹੈ। ਜਗਤ ਨੂੰ ਮਾਇਆ ਵਿਚ ਲੀਨ ਕਰਕੇ ਆਪ ਹੀ ਜਗਤ ਨੂੰ ਆਪਣੇ ਆਪ ਤੋਂ ਦੂਰ ਕਰ ਦਿੱਤਾ ਹੈ। ਜਗਤ ਤ੍ਰਿਸ਼ਨਾ ਦੀ ਅੱਗ ਦੇ ਤੇਖਲੇ ਵਿੱਚ ਜੰਮਦਾ ਮਰਦਾ ਤੇ ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ:–

ਤੁਧੁ ਆਪੇ ਜਗਤੁ ਉਪਾਇਕੈ, ਤੁਧੁ ਆਪੇ ਧੰਧੈ ਲਾਇਆ।
ਮੋਹ ਠਗਉਲੀ ਪਾਇ ਕੈ, ਤੁਧੁ ਆਪਹੁ ਜਗਤੁ ਖੁਆਇਆ।
ਤਿਸਨਾ ਅੰਦਰਿ ਅਗਨਿ ਹੈ, ਨਹ ਤਿਪਤੈ ਭੁਖਾ ਤਿਹਾਇਆ।
ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ।।[46]

ਪ੍ਰਭੂ ਨੇ ਆਪ ਹੀ ਆਪਣੇ ਆਪ ਨੂੰ ਸ੍ਰਿਸ਼ਟੀ ਦੇ ਰੂਪ ਵਿਚ ਪਰਗਟ ਕੀਤਾ ਹੈ ਅਤੇ ਆਪ ਹੀ ਉਸਨੂੰ ਪਛਾਣਦਾ ਹੈ। ਆਕਾਸ਼ ਤੇ ਧਰਤੀ ਨੂੰ ਵੱਖ ਵੱਖ ਵੀ ਉਸੇ ਨੇ ਕੀਤਾ ਹੈ। ਆਕਾਸ਼ ਨੂੰ ਥੰਮ੍ਹਾਂ ਤੋਂ ਬਿਨਾਂ ਆਪਣੇ ਹੁਕਮ ਰਾਹੀਂ ਸਥਿਰ ਕੀਤਾ ਹੋਇਆ ਹੈ। ਸੂਰਜ-ਚੰਦ ਪੈਦਾ ਕੀਤੇ ਤੇ ਉਨ੍ਹਾਂ ਵਿਚ ਆਪਣੀ ਜੋਤਿ ਧਰੀ। ਰਾਤ ਅਤੇ ਦਿਨ ਦਾ ਨਿਰਮਾਣ ਵੀ ਕੀਤਾ ਹੈ:—

ਆਪੀਨੈ ਆਪੁ ਸਾਜਿ, ਆਪਿ ਪਛਾਣਿਆ।
ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ।
ਵਿਣੁ ਥੰਮ੍ਹਾ ਗਗਨੁ ਰਹਾਇ ਸਬਦੁ ਨੀਸਾਣਿਆ।। ਸੂਰਜੁ ਚੰਦੁ ਉਪਾਇ ਜੋਤਿ ਸਮਾਣਿਆ।।
ਕੀਏ ਰਾਤਿ ਦਿਨੰਤੁ ਚੋਜ ਵਿਡਾਣਿਆ।।[47]

ਗੁਰੂ ਜੀ ਲਿਖਦੇ ਹਨ ਕਿ ਪ੍ਰਭੂ ਪੁਰਸ਼ਾਂ, ਰੁੱਖਾਂ, ਤੀਰਥਾਂ, ਨਦੀਆਂ, ਬੱਦਲਾਂ, ਖੇਤਾਂ, ਟਾਪੂਆਂ, ਲੋਆਂ, ਮੰਡਲਾਂ, ਬ੍ਰਹਿਮੰਡਾਂ, ਅੰਡਜ, ਜੇਰਜ ਉਤਭੁਜ ਚਾਰੇ ਖਾਣੀਆਂ ਦੀ ਹਾਲਤ ਉਹ ਆਪ ਹੀ ਜਾਣਦਾ ਹੈ। ਸਮੁੰਦਰੀ, ਜੀਵਾਂ ਤੇ ਪਹਾੜਾਂ ਵਿਚ ਜੀਵ ਪੈਦਾ ਕਰਕੇ ਆਪ ਹੀ ਉਨ੍ਹਾਂ ਨੂੰ ਸੰਭਾਲਦਾ ਹੈ। ਇਸ ਤਰ੍ਹਾਂ ਜਿਸ ਕਰਤਾਰ ਨੇ ਸੰਸਾਰ ਪੈਦਾ ਕੀਤਾ ਹੈ, ਚਿੰਤਾ ਵੀ ਉਸੇ ਨੂੰ ਹੀ ਹੈ। ਉਸ ਪ੍ਰਭੂ ਨੇ ਆਪਣਾ ਆਪ ਬਣਾਇਆ ਤੇ ਆਪ ਹੀ ਨਾਂ ਰਖ ਲਿਆ। ਪਿਛੋਂ ਆਪ ਹੀ ਕੁਦਰਤ ਬਣਾ ਕੇ ਆਪਣੇ ਆਪ ਦਾ ਇਸ ਵਿਚ ਨਿਵਾਸ ਕਰਕੇ ਕੌਤਕ ਵੇਖਦਾ ਹੈ।

1. ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ।।
ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ।। ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ
ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਂਹ।।
ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ।।
ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ।।
ਸੋ ਕਰਤਾ ਚਿੰਤਾ ਕਰੇ, ਜਿਨਿ ਉਪਾਇਆ ਜਗ।।[48]

2. ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ।।
ਦੁਯੀ ਕੁਦਰਤਿ ਸਾਜੀਐ, ਕਰਿ ਆਸਣੁ ਡਿਠੋ ਚਾਉ।[49]

ਇਸ ਤਰ੍ਹਾਂ ਗੁਰੂ ਨਾਨਕ ਨੇ ਬ੍ਰਹਮ ਤੋਂ ਬਿਨ੍ਹਾਂ ਸ੍ਰਿਸ਼ਟੀ ਦਾ ਰਚਣਹਾਰ ਹੋਰ ਕਿਸੇ ਨੂੰ ਨਹੀਂ ਮੰਨਿਆ । ਅਰਥਾਤ ਪਰਮਾਤਮਾ ਸ੍ਰਿਸ਼ਟੀ ਦਾ ਨਮਿੱਤ ਅਤੇ ਉਪਾਦਾਨ ਦੋਵੇਂ ਕਾਰਣ ਹਨ। ਪਰ ਸਾਂਖਵਾਦੀ ਪੁਰਸ਼ ਅਤੇ ਪ੍ਰਕ੍ਰਿਤੀ ਨੂੰ ਹੀ ਜਗਤ ਦਾ ਆਦਿ ਅਤੇ ਮੂਲ ਕਾਰਣ ਮੰਨਦੇ ਸੋ ਗੁਰੂ ਨਾਨਕ ਦੇਵ ਜੀ ਸਾਂਖ ਮੱਤ ਨਾਲੋਂ ਭਿੰਨ ਵਿਚਾਰ ਰੱਖਦੇ ਹਨ। ਕਿਉਂ

ਕਿ ਗੁਰੂ ਜੀ ਅਨੁਸਾਰ ਉਹ ਪ੍ਰਭੂ ਆਕਾਸ਼, ਪਾਤਾਲ, ਤਿੰਨਾਂ ਭਵਨਾਂ ਵਿਚ ਆਪ ਹੀ ਵਿਆਪਕ ਹੈ। ਕਰਤਾਰ ਆਪ ਹੀ ਸ੍ਰਿਸ਼ਟੀ ਪੈਦਾ ਕਰਨ ਵਾਲਾ ਹੈ ਤੇ ਆਪ ਹੀ ਇਸ ਵਿਚ ਵਿਆਪਕ ਹੈ। ਆਪ ਹੀ ਜਗਤ ਪੈਦਾ ਕਰਕੇ ਇਸਦੀ ਸੰਭਾਲ ਦਾ ਫਰਜ਼ ਭੀ ਪਛਾਣਿਆ ਹੈ। ਆਪ ਹੀ ਸਤਿਗੁਰੂ ਹੈ ਤੇ ਆਪ ਹੀ ਸੇਵਕ ਹੈ ਉਸ ਨੇ ਆਪ ਹੀ ਸ੍ਰਿਸ਼ਟੀ ਰਚੀ ਹੈ। ਕੁਦਰਤ ਵੀ ਉਸੇ ਦੇ ਵਸ ਹੈ:--

1. ਆਕਾਸੀ ਪਾਤਾਲਿ ਤੂੰ ਤ੍ਰਿਭਵਣਿ ਰਹਿਆ ਸਮਾਇ।।[50]
2. ਆਪੇ ਕਰਤਾ ਪੁਰਖੁ ਬਿਧਾਤਾ।। ਜਿਨਿ ਆਪੇ ਆਪਿ ਉਪਾਇ ਪਛਾਤਾ।
   ਆਪੇ ਸਤਿਗੁਰ ਆਪੇ ਸੇਵਕੁ ਆਪੇ ਸ੍ਰਿਸਟਿ ਉਪਈ ਹੇ।।[51]

ਗੁਰੂ ਨਾਨਕ ਦੇਵ ਜੀ ਸ੍ਰਿਸ਼ਟੀ ਤੋਂ ਪਹਿਲਾਂ ਦੀ ਅਵਸਥਾ ਦਾ ਜ਼ਿਕਰ ਕਰਦਿਆਂ ਲਿਖਦੇ ਹਨ ਕਿ ਉਦੋਂ ਕਈ ਅਰਬ ਯੁੱਗਾਂ ਤੱਕ ਅੰਧਕਾਰ ਹੀ ਅੰਧਕਾਰ ਸੀ। ਬ੍ਰਹਮ ਹੀ ਬ੍ਰਹਮ ਨਿਰਗੁਣ ਰੂਪ ਵਿਚ ਸੀ। ਨਾ ਧਰਤੀ ਨਾ ਅਸਮਾਨ, ਨਾ ਸੂਰਜ ਨਾ ਚੰਦ, ਨਾ ਦਿਨ ਤੇ ਨਾ ਰਾਤ, ਨਾ ਪਾਣੀ,ਹਵਾ ਤੇ ਨ ਜੀਵ ਜਾਤਿ। ਉਤਪਤ,ਪਰਲੈ, ਬ੍ਰਹਮਾ , ਵਿਸ਼ਨੂੰ, ਸ਼ਿਵ ਕੁਝ ਵੀ ਨਹੀਂ ਸੀ। ਬੱਸ ਕੇਵਲ ਅਕਾਲ ਹੀ ਅਕਾਲ ਸੀ। ਉਹ ਅਲਖ,ਅਗੋਚਰ ਆਪਣੇ ਆਪ ਨੂੰ ਹੀ ਪ੍ਰਗਟ ਕਰ ਰਿਹਾ ਸੀ:--

ਅਰਬਦ ਨਰਬਦ ਧੁੰਧੂਕਾਰਾ। ਧਰਣਿ ਨ ਗਗਨਾ ਹੁਕਮੁ ਅਪਾਰਾ।।
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ।।
ਖਾਣੀ ਨ ਬਾਣੀ ਪਉਣ ਨ ਪਾਣੀ। ਓਪਤਿ ਖਪਤਿ ਨ ਆਵਣ ਜਾਣੀ।।
ਖੰਡ ਪਤਾਲ ਸਪਤ ਨਹੀਂ ਸਾਗਰ ਨਦੀ ਨ ਨੀਰੁ ਵਹਾਇਦਾ।।
- - - - - - - - - - - - - - - - - - - - - - - -
ਤਾ ਕਾ ਅੰਤੁ ਨ ਜਾਣੈ ਕੋਈ।। ਪੂਰੇ ਗੁਰ ਤੇ ਸੋਝੀ ਹੋਈ।।
ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣ ਗਾਇਦਾ।।[52]

ਗੁਰੂ ਨਾਨਕ ਨੇ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਅਨੰਤ ਯੁੱਗਾਂ ਤੱਕ ਅੰਧਕਾਰ ਦੀ ਅਵਸਥਾ ਮੰਨੀ ਹੈ। ਪਰਮਾਤਮਾ ਨੂੰ ਉਸ ਅੰਧਕਾਰ ਵਿਚ ਸਮਾਧੀ ਲਗਾਈ ਦੱਸਿਆ ਹੈ। ਆਪ ਪਰਮਾਤਮਾ ਉਸ ਅੰਧਕਾਰ ਵਿਚ ਨਿਰਾਲਮ ਬੈਠਾ ਰਿਹਾ। ਇਸ ਤਰ੍ਹਾਂ ਛੱਤੀ ਜੁਗ ਵਾਪਰ ਗਏ। ਜੋ ਉਸਨੂੰ ਚੰਗਾ ਲਗਦਾ ਸੀ ਉਹੋ ਕੁਝ ਹੁੰਦਾ ਸੀ:--

1. ਆਦਿ ਜੁਗਾਦੀ ਅਪਰ ਅਪਾਰੇ।। ਆਦਿ ਨਿਰੰਜਨੁ ਖਸਮ ਹਮਾਰੇ।।
ਸਾਚੇ ਜੋਗ ਜੁਗਤਿ ਵੀਚਾਰੀ ਸਾਚੇ ਤਾੜੀ ਲਾਈ ਹੇ।।
ਕੇਤੜਿਆ ਜੁਗ ਧੁੰਧੂਕਾਰੈ, ਤਾੜੀ ਲਾਈ ਸਿਰਜਣਹਾਰੈ।[53]

2. ਕੇਤੇ ਜੁਗ ਵਰਤੇ ਗੁਬਾਰੈ।। ਤਾੜੀ ਲਾਈ ਅਪਰ ਅਪਾਰੈ।।
ਧੁੰਧੂਕਾਰਿ ਨਿਰਾਲਮੁ ਬੈਠਾ, ਨਾ ਤਦਿ ਧੰਧੁ ਪਸਾਰਾ ਹੇ।।
ਜੁਗ ਛਤੀਹ ਤਿਨੈ ਵਰਤਾਏ।। ਜਿਉ ਤਿਸੁ ਭਾਣਾ ਤਿਵੈ ਚਲਾਏ।।
ਤਿਸਹਿ ਸਰੀਕੁ ਨਾ ਦੀਸੈ ਕੋਈ।। ਆਪੇ ਅਪਰ ਅਪਾਰਾ ਹੇ।[54]

3. ਆਪਣਾ ਆਪੁ ਉਪਾਇਓਨੁ ਤਦਹੁ ਹੋਰੁ ਨ ਕੋਈ।
ਮਤਾ ਮਸੂਰਤਿ ਆਪਿ ਕਰੇ ਜੋ ਕਰੇ ਸੁ ਹੋਈ।
ਤਦਹੁ ਆਕਾਸੁ ਨਾ ਪਾਤਾਲੁ ਹੈ ਨਾ ਤ੍ਰੈ ਲੋਈ।
ਤਦਹੁ ਆਪੇ ਆਪਿ ਨਿਰੰਕਾਰੁ ਹੈ ਨਾ ਓਪਤਿ ਹੋਈ।।
ਜਿਉ ਤਿਸੁ ਭਾਵੈ ਤਿਵੈ ਕਰੇ ਤਿਸੁ ਬਿਨੁ ਅਵਰੁ ਨ ਕੋਈ।।[55]

ਗੁਰਬਾਣੀ ਦੇ ਉਪਰੋਕਤ ਵਿਚਾਰ ਰਿਗਵੇਦ ਦੇ ਦਸਵੇਂ ਮੰਡਲ ਦੇ 129ਵੇਂ ਨਾਸਦਯ ਮੰਤ੍ਰ ਨਾਲ ਕਈਆਂ ਗੱਲਾਂ ਵਿਚ ਮੇਲ ਖਾਂਦੇ ਹਨ। ਵੇਦ-ਮੰਤ੍ਰ ਵਿਚ ਦੱਸਿਆ ਗਿਆ ਹੈ ਕਿ ਸ੍ਰਿਸ਼ਟੀ ਤੋਂ ਪਹਿਲਾਂ ਦੀ ਕੋਈ ਸੂਝ ਬੂਝ ਨਹੀਂ। ਉਸ ਹਾਲਤ ਦਾ ਗਿਆਨ ਸ਼ਾਇਦ ਰਚਨਹਾਰ ਨੂੰ ਵੀ ਨਹੀਂ ਸੀ। ਕਿਉਂ ਕਿ ਰਚਨਹਾਰ ਇਸ ਅਵਸਥਾ ਵਿੱਚ ਨਹੀਂ ਸੀ ਜਿਸ ਅਵਸਥਾ ਵਿਚ ਅੱਜ ਹੈ। ਬਾਈਬਲ ਅਨੁਸਾਰ ਵੀ ਉਦੋਂ ਸ੍ਰਿਸ਼ਟੀ ਦੀ ਕੋਈ ਹੋਂਦ ਨਹੀਂ ਸੀ ਤੇ ਸਾਰੇ ਪਾਸੇ ਸੁੰਨ ਤੇ ਘੁੱਪ ਹਨੇਰ ਸੀ। ਕੁਰਾਨ ਸ਼ਰੀਫ ਵਿਚ ਵੀ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਰੱਬ ਨੂੰ ਧੁੰਦ ਵਿਚ ਦੱਸਿਆ ਗਿਆ ਹੈ।

ਗੁਰਮਤਿ ਵਿੱਚ ਸ੍ਰਿਸ਼ਟੀ ਰਚਨਾ ਦੇ ਆਦਿ ਤੱਤ ਨੂੰ ਸੁੰਨ ਦਾ ਨਾਮ ਵੀ ਦਿੱਤਾ ਗਿਆ ਹੈ। ਜਦੋਂ ਸਿੱਧ ਗੁਰੂ ਨਾਨਕ ਨੂੰ ਪ੍ਰਸ਼ਨ ਕਰਦੇ ਹਨ ਕਿ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਆਦਿ ਕਾਲ ਦੀ ਕੀ ਅਵਸਥਾ ਸੀ ਅਤੇ ਸੂਖਸ਼ਮ ਕਿਥੇ ਰਹਿੰਦਾ ਸੀ ਤਾਂ ਗੁਰੂ ਨਾਨਕ ਦੇਵ ਜੋ ਦੱਸਦੇ ਹਨ ਕਿ ਸ੍ਰਿਸ਼ਟੀ ਤੋਂ ਪਹਿਲਾਂ ਦੀ ਅਵਸਥਾ ਦਾ ਜ਼ਿਕਰ ਹੈਰਾਨੀਜਨਕ ਹੈ। ਉਸ ਸਮੇਂ ਸੂਖਸ਼ਮ ਨਿਰੰਤਰ ਆਪਣੇ ਆਪ ਵਿਚ ਨਿਵਾਸ ਕਰਦਾ ਸੀ:-

1. ਆਦਿ ਕਉ ਕਵਨੁ ਬੀਚਾਰੁ ਕਥੀਅਲੇ, ਸੁੰਨ ਕਹਾ ਘਰ ਵਾਸੋ।।[56]
2. ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ, ਸੁੰਨ ਨਿਰੰਤਰਿ ਵਾਸੁ ਲੀਆ।।[57]

ਅਪਰੰਪਾਰ ਅਤੇ ਨਿਰਾਲਮ ਸੁੰਨ ਤੋਂ ਹੀ ਸਾਰੀ ਸ੍ਰਿਸ਼ਟੀ ਦੀ ਉਤਪਤੀ ਕਰਦਾ ਹੈ। ਪਉਣ, ਪਾਣੀ, ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਆਦਿ ਦੇਵਤਿਆਂ ਦੀ ਸਿਰਜਨਾ ਵੀ ਉਸ ਨੇ ਸੁੰਨ ਤੋਂ ਹੀ ਕੀਤੀ ਹੈ। ਇਸੇ ਸੁੰਨ ਤੋਂ ਚੰਦ੍ਰਮਾ, ਸੂਰਜ, ਅਕਾਸ਼ ਦੀ ਉਤਪਤੀ ਹੋਈ। ਤ੍ਰਿਭਵਣ ਦੀ ਉਤਪਤੀ ਵੀ ਸੁੰਨ ਤੋਂ ਹੀ ਹੋਈ। ਸੁੰਨ ਤੋਂ ਹੀ ਅੰਡਜ, ਜੇਰਜ, ਸੇਤਜ ਅਤੇ ਉਤਭੁਜ ਆਦਿ ਖਾਣੀਆਂ ਪੈਦਾ ਹੋਈਆਂ। ਸਾਰੀ ਸ੍ਰਿਸ਼ਟੀ ਇਸੇ ਸੁੰਨ ਤੋਂ ਉਤਪੰਨ ਹੋਈ ਅਤੇ ਇਸ ਵਿਚ ਲੀਨ ਹੋ ਜਾਵੇਗੀ:—

ਸੁੰਨ ਕਲਾ ਅਪਰੰਪਰਿ ਧਾਰੀ॥ ਆਪਿ ਨਿਰਾਲਮੁ ਅਪਰ ਅਪਾਰੀ॥
ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨੁ ਉਪਾਇਦਾ॥
ਪਉਣੁ ਪਾਣੀ ਸੁੰਨੈ ਤੇ ਸਾਜੇ॥ ਸ੍ਰਿਸਟਿ ਉਪਾਇ ਕਾਇਆ ਗੜ ਰਾਜੇ॥
ਅਗਨਿ ਪਾਣੀ ਜੀਉ ਜੋਤਿ ਤੁਮਾਰੀ ਸੁੰਨੇ ਕਲਾ ਰਹਾਇਦਾ।
ਸੁੰਨਹੁ ਬ੍ਰਹਮ ਬਿਸਨੁ ਮਹੇਸੁ ਉਪਾਏ॥ ਸੁੰਨੇ ਵਰਤੇ ਜੁਗ ਸਬਾਏ॥
- - - - - - - - - - - - - - - - - - - - - - - -
ਸੁੰਨਹੁ ਖਾਣੀ ਸੁੰਨਹੁ ਬਾਣੀ॥ ਸੁੰਨਹੁ ਉਪਜੀ, ਸੁੰਨਿ ਸਮਾਣੀ॥[58]

ਪਰ ਇਸ ਸੁੰਨ ਦਾ ਅਰਥ 'ਕੁੱਝ ਨਹੀਂ' ਨਾ ਹੋਕੇ ਉਸ ਸਥਿਤੀ ਤੋਂ ਹੈ ਜਦੋਂ ਸੰਸਾਰ ਦੀ ਉਤਪਤੀ ਤੋਂ ਪਹਿਲਾਂ ਸਾਰੀਆਂ ਸ਼ਕਤੀਆਂ ਕੇਵਲ ਇੱਕ ਪ੍ਰਮਾਤਮਾ ਵਿਚ ਕੇਂਦਰਿਤ ਸਨ। ਪਰਮਾਤਮਾ ਅਫੁਰ ਸਮਾਧੀ ਦੀ ਅਵਸਥਾ ਵਿਚ ਸੀ।

ਗੁਰਮਤਿ ਅਨੁਸਾਰ ਕਾਰਣ ਅਤੇ ਕਾਰਜ ਅਰਥਾਤ ਬ੍ਰਹਮ ਅਤੇ ਜਗਤ ਵਿਚ ਅਭੇਦਤਾ ਹੈ ਕਿਉਂਕਿ ਕਾਰਜ- ਸ੍ਰਿਸ਼ਟੀ ਦੀ ਉਤਪਤੀ ਕਾਰਣ ਬ੍ਰਹਮ ਤੋਂ ਹੋਈ ਹੈ। ਇਸ ਲਈ ਬ੍ਰਹਮ ਆਪ ਹੀ ਅੰਡਜ, ਜੇਰਜ, ਸੇਤਜ, ਉਤਭੁਜ ਹੈ। ਉਹ ਆਪ ਹੀ ਸ੍ਰਿਸ਼ਟੀ ਅਤੇ ਇਸਦੇ ਸਮਸਤ ਖੰਡ ਆਦਿ ਹੈ। ਉਸਨੇ ਆਪਣੇ ਨਿਰਗੁਣ ਅਤੇ ਸੂਖਮ ਰੂਪ ਤੋਂ ਹੀ ਸਥੂਲ ਰੂਪ ਧਾਰਣ ਕੀਤਾ ਹੈ:—

1. ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ॥[59]
2. ਆਪੇ ਕਾਰਣੁ ਕਰਤਾ ਕਰੇ ਸ੍ਰਿਸਟਿ ਦੇਖੈ ਆਪਿ ਉਪਾਇ॥[60]
3. ਆਪੇ ਅੰਡਜ ਜੇਰਜ ਸੇਤਜ ਉਤਭੁਜ ਆਪੇ ਖੰਡ ਆਪੇ ਸਭ ਲੋਇ॥[61]
4. ਤੂੰ ਪੇਡੁ ਸਾਖ ਤੇਰੀ ਫੂਲੀ॥ ਤੂੰ ਸੂਖਮ ਹੋਆ ਅਸਥੂਲੀ॥[62]

ਇਸ ਤਰ੍ਹਾਂ ਗੁਰੂ ਸਾਹਿਬ ਨੇ ਸਾਂਖ ਦੇ ਸਿਧਾਂਤ— ਪ੍ਰਕ੍ਰਿਤੀ ਤੋਂ ਸ੍ਰਿਸ਼ਟੀ ਦੀ ਰਚਨਾ ਦਾ ਖੰਡਨ ਕੀਤਾ ਹੈ। ਸਾਂਖ ਸ਼ਾਸਤ੍ਰ ਅਨੁਸਾਰ ਪੁਰਖ ਅਤੇ ਪ੍ਰਕ੍ਰਿਤੀ ਦੋਹਾਂ ਦੇ ਮਿਲਵਰਤਣ ਨਾਲ ਹੀ ਸ੍ਰਿਸ਼ਟੀ ਹੋਂਦ ਵਿਚ ਆਉਂਦੀ ਹੈ ਜਿਵੇਂ ਘੁਮਾਰ ਜਾਂ ਤਰਖਾਣ ਮਿੱਟੀ ਤੋਂ ਭਾਂਡੇ ਤੇ ਲੱਕੜੀ ਤੋਂ ਮੇਜ ਬਣਾਉਂਦਾ ਹੈ। ਉਸੇ ਤਰ੍ਹਾਂ ਪੁਰਖ-ਰੱਬ ਨੇ ਪ੍ਰਕ੍ਰਿਤੀ ਤੋਂ ਸ੍ਰਿਸ਼ਟੀ ਰਚੀ। ਇਹ ਪ੍ਰਕ੍ਰਿਤੀ ਧੁਰ ਆਦਿ ਤੋਂ ਪੁਰਖ ਦੇ ਵਾਂਗ ਹੀ ਕਾਇਮ ਹੈ। ਪਰ ਗੁਰੂ ਸਾਹਿਬ ਅਜਿਹੇ ਮੱਤ ਦਾ ਖੰਡਨ ਕਰਦੇ ਹੋਏ ਅਕਾਲ ਪੁਰਖ ਤੋਂ ਬਿਨ੍ਹਾਂ ਕਿਸੇ ਹੋਰ ਚੀਜ਼ ਨੂੰ ਸਤਿ ਤੇ ਅਨਾਦਿ ਨਹੀਂ ਮੰਨਦੇ। ਗੁਰੂ ਸਾਹਿਬ ਸ੍ਰਿਸ਼ਟੀ ਰਚਨਾ ਦਾ ਕਾਰਣ ਉਪਾਦਾਨ ਹੀ ਮੰਨਦੇ ਹਨ।

ਇਸ ਤਰ੍ਹਾਂ ਪਰਮਤੱਤ ਆਪ 'ਸੁੰਨ ਸਮਾਧਿ' ਵਿਚ ਲੀਨ ਸੀ। ਉਸਦੀ ਸਮਾਧੀ ਭੰਗ ਹੋਣ ਤੇ ਅਕਾਲ ਪੁਰਖ ਦੀ ਇੱਛਾ ਹੋਈ ਅਤੇ ਉਸਨੇ ਸ੍ਰਿਸ਼ਟੀ ਰਚਾਉਣ ਦਾ ਹੁਕਮ ਦਿੱਤਾ ਤਾਂ ਸ੍ਰਿਸ਼ਟੀ ਹੋਂਦ ਵਿਚ ਆ ਗਈ:—

1. ਤੂ ਹੁਕਮੀ ਸਾਜਹਿ ਸ੍ਰਿਸਟਿ ਸਾਜਿ ਸਮਾਵਹੀ।।[63]
2. ਹੁਕਮੀ ਹੋਵਨਿ ਆਕਾਰ, ਹੁਕਮ ਨ ਕਹਿਆ ਜਾਈ।।
   ਹੁਕਮੀ ਹੋਵਨਿ ਜੀਅ, ਹੁਕਮਿ ਮਿਲੈ ਵਡਿਆਈ।।
   - - - - - - - - - - - - - - - - -
   ਹੁਕਮੈ ਅੰਦਰਿ ਸਭੁ ਕੋ, ਬਾਹਰਿ ਹੁਕਮ ਨ ਕੋਇ।।[64]
3. ਹੁਕਮੇ ਧਾਰਿ ਅਧਰ ਰਹਾਵੈ।। ਹੁਕਮੇ ਉਪਜੈ ਹੁਕਮਿ ਸਮਾਵੈ।।[65]
4. ਹੁਕਮੇ ਆਇਆ ਹੁਕਮਿ ਸਮਾਇਆ।। ਹੁਕਮੇ ਦੀਸੈ ਜਗਤੁ ਉਪਾਇਆ।[66]

ਹੁਕਮ ਦਾ ਅਰਥ ਡਾ. ਸ਼ੇਰ ਸਿੰਘ ਨੇ 'ਈਸ਼ਵਰੀ ਫੁਰਨਾ' ਜਾਂ ਈਸ਼ਵਰੀ ਇੱਛਾ ਲਿਆ ਹੈ[67] ਪਰ ਡਾ. ਮੋਹਨ ਸਿੰਘ ਨੇ ਇਸਦਾ ਅਰਥ 'ਸ੍ਰਿਸ਼ਟੀ ਵਿਧਾਨ' ਕੀਤਾ ਹੈ।[68]

ਗੁਰੂ ਨਾਨਕ ਅਨੁਸਾਰ ਪ੍ਰਭੂ ਦੇ ਇਕ ਬੋਲ ਨਾਲ ਹੀ ਸਾਰੀ ਸ੍ਰਿਸ਼ਟੀ ਹੋਂਦ ਵਿਚ ਆ ਗਈ:—

1. ਕੀਤਾ ਪਸਾਉ ਏਕੋ ਕਵਾਉ। ਤਿਸਤੇ ਹੋਏ ਲਖ ਦਰੀਆਉ।[69]
2. ਏਕੋ ਹੁਕਮੁ ਵਰਤੈ ਸਭ ਲੋਈ।। ਏਕਸੁ ਤੇ ਸਭ ਓਪਤਿ ਹੋਈ।।[70]

3. ਖੰਡ ਦੀਪ ਸਭ ਲੋਆ। ਏਕ ਕਵਾਵੈ ਤੇ ਸਭ ਹੋਆ।[71]

ਇਹ ਹੁਕਮ ਕਦੋਂ ਤੇ ਕਿਉਂ ਵਰਤੋਂ ਵਿਚ ਆਇਆ ,ਕਿਵੇਂ ਆਇਆ ? ਇਨ੍ਹਾਂ ਸਾਰੀਆਂ ਗੱਲਾਂ ਨੂੰ ਕਰਤਾ ਹੁਕਮੀ ਆਪ ਹੀ ਜਾਣਦਾ ਹੈ। ਜੀਵ ਨਹੀਂ ਜਾਣ ਸਕਦਾ ਕਿ ਸ੍ਰਿਸ਼ਟੀ ਕਦੋਂ, ਕਿਹੜੇ ਸਾਲ, ਕਿਹੜੀ ਰੁੱਤੇ ਜਾਂ ਕਿਹੜੇ ਵਾਰ ਰਚੀ। ਰਚਨਹਾਰਾ ਆਪ ਹੀ ਇਹ ਸਭ ਕੁਝ ਜਾਣਦਾ ਹੈ:–

ਥਿਤ ਵਾਰ ਨ ਜੋਗੀ ਜਾਣੈ, ਰੁਤ ਮਾਹੁ ਨਾ ਕੋਈ।
ਜਾਂ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ।।[72]

ਗੁਰੂ ਜੀ ਦੇ ਇਹ ਵਿਚਾਰ ਗੀਤਾ, ਉਪਨਿਸ਼ਦਾਂ ਤੇ ਮਨੂੰ ਸਿਮ੍ਰਤੀ ਆਦਿ ਨਾਲ ਮੇਲ ਖਾਂਦੇ ਹਨ। ਸਾਂਖ ਸ਼ਾਸਤ੍ਰ ਅਨੁਸਾਰ ਜਦ ਪੁਰਖ ਤੇ ਪ੍ਰਕ੍ਰਿਤੀ ਦਾ ਸੰਜੋਗ ਹੁੰਦਾ ਹੈ ਤਾਂ ਸ੍ਰਿਸ਼ਟੀ ਰਚਨਾ ਆਰੰਭ ਹੋ ਜਾਂਦੀ ਹੈ। ਪਰ ਵੇਦ-ਉਪਨਿਸ਼ਦਾਂ ਤੇ ਸਿਮ੍ਰਤੀਆਂ ਆਦਿ ਵਿਚ ਪਾਰਬ੍ਰਹਮ ਨੂੰ ਹੀ ਪ੍ਰਧਾਨ ਤੱਤ ਮੰਨਿਆ ਗਿਆ ਹੈ ਤੇ ਉਸ ਤੋਂ ਬਿਨਾਂ ਕਿਸੇ ਹੋਰ ਤੱਤ ਨੂੰ ਅਨਾਦੀ ਨਹੀਂ ਮੰਨਿਆ।

ਗੁਰੂ ਨਾਨਕ ਦੇਵ ਜੀ ਨੇ ਓਂਕਾਰ ਤੋਂ ਵੀ ਸ੍ਰਿਸ਼ਟੀ ਦੀ ਉਤਪਤੀ ਮੰਨੀ ਹੈ। ਉਨ੍ਹਾਂ ਨੇ ਆਪਣੀ ਕਿਰਤ 'ਓਂਕਾਰ' ਵਿਚ ਪਰਮਸੱਤਾ ਦੀਆਂ ਸਾਰੀਆਂ ਸ਼ਕਤੀਆਂ ਦਾ 'ਓਂਕਾਰ' ਵਿਚ ਨਿਵਾਸ ਦੱਸਿਆ ਹੈ। ਓਂਕਾਰ ਤੋਂ ਹੀ ਬ੍ਰਹਮਾ ਦੀ ਉਤਪਤੀ ਹੋਈ। ਓਂਕਾਰ ਤੋਂ ਹੀ ਵੇਦਾਂ, ਯੁੱਗਾਂ ਅਤੇ ਪਰਬਤਾਂ ਦੀ ਰਚਨਾ ਹੋਈ ਹੈ। 'ਓਨਮ' ਅੱਖਰ ਹੀ ਤਿੰਨਾਂ ਲੋਕਾਂ ਦਾ ਸਾਰ ਤੱਤ ਹੈ:-

ਓਅੰਕਾਰਿ ਬ੍ਰਹਮਾ ਉਤਪਤਿ।। ਓਅੰਕਾਰੁ ਕੀਆ ਜਿਨਿ ਚਿਤਿ।
ਓਅੰਕਾਰਿ ਸੈਲ ਜੁਗ ਭਏ।। ਓਅੰਕਾਰਿ ਬੇਦ ਨਿਰਮਏ।।
ਓਅੰਕਾਰਿ ਸਬਦਿ ਉਧਰੇ।। ਓਅੰਕਾਰਿ ਗੁਰਮੁਖਿ ਤਰੇ।।
ਓਨਮ ਅਖਰ ਸੁਣਹੁ ਬੀਚਾਰੁ।। ਓਨਮ ਅੱਖਰ ਤ੍ਰਿਭਵਣ ਸਾਰ।।[73]

ਸਰਬ-ਵਿਆਪਕ ਪਰਮਾਤਮਾ ਨੇ ਜਗਤ ਦੀ ਉਤਪਤੀ ਕੀਤੀ ਹੈ। ਦਿਨ-ਰਾਤ, ਵਣ,ਤ੍ਰਿਣ,ਤਿੰਨੇ ਭਵਨ, ਪਾਣੀ, ਚਾਰ ਵੇਦ, ਚਾਰ ਖਾਣੀਆਂ,ਸ੍ਰਿਸ਼ਟੀ ਦੇ ਵੱਖ-ਵੱਖ ਹਿੱਸੇ, ਟਾਪੂ, ਸਭ ਕੁਝ ਪਰਮਾਤਮਾ ਦੇ ਹੁਕਮ ਨਾਲ ਬਣੇ ਹਨ:–

ਓਅੰਕਾਰਿ ਉਤਪਾਤੀ।। ਕੀਆ ਦਿਨਸੁ ਸਭ ਰਾਤੀ।।
ਵਣ ਤ੍ਰਿਣੁ ਤ੍ਰਿਭਵਣ ਪਾਣੀ।।
ਚਾਰਿ ਬੇਦ ਚਾਰੇ ਖਾਣੀ।। ਖੰਡ ਦੀਪ ਸਭ ਲੋਆ।।
ਏਕ ਕਵਾਵੈ ਤੇ ਸਭਿ ਹੋਆ।।[74]

ਉਪਨਿਸ਼ਦਾਂ ਵਿਚ ਵੀ ਓਂਕਾਰ (ਸ਼ਬਦ) ਤੋਂ ਹੀ ਸ੍ਰਿਸ਼ਟੀ ਦੀ ਉਤਪਤੀ ਮੰਨੀ ਗਈ ਹੈ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦਾ ਓਂਕਾਰ ਤੋਂ ਸ੍ਰਿਸ਼ਟੀ ਰਚਣ ਦਾ ਵਿਚਾਰ ਪਰੰਪਰਾਗਤ ਭਾਰਤੀ ਵਿਚਾਰਧਾਰਾ ਨਾਲ ਜਾ ਮਿਲਦਾ ਹੈ।

ਸਾਂਖ ਅਨੁਸਾਰ ਪ੍ਰਕ੍ਰਿਤੀ ਤੋਂ ਮਹੱਤ ਅਥਵਾ ਬੁੱਧੀ ਦੀ ਉਤਪਤੀ, ਬੁੱਧੀ ਤੋਂ ਅਹੰਕਾਰ ਅਤੇ ਅਹੰਕਾਰ ਤੋਂ ਪੰਜ ਗਿਆਨ ਇੰਦਰੀਆਂ, ਪੰਜ ਕਰਮ ਇੰਦਰੀਆਂ ਅਤੇ ਮਨ ਅਤੇ ਪੰਜ ਤਨਮਾਤ੍ਰਾਵਾਂ ਤੋਂ ਪੰਜ ਮਹਾਂਭੂਤਾਂ ਦੀ ਉਤਪਤੀ ਹੋਈ ਅਤੇ ਇਨ੍ਹਾਂ ਦੇ ਵਿਕਾਰਾਂ ਦੇ ਮਿਸ਼ਰਣ ਨਾਲ ਜੜ੍ਹ ਜਗਤ ਦੀ ਉਤਪਤੀ ਮੰਨੀ ਗਈ ਹੈ। ਮਹੱਤ ਤੇ ਬੁੱਧੀ ਦੇ ਪਿਛੋਂ ਅਹੰਕਾਰ ਹੋਂਦ ਵਿਚ ਆਉਂਦਾ ਹੈ। ਇਹ ਅਹੰਕਾਰ ਵਖੋ ਵੱਖ ਵਸਤੂਆਂ ਦੇ ਹੋਂਦ ਵਿਚ ਆਉਣ ਦਾ ਕਾਰਣ ਹੈ। ਸਤੋ, ਰਜੋ ਤੇ ਤਮੋ ਤਿੰਨ ਗੁਣ ਅਣਗਿਣਤ ਭਾਗਾਂ ਤੇ ਸੰਬੰਧਾਂ ਵਿਚ ਸੰਜੋਗ ਕਰਦੇ ਹਨ। ਇਨ੍ਹਾਂ ਤਿੰਨਾਂ ਦੇ ਮੇਲ ਤੋਂ ਹੀ ਤਰ੍ਹਾਂ ਤਰ੍ਹਾਂ ਦੀਆਂ ਵਸਤੂਆਂ, ਜਾਤੀਆਂ, ਜੂਨਾਂ ਆਕਾਰ ਪ੍ਰਾਪਤ ਕਰਦੀਆਂ ਹਨ। ਇਸ ਤਰ੍ਹਾਂ ਇਹ ਤਿੰਨ ਗੁਣ ਸਾਰੀ ਸ੍ਰਿਸ਼ਟੀ ਦੀ ਹੋਂਦ ਦਾ ਕਾਰਣ ਬਣਦੇ ਹਨ। ਅਦ੍ਵੈਤ-ਵੇਦਾਂਤ ਅਨੁਸਾਰ ਤਾਂ ਕੇਵਲ ਬ੍ਰਹਮ ਸੱਤ ਹੈ ਤੇ ਬਾਕੀ ਸਭ ਕੁਝ ਮਾਇਆ, ਭਰਮ ਅਸੱਤ ਹੈ। ਬ੍ਰਹਮ ਦਾ ਸੰਬੰਧ ਮਾਇਆ ਨਾਲ ਹੋਣ ਤੇ ਉਹ ਈਸ਼ਵਰ ਕਹਾਉਂਦਾ ਹੈ ਜੋ ਸ਼ੁਧ ਬ੍ਰਹਮ ਦਾ ਘਟੀਆ ਸਰੂਪ ਹੈ। ਬ੍ਰਹਮ ਦਾ ਜਦੋਂ ਅਵਿਦਿਆ ਨਾਲ ਸੰਜੋਗ ਹੁੰਦਾ ਹੈ ਤਾਂ ਉਸਨੂੰ ਜੀਵ ਕਹਿੰਦੇ ਹਨ। ਜੀਵ ਤੇ ਈਸ਼ਵਰੀ ਅਵਸਥਾ ਵਿਚ ਪ੍ਰਕਿਰਤਮ, ਬੁੱਧੀ, ਅਹੰਕਾਰ, ਪੰਜ ਤਨ ਮਾਤ੍ਰ ਇਹ ਸਭ ਸੰਬੰਧਤ ਸੱਤਤਾ ਰੱਖਦੇ ਹਨ। ਬਾਕੀ ਦੇ ਸੋਲਾਂ ਤੱਤ ਇਨ੍ਹਾਂ ਦਾ ਹੀ ਵਿਕਾਰ ਹੁੰਦੇ ਹਨ ਜਿਨ੍ਹਾਂ ਦੀ ਕੋਈ ਮਹੱਤਤਾ ਜਾਂ ਸੱਤਤਾ ਨਹੀਂ।[75]

ਯੋਗ ਵਸ਼ਿਸ਼ਟ ਵਿਚ ਵੀ ਸਾਂਖ ਅਨੁਸਾਰ ਅਹੰਕਾਰ ਤੋਂ ਹੀ ਸਥੂਲ ਅਤੇ ਸੂਖਮ ਜਗਤ ਦੀ ਉਤਪਤੀ ਮੰਨੀ ਗਈ ਹੈ।

ਗੁਰਬਾਣੀ ਵਿਚ ਵੀ ਹਉਮੈ ਤੋਂ ਸ੍ਰਿਸ਼ਟੀ ਦੀ ਉਤਪਤੀ ਦਰਸਾਈ ਗਈ ਹੈ। ਕਿਉਂ ਕਿ ਸ੍ਰਿਸ਼ਟੀ ਦੀ ਰਚਨਾ ਅਕਾਲ-ਪੁਰਖ ਦੇ ਹੁਕਮ ਨਾਲ ਹੋਈ ਹੈ, ਉਸਦੇ ਫੁਰਨੇ ਅਨੁਸਾਰ ਹੋਈ ਹੈ। ਫੁਰਨੇ ਦੇ ਹੋਂਦ ਵਿਚ ਆਉਣ ਨਾਲ ਹੀ ਹੁਕਮ ਦੇ ਨਾਲ-ਹਉਮੈ ਰੂਪ ਧਾਰਦੀ ਹੈ।

'ਆਸਾ ਦੀ ਵਾਰ' ਵਿੱਚ ਗੁਰੂ ਸਾਹਿਬ ਨੇ ਹਉਮੈ ਨੂੰ ਰੱਬੀ ਹੁਕਮ ਕਿਹਾ ਹੈ ਅਤੇ ਸਾਰੇ ਸੰਸਾਰ ਤੇ ਸੰਸਾਰੀ ਕਾਰ-ਵਿਹਾਰ ਨੂੰ 'ਹਉਮੈ' ਵਿਚ ਕਿਹਾ ਹੈ। ਜਿਸ ਕਰਕੇ ਜੀਵ ਕੰਮਾਂ ਵਿਚ ਪਏ ਫਿਰਦੇ ਹਨ:-

ਹਉ ਵਿਚਿ ਆਇਆ ਹਉ ਵਿਚਿ ਗਇਆ।
ਹਉ ਵਿਚਿ ਜੰਮਿਆ ਹਉ ਵਿਚਿ ਮੂਆ।।
- - - - - - - - - - - - - - -
ਹਉ ਵਿਚਿ ਮਾਰਿਆ ਹਉ ਵਿਚਿ ਛਾਇਆ।।
ਹਉਮੈ ਕਰਿ ਕਰਿ ਜੰਤ ਉਪਾਇਆ।।
- - - - - - - - - - - - - - -
ਹਉਮੈ ਏਹੋ ਹੁਕਮ ਹੈ। ਪਇਐ ਕਿਰਤਿ ਫਿਰਾਹਿ।।[76]

ਸਿੱਧਾਂ ਦੇ ਪ੍ਰਸ਼ਨ ਦੇ ਉੱਤਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਉੱਤਰ ਦਿੰਦੇ ਹਨ ਕਿ ਜਗਤ ਹਉਮੈ ਵਿਚ ਉਪਜਦਾ ਹੈ। ਹਉਮੈ ਕਰਕੇ ਹੀ ਜੀਵ ਦੁੱਖ ਪਾਂਦਾ ਹੈ।

ਹਉਮੈ ਵਿਚਿ ਜਗੁ ਉਪਜੈ ਪੁਰਖਾ, ਨਾਮਿ ਵਿਸਰਿਐ ਦੁਖੁ ਪਾਈ।।[77]

ਇਹ ਹਉਮੈ ਹੀ ਸਾਰੇ ਸੰਸਾਰ ਦਾ ਕਾਰਣ ਹੈ। ਮਾਇਆ, ਅਵਿਦਿਆ ਤੇ ਤਿੰਨੇ ਗੁਣ ਤੇ ਉਨ੍ਹਾਂ ਦੇ ਸੰਜੋਗ ਕਰਕੇ ਸਾਰਾ ਵਿਕਾਸ ਹਉਮੈਂ ਕਰਕੇ ਹੀ ਹੈ। ਗੁਰੂ ਜੀ ਅਨੁਸਾਰ ਬ੍ਰਹਮ ਤੋਂ ਭਿੰਨ ਪ੍ਰਕ੍ਰਿਤੀ ਦੀ ਕੋਈ ਹਸਤੀ ਨਹੀਂ ਹੈ। ਪ੍ਰਕ੍ਰਿਤੀ ਵੀ ਹਉਮੈ ਤੋਂ ਹੀ ਉਪਜਦੀ ਹੈ। ਪ੍ਰਕ੍ਰਿਤੀ ਕਰਕੇ ਹਉਮੈ ਨਹੀਂ ਉਪਜਦੀ ਸਗੋਂ ਹਉਮੈਂ ਕਰਕੇ ਪ੍ਰਕ੍ਰਿਤੀ ਰੂਪ ਧਾਰਦੀ ਹੈ। ਤਿੰਨੇ ਗੁਣ ਵੀ ਹਉਮੈ ਦੇ ਹੀ ਹਨ। ਹਉਮੈ ਵਿਚ ਰਜੋ, ਤਮੋ, ਸਤੋ ਤਿੰਨਾਂ ਗੁਣਾਂ ਦਾ ਅਨੇਕਾਂ ਤਰ੍ਹਾਂ ਨਾਲ ਮੇਲ ਹੁੰਦਾ ਹੈ ਤੇ ਸ੍ਰਿਸ਼ਟੀ ਬਣਦੀ ਹੈ। ਸੰਜੋਗ ਵਿਜੋਗ ਹਰ ਵੇਲੇ ਕੰਮ ਕਰਦੇ ਹਨ। ਇਸ ਲਈ ਜਿਥੇ ਸ੍ਰਿਸ਼ਟੀ ਉਪਜਦੀ ਹੈ ਉਥੇ ਨਾਸ਼ ਵੀ ਹੁੰਦੀ ਰਹਿੰਦੀ ਹੈ ਪਰ ਸ਼ੁੱਧ ਸਰੂਪ ਬ੍ਰਹਮ ਨਿਰਲੇਪ ਰਹਿੰਦਾ ਹੈ।

ਸ੍ਰਿਸ਼ਟੀ ਪ੍ਰਕ੍ਰਿਆ ਸੰਬੰਧੀ ਗੁਰਮਤਿ ਵਿਚ ਕਈ ਸੰਕੇਤ ਮਿਲਦੇ ਹਨ। ਪਹਿਲਾਂ ਇਕ ਸੱਚ ਸੀ, ਉਸ ਤੋਂ ਹਵਾ ਉਪਜੀ, ਹਵਾ ਤੋਂ ਜਲ ਅਤੇ ਜਲ ਤੋਂ ਤ੍ਰਿਭਵਣ ਦੀ ਰਚਨਾ ਹੋਈ ਅਤੇ ਰਚਣਹਾਰਾ ਆਪ ਹੀ ਆਪਣੀ ਰਚਨਾ ਵਿਚ ਵਿਲੀਨ ਹੋ ਗਿਆ। ਪਰਭਾਤੀ ਰਾਗ ਵਿਚ ਗੁਰੂ ਜੀ ਨੇ ਸਪੱਸ਼ਟ ਕੀਤਾ ਹੈ ਕਿ ਪਰਮਾਤਮਾ ਨੇ ਤਰੰਗ-ਯੁਕਤ ਜਲ, ਅਗਨੀ ਅਤੇ ਹਵਾ ਤਿੰਨ

ਤੱਤਾਂ ਨੂੰ ਪੈਦਾ ਕਰਕੇ ਫਿਰ ਇਨ੍ਹਾਂ ਦੇ ਸੰਜੋਗ ਤੋਂ ਪੰਜ-ਭੌਤਿਕ ਜਗਤ ਦੀ ਰਚਨਾ ਕੀਤੀ। ਜਾਂ ਮੂਲ ਤੱਤ ਜਲ ਸੀ ਜਿਸ ਤੋਂ ਸਮਸਤ ਦ੍ਰਿਸ਼ਟਮਾਨ ਜਗਤ ਦੀ ਉਤਪਤੀ ਹੋਈ:-

1. ਸਾਚੇ ਤੇ ਪਵਨਾ ਭਇਆ, ਪਵਨੈ ਤੇ ਜਲੁ ਹੋਇ।।
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ।।[78]
2. ਜਲ ਤਰੰਗ ਅਗਨੀ ਪਵਨੈ, ਫੁਨਿ ਤ੍ਰੈ ਮਿਲਿ ਜਗਤ ਉਪਾਇਆ।।[79]
3. ਨਾਨਕ ਇਹੁ ਜਗਤ ਸਭੁ ਜਲੁ ਹੈ ਜਲਹੀ ਤੇ ਸਭ ਕੋਇ।।[80]

ਗੋਰਖ ਅਨੁਸਾਰ ਉਤਪਤੀ ਕਰਨ ਵਾਲੀ ਮਾਇਆ ਸ਼ਕਤੀ ਨੇ ਹੀ ਸਤ, ਰਜ ਅਤੇ ਤਮ ਦੇ ਪ੍ਰਤੀਕ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਨੂੰ ਉਤਪੰਨ ਕੀਤਾ। ਤ੍ਰੈਗੁਣਾਂ ਕਾਰਨ ਹੀ ਜੀਵ ਬੰਧਨ ਵਿਚ ਪੈਂਦਾ ਹੈ ਅਤੇ ਤ੍ਰੈਗੁਣਾਤਮਕ ਮਾਇਆ ਦਾ ਯਥਾਰਥ ਰੂਪ ਸਮਝ ਲੈਣ ਤੇ ਉਹ ਬੰਧਨ ਮੁਕਤ ਹੋ ਜਾਂਦਾ ਹੈ। ਨਾਥ ਸੰਪ੍ਰਦਾਇ ਦੀ ਇਹ ਸ਼ਕਤੀ ਵਿਚਾਰ ਗੀਤਾ ਦੀ ਮਾਇਆ ਅਤੇ ਸਾਂਖ ਦੀ ਪ੍ਰਕ੍ਰਤੀ ਵਾਂਗ ਹੀ ਤ੍ਰੈਗੁਣਾਤਮਕ ਹੈ।

ਗੁਰਬਾਣੀ ਵੀ ਇਸੇ ਵਿਚਾਰ ਦੀ ਧਾਰਨੀ ਹੈ ਅਤੇ ਸ੍ਰਿਸ਼ਟੀ ਨੂੰ ਸਤ, ਰਜ ਅਤੇ ਤਮ ਮਾਇਕ ਸ਼ਕਤੀ ਦੀ ਦੇਣ ਸਮਝਦੀ ਹੈ। ਸੰਸਾਰ ਦੇ ਕਰੋੜਾਂ ਹੀ ਜੀਵ ਇਨ੍ਹਾਂ ਤਿੰਨਾਂ ਗੁਣਾਂ ਵਿਚ ਜਕੜੇ ਹੋਏ ਹਨ:-

1. ਕਈ ਕੋਟਿ ਰਾਜਸ ਤਾਮਸ ਸਾਤਕ।।[81]
2. ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ।।[82]
3. ਬ੍ਰਹਮੈ ਮੁਖਿ ਮਾਇਆ ਹੈ ਤ੍ਰੈ ਗੁਣ।। -------
ਰਜ ਤਮ ਸਤ ਕਲ ਤੇਰੀ ਛਾਇਆ।। ਜਨਮ ਮਰਣ ਹਉਮੈ ਦੁਖ ਪਾਇਆ।।[83]

ਗੁਰਮਤਿ ਅਨੁਸਾਰ ਸ੍ਰਿਸ਼ਟੀ ਪਰਿਵਰਤਨਸ਼ੀਲ ਹੈ, ਪਰਿਣਾਮਸ਼ੀਲ ਹੈ। ਇਸ ਲਈ ਇਸ ਦਾ ਵਿਸਥਾਰ ਅਨੇਕ ਵਾਰ ਹੋਇਆ ਹੈ। ਸਦ-ਸਥਿਰ ਅਤੇ ਅਪਰਿਵਰਤਨਸ਼ੀਲ ਤਾਂ ਸ੍ਰਿਸ਼ਟੀ ਦਾ ਰਚਣਹਾਰ ਬ੍ਰਹਮ ਹੀ ਹੈ:-

ਕਈ ਬਾਰ ਪਸਰਿਓ ਪਾਸਾਰ।। ਸਦਾ ਸਦਾ ਇਕੁ ਏਕੰਕਾਰ।।[84]

ਇਸ ਸਾਰੇ ਵਿਚਾਰ ਪਿਛੋਂ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੋਹਾਂ ਨੇ ਹੀ ਸ੍ਰਿਸ਼ਟੀ ਰਚਨਾ ਦਾ ਨਮਿੱਤ ਤੇ ਉਪਾਦਾਨ ਕਾਰਣ ਬ੍ਰਹਮ ਨੂੰ

ਹੀ ਮੰਨਿਆ ਹੈ। ਬ੍ਰਹਮ ਦੀ ਇੱਛਾ ਹੋਈ ਤੇ ਉਸ ਦੇ ਹੁਕਮ ਅਨੁਸਾਰ ਸ੍ਰਿਸ਼ਟੀ ਹੋਂਦ ਵਿਚ ਆਈ, ਉਸੇ ਵਿਚ ਲੈਅ ਹੁੰਦਾ ਰਹਿੰਦਾ ਹੈ। ਇਨ੍ਹਾਂ ਦੇ ਵਿਚਾਰ ਭਾਰਤੀ ਪੁਰਾਤਨ ਵਿਚਾਰਧਾਰਾ ਨਾਲ ਮੇਲ ਤਾਂ ਖਾਂਦੇ ਹਨ ਪਰ ਸਾਂਖ ਵੇਦਾਂਤ ਵਾਂਗ ਇਨ੍ਹਾਂ ਨੂੰ ਪ੍ਰਕ੍ਰਿਤੀ ਨੂੰ ਸ੍ਰਿਸ਼ਟੀ ਰਚਨਾ ਦਾ ਕਾਰਨ ਨਹੀਂ ਮੰਨਿਆ, ਸਗੋਂ ਪ੍ਰਕ੍ਰਿਤੀ ਨੂੰ ਵੀ ਬ੍ਰਹਮ ਦੀ ਉਪਜ ਮੰਨਿਆ ਹੈ। ਇਕ ਤੋਂ ਅਨੇਕ ਹੋ ਜਾਣ ਦੀ ਇਨ੍ਹਾਂ ਦੀ ਵਿਚਾਰਧਾਰਾ ਉਪਨਿਸ਼ਦਾਂ ਨਾਲ ਜਾ ਮੇਲ ਖਾਂਦੀ ਹੈ। ਗੁਰੂ ਸਾਹਿਬ ਵੇਦਾਂਤੀਆਂ ਵਾਂਗ ਅਦ੍ਵੈਤਵਾਦੀ ਹੋਣ ਕਰਕੇ ੧ਓ ਨੂੰ ਹੀ ਪਰਮਸੱਤ ਮੰਨਦੇ ਹਨ, ਪਰ ਉਹ ਸਾਧਾਰਣ ਵੇਦਾਂਤੀਆਂ ਵਾਂਗ ਸ੍ਰਿਸ਼ਟੀ ਨੂੰ ਭਰਮ ਜਾਂ ਨਿਰਾਧਾਰ ਭਰਮ ਨਹੀਂ ਸਮਝਦੇ ।ਅਕਾਲ ਪੁਰਖ ਨੂੰ ਹੀ ਕਰਣ ਕਾਰਣ ਸਮਰੱਥ ਸਮਝਦੇ ਹਨ। ਉਸਨੇ ਆਪਣੇ ਨਿਰਗੁਣ ਅਤੇ ਸੂਖਮ ਰੂਪ ਤੋਂ ਹੀ ਸਥੂਲ ਰੂਪ ਧਾਰਣ ਕੀਤਾ ਹੈ। ਇਸ ਤਰ੍ਹਾਂ ਗੁਰੂ ਸਾਹਿਬਾਨ ਨੇ ਸਾਂਖ ਦੇ ਸਿਧਾਂਤ ਪ੍ਰਕ੍ਰਿਤੀ ਤੋਂ ਸ੍ਰਿਸ਼ਟੀ ਦੀ ਰਚਨਾ ਦਾ ਖੰਡਨ ਕੀਤਾ ਹੈ।

## ਜਗਤ ਦਾ ਸਰੂਪ

ਗੁਰੂ ਰਵਿਦਾਸ ਜੀ ਅਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਅਨੇਕ ਥਾਈਂ ਜਗਤ ਦੇ ਸੰਬੰਧ ਵਿਚ ਵਿਚਾਰ ਮਿਲਦੇ ਹਨ। ਜਗਤ ਦੇ ਸਰੂਪ ਨੂੰ ਸਮਝਣ ਲਈ ਸਾਨੂੰ ਦੋਹਾਂ ਗੁਰੂਆਂ ਦੀ ਬਾਣੀ ਤੇ ਵਿਚਾਰ ਕਰਨੀ ਪਵੇਗੀ। ਵੇਦਾਂ ਅਤੇ ਉਪਨਿਸ਼ਦਾਂ ਤੋਂ ਹੀ ਜਗਤ ਦੇ ਸਰੂਪ ਸੰਬੰਧੀ ਵਿਵਾਦ ਚਲਿਆ ਆ ਰਿਹਾ ਹੈ। ਜਗਤ ਸੱਤ ਹੈ ਜਾਂ ਅਸੱਤ ? ਇਸ ਸੰਬੰਧੀ ਅਦ੍ਵੈਤ-ਵੇਦਾਂਤ ਦਾ ਸਪੱਸ਼ਟ ਉੱਤਰ ਹੈ – ਬ੍ਰਹਮ ਸਤਯਮ ਜਗਤ ਮਿਥਿਆ– ਅਰਥਾਤ ਬ੍ਰਹਮ ਹੀ ਸੱਤ ਹੈ, ਜਗਤ ਮਿਥਿਆ ਹੈ। ਸੰਸਾਰ ਉਦੋਂ ਤੱਕ ਸੱਤ ਭਾਸਦਾ ਹੈ ਜਦੋਂ ਤੱਕ ਗਿਆਨ ਨਹੀਂ ਉਤਪੰਨ ਹੁੰਦਾ। ਰਾਮਾਨੁਜ ਦੇ ਵਿਸ਼ਿਸ਼ਟਾਦ੍ਵੈਤ ਅਨੁਸਾਰ ਬ੍ਰਹਮ ਸੱਤ ਹੈ ਇਸ ਲਈ ਬ੍ਰਹਮ ਤੇ ਆਧਾਰਿਤ ਜਗਤ ਵੀ ਸੱਤ ਹੈ। ਸ਼ੁੱਧ ਅਦਵੈਤਵਾਦ ਜਗਤ ਨੂੰ ਪਾਰਬ੍ਰਹਮ ਦਾ ਸੱਤ ਰੂਪ ਮੰਨਦਾ ਹੈ।

ਗੁਰੂ ਰਵਿਦਾਸ ਬਾਣੀ ਅਤੇ ਗੁਰੂ ਨਾਨਕ ਬਾਣੀ ਵਿਚ ਜਗਤ ਅਸੱਤ ਹੈ ਅਤੇ ਜਗਤ ਸੱਤ ਹੈ, ਦੋਵੇਂ ਤਰ੍ਹਾਂ ਦੇ ਵਿਚਾਰ ਮਿਲਦੇ ਹਨ। ਦੋਹਾਂ ਗੁਰੂਆਂ ਨੇ ਜਗਤ ਲਈ ਜਗਤ, ਜਗੁ, ਸੰਸਾਰ, ਸੰਸਾਰ ਸਮੁੰਦੇ, ਭੈਜਲ, ਕਾਜਲ ਕੀ ਕੋਠੜੀ, ਵਿਸ਼੍ਵਆਵਨ, ਸਵਾਂਗ, ਬਾਜੀਗਰ ਦੀ ਬਾਜੀ, ਤਿੰਨ ਲੋਕ, ਤ੍ਰਿਭਵਨ, ਭੈ ਸਾਗਰ, ਦੁਨੀਆ, ਫਨਖਾਨਾ, ਆਦਿ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਦੋਹਾਂ ਗੁਰੂਆਂ ਨੇ ਜਗਤ ਨੂੰ ਸੱਤ ਕਿਹਾ ਹੈ ਜਾਂ ਅਸੱਤ। ਇਸ ਬਾਰੇ ਨਿਰਣਾ ਕਰਨ ਤੋਂ ਪਹਿਲਾਂ ਉਨ੍ਹਾਂ ਦੀ ਬਾਣੀ ਤੇ ਵਿਚਾਰ ਕਰਨੀ ਜ਼ਰੂਰੀ ਬਣਦੀ ਹੈ।

## ਜਗਤ ਅਸੱਤ ਹੈ

ਗੁਰੂ ਰਵਿਦਾਸ ਜੀ ਅਨੁਸਾਰ ਇਹ ਜਗਤ ਅਸੱਤ ਹੈ। ਇਸਦਾ ਸਰੂਪ ਦੁਖਦਾਈ ਹੈ। ਇਹ ਮ੍ਰਿਗ-ਤ੍ਰਿਸ਼ਨਾ ਦੀ ਤਰ੍ਹਾਂ ਹੈ। ਇਸ ਜਗਤ ਦੀ ਹੋਂਦ ਅਸਥਾਈ ਹੈ। ਜੀਵ ਜੀਵਨ-ਪੈਂਡੇ ਤੇ ਆਇਆ ਹੈ। ਜੀਵਨ ਭੋਗ ਕੇ ਤੁਰ ਜਾਂਦਾ ਹੈ। ਸੰਸਾਰ ਇਕ ਸਰ੍ਹਾਂ ਹੈ। ਜੀਵ ਇਕ ਯਾਤਰੀ ਜੋ ਰਾਤ ਕੱਟ ਕੇ ਤੁਰ ਜਾਂਦਾ ਹੈ। ਇਸ ਸੰਸਾਰ ਵਿਚ ਕੋਈ ਵੀ ਜੀਵ ਟਿਕ ਨਹੀਂ ਸਕਦਾ ਤੇ ਨਾ ਹੀ ਅੱਜ ਤੱਕ ਟਿਕਿਆ ਹੈ। ਜਗਤ ਦੀ ਸੱਤਾ ਵਾਸਤਵਿਕ ਨਹੀਂ। ਜਿਵੇਂ ਰੇਤ ਰਾਹੀਂ ਨੂੰ ਪਾਣੀ ਦਾ ਭੁਲੇਖਾ ਪਾਉਂਦੀ ਹੈ, ਇਵੇਂ ਹੀ ਇਹ ਸੰਸਾਰ ਹੈ। ਮਨੁੱਖ ਜਗਤ ਨੂੰ ਸੱਚ ਜਾਣ ਕੇ ਇਸ ਦੀ ਦੌੜ ਵਿਚ ਸ਼ਾਮਲ ਹੋ ਜਾਂਦਾ ਹੈ ਅਤੇ ਮ੍ਰਿਗ ਦੀ ਤਰ੍ਹਾਂ ਭਟਕਦਾ ਰਹਿੰਦਾ ਹੈ। ਮਾਇਆ ਦੇ ਨਸ਼ੇ ਵਿਚ ਉਸ ਨੂੰ ਇਸ ਗੱਲ ਦੀ ਸੁੱਧ-ਬੁੱਧ ਨਹੀਂ ਰਹਿੰਦੀ ਕਿ ਇਹ ਮਹਿਲ-ਮਾੜੀਆਂ ਅਸਥਾਈ ਹਨ। ਉਹ ਇਨ੍ਹਾਂ ਨੂੰ ਸੱਚ ਤੇ ਸਥਿਰ ਸਮਝ ਬੈਠਦਾ ਹੈ:-

1. ਊਚੇ ਮੰਦਰ ਸਾਲ ਰਸੋਈ ਏਕ ਘਰੀ ਫੁਨਿ ਰਹਨੁ ਨ ਹੋਈ।।[85]
2. ਸਵਾਂਗ ਦੇਖਿ ਸਬਹੀ ਜਗ ਲਟਕਯੋ, ਫਿਰਿ ਆਪਨ ਧੈਰ ਵਧਾਈ।।
   ਸਾਂਗ ਯਹੁ ਸਾਂਚੁ ਨ ਜਾਨੈ, ਲੋਗਨਿ ਇਹੈ ਭਰਮਾਈ।।[86]
3. ਅਨਿਕ ਕੌਤਗ ਕਲਾ ਕਾਛੈ ਕਛੈ, ਬਹੁਰਿ ਸਾਂਗ ਦਿਖਾਵੈ।
   ਮੂਰਖਿਆਪਨ ਆਪੁ ਸਮੁਝਿ ਨਹੈਂ, ਔਰਨਿ ਕਾ ਸਮੁਝਾਵੈ।।[87]

ਅਸੱਤ ਜਗਤ ਨੂੰ ਸਮਝਣ ਲਈ ਗੁਰੂ ਰਵਿਦਾਸ ਜੀ ਪੂਰੇ ਗੁਰੂ ਦੀ ਪ੍ਰਾਪਤੀ ਤੇ ਜ਼ੋਰ ਦਿੰਦੇ ਹਨ:-

ਭਾਵ ਭਗਤਿ ਹਿਰਦੈ ਨਹਿੰ ਆਸੀ, ਵਿਸ਼ਯ ਲਾਗੀ ਸੁਖ ਪਾਸੀ।
ਕਹਿ ਰਵਿਦਾਸ ਪੂਰਾ ਗੁਰ ਪਾਵੈ, ਸ੍ਵਾਂਗ ਕੋ ਸ੍ਵਾਂਗ ਦੁਖਾਸੀ।।[88]

ਗੁਰੂ ਨਾਨਕ ਦੇਵ ਜੀ ਵੀ ਜਗਤ ਨੂੰ ਅਸਥਾਈ ਮੰਨਦੇ ਹਨ। ਗੁਰੂ ਜੀ ਇਸ ਜਗਤ ਨੂੰ ਚਾਰ ਦਿਨਾਂ ਦੀ ਖੇਡ ਦੱਸਦੇ ਹੋਏ ਸੰਸਾਰ ਨੂੰ ਸਥਾਈ ਸਮਝਣ ਵਾਲੇ ਜੋਗੀ ਅਤੇ ਫਕੀਰ ਨੂੰ ਸੰਬੋਧਨ ਕਰਦੇ ਹੋਏ ਕਹਿੰਦੇ ਹਨ ਕਿ ਉਹ ਜਿਸ ਮੁਕਾਮ ਨੂੰ ਸਥਾਈ ਸਮਝ ਬੈਠਾ ਹੈ। ਉਹ ਅਸਲ ਮੁਕਾਮ ਨਹੀਂ। ਸਾਰਾ ਸੰਸਾਰ ਆਣ-ਜਾਣ ਵਾਲਾ ਹੈ ਸਦਾ ਸਥਿਰ ਤਾਂ ਕੇਵਲ ਪਰਮਾਤਮਾ ਹੈ। ਇਹ ਜਗਤ ਤਾਂ ਧੂੰਏ ਦਾ ਪਹਾੜ ਹੈ। ਸੂਰਜ, ਚੰਦ ਆਕਾਸ਼, ਦੀਪ, ਪਾਣੀ, ਅੰਨ, ਹਵਾ ਕੋਈ ਵੀ ਥਿਰ ਨਹੀਂ। ਰਾਜੇ, ਰਾਣੇ, ਪੱਕੇ ਬੰਕ ਦੁਆਰ ਵੀ ਪਲ-ਛਿਣ ਵਿਚ ਢਹਿ ਢੇਰੀ ਹੋ ਜਾਂਦੇ ਹਨ:-

1. ਨਾਨਕ ਦੁਨੀਆ ਚਾਰਿ ਦਿਹਾੜੇ ਸੁਖਿ ਕੀਤੈ ਦੁਖੁ ਹੋਈ।।[89]
2. ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ।।[90]
3. ਨ ਸੂਰ ਸਸਿ ਮੰਡਲੋ।। ਨ ਸਪਤ ਦੀਪ ਨਹ ਜਲੋ।।
   ਅੰਨ ਪਉਣੁ ਥਿਰੁ ਨ ਕੁਈ।। ਏਕੁ ਤੁਈ ਏਕੁ ਤੁਈ।।[91]
4. ਰਾਜੇ ਰਯਤਿ ਸਿਕਦਾਰ, ਕੋਇ ਨ ਰਹਸੀਓ।।
   ਹਟ ਪਟਣ ਬਾਜਾਰ ਹੁਕਮੀ ਢਹਸੀਓ।।
   ਪਕੇ ਬੰਕ ਦੁਆਰ ,ਮੂਰਖ ਜਾਣੈ ਆਪਣੇ।।
   ਦਰਬਿ ਭਰੇ ਭੰਡਾਰ ਰੀਤੇ ਇਕਿ ਖਣੇ।।[92]

ਗੁਰੂ ਰਵਿਦਾਸ ਜੀ ਅਨੁਸਾਰ ਜਗਤ ਦੀ ਸਤਾ ਵਾਸਤਵਿਕ ਨਹੀਂ। ਇਹ ਜਗਤ ਮ੍ਰਿਗ ਤ੍ਰਿਸ਼ਨਾ ਦੀ ਤਰ੍ਹਾਂ ਹੈ। ਜੀਵ ਜਗਤਿਕ ਪਦਾਰਥਾਂ ਪਿੱਛੇ ਭੱਜਾ ਫਿਰਦਾ ਹੈ:-

1. ਬਾਹਰ ਖੋਜਤ ਜਨਮ ਸਿਰਾਨੋ। ਮ੍ਰਿਗ ਤ੍ਰਿਸਨਾ ਰਹਿਓ ਉਰਝਾਇਓ।।[93]
2. ਦੇਵ ਜਲ ਮਨੋਰਥ ਉਰਮੀ-ਤਰਲ ਤ੍ਰਿਸਨਾ ਅਪਾਰੰ, ਮਕਰ ਇੰਦ੍ਰੀ ਜੀਵ ਜਤ ਮਾਹੀਂ।
   ਭ੍ਰਮਤ ਵਯਾਕੁਲ ਨਾਥ ਸਤਿ, ਬਿਸ਼ਯਾਦਿਕ ਪੰਥ, ਦੇਵ ਦੇਵ ਵਿਸ਼੍ਰਾਮ ਨਾਹੀਂ।।[94]

ਨੌਵੀਂ ਜੋਤ ਸ਼੍ਰੀ ਗੁਰੂ ਤੇਗ ਬਹਾਦਰ ਜੀ ਇਸ ਜਗਤ ਨੂੰ ਮ੍ਰਿਗ ਤ੍ਰਿਸਨਾ ਕਹਿੰਦੇ ਹੋਏ ਪ੍ਰਭੂ ਸਿਮਰਨ ਦਾ ਉਪਦੇਸ਼ ਕਰਦੇ ਹਨ:-

1. ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗੁ ਦੇਖਿ ਤਾਸਿ ਉਠਿ ਧਾਵੈ।
   ਭੁਗਤਿ ਮੁਕਤਿ ਕਾ ਕਾਰਨ ਸੁਆਮੀ ਮੂੜ ਤਾਹਿ ਬਿਸਰਾਵੈ।।[95]
2. ਮ੍ਰਿਗ ਤ੍ਰਿਸਨਾ ਜਿਉ ਜਗ ਰਚਨਾ ਯਹ ਦੇਖਹੁ ਰਿਦੈ ਬਿਚਾਰਿ।।
   ਕਹੁ ਨਾਨਕ ਭਜੁ ਰਾਮ ਨਾਮ ਨਿਤ ਜਾਤੇ ਹੋਤੁ ਉਧਾਰੁ।।[96]

ਗੁਰੂ ਦੇ ਸ਼ਬਦ ਵਿਚ ਜੁੜ ਕੇ ਅੰਦਰੋਂ ਤ੍ਰਿਸ਼ਨਾ ਦੀ ਅੱਗ ਬੁਝ ਜਾਂਦੀ ਹੈ ਅਤੇ ਜੀਵ ਦੀ ਮਾਇਕ ਪਦਾਰਥਾਂ ਦੀ ਭਟਕਣ ਖਤਮ ਹੋ ਜਾਂਦੀ ਹੈ:-

ਤ੍ਰਿਸਨਾ ਅਗਨਿ ਸਬਦਿ ਬੁਝਾਏ।। ਦੂਜਾ ਭਰਮੁ ਸਹਜਿ ਸੁਭਾਏ।।[96ੳ]

ਇਹ ਜਗਤ ਕਸੁੰਭੜੇ ਦੇ ਫੁੱਲ ਦੀ ਨਿਆਈ ਹੈ। ਜੋ ਕੱਚੇ ਰੰਗ ਵਾਲਾ ਤੇ ਥੋੜ੍ਹ ਚਿਰਾ ਹੈ। ਪਰ ਪਰਮਾਤਮਾ ਦੀ ਪ੍ਰੀਤ ਦਾ ਰੰਗ ਪੱਕਾ ਹੈ। ਕਸੁੰਭੜੇ ਦੇ ਰੰਗ ਦੀ ਤਰ੍ਹਾਂ ਜੀਵ ਦੀ ਜਗਤ ਨਾਲ ਪ੍ਰੀਤ ਵੀ ਕੱਚੀ ਤੇ ਥੋੜ੍ਹ ਚਿਰੀ ਹੈ:-

1. ਜੈਸਾ ਰੰਗ ਕਸੁੰਭ ਕਾ, ਤੈਸਾ ਇਹੁ ਸੰਸਾਰ ਰੇ।
   ਰਮਇਆ ਰੰਗ ਮਜੀਠ ਕਾ, ਭਣੈ 'ਰਵਿਦਾਸ' ਵਿਚਾਰ ਰੇ।।[97]
2. ਜੈਸਾ ਰੰਗ ਸੁੰਬਲ ਕਰਿ ਹਵੈ ਤੈਸਾ ਇਹੁ ਸੰਸਾਰ।
   ਹੋ ਰੰਗ ਰੰਗੈ ਰਾਮ ਮਹਿ, ਭਣੈ ਰਵਿਦਾਸ ਵਿਚਾਰ।।[੯੮]

ਗੁਰੂ ਨਾਨਕ ਦੇਵ ਜੀ ਵੀ ਜਗਤ ਨੂੰ ਥੋੜ੍ਹਚਿਰਾ ਦਰਸਾਉਂਦੇ ਹੋਏ ਧਨ ਅਤੇ ਜਵਾਨੀ ਨੂੰ ਫੁੱਲ ਦੀ ਤਰ੍ਹਾਂ ਚਾਰ ਦਿਨਾਂ ਦੇ ਪ੍ਰਾਹੁਣੇ ਦੱਸਦੇ ਹਨ। ਜਿਵੇਂ ਥੋਪੱਤੀ ਦੇ ਪੱਤਰ ਢਲ ਜਾਣ ਨਾਲ ਸੁੱਕ ਕੇ ਨਾਸ਼ ਹੋ ਜਾਂਦੇ ਹਨ, ਤਿਵੇਂ ਇਹ ਸੰਸਾਰਕ ਵਸਤਾਂ ਵੀ ਨਾਸ਼ ਹੋ ਜਾਂਦੀਆਂ ਹਨ। ਜੀਵ ਚਾਰ ਦਿਨ ਦੁਨੀਆਂ ਦੇ ਮੌਜ ਮੇਲਿਆਂ ਵਿਚ ਮਸਤ ਰਹਿਕੇ ਸਰੀਰ ਦੇ ਬੁੱਢਾ ਹੋ ਜਾਣ ਨਾਲ ਤੁਰ ਜਾਂਦਾ ਹੈ। ਸੰਸਾਰਿਕ ਰਾਜ, ਮਾਲ, ਜਵਾਨੀ ਆਦਿ ਤਾਂ ਛਾਂ ਦੇ ਸਮਾਨ ਹੈ। ਗੁਰੂ ਜੀ ਇਨ੍ਹਾਂ ਨੂੰ ਜੁਆਰੀਏ ਦੇ ਧਨ ਦੀ ਤਰ੍ਹਾਂ ਥੋੜ ਚਿਰਾ ਸਮਝਦੇ ਹਨ। ਇਹ ਤਾਂ ਕੱਲਰ ਵਿਚ ਉੱਗੀ ਖੇਤੀ ਅਤੇ ਦਰਿਆ ਦੇ ਕੰਢੇ ਉੱਗੇ ਰੁੱਖਾਂ ਦੇ ਸਮਾਨ ਹਨ:-

1. ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ।
   ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ।
   ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉਹੁਲਾ।।
   ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ।।[99]
2. ਰਾਜੁ ਮਾਲੁ ਜੋਬਨੁ ਸਭੁ ਛਾਂਵ।।[100]
3. ਰਾਜੀ ਰੰਗੀ ਰੂਪੀ ਮਾਲੀ ਜੋਬਨੁ ਤੇ ਜੂਆਰੀ।।
   ਹੁਕਮੀ ਬਾਧੇ ਪਾਸੈ ਖੇਲਹਿ ਚਉਪੜਿ ਏਕਾ ਸਾਰੀ।।

   \- - - - - - - - - - - - - - - - - - -

   ਕਲਰ ਖੇਤੀ ਤਰਵਰ ਕੰਠੇ ਬਾਗਾ ਪਹਿਰਹਿ ਕਜਲੁ ਝਰੈ।।
   ਏਹੁ ਸੰਸਾਰੁ ਤਿਸੈ ਕੀ ਕੋਠੀ ਜੋ ਪੈਸੈ ਸੋ ਗਰਬਿ ਜਰੈ।।[101]
4. ਏਹ ਭੂਪਤਿ ਰਾਣੇ ਰੰਗ ਦਿਨ ਚਾਰਿ ਸੁਹਾਵਣਾ।।[102]

<u>ਜਗਤ ਨਾਸ਼ਵਾਨ ਹੈ</u>

ਇਹ ਜਗਤ ਨਾਸ਼ਵਾਨ ਹੈ ਜਾਂ ਦੁਨੀਆਂ ਫ਼ਾਨੀ ਹੈ। ਪ੍ਰਾਣੀ ਵੀ ਨਾਸ਼ਵਾਨ ਹੈ। ਮ੍ਰਿਗ ਤ੍ਰਿਸ਼ਨਾ ਵਾਂਗ ਸੰਸਾਰਕ ਮੋਹ-ਮਾਇਆ ਦੇ ਜਾਲ ਵਿਚ ਫਸਿਆ ਪ੍ਰਾਣੀ ਨਾਸ਼ਵਾਨ ਸੰਸਾਰ ਬਾਰੇ ਇਹ ਨਹੀਂ ਸੋਚਦਾ ਕਿ ਜਦੋਂ ਉਸਦੇ ਵੱਡੇ-ਵਡੇਰੇ, ਮਿੱਤਰ-ਦੋਸਤ, ਸੰਗੀ-ਸਾਥੀ ਨਹੀਂ ਰਹੇ ਤਾਂ ਉਹ ਕਿਵੇਂ ਸਥਿਰ ਰਹਿ ਸਕਦਾ ਹੈ ਮਾਇਆ ਵਿਚ ਗਲਤਾਨ ਜੀਵ ਜਗਤ ਨੂੰ ਸੱਚ ਸਮਝ ਬੈਠਦਾ ਹੈ:-

1. ਜੋ ਦਿਨ ਆਵਹਿ ਸੋ ਦਿਨ ਜਾਹੀ, ਕਰਨਾ ਕੂਚ ਰਹਨਾ ਥਿਰ ਨਾਹੀਂ।।
ਸੰਗੁ ਚਲਤ ਹੈ ਹਮ ਭੀ ਚਲਨਾ, ਦੂਰਿ ਗਵਨ ਸਿਰ ਊਪਰਿ ਮਰਨਾ।।
ਕਿਆ ਤੂੰ ਸੋਇਆ ਜਾਗੁ ਇਆਨਾ, ਤੈ ਜੀਵਨ ਜਗਿ ਸਚੁ ਕਰਿ ਜਾਨਾ।।
- - - - - - - - - - - - - - - - - - - - - - - - -
ਕਹਿ ਰਵਿਦਾਸ ਨਿਦਾਨਿ ਦਿਵਾਨੇ, ਚੇਤਸਿ ਨਾਹੀਂ ਦੁਨੀਆਂ ਫਨਖਾਨੇ।।[103]

ਗੁਰੂ ਰਵਿਦਾਸ ਮੂਰਖ ਜੀਵ ਨੂੰ ਸੁਚੇਤ ਕਰਦੇ ਕਹਿੰਦੇ ਹਨ ਕਿ ਅਜੇ ਵੀ ਵੇਲਾ ਹੈ ਪਰਮਾਤਮਾ ਦਾ ਨਾਮ ਸਿਮਰਨ ਕਰਨ ਦਾ, ਤੇਰਾ ਜੀਵਨ ਅਜਾਈਂ ਜਾ ਰਿਹਾ ਹੈ। ਇਹ ਸਰੀਰ ਇਕ ਪਲ ਵਿਚ ਵੀ ਹੀ ਸੁਆਹ ਹੋ ਜਾਵੇਗਾ। ਜੋ ਵੀ ਚੀਜ਼ ਦਿਸਦੀ ਹੈ ਉਹ ਸਭ ਕੁੱਝ ਨਾਸ਼ਵਾਨ ਹੈ:-

1. ਅਜਹੂੰ ਚੇਤਿ ਗਹੁ ਸਿਖ ਮੂਰਖਿ ਜਨਮ ਅਕਾਰਥ ਜਾਤ।।
ਜਲ-ਥਲ, ਬਾਉ-ਅਗਨ ਕੋ ਪੁੱਤਰਾ, ਛਿਨ ਮਹਿੰ ਹੋਹਿ ਭਸਮਾਤ।।[104]
2. ਬੰਕੇ ਬਾਲ ਪਾਗ ਸਿਰ ਡੇਰੀ, ਇਹ ਤਨ ਹੋਇਗੋ ਭਸਮ ਕੀ ਢੇਰੀ।।[105]
3. ਜੋ ਦੀਸੈ ਸੋ ਸਕਲ ਬਿਨਾਸ, ਅਨਦੀਠੇ ਨਾਹੀਂ ਬਿਸਬਾਸ।।[106]

ਦੁਨੀਆਂ ਭਾਵੇਂ ਫਨਖਾਨਾ ਜਾਂ ਨਾਸ਼ਵਾਨ ਹੈ ਪਰ ਮਨੁੱਖ ਫਿਰ ਵੀ ਅਮਰ ਹੋ ਸਕਦਾ ਹੈ। ਅਮਰ ਹੋਣ ਲਈ ਮਾਇਆ ਦਾ ਜਾਲ ਤੋੜ ਕੇ ਹਮੇਸ਼ਾ ਲਈ ਇਸਨੂੰ ਤਿਆਗਣ ਦੀ ਜ਼ਰੂਰਤ ਹੈ ਅਤੇ ਸਤਿ-ਸਰੂਪ ਬ੍ਰਹਮ ਨਾਲ ਸੁਰਤੀ ਜੋੜਨ ਦੀ ਲੋੜ ਹੈ। ਪ੍ਰਭੂ ਦੇ ਭਗਤ ਮਾਇਆ ਧਨ ਵਿਚ ਲੀਨ ਹੀ ਨਹੀਂ ਹੁੰਦੇ ਸਗੋਂ ਉਹ ਤਾਂ ਪ੍ਰਭੂ ਦੇ ਪ੍ਰੇਮ ਦੀ ਡੋਰੀ ਨਾਲ ਬੰਨ੍ਹੇ ਰਹਿੰਦੇ ਹਨ। ਗੁਰੂ ਰਵਿਦਾਸ ਜੀ ਨੂੰ ਇਸ ਗੱਲ ਦਾ ਪੂਰਾ ਯਕੀਨ ਹੈ ਕਿ ਕਿਉਂਕਿ ਉਨ੍ਹਾਂ ਦੀ ਨਾਮ

ਦੀ ਬੇੜੀ ਦੇ ਪਤਵਾਰ ਗੁਰੂ ਰਾਮਾਨੰਦ ਹਨ, ਇਸ ਲਈ ਉਹ ਨਹੀਂ ਮਰ ਸਕਦੇ:–

1. ਅਮਰ ਭਏ ਹਮ ਕਾਹੇ ਕੂੰ ਮਰਿ ਹੈਂ।।ਟੇਕ।।
ਮਿਥਯਾ ਜਗ ਮਾਯਾ ਤਜਿ ਦੀਨੀ, ਸੱਤ ਰੂਪ ਮਨੁ ਧਰਿ ਹੈਂ।
ਜੋ ਦੀਸੈ ਸਭੁ ਮਾਯਾ ਫੰਦਾ, ਤਰਕਿ ਜੇਵਰਿ ਕਤਰਿ ਹੈਂ।।
ਅਨਿਕ ਬਾਰ ਜੰਮੇ ਅਰੁ ਮਰਿਯੇ, ਫੁਨਿ ਹੋ ਭਮਰਿ ਨ ਪਰਿ ਹੈ।
ਪਤਰਿ ਨਾਵ ਖੇਵਟਿਯਾ ਗੁਰੂ ਰਾਮਾ, ਨਾਮ ਲੇਤ ਹੀ ਤਰਿ ਹੈਂ।।[107]

2. ਸੰਪਤਿ ਬਿਪਤਿ ਪਟਲ ਮਾਇਆ ਧਨੁ।। ਤਾਮਹਿ ਮਗਨ ਹੋਤ ਨ ਤੇਰੋ ਜਨ।।
ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨੁ, ਕਹਿ ਰਵਿਦਾਸ ਛੂਟਬੋ ਕਵਨ ਗੁਨ।[108]

3. ਯਹ ਤਨ ਹਸਤ ਖਸਤ ਖਰਾਬ, ਖਾਤਿਰ ਅੰਦੇਸਾ ਬਿਸਿਯਾਰ।।
'ਰਵਿਦਾਸ' ਦਾਸਹਿ ਬੋਲਿ ਸਾਹਿਬ, ਦੇਹਿ ਅਬ ਦੀਦਾਰ।।[109]

ਗੁਰੂ ਰਵਿਦਾਸ ਜੀ ਅਨੁਸਾਰ ਜੀਵ ਤਾਂ ਮਿੱਟੀ ਦਾ ਪੁਤਲਾ ਹੈ। ਜਿਉਂਦੇ ਜੀਅ, ਵੇਖਦਾ ਸੁਣਦਾ, ਬੋਲਦਾ ਤੇ ਭੌਂਜਿਆ ਫਿਰਦਾ ਹੈ। ਸੰਸਾਰਕ ਨਾਸ਼ਵਾਨ ਵਸਤਾਂ ਦੀ ਪ੍ਰਾਪਤੀ ਕਰਕੇ ਹੰਕਾਰ ਵਿਚ ਆ ਜਾਂਦਾ ਹੈ। ਪਰ ਜਦੋਂ ਉਹ ਨਾਸ਼ਵਾਨ ਧਨ ਗੁੰਮ ਹੋ ਜਾਂਦਾ ਹੈ, ਨਾਸ਼ ਹੋ ਜਾਂਦਾ ਹੈ ਤਾਂ ਰੋਂਦਾ ਹੈ। ਪਰ ਉਸਨੂੰ ਇਹ ਨਹੀਂ ਸੋਝੀ ਕਿ ਜਿਨ੍ਹਾਂ ਖਿਆਲਾਂ, ਬਚਨਾਂ ਅਤੇ ਅਮਲਾਂ ਕਰਕੇ ਉਹ ਸੰਸਾਰਕ ਮਿੱਠੇ ਤੇ ਸਲੂਣੇ ਸੁਆਦਾਂ ਵਿਚ ਪਿਆ ਹੋਇਆ ਹੈ ਇਹ ਸਭ ਕੁਝ ਭਰਮ ਹੈ, ਭੁਲੇਖਾ ਹੈ, ਨਾਸ਼ਵਾਨ ਹੈ। ਉਨ੍ਹਾਂ ਦੀ ਤਰ੍ਹਾਂ ਉਸਨੇ ਵੀ ਨਾਸ਼ਵਾਨ ਹੋਣਾ ਤੇ ਮਰਨਾ ਹੈ:–

ਮਾਟੀ ਕੋ ਪੁੱਤਰਾ ਕੈਸੇ ਨਚਤੁ ਹੈ।। ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ।।
।ਰਹਾਉ।।
ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ।।ਮਾਇਆ ਗਈ ਤਬ ਰੋਵਨੁ ਲਗਤੁ ਹੈ।।
ਮਨ ਬਚ ਕ੍ਰਮ ਰਸ ਕਸਹਿ ਲੁਭਾਨਾ।। ਬਿਨਸਿ ਗਇਆ ਜਾਇ ਕਹੂੰ ਸਮਾਨਾ।[110]

ਗੁਰੂ ਨਾਨਕ ਦੇਵ ਜੀ ਵੀ ਦੁਨੀਆਂ ਨੂੰ ਨਾਸ਼ਵਾਨ ਤੇ ਫਾਨੀ ਸਮਝਦੇ ਹਨ। ਮੌਤ ਦਾ ਫਰਿਸ਼ਤਾ ਹਮੇਸ਼ਾ ਸੰਸਾਰਕ ਜੀਵਾਂ ਦੇ ਸਿਰ ਤੇ ਖੜਾ ਹੈ। ਬਿਜਲੀ ਦੀ ਲਿਸ਼ਕ ਵਾਂਗ ਦੁਨੀਆਂ ਦੀ ਚਮਕ-ਦਮਕ ਨਾਸ਼ਵਾਨ ਹੈ। ਇਹ ਦੁਨੀਆਂ ਤਾਂ ਔਗ ਵਾਂਗ ਸਾੜਨ ਵਾਲੀ ਹੈ ਜਿਸ ਤੇ ਪਰਮਾਤਮਾ ਦਾ ਨਾਮ ਹੀ ਠੰਢ ਪਾ ਸਕਦਾ ਹੈ। ਇਹ ਜਗਤ ਤਾਂ ਪਰਮਾਤਮਾ ਦਾ ਤਮਾਸ਼ਾ ਹੀ ਹੈ:–

1. ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ॥
ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ॥ [111]
2. ਜਿਲਿਮਿਲ ਬਿਸੀਆਰ ਦੁਨੀਆ ਫਾਨੀ।
- - - - - - - - - - - - - -
ਆਤਸ ਦੁਨੀਆਂ, ਖੁਨਕ ਨਾਮੁ ਖੁਦਾਇਆ॥ [112]
3. ਸਭੋ ਵਰਤੈ ਚਲਤੁ, ਚਲਤੁ ਵਖਾਣਿਆ॥ [113]

ਗੁਰਬਾਣੀ ਅਨੁਸਾਰ ਜੋ ਕੁਝ ਵੀ ਦਿਸ ਰਿਹਾ ਹੈ, ਸਭ ਕੁਝ ਨਾਸ਼ਵਾਨ ਹੈ। ਇਹ ਸੰਸਾਰ ਤਾਂ ਮਿੱਟੀ ਦਾ ਬੁੱਤ ਹੈ। ਇਸ ਵਿਚ ਮਾਇਆ ਦੀ ਤ੍ਰਿਸ਼ਨਾ ਦਾ ਵੱਡਾ ਰੋਗ ਲੱਗਾ ਹੋਇਆ ਹੈ। ਇਸ ਜਗਤ ਵਿਚ ਇਕ ਕਰਤਾਰ ਹੀ ਸਦਾ ਥਿਰ ਰਹਿਣ ਵਾਲਾ ਹੈ ਹੋਰ ਬੇਅੰਤ ਸ੍ਰਿਸ਼ਟੀ ਜੰਮਦੀ ਮਰਦੀ ਰਹਿੰਦੀ ਹੈ:—

1. ਨਦਰੀ ਆਵਦਾ ਸਭੁ ਕਿਛੁ ਬਿਨਸੈ - - - - - - - ।
ਇਹ ਜਗਤੁ ਮਿਟੀ ਕਾ ਪੁਤਲਾ ਜੋਗੀ ਇਸੁ ਮਹਿ ਰੋਗੁ ਵਡਾ ਤ੍ਰਿਸਨਾ ਮਾਇਆ। [114]
2. ਅਸਥਿਰੁ ਕਰਤਾ ਦੇਖੀਐ ਹੋਰ ਕੇਤੀ ਆਵੈ ਜਾਇ॥ [115]
3. ਮੁਕਾਮੁ ਕਰਿ ਘਰਿ ਬੈਸਣਾ ਨਿਤ ਚਲਣੈ ਕੀ ਧੋਖ॥
ਮੁਕਾਮੁ ਤਾ ਪਰੁ ਜਾਣੀਐ ਜਾ ਰਹੈ ਨਿਹਚਲੁ ਲੋਕ॥
- - - - - - - - - - - - - - - - - - -
ਮੁਕਾਮੁ ਓਹੀ ਏਕ ਹੈ, ਨਾਨਕਾ ਸਚੁ ਬਗੋਇ॥ [115ੳ]

ਸ੍ਰੀ ਗੁਰੂ ਨਾਨਕ ਦੇਵ ਜੀ ਮਨੁੱਖ ਨੂੰ ਸਿੱਖਿਆ ਦਿੰਦੇ ਕਹਿੰਦੇ ਹਨ ਕਿ ਜਦੋਂ ਇਸ ਸੰਸਾਰ ਵਿਚ ਸਥਿਰ ਨਹੀਂ ਰਹਿਣਾ ਤਾਂ ਫਿਰ ਮਾਣ ਵੀ ਕਿਸ ਗੱਲ ਦਾ ਹੈ। ਪੀਰ, ਸ਼ੇਖ, ਰਾਇ, ਬਾਦਸ਼ਾਹ ਸੱਭ ਨਾਸ਼ਵਾਨ ਹਨ। ਇਕ ਪਰਮਾਤਮਾ ਹੀ ਸਥਿਰ ਹੈ:—

1. ਜਾ ਰਹਣਾ ਨਾਹੀ ਐਤੁ ਜਗਿ। ਕਾਇਤੁ ਗਾਰਬਿ ਹੰਢੀਐ॥ [116]
2. ਹਮ ਜੇਰ ਜਿਮੀ, ਦੁਨੀਆ ਪੀਰਾ ਮਸਾਇਕਾ ਰਾਇਆ॥
ਮੇਰਵਿਦ ਬਾਦਿਸਾਹਾ, ਅਫਜੂ ਖੁਦਾਇ॥ ਏਕ ਤੂਹੀ, ਏਕ ਤੂਹੀ॥ [117]

ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਇਹ ਜਗਤ ਧੂੰਏ ਦਾ ਚਿੱਟਾ ਮੰਦਰ ਹੈ। ਇਸ ਚਿੱਟੇ ਮੰਦਰ ਅੰਦਰ ਰਾਜ, ਧਨ, ਸੁੰਦਰਤਾ, ਜਾਤਿ ਤੇ ਜਵਾਨੀ ਪੰਜ ਠੱਗ ਹਨ। ਜਿਨ੍ਹਾਂ ਨੇ ਸੰਸਾਰਕ ਜੀਵਾਂ ਨੂੰ ਠਗਿਆ ਹੋਇਆ ਹੈ। ਕੋਈ ਵੀ ਇਨ੍ਹਾਂ ਤੋਂ ਆਪਣੀ ਇੱਜਤ

ਨਹੀਂ ਬਚਾ ਸਕਿਆ:—

1. ਢੰਢੋਲਿਸੁ ਢੂੰਢਿਸੁ ਡਿਠੁ ਮੈ, ਨਾਨਕ ਜਗੁ ਧੂਐ ਕਾ ਧਵਲਹਰੁ।।[118]
2. ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ।।
   ਏਨੀ ਠਗੀ ਜਗੁ ਠਗਿਆ, ਕਿਨੈ ਨ ਰਖੀ ਲਜ।।[119]

ਪੰਜਵੇਂ ਗੁਰੂ ਅਰਜਨ ਦੇਵ ਜੀ ਵੀ ਕਹਿੰਦੇ ਹਨ ਕਿ ਹੇ ਮਨੁੱਖ ਜੋ ਕੁੱਝ ਵੀ ਤੂੰ ਵੇਖਦਾ ਹੈਂ, ਨਾਸ਼ਵੰਤ ਹੈ। ਪਰ ਤੂੰ ਇਸਦੇ ਲਾਲਚ ਵਿਚ ਪਰਮਾਤਮਾ ਨੂੰ ਭੁਲਿਆ ਹੋਇਆ ਹੈਂ:—

ਬੰਦੇ ਚਸਮ ਦੀਦੰ ਫਨਾਇ।। ਦੁਨੀਆ ਮੁਰਦਾਰ ਖੁਰਦਨੀ ਗਾਫਲ ਹਵਾਇ।।[120]

ਗੁਰੂ ਜੀ ਦਾ ਦ੍ਰਿੜ ਵਿਸ਼ਵਾਸ ਹੈ ਕਿ ਜੋ ਵੀ ਪੈਦਾ ਹੋਇਆ ਹੈ, ਉਸਨੇ ਨਾਸ਼ ਜਰੂਰ ਹੋਣਾ ਹੈ। ਸੁਲਤਾਨ, ਖਾਨ, ਬਾਦਸ਼ਾਹ, ਪਰਜਾ, ਚੌਧਰੀ, ਕਾਜੀ, ਸ਼ੇਖ, ਫਕੀਰ, ਸਾਰੇ ਹੀ ਕਾਲ ਦੇ ਅਧੀਨ ਹਨ:—

ਜੋ ਉਪਜੈ ਸੋ ਕਾਲਿ ਸੰਘਾਰਿਆ - - - - - - - - - -
ਸੁਲਤਾਨ ਖਾਨ ਬਾਦਿਸ਼ਾਹ ਨਹੀਂ ਰਹਨਾ।। ਨਾਮਹੁ ਭੂਲੈ ਜਮ ਕਾ ਦੁਖੁ ਸਹਨਾ।
- - - - - - - - - - - - - - - - - - - - - - - - - - - - -
ਕਾਜੀ ਸੇਖ ਭੇਖ ਫਕੀਰਾ।। ਵਡੇ ਕਹਾਵਹਿ ਹਉਮੈ ਤਨਿ ਪੀਰਾ।।
ਕਾਲੁ ਨ ਛੋਡੈ ਬਿਨੁ ਸਤਿਗੁਰ ਕੀ ਧੀਰਾ।।[121]

ਨੌਵੇਂ ਗੁਰੂ ਤੇਗ ਬਹਾਦਰ ਜੀ ਮਨੁੱਖ ਨੂੰ ਸਮਝਾਉਂਦੇ ਹੋਏ ਲਿਖਦੇ ਹਨ ਕਿ ਇਹ ਜਗਤ ਸੁਪਨੇ ਵਿਚ ਮਿਲੇ ਧਨ ਦੇ ਬਰਾਬਰ ਹੈ। ਕੋਈ ਵੀ ਚੀਜ਼ ਅੰਤ ਸਮੇਂ ਨਾਲ ਨਹੀਂ ਜਾਣੀ। ਜੀਵ ਐਵੇਂ ਹੀ ਅਹੰਕਾਰ ਕਰੀ ਫਿਰਦਾ ਹੈ:—

ਇਹ ਜਗੁ ਹੈ ਸੰਪਤਿ ਸੁਪਨੇ ਕੀ ਦੇਖਿ ਕਹਾ ਐਡਾਨੋ।।
ਸੰਗਿ ਤਿਹਾਰੈ ਕਛੂ ਨ ਚਾਲੈ ਤਾਹਿ ਕਹਾ ਲਪਟਾਨੋ।।[122]

ਉਹ ਵੀ ਸੰਸਾਰ ਨੂੰ ਧੂੰਏ ਦਾ ਪਹਾੜ ਆਖਦੇ ਹਨ। ਜਿਸ ਨੂੰ ਇਕ ਹਵਾ ਦਾ ਬੁੱਲਾ ਉਡਾ ਕੇ ਲੈ ਜਾਂਦਾ ਹੈ। ਇਸੇ ਕਰਕੇ ਗੁਰੂ ਜੀ ਮਨੁੱਖ ਨੂੰ ਇਸ ਸੰਸਾਰ ਨੂੰ ਸੁਪਨੇ ਦੇ ਸਮਾਨ ਸਮਝ ਕੇ ਪ੍ਰਭੂ ਸਿਮਰਨ ਲਈ ਪ੍ਰੇਰਦੇ ਹਨ:—

ਇਹ ਜਗੁ ਧੂਏ ਕਾ ਪਹਾਰ - - - - - - - - - - -।
ਕਹਾ ਭੂਲਿਓ ਰੇ ਝੂਠੇ ਲੋਭ ਲਾਗ।। ਕਛੂ ਬਿਗਰਿਓ ਨਾਹਿਨ ਅਜਹੁ ਜਾਗ।ਰਹਾਉ।
ਸਮ ਸੁਪਨੇ ਕੈ ਇਹੁ ਜਗੁ ਜਾਨੁ।। ਬਿਨਸੈ ਛਿਨ ਮਹਿ ਸਾਚੀ ਮਾਨੁ।।[123]

ਕਿਉਂ ਕਿ ਇਹ ਸਭ ਕੁਝ ਉਸ ਪ੍ਰਭੂ ਦੇ ਅਧੀਨ ਹੈ। ਉਹ ਪ੍ਰਭੂ ਹੀ ਸਦਾ ਥਿਰ ਰਹਿਣ ਵਾਲਾ ਹੈ, ਸਦਾ ਅਟੱਲ ਰਹਿਣ ਵਾਲਾ ਹੈ। ਉਸ ਨੇ ਹੀ ਇਹ ਸਾਰੀ ਰਚਨਾ ਰਚੀ ਹੈ। ਉਸਨੇ ਹੀ ਮੁੜ ਨਾਸ਼ ਕੀਤਾ ਹੈ ਤੇ ਕਰਦਾ ਹੈ:-

ਸਾਚਾ ਸਚੁ ਸੋਈ ਅਵਰੁ ਨ ਕੋਈ।
ਜਿਨਿ ਸਿਰਜੀ ਤਿਨ ਹੀ ਫੁਨਿ ਗੋਈ।।[124]

## ਜਗਤ ਮਿਥਿਆ ਹੈ

ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਥਾਂ ਪੁਰ ਥਾਂ ਜਗਤ ਨੂੰ ਮਿਥਿਆ ਆਖਿਆ ਹੈ। ਗੁਰੂ ਰਵਿਦਾਸ ਜੀ ਅਨੁਸਾਰ ਇਹ ਜਗਤ ਮਿਥਿਆ ਅਥਵਾ ਝੂਠਾ ਹੈ ਕਿਉਂ ਕਿ ਇਹ ਮਾਇਆ ਦੇ ਪ੍ਰਭਾਵ ਅਧੀਨ ਹੈ। ਇਹ ਸੰਸਾਰ ਕਿਸੇ ਦਾ ਨਹੀਂ। ਇਹ ਤਾਂ ਦਰਖਤ ਤੇ ਪੰਛੀ ਦੇ ਬਸੇਰੇ ਦੇ ਸਮਾਨ ਹੈ। ਸੰਸਾਰਕ ਰਿਸ਼ਤੇ-ਨਾਤੇ, ਵਰਤ-ਵਰਤਾਰਾ, ਮੋਹ-ਮਾਇਆ, ਸੰਸਾਰਕ ਬੰਧਨ ਸਭ ਝੂਠੇ ਹਨ। ਇਥੋਂ ਤੱਕ ਕਿ ਮਨੁੱਖ ਦੇ ਮਰਨ ਤੇ ਉਸਦੇ ਨਜ਼ਦੀਕੀ ਰਿਸ਼ਤੇਦਾਰ ਭਾਈ, ਬੰਧੂ, ਪੁੱਤਰ, ਧੀ ਆਦਿ ਸਾਰੇ ਉਸ ਤੋਂ ਦੂਰ ਭੱਜਦੇ ਹਨ ਤੇ ਉਸ ਮੁਰਦਾ ਸਰੀਰ ਨੂੰ ਘਰੋਂ ਛੇਤੀ ਕੱਢਣ ਦੀਆਂ ਤਿਆਰੀਆਂ ਕਰਦੇ ਹਨ। ਹਮੇਸ਼ਾ ਸਾਥ ਦੇਣ ਤੇ ਤਨ ਨਾਲ ਲੱਗਣ ਵਾਲੀ ਇਸਤ੍ਰੀ ਵੀ ਉਸ ਨੂੰ ਭੂਤ ਸਮਝ ਕੇ ਦੂਰ ਭੱਜਦੀ ਹੈ:-

1. ਪ੍ਰਾਨੀ ਕਿਆ ਮੇਰਾ ਕਿਆ ਤੇਰਾ, ਜੈਸੇ ਤਰਵਰ ਪੰਖਿ ਬਸੇਰਾ।।[125]
2. ਏ ਸਭ ਸੰਗੀ ਦਿਵਸ ਚਚਾਰ ਕੇ।। ਧਨ, ਦਾਰਾ ਸੁਤਪਿਤ ਮਾਤ ਰੇ।
   ਬਿਛੁਰੇ ਮਿਲਨ ਬਹੁਰਿ ਨਹ ਹ੍ਵੈ ਹੋ, ਜਯੋਂ ਤਰਵਰ ਛਿਨ ਪਾਤ ਰੇ।।[126]
3. ਭਾਈ ਬੰਧ ਕੁਟੰਬ ਸਹੇਰਾ। ਓਇ ਭੀ ਲਾਗੇ ਕਾਢੁ ਸਵੇਰਾ।
   ਘਰ ਕੀ ਨਾਰਿ ਉਰਹਿ ਤਨ ਲਾਗੀ, ਉਹ ਤਉ ਭੂਤ ਭੂਤ ਕਰ ਭਾਗੀ।।[127]

ਗੁਰੂ ਰਵਿਦਾਸ ਜੀ ਇਸ ਜਗਤ ਰਚਨਾ ਨੂੰ ਬਾਜੀਗਰ ਦੀ ਬਾਜੀ ਦੇ ਬਰਾਬਰ ਸਮਝਦੇ ਹਨ। ਜੋ ਮਨੁੱਖ ਦਾ ਮਨ ਪਤਿਆਉਣ ਲਈ ਹੈ। ਇਹ ਸੰਸਾਰਕ ਬਾਜੀ ਜਾਂ

ਤਮਾਸ਼ਾ ਝੂਠਾ ਹੈ। ਬਾਜੀਗਰ ਪਰਮਾਤਮਾ ਹੀ ਸੱਚਾ ਹੈ। ਆਪਣੀ ਬਾਜੀ ਨੂੰ ਉਹ ਆਪ ਹੀ ਜਾਣ ਸਕਦਾ ਹੈ। ਜੀਵ ਲਈ ਇਸ ਮਿਥਿਆ ਜਗ ਨੂੰ ਸਮਝਣਾ ਬਹੁਤ ਔਖਾ ਹੈ। ਕਿਉਂਕਿ ਸਾਰਿਆਂ ਦੇ ਸਿਰ ਤੇ ਕਾਲ ਦਾ ਪਹਿਰਾ ਹੈ:-

1. ਬਾਜੀਗਰ ਸੂੰ ਰਾਚਿ ਰਹੀਏ, ਬਾਜੀ ਕੂੰ ਮਰਮ ਇਹਿ ਜਾਨਾ।
   ਬਾਜੀ ਝੂਠ ਸਾਚ ਬਾਜੀਗਰ, ਜਾਨਾ ਮਨ ਪਤਿਆਨਾ।।[128]
2. ਜਗ ਆਪਾ ਸਮੁਝਹਿ ਨਹਿੰ, ਮਿਥਯਾ ਮਹਿ ਨਿਦਿ-ਧਿਯਾਸ।[129]
3. ਪੁਤ੍ਰ, ਬਨਿਤ ਕੁਲਾ ਬੰਧ ਤੇ ਭਾਰਜਯਾ, ਭਖੈ ਦਸੋ ਦਿਸਾ ਸਿਰਿ ਕਾਲ ਲਾਗਾ।[13]

ਰਾਮ ਨਾਮ ਨੂੰ ਛੱਡ ਕੇ ਜੀਵ ਕਿਉਂਕਿ ਮਾਇਆ ਰੂਪੀ ਜ਼ਹਿਰ ਦਾ ਵਾਪਾਰ ਕਰਦਾ ਹੈ। ਇਸ ਲਈ ਵੀ ਇਹ ਸੰਸਾਰ ਮਿਥਿਆ ਹੈ। ਇਹ ਝੂਠਾ ਸੰਸਾਰ ਕਾਲ ਦੁਆਰਾ ਗ੍ਰਸਿਆ ਹੋਇਆ ਹੈ। ਮਨੁੱਖ ਇਸ ਜਗਤ ਵਿਚ ਕਾਲ ਦੇ ਦੌਰੇ ਤੇ ਆਇਆ ਹੋਇਆ ਹੈ:-

ਕਾਲ ਦੇ ਦੌਰੇ ਆਇਰੁ ਜੀਵਨ।
ਨਾਮ ਅਮੀਰਸ ਵਿਰਲੇ ਪੀਵਨ।।[131]

ਮਨੁੱਖ ਮਾਇਆ ਦੇ ਨਸ਼ੇ ਵਿਚ ਸੁੱਤਾ ਪਿਆ ਹੈ। ਝੂਠਾ ਜੀਵਨ ਸੱਚ ਸਮਝ ਬੈਠਦਾ ਹੈ। ਪਰ ਇਸਨੂੰ ਇਸ ਗੱਲ ਦੀ ਸੋਝੀ ਨਹੀਂ ਕਿ ਇਹ ਜਗਤ ਸਥਿਰ ਨਹੀਂ। ਇਥੋਂ ਇਕ ਨਾ ਇਕ ਦਿਨ ਕੂਚ ਕਰਨਾ ਹੀ ਪੈਣਾ ਹੈ। ਜੀਵ ਝੂਠਾ ਸੰਸਾਰਕ ਵਪਾਰ ਕਰਦਾ ਹੀ ਤੁਰ ਜਾਂਦਾ ਹੈ। ਸ੍ਰੀ ਗੁਰੂ ਰਵਿਦਾਸ ਜੀ ਨੂੰ ਇਸ ਭਵ ਸਾਗਰ ਵਿਚ ਸਾਰਾ ਸੰਸਾਰ ਮਿਥਿਆ ਜਾਪਦਾ ਹੈ। ਉਹ ਇਸ ਭਵਸਾਗਰ ਨੂੰ ਪਾਰ ਕਰਨ ਲਈ ਸੋਚਵਾਨ ਹਨ:-

1. ਕਾ ਤੂ ਸੋਵੈ ਜਾਗ ਦਿਵਾਨਾ। ਝੂਠਾ ਜੀਵਨ ਸਾਚਿ ਕਰਿ ਜਾਨਾ।।
   ਜੋ ਦਿਨ ਆਵੈ ਸੋ ਦੁਖ ਮੈਂ ਜਾਹੀ। ਕੀਜੈ ਕੂਚ ਰਹਯਾ ਸਚੁ ਨਾਹੀਂ।[132]
2. ਜੋਈ ਜੋਈ ਜੋਰਿਓ ਸੋਈ ਸੋਈ ਫਾਟਿਓ।। ਝੂਠੈ ਬਨਜਿ ਉਠਿ ਹੀ ਗਈ ਹਾਟਿਓ।।[133]
3. ਅਵਰ ਸਕਲ ਜੰਜਾਲ, ਭੌਸਾਗਰ ਜਮ ਲੋਕ ਮਹਾਂ।
   ਮਿਥਯਾ ਸਭ ਸੰਸਾਰ, ਮੋਹਿ ਕੌਨ ਉਤਾਰੈ ਪਾਰ। ਇਹੈ ਗੁਨ ਹੌਂ ਪਛੋ।[134]

ਇਹ ਸੰਸਾਰ ਕਿਉਂਕਿ ਮਿਥਿਆ ਹੈ, ਮਾਇਆ ਦਾ ਫੰਦਾ ਹੈ। ਜੀਵ ਨੂੰ ਚਾਹੀਦਾ ਹੈ ਇਸ ਨੂੰ ਛੱਡ ਕੇ ਸੱਤ-ਸਰੂਪ ਪਰਮਾਤਮਾ ਵਿਚ ਮਨ ਜੋੜੇ। ਸੰਸਾਰਕ ਭੇਖ ਝੂਠਾ ਹੈ।

ਮਨੁੱਖ ਲਈ ਇਹ ਝੂਠਾ ਸੰਸਾਰ ਤਾਂ ਹੀ ਸੱਚ ਹੋ ਸਕਦਾ ਹੈ ਜੇ ਉਹ ਹਰੀ ਦੀ ਸ਼ਰਨ ਵਿਚ ਆਵੇਗਾ:—

1. ਮਿਥਯਾ ਜਗ ਮਾਯਾ ਤਜਿ ਦੀਨੀ, ਸੱਤ ਰੂਪ ਮਨੁ ਧਰਿ ਹੈਂ।
   ਜੋ ਦੀਸੈ ਸਭੁ ਮਾਯਾ ਫੰਦਾ, ਤਾਕਿ ਜੇਵਰਿ ਕਤਰਿ ਹੈਂ।[135]
2. ਮਾਲਾ ਨਾਮ ਜਪੈਂ ਜਗ ਛਲਕੇ, ਝੂਠੇ ਭੇਖ ਬਨੈ ਹੈ।
   ਝੂਠੇ ਤੈਂ ਸਾਚਿ ਤਬ ਹੋਇ ਹੈ, ਹਰਿ ਕੀ ਸਰਨ ਜਬ ਐਹੈ।।[136]

ਗੁਰੂ ਨਾਨਕ ਦੇਵ ਜੀ ਨੇ ਵੀ ਆਪਣੀ ਬਾਣੀ ਵਿਚ ਜਗਤ ਨੂੰ ਮਿਥਿਆ ਕਿਹਾ ਹੈ। ਉਨ੍ਹਾਂ ਅਨੁਸਾਰ ਜਗਤ ਨਾਸ਼ਵਾਨ ਹੋਣ ਕਰਕੇ ਝੂਠਾ ਹੈ। ਰਾਜਾ, ਪਰਜਾ, ਮੰਡਪ ਮਾੜੀਆਂ, ਇਨ੍ਹਾਂ ਚ ਨਿਵਾਸ ਕਰਨ ਵਾਲੇ, ਸੋਨੇ, ਚਾਂਦੀ ਦੇ ਗਹਿਣੇ ਪਹਿਨਣ ਵਾਲੇ, ਕਾਇਆ, ਕੱਪੜ, ਰੂਪ ਸਭ ਝੂਠ ਹੈ। ਪਤੀ-ਪਤਨੀ ਦਾ ਪਿਆਰ ਵੀ ਝੂਠਾ ਹੈ। ਜਦੋਂ ਸਾਰਾ ਸੰਸਾਰ ਹੀ ਨਾਸ਼ਵੰਤ ਹੈ ਤਾਂ ਫਿਰ ਕਿਸੇ ਸੰਸਾਰਕ ਜੀਵ ਨਾਲ ਦੋਸਤੀ ਵੀ ਝੂਠ ਹੀ ਹੈ। ਪ੍ਰਭੂ ਤੋਂ ਬਿਨ੍ਹਾਂ ਸਭ ਝੂਠ ਦਾ ਹੀ ਪਸਾਰਾ ਹੈ:—

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰ।। ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ।।
ਕੂੜੁ ਸੁਇਨਾ ਕੂੜੁ ਰੂਪਾ।। ਕੂੜੁ ਪੈਨ੍ਹਣਹਾਰ।। ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ।।
ਕੂੜੁ ਮੀਆ ਕੂੜੁ ਬੀਬੀ ਖਪਿ ਖਪਿ ਹੋਏ ਖਾਰੁ।। ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ।।
ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ।। - - - - - - - - - -
- - - - - - - - - ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ।।੧।।[137]

ਗੁਰੂ ਜੀ ਇਸ ਵਿਚਾਰ ਨੂੰ ਸਪੱਸ਼ਟ ਕਰਦੇ ਹੋਏ ਲਿਖਦੇ ਹਨ ਕਿ ਸਤ ਸਰੂਪ ਪਰਮਾਤਮਾ ਤੋਂ ਬਿਨਾਂ ਸੰਸਾਰਕ ਕਾਰ ਵਿਹਾਰ ਤੇ ਧੰਦੇ ਸਭ ਝੂਠ ਹਨ। ਜੀਵ ਇਸ ਸੰਸਾਰਕ ਕੂੜ ਵਿਚ ਫਸ ਕੇ ਪ੍ਰਭੂ ਨੂੰ ਭੁੱਲ ਜਾਂਦਾ ਹੈ। ਜਿਸ ਕਰਕੇ ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ:—

ਵਿਣੁ ਸਚੇ ਸਭੁ ਕੂੜੁ, ਕੂੜੁ ਕਮਾਈਐ।। ਵਿਣੁ ਸਚੇ ਕੂੜਿਆਰੁ ਬੰਨਿ ਚਲਾਈਐ।।

- - - - - - - - - - - - - - - - - - - - - - - - -

ਵਿਣੁ ਸਚੇ, ਦਰਬਾਰੁ ਕੂੜਿ ਨ ਪਾਈਐ।। ਕੂੜੇ ਲਾਲਚਿ ਲਗਿ, ਮਹਲੁ ਖੁਆਈਐ।[138]

ਇਸੇ ਕਰਕੇ ਗੁਰੂ ਨਾਨਕ ਦੇਵ ਜੀ ਜੀਵ ਨੂੰ ਉਪਦੇਸ਼ ਕਰਦੇ ਹਨ ਕਿ ਇਸ ਤ੍ਰਿਸ਼ਨਾ ਨੂੰ ਮਾਰ ਕੇ ਜੀਉ ਤਾਂ ਕਿ ਪਛਤਾਣਾ ਨਾ ਪਵੇ। ਕੋਈ ਵਿਰਲਾ ਹੀ ਇਸ ਗੱਲ ਦੀ ਸੋਝੀ ਪ੍ਰਾਪਤ ਕਰਦਾ ਹੈ ਕਿ ਇਹ ਸੰਸਾਰ ਝੂਠਾ ਹੈ। ਆਮ ਜੀਵ ਜਗਤ ਦੇ ਧੰਦਿਆਂ ਵਿਚ ਭਟਕਦਾ ਫਿਰਦਾ ਹੈ ਤੇ ਸੱਤ-ਸਰੂਪ ਪ੍ਰਭੂ ਨਾਲ ਪਿਆਰ ਨਹੀਂ ਪਾਉਂਦਾ। ਕਿਉਂ ਕਿ ਇਸ ਜਗਤ ਦੇ ਹਿਤ ਦੀ ਚਤੁਰਾਈ ਵੀ ਝੂਠੀ ਹੈ ਜਿਸ ਨੂੰ ਨਸ਼ਟ ਹੁੰਦਿਆਂ ਦੇਰ ਨਹੀਂ ਲੱਗਦੀ:-

1. ਜੀਵਦਿਆ ਮਰੁ ਮਾਰਿ ਨ ਪਛੋਤਾਈਐ।। ਝੂਠਾ ਇਹੁ ਸੰਸਾਰੁ, ਕਿਨਿ ਸਮਝਾਈਐ।
   ਸਚਿ ਨ ਧਰੇ ਪਿਆਰ ਧੰਧੈ ਧਾਈਐ।।[139]
2. ਝੂਠੀ ਜਗ ਹਿਤ ਕੀ ਚਤੁਰਾਈ।। ਬਿਲਮ ਨ ਲਾਗੈ ਆਵੈ ਜਾਈ।।[140]

ਪ੍ਰਭੂ ਦੀ ਰਜ਼ਾ ਵਿਚ ਤੁਰਨ ਤੋਂ ਬਿਨ੍ਹਾਂ ਸਾਜਿੰਦੇ ਸਾਜ਼ ਵਜਾਉਂਦੇ ਹਨ, ਤੀਰਥਾਂ ਦੇ ਇਸ਼ਨਾਨ, ਪਿੰਡੇ ਤੇ ਬਿਭੂਤੀ ਮਲਣੀ, ਨਾਦ-ਵਜਾਉਣੇ, ਸ਼ੇਖ ਤੇ ਮੁੱਲਾਂ ਅਖਵਾਉਣਾ, ਰਾਜੇ ਬਣਨਾ, ਸੁਆਦੀ ਭੋਜਨ ਖਾਣਾ, ਤਲਵਾਰ ਚਲਾਉਣਾ ਆਦਿ ਸਭ ਕੁਝ ਕੂੜ ਹੀ ਕੂੜ ਹੈ। ਹਰੀ ਤੋਂ ਬਿਨ੍ਹਾਂ ਬਾਕੀ ਸਾਰੀ ਰਾਸਿ ਕੂੜ ਹੈ ਜੋ ਨਾਲ ਨਹੀਂ ਜਾਣੀ:-

1. ਤੁਧੁ ਭਾਵੈ ਤਾ ਵਾਵਹਿ ਗਾਵਹਿ, ਤੁਧੁ ਭਾਵੈ ਜਲਿ ਨਾਵਹਿ।।
   ਜਾ ਤੁਧੁ ਭਾਵਹਿ ਤਾ ਕਰਹਿ ਬਿਭੂਤਾ, ਸਿੰਙੀ ਨਾਦੁ ਵਜਾਵਹਿ।।
   - - - - - - - - - - - - - - - - - - - - - -
   ਨਾਨਕੁ ਏਕ ਕਹੈ ਬੇਨੰਤੀ, ਹੋਰਿ ਸਗਲੇ ਕੂੜੁ ਕਮਾਵਹਿ।।[141]
2. ਹਰਿ ਬਿਨੁ ਹੋਰੁ ਰਾਸਿ ਕੂੜੀ ਹੈ। ਚਲਦਿਆ ਨਾਲਿ ਨ ਜਾਈ।।[142]

ਪੰਜਵੇਂ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਸਰੀਰ, ਧਨ, ਪਰਵਾਰ, ਮਾਇਆ, ਰਾਜ, ਜੁਆਨੀ, ਧਨ, ਮਾਲ, ਰਥ, ਹਾਥੀ, ਘੋੜੇ ਆਦਿ ਸਭ ਨਾਸ਼ਵੰਤ ਹਨ। ਇਸ ਲਈ ਇਨ੍ਹਾਂ ਦੀ ਮਾਲਕੀ ਤੇ ਪਿਆਰ ਵੀ ਝੂਠਾ ਹੈ:-

ਮਿਥਿਆ ਤਨੁ ਧਨੁ ਕੁਟੰਬੁ ਸਬਾਇਆ।। ਮਿਥਿਆ ਹਉਮੈ ਮਮਤਾ ਮਾਇਆ।।
ਮਿਥਿਆ ਰਾਜ ਜੋਬਨ ਧਨ ਮਾਲ।। ਮਿਥਿਆ ਕਾਮ ਕ੍ਰੋਧ ਬਿਕਰਾਲ।।

ਮਿਥਿਆ ਰਥ ਹਸਤੀ ਅਸ੍ਵ ਬਸਤ੍ਰਾ।। ਮਿਥਿਆ ਰੰਗ ਸੰਗਿ ਮਾਇਆ ਪੇਖਿ ਹਸਤਾ।।
ਮਿਥਿਆ ਧ੍ਰੋਹ ਮੋਹ ਅਭਿਮਾਨੁ।। ਮਿਥਿਆ ਆਪਸ ਊਪਰਿ ਕਰਤ ਗੁਮਾਨੁ।।[143]

ਇਹ ਸੰਸਾਰ ਝੂਠ ਦਾ ਪਸਾਰਾ ਹੈ ਜੋ ਇਸ ਵਿਚ ਪੈਦਾ ਹੋਇਆ ਹੈ ਉਸ ਨੇ ਨਾਸ਼ ਜ਼ਰੂਰ ਹੋਣਾ ਹੈ:-

ਬਾਬਾ ਆਇਆ ਹੈ ਉਠਿ ਚਲਣਾ।
ਇਹੁ ਜਗੁ ਝੂਠੁ ਪਸਾਰੋਵਾ।।[144]

ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇਵ ਜੀ ਦੋਹਾਂ ਅਨੁਸਾਰ ਇਹ ਸੰਸਾਰ ਕੱਜਲ ਦੀ ਕੋਠੜੀ ਹੈ। ਮਾਇਆ ਰੂਪੀ ਕਾਲਖ ਜੀਵ ਨੂੰ ਚੰਮੜੀ ਹੋਈ ਹੈ। ਜੋ ਵੀ ਇਸਦੇ ਮੋਹ ਵਿਚ ਫਸ ਜਾਂਦਾ ਹੈ ਉਸ ਦਾ ਤਨ, ਮਨ ਤੇ ਸਰੀਰ ਸਭ ਸੁਆਹ ਹੋ ਜਾਂਦਾ ਹੈ। ਗੁਰੂ ਦੀ ਕ੍ਰਿਪਾ ਨਾਲ ਇਸ ਤ੍ਰਿਸ਼ਨਾ ਦੀ ਅੱਗ ਤੋਂ ਬਚਿਆ ਜਾ ਸਕਦਾ ਹੈ:-

1. ਜਗੁ ਸੰਸਾਰ ਕਜਲਿ ਕੀ ਕੋਠਰੀ, ਅਰੁ ਵਿਖਹਉ ਰਾ ਸੂਵਾ।
   ਕਹਿ ਰਵਿਦਾਸ ਹੋਮੈ ਜਗ ਖਾਯਾ, ਨਲਿਨੀ ਭੂ ਸੂਵਾ।।[145]
2. ਹਉਮੈ ਕਰਿ ਕਰਿ ਜਾਇਸੀ ਜੋ ਆਇਆ ਜਗ ਮਾਹਿ।।
   ਸਭੁ ਜਗੁ ਕਾਜਲ ਕੋਠੜੀ ਤਨੁ ਮਨੁ ਦੇਹ ਸੁਆਹਿ।।
   ਗੁਰਿ ਰਾਖੇ ਸੇ ਨਿਰਮਲੇ ਸਬਦਿ ਨਿਵਾਰੀ ਭਾਹਿ।।[146]

ਗੁਰੂ ਨਾਨਕ ਦੇਵ ਜੀਨੂੰਤਾਂ ਇਹ ਦੁਨੀਆਂ ਅੱਗ ਵਾਂਗ ਹੈ। ਜਿਸ ਵਿਚ ਪਰਮਾਤਮਾ ਦਾ ਨਾਮ ਹੀ ਠੰਢ ਪਾ ਸਕਦਾ ਹੈ:-

ਆਤਸ ਦੁਨੀਆ, ਖੁਨਕ ਨਾਮੁ ਖੁਦਾਇਆ।।[147]

ਇਹ ਸਾਰਾ ਸੰਸਾਰ ਵਿਸ਼ ਭਰਿਆ ਅਤੇ ਵਿਅਰਥ ਹੈ। ਇਹ ਵਿਸ਼੍ਵਆ-ਵਣ ਹੈ। ਮਨੁੱਖ ਵਿਸ਼ੇ ਵਿਕਾਰਾਂ ਵਿਚ ਫਸਿਆ ਤ੍ਰਿਵਿਧ ਤਾਪ ਵਿਚ ਤਪਦਾ ਹੈ। ਖੋਟੀ ਪੂੰਜੀ ਦੀ ਤਰ੍ਹਾਂ ਇਸ ਦਾ ਸਾਰਾ ਵਪਾਰ ਝੂਠਾ ਹੈ। ਇਸ ਝੂਠੇ ਵਪਾਰ ਦਾ ਵਪਾਰ ਕਰਦਾ ਜੀਵ ਪ੍ਰਭੂ ਨੂੰ ਵੀ ਭੁੱਲ ਬੈਠਦਾ ਹੈ। ਪਰ ਇਸ ਗੱਲ ਦੀ ਕਿਸੇ ਵਿਰਲੇ ਵਿਅਕਤੀ ਨੂੰ ਹੀ ਸਮਝ ਆਉਂਦੀ ਹੈ ਕਿ ਇਹ ਸੰਸਾਰ ਮਿਥਿਆ ਹੈ। ਇਸ ਦੇ ਸਿਰ ਤੇ ਕਾਲ ਦਾ ਡੰਡਾ ਹਮੇਸ਼ਾ ਖੜਾ ਹੈ ਅਤੇ ਸਾਰਾ ਸੰਸਾਰ ਕਾਲ ਦਾ ਬੰਨ੍ਹਿਆ ਹੋਇਆ ਹੈ। ਜੀਵ ਹਉਮੈਂ ਵਿਚ ਗ੍ਰਸਿਆ ਸੱਤ ਤੋਂ

ਦੂਰ ਭੱਜਦਾ ਹੈ:--

1. ਯਹੁ ਸੰਸਾਰ ਸਘਨ ਬਨ ਬਿਖੁ ਕੋ। ਤਾ ਮੈਂ ਬਹੁ ਦੁਖ ਦੈਂਦ ਬਿਯਾਲਾਈ।।[148]
2. ਭਈ ਅਤਿ ਛੀਨ ਖੇਦ ਮਾਇਆ ਬਸ, ਜਸ ਤਿਸ ਤਾਪ ਹੈ ਤੇ ਠਸ।
   ਦਵਾਰੈ ਨੰਦ ਸਾ ਬਿਕਟ ਵਿਸ ਕਾਰਨ, ਭੂਲ ਪਰਿਤ ਮਨ ਯਾ ਵਿਸ਼ਿਆਬਨ।[149]
3. ਮੈਂ ਮੇਰੀ ਛੂਟਇ ਨਹਿੰ ਕਬਹੂੰ, ਮੈਮਿੰਤਾ ਮਦੁ ਬੋਧੰਯੋ।
   ਲੋਭ ਮੋਹ ਮਹਿ ਰਹਯੋ ਰੁਝਾਨੋ, ਨਿਤ ਵਿਸ਼ਯਾ ਰਸ ਗੀਝਯੋ।।[150]
4. ਭਾਵ ਭਗਤਿ ਹਿਰਦੈ ਨਹਿੰ ਆਸੀ, ਵਿਸ਼ਯ ਲਾਗੀ ਸੁਖ ਪਾਸੀ।।[151]
5. ਵਿਸ਼ਯਨ ਰਤੁ ਸੀਮਾ ਭ੍ਰਮ ਅਟਕਯੋ, ਭੰਵਰ ਫੰਦ ਮਹਂ ਰਹਿਏ।
   ਜਗ ਮਹਿ ਰਹਹੁ ਕੰਵਲ ਜਲ ਜਇਸੈ, ਦੂਰ ਚਰਨਾਂ ਚਿਤ ਰਹਿਏ।।[152]

ਗੁਰੂ ਨਾਨਕ ਦੇਵ ਜੀ ਅਨੁਸਾਰ:--

1. ਇਹ ਸੰਸਾਰ ਬਿਖੁ ਵਤ ਅਤਿ ਭਉਜਲੁ।।[153]

ਮੋਹ ਦੇ ਜਾਲ ਵਿਚ ਫਸ ਕੇ ਜੀਵ ਜੋ ਕੁਝ ਖਾਂਦਾ, ਬੋਲਦਾ, ਕਰਦਾ-ਕਮਾਉਂਦਾ, ਸਭ ਕੁਝ ਜ਼ਹਰ ਹੀ ਹੈ। ਅਜਿਹੇ ਜੀਵ ਜਮਰਾਜ ਦੇ ਬੂਹੇ ਤੇ ਬੱਧੇ ਹੋਏ ਮਾਰ ਖਾਂਦੇ ਹਨ। ਪਰਮਾਤਮਾ ਦਾ ਨਾਮ ਹੀ ਆਤਮਕ ਜੀਵਨ ਦੇਣ ਵਾਲਾ ਐਸਾ ਪਵਿਤ੍ਰ ਜਲ ਹੈ। ਜਿਸ ਦੀ ਬਰਕਤ ਨਾਲ ਮਨੁੱਖੀ ਮਨ ਵਿਚੋਂ ਸੰਸਾਰਕ ਵਿਸ਼ੇ ਵਿਕਾਰਾਂ ਦਾ ਸਾਰਾ ਜ਼ਹਿਰ ਧੋਇਆ ਜਾਂਦਾ ਹੈ:--

1. ਬਿਖੁ ਖਾਣਾ ਬਿਖੁ ਬੋਲਣਾ ਬਿਖੁ ਕੀ ਕਾਰ ਕਮਾਇ।।
   ਜਮ ਦਰ ਬਾਧੇ ਮਾਰੀਅਹਿ ਛੂਟਸਿ ਸਾਚੈ ਨਾਇ।।[154]
2. ਨਾਇ ਤੇਰੈ ਸਹਜੁ ਨਾਇ ਸਾਲਾਹ।
   ਨਾਉ ਤੇਰਾ ਅੰਮ੍ਰਿਤ ਬਿਖੁ ਉਠਿ ਜਾਇ।।[155]

ਇਹ ਸਾਰਾ ਜਗਤ ਵਿਕਾਰ ਹੀ ਵਿਕਾਰ ਹੈ। ਇਸ ਵਿਕਾਰ ਦੀ ਦਵਾਈ ਪ੍ਰਭੂ ਦਾ ਨਾਮ ਹੀ ਹੈ। ਜਿਸ ਨਾਲ ਮਨ ਨਿਰਮਲ ਹੋ ਜਾਂਦਾ ਹੈ: ਵਰਨਾ ਮਾਇਆ ਦੇ ਮੋਹ ਰੂਪ ਸੱਪ ਦਾ ਜ਼ਹਿਰ ਜੀਵਾਂ ਨੂੰ ਆਤਮਕ ਮੌਤੇ ਮਾਰਦਾ ਰਹਿੰਦਾ ਹੈ:--

1. ਇਹ ਸੰਸਾਰੁ ਸਗਲ ਬਿਕਾਰੁ।। ਤੇਰਾ ਨਾਮੁ ਦਾਰੂ ਅਵਰੁ ਨਾ ਸਤਿ ਕਰਣਹਾਰੁ ਅਪਾਰੁ।।[156]

2. ਰਵਿਦਾਸ ਸੋਈ ਸਾਧੂ ਭਲੇ, ਜਿਹ ਮਨ ਨਿਰਮਲ ਹੋਇ।
ਰਾਮ ਭਜਹਿ ਵਿਸ਼ਯਾ ਤਜਹਿ, ਮਿਥ ਭਾਖੀ ਨ ਹੋਇ।।[157]

3. ਜਹਾਂ ਜਹਾਂ ਜਾਇ ਤਹਾਂ ਤਹਾਂ ਬੰਧਨ, ਤ੍ਰਿਬਿਧ ਤਾਪ ਨ ਜਾਈ।
ਕਹੈ ਰਵਿਦਾਸ ਤਬੈ ਸਚੁ ਪਾਵੈ, ਆਪਾ ਉਲਟਿ ਸਮਾਈ।।[158]

4. ਮਾਇਆ ਬਿਖੁ ਭੁਇਅੰਗਮ ਨਾਲੇ।।
ਇਨਿ ਦੁਬਿਧਾ ਘਰ ਬਹੁਤੇ ਗਾਲੇ।।[159]

ਪ੍ਰਭੂ ਦੇ ਨਾਮ ਤੋਂ ਬਿਨਾਂ ਇਸ ਦੁਨੀਆਂ ਦੇ ਕਾਰ-ਵਿਹਾਰ ਖੋਟੀ ਰਾਸਿ ਦੀ ਤਰ੍ਹਾਂ ਖੋਟੇ ਹਨ। ਸਭ ਕੂੜ ਹੈ।[160] ਇਹ ਦੁਨੀਆਦਾਰ ਲੋਕ ਝੂਠ ਬੋਲ ਕੇ ਜ਼ਹਿਰ ਚੱਟ ਰਹੇ ਹਨ। ਉਹ ਸੰਸਾਰ ਤੋਂ ਤੁਰ ਜਾਣਾ ਭੁਲਾ ਬੈਠੇ ਹਨ ਜਿਸ ਕਰਕੇ ਜਗਤ ਵਿਚ ਕਾਮ-ਕ੍ਰੋਧ ਰੂਪੀ ਜ਼ਹਿਰ ਵਧਾ ਰਹੇ ਹਨ।[161] ਉਨ੍ਹਾਂ ਨੂੰ ਇਸ ਗੱਲ ਦੀ ਸੋਝੀ ਨਹੀਂ ਕਿ ਸਾਰਾ ਜਗਤ ਕਾਲ ਦਾ ਗ੍ਰਸਿਆ ਹੋਇਆ ਹੈ। ਗੁਰੂ ਜੀ ਦੀ ਸ਼ਰਨ ਪਿਆਂ ਹੀ ਇਸ ਕਾਲ ਦੇ ਡਰ ਤੋਂ ਬਚਿਆ ਜਾ ਸਕਦਾ ਹੈ:–

ਸਭੁ ਜਗੁ ਬਾਧੋ ਕਾਲ ਕੋ ਬਿਨੁ ਗੁਰ ਕਾਲੁ ਅਫਾਰੁ।।[162]

ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇਵ ਜੀ ਨੇ ਸੰਸਾਰ ਨੂੰ ਬਾਜ਼ੀਗਰ ਪਰਮਾਤਮਾ ਦੀ ਬਾਜੀ ਆਖਿਆ ਹੈ। ਗੁਰੂ ਰਵਿਦਾਸ ਅਨੁਸਾਰ ਇਹ ਸੰਸਾਰਕ ਬਾਜੀ ਝੂਠੀ ਹੈ, ਨਾਸ਼ਵਾਨ ਹੈ। ਬਾਜੀਗਰ ਬ੍ਰਹਮ ਹੀ ਸੱਚ ਤੇ ਸਦੀਵ ਹੈ। ਇਹ ਸੰਸਾਰਕ ਕੌਤਕ ਉਸ ਬਾਜੀਗਰ ਦੀ ਬਾਜੀ ਕਾਰਨ ਹੀ ਤਾਂ ਹੈ:–

1. ਬਾਜੀਗਰ ਸੂੰ ਰਾਚਿ ਰਹੀਏ, ਬਾਜੀ ਕੂੰ ਮਰਮ ਇਨਿ ਜਾਨਾ।
ਬਾਜੀ ਝੂਠ ਸਾਚ ਬਾਜੀਗਰ, ਜਾਨਾ ਮਨ ਪਤਿਆਨਾ।।[163]
2. ਬਾਜੀਗਰ ਕੀ ਬਾਜੀ ਕਾਰਨ, ਸਬ ਕੋ ਕੌਤਿਕ ਆਵੈ।।[164]

ਗੁਰੂ ਜੀ ਅਨੁਸਾਰ ਸੰਸਾਰ ਇਕ ਖੇਡ ਹੈ। ਇਸ ਲਈ ਗੁਰੂ ਜੀ ਦਾ ਪਿਆਰ ਉਸ ਬਾਜੀਗਰ ਪ੍ਰਭੂ ਨਾਲ ਹੋ ਗਿਆ। ਪਰ ਇਹ ਸੰਸਾਰਕ ਜੀਵ ਉਸ ਬਾਜੀਗਰ ਪ੍ਰਭੂ ਦੀ ਇਸ ਖੇਡ ਨੂੰ ਨਹੀਂ ਸਮਝਦੇ:–

1. ਕਹਿ ਰਵਿਦਾਸ ਬਾਜੀ ਜਗੁ ਭਾਈ।। ਬਾਜੀਗਰ ਸਿਉਂ ਮੋਹਿ ਪ੍ਰੀਤਿ ਬਨਿਆਈ।[165]
2. ਬਾਜੀਗਰ ਕੇ ਖੇਲ ਕੂੰ, ਸਮਝਤ ਨਾਹੀਂ ਲੋਕ।।[166]

ਗੁਰੂ ਨਾਨਕ ਦੇਵ ਜੀ ਸੰਸਾਰ ਨੂੰ ਬਾਜੀਗਰ ਦੀ ਬਾਜੀ ਆਖਦੇ ਹੋਏ ਜੀਵ ਨੂੰ ਇਸ ਸੰਸਾਰ ਵਿਚ ਚਾਰ ਦਿਨਾਂ ਦਾ ਪ੍ਰਾਹੁਣਾ ਸਮਝਦੇ ਹਨ। ਜਗਤ ਇੱਕ ਖੇਡ ਹੈ, ਤਮਾਸ਼ਾ ਹੈ। ਜੀਵ ਮਾਇਆ ਦੇ ਮੋਹ ਕਾਰਨ ਅਗਿਆਨਤਾ ਦੇ ਘੁੱਪ ਹਨੇਰੇ ਵਿਚ ਫਸੇ ਹੋਏ ਹਨ। ਮਾਇਆ ਦੀ ਬਾਜੀ ਖੇਡ ਕੇ ਤੁਰ ਜਾਂਦੇ ਹਨ। ਇਹ ਖੇਡ ਸੁਪਨੇ ਦੇ ਸਮਾਨ ਹੈ। ਇਸ ਸਾਰੀ ਖੇਡ ਨੂੰ ਖਿਡਾਉਣ ਵਾਲਾ ਬਾਜੀਗਰ ਪ੍ਰਭੂ ਹੈ ਜੋ ਆਪ ਹੀ ਇਸ ਖੇਡ ਨੂੰ ਜਾਣਦਾ ਹੈ। ਜਿਹੋ ਜਿਹਾ ਉਹ ਜੀਵ ਤੋਂ ਭੇਖ ਕਰਾਉਂਦਾ ਹੈ, ਤਿਹੋ ਜਿਹਾ ਹੀ ਜੀਵ ਭੇਖ ਧਾਰਦਾ ਹੈ:-

1. ਐਥੇ ਗੋਇਲੜਾ ਦਿਨ ਚਾਰੇ।। ਖੇਲ ਤਮਾਸ਼ਾ ਧੁੰਧੂਕਾਰੋ।।
   ਬਾਜੀ ਖੇਲ ਗਏ ਬਾਜੀਗਰ ਜਿਉ ਨਿਸਿ ਸੁਪਨੈ ਭਖਲਾਈ ਹੇ।।[167]
2. ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ।
   ਜੈਸਾ ਭੇਖੁ ਕਰਾਵੈ ਬਾਜੀਗਰੁ ਓਹੁ ਤੈਸੋ ਹੀ ਸਾਜੁ ਆਨੈ।।[168]

ਗੁਰੂ ਜੀ ਅਨੁਸਾਰ ਇਹ ਸੰਸਾਰ ਮਦਾਰੀ ਦਾ ਖੇਲ ਹੈ। ਪਰ ਪਲ ਭਰ ਲਈ ਹੀ ਇਹ ਖੇਲ ਵੇਖਿਆ ਜਾ ਸਕਦਾ ਹੈ। ਉਹ ਨਟੂਆ ਕਈ ਕਿਸਮ ਦੇ ਸਾਂਗ ਬਣਾ ਕੇ ਲੋਕਾਂ ਨੂੰ ਵਿਖਾਂਦਾ ਹੈ ਪਰ ਆਪਣੇ ਅੰਦਰੋਂ ਉਹ ਜਿਹੋ ਜਿਹਾ ਹੁੰਦਾ ਹੈ ਉਹੋ ਜਿਹਾ ਹੀ ਰਹਿੰਦਾ ਹੈ:-

1. ਨਟੂਐ ਸਾਂਗੁ ਬਣਾਇਆ ਬਾਜੀ ਸੰਸਾਰਾ।।
   ਖਿਨੁ ਪਲੁ ਬਾਜੀ ਦੇਖੀਐ ਉਝਰਤ ਨਹੀਂ ਬਾਰਾ।।[169]
2. ਨਟੂਆ ਭੇਖ ਦਿਖਾਵੈ ਬਹੁ ਬਿਧਿ ਜੈਸਾ ਹੈ ਓਹੁ ਤੈਸਾਰੇ।।[170]

ਸੰਸਾਰ ਦੇ ਚਾਰ ਯੁੱਗਾਂ ਦੀ ਪ੍ਰਕਿਰਿਆ ਨੂੰ ਚੋਪੜ ਦਾ ਖੇਲ ਮੰਨਦੇ ਹੋਏ ਸਾਰੇ ਜੀਵ ਜੰਤੂਆਂ ਨੂੰ ਇਸ ਖੇਲ ਦੇ ਮੁਹਰੇ ਕਿਹਾ ਗਿਆ ਹੈ:-

ਬਬੈ ਬਾਜੀ ਖੇਲਣ ਲਾਗਾ, ਚਉਪੜਿ ਕੀਤੇ ਚਾਰਿ ਜੁਗਾ।।
ਜੀਅ ਜੰਤ ਸਭ ਸਾਰੀ ਕੀਤੇ, ਪਾਸਾ ਢਾਲਣਿ ਆਪਿ ਲਗਾ।।[171]

ਇਹ ਜਗ ਜੂਏ ਦੀ ਖੇਡ ਖੇਡਦਾ ਹੈ। ਅਜੇਹੀ ਖੇਡ ਵਿਚ ਸੁਖ ਤਾਂ ਜੀਵ ਮੰਗਦਾ ਹੈ 'ਪਰ ਜਿਸ ਨਾਮ ਤੋਂ ਸੁਖ ਮਿਲਦੇ ਹਨ ਉਸ ਨਾਮ ਨੂੰ ਵਿਸਾਰ ਰਿਹਾ ਹੈ:-

ਐਸਾ ਜਗੁ ਦੇਖਿਆ ਜੁਆਰੀ।। ਸਭਿ ਸੁਖ ਮਾਗੈ ਨਾਮੁ ਬਿਸਾਰੀ।।[172]

ਜਗਤ ਇੱਕ ਕੱਚੇ ਧਾਗੇ ਦੀ ਤਰ੍ਹਾਂ ਹੈ। ਜਿਸ ਨੂੰ ਟੁੱਟਦਿਆਂ ਚਿਰ ਨਹੀਂ ਲੱਗਦਾ। ਗੁਰਮੁਖ ਲੋਕ ਪਰਮਾਤਮਾ ਤੋਂ ਬਿਨ੍ਹਾਂ ਜਗਤ ਨੂੰ ਕੱਚਾ ਤੇ ਨਾਸ਼ਵੰਤ ਸਮਝਦੇ ਹਨ:-

1. ਬਿਲਮੁ ਨ ਤੂਟਸਿ ਕਾਚੈ ਤਾਗੈ।। ਜਿਉ ਤਾਗਾ ਜਗੁ ਏਵੈ ਜਾਣਹੁ।।[173]
2. ਗੁਰਮੁਖਿ ਦੇਖੈ ਸਾਰੁ ਸਮਾਲੇ, ਬਿਨੁ ਸਾਰੇ ਜਗੁ ਕਾਚਾ।।[174]

ਗੁਰੂ ਜੀ ਅਨੁਸਾਰ ਇਹ ਜਗਤ ਕਾਗਜ਼ਾਂ ਦਾ ਕਿਲਾ ਹੈ। ਪ੍ਰਭੂ ਨੇ ਇਸ ਨੂੰ ਸਜਾਵਟ ਤੇ ਰੂਪ-ਰੇਖਾ ਦਿੱਤੀ ਹੈ। ਪਰ ਇਸ ਦੀ ਸਜਾਵਟ ਤੇ ਸਰੂਪ ਸੰਸਾਰਕ ਤਮਾਸ਼ਾ ਹੈ। ਪਾਣੀ ਦੀ ਛੋਟੀ ਜਿਹੀ ਬੂੰਦ ਜਾਂ ਹਵਾ ਦੇ ਬੁਲਬੁਲੇ ਵਾਂਗ ਇਸਦੀ ਸ਼ੋਭਾ ਪਲਾਂ ਛਿਣਾਂ ਵਿਚ ਨਸ਼ਟ ਹੋ ਜਾਂਦੀ ਹੈ। ਇਹ ਜਗਤ ਪਲ ਵਿੱਚ ਜੰਮਦਾ ਤੇ ਮਰਦਾ ਹੈ:-

ਕਾਗਦ ਕੋਟਿ ਇਹੁ ਜਗੁ ਹੈ ਬਪੁਰੋ ਰੰਗਨਿ ਚਿਹਨ ਚਤੁਰਾਈ।
ਨਾਨੀ ਸੀ ਬੂੰਦ ਪਵਨੁ ਪਤਿ ਖੋਵੈ ਜਨਮਿ ਮਰੈ ਖਿਨੁ ਤਾਈਂ।।[175]

ਸਦਾ ਥਿਰ ਪ੍ਰਭੂ ਦੇ ਨਾਮ ਤੋਂ ਬਿਨ੍ਹਾਂ ਜਗਤ ਸੁਪਨੇ ਵਾਂਗ ਹੈ ਸੰਸਾਰਕ ਪਦਾਰਥ ਅੰਤ ਵੇਲੇ ਸੁਪਨੇ ਵਾਂਗ ਖੁਸ ਜਾਂਦੇ ਹਨ:-

ਨਿਰਗੁਣ ਦੇਹ ਸਾਚ ਬਿਨੁ ਕਾਚੀ ਮੈ ਪੂਛਉ ਗੁਰ ਅਪਨਾ।।
ਨਾਨਕ ਸੋ ਪ੍ਰਭੁ ਪ੍ਰਭੂ ਦਿਖਾਵੈ ਬਿਨੁ ਸਾਰੇ ਜਗੁ ਸੁਪਨਾ।।[176]

ਇਸ ਸੋਚ ਵਿਚਾਰ ਪਿਛੋਂ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਜਗਤ ਸੰਬੰਧੀ ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਜਗਤ ਦੀ ਖਿਣ ਭੰਗਰਤਾ, ਨਾਸ਼ਮਾਨਤਾ, ਫ਼ਾਨੀ ਜਾਂ ਹੋਣਭਾਵਨਾ ਦੀ ਸੂਚਕ ਹੈ। ਸੰਸਾਰ ਵਿਚ ਪਰਮਾਤਮਾ ਤੋਂ ਬਿਨਾਂ ਸੱਭ ਕੁਝ ਨਾਸ਼ਮਾਨ ਹੈ। ਕੇਵਲ ਪ੍ਰਭੂ ਹੀ ਸਥਿਰ ਹੈ। ਜੀਵ ਤਾਂ ਮਿਟੀ ਦਾ ਪੁਤਲਾ ਹੈ ਤੇ ਸੰਸਾਰਕ ਨਾਸ਼ਮਾਨ ਵਸਤਾਂ ਦੇ ਮੋਹ ਵਿਚ ਫਸ ਕੇ ਆਪਣੇ ਅਸਲੇ ਪ੍ਰਭੂ ਤੋਂ ਦੂਰ ਹੋ ਬੈਠਾ ਹੈ। ਦੁਨਿਆਵੀ ਵਸਤਾਂ ਦੀ ਚਮਕ-ਦਮਕ ਉਸ ਨੂੰ ਅੱਗ ਵਾਂਗ ਸਾੜ ਰਹੀ ਹੈ ਪਰ ਫਿਰ ਵੀ ਗਿਆਨ ਦੀ ਘਾਟ ਕਾਰਨ ਉਸ ਨੂੰ ਇਸ ਗੱਲ ਦੀ ਸੋਝੀ ਨਹੀਂ ਕਿ ਇਹ ਜਗਤ ਤਾਂ ਧੂੰਏਂ ਦਾ ਪਹਾੜ

ਹੈ ਜੋ ਪਲ-ਛਿਣ ਵਿਚ ਹੀ ਢਹਿ ਢੇਰੀ ਹੋ ਜਾਂਦਾ ਹੈ। ਇਸੇ ਕਰਕੇ ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇਵ ਜੀ ਨੇ ਇਸ ਸੰਸਾਰ ਨੂੰ ਮਿਥਿਆ ਆਖਿਆ ਹੈ। ਇਹ ਤਾਂ ਬਾਜੀਗਰ ਦੀ ਬਾਜੀ ਹੈ ਜੋ ਲੋਕਾਂ ਨੂੰ ਭਰਮਾ ਰਹੀ ਹੈ। ਗੁਰੂ ਰਵਿਦਾਸ ਜੀ ਇਸ ਸੰਸਾਰ ਨੂੰ ਦੁੱਖ ਦੀ ਖੇਤਰੀ ਦੱਸਦੇ ਹੋਏ ਜੀਵ ਨੂੰ ਸੁਚੇਤ ਕਰਦੇ ਹਨ ਕਿ ਤੇਰੇ ਸਿਰ ਤੇ ਜਮਦੂਤਾਂ ਦਾ ਡਰ ਹਮੇਸ਼ਾ ਸਵਾਰ ਰਹਿੰਦਾ ਹੈ।[177] ਗੁਰੂ ਨਾਨਕ ਦੇਵ ਜੀ ਇਸ ਸੰਸਾਰ ਨੂੰ ਤ੍ਰਿਸਨਾ ਦੀ ਕੋਠੀ ਦੱਸਦੇ ਹਨ। ਜਿਸ ਵਿਚ ਪ੍ਰਵੇਸ਼ ਕਰਨ ਵਾਲਾ ਹੰਕਾਰ ਵਿਚ ਸੜਦਾ ਹੈ:-

ਏਹੁ ਸੰਸਾਰੁ ਤਿਸੈ ਕੀ ਕੋਠੀ ਜੋ ਪੈਸੈ ਸੋ ਗਰਬਿ ਜਰੈ।।[178]

ਜੀਵ ਦੀ ਇਹ ਤ੍ਰਿਸਨਾ ਇੰਨੀ ਵਧੀ ਹੋਈ ਹੈ ਜੋ ਕਿਸੇ ਵੀ ਤਰ੍ਹਾਂ ਸ਼ਾਂਤ ਨਹੀਂ ਕੀਤੀ ਜਾ ਸਕਦੀ। ਮਨਮੁੱਖ ਜੀਵ ਪ੍ਰਭੂ ਦੇ ਡਰ ਤੋਂ ਬਿਨ੍ਹਾਂ ਇਸ ਤ੍ਰਿਸਨਾ ਦੀ ਅੱਗ ਵਿਚ ਸੜਦਾ ਵਿਲਕਦਾ ਹੈ:-

1. ਤ੍ਰਿਸਨਾ ਹੋਈ ਬਹੁਤੁ ਕਿਵੈ ਨ ਧੀਜਈ।।[179]
2. ਮਨਮੁਖ ਭੈ ਕੀ ਸਾਰ ਨ ਜਾਣਨੀ, ਤ੍ਰਿਸਨਾ ਜਲਤੇ ਕਰਹਿ ਪੁਕਾਰ।।[180]

ਜਗਤ ਸੱਚ ਹੈ

ਜਗਤ ਨੂੰ ਨਾਸ਼ਮਾਨ, ਫ਼ਾਨੀ, ਮਿਥਿਆ, ਕੂੜ ਆਦਿ ਮੰਨਦਿਆਂ ਹੋਇਆਂ ਵੀ ਗੁਰੂ ਰਵਿਦਾਸ ਜੀ ਅਤੇ ਗੁਰੂ ਨਾਨਕ ਦੇਵ ਜੀ ਅਨੁਸਾਰ ਜਗਤ ਸੱਤ ਹੈ। ਕਿਉਂਕਿ ਇਹ ਜਗਤ ਪਰਮਤੱਤ ਦੀ ਰਚਨਾ ਹੈ। ਉਹ ਪਰਮਤੱਤ ਆਪ ਹੀ ਅਨੇਕ ਰੂਪ ਵਿਚ ਆਪਣਾ ਵਿਸਥਾਰ ਕਰਕੇ ਜਗਤ ਦੀ ਰਚਨਾ ਕਰਦਾ ਹੈ। ਜਦੋਂ ਉਹ ਪਰਮਾਤਮਾ ਆਪ ਸਤਿ ਸਰੂਪ ਹੈ ਤਾਂ ਉਸ ਸਤਿ-ਸਰੂਪ ਦੀ ਰਚੀ ਸ੍ਰਿਸ਼ਟੀ ਵਿਚ ਵੀ ਉਸ ਸੱਤ ਨੂੰ ਹੀ ਵੇਖਣਾ ਚਾਹੁੰਦਾ ਹੈ। ਜਗਤ ਦੇ ਹਰ ਜੀਵ ਵਿਚ ਉਸ ਦੀ ਹੀ ਜੋਤਿ ਹੈ, ਉਸ ਦਾ ਹੀ ਨਿਵਾਸ ਹੈ।

1. ਏਕ ਅਨੇਕ ਹੋਇ ਬਿਸਥਰਿਓ।। ਆਨ ਰੇ ਆਨ ਭਰਪੂਰਿ ਸੋਇ।।[181]
2. ਚਹੁੰ ਦਿਸ ਦਿਵਲਾ ਬਲਿ ਰਹਿਓ।। ਜੋਤਿ ਜੋਤਿ ਸੰਗਿ ਮਿਲਿ ਰਹਿਓ।।[182]

ਗੁਰੂ ਨਾਨਕ ਦੇਵਜੀ ਵੀ ਇਸੇ ਵਿਚਾਰ ਦੀ ਪੁਸ਼ਟੀ ਕਰਦੇ ਹਨ:-

1 ਸਭਿ ਮਹਿ ਜੋਤਿ, ਜੋਤਿ ਹੈ ਸੋਇ।।ਤਿਸ ਕੈ ਚਾਨਣਿ ਸਭ ਮਹਿ ਚਾਨਣ ਹੋਇ।।[183]

2 ਏਕ ਮਹਿ ਸਰਬ ਸਰਬ ਮਹਿ ਏਕਾ।।[184]

ਗੁਰੂ ਰਵਿਦਾਸ ਅਨੁਸਾਰ ਉਹ ਪਰਮਾਤਮਾ ਇਕ ਰਸ ਸਾਰੇ ਜੀਵਾਂ ਵਿਚ ਵਿਚਰ ਰਿਹਾ ਹੈ। ਉਹ ਇਕੋ ਜੋਤਿ ਸੁਰ, ਨਰ, ਥਾਵਰ, ਜੰਗਮ, ਕੀਟ-ਪਤੰਗਾਂ ਆਦਿ ਸਭ ਵਿਚ ਵਿਆਪ ਰਿਹਾ ਹੈ। ਉਹ ਆਦਿ ਕਾਲ ਤੋਂ ਹੀ ਸਾਰੇ ਵਿਸ਼ਵ ਵਿਚ ਵਿਆਪਕ ਹੈ। ਉਹ ਤਾਂ ਸਾਰੇ ਜੀਵਾਂ ਦੇ ਦਿਲਾਂ ਵਿਚ ਬੈਠ ਕੇ ਆਨੰਦ ਮਾਣਦਾ ਹੈ:-

1 ਹੈ ਸਭ ਆਤਮ ਸੂਖ ਪ੍ਰਕਾਸ ਸਾਂਚੋ। ਨਿਰੰਤਰ ਨਿਰਾਹਾਰ ਕਲਪਤ ਏ ਪਾਂਚੋ।
ਆਦਿ ਮਧ ਔਸਾਨ ਏਕ ਰਸ, ਤਾਰ ਤੂਬ ਨਹੀਂ ਤਾਈ।
ਥਾਵਰ ਜੰਗਮ ਕੀਟ ਪਤੰਗਾ, ਪੂਰਿ ਰਹਯੋ ਹਰਿ ਰਾਈ।।[185]

2 ਅਬਰਨ ਬਰਨ ਕਥੈ ਜਿਨਿ ਕੋਈ, ਘਟਿ ਘਟਿ ਬਯਾਪਿ ਰਹਯੋ ਹਰਿ ਸੋਈ।।
ਜਿਹਿੰ ਪਦ ਸੁਰਨਰ ਪ੍ਰੇਮ ਪਿਆਸਾ, ਸੋ ਪਦ ਰਮਿ ਰਹਯੋ ਰਵਿਦਾਸਾ।।[186]

3 ਕਹਬੇ ਏਕੁ ਅਨੇਕੈ ਸੁਆਮੀ ਸਭ ਘਟ ਭੋਗਵੈ ਸੋਈ।।[187]

ਗੁਰੂ ਜੀ ਇਸ ਜਗਤ ਨੂੰ ਉਸ ਪ੍ਰਭੂ ਦੀ ਰਚਨਾ ਸਵੀਕਾਰਦੇ ਹੋਏ ਲਿਖਦੇ ਹਨ ਕਿ ਉਹ ਪ੍ਰਭੂ ਤਾਂ ਜੀਵਾਂ ਵਿਚ ਇਵੇਂ ਸਮਾਇਆ ਹੋਇਆ ਹੈ ਜਿਵੇਂ ਜਲ ਵਿਚ ਜਲਦੀ ਲਹਿਰ। ਸਭ ਪਾਸੇ ਉਸ ਖਾਲਿਕ ਦਾ ਹੀ ਨੂਰ ਪਸਰਿਆ ਹੋਇਆ ਹੈ। ਸਾਰੇ ਭੇਖਾਂ ਵਿਚ ਬ੍ਰਹਮ ਹੀ ਮੌਜੂਦ ਹੈ। ਬ੍ਰਹਮ ਤੋਂ ਬਿਨਾਂ ਕੁਝ ਵੀ ਨਹੀਂ:-

1. ਘਟ ਘਟ ਤਿਹ ਪੇਖਿਯਤ ਆਇਸੇ ਜਲ ਮਹਿੰ ਲਹਿਰ, ਲਹਿਰ ਜਲ ਜਇਸੇ।[188]

2. ਰਵਿਦਾਸ ਹੌ ਖਾਲਿਕ ਦੇਖਿਆ, ਸਕਲ ਰਹਯਾ ਭਰਪੂਰ।
ਜਬ ਦਿਸ ਦੇਖਹੁੰ ਬਿਆਪਿਆ ਖਾਲਿਕ ਕਾ ਹੀ ਨੂਰ।।[189]

3 ਏਕੈ ਬ੍ਰਹਮ ਹਰਿ ਸਕਲ ਮਹਿੰ, ਅਰੁ ਸਕਲ ਬ੍ਰਹਮਹ ਮਾਹਿੰ।
'ਰਵਿਦਾਸ' ਬ੍ਰਹਮ ਸਭ ਭੇਖ ਮਹਿੰ, ਬ੍ਰਹਮ ਬਿਨਾ ਕਛੁ ਨਾਹਿੰ।।[190]

ਜਦੋਂ ਗੁਰੂ ਰਵਿਦਾਸ ਜੀ ਪ੍ਰਭੂ ਨੂੰ ਸਤਿ ਮੰਨਦੇ ਹਨ ਤੇ ਸਾਰੇ ਜੀਵਾਂ ਅਤੇ ਘਟਿ ਘਟਿ ਵਿਚ ਉਸ ਪ੍ਰਭੂ ਨੂੰ ਵਿਆਪਕ ਮੰਨਦੇ ਹਨ ਤਾਂ ਸਪਸ਼ਟ ਹੈ ਕਿ ਪ੍ਰਭੂ ਦੀ ਰਚਨਾ ਵੀ ਸਤਿ ਹੈ।

ਗੁਰੂ ਰਵਿਦਾਸ ਜੀ ਵਾਂਗ ਗੁਰੂ ਨਾਨਕ ਦੇਵ ਜੀ ਵੀ ਇਸ ਤੱਥ ਨੂੰ ਸਵੀਕਾਰ ਕਰਦੇ ਹਨ ਕਿ ਜਿਵੇਂ ਜਲ ਤਰੰਗ ਜਲ ਵਿਚ ਸਮਾਈ ਹੋਈ ਹੈ ਤਿਵੇਂ ਹੀ ਜੀਵ ਜੋਤਿ ਉਸ

ਪਰਮਜੋਤਿ ਵਿਚ ਸਮਾਈ ਹੋਈ ਹੈ:-

1 ਜਲ ਤਰੰਗ ਜਿਉ ਜਲਹਿ ਸਮਾਇਆ।
ਤਿਉ ਜੋਤੀ ਸੰਗਿ ਜੋਤਿ ਮਿਲਾਇਆ।।[191]
2 ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰ।।[192]

ਗੁਰੂ ਨਾਨਕ ਦੇਵ ਜੀ ਤਾਂ ਸਪਸ਼ਟ ਸ਼ਬਦਾਂ ਵਿਚ ਆਖਦੇ ਹਨ ਕਿ ਪਰਮਾਤਮਾ ਦੇ ਬਣਾਏ ਖੰਡ, ਬ੍ਰਹਿਮੰਡ, ਲੋਕ ਤੇ ਆਕਾਰ, ਕੰਮ ਤੇ ਵਿਚਾਰ, ਹੁਕਮ ਤੇ ਦਰਬਾਰ, ਹੁਕਮ ਤੇ ਫੁਰਮਾਨ, ਬਖਸ਼ਿਸ਼ ਤੇ ਨਿਸ਼ਾਨ ਸਭ ਸੱਚੇ ਹਨ। ਉਸ ਨੂੰ ਕਹਿਣ ਵਾਲੇ ਲੱਖਾਂ-ਕਰੋੜਾਂ ਜੀਵ ਵੀ ਸੱਚੇ ਹਨ। ਉਸ ਪ੍ਰਭੂ ਦੀਆਂ ਸਾਰੀਆਂ ਤਾਕਤਾਂ ਤੇ ਜੋਰ ਵੀ ਸੱਚੇ ਹਨ। ਉਸਦੀ ਸਿਫਤ ਤੇ ਉਪਮਾ ਵੀ ਸੱਚੀ ਹੈ। ਇਸ ਤਰ੍ਹਾਂ ਉਸ ਦੀ ਕੁਦਰਤ ਵੀ ਸੱਚੀ ਹੈ:-

ਸੱਚੇ ਤੇਰੇ ਖੰਡ ਸਚੇ ਬ੍ਰਹਮੰਡ।। ਸਚੇ ਤੇਰੇ ਲੋਅ ਸਚੇ ਆਕਾਰ।
ਸਚੇ ਤੇਰੇ ਕਰਣੇ ਸਰਬ ਬੀਚਾਰ।। ਸਚਾ ਤੇਰਾ ਅਮਰੁ ਸਚਾ ਦੀਬਾਣੁ।
ਸਚਾ ਤੇਰਾ ਹੁਕਮੁ ਸਚਾ ਫੁਰਮਾਣੁ।। ਸਚਾ ਤੇਰਾ ਕਰਮੁ ਸਚਾ ਨੀਸਾਣੁ।।
ਸਚੇ ਤੁਧੁ ਆਖਹਿ ਲਖ ਕਰੋੜਿ।। ਸਚੈ ਸਭਿ ਤਾਣਿ ਸਚੈ ਸਭਿ ਜੋਰਿ।।
ਸਚੀ ਤੇਰੀ ਸਿਫਤਿ ਸਚੀ ਸਾਲਾਹ।। ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ।[193]

ਕਰਤਾ ਪੁਰਖ ਦੀ ਕੁਦਰਤ ਵੀ ਵਿਸਮਾਦ ਜਨਕ ਹੈ। ਪੂਰਨ ਪਰਮਾਤਮਾ ਦੀ ਰਚਨਾ ਵੀ ਹਰ ਪ੍ਰਕਾਰ ਪੂਰਨ ਹੈ। ਉਸ ਵਿਚ ਕਿਸੇ ਕਿਸਮ ਦੀ ਘਾਟ ਨਹੀਂ:-

ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ।।
ਨਾਨਕ ਗੁਰਮੁਖਿ ਐਸਾ ਜਾਣੈ ਪੂਰੇ ਮਾਂਹਿ ਸਮਾਂਹੀ।।[194]

ਕਿਉਂ ਕਿ ਪਰਮਾਤਮਾ ਸੰਸਾਰ ਦੀ ਜਿੰਦ ਜਾਨ ਹੈ ਤੇ ਇਹ ਸੰਸਾਰ ਉਸ ਦੀ ਸੰਪੂਰਣ ਤੌਰ ਰਚੀ ਹੋਈ ਖੇਡ ਹੈ। ਜਿਸ ਨੂੰ ਉਸ ਪਰਮਾਤਮਾ ਤੋਂ ਬਿਨਾਂ ਹੋਰ ਕੋਈ ਨਹੀਂ ਸਮਝ ਸਕਦਾ:-

ਆਤਮਰਾਮੁ ਸੰਸਾਰਾ।। ਸਾਚਾ ਖੇਲੁ ਤੁਮ੍ਹਾਰਾ।
ਸਚੁ ਖੇਲੁ ਤੁਮਾਰਾ ਅਗਮ ਅਪਾਰਾ ਤੁਧੁ ਬਿਨੁ ਕਉਣੁ ਬੁਝਾਏ।।[195]

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਜਗਤ ਨੂੰ ਸੱਚ ਵੀ ਮੰਨਿਆ ਹੈ ਪਰ ਜੇਕਰ ਜਗਤ ਸਚ ਮੁੱਚ ਸੱਤ ਹੁੰਦਾ ਤਾਂ ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਵਿਚ ਜਗਤ ਦੇ ਅਸੱਤ ਰੂਪ ਦਾ ਇਤਨੇ ਵਿਸਥਾਰ ਵਿਚ ਵਰਣਨ ਨਾ ਕਰਦੇ। ਇਸ ਲਈ ਕਿਸੇ ਸਿੱਟੇ ਤੇ ਪਹੁੰਚਣ ਲਈ ਉਨ੍ਹਾਂ ਦੇ ਇਸ ਸਿਧਾਂਤ ਦੀ ਪੜਚੋਲ ਜ਼ਰੂਰੀ ਹੈ।

ਗੁਰੂ ਨਾਨਕ ਨੇ ਜਗਤ ਨੂੰ ਮਾਇਆ ਦਾ ਸਾਕਾਰ ਰੂਪ ਦੱਸਿਆ ਹੈ। ਅਤੇ ਸ੍ਰਿਸ਼ਟੀ ਦੀ ਉਤਪਤੀ ਦਾ ਨਮਿੱਤ ਤੇ ਉਪਾਦਾਨ ਕਾਰਨ ਬ੍ਰਹਮ ਨੂੰ ਮੰਨਿਆ ਹੈ। ਬ੍ਰਹਮ ਸੱਤ-ਸਰੂਪ ਹੈ। ਸ੍ਰਿਸ਼ਟੀ ਪਰਿਵਰਤਨਸ਼ੀਲ ਹੈ। ਜੋ ਚੀਜ਼ ਪਰਿਵਰਤਨਸ਼ੀਲ ਹੈ ਉਸ ਨੂੰ ਸੱਤ ਨਹੀਂ ਕਿਹਾ ਜਾ ਸਕਦਾ, ਕਿਉਂ ਕਿ ਸੱਤ ਤੱਤ ਦਾ ਅਸਲ-ਰੂਪ ਨਹੀਂ ਬਦਲਦਾ। ਫਿਰ ਗੁਰੂ ਨਾਨਕ ਦੇਵ ਜੀ ਨੇ ਜਗਤ ਨੂੰ ਸੱਚ ਕਿਵੇਂ ਮੰਨਿਆ ਹੈ ? ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚੋਂ ਹੀ ਇਸ ਪ੍ਰਸ਼ਨ ਦਾ ਜਵਾਬ ਮਿਲ ਜਾਂਦਾ ਹੈ। ਕਿਉਂ ਕਿ ਗੁਰੂ ਨਾਨਕ ਨੇ ਬ੍ਰਹਮ ਨੂੰ ਸੱਤ ਅਤੇ ਜਗਤ ਦਾ ਉਪਾਦਾਨ ਕਾਰਣ ਮੰਨਿਆ ਹੈ ਇਸ ਲਈ ਜਦੋਂ ਜਗਤ ਦਾ ਉਪਾਦਾਨ ਕਾਰਣ ਸੱਤ ਹੈ ਤਾਂ ਉਸ ਦੀ ਰਚਨਾ ਨੂੰ ਵੀ ਸੱਤ ਮੰਨਣਾ ਪੈਂਦਾ ਹੈ। ਕਿਉਂ ਕਿ ਇਹ ਜਗਤ ਵੀ ਤਾਂ ਉਸ ਦੇ ਹੁਕਮ ਅਨੁਸਾਰ ਹੀ ਪੈਦਾ ਹੋਇਆ ਹੈ:-

ਜਾ ਤਿਸੁ ਭਾਣਾ ਤਾ ਜਗਤੁ ਉਪਾਇਆ।
ਬਾਝੁ ਕਲਾ ਆਡਾਣੁ ਰਹਾਇਆ।।
ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ।।[196]

ਗੁਰੂ ਨਾਨਕ ਦੇਵ ਜੀ ਤਾਂ ਇਸ ਸ੍ਰਿਸ਼ਟੀ ਨੂੰ ਅੰਤਿ ਬ੍ਰਹਮ ਦੀ ਸਤਿ ਕਾਰ ਮੰਨਦੇ ਹਨ। ਉਹ ਆਪ ਬੇਹੱਦ ਅਤੇ ਬੇਅੰਤ ਹੈ, ਉਸ ਦੀ ਰਚਨਾ ਵੀ ਬੇਅੰਤ ਹੈ:-

1 ਨਾਨਕ ਸਾਚੇ ਕੀ ਸਾਚੀ ਕਾਰ।।[197]

2 ਅੰਤੁ ਨ ਜਾਪੈ ਕੀਤਾ ਅਧਾਰ।। ਅੰਤੁ ਨ ਜਾਪੈ ਪਾਰਾਵਾਰੁ।।[198]

ਭਾਵੇਂ ਗੁਰੂ ਨਾਨਕ ਦੇਵ ਜੀ ਨੇ ਜਗਤ ਨੂੰ ਪਰਮਾਰਥਕ ਸੱਚ ਨਹੀਂ ਮੰਨਿਆ ਕਿਉਂ ਕਿ ਉਨ੍ਹਾਂ ਅਨੁਸਾਰ ਪਰਮਾਰਥਕ ਸੱਚ ਤਾਂ ਕੇਵਲ ਬ੍ਰਹਮ ਹੈ ਜੋ ਅਬਿਨਾਸ਼ੀ ਹੈ, ਅਪਰਿਵਰਤਨਸ਼ੀਲ ਹੈ, ਅਪਰਿਣਾਮੀ ਹੈ, ਅਚਲ ਅਤੇ ਸਦਾ ਸਥਿਰ ਹੈ; ਪਰ ਵਿਵਹਾਰਿਕ ਸੱਤਾ ਵਾਲਾ ਜਗਤ

ਬਿਨਸਨਹਾਰ ਹੈ, ਝੂਠਾ ਅਤੇ ਨਾਸ਼ਮਾਨ ਹੈ, ਪਰਿਵਰਤਨਸ਼ੀਲ, ਪਰਿਣਾਮਸ਼ੀਲ ਅਤੇ ਗਤੀਸ਼ੀਲ ਹੈ। ਕਿਉਂ ਹਰ ਪਲ, ਹਰ ਘੜੀ ਉਹ ਪਰਿਣਾਮ ਨੂੰ ਪ੍ਰਾਪਤ ਹੁੰਦਾ ਹੈ, ਅਸਥਿਰ ਅਤੇ ਚਲਾਇਮਾਨ ਹੈ। ਵਿਵਹਾਰਿਕ ਸੱਤਾ ਅਨੁਸਾਰ ਜਗਤ ਸੁਪਨਾ, ਜਲ ਦਾ ਬੁਲਬੁਲਾ, ਧੂੰਏ ਦਾ ਪਹਾੜ, ਬਾਲੂ ਦੀ ਭੀਤ, ਜਾਦੂਗਰ ਦਾ ਤਮਾਸ਼ਾ, ਮ੍ਰਿਗ ਤ੍ਰਿਸ਼ਨਾ ਅਤੇ ਮਿਥਿਆ ਹੈ।

ਪਰ ਫਿਰ ਵੀ ਗੁਰੂ ਨਾਨਕ ਦੇਵ ਜੀ ਨੇ ਜਗਤ ਨੂੰ ਸੱਤ ਕਿਹਾ ਹੈ ਕਿਉਂ ਕਿ ਇਹ ਸੱਚੇ ਪ੍ਰਭੂ ਦੀ ਸੱਚੀ ਰਚਨਾ ਹੈ ਤੇ ਉਹ ਆਪ ਹੀ ਸਭ ਕੁਝ ਜਾਣਦਾ ਹੈ। ਅਰਥਾਤ ਸਤਿ ਕਾਰਣ ਤੋਂ ਸੱਤ ਕਾਰਜ ਦੀ ਹੀ ਉਤਪਤੀ ਹੋ ਸਕਦੀ ਹੈ:-

ਸਚੇ ਤੇਰੇ ਖੰਡ ਸਚੇ ਬ੍ਰਹਮੰਡ। ਸਚੇ ਤੇਰੇ ਲੋਅ ਸਚੇ ਆਕਾਰ।
ਸਚੇ ਤੇਰੇ ਕਰਣੇ ਸਰਬ ਬੀਚਾਰ।।[199]

ਪੰਜਵੇਂ ਗੁਰੂ ਅਰਜਨ ਦੇਵ ਜੀ ਵੀ ਜਗਤ ਨੂੰ ਸਤਿ ਬ੍ਰਹਮ ਦੀ ਸਤਿ ਰਚਨਾ ਮੰਨਦੇ ਹੋਏ ਲਿਖਦੇ ਹਨ:-

1. ਆਪਿ ਸਤਿ ਕੀਆ ਸਭੁ ਸਤਿ।। ਆਪੇ ਜਾਨੈ ਅਪਨੀ ਮਿਤਿ ਗਤਿ।।[200]
2. ਆਪਿ ਸਤਿ ਸਤਿ ਸਭ ਧਾਰੀ।। ਆਪੇ ਗੁਣ ਆਪੇ ਗੁਣਕਾਰੀ।।[201]
3. ਸਤਿ ਕਰਮੁ ਜਾ ਕੀ ਰਚਨਾ ਸਤਿ।। ਮੂਲੁ ਸਤਿ ਸਤਿ ਉਤਪਤਿ।।[202]

ਗੁਰੂ ਨਾਨਕ ਦੇਵ ਜੀ ਹੋਰ ਸਪਸ਼ਟਤਾ ਲਈ ਲਿਖਦੇ ਹਨ ਕਿ ਸੰਸਾਰ ਦਾ ਉਪਾਦਾਨ ਕਾਰਣ ਅਸੱਤ ਨਹੀਂ ਹੋ ਸਕਦਾ। ਇਸ ਲਈ ਉਸ ਦੁਆਰਾ ਪੈਦਾ ਕੀਤੀ ਰਚਨਾ ਵੀ ਅਸੱਤ ਨਹੀਂ ਹੋ ਸਕਦੀ:-

ਜਾ ਤੂੰ ਸਚਾ, ਤਾ ਸਭੁ ਕੋ ਸਚਾ, ਕੂੜਾ ਕੋਇ ਨ ਕੋਇ।।[203]

ਗੁਰੂ ਅਮਰਦਾਸ ਜੀ ਨੂੰ ਤਾਂ ਇਹ ਜਗਤ ਹਰੀ ਦਾ ਰੂਪ ਹੀ ਨਜ਼ਰ ਆਇਆ ਹੈ:-

ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ[20]

ਗੁਰੂ ਨਾਨਕ ਦੇਵ ਜੀ ਨੇ ਤਾਂ ਜਗਤ ਰਚਨਾ ਦਾ ਮਨੋਰਥ ਗੁਰਮਤਿ ਅਨੁਸਾਰ ਸੰਤ-ਜਨਾਂ ਦਾ ਹਿੱਤ ਹੈ:-

ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ।।[205]

ਡਾ. ਰਤਨ ਸਿੰਘ ਜੱਗੀ ਲਿਖਦੇ ਹਨ ਕਿ ਅਸਲ ਵਿਚ ਨਾਮ-ਰੂਪਾਤਮਕ ਜਗਤ ਦਾ ਮੂਲ ਆਧਾਰ ਤੱਤ ਬ੍ਰਹਮ ਹੈ, ਬ੍ਰਹਮ ਹੀ ਪਰਮਾਰਥਿਕ ਸਤਾ ਹੈ ਅਤੇ ਉਹ ਸਰਬ-ਵਿਆਪਕ ਹੈ। ਨਾਮ ਰੂਪਾਤਮਕ ਜਗਤ ਦੀ ਉਤਪਤੀ ਅਤੇ ਸਥਿਤੀ ਸਤ ਸਰੂਪ ਮਈ ਹੈ। ਸਤ-ਸਰੂਪ ਪਰਮਾਤਮਾ ਤੋਂ ਬਿਨਾਂ ਜਗਤ ਦਾ ਕੋਈ ਅਸਤਿਤੱਵ ਨਹੀਂ ਹੈ। ਇਸ ਲਈ ਪਰਮਾਰਥਿਕ ਦ੍ਰਿਸ਼ਟੀ ਤੋਂ ਜਗਤ ਮਿਥਿਆ ਹੈ, ਹਾਂ ਵਿਵਹਾਰਿਕ ਦ੍ਰਿਸ਼ਟੀ ਤੋਂ ਜਗਤ ਦੀ ਸਤਾ ਨੂੰ ਜ਼ਰੂਰ ਵਾਸਤਵਿਕ ਮੰਨਣਾ ਪਵੇਗਾ।

ਉਪਰੋਕਤ ਅਧਿਐਨ ਦੇ ਆਧਾਰ ਤੇ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਗੁਰੂ ਰਵਿਦਾਸ ਜੀ ਅਤੇ ਗੁਰੂ ਨਾਨਕ ਦੇਵ ਜੀ ਨੇ ਜਗਤ ਨੂੰ ਭਾਵੇਂ ਸੱਤ, ਅਸੱਤ, ਨਾਸ਼ਮਾਨ, ਮਿਥਿਆ, ਭਵਸਾਗਰ, ਭਉਜਲ, ਭਉਨਿਧਿ, ਮ੍ਰਿਗ ਤ੍ਰਿਸ਼ਨਾ, ਕਾਜਲ ਦੀ ਕੋਠੜੀ, ਧੂੰਏ ਦਾ ਪਹਾੜ, ਜਾਦੂਗਰ ਦਾ ਤਮਾਸ਼ਾ, ਬਾਜੀਗਰ ਦੀ ਬਾਜ਼ੀ ਆਦਿ ਕਿਹਾ ਹੈ, ਫਿਰ ਵੀ ਉਨ੍ਹਾਂ ਦਾ ਦ੍ਰਿਸ਼ਟੀਕੋਣ ਸਕਾਰਾਤਮਕ ਹੈ। ਇਹ ਜਗਤ-ਉਤਪਤੀ ਦਾ ਵਾਸਤਵਿਕ ਅਤੇ ਆਧਾਰਭੂਤ ਕਾਰਣ ਸੱਤ-ਬ੍ਰਹਮ ਜੋ ਪਰਮਾਰਥਕ ਸੱਚ ਹੈ। ਅਬਿਨਾਸ਼ੀ, ਅਪਰਿਵਰਤਨਸ਼ੀਲ, ਅਚਲ, ਸਦ-ਸਥਿਰ ਹੈ। ਪਰ ਵਿਵਹਾਰਿਕ ਸੱਤਾ ਵਾਲਾ ਜਗਤ ਬਿਨਸਹਾਰ, ਝੂਠਾ, ਨਾਸ਼ਮਾਨ, ਪਰਿਵਰਤਨ-ਸ਼ੀਲ ਅਤੇ ਗਤੀਸ਼ੀਲ ਹੈ। ਪਰ ਜਦੋਂ ਬ੍ਰਹਮ ਸੱਚਾ ਹੈ ਤਾਂ ਉਸਦੀ ਰਚਨਾ ਕਿਵੇਂ ਝੂਠੀ ਹੋ ਸਕਦੀ ਹੈ। ਦੋਵੇਂ ਗੁਰੂ ਇਸ ਗੱਲ ਨਾਲ ਸਹਿਮਤ ਹਨ ਕਿ ਸਤਿ ਕਾਰਣ ਬ੍ਰਹਮ ਤੋਂ ਸਤ-ਕਾਰਜ ਰੂਪੀ ਜਗਤ ਦੀ ਉਤਪਤੀ ਹੋਣ ਕਰਕੇ ਜਗਤ ਸਤਿਕਾਰਣ ਦੇ ਅਨੁਰੂਪ ਹੀ ਸਤਿ ਹੈ। ਮਨੁੱਖ ਕੇਵਲ ਅਗਿਆਨਤਾ ਅਤੇ ਅਵਿਦਿਆ ਵਸ ਇਸ ਜਗਤ ਨੂੰ ਝੂਠ ਜਾਣਦਾ ਹੈ। ਕਿਉਂ ਕਿ ਮਨੁੱਖ ਦਾ ਜਗਤ ਨਾਲ ਮੋਹ ਹੋ ਜਾਣ ਕਰਕੇ ਉਹ ਸਿਰਜਣਹਾਰ ਪ੍ਰਭੂ ਨੂੰ ਭੁੱਲ ਜਾਂਦਾ ਹੈ ਤੇ ਉਸ ਤੋਂ ਦੂਰ ਹੁੰਦਾ ਜਾਂਦਾ ਹੈ। ਸੰਸਾਰਿਕ ਮੋਹ-ਮਾਇਆ ਦੇ ਕਾਰਨ ਹੀ ਜਗਤ ਝੂਠਾ, ਨਾਸ਼ਮਾਨ ਬੋਝ੍ਹਿਰਾ ਜਾਪਦਾ ਹੈ। ਪਰ ਜਦੋਂ ਉਸ ਨੂੰ ਗਿਆਨ ਹੋ ਜਾਂਦਾ ਹੈ ਤਾਂ ਉਸ ਦਾ ਇਹ ਭਰਮ ਦੂਰ ਹੋ ਜਾਂਦਾ ਹੈ ਅਤੇ ਉਹ ਜਗਤ ਨੂੰ ਸਤਿ-ਸਰੂਪ ਬ੍ਰਹਮ ਦੀ ਸਤਿ ਰਚਨਾ ਸਮਝਣ ਲਗਦਾ ਹੈ। ਦੋਵੇਂ ਹੀ ਗੁਰੂਆਂ ਨੇ ਇਸ ਜਗਤ ਨੂੰ ਸਤਿ-ਸਰੂਪ ਦੀ ਰਚਨਾ ਮੰਨ ਕੇ ਸਾਰੇ ਜੀਵਾਂ ਵਿਚ ਉਸੇ ਦੀ ਜੋਤਿ ਵਿਚਰ ਰਹੀ ਪ੍ਰਤੀਤ ਕੀਤੀ ਹੈ। ਉਨ੍ਹਾਂ ਅਨੁਸਾਰ ਜਗਤ ਨਿਰਗੁਣ ਬ੍ਰਹਮ ਦਾ ਸਗੁਣ ਵਿਚ ਵਿਅਕਤ ਹੋਣਾ ਹੈ:-

1 ਤੂੰ ਸਗੁਣ ਨਿਰਗੁਣ ਨਿਰਾਮਯੀ ਨਿਰਬਿਕਾਰ।
ਹਰਿ ਅੰਜਨ ਨਿਰੰਜਨ ਬਿਮਲ ਅਪ੍ਰਮੇਵੰ।।[206]

2 ਅਵਿਗਤੋ ਨਿਰਮਾਇਲੁ ਉਪਜੇ। ਨਿਰਗੁਣ ਤੇ ਸਰਗੁਣ ਥੀਆ।[207]

ਇਸ ਤਰ੍ਹਾਂ ਗੁਰੂ ਰਵਿਦਾਸ ਜੀ ਅਤੇ ਗੁਰੂ ਨਾਨਕ ਦੇਵ ਜੀ ਦਾ ਜਗਤ ਸੰਬੰਧੀ ਦ੍ਰਿਸ਼ਟੀਕੋਣ ਵੱਲਭਾਚਾਰੀਆ ਦੇ ਸ਼ੁੱਧ ਅਦ੍ਵੈਤ ਨਾਲ ਜਾ ਮੇਲ ਖਾਂਦਾ ਹੈ। ਜਿਸ ਅਨੁਸਾਰ ਜਗਤ ਸਤ ਹੈ ਪਰ ਸੰਸਾਰ ਮਾਇਆ ਤੇ ਮ੍ਰਿਗਤ੍ਰਿਸ਼ਨਾ ਆਦਿ ਹੈ। ਕਿਉਂਕਿ ਜਗਤ ਪਰਮਾਤਮਾ ਦੀ ਕਿਰਤ ਹੈ ਪਰ ਵਿਵਹਾਰਿਕ ਸੰਸਾਰ ਮਾਨਵ-ਕਿਰਤ ਹੈ। ਪਰ ਅਸੀਂ ਗੁਰੂ ਸਾਹਿਬਾਨ ਦੇ ਇਸ ਦ੍ਰਿਸ਼ਟੀਕੋਣ ਨੂੰ ਵੱਲਭ ਦੇ ਸ਼ੁੱਧ-ਅਦ੍ਵੈਤ ਦੀ ਨਕਲ ਨਹੀਂ ਸਗੋਂ ਉਨ੍ਹਾਂ ਦੇ ਆਪਣੇ ਅਨੁਭਵ ਦਾ ਸਿੱਟਾ ਹੀ ਕਹਾਂਗੇ।

<u>ਜਗਤ ਭਵ ਸਾਗਰ– ਪਾਰ ਕਰਨ ਦਾ ਉਪਾਅ</u>

ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇਵ ਜੀ ਨੇ ਇਸ ਸੰਸਾਰ ਨੂੰ ਭਵਸਾਗਰ ਕਿਹਾ ਹੈ। ਭਵ ਦਾ ਅਰਥ ਹੈ ਜਨਮ-ਮਰਨ ਦਾ ਚੱਕਰ। ਡਾ. ਗੁਪਤਾ ਅਨੁਸਾਰ ਭਵ ਦਾ ਅਰਥ ਅਸਤਿੱਤਵ ਰੱਖਣਾ ਵੀ ਹੈ। ਜੋ ਜਨਮ ਲੈਂਦਾ ਹੈ, ਉਹ ਚੁਰਾਸੀ ਲੱਖ ਯੋਨੀਆਂ ਵਿਚ ਫਸਦਾ ਹੈ, ਜਿਨ੍ਹਾਂ ਨੂੰ ਪਾਰ ਕਰਨ ਪਿਛੋਂ ਹੀ ਉਹ ਕਿਧਰੇ ਮੋਕਸ਼ ਪ੍ਰਾਪਤ ਕਰ ਸਕਦਾ ਹੈ।[208] ਇਹ ਸੰਸਾਰ ਇਕ ਦੁਰਗਮ, ਬਿਖਮੁ, ਭਿਆਨਕ ਅਤੇ ਦੁੱਤਰ ਸਾਗਰ ਹੈ। ਇਸ ਦੁਰਗਮ ਸਾਗਰ ਨੂੰ ਨਾਮ ਦੀ ਕਿਸ਼ਤੀ ਰਾਹੀਂ ਹੀ ਪਾਰ ਕੀਤਾ ਜਾ ਸਕਦਾ ਹੈ। ਪਰ ਮਨੁੱਖ ਭਰਮਾਂ,ਸ਼ੰਕਿਆਂ ਦੇ ਜਾਲ ਵਿਚ ਫਸਿਆ ਪਿਆ ਹੈ। ਸੰਸਾਰਕ ਪਦਾਰਥ, ਮਾਇਆ ਮਨੁੱਖੀ ਮਨ ਨੂੰ ਆਪਣੇ ਵਲ ਖਿੱਚਦੀ ਹੈ। ਇਸ ਤੋਂ ਬਚ ਕੇ ਇਸ ਸਾਗਰ ਨੂੰ ਪਾਰ ਕਰਨ ਲਈ ਹਰੀ-ਰੂਪੀ ਗੁਰੂ ਦੀ ਜ਼ਰੂਰਤ ਹੈ।

1 ਭੈ ਸਾਗਰ ਕਾ ਤਰਨ ਕੂੰ ਏਕੋ ਨਾਮ ਆਧਾਰ।।
ਰਵਿਦਾਸ ਕਬਹੂੰ ਡੋਹਿ ਨ ਜਾਇਗੋ, ਰਾਮ ਨਾਮ ਪਤਵਾਰ।।[209]

2 ਭੌਸਾਗਰ ਦੁਤਰ ਅਤਿ ਕਿਧੂ ਮੂਰਖਿ ਯਹੁ ਜਾਨ।
ਰਵਿਦਾਸ ਗੁਰੂ ਪਤਵਾਰ ਹੈ ਨਾਮ ਨਾਵ ਕਰਿ ਜਾਨ।।[210]

3 ਅਨਿਕ ਬਾਰੁ ਜੰਮੇ ਅਰੁ ਮਰਿਯੇ, ਫੁਨਿ ਹੋ ਭ੍ਰਮਤਿ ਨ ਪਰਿ ਹੈਂ।
ਪਤਰਿ ਨਾਵ ਖੇਵਟਿਯਾ ਗੁਰੂ ਰਾਮਾ, ਨਾਮ ਲੇਤ ਹੀ ਤਰਿ ਹੈ।।[211]

ਗੁਰੂ ਨਾਨਕ ਦੇਵ ਜੀ ਵੀ ਹਰੀ ਰੂਪੀ ਗੁਰੂ ਦੀ ਜ਼ਰੂਰਤ ਤੇ ਜ਼ੋਰ ਦਿੰਦੇ ਹਨ। ਇਸ ਵਿਖਮੁ ਸੰਸਾਰੁ ਨੂੰ ਸਤਿਗੁਰੂ ਬੋਹਿਥ ਰਾਹੀਂ ਹੀ ਪਾਰ ਕੀਤਾ ਜਾ ਸਕਦਾ ਹੈ:–

1 ਇਹ ਜਗੁ ਸਾਗਰੁ ਦੁਤਰੁ ਕਿਉ ਤਰੀਐ, ਬਿਨੁ ਹਰਿ ਗੁਰ ਪਾਰਿ ਨ ਪਾਵੈਗੀ[212]

2 ਬਿਨੁ ਗੁਰ ਪਾਰੁ ਨ ਪਾਵੈ ਕੋਈ।। ਹਰਿ ਜਪੀਐ ਪਾਰਿ ਉਤਾਰਾ ਹੇ।।[213]

3 ਭਾਈ ਰੇ ਭਵਜਲੁ ਬਿਖਮੁ ਡਰਾਉ। ਪੂਰਾ ਸਤਿਗੁਰੁ ਰਸਿ ਮਿਲੈ ਗੁਰੂ
ਤਾਰੇ ਹਰਿ ਨਾਉ।।[214]

4 ਕਿਉ ਤਰੀਐ ਬਿਖਿਆ ਸੰਸਾਰੁ।। ਸਤਿਗੁਰ ਬੋਹਿਥ ਪਾਵੈ ਪਾਰਿ।।[215]

ਸਤਿਗੁਰੂ ਪਰਮਾਤਮਾ ਦੇ ਨਾਮ ਦਾ ਜਹਾਜ਼ ਹੈ ਪਰ ਇਸ ਜਹਾਜ਼ ਵਿਚ ਸਵਾਰ ਹੋਣ ਲਈ ਸਤਿਗੁਰੂ ਦੇ ਹੁਕਮ ਵਿਚ ਤੁਰਨਾ ਜ਼ਰੂਰੀ ਹੈ:—

ਸਤਿਗੁਰੂ ਬੋਹਿਥੁ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ।।
ਸਤਿਗੁਰ ਕੈ ਭਾਣੈ ਜੋ ਚਲੈ ਵਿਚਿ ਬੋਹਿਥ ਬੈਠਾ ਆਇ।।[216]

ਜਿਵੇਂ ਹਨੇਰੇ ਨੂੰ ਦੂਰ ਕਰਨ ਲਈ ਰੋਸ਼ਨੀ ਦੀ ਜ਼ਰੂਰਤ ਹੈ। ਅਵਿਦਿਆ ਨੂੰ ਦੂਰ ਕਰਨ ਲਈ ਵਿਦਿਆ ਚੀ। ਅਗਿਆਨ ਨੂੰ ਦੂਰ ਕਰਨ ਲਈ ਗਿਆਨ ਦੀ ਲੋੜ ਹੈ। ਤਿਵੇਂ ਹੀ ਮਾਇਆ ਦੀ ਮਿਥਿਆ ਤ੍ਰਿਸ਼ਨਾ, ਅੰਧਕਾਰ ਨੂੰ ਦੂਰ ਕਰਨ ਲਈ ਗੁਰੂ ਦੀ ਜ਼ਰੂਰਤ ਹੈ, ਜੋ ਜੀਵ ਦੀ ਅਧਿਆਤਮਕ ਖੇਤਰ ਦੀ ਜਗਿਆਸਾ ਨੂੰ ਸਾਂਤ ਕਰਨ ਲਈ ਮਾਰਗ ਦਰਸ਼ਨ ਕਰ ਸਕੇ ਤੇ ਆਪਣੇ ਮੰਤਰ ਰਾਹੀਂ ਜੀਵ ਨੂੰ ਭੈਸਾਗਰ ਤਰਨ ਦੇ ਯੋਗ ਬਣਾ ਸਕੇ।

1 ਬਿਖਮੁ ਸੰਸਾਰ ਭੈ ਲਹਰਿ ਵਯਾਕੁਲ ਹੁਵੈ, ਮੋਹ ਗੁਨ ਬਿਖੈ ਸਨਬੰਧ ਬੂਤਾ।
ਟੇਰਿ ਗੁਰ ਗਾਰੁੜੀ ਮੰਤ੍ਰ ਸ੍ਰੰਤ ਮਤਿ ਕਹੀ ਤਿਤੀ, ਪਾਇ ਨਹੀਂ ਪੰਨਗਮਤਿ
ਪਰਮ ਬੇਤਾ।।[217]

2 ਰਹਹਿ ਰਾਮ ਮੋਹਿ ਗੁਰੂ ਰਾਮਾ ਦੀਨੋ, ਨਾਹਿ ਇਹ ਮੰਤ੍ਰ ਬਿਸਰਾਊਂ।।
ਕਹੈ ਰਵਿਦਾਸ ਰਰੰਕਾਰ ਜਪਤਹਿ, ਭੈ ਸਾਗਰੁ ਤਰਿ ਜਾਊਂ।।[218]

ਗੁਰੂ ਨਾਨਕ ਦੇਵ ਜੀ ਅਨੁਸਾਰ:—

1 ਸਬਦਿ ਗੁਰੂ ਭਵਸਾਗਰੁ ਤਰੀਐ। ਇਤ ਉਤ ਏਕੋ ਜਾਣੈ।[219]

2 ਗੁਰ ਬੋਹਿਥ ਤਾਰੇ ਭਵਪਾਰਿ।। ਗੁਰ ਸੇਵਾ ਜਮ ਤੇ ਛੁਟਕਾਰਿ।।
ਅੰਧਕਾਰ ਮਹਿ ਗੁਰ ਮੰਤ੍ਰ ਉਜਾਰਾ।। ਗੁਰ ਕੈ ਸੰਗਿ ਸਗਲ ਨਿਸਤਾਰਾ।।[220]

3 ਛੋਡਹੁ ਕਾਮ ਕ੍ਰੋਧ ਬੁਰਿਆਈ, ਹਉਮੈ ਧੰਧ ਛੋਡਹੁ ਲੰਪਟਾਈ।।
ਸਤਗੁਰ ਸਰਣੁ ਪਰਹੁ ਤ ਉਬਰਹੁ, ਇਉ ਤਰੀਐ ਭਵਜਲ ਭਾਈ ਹੇ।।[221]

ਸ੍ਰੀ ਗੁਰੂ ਰਵਿਦਾਸ ਜੀ ਅਨੁਸਾਰ ਇਸ ਅਤਿ ਅਪਾਰ ਭਵਸਾਗਰ ਰੂਪੀ ਸੰਸਾਰ ਵਿਚ ਜੀਵ ਕਾਮ-ਕ੍ਰੋਧ, ਲੋਭ ਮੋਹ ਅਨੇਕ ਤਰ੍ਹਾਂ ਦੇ ਭਰਮ ਮਨੁੱਖ ਨੂੰ ਚੰਮੜੇ ਹੋਏ ਹਨ। ਜਿਸ ਕਰਕੇ ਜੀਵ ਜੰਮਣ-ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ। ਇਸ ਅਸਾਧ ਰੋਗ ਦੀ ਜੀਵ ਨੂੰ ਇਸ ਦੀ ਅਗਿਆਨਤਾ ਕਾਰਨ ਸਮਝ ਨਹੀਂ ਪੈਂਦੀ। ਇਸ ਰੋਗ ਤੋਂ ਛੁਟਕਾਰਾ ਤੇ ਭਵਸਾਗਰ ਨੂੰ ਕੋਟਿ ਜੱਗ ਕਰਕੇ ਵੀ ਪਾਰ ਨਹੀਂ ਕੀਤਾ ਜਾ ਸਕਦਾ। ਇਸ ਨੂੰ ਤਾਂ ਸਿਰਫ਼ ਰਾਮ ਨਾਮ ਰਾਹੀਂ ਪਾਰ ਕੀਤਾ ਜਾ ਸਕਦਾ ਹੈ:-

1 ਅੰਤਰ ਸੰਸਾਰ ਅਪਾਰ ਭੌਸਾਗਰ, ਤਾ ਮੈ ਜਾਮਣ ਮਰਨ ਸੰਦੇਹ ਭਾਰੀ।।
ਕਾਮ ਭ੍ਰਮ, ਕ੍ਰੋਧ ਭ੍ਰਮ, ਲੋਭ ਭ੍ਰਮ, ਮੋਹ ਭ੍ਰਮ, ਅਨੰਤ ਭਰਮ ਛੇਦ ਮੋ ਕਰਹਿ ਪਾਰੀ।।[222]

2 ਭੌਜਲ ਬਿਆਧਿ ਅਸਾਧਿ ਪ੍ਰਬਲ ਅਤਿ, ਪਰਮ ਪੰਥ ਨ ਗਹੀਜੈ।
ਪੜ੍ਹੈ ਗੁਨੈ ਕਛੂ ਸਮਝਿ ਨ ਪਰਈ, ਅਨਭੈ ਪਦੁ ਨ ਲਹੀਜੈ।।[223]

3 ਕੋਟਿ ਜਗ ਜੌ ਕੋਊ ਕਰੈ, ਰਾਮ ਨਾਮ ਬਿਨ ਤੋਊ ਨ ਨਿਸਤਾਰੈ।।[224]

ਇਸ ਭਵਸਾਗਰ ਨੂੰ ਪਾਰ ਕਰਨ ਲਈ ਗੁਰੂ ਰਵਿਦਾਸ ਜੀ ਜੀਵ ਨੂੰ ਸੁਰਤਿ ਨੂੰ ਸਾਧਣ, ਅਤੇ ਦਸਾਂ ਨਹੁੰਆਂ ਦੀ ਕਿਰਤ ਕਰਦਿਆਂ ਪ੍ਰਭੂ ਨਾਲ ਪਿਆਰ ਕਰਨ ਤੇ ਉਸ ਨੂੰ ਧਿਆਉਣ ਦਾ ਉਪਦੇਸ਼ ਦਿੰਦੇ ਹਨ:-

1 ਰਵਿਦਾਸ ਸੁਰਤਿ ਕੂੰ ਸਾਧਿ ਕਰ ਮੋਹਨ ਸੋ ਕਰ ਪਿਆਰ।
ਭੌਜਲ ਕਰ ਸੰਕਟ ਕਟਹਿਂ, ਛੂਟਹਿਂ ਬਿਘਨ ਬਿਕਾਰ।।[225]

2 ਰਵਿਦਾਸ ਹੌਂ ਨਿਜ ਹੱਥਹਿਂ ਰਾਖੌਂ ਰਾਂਬੀ ਆਰ।
ਸੁਕਿਰਿਤ ਹੀ ਮਮ ਧਰਮ ਹੈ, ਤਾਰੈਗਾ ਭਵ ਪਾਰ।।[226]

ਸ੍ਰੀ ਗੁਰੂ ਨਾਨਕ ਦੇਵ ਜੀ ਇਸ ਸੰਸਾਰ ਸਾਗਰ ਨੂੰ ਤਰਨ ਲਈ ਜੀਵ ਲਈ ਗੁਰੂ ਦਾ ਸ਼ਬਦ ਜ਼ਰੂਰੀ ਦੱਸਦੇ ਹਨ। ਗੁਰੂ ਦੇ ਸ਼ਬਦ ਰਾਹੀਂ ਅੰਤਰ ਦੀ ਦੁਬਿਧਾ ਨੂੰ ਹਿਰਦੇ ਦੇ ਅੰਦਰ ਹੀ ਜਾਲ ਦੇਣਾ ਚਾਹੀਦਾ ਹੈ। ਗੁਰੂ ਦੇ ਸ਼ਬਦ ਵਿਚ ਜੁੜਿਆ ਮਨੁੱਖ ਗੁਰੂ ਦੇ ਸ਼ਬਦ ਰੂਪੀ ਧਨੁੱਖ ਰਾਹੀਂ ਸੱਤ, ਸੰਤੋਖ, ਦਇਆ, ਧਰਮ ਅਤੇ ਧੀਰਜ ਨਾਮ ਦੇ ਪੰਜ ਤੀਰਾਂ ਨਾਲ ਮੌਤ ਦੇ ਡਰ ਨੂੰ ਮਾਰ ਦੇਂਦਾ ਹੈ:-

ਇਹ ਭਵਜਲੁ ਜਗਤ ਸਬਦਿ ਗੁਰ ਤਰੀਐ।। ਅੰਤਰ ਕੀ ਦੁਬਿਧਾ ਅੰਤਰਿ ਜਰੀਐ।
ਪੰਚ ਬਾਣ ਲੇ ਜਮ ਕਉ ਮਾਰੈ ਗਗਨੰਤਰਿ ਧਣਖੁ ਚੜਾਇਆ।।[227]

ਇਹ ਜਗਤ ਬੜੇ ਵੱਡੇ ਜਾਲ ਵਿਚ ਫਸਿਆ ਹੋਇਆ ਹੈ। ਇਸ ਜਾਲ ਵਿਚੋਂ ਗੁਰੂ ਦੀ ਮਿਹਰ ਨਾਲ ਹੀ ਨਿਕਲਿਆ ਜਾ ਸਕਦਾ ਹੈ, ਕਿਉਂ ਕਿ ਜਗਤ ਦੀ ਜ਼ਿੰਦਗੀ ਦਾ ਮਾਇਆ ਦੇ ਜ਼ਹਿਰ ਨਾਲ ਲੱਦਿਆ ਬੇੜਾ ਸੰਸਾਰ-ਸਮੁੰਦਰ ਵਿੱਚ ਠਿਲ੍ਹ ਰਿਹਾ ਹੈ, ਜਿੱਥੇ ਉਸਨੂੰ ਕੋਈ ਕੰਢਾ ਨਜ਼ਰ ਨਹੀਂ ਆਉਂਦਾ, ਕੋਈ ਮਲਾਹ ਵੀ ਨਹੀਂ। ਇਸ ਭਿਆਨਕ ਸਮੁੰਦਰ ਵਿਚੋਂ ਗੁਰੂ ਰੂਪੀ ਜਹਾਜ਼ ਰਾਹੀਂ, ਉਸਦੇ ਸ਼ਬਦ ਰਾਹੀਂ ਹੀ ਪਾਰ ਲੰਘਿਆ ਜਾ ਸਕਦਾ ਹੈ, ਜਿਥੇ ਹਵਾ, ਅੱਗ, ਪਾਣੀ ਆਦਿ ਕੋਈ ਚੀਜ਼ ਵੀ ਜ਼ੋਰ ਨਹੀਂ ਪਾ ਸਕਦੀ। ਉਸ ਅਵਸਥਾ ਵਿੱਚ ਪਹੁੰਚ ਕੇ ਜੀਵ ਸਦਾ-ਥਿਰ ਪ੍ਰਭੂ ਦੇ ਨਾਮ ਵਿੱਚ ਲੀਨ ਰਹਿ ਕੇ ਸੰਸਾਰ-ਸਮੁੰਦਰ ਤੋਂ ਪਾਰ ਲੰਘਣ ਦੇ ਸਮਰਥ ਹੋ ਜਾਂਦਾ ਹੈ:-

ਬਿਖੁ ਬੋਹਿਥਾ ਲਾਦਿਆ ਦੀਆ ਸਮੁੰਦ ਮੰਝਾਰਿ।।
ਕੰਧੀ ਦਿਸਿ ਨ ਆਵਈ ਨਾ ਉਰਵਾਰੁ ਨ ਪਾਰੁ।।
ਵੰਝੀ ਹਾਥਿ ਨ ਖੇਵਟੂ ਜਲੁ ਸਾਗਰੁ ਅਸਰਾਲੁ।।
ਬਾਬਾ ਜਗੁ ਫਾਥਾ ਮਹਾ ਜਾਲਿ।।
ਗੁਰ ਪਰਸਾਦੀ ਉਬਰੇ ਸਚਾ ਨਾਮੁ ਸਮਾਲਿ।।ਰਹਾਉ।।
ਸਤਿਗੁਰੂ ਹੈ ਬੋਹਿਥਾ ਸਬਦਿ ਲੰਘਾਵਣਹਾਰੁ।।
ਤਿਥੈ ਪਵਣੁ ਨ ਪਾਵਕੋ ਨਾ ਜਲੁ ਨਾ ਆਕਾਰੁ।।
ਤਿਥੈ ਸਚਾ ਸਚਿ ਨਾਇ ਭਵਜਲ ਤਾਰਣਹਾਰੁ।।[228]

ਗੁਰੂ ਦੀ ਮਹੱਤਤਾ ਦਾ ਜ਼ਿਕਰ ਕਰਦਿਆਂ ਡਾ. ਰਤਨ ਸਿੰਘ ਜੱਗੀ ਲਿਖਦੇ ਹਨ ਕਿ ਅਧਿਆਤਮਕ ਖੇਤਰ ਦੀ ਜਗਿਆਸਾ ਅਤੇ ਕੌਤੂਹਲ ਨੂੰ ਸ਼ਾਂਤ ਕਰਨ ਲਈ ਉੱਤਮ ਮਾਰਗ ਦਰਸ਼ਕ ਪਰਮ-ਪੁਰਖ ਦੀ ਅਤਿ ਅੰਤ ਲੋੜ ਹੈ। ਜਿਵੇਂ ਅੰਧਕਾਰ ਨੂੰ ਦੂਰ ਕਰਨ ਲਈ ਪ੍ਰਕਾਸ਼ ਦੀ ਜ਼ਰੂਰਤ ਹੈ, ਅਗਿਆਨ ਨੂੰ ਦੂਰ ਕਰਨ ਲਈ ਗਿਆਨ ਦੀ ਲੋੜ ਹੈ। ਇਸੇ ਤਰ੍ਹਾਂ ਮਾਇਆ ਦੇ ਅੰਧਕਾਰ ਨੂੰ ਛਿੰਨ-ਭਿੰਨ ਕਰਨ ਲਈ ਗੁਰੂ ਦੀ ਜ਼ਰੂਰਤ ਹੈ।[229]

ਗੁਰੂ ਸ਼ਬਦ ਦਾ ਬਹੁਤ ਮਹੱਤਵ ਹੈ। ਇਸ ਸ਼ਬਦ ਰਾਹੀਂ ਹੀ ਭਵਸਾਗਰ ਪਾਰ ਕੀਤਾ ਜਾ ਸਕਦਾ ਹੈ। ਸਿੱਧਾਂ ਦੇ ਪ੍ਰਸ਼ਨਾਂ ਦੇ ਉੱਤਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੱਸਦੇ ਹਨ ਕਿ ਇਸ ਸੰਸਾਰ ਸਮੁੰਦਰ ਨੂੰ ਇਸ ਸੰਸਾਰ ਵਿਚ ਕੰਵਲ ਦੇ ਫੁੱਲ ਤੇ ਮੁਰਗਾਈ ਵਾਂਗ ਨਿਰਲੇਪ ਰਹਿੰਦਿਆਂ ਗੁਰੂ ਦੇ ਸ਼ਬਦ ਵਿਚ ਸੁਰਤਿ ਜੋੜ ਕੇ ਨਾਮ ਜਪਿਆਂ ਹੀ ਤਰਿਆ ਜਾ ਸਕਦਾ ਹੈ। ਕਿਉਂ ਕਿ ਇਸ ਰਾਹੀਂ ਹੀ ਪਹਿਲਾਂ ਕਿੰਨੇ ਦੇਵੀ-ਦੇਵਤੇ, ਤਪੱਸਵੀ, ਮੁਨੀ

ਆਦਿ ਤਰ ਗਏ ਹਨ। ਗੁਰੂ ਦੇ ਨਾਮ ਤੋਂ ਬਿਨਾਂ ਜਗਤ ਅਸਾਧ ਰੋਗਾਂ ਵਿਚ ਫਸਿਆ ਰਹਿੰਦਾ ਹੈ। ਇਸੇ ਦੀ ਬਰਕਤ ਨਾਲ ਕ੍ਰਿਸ਼ਨ ਜੀ ਨੇ ਗੋਵਰਧਨ ਪਹਾੜ ਨੂੰ ਚੁੱਕ ਲਿਆ ਤੇ ਰਾਮ ਚੰਦਰ ਜੀ ਨੇ ਪੱਥਰ ਸਮੁੰਦਰ ਉੱਤੇ ਤਾਰ ਦਿੱਤੇ ਸਨ:–

1. ਜੈਸੇ ਜਲ ਮਹਿ ਕਮਲੁ ਨਿਰਾਲਮੁ, ਮੁਰਗਾਈ ਨੈ ਸਾਣੇ।।
ਸੁਰਤਿ ਸਬਦਿ ਭਵ ਸਾਗਰ ਤਰੀਐ, ਨਾਨਕ ਨਾਮੁ ਵਖਾਣੇ।।[230]

2 ਗੁਰ ਕੈ ਸਬਦਿ ਤਰੇ ਮੁਨਿ ਕੇਤੇ ਇੰਦ੍ਰਾਦਿਕ ਬ੍ਰਹਮਾਦਿ ਤਰੇ।।
ਸਨਕ ਸਨੰਦਨ ਤਪਸੀ ਜਨ ਕੇਤੇ ਗੁਰਪਰਸਾਦੀ ਪਾਰਿ ਪਰੇ।।
ਭਵਜਲੁ ਬਿਨੁ ਸਬਦੈ ਕਿਉ ਤਰੀਐ।। ਨਾਮ ਬਿਨਾ ਜਗੁ ਰੋਗਿ ਬਿਆਪਿ
ਦੁਬਿਧਾ ਡੁਬਿ ਡੁਬਿ ਮਰੀਐ।।[231]

3 ਗੁਰਮਤਿ ਲੇਹੁ ਤਰਹੁ ਭਵ ਦੁਤਰੁ ਮੁਕਤਿ ਭਏ ਸੁਖੁ ਪਾਇਆ।।
ਗੁਰਮਤਿ ਕ੍ਰਿਸਨਿ ਗੋਵਰਧਨ ਧਾਰੇ।। ਗੁਰਮਤਿ ਸਾਇਰਿ ਪਾਹਣ ਤਾਰੇ।[232]

ਇਸ ਸੰਸਾਰ ਸਮੁੰਦਰ ਵਿੱਚ ਵਿਕਾਰਾਂ ਦੇ ਝੱਖੜ ਝੁੱਲ ਰਹੇ ਹਨ, ਹੜ੍ਹ ਆਏ ਹੋਏ ਹਨ। ਗੁਰੂ ਕੋਲ ਫਰਿਆਦ ਕਰਨ ਨਾਲ ਹੀ ਮਨੁੱਖ ਦੀ ਜੀਵਨ ਬੇੜੀ ਸੰਸਾਰ ਸਮੁੰਦਰ ਵਿੱਚ ਡੁੱਬਣ ਤੋਂ ਬਚ ਸਕਦੀ ਹੈ:–

ਝੜ ਝੱਖੜ ਓਹਾੜ ਲਹਰੀ ਵਹਨਿ ਲਖੇਸਰੀ।।
ਸਤਿਗੁਰ ਸਿਉ ਆਲਾਇ ਬੇੜੇ ਡੁਬਣਿ ਨਾਹਿ ਭਉ।।[233]

ਨਾਮ ਸਿਮਰਨ ਤੋਂ ਬਿਨਾਂ ਸਰੀਰ ਨੂੰ ਦੁੱਖ ਵਿਆਪਦੇ ਰਹਿੰਦੇ ਹਨ ਤੇ ਸਰੀਰ ਕੱਲਰ ਦੀ ਕੰਧ ਵਾਂਗ ਕਿਰਦਾ ਰਹਿੰਦਾ ਹੈ। ਮਨ ਨੂੰ ਗੁਰੂ ਦੇ ਸ਼ਬਦ ਵਿੱਚ ਰੰਗ ਕੇ ਪ੍ਰਭੂ ਦੀ ਰਟ ਨਾਲ ਉਹ ਆਤਮਕ ਅਵਸਥਾ ਪ੍ਰਾਪਤ ਹੋ ਜਾਂਦੀ ਹੈ ਜਿਥੇ ਕੋਈ ਵਾਸ਼ਨਾ ਨਹੀਂ ਮੋਹ ਸਕਦੀ। ਅਹੰਕਾਰੀ ਮਨ ਮਰ ਜਾਂਦਾ ਹੈ ਤੇ ਜੀਵ ਅਸਲੀ ਜੀਵਨ ਜੀਉਂਦਾ ਹੋਇਆ ਮੁਕਤੀ ਪ੍ਰਾਪਤ ਕਰਦਾ ਹੈ। ਫਿਰ ਉਸਨੂੰ ਦੂਜੀ ਵਾਰ ਨਹੀਂ ਮਰਨਾ ਪੈਂਦਾ:–

ਬਿਨੁ ਨਾਵੈ ਦੁਖੁ ਦੇਹੁਰੀ ਜਿਉ ਕਲਰ ਕੀ ਭੀਤਿ।।
ਤਬ ਲਗੁ ਮਹਲੁ ਨ ਪਾਈਐ ਜਬ ਲਗੁ ਸਾਚੁ ਨ ਚੀਤਿ।।
ਸਬਦਿ ਰਪੈ ਘਰੁ ਪਾਈਐ ਨਿਰਬਾਣੀ ਪਦੁ ਨੀਤਿ।।
ਸਬਦਿ ਮਰੈ ਸੋ ਮਰਿ ਰਹੈ ਫਿਰਿ ਮਰੈ ਨ ਦੂਜੀ ਵਾਰ।।
ਸਬਦੈ ਹੀ ਤੇ ਪਾਈਐ ਹਰਿ ਨਾਮੇ ਲਗੈ ਪਿਆਰੁ।
ਬਿਨੁ ਸਬਦੈ ਜਗੁ ਭੁਲਾ ਫਿਰੈ ਮਰਿ ਜਨਮੈ ਵਾਰੋ ਵਾਰ।।[234]

ਪ੍ਰਭੂ ਸਿਮਰਨ ਦੇ ਬੇੜੇ ਰਾਹੀਂ ਸੰਸਾਰ ਸਮੁੰਦਰ ਤੋਂ ਪਾਰ ਲੰਘਿਆ ਜਾ ਸਕਦਾ ਹੈ। ਕਿਉਂ ਕਿ ਪ੍ਰਭੂ ਸਿਮਰਨ ਦੀ ਬਰਕਤ ਨਾਲ ਜੀਵਨ-ਰਸਤਾ ਸੌਖਾ ਹੋ ਜਾਂਦਾ ਹੈ ਅਤੇ ਸੰਸਾਰਕ ਮੋਹ ਵੀ ਉਛਾਲੇ ਨਹੀਂ ਮਾਰਦਾ:-

ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ।।
ਨਾ ਸਰਵਰੁ ਨਾ ਉਛਲੈ ਐਸਾ ਪੰਥੁ ਸੁਹੇਲਾ।।[235]

ਅਸਲ ਵਿੱਚ ਗੁਰੂ ਦੇ ਰਾਹ ਤੇ ਤੁਰਨਾ ਹੀ ਸਾਰੀਆਂ ਅੱਠੇ ਕਰਾਮਾਤੀ ਤਾਕਤਾਂ ਤੇ ਅਕਲਾਂ ਦੀ ਪ੍ਰਾਪਤੀ ਹੈ ਕਿਉਂ ਕਿ ਇਸ ਰਾਹ ਤੇ ਚੱਲਦਿਆਂ ਉਸਦੀ ਦਿੱਤੀ ਹੋਈ ਸੱਚੀ ਮੱਤ ਨਾਲ ਸੰਸਾਰ-ਸਮੁੰਦਰ ਨੂੰ ਤਰ ਜਾਈਦਾ ਹੈ।[236] ਅਜਿਹਾ ਜੀਵ ਵੇਦਾਂ ਦਾ ਗਿਆਤਾ ਹੋ ਜਾਂਦਾ ਹੈ। ਹਉਮੈ ਤੋਂ ਖਲਾਸੀ ਦਾ ਰਸਤਾ ਲੱਭ ਪੈਂਦਾ ਹੈ ਅਤੇ ਅੰਦਰਲੇ ਦੀ ਸੂਝ ਪੈ ਜਾਂਦੀ ਹੈ।[237]

ਇਸ ਦੁੱਤਰ ਸਾਗਰ ਨੂੰ ਤਰਨ ਵਾਲਾ 'ਸ਼ਬਦ' ਹਰ ਥਾਂ ਭਰਪੂਰ ਹੈ ਤੇ ਇਹ ਸ਼ਬਦ ਅਲੱਖ ਪ੍ਰਭੂ ਦਾ ਰੂਪ ਹੈ। ਪਰ ਜਿਸ ਜੀਵ ਉੱਤੇ ਪ੍ਰਭੂ ਮਿਹਰ ਦੀ ਨਜ਼ਰ ਕਰਦਾ ਹੈ। ਉਸਦੇ ਹਿਰਦੇ ਵਿੱਚ ਹੀ ਇਹ ਸ਼ਬਦ ਵਸਦਾ ਹੈ। ਉਸਦੀ ਭਟਕਣਾ ਖਤਮ ਹੋ ਜਾਂਦੀ ਹੈ, ਮਨ ਤੇ ਬਾਣੀ ਪਵਿਤ੍ਰ ਹੋ ਜਾਂਦੀ ਹੈ। ਮਾਇਆ ਦਾ ਪ੍ਰਭਾਵ ਖਤਮ ਹੋ ਜਾਂਦਾ ਹੈ, ਵੱਖਰਾਪਨ ਮਿਟ ਜਾਂਦਾ ਹੈ ਅਤੇ ਉਹ ਸੰਸਾਰ ਸਮੁੰਦਰ ਨੂੰ ਤਰ ਜਾਂਦਾ ਹੈ।[238]

ਕਿਹਾ ਜਾ ਸਕਦਾ ਹੈ ਕਿ ਗੁਰੂ ਰਵਿਦਾਸ ਜੀ ਅਤੇ ਗੁਰੂ ਨਾਨਕ ਦੇਵ ਜੀ ਦੋਹਾਂ ਹੀ ਗੁਰੂਆਂ ਨੇ ਇਸ ਸੰਸਾਰ ਨੂੰ ਭਵ ਸਾਗਰ, ਦੁੱਤਰ ਸਾਗਰ ਮੰਨਦਿਆਂ ਇਸ ਨੂੰ ਗੁਰੂ ਸ਼ਬਦ ਰਾਹੀਂ ਪਾਰ ਕਰਨ ਦਾ ਰਾਹ ਦੱਸਿਆ ਹੈ। ਜੀਵ ਮਾਇਆ ਮੋਹ ਵਿਚ ਫਸਿਆ ਇਸ ਭਵਸਾਗਰ ਵਿਚ ਚੱਕਰ ਕੱਟ ਰਿਹਾ ਹੈ। ਨਾਮ ਹੀ ਇਕ ਇਹੋ ਜਿਹਾ ਸਾਧਨ, ਵਸੀਲਾ ਅਤੇ ਕਿਸ਼ਤੀ ਹੈ ਜਿਸ ਰਾਹੀਂ ਪਾਰ ਲੰਘਿਆ ਜਾ ਸਕਦਾ ਹੈ। ਸੁਰਤਿ ਗੁਰੂ ਦੇ ਸ਼ਬਦ ਵਿਚ ਜੋੜ ਕੇ ਦਸਾਂ ਨਹੁੰਆਂ ਦੀ ਕਿਰਤ ਕਰਦਿਆਂ ਅੰਤਰ ਦੀ ਦੁਬਿਧਾ ਨੂੰ ਮਾਰਿਆ ਜਾ ਸਕਦਾ ਹੈ ਅਤੇ ਸਤ ਸੰਤੋਖ, ਦਇਆ, ਧਰਮ ਅਤੇ ਧੀਰਜ ਆਦਿ ਗੁਣ ਧਾਰਨ ਕਰਕੇ ਮੌਤ ਦੇ ਡਰ ਨੂੰ ਵੀ ਟਾਲਿਆ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਨੇ ਤਾਂ ਆਪਣੀ ਬਾਣੀ ਵਿੱਚ ਇਸ ਸੰਸਾਰ-ਸਮੁੰਦਰ ਨੂੰ ਤਰਨ ਲਈ ਗੁਰੂ ਦੇ ਸ਼ਬਦ ਤੇ ਬਹੁਤ ਜ਼ੋਰ ਦਿੱਤਾ ਹੈ। ਕਿਉਂ ਕਿ ਗੁਰੂ ਤੋਂ ਬਿਨਾਂ ਹੋਰ ਕੋਈ ਮਾਰਗ-ਦਰਸ਼ਨ ਨਹੀਂ ਕਰ ਸਕਦਾ।

ਜਗਤਿਕ ਸੁੱਖ-ਦੁੱਖ

ਜੀਵਨ ਗਤੀਸ਼ੀਲ ਹੈ। ਇਸ ਗਤੀਸ਼ੀਲਤਾ ਸਮੇਂ ਪ੍ਰਾਣੀ ਕਈ ਜੀਵਨ ਪੜਾਵਾਂ ਨੂੰ ਪਾਰ ਕਰਦਾ ਹੋਇਆ ਅੱਗੇ ਵਧਦਾ ਹੈ। ਇਸ ਪ੍ਰਕਿਰਿਆ ਸਮੇਂ ਮਨੁੱਖ ਦੇ ਸਰੀਰ ਵਿੱਚ ਕੁੱਝ ਜੁੜਦਾ ਅਤੇ ਕੁੱਝ ਟੁੱਟਦਾ ਰਹਿੰਦਾ ਹੈ। ਜਿਸ ਕਾਰਣ ਜੀਵ ਨੂੰ ਸੁੱਖਾਂ-ਦੁੱਖਾਂ ਨਾਲ ਜੂਝਣਾ ਪੈਂਦਾ ਹੈ। ਜੋ ਸਰੀਰਕ ਤੇ ਮਾਨਸਿਕ ਜਾਂ ਆਤਮਿਕ ਹੋ ਸਕਦੇ ਹਨ। ਸਰੀਰਕ ਦੁੱਖ ਤਾਂ ਸਭ ਪ੍ਰਾਣੀਆਂ ਲਈ ਸਾਂਝੇ ਹਨ ਜਿਨ੍ਹਾਂ ਤੇ ਕਾਬੂ ਪਾਇਆ ਜਾ ਸਕਦਾ ਹੈ। ਪਰ ਸਮੱਸਿਆ ਹੈ ਮਾਨਸਿਕ , ਆਤਮਿਕ ਜਾਂ ਅੰਦਰੂਨੀ ਦੁੱਖਾਂ ਦੀ ਜੋ ਪਦਾਰਥਕ ਪ੍ਰਾਪਤੀਆਂ ਦੀ ਪਕੜ ਤੋਂ ਉੱਪਰ ਹਨ। ਇਹ ਸੁੱਖ ਤੇ ਦੁੱਖ ਸੰਸਾਰਕ ਪ੍ਰਾਪਤੀ ਅਤੇ ਅਪ੍ਰਾਪਤੀ ਨਾਲ ਸੰਬੰਧਿਤ ਹਨ। ਘਟਨਾਵਾਂ ਜਾਂ ਸਥਿਤੀਆਂ ਜਦੋਂ ਮਨੁੱਖ ਦੇ ਅਨੁਕੂਲ ਹੁੰਦੀਆਂ ਹਨ ਤਾਂ ਉਹ ਸੁੱਖ ਦੀਆਂ ਸੂਚਕ ਹੁੰਦੀਆਂ ਹਨ ਪਰ ਜਦੋਂ ਉਲਟ ਜਾਂ ਪ੍ਰਤੀਕੂਲ ਹੁੰਦੀਆਂ ਹਨ ਤਾਂ ਉਹ ਦੁੱਖ ਕਹਾਉਂਦੀਆਂ ਹਨ। ਮਨੁੱਖ ਦੀ ਦੌੜ ਵਧ ਤੋਂ ਵੱਧ ਜੀਵਨ ਸਹੂਲਤਾਂ ਵਲ ਲੱਗੀ ਹੋਈ ਹੈ। ਇਸ ਸਵਾਰਥ ਅਧੀਨ ਈਰਖਾ, ਸਾੜਾ, ਵੈਰ-ਵਿਰੋਧ, ਕਾਮ-ਕ੍ਰੋਧ, ਲੋਭ, ਮੋਹ, ਅਹੰਕਾਰ ਪੈਦਾ ਹੁੰਦਾ ਹੈ। ਇਸ ਤਰ੍ਹਾਂ ਵਿਅਕਤੀ ਦੀਆਂ ਆਤਮ-ਮੁਖੀ ਤਾਂਘਾਂ ਅਤੇ ਬਾਹਰੀ ਠੋਸ ਹਾਲਤਾਂ ਵਲੋਂ ਜੋ ਰੋਕਾਂ ਤੇ ਸੀਮਾਵਾਂ ਲਗ ਜਾਂਦੀਆਂ ਹਨ, ਉਨ੍ਹਾਂ ਦੇ ਸਦੀਵੀ ਤਣਾਉ ਤੋਂ ਦੁੱਖ ਪੈਦਾ ਹੁੰਦਾ ਹੈ। ਦੁੱਖ ਮਨੁੱਖੀ ਇਛਾਵਾਂ, ਮਨੋਕਾਮਨਾਵਾਂ, ਜੋਰ, ਸਮਾਨਤਾ ਅਤੇ ਉਸਦੇ ਆਪਣੇ ਹਿਤਾਂ ਦੇ ਰਾਹ ਵਿਚ ਆਈਆਂ ਰੁਕਾਵਟਾਂ ਤੋਂ ਪੈਦਾ ਹੋਈ ਨਿਰਾਸਤਾ ,ਉਦਾਸੀ ਅਤੇ ਬੁਜ਼ਾਂ ਦੀ ਅਭਿਵਿਅਕਤੀ ਹੀ ਹੈ। ਉਜ ਵੀ ਆਰੰਭ ਤੋਂ ਹੀ ਆਦਮੀ ਪਰਮੇਸ਼ੁਰ ਦਾ ਵਿਰੋਧ ਕਰਕੇ ਜੋ ਆਪਣੇ ਲਈ ਸ਼ਕਤੀ ਪ੍ਰਾਪਤ ਕਰਨ ਦੀ ਇੱਛਾ ਕਰਦਾ ਆਇਆ ਹੈ ਅਤੇ ਜਿਸ ਤਰ੍ਹਾਂ ਨਾਲ ਉਹ ਆਪਣੀ ਚੋਣ ਕਰਨ ਦੀ ਆਜ਼ਾਦੀ ਦੀ ਵਰਤੋਂ ਕਰ ਰਿਹਾ ਹੈ, ਉਸਨੂੰ ਆਪਣੇ ਦੁੱਖ ਦੀ ਭਿਅੰਕਰਤਾ ਤੱਕ ਪਹੁੰਚਾ ਦਿੱਤਾ ਹੈ।[239]

ਸਾਂਖਯ ਦਰਸ਼ਨ ਅਨੁਸਾਰ ਸੁੱਖ-ਦੁੱਖ ਚਿੱਤ ਦਾ ਵਿਕਾਰ ਹੈ।ਜਦ ਕਿ ਨਿਆਇਕ ਸੁੱਖ-ਦੁੱਖ ਨੂੰ ਆਤਮਾ ਦਾ ਗੁਣ ਮੰਨਦੇ ਹਨ। ਹੋਰ ਬਹੁਤੇ ਇਸ ਨੂੰ ਬੁੱਧੀ ਦਾ ਪਰਿਣਾਮ ਮੰਨਦੇ ਹਨ। ਨੀਤੀ ਵਾਲੇ ਸੁੱਖ-ਦੁੱਖ ਦਾ ਸੰਬੰਧ ਧਰਮ ਤੇ ਅਧਰਮ ਨਾਲ ਜੋੜਦੇ ਹਨ।[240] ਡਾ. ਉਮੇਸ਼ ਮਿਸਰ ਲਿਖਦੇ ਹਨ ਕਿ ਸੁੱਖ ਅਤੇ ਦੁੱਖ ਦੋਵੇਂ ਜੀਵਨ 'ਚ ਘੁਲੇ ਮਿਲੇ ਹਨ ਅਤੇ ਇੱਕ-ਦੂਜੇ ਤੇ ਨਿਰਭਰ ਹਨ। ਨਿਆਂ ਸ਼ਾਸਤਰ ਅਨੁਸਾਰ ਇਸ ਸੰਸਾਰ 'ਚ ਕੋਈ ਵੀ ਜੀਵ ਦੁੱਖ ਤੋਂ ਰਹਿਤ ਨਹੀਂ।[241]

ਮਨੁੱਖ ਸੰਵੇਦਨਸ਼ੀਲ ਪ੍ਰਾਣੀ ਹੋਣ ਕਰਕੇ ਵੀ ਦੁੱਖ ਨੂੰ ਬਹੁਤ ਵਧਾ ਚੜ੍ਹਾ ਕੇ ਵੇਖਦਾ

ਹੈ। ਭੂਤਕਾਲ ਵਿਚ ਵਾਪਰੀਆਂ ਸਰੀਰਕ ਅਤੇ ਮਾਨਸਿਕ ਘਟਨਾਵਾਂ ਉਸਨੂੰ ਦੁਖੀ ਕਰਦੀਆਂ ਹਨ। ਭਵਿੱਖ ਦੀ ਸੋਚ ਵੀ ਉਸ ਨੂੰ ਬੇਚੈਨ ਰੱਖਦੀ ਹੈ। ਇਸ ਤਰ੍ਹਾਂ ਮਨੁੱਖੀ ਮਨ ਦੁੱਖ, ਲੋੜ, ਬੇਚੈਨੀ, ਅਸੰਤੋਸ਼, ਨਿਰਾਸਤਾ, ਅਪੂਰਣਤਾ ਦੀ ਭਾਵਨਾ ਤੋਂ ਮੁਕਤ ਨਾ ਹੋਣ ਕਰਕੇ ਦੁਖੀ ਰਹਿੰਦਾ ਹੈ। ਇਸ ਤਰ੍ਹਾਂ ਸੰਸਾਰ ਵਿਚ ਦੁੱਖਾਂ ਦੀ ਵਿਆਪਕਤਾ ਅਧੀਨ ਕਈ ਭਾਰਤੀ ਮੱਤਾਂ ਅਨੁਸਾਰ ਸੰਸਾਰ ਹੈ ਹੀ ਦੁੱਖਾਂ ਦਾ ਘਰ। ਦੁੱਖਵਾਦੀ ਦ੍ਰਿਸ਼ਟੀਕੋਣ ਨੂੰ ਮਹਾਤਮਾ ਬੁੱਧ ਤੋਂ ਸਿਧਾਂਤਿਕ ਰੂਪ ਮਿਲਿਆ ਪ੍ਰਤੀਤ ਹੁੰਦਾ ਹੈ। ਉਨ੍ਹਾਂ ਨੇ 'ਸਭ ਦੁੱਖ ਹੈ' ਦੀ ਘੋਸ਼ਣਾ ਕੀਤਾ ਅਤੇ ਮਰਨ ਨੂੰ ਦੁੱਖ ਮੰਨਿਆ। ਦੁੱਖ ਤੋਂ ਬਚਣ ਲਈ ਅਸ਼ਟਾਂਗ ਮਾਰਗ ਦੀ ਸਥਾਪਨਾ ਕਰਕੇ ਦੁੱਖ ਤੋਂ ਨਿਵਿਰਤੀ ਪ੍ਰਾਪਤੀ ਨੂੰ 'ਨਿਰਵਾਣ' ਕਿਹਾ। ਦੁਖਵਾਦ ਮੱਧਯੁੱਗ ਵਿਚ ਸੰਤਾਂ ਦੇ ਵੈਰਾਗ ਦੀ ਆਧਾਰ ਭੂਮੀ ਹੈ। ਜਿਨ੍ਹਾਂ ਅਨੁਸਾਰ ਦੁੱਖ ਤੋਂ ਬਚਣ ਦਾ ਉਪਾਅ ਵੈਰਾਗ ਹੈ। ਕਿਉਂ ਕਿ ਵੈਰਾਗ ਤੋਂ ਹੀ ਪਰਮਾਤਮਾ ਦੀ ਭਗਤੀ ਦੀ ਭਾਵਨਾ ਉਤਪੰਨ ਹੁੰਦੀ ਹੈ।[242] ਯੋਗ ਦਰਸ਼ਨ ਦਾ ਕਰਤਾ ਲਿਖਦਾ ਹੈ, " ਕਿਉਂ ਕਿ ਵਿਸ਼ੇ ਸੁੱਖ ਦੇ ਭੋਗ ਕਾਲ ਵਿੱਚ ਵੀ ਪਰਿਣਾਮ ਦੁੱਖ, ਤਾਪ ਦੁੱਖ ਅਤੇ ਸੰਸਾਰਕ ਦੁੱਖ ਬਣਿਆ ਰਹਿੰਦਾ ਹੈ ਅਤੇ ਗੁਣਾਂ ਦੇ ਸੁਭਾਅ ਵਿੱਚ ਵੀ, ਇਸ ਲਈ ਵਿਵੇਕੀ ਪੁਰਸ਼ ਲਈ ਸਭ ਕੁਝ ਦੁੱਖ ਹੀ ਹੈ।[243] ਭਗਵਤ ਗੀਤਾ ਵਿਚ ਵੀ ਲਿਖਿਆ ਹੈ ਕਿ ਇਹ ਸੰਸਾਰ ਅਨਿੱਤ ਅਤੇ ਦੁੱਖਾਂ ਨਾਲ ਭਰਪੂਰ ਹੈ।[244]

ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇਵ ਜੀ ਵੀ ਸੰਸਾਰ ਨੂੰ ਦੁੱਖਾਂ ਦਾ ਘਰ ਮੰਨਦੇ ਹਨ। ਗਿਆਨੀ ਪੁਰਸ਼ ਇਸ ਨੂੰ ਹਰੀ ਨਾਮ ਨਾਲ ਅਤੇ ਮੂਰਖ ਇਸ ਨੂੰ ਰੋ-ਰੋ ਕੇ ਕੱਟਦਾ ਹੈ। ਮਨੁੱਖ ਪੰਜ ਅਸਾਧ ਰੋਗਾਂ ਨਾਲ ਤਰਲੋ ਮੱਛੀ ਹੋ ਰਿਹਾ ਹੈ। ਇਹ ਰੋਗ ਰਾਮ ਰਸਾਇਣੁ ਰੂਪੀ ਅੰਮ੍ਰਿਤਪਾਨ ਕਰਨ ਨਾਲ ਹੀ ਦੂਰ ਹੋ ਸਕਦੇ ਹਨ।

(1) ਇਹ ਜਗ ਦੁੱਖ ਕੋ ਖੇਤਰੀ, ਇਹ ਜਾਨਤ ਸਬ ਕੋਇ।।
ਗਯਾਨੀ ਕਾਟਹਿ ਹਰਿ ਨਾਮ ਸੇ, ਮੂਰਖਿ ਕਾਟਯ ਰੋਇ।।[245]

(2) ਜਹਾਂ ਜਹਾਂ ਜਾਊਂ ਤਹਾਂ ਦੁਖ ਕੀ ਰਾਸੀ, ਜੋਨ ਪਤਯਾਵਹੁ ਸਾਧ ਹੈ ਸਾਖੀ।।
ਜਮਦੂਤਨ ਬਹੁ ਵਿਧਿ ਕਰਿਅਖੈ, ਤਉ ਨਿਲਜ ਮਨ ਅਜ ਹੂੰ ਨਹਿੰ ਹਾਰਯੋ।[246]

ਗੁਰੂ ਨਾਨਕ ਦੇਵ ਜੀ ਵੀ ਸੰਸਾਰ ਨੂੰ ਦੁੱਖਮਈ ਮੰਨਦੇ ਹਨ। ਗੁਰੂ ਜੀ ਇਤਿਹਾਸ, ਮਿਥਿਹਾਸ ਅਤੇ ਸਮਾਜਿਕ ਜੀਵਨ ਦਾ ਹਵਾਲਾ ਦਿੰਦਿਆਂ ਫੁਰਮਾਉਂਦੇ ਹਨ ਕਿ ਦੇਵ ਰਾਜ ਇੰਦ੍ਰ, ਪਰਸਰਾਮ, ਰਾਜਾ ਅਜੈ, ਸ੍ਰੀ ਰਾਮ ਚੰਦ੍ਰ ਜੀ, ਰਾਵਣ, ਪਾਂਡਵ, ਰਾਜਾ ਜਨਮੇਜਾ, ਵੱਡੇ ਵੱਡੇ ਸੇਖ, ਗੋਪੀ ਚੰਦ ਵਰਗੇ ਰਾਜੇ, ਕੰਜੂਸ ਧਨੀ, ਗਿਆਨਹੀਣ ਪੰਡਿਤ, ਪਤੀ ਤੋਂ ਵਿਛੜੀ ਨਾਰ, ਸਭ ਕਿਸੇ ਨਾ ਕਿਸੇ ਕਾਰਣ ਦੁੱਖੀ ਹੋਕੇ ਰੋਏ ਹਨ। ਇਸ ਤਰ੍ਹਾਂ ਸਾਰਾ ਸੰਸਾਰ ਹੀ

ਦੁਖੀ ਹੈ:–

ਸਹੰਸਰ ਦਾਨ ਦੇ ਇੰਦ੍ਰ ਰੁਆਇਆ।। ਪਰਸ ਰਾਮੁ ਰੋਵੈ ਘਰਿ ਆਇਆ।
ਅਜੈ ਸੁ ਰੋਵੈ ਭੀਖਿਆ ਖਾਇ।। ਐਸੀ ਦਰਗਹ ਮਿਲੈ ਸਜਾਇ।।
ਰੋਵੈ ਰਾਮੁ ਨਿਕਾਲਾ ਭਇਆ।। ਸੀਤਾ ਲਖਮਣੁ ਵਿਛੁੜਿ ਗਇਆ।।
- - - - - - - - - - - - - - - - - - - - - - - - -
ਬਾਲੀ ਰੋਵੈ ਨਾਹਿ ਭਤਾਰੁ।। ਨਾਨਕ ਦੁਖੀਆ ਸਭੁ ਸੰਸਾਰੁ।।[247]

ਜੀਵ ਦਾ ਜਨਮ ਦੁੱਖ ਵਿਚ ਤੇ ਮੌਤ ਵੀ ਦੁੱਖ ਵਿਚ ਹੀ ਹੁੰਦੀ ਹੈ। ਦੁਖਾਂ ਵਿਚ ਹੀ ਸੰਸਾਰਕ ਕਾਰ-ਵਿਹਾਰ ਕਰਦਾ ਹੈ। ਦੁੱਖਾਂ ਦੀਆਂ ਪੰਡਾਂ ਜੀਵ ਤੇ ਖੁਲ੍ਹੀਆਂ ਹੋਈਆਂ ਹਨ, ਕੋਈ ਸੁਖ ਨਹੀਂ ਮਿਲਦਾ। ਸਾਰੀ ਉਮਰ ਦੁੱਖਾਂ ਵਿਚ ਜਿੰਦ ਸਾੜਦਾ ਰਹਿੰਦਾ ਹੈ, ਦੁਖੀ ਅਵਸਥਾ ਵਿਚ ਹੀ ਇਥੋਂ ਚਲਾ ਜਾਂਦਾ ਹੈ:–

ਦੁਖ ਵਿਚਿ ਜੰਮਣੁ, ਦੁਖਿ ਮਰਣੁ, ਦੁਖਿ ਵਰਤਣੁ ਸੰਸਾਰਿ।।
ਦੁਖੁ ਦੁਖੁ ਅਗੈ ਆਖੀਐ ਪੜ੍ਹਿ ਪੜ੍ਹਿ ਕਰਹਿ ਪੁਕਾਰ।।
ਦੁਖ ਕੀਆ ਪੰਡਾ ਖੁਲ੍ਹੀਆ ਸੁਖੁ ਨ ਨਿਕਲਿਓ ਕੋਇ।।
ਦੁਖ ਵਿਚਿ ਜੀਉ ਜਲਾਇਆ ਦੁਖੀਆ ਚਲਿਆ ਰੋਇ।।[248]

ਫਰੀਦ ਜੀ ਦਾ ਕਥਨ ਹੈ:–

ਫਰੀਦਾ ਮੈ ਜਾਨਿਆ ਦੁੱਖ ਮੁਝ ਕੂ ਦੁਖੁ ਸਬਾਇਐ ਜਗਿ।
ਊਚੈ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ।।[249]

ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ:-

ਜਿਸ ਮਾਨੁਖ ਪਹਿ ਕਰਉ ਬੇਨਤੀ ਸੋ ਅਪੁਨੈ ਦੁਖ ਭਰਿਆ।।[250]

ਸ੍ਰੀ ਗੁਰੂ ਨਾਨਕ ਦੇਵ ਜੀ ਮਨੁੱਖ ਦੇ ਜੀਵਨ ਵਿੱਚ ਉਸ ਨੂੰ ਪੈਂਦੀ ਮਾਰ, ਦੁੱਖ, ਭੁੱਖ ਅਤੇ ਕਲੇਸ਼ ਨੂੰ ਉਸ ਪਰਮਾਤਮਾ ਦੀ ਬਖਸ਼ਿਸ਼ ਮੰਨਦੇ ਹਨ। ਇਸ ਸੰਸਾਰ ਵਿਚ ਸਾਰੇ ਦੁਖੀ ਹਨ। ਕੋਈ ਵਿਰਲਾ ਹੀ ਸੁਖੀ ਹੈ। ਸਾਰਾ ਸੰਸਾਰ ਚਿੰਤਤ ਵਿਖਾਈ ਦੇ ਰਿਹਾ ਹੈ।

ਪ੍ਰਭੂ ਨੂੰ ਸਿਮਰਨ ਤੋਂ ਬਿਨ੍ਹਾਂ ਸੁਖ ਨਹੀਂ ਮਿਲ ਸਕਦਾ:-

(1) ਕੇਤਿਆ, ਦੂਖ ਭੂਖ ਸਦ ਮਾਰ।। ਏਹਿ ਭਿ ਦਾਤਿ ਤੇਰੀ ਦਾਤਾਰ।[251]

(2) ਜਗੁ ਦੁਖੀਆ ਸੁਖੀਆ ਜਨੁ ਕੋਇ।। ਜਗੁ ਰੋਗੀ ਭੋਗੀ ਗੁਣ ਰੋਇ।।[252]

(3) ਚਿੰਤਤ ਹੀ ਦੀਸੈ ਸਭੁ ਕੋਇ।। ਚੇਤਹਿ ਏਕੁ ਤਹੀ ਸੁਖੁ ਹੋਇ।।[253]

ਸ੍ਰੀ ਗੁਰੂ ਰਵਿਦਾਸ ਜੀ ਅਨੁਸਾਰ ਸੰਸਾਰਕ ਸੁੱਖ-ਦੁੱਖਾਂ ਦਾ ਕਾਰਣ ਮਾਇਆ ਹੈ। ਮਾਇਆ ਵਿਚ ਗ੍ਰਸਿਆ ਜੀਵ ਕੁਕਰਮ ਕਰਦਾ ਹੈ। ਵਿਸ਼ੇ ਵਿਕਾਰ ਉਸ ਦਾ ਪਿੱਛਾ ਨਹੀਂ ਛੱਡਦੇ। ਦੁਨਿਆਵੀ ਸੁੱਖ ਪ੍ਰਾਪਤ ਕਰਨ ਲਈ ਉਹ ਮਾਇਆ ਪਿੱਛੇ ਭੱਜਦਾ ਹੈ। ਪ੍ਰੰਤੂ ਇਕ ਵਾਰ ਮਾਇਆ ਦੇ ਜਾਲ ਵਿਚ ਫਸਿਆ ਜੀਵ ਮਿੱਠੇ ਵਿੱਚ ਫਸੀ ਮੱਖੀ ਵਾਂਗ ਇਸ ਤੋਂ ਛੁਟਕਾਰਾ ਨਹੀਂ ਪਾ ਸਕਦਾ। ਅੰਤ ਵਿਚ ਇਹ ਮੋਹਣੀ ਮਾਇਆ ਹੀ ਉਸ ਲਈ ਦੁੱਖਾਂ ਦਾ ਕਾਰਣ ਬਣਦੀ ਹੈ:-

(1) ਸਯੂੰਭੁ ਕੋ ਚਿਤ ਚੋਰਿ ਲਿਯੋ ਹੈ, ਵਾਕੈ ਪਾਛੈ ਲਾਗਾ ਧਾਵੈ।।
ਇਨ ਬਾਤਨਿ ਸੁਖ ਚੈਨੁ ਮਹਿਯਤੁ ਹੈ, ਸਬ ਕੋ ਰਹੇ ਛੁਡਾਰੀ।।[254]

(2) ਨਾਂਵ ਛਾਡਿ ਜੇ ਡਾਂਡੇ ਬੈਸੇ, ਤੌ ਦੂਣਾ ਦੁਖ ਸਹੈਂ ਰੇ।।[255]

(3) ਦੁਖੀ ਦੁਹਾਗਨਿ ਦੋਇ ਪਖਹੀਨੀ, ਨੇਹ ਨਿਰਤਿ ਕਰਿ ਸੇਵਨਿ ਕੀਨੀ।।[256]

(4) ਯਹੁ ਸੰਸਾਰ ਸਘਨ ਬਨ ਵਿਖ ਕੋ, ਤਾ ਮੈ ਬਹੁ ਦੁਖ ਦੰਦ ਬਯਾਲਾਈ।[257]

ਸ੍ਰੀ ਗੁਰੂ ਨਾਨਕ ਦੇਵ ਜੀ ਵੀ ਇਸ ਸੰਸਾਰ ਨੂੰ ਵਿਕਾਰ ਆਖਦੇ ਹਨ। ਸਾਰੇ ਜੀਵ ਇਨ੍ਹਾਂ ਵਿਕਾਰਾਂ 'ਚ ਫਸੇ ਦੁਖ ਸਹੇੜ ਰਹੇ ਹਨ। ਇਸ ਵਿਕਾਰ-ਰੋਗ ਦੀ ਦਵਾਈ ਪ੍ਰਭੂ ਦੇ ਨਾਮ ਤੋਂ ਬਿਨ੍ਹਾਂ ਹੋਰ ਕੋਈ ਨਹੀਂ। ਦੁਖ ਕਲੇਸ਼ ਕਿਉਂ ਕਿ ਪ੍ਰਭੂ ਦੀ ਬਖਸ਼ਸ਼ ਹਨ। ਇਨ੍ਹਾਂ ਦੁੱਖਾਂ ਵਿਚੋਂ ਸੁੱਖ ਪੈਦਾ ਹੁੰਦੇ ਹਨ ਤੇ ਸੁੱਖਾਂ ਤੋਂ ਰੋਗ ਪੈਦਾ ਹੁੰਦੇ ਹਨ। ਮਾਇਆ ਦੀ ਇਹ ਭੁੱਖ ਪ੍ਰਭੂ ਦੀ ਸਿਫ਼ਤ ਸਲਾਹ ਨਾਲ ਲਹਿੰਦੀ ਹੈ ਤੇ ਸਾਰੇ ਦੁੱਖ ਰੋਗ ਨਾਸ਼ ਹੋ ਜਾਂਦੇ ਹਨ:-

ਇਹ ਸੰਸਾਰ ਸਗਲ ਬਿਕਾਰੁ।। ਤੇਰਾ ਨਾਮੁ ਦਾਰੂ ਅਵਰੁ ਨਾਸਤਿਕਰਣਹਾਰੁ ਅਪਾਰ।।

- - - - - - - - - - - - - - - - - - - - - - - - - - -

ਦੂਖਾ ਤੇ ਸੁਖ ਊਪਜਹਿ ਸੂਖੀ ਹੋਵਹਿ ਦੂਖ।।
ਜਿਤੁ ਮੁਖਿ ਤੂ ਸਾਲਾਹੀਅਹਿ ਤਿਤੁ ਮੁਖਿ ਕੈਸੀ ਭੂਖ।।[258]

ਇਹ ਮਨੁੱਖੀ ਮਨ ਕਾਮਾਦਿਕ ਚੋਰਾਂ ਦੇ ਆਖੇ ਲਗ ਕੇ ਮਾਇਆ ਪਿੱਛੇ ਦੌੜਦਾ ਫਿਰਦਾ ਹੈ ।ਮਨ ਪੰਛੀ ਆਕਾਸ਼ ਦੀਆਂ ਉਡਾਰੀਆਂ ਲਾਉਂਦਾ ਹੈ:-

ਮਨੁ ਮਾਇਆ ਮਨੁ ਧਾਇਆ ਮਨੁ ਪੰਖੀ ਆਕਾਸਿ॥[259]

ਸੰਸਾਰਕ ਮੋਹ ਦੇ ਜਾਲ ਵਿਚ ਫਸ ਕੇ ਜੀਵ ਜ਼ਹਰ ਖਾਂਦਾ, ਜਹਰ ਬੋਲਦਾ ਤੇ ਜ਼ਹਰ ਹੀ ਕਮਾਂਦਾ ਹੈ। ਅਜੇਹੇ ਜੀਵ ਜਮਰਾਜ ਦੇ ਬੂਹੇ ਤੇ ਮਾਨਸਿਕ ਦੁੱਖਾਂ ਦੀ ਮਾਰ ਖਾਂਦੇ ਹਨ:-

ਬਿਖੁ ਖਾਣਾ ਬਿਖੁ ਬੋਲਣਾ ਬਿਖੁ ਕੀ ਕਾਰ ਕਮਾਇ॥
ਜਮ ਦਰਿ ਬਾਧੇ ਮਾਰੀਅਹਿ ਛੂਟਸਿ ਸਾਚੈ ਨਾਇ॥[260]

ਇਸੇ ਲਈ ਗੁਰਮਤਿ ਵਿੱਚ ਪਰਾਧੀਨਤਾ ਨੂੰ ਲਾਹਨਤ ਕਿਹਾ ਗਿਆ ਹੈ। ਸੁਆਰਥ ਨੂੰ ਮੁੱਖ ਰੱਖ ਕੇ ਕਿਸੇ ਦੀ ਖੁਸ਼ਾਮਦ ਤੇ ਸੇਵਾ ਕਰਨਾ ਗੁਰੂ ਸਾਹਿਬ ਚੰਗਾ ਨਹੀਂ ਸਮਝਦੇ, ਸਗੋਂ ਪ੍ਰਭੂ ਦੀ ਰਟ ਲੈ ਕੇ ਸੁਤੰਤਰ ਹੋ ਜਾਣ ਦੀ ਪ੍ਰੇਰਨਾ ਦਿੰਦਾ ਹੈ। ਗੁਰੂ ਤੇਗ ਬਹਾਦਰ ਜੀ ਦਾ ਫੁਰਮਾਨ ਹੈ:-

ਸੁਖ ਕੈ ਹੇਤਿ ਬਹੁਤੁ ਦੁਖ ਪਾਵਤ ਸੇਵ ਕਰਤ ਜਨ ਜਨ ਕੀ॥
ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ॥[261]

ਇਹ ਛੋਟੀ ਮੱਤ ਵਾਲਾ ਜੀਵ ਪ੍ਰਭੂ ਅੰਮ੍ਰਿਤ ਨੂੰ ਛੱਡ ਕੇ ਸੰਸਾਰਕ ਜ਼ਹਿਰ ਖਾਂਦਾ ਫਿਰਦਾ ਹੈ। ਕਾਮ ਦੇ ਅਧੀਨ ਕਰਮ ਚੱਕਰ ਵਿਚ ਫਸਿਆ ਹੋਇਆ ਹੈ। ਜਦੋਂ ਤੱਕ ਇਹ ਜੀਵ ਪ੍ਰਭੂ ਨਾਲ ਆਪਣਾ ਨਾਤਾ ਨਹੀਂ ਜੋੜਦਾ ਉਦੋਂ ਤੱਕ ਸੰਸਾਰਕ ਸੁੱਖਾਂ ਵਿਚੋਂ ਇਸਨੂੰ ਦੁੱਖ ਹੀ ਮਿਲਣੇ ਹਨ। ਪਰ ਮਾਇਆ ਜਾਲ ਵਿੱਚ ਲਪੇਟਿਆ ਜੀਵ ਨੀਤਾਂ ਦੀ ਮਹਿਮਾ ਨੂੰ ਨਹੀਂ ਜਾਣਦਾ ਸਗੋਂ ਅੱਠੇ ਪਹਿਰ ਤੇਲੀ ਦੇ ਬਲਦ ਵਾਂਗ ਭੌਂਦਾ ਫਿਰਦਾ ਹੈ:-

(1) ਚੇਤੈ ਨਹਿ ਅਲਪੁ ਮਤਿ ਮੂਰਖਿ, ਛਾਡਿ ਅੰਮ੍ਰਿਤ ਬਿਖੁ ਖਾਤੁ ਰੇ।
ਕਹਿ ਰਵਿਦਾਸ ਆਸ ਤਜ ਔਰੇ, ਸ੍ਰੀ ਗੋਪਾਲਹ ਰੰਗ ਰਾਚ ਰੇ॥[262]

(2) ਚਪਲ ਚੇਤਯੋ ਨਹੀਂ ਬਹੋਤ ਦੁਖ ਦੇਖਿਓ,ਕਾਮ ਬਸਿ ਮੋਹਿਓ ਕਰਮ ਫੰਦਾ॥[263]

(3) ਜੋ ਤੁਮ ਗੋਪਾਲਹਿ ਨਹੀਂ ਰਹੈ। ਤੋ ਤੁਮ ਕੂੰ ਸੁਖ ਮੇਂ ਦੁਖ ਉਪਜੈ, ਸੁਖਹਿ ਕਹਾਂ ਤੇ ਪੈ ਹੋ।।[264]

(4) ਜੋ ਸੁਖ ਹੋਤ ਸਾਧੂ ਕੂੰ ਭੇਟੇ, ਗਾਵਤ ਸਯਾਮ ਸਕਲ ਦੁਖ ਮੇਟੇ।
ਤੇ ਕਿਮ ਜਾਨਹਿੰ ਸੰਤਨ ਮਹਮਾ, ਜੋ ਆਯਾ ਜੰਜਾਲ ਲਪੇਟੇ।।
ਔਠ ਪਹਰਿ ਤਿਨ ਕਛੁ ਨਹਿੰ ਸੂਝਈ, ਜਯੂੰ ਤੇਲੀ ਕੂੰ ਵ੍ਰਿਖਭ ਸੰਕੇਟੇ।।[265]

(5) ਕੇਵਲ ਰਾਮ ਨਾਮ ਨਹਿੰ ਲੀਯਾ, ਸੰਤੁਤਿ ਬਿਖੈ ਸਵਾਦ ਚਿਤ ਦੀਯਾ।
ਕਹੈ 'ਰਵਿਦਾਸ' ਕਹਾ ਲਗ ਕਹਿਯੈ ਬਿਨ ਜਗਨਾਥ ਬਹੁਤ ਦੁਖ ਸਹਿਯੈ।।[266]

ਸ੍ਰੀ ਗੁਰੂ ਨਾਨਕ ਦੇਵ ਜੀ ਵੀ ਇਸ ਗੱਲ ਦੇ ਧਾਰਨੀ ਹਨ ਕਿ ਜੀਵ ਜਿਹੋ ਜਿਹੇ ਕਰਮ ਕਰਦਾ ਹੈ ਤਿਹੋ ਜਿਹਾ ਹੀ ਫਲ ਪਾਉਂਦਾ ਹੈ। ਮਨੁੱਖ ਜੋ ਕੁਝ ਬੀਜਦਾ ਹੈ, ਸੋ ਕੁੱਝ ਹੀ ਵੱਢਦਾ ਹੈ। ਜੋ ਕੁਝ ਖੱਟੀ-ਕਮਾਈ ਕਰਦਾ ਹੈ, ਉਹੀ ਵਰਤਦਾ ਹੈ। ਪਰ ਜੀਵ ਤਾਂ ਸੁੱਖਾਂ ਦੀ ਪ੍ਰਾਪਤੀ ਦੇ ਯਤਨਾਂ ਵਿਚ ਲੱਗਾ ਹੋਇਆ ਹੈ, ਫਿਰ ਵੀ ਸੁੱਖਾਂ ਨਾਲੋਂ ਦੁੱਖ ਬਹੁਤੇ ਪ੍ਰਾਪਤ ਹੁੰਦੇ ਹਨ। ਮੂਰਖ ਜੀਵ ਭੋਗ ਭੋਗਦਾ ਦੁੱਖਾਂ ਵਿਚ ਫਸ ਜਾਂਦਾ ਹੈ। ਸੁੱਖਾਂ ਤੋਂ ਰੋਗਾਂ ਵਿਚ ਕਮਾ ਬੈਠਦਾ ਹੈ:-

(1) ਜੇਹੇ ਕਰਮ ਕਮਾਇ ਤੇਹਾ ਹੋਇਸੀ।।[267]

(2) ਜੈਸਾ ਬੀਜੈ ਸੋ ਲੂਣੈ ਜੋ ਖੱਟੇ ਸੋ ਖਾਇ।।[268]

(3) ਸੁਖ ਕਉ ਮਾਗੈ ਸਭੁ ਕੋ ਦੁਖੁ ਨ ਮਾਗੈ ਕੋਇ।
ਸੁਖੈ ਕਉ ਦੁਖੁ ਅਗਲਾ ਮਨਮੁਖਿ ਬੂਝ ਨ ਹੋਇ।।[269]

(4) ਸੁਖ ਮਾਗਤ ਦੁਖੁ ਆਗਲ ਹੋਇ।। ਸਗਲ ਵਿਕਾਰੀ ਹਾਰੁ ਪਰੋਇ।।[270]

(5) ਮੂਰਖੁ ਭੋਗੇ ਭੋਗੁ ਦੁਖ ਸਬਾਇਆ। ਸੁਖਹੁ ਉਠੇ ਰੋਗ ਪਾਪ ਕਮਾਇਆ।।[271*]

ਸ੍ਰੀ ਗੁਰੂ ਰਵਿਦਾਸ ਜੀ ਸੰਸਾਰਕ ਮਾਇਆ ਜਾਲ ਤੋਂ ਦੁਖੀ ਹੋ ਕੇ ਪਰਮਾਤਮਾ ਦੇ ਨਾਮ ਰੂਪੀ ਅੰਮ੍ਰਿਤ ਲਈ ਦਿਨ ਰਾਤ ਬੇਚੈਨ ਹਨ। ਇਸ ਅੰਮ੍ਰਿਤ ਰਸ ਪੀਤੇ ਤੋਂ ਬਿਨ੍ਹਾਂ ਉਨ੍ਹਾਂ ਦੇ ਮਨ ਨੂੰ ਚੈਨ ਨਹੀਂ ਆਉਂਦਾ। ਗੁਰੂ ਰਾਮਾਨੰਦ ਦੇ ਦੱਸੇ ਰਾਹ ਤੇ ਚੱਲ ਕੇ ਪਰਮਾਤਮਾ ਦਾ ਨਾਮ ਰੂਪੀ ਅੰਮ੍ਰਿਤ ਪੀਣ ਨਾਲ ਉਨ੍ਹਾਂ ਨੂੰ ਸੰਸਾਰਕ-ਦੁੱਖ-ਕਲੇਸ਼ਾਂ ਤੋਂ ਖਲਾਸੀ ਪ੍ਰਾਪਤ ਹੋਈ। ਪਰਮਾਤਮਾ ਦਾ ਭਜਨ ਕਰਨ ਨਾਲ ਹੀ ਜਮਾਂ ਦੀ ਫਾਂਸੀ ਤੋਂ ਮੁਕਤੀ ਪ੍ਰਾਪਤ ਕੀਤੀ:-

(1) ਅਮਰਿਤ ਰਸ ਕਇ ਬੂੰਦ ਕੂੰ, ਤਲਫਤ ਹੌ ਦਿਨ ਰੈਨ।
ਰਵਿਦਾਸ ਅਮੀਰਸ ਬਿਨ ਪਿਯੈ, ਜਿਯਰਾ ਨ ਪਾਵੈ ਚੈਨ।।[272]

(2) ਰਾਮਾਨੰਦ ਮੋਹਿ ਗੁਰੂ ਮਿਲਯੋ, ਪਾਯਾ ਬ੍ਰਹਮ ਵਿਸਾਸ।
ਰਾਮ ਨਾਮ ਅਮੀਰਸ ਪਿਯੋ, ਰਵਿਦਾਸ ਹਿ ਭਯੋ ਖਲਾਸ।।[273]
(3) ਤੁਮਰੇ ਭਜਨ ਕਟਹਿ ਜਮ ਫਾਂਸਾ, ਭਗਤ ਹੇਤ ਗਾਵੈ ਰਵਿਦਾਸਾ।।[274]

ਗੁਰੂ ਰਵਿਦਾਸ ਜੀ ਤਾਂ ਸਪੱਸ਼ਟ ਆਖਦੇ ਹਨ ਕਿ ਭਾਵੇਂ ਕੋਈ ਕਿੰਨੇ ਹੀ ਜੱਗ ਕਿਉਂ ਨਾ ਕਰੇ, ਪਰ ਰਾਮ ਨਾਮ ਤੋਂ ਬਿਨ੍ਹਾਂ ਨਹੀਂ ਤਰਿਆ ਜਾ ਸਕਦਾ । ਇਸੇ ਲਈ ਗੁਰੂ ਜੀ ਮਾਇਆ ਦੇ ਨਸ਼ੇ ਵਿਚ ਸੁੱਤੇ ਮਨੁੱਖ ਨੂੰ ਸੰਸਾਰਕ ਦੁੱਖਾਂ ਨੂੰ ਕੱਟਣ ਲਈ ਪ੍ਰਭੂ ਦਾ ਨਾਮ ਸਿਮਰਨ ਦੀ ਪ੍ਰੇਰਨਾ ਕਰਦੇ ਹਨ ਜਿਸਦੀ ਸ਼ਰਣ ਵਿਚ ਜਾਕੇ ਰਾਤ-ਦਿਨ ਦੀ ਭਟਕਣਾ ਖਤਮ ਹੋ ਜਾਂਦੀ ਹੈ। ਮਾਨ ਮਦ ਛੁੱਟ ਜਾਂਦਾ ਹੈ:-

(1) ਕੋਟਿ ਜਗਯ ਜੋ ਕੋਉ ਕਰੈ, ਰਾਮ ਨਾਮ ਬਿਨ ਤੇਊ ਨ ਨਿਸਤਰੇ।।[275]
(2) ਦੁਖਿਆਰੀ ਦੁਖਿਆਰਾ ਜਗ ਮਰੈ, ਮਨ ਜਪ ਲੈ ਰਾਮ ਪਿਆਰਾ ਰੇ।
ਗੜ ਕਾਂਚਾ ਤਸਕਰ ਤਿਹ ਲਾਗਾ ਤੂੰ ਕਾਹੇ ਨ ਜਾਗ ਅਭਾਗਾ ਰੇ।।[276]
(3) ਤੁਮਰੀ ਸਰਨ ਰਹੌਂ ਨਿਸਬਾਸਰ, ਭਰਮਤ ਫਿਰੌਂ ਨਾ ਹੌਂ ਹਰਿ ਰਾਈ।
ਤੁਮਰੀ ਅਨੁਕੰਪ ਮਾਨ ਮਦੁ ਛੂਟੈ, ਰਾਮ ਰਸਾਇਨੁ ਅੰਮ੍ਰਿਤ ਪਾਈ।[277]

ਸ਼੍ਰੀ ਗੁਰੂ ਨਾਨਕ ਦੇਵ ਜੀ ਵੀ ਉਸ ਪ੍ਰਭੂ ਦੀ ਸਿਫਤ ਸਲਾਹ ਕਰਨ ਦਾ ਉਪਦੇਸ਼ ਦਿੰਦੇ ਹਨ, ਜਿਸ ਦੀ ਬਰਕਤ ਨਾਲ ਸਦਾ ਦਾ ਸੁਖ ਮਿਲਦਾ ਹੈ। ਜਿਸ ਦੇ ਨਾਮ ਵਿਚ ਜੁੜਿਆਂ ਮਨ ਦੀ ਸ਼ਾਂਤੀ ਮਿਲਦੀ ਹੈ। ਇਸੇ ਨਾਮ ਰੂਪੀ ਅੰਮ੍ਰਿਤ ਨਾਲ ਮਨੁੱਖੀ ਮਨ ਵਿਚੋਂ ਦੁਖੀ ਕਰਨ ਵਾਲੀ ਵਿਸ਼ੇ ਵਿਕਾਰਾਂ ਦੀ ਮੈਲ ਤੇ ਜ਼ਹਰ ਧੋਤਾ ਜਾਂਦਾ ਹੈ ਅਤੇ ਸਾਰੇ ਸੁਖ ਮਨ ਵਿਚ ਆ ਵਸਦੇ ਹਨ। ਜਿਸਦੇ ਨਾਮ ਤੋਂ ਖੁੰਝਕੇ ਦੁਨੀਆਂ ਵਿਕਾਰਾਂ ਵਿਚ ਬੱਝੀ ਜਮਾਂ ਦੀ ਮਾਰ ਖਾਂਦੀ ਹੈ।

(1) ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ।।[278]
(2) ਨਾਇ ਤੇਰੈ ਸਹਜੁ ਨਾਇ ਸਾਲਾਹ।। ਨਾਉ ਤੇਰਾ ਅੰਮ੍ਰਿਤ ਬਿਖੁ ਉਠਿ ਜਾਇ।
ਨਾਇ ਤੇਰੈ ਸਭਿ ਸੁਖ ਵਸਹਿ ਮਨਿ ਆਇ।। ਬਿਨੁ ਨਾਵੈ ਬਾਧੀ ਜਮਪੁਰਿ ਜਾਇ।।[279]

ਇਹ ਸਾਰਾ ਸੰਸਾਰ ਕਾਮ, ਕ੍ਰੋਧ, ਅਹੰਕਾਰ ਵਿਚ ਮਸਤ ਹੋਣ ਕਰਕੇ ਦੁਖੀ ਹੈ। ਇਨ੍ਹਾਂ ਵਿਕਾਰਾਂ ਤੇ ਦੁੱਖਾਂ ਤੋਂ ਬਚਣ ਲਈ ਗੁਰੂ ਦੀ ਸਰਨ ਜ਼ਰੂਰੀ ਹੈ ਜਿਸ ਨਾਲ ਅਗਿਆਨਤਾ ਦਾ ਘੁੱਪ-ਹਨੇਰਾ ਰੂਪ ਦੁੱਖ ਮਿਟ ਜਾਂਦਾ ਹੈ। ਪਰ ਜੋ ਜੀਵ ਦੁਨਿਆਵੀ ਕਾਰ ਵਿਚ ਫਸੇ, ਪਰਮਾਤਮਾ ਨੂੰ ਭੁੱਲ ਬੈਠਦੇ ਹਨ। ਉਹ ਆਪਣੇ ਅੰਦਰਲੀ ਤ੍ਰਿਸ਼ਨਾ ਦੀ ਅੱਗ ਵਿਚ ਖਿਝ ਸੜ ਕੇ

ਆਤਮਕ ਮੌਤੇ ਮਰ ਜਾਂਦੇ ਹਨ:-

(1) ਕਾਮਿ ਕ੍ਰੋਧਿ ਅਹੰਕਾਰਿ ਅਤਿ ਵਿਆਪਿਆ ਸੰਸਾਰ।।
ਪਉ ਸੰਤ ਸਰਣੀ, ਲਾਗੁ ਚਰਣੀ, ਮਿਟੈ ਦੂਖੁ ਅੰਧਾਰ।।[280]

(2) ਮੂੜੇ ਰਾਮ ਜਪਹੁ ਗੁਣ ਸਾਰਿ।। ਹਉਮੈ ਮਮਤਾ ਮੋਹਣੀ ਸਭ ਮੁਠੀ ਅਹੰਕਾਰਿ।।

ਜਿਨੀ ਨਾਮ ਵਿਸਾਰਿਆ ਦੂਜੀ ਕਾਰੈ ਲਗਿ।।
ਦੁਬਿਧਾ ਲਾਗੇ ਪਚਿ ਮੁਏ ਅੰਤਰਿ ਤ੍ਰਿਸਨਾ ਅਗਿ।। ਗੁਰਿ ਰਾਖੇ ਸੇ ਉਬਰੇ ਹੋਰਿ ਮੁਠੀ ਧੰਧੈ ਠਗਿ।।[281]

ਸਾਂਖਯ ਅਤੇ ਹੋਰ ਮੱਤਾਂ ਨੇ ਦੁੱਖ ਦੈਹਿਕ, ਦੈਵਿਕ ਅਤੇ ਭੌਤਿਕ ਤਿੰਨ ਤਰ੍ਹਾਂ ਦੇ ਮੰਨੇ ਗਏ ਹਨ। ਜਿਨ੍ਹਾਂ ਨੂੰ ਅਧਿਆਤਮਿਕ, ਅਧਿਦੈਵਿਕ ਅਤੇ ਅਧਿ ਭੌਤਿਕ ਵੀ ਕਿਹਾ ਗਿਆ ਹੈ। ਅਧਿਆਤਮਿਕ ਜਾਂ ਦੈਹਿਕ ਦੁੱਖ ਸੂਖਮ ਅਤੇ ਸਥੂਲ ਦੇਹ ਤੋਂ ਪੈਦਾ ਹੁੰਦੇ ਹਨ। ਸਰੀਰਕ ਅਤੇ ਮਾਨਸਿਕ ਆਧ-ਵਿਆਧ ਵਰਗੇ ਰੋਗ ਕਾਮ, ਕ੍ਰੋਧ, ਲੋਭ,ਮੋਹ ਅਹੰਕਾਰ ਆਦਿ ਇਸ ਦੇ ਅਧੀਨ ਹਨ। ਅਧਿਦੈਵਿਕ ਜਾਂ ਦੈਵਿਕ ਦੁੱਖ ਬ੍ਰਹਮ ਅਲੌਕਿਕ ਕਾਰਣਾਂ ਕਰਕੇ ਪੈਦਾ ਹੁੰਦੇ ਹਨ ਜਿਵੇਂ ਜਿੰਨਾਂ ਭੂਤਾਂ ਦਾ ਡਰ, ਅੱਗ, ਹਵਾ ਆਦਿ ਦਾ ਡਰ ਆਦਿ। ਭੌਤਿਕ ਪਦਾਰਥਾਂ, ਸੂਈ ਦਾ ਚੁੱਭਣਾ, ਦੁਰਘਟਨਾ ਜਿਵੇਂ ਐਕਸੀਡੈਂਟ ਆਦਿ ਤੋਂ ਪੈਦਾ ਦੁੱਖ ਅਧਿਭੌਤਿਕ ਦੁੱਖ ਹਨ।

ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇਵ ਜੀ ਨੇ ਵੀ ਇਨ੍ਹਾਂ ਦੁੱਖਾਂ ਦਾ ਵਰਣਨ ਆਪਣੀ ਬਾਣੀ ਵਿੱਚ ਕੀਤਾ ਹੈ। ਜੀਵ ਇਨ੍ਹਾਂ ਤਾਪਾਂ ਦਾ ਹੀ ਗ੍ਰਸਿਆ ਹੋਇਆ ਹੈ। ਇਹ ਹੀ ਜੀਵ ਦੀ ਅਗਿਆਨਤਾ ਹੈ। ਗੁਰੂ ਦੀ ਸ਼ਰਨ ਅਤੇ ਪ੍ਰਭੂ ਚਰਨਾਂ ਵਿਚ ਚਿੱਤ ਜੋੜਨ ਨਾਲ ਹੀ ਇਸ ਅਗਿਆਨਤਾ ਅਤੇ ਤ੍ਰਿਕੁਟੀ ਤੋਂ ਛੁਟਕਾਰਾ ਪ੍ਰਾਪਤ ਕੀਤਾ ਜਾ ਸਕਦਾ ਹੈ। ਵਰਣਾ ਇਹ ਮਾਇਆ ਰੂਪੀ ਨਾਗਣੀ ਸਾਰੇ ਸੰਸਾਰ ਨੂੰ ਡਸ ਕੇ ਸਤਾਉਂਦੀ ਰਹਿੰਦੀ ਹੈ। ਇਸੇ ਕਰਕੇ ਜੀਵ ਬਾਰ ਬਾਰ ਜਨਮ ਲੈਂਦਾ ਹੈ:-

(1) ਦੈਹਿਕ ਦੈਵਿਕ ਭੌਤਿਕ ਤਾਪਾ, ਅਤਿ ਅਗਯਾਨ ਰਹੇਉ ਜਗ ਬਾਪਾ।।
ਪ੍ਰਭੂ ਚਰਨਾਂ ਚਿਤ ਬਿਰੋਇ ਨ ਤੌ ਲੌਂ, ਰਹਇ ਅਗਯਾਨੁ ਹਿਰਦੈ ਮਾਹ ਜੌ ਲੌਂ।।[282]

(2) ਜਹਾਂ ਜਹਾਂ ਰਚੋ ਤਹਾਂ ਜਨਮ ਕਾਛੈ, ਤ੍ਰਿਬਿਧ ਤਾਪ ਤ੍ਰਿਭੁਵਨਿ ਪਤਿ ਪਾਛੈ।
ਭਯੋ ਅਤਿ ਛੀਨ ਖੇਦ ਮਾਯਾ ਬਸ, ਜਸ ਤ੍ਰਿਸ ਤਾਪ ਗਹਿ ਹੈ ਤੇ ਤਸੀ।[283]

(3) ਝੂਠੀ ਮਾਯਾ ਜਗ ਡਰਕਾਯਾ, ਤੇ ਤਨਿ ਤਾਪ ਦਹੈ ਰੇ।

ਕਹੈ 'ਰਵਿਦਾਸ' ਰਾਮ ਜਪ ਰਸਨਾ,ਮਾਯਾ ਕਾਹੂ ਕੇ ਸੰਗ ਨ ਰਹੈ ਰੇ।।[284]

ਸ੍ਰੀ ਗੁਰੂ ਨਾਨਕ ਦੇਵ ਜੀ ਵੀ ਇਸੇ ਵਿਚਾਰ ਦੇ ਧਾਰਨੀ ਹਨ। ਉਨ੍ਹਾਂ ਅਨੁਸਾਰ ਸੰਸਾਰ ਦੇ ਕਰੋੜਾਂ ਜੀਵ ਮਾਇਆ ਦੇ ਇਨ੍ਹਾਂ ਤਿੰਨਾਂ ਗੁਣਾਂ ਵਿਚ ਜਕੜੇ ਹੋਏ ਹਨ। ਜੀਵ ਇਨ੍ਹਾਂ ਤਿੰਨਾਂ ਗੁਣਾਂ ਦੇ ਅਧੀਨ ਰਹਿ ਕੇ ਕਰਮ ਕਰਦਾ ਹੈ, ਜਿਸ ਕਰਕੇ ਆਸਾਂ ਤੇ ਸਹਿਸਿਆਂ ਦਾ ਗੇੜ ਬਣਿਆ ਰਹਿੰਦਾ ਹੈ । ਇਹ ਗੇੜ ਗੁਰੂ ਦੀ ਸ਼ਰਣ ਵਿਚ ਪੈਣ ਨਾਲ ਹੀ ਕੱਟਿਆ ਜਾ ਸਕਦਾ ਹੈ। ਇਸ ਮਾਇਆ ਰੂਪੀ ਨਾਗਣੀ ਦੀ ਗੁਲਾਮੀ ਜੀਵ ਨੂੰ ਤਬਾਹ ਕਰ ਦਿੰਦੀ ਹੈ:-

(1) ਤ੍ਰਿਬਿਧਿ ਕਰਮ ਕਮਾਈਅਹਿ ਆਸ ਅੰਦੇਸਾ ਹੋਇ।।
ਕਿਉ ਗੁਰ ਬਿਨੁ ਤ੍ਰਿਕੁਟੀ ਛੁਟਸੀ ਸਹਜਿ ਮਿਲਿਐ ਸੁਖੁ ਹੋਇ।।[285]
(2) ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ।
ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ।।[286]
(3) ਸਾਕਤ ਮਾਇਆ ਕਉ ਬਹੁ ਧਾਵਹਿ।। ਨਾਮੁ ਵਿਸਾਰਿ ਕਹਾ ਸੁਖੁ ਪਾਵਹਿ।[28]

ਸ੍ਰੀ ਗੁਰੂ ਨਾਨਕ ਦੇਵ ਜੀ ਇਨ੍ਹਾਂ ਦੁੱਖਾਂ ਦਾ ਵਿਵੇਚਨ ਕਰਦੇ ਹੋਏ ਲਿਖਦੇ ਹਨ ਕਿ ਜੀਵ ਨੂੰ ਇੱਕ ਦੁੱਖ ਹੈ ਪਰਮਾਤਮਾ ਦੇ ਚਰਨਾਂ ਤੋਂ ਵਿਛੋੜਾ ਦੂਜਾ ਦੁੱਖ ਤੇ ਰੋਗ ਭੁੱਖ ਦਾ ਹੈ ਅਤੇ ਤੀਜਾ ਰੋਗ ਤੇ ਮਹਾਂ ਦੁੱਖ ਹੈ ਜਮਦੂਤਾਂ ਤੇ ਮੌਤ ਦਾ ਡਰ। ਇਹ ਉਹ ਦੁੱਖ ਹੈ ਜੋ ਮਨੁੱਖ ਦੇ ਸਰੀਰ ਵਿਚ ਆ ਚੰਬੜਦਾ ਹੈ:-

ਦੁਖੁ ਵਿਛੋੜਾ ਇਕੁ ਦੁਖੁ ਭੂਖ।। ਇਕੁ ਦੁਖੁ ਸਕਤਵਾਰ ਜਮਦੂਤ।।[288]

ਸਪੱਸ਼ਟ ਹੈ ਸੰਸਾਰ ਦਾ ਇਹ ਕਰੁਣਾਮਈ ਅਤੇ ਦੁਖਮਈ ਸਰੂਪ ਮਾਇਆ ਦੇ ਅਲੱਗ-ਅਲੱਗ ਰੂਪਾਂ ਕਾਰਣ ਹੈ। ਪਰ ਇਸ ਸਚਾਈ ਨੂੰ ਜੀਵ ਸਮਝਣ ਦੀ ਥਾਂ ਚਤੁਰਿਆਂ ਵਾਂਗ ਭੁੱਲਦਾ ਫਿਰਦਾ ਹੈ। ਇਨ੍ਹਾਂ ਦੁੱਖਾਂ ਦਾ ਕਾਰਣ ਮੋਹ-ਮਾਇਆ ਦਾ ਪਿਆਰ ਅਤੇ ਹਰੀ ਨਾਮ ਦਾ ਅਭਾਵ ਹੈ। ਇਸ ਲਈ ਗੁਰੂ ਰਵਿਦਾਸ ਜੀ ਨੇ ਮਨੁੱਖ ਨੂੰ ਪ੍ਰਭੂ ਦੇ ਨਾਮ ਨੂੰ ਜੀਵਨ-ਆਧਾਰ ਮੰਨਦਿਆਂ ਸੰਸਾਰ ਵਿਚ ਕੰਵਲ ਦੇ ਫੁੱਲ ਵਾਂਗ ਮੋਹ ਮਾਇਆ ਤੋਂ ਨਿਰਲੇਪ ਰਹਿ ਕੇ ਜੀਵਨ ਬਿਤਾਉਣ ਤੇ ਆਨੰਦ ਮਾਣਨ ਦਾ ਉਪਦੇਸ਼ ਦਿੱਤਾ ਹੈ। ਗੁਰੂ ਜੀ ਇਸ ਸੰਸਾਰ-ਸਮੁੰਦਰ ਨੂੰ ਤਰਨ ਲਈ ਇਸ ਸੰਸਾਰ ਨੂੰ ਬੇਗਮਪੁਰਾ ਬਣਾਉਣ ਦਾ ਸੁੰਦਰ ਵਿਚਾਰ ਸਾਡੇ ਸਾਹਮਣੇ ਪੇਸ਼ ਕਰਦੇ ਹਨ। ਜਿੱਥੇ ਕੋਈ ਗਮ, ਚਿੰਤਾ, ਦੁੱਖ ,ਉਚ-ਨੀਚ ਦਾ ਵਿਤਕਰਾ

ਨਹੀਂ ਹੋਵੇਗਾ। ਸਗੋਂ ਪੂਰਨ ਸੁੱਖ ਦੀ ਥਾਂ ਹੋਵੇਗੀ:–

(1) ਕਹੁ ਰਵਿਦਾਸ ਸਭੈ ਨਹੀਂ ਸਮਝਸਿ ਭੂਲਿ ਪਰੇ ਜੈਸੇ ਬਉਰੇ।।
ਮੋਹਿ ਅਧਾਰੁ ਨਾਮੁ ਨਾਰਾਇਨੁ ਜੀਵਨ ਪ੍ਰਾਨ ਧਨ ਮੋਰੇ।।[289]

(2) ਬੇਗਮਪੁਰਾ ਸਹਰ ਕੋ ਨਾਉ, ਦੂਖੁ ਅੰਦੋਹੁ ਨਹੀਂ ਤਿਹਿ ਠਾਉ।
ਨਾਂ ਤਸਵੀਸ ਖਿਰਾਜੁ ਨ ਮਾਲੁ, ਖੌਫੁ ਨ ਖਤਾ ਨ ਤਰਸੁ ਜਵਾਲੁ।।[290]

(3) ਰਵਿਦਾਸ ਜੋ ਹੈ ਬੇਗਮਪੁਰਾ, ਉਹ ਪੂਰਨ ਸੁਖ ਧਾਮ।
ਦੁਖ ਅੰਦੋਹ ਅਰ ਦ੍ਵੈਖ ਭਾਵ, ਨਾਹਿੰ ਬਸਹਿੰ ਤਿਹਿੰ ਠਾਮ।।

ਸ੍ਰੀ ਗੁਰੂ ਰਵਿਦਾਸ ਜੀ ਪੂਰਨ ਸੁੱਖਾਂ ਦੀ ਪ੍ਰਾਪਤੀ ਲਈ ਸੱਤ ਤੇ ਈਮਾਨ ਧਾਰਨ ਕਰਨ ਲਈ ਜੀਵ ਨੂੰ ਪ੍ਰੇਰਦੇ ਹਨ।[291] ਸੁੱਖਾਂ ਦੁੱਖਾਂ ਨੂੰ ਸਮਾਨ ਸਮਝਦਿਆਂ ਨਿਸ਼ਕਾਮ ਕਰਮ[292] ਕਰਨ ਨਾਲ ਦੁੱਖ ਵੀ ਸੁਖ ਜਾਪਦੇ ਹਨ। ਪਰ ਜੋ ਜੀਵ ਸੁੱਖਾਂ ਨੂੰ ਦੁੱਖ ਕਹਿੰਦੇ ਹਨ, ਉਨ੍ਹਾਂ ਨੂੰ ਸੁਖ ਵੀ ਦੁਖ ਹੀ ਜਾਪਦੇ ਹਨ।[293] ਜੀਵ ਦੇ ਰਹਿਣ ਲਈ ਦੋ ਸੁਖ ਹਨ ਇੱਕ ਤਾਂ ਸਵਰਾਜ ਵਿਚ ਅਤੇ ਦੂਜਾ ਮਰਨ ਤੋਂ ਬਾਦ।[294] ਸਰਬੱਤ ਦਾ ਭਲਾ ਤੇ ਸੇਵਾ ਅਤੇ ਸਤ-ਸੰਤੋਖ ਧਾਰਨ ਕਰਨ ਨਾਲ ਹੀ ਸਾਰੇ ਸੁਖਾਂ ਦੀ ਪ੍ਰਾਪਤੀ ਹੋ ਸਕਦੀ ਹੈ।[295] ਰਾਤ ਦਿਨ ਦੀਨ ਦੁਖੀਆਂ ਦੀ ਸੇਵਾ ਕਰਨ ਨਾਲ ਪ੍ਰਭੂ ਮਿਲਣ ਦੀ ਆਸ ਕੀਤੀ ਜਾ ਸਕਦੀ ਹੈ। ਸ੍ਰੀ ਗੁਰੂ ਰਵਿਦਾਸ ਜੀ ਭੁੱਖ ਦੇ ਦੁੱਖ ਦਾ ਜ਼ਿਕਰ ਕਰਦੇ ਹੋਏ ਅਜਿਹੇ ਰਾਜ ਦੀ ਕਲਪਣਾ ਕਰਦੇ ਹਨ ਜਿਥੇ ਸਾਰਿਆਂ ਨੂੰ ਪੇਟ ਦੀ ਭੁੱਖ ਮਿਟਾਉਣ ਲਈ ਅੰਨ ਮਿਲੇ ਅਤੇ ਛੋਟੇ ਬੜੇ ਸਾਰੇ ਖੁਸ਼ ਰਹਿ ਸਕਣ:–

(1) ਦੀਨ ਦੁੱਖ ਕਰਿ ਸੇਵ ਮਹਿੰ, ਲਾਗਿ ਰਹਯੋ ਰਵਿਦਾਸ।
ਨਿਸਿ ਬਾਸਰ ਕੀ ਸੇਵ ਸੋਂ, ਪ੍ਰਭ ਮਿਲਨ ਕੀ ਆਸ।।[296]

(2) ਐਸਾ ਚਾਹੋਂ ਰਾਜ ਮੈਂ, ਜਹਾਂ ਮਿਲੈ ਸਬਨ ਕੋ ਅੰਨ।
ਛੋਟ ਬੜੋ ਸਬ ਸਮ ਬਸੈਂ, ਰਵਿਦਾਸ ਰਹੈ ਪ੍ਰਸੰਨ।।[297]

ਸ੍ਰੀ ਗੁਰੂ ਨਾਨਕ ਦੇਵ ਜੀ ਵੀ ਇਨ੍ਹਾਂ ਦੁਖਾਂ ਦਾ ਕਾਰਣ ਸੰਸਾਰਕ ਰਸ ਅਤੇ ਗੁਰੂ ਤੇ ਹਰੀ ਨਾਮ ਦਾ ਅਭਾਵ ਦੱਸਦੇ ਹਨ। ਕਿਉਂ ਕਿ ਜਦੋਂ ਮਨੁੱਖ ਪ੍ਰਭੂਪਤੀ ਨੂੰ ਭੁਲਾ ਕੇ ਸੰਸਾਰਕ ਰਸ ਮਾਣਨੇ ਸ਼ੁਰੂ ਕਰ ਦਿੰਦਾ ਹੈ ਤਾਂ ਉਸਦੇ ਸਰੀਰ ਵਿਚ ਬੀਮਾਰੀਆਂ ਪੈਦਾ

ਹੋਣ ਲੱਗ ਪੈਂਦੀਆਂ ਹਨ। ਸੰਸਾਰਕ ਮੋਹ-ਮਾਇਆ ਵਿੱਚ ਅੰਨ੍ਹੇ ਹੋਏ ਮਨ ਨੂੰ ਸਰੀਰਕ ਰੋਗਾਂ ਰਾਹੀਂ ਸਜਾ ਮਿਲਦੀ ਹੈ। ਦੁਨੀਆਂ ਦੇ ਇਨ੍ਹਾਂ ਦੁੱਖਾਂ ਕਲੇਸ਼ਾਂ ਰੂਪੀ ਜ਼ਹਿਰ ਨੂੰ ਪਰਮਾਤਮਾ ਦੇ ਨਾਮ, ਸੰਤੋਖ, ਗਰੀਬਾਂ ਦੀ ਸਹਾਇਤਾ ਰੂਪੀ ਮਸਾਲੇ ਰਾਹੀਂ ਹੀ ਮਾਰਿਆ ਜਾ ਸਕਦਾ ਹੈ। ਫਿਰ ਮਨੁੱਖ ਨੂੰ ਮੌਤ ਦਾ ਡਰ ਨਹੀਂ ਰਹਿੰਦਾ:-

(1) ਖਸਮੁ ਵਿਸਾਰਿ ਕੀਏ ਰਸ ਭੋਗ।। ਤਾਂ ਤਨਿ ਉਠਿ ਖਲੋਏ ਰੋਗ।।
ਮਨ ਅੰਧੇ ਕਉ ਮਿਲੈ ਸਜਾਇ।। - - - - - - - - - - -
ਦੁਖ ਮਹੁਰਾ ਮਾਰਣ ਹਰਿ ਨਾਮ।। ਸਿਲਾ ਸੰਤੋਖ ਪੀਸਣੁ ਹਥਿ ਦਾਨੁ।।
ਨਿਤ ਨਿਤ ਲੇਹੁ ਨ ਛੀਜੈ ਦੇਹ।। ਅੰਤ ਕਾਲਿ ਜਮੁ ਮਾਰੈ ਠੇਹ।।[298]
(2) ਬਿਨੁ ਜਗਦੀਸ ਭਜੇ ਨਿਤ ਖੁਆਰੀ।। - - - - - - -
ਬਿਨੁ ਹਰਿ ਨਾਮ ਸੁ ਦੇਹ ਦੁਖਾਲੀ।।[299]

ਕਿਉਂ ਕਿ ਪ੍ਰਭੂ ਦੇ ਨਾਮ ਨੂੰ ਮੰਨਣ ਵਾਲਾ ਜੀਵ ਜ਼ਿੰਦਗੀ ਦੀ ਬਾਜ਼ੀ ਜਿੱਤ ਜਾਂਦਾ ਹੈ। ਪ੍ਰਭੂ ਦੀ ਉਸਤੁਤ ਵਿੱਚ ਲੀਨ ਹੋਣ ਕਰਕੇ ਉਸਦਾ ਤਨ,ਮਨ ਸੁਖੀ ਹੋ ਜਾਂਦਾ ਹੈ। ਪਰ ਜੀਵਾਂ ਨੂੰ ਆਪਣੀ ਭਗਤੀ ਵਿੱਚ ਲਾਉਣਾ, ਚਰਨਾਂ ਵਿਚ ਜੋੜਨਾ ਵੀ ਉਸੇ ਦੀ ਹੀ ਕ੍ਰਿਪਾ ਹੈ। ਗੁਰੂ ਦੀ ਕ੍ਰਿਪਾ ਨਾਲ ਜਿਸ ਜੀਵ ਦੇ ਹਿਰਦੇ-ਘਰ ਵਿਚ ਪ੍ਰਭੂ-ਪਤੀ ਪਰਗਟ ਹੋ ਜਾਂਦਾ ਹੈ। ਉਸ ਦੀ ਮਾਇਆ ਦੀ ਤ੍ਰਿਸ਼ਨਾ ਬੁਝ ਜਾਂਦੀ ਹੈ ਤੇ ਸੁਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ:-

(1) ਮੰਨੇ ਨਾਉ ਸੋਈ ਜਿਣਿ ਜਾਇ।। ਅਉਰੀ ਕਰਮ ਨ ਲੇਖੈ ਲਾਇ।।[300]
(2) ਨਾਨਕ ਸਿਫਤੀ ਰਤਿਆ ਮਨੁ ਤਨੁ ਹਰਿਆ ਹੋਇ।।[301]
(3) ਅਪਨਾ ਕਾਜੁ ਸਵਾਰਹੁ ਆਪੇ ਸੁਖਦਾਤੇ ਗੋਸਾਈਂ।
ਗੁਰ ਪਰਸਾਦਿ ਘਰ ਹੀ ਪਿਰੁ ਪਾਇਆ ਤਉ ਨਾਨਕ ਤਪਤਿ ਬੁਝਾਈ।[302]

ਸ੍ਰੀ ਗੁਰੂ ਨਾਨਕ ਦੇਵ ਜੀ ਦੁੱਖਾਂ ਨੂੰ ਛੱਡ ਕੇ ਸੁੱਖਾਂ ਦੀ ਮੰਗ ਕਰਨਾ ਵਿਅਰਥ ਸਮਝਦੇ ਹਨ ਕਿਉਂ ਕਿ ਸੁਖ ਤੇ ਦੁਖ ਤਾਂ ਪ੍ਰਭੂ ਦੇ ਦਰ ਤੋਂ ਮਿਲੇ ਦੋ ਕਪੜਿਆਂ ਦੇ ਸਮਾਨ ਹਨ ਜੋ ਜ਼ਿੰਦਗੀ ਵਿਚ ਆਉਂਦੇ ਹੀ ਰਹਿੰਦੇ ਹਨ। ਇਸ ਲਈ ਸੁੱਖਾਂ ਤੇ ਦੁੱਖਾਂ ਨੂੰ ਉਸ ਪ੍ਰਭੂ ਦੀ ਰਜ਼ਾ ਸਮਝ ਕੇ ਮੰਨ ਲੈਣਾ ਚਾਹੀਦਾ ਹੈ। ਅਜਿਹੇ ਜੀਵ ਸਾਰੇ ਦੁੱਖਾਂ ਨੂੰ ਅੰਮ੍ਰਿਤ ਸਮਝ ਕੇ ਪੀ ਲੈਂਦੇ ਹਨ। ਇਸ ਤਰ੍ਹਾਂ ਉਨ੍ਹਾਂ ਨੂੰ ਮੁੜ ਦੁੱਖਾਂ ਦਾ ਅਨੁਭਵ ਨਹੀਂ ਹੁੰਦਾ।

ਰਜ਼ਾ ਤੋਂ ਬਿਨਾ ਨਹੀਂ ਤਾਂ ਭਟਕਦਾ ਰਹਿੰਦਾ ਹੈ:-

(1) ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ।।
ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁੱਖ।।
ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ।।[303]

(2) ਸਗਲੇ ਦੂਖ ਅੰਮ੍ਰਿਤ ਕਰ ਪਾਵੈ, ਬਹੁੜਿ ਦੂਖ ਨ ਪਾਇਦਾ।।

- - - - - - - - - - - - - - - - - - - - -

ਬਹੁ ਸਾਦਹੁ ਦੂਖੁ ਪਰਾਪਤਿ ਹੋਵੈ।। ਭੋਗਹੁ ਰੋਗ ਸੁ ਅੰਤਿ ਵਿਗੋਵੈ।
ਹਰਖਹੁ ਸੋਗੁ ਨ ਮਿਟਈ ਕਬਹੂ ਵਿਣੁ ਭਾਣੇ ਭਰਮਾਇਦਾ।।[304]

ਸਤਿਗੁਰੂ ਦੀ ਕ੍ਰਿਪਾ ਹੋਣ ਤੇ ਮਨੁੱਖ ਦੇ ਮਨ ਵਿੱਚ ਪਰਮਾਤਮਾ ਪ੍ਰਤੀ ਪੱਕਾ ਭਰੋਸਾ ਹੋ ਜਾਂਦਾ ਹੈ। ਦੁੱਖਾਂ-ਕਲੇਸ਼ਾਂ ਦੇ ਆਉਣ ਤੇ ਵੀ ਉਹ ਕੋਈ ਗਿਲਾ-ਸ਼ਿਕਵਾ ਨਹੀਂ ਕਰਦਾ। ਸਗੋਂ ਪ੍ਰਭੂ ਦੇ ਮੇਲ ਦਾ ਆਨੰਦ ਮਾਣਦਾ ਹੈ। ਜਮ ਦਾ ਡਰ ਖਤਮ ਹੋ ਜਾਂਦਾ ਹੈ। ਸਰੀਰ ਨੂੰ ਸਦਾ ਸੁਖ ਰਹਿੰਦਾ ਹੈ। ਜਗਤ ਦੇ ਨੌਂ ਖਜ਼ਾਨੇ ਉਸ ਨੂੰ ਮਿਲ ਜਾਂਦੇ ਹਨ ਅਤੇ ਉਹ ਹਮੇਸ਼ਾਂ ਸੱਚੇ ਪ੍ਰਭੂ ਨਾਲ ਜੁੜਿਆ ਰਹਿੰਦਾ ਹੈ।[305]

ਗੁਰੂ ਜੀ ਨੇ ਇਨ੍ਹਾਂ ਦੁੱਖਾਂ ਦੀ ਦਵਾਈ ਵੀ ਦੁੱਖ ਹੀ ਦੱਸੀ ਹੈ ਕਿਉਂਕਿ ਦੁੱਖ ਦੀ ਅਵਸਥਾ ਵਿੱਚ ਹੀ ਮਨੁੱਖ ਹਰੀ ਚਰਨਾਂ ਵਿੱਚ ਜੁੜਦਾ ਹੈ। ਇਨ੍ਹਾਂ ਦੁੱਖਾਂ ਨੂੰ ਕੱਟਣ ਲਈ ਉਹ ਪਰਮਾਤਮਾ ਦੀ ਭਗਤੀ ਵਲ ਰੁਚਿਤ ਹੁੰਦਾ ਹੈ ਸੁੱਖਾਂ ਦੀ ਅਵਸਥਾ ਵਿੱਚ ਇਸ ਪਾਸੇ ਲੱਗਣਾ ਮੁਸ਼ਕਿਲ ਹੁੰਦਾ ਹੈ ਤੇ ਫਿਰ ਇਹ ਦੁਖ ਹੀ ਮਨੁੱਖ ਨੂੰ ਅਸਲ ਸੁਖ ਪ੍ਰਾਪਤ ਕਰਨ ਦੇ ਯੋਗ ਬਣਾਉਂਦੇ ਹਨ:-

1. ਦੂਖ ਵਿਸਾਰਣੁ ਸੇਵਿਆ ਸਦਾ ਸਦਾ ਦਾਤਾਰੁ।।[306]
2. ਦੁਖ ਦਾਰੂ ਸੁਖੁ ਰੋਗੁ ਭਇਆ।।[307]
3. ਦੁਖ ਕੀਆ ਅਗੀ ਮਾਰੀਅਹਿ ਭੀ ਦੁਖੁ ਦਾਰੂ ਹੋਇ।।[308]

ਇਸ ਸੰਸਾਰ ਵਿਚ ਹਰ ਮਨੁੱਖ ਸੁਖ ਚਾਹੁੰਦਾ ਹੈ। ਪਰ ਜੀਵ ਨੂੰ ਇਹ ਨਹੀਂ ਸਮਝ ਆਉਂਦੀ ਕਿ ਜਿਵੇਂ ਉਹ ਰੱਖਦਾ ਹੈ ਉਵੇਂ ਰਹਿਣਾ ਪੈਂਦਾ ਹੈ। ਉਸ ਦਾ ਨਾਮ ਜਪਣਾ ਤੇ ਸੁੱਖਾਂ ਦੀ ਪ੍ਰਾਪਤੀ ਸਭ ਉਸਦੇ ਦਿੱਤਿਆਂ ਹੀ ਮਿਲਦੇ ਹਨ।[309] ਸਭਨਾਂ ਜੀਵਾਂ ਦੇ ਮਾਲਕ ਪ੍ਰਭੂ ਨੇ ਆਪਣੇ ਹੁਕਮ ਅਨੁਸਾਰ ਕਲਮ-ਦਵਾਤ ਤੋਂ ਬਿਨਾ ਹੀ ਸਭ ਜੀਵਾਂ ਦੇ ਲੇਖ ਲਿਖ ਦਿੱਤੇ

ਹਨ। ਜੋ ਜੀਵ ਮਾਲਕ-ਪ੍ਰਭੂ ਦੀ ਰਜ਼ਾ ਵਿੱਚ ਤੁਰਦਾ ਹੈ ਉਹ ਸਦਾ ਆਨੰਦ ਮਾਣਦਾ ਹੈ। ਉਹ ਸੁਖ ਤੇ ਦੁਖ ਨੂੰ ਉਸ ਪ੍ਰਭੂ ਦੀ ਆਗਿਆ ਸਮਝਦਾ ਹੈ:-

(1) ਸਭਨਾ ਖਸਮੁ ਏਕੁ ਹੈ ਗੁਰਮੁਖਿ ਜਾਣੀਐ।।
ਹੁਕਮੀ ਲਿਖੇ ਸਿਰਿ ਲੇਖੁ, ਵਿਣੁ ਕਲਮ ਮਸਵਾਣੀਐ।।
- - - - - - - - - - - - - - - - - - - - -
ਨਾਨਕ ਭਾਣੈ ਚਲੈ ਕੰਤ ਕੈ ਸੁ ਮਾਣੇ ਸਦਾ ਰਲੀ।।[310]
(2)ਸੁਖ ਦੁਖ ਤੇਰੀ ਆਗਿਆ ਪਿਆਰੇ ਦੂਜੀ ਨਾਹੀ ਜਾਇ।।[311]

ਜਗਤ ਤਾਂ ਜੁਆਰੀਏ ਦੀ ਤਰ੍ਹਾਂ ਜੂਏ ਦੀ ਖੇਡ ਖੇਡਦਾ ਹੈ ਜੋ ਸੁਖ ਤਾਂ ਮੰਗ ਰਿਹਾ ਹੈ ਪਰ ਜਿਸ ਤੋਂ ਸੁਖ ਮਿਲਣੇ ਹਨ ਉਸਦੇ ਨਾਮ ਨੂੰ ਵਿਸਾਰ ਰਿਹਾ ਹੈ:-

ਐਸਾ ਜਗੁ ਦੇਖਿਆ ਜੂਆਰੀ।। ਸਭਿ ਸੁਖ ਮਾਗੈ ਨਾਮੁ ਬਿਸਾਰੀ।।[312]

ਇਸ ਜੁਆਰੀਏ ਜੀਵ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਇਹ ਦੁਖ-ਸੁਖ ਉਸਦੇ ਕੀਤੇ ਪੂਰਬਲੇ ਕਰਮਾਂ ਦੇ ਅਨੁਸਾਰ ਹੀ ਉਸਨੂੰ ਮਿਲ ਰਹੇ ਹਨ। ਇਨ੍ਹਾਂ ਸੰਬੰਧੀ ਕਿਸੇ ਹੋਰ ਨੂੰ ਦੋਸ਼ ਨਹੀਂ ਦਿੱਤਾ ਜਾ ਸਕਦਾ। ਇਸ ਭੇਤ ਨੂੰ ਉਹੀ ਪਰਮਾਤਮਾ ਜਾਣਦਾ ਹੈ ਜਿਸ ਨੇ ਇਹ ਦੁਖ-ਸੁਖ ਭੋਗਣ ਲਈ ਦਿੱਤੇ ਹਨ:--

ਸੁਖੁ ਦੁਖੁ ਪੁਰਬ ਜਨਮ ਕੇ ਕੀਏ।। ਸੋ ਜਾਣੈ ਜਿਨਿ ਦਾਤੈ ਦੀਏ।।
ਕਿਸ ਕਉ ਦੋਸੁ ਦੇਹਿ ਤੂ ਪ੍ਰਾਣੀ ਸਹੁ ਆਪਣਾ ਕੀਆ ਕਰਾਰਾ ਹੇ।।[313]

ਇਸ ਸੋਚ ਵਿਚਾਰ ਪਿੱਛੋਂ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਗੁਰੂ ਰਵਿਦਾਸ ਜੀ ਅਤੇ ਗੁਰੂ ਨਾਨਕ ਦੇਵ ਜੀ ਨੇ ਇਸ ਸੰਸਾਰ ਨੂੰ ਦੁੱਖਾਂ ਦਾ ਘਰ ਮੰਨਿਆ ਹੈ। ਭਾਵੇਂ ਬੁੱਧਮੱਤ, ਸੂਫ਼ੀਮੱਤ ਅਤੇ ਗੀਤਾ ਅਨੁਸਾਰ ਵੀ ਸੰਸਾਰ ਦੁੱਖਾਂ ਨਾਲ ਭਰਪੂਰ ਹੈ। ਪਰੰਤੂ ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇਵ ਜੀ ਦਾ ਦੁੱਖਵਾਦ ਇਨ੍ਹਾਂ ਤੋਂ ਪ੍ਰਭਾਵਤ ਨਹੀਂ ਹੈ। ਦੋਹਾਂ ਹੀ ਗੁਰੂਆਂ ਨੇ ਇਨ੍ਹਾਂ ਦੁੱਖਾਂ ਦਾ ਮੂਲ ਕਾਰਣ ਸੰਸਾਰਕ ਪਦਾਰਥਾਂ ਨਾਲ ਪਿਆਰ ਅਤੇ ਪਰਮਾਤਮਾ ਦੀ ਭਗਤੀ ਤੇ ਹਰੀ ਨਾਮ ਦਾ ਅਭਾਵ ਦਸਿਆ ਹੈ। ਮਨਮੁਖ ਸੰਸਾਰਕ ਸੁਖਾਂ ਵਿਚ ਫਸਿਆ ਦੁੱਖਾਂ ਤੇ ਜਮਾਂ ਦੀ ਮਾਰ ਖਾਂਦਾ ਹੈ। ਪਰ ਗੁਰਮੁਖਿ ਦੁੱਖਾਂ ਨੂੰ ਵੀ ਸੁਖ ਸਮਝ ਕੇ ਪ੍ਰਭੂ ਦੀ ਰਜ਼ਾ ਵਿਚ ਰਹਿੰਦਾ ਹੋਇਆ ਇਨ੍ਹਾਂ ਦੀ ਮਾਰ ਤੋਂ ਬਚ ਜਾਂਦਾ ਹੈ। ਉਹ ਸੁਖ ਤੇ ਦੁਖ ਨੂੰ ਪ੍ਰਭੂ ਦੀ ਆਗਿਆ ਸਮਝ ਕੇ ਸਹਿਨ ਕਰ ਲੈਂਦਾ ਹੈ। ਅਸਲ ਵਿੱਚ ਸੁਖਾਂ ਦੀ ਮੰਗ ਕਰਦੇ ਜੀਵ ਤੇ ਹੀ ਦੁੱਖਾਂ ਦੀਆਂ ਪੰਡਾਂ ਖੁਲ੍ਹਦੀਆਂ ਹਨ। ਗਿਆਨੀ ਪੁਰਸ਼ ਦੁਖਾਂ

ਵਿੱਚ ਪ੍ਰਭੂ ਨੂੰ ਧਿਆਉਂਦੇ ਹੋਏ ਸੁਖਾਂ ਦੀ ਪ੍ਰਾਪਤੀ ਕਰ ਲੈਂਦੇ ਹਨ। ਇਨ੍ਹਾਂ ਸੁਖਾਂ ਦੀ ਪ੍ਰਾਪਤੀ ਲਈ ਗੁਰੂ ਦੀ ਸ਼ਰਨ ਅਤੇ ਪ੍ਰਭੂ ਦਾ ਨਾਮ ਜ਼ਰੂਰੀ ਹੈ। ਸਾਂਖਯ ਅਤੇ ਹੋਰ ਮੱਤਾਂ ਦੀ ਤਰ੍ਹਾਂ ਦੋਹਾਂ ਹੀ ਗੁਰੂਆਂ ਨੇ ਦੈਹਿਕ, ਦੈਵਿਕ ਅਤੇ ਭੌਤਿਕ ਤਿੰਨ ਤਰ੍ਹਾਂ ਦੇ ਦੁਖ ਮੰਨੇ ਹਨ। ਜੀਵ ਇਨ੍ਹਾਂ ਤਿੰਨਾਂ ਦੇ ਅਧੀਨ ਰਹਿ ਕੇ ਕਰਮ ਕਰਦਾ ਹੈ ਅਤੇ ਉਸਦੇ ਕੀਤੇ ਪੂਰਬਲੇ ਕਰਮਾਂ ਦੇ ਅਨੁਸਾਰ ਹੀ ਉਸ ਨੂੰ ਸੁਖ-ਦੁਖ ਪ੍ਰਾਪਤ ਹੁੰਦੇ ਹਨ। ਇਸ ਤਰ੍ਹਾਂ ਗੁਰੂ ਜਾ ਦੇ ਇਹ ਵਿਚਾਰ ਵੇਦਾਂਤ ਨਾਲ ਜਾ ਮਿਲਦੇ ਹਨ।

ਆਨੰਦ ਜਾਂ ਅਲੌਕਿਕ ਸੁਖ

ਭੌਤਿਕ ਸੁਖ ਅਤੇ ਵਿਸ਼ੇਸ਼ ਸੁਖ(ਆਨੰਦ) ਵਿੱਚ ਬਹੁਤ ਫਰਕ ਹੈ। ਸੁਖ ਪਰਿਵ-ਰਤਨਸ਼ੀਲ, ਅਸਥਿਰ ਅਤੇ ਪਲ ਭਰ ਲਈ ਹਨ। ਆਨੰਦ ਨਿਤਯ (ਸੁਤੰਤਰ) ਅਤੇ ਸਥਿਰ ਹੈ। ਸੁਖ ਆਨੰਦ ਦੀ ਥੋੜ੍ਹੀ ਮਾਤਰਾ ਹੈ। ਸੁਖ ਦਾ ਸੰਬੰਧ ਸਰੀਰ ਅਤੇ ਇੰਦਰੀਆਂ ਨਾਲ, ਆਨੰਦ ਦਾ ਆਤਮਾ ਨਾਲ ਹੈ। ਸੁਖ ਲੌਕਿਕ ਹੈ ਆਨੰਦ ਅਲੌਕਿਕ। ਸੁਖ ਆਨੰਦ ਤੇ ਨਿਰਭਰ ਹੈ। ਆਨੰਦ ਆਤਮ ਨਿਰਭਰ ਹੈ ਆਨੰਦ ਦੀ ਅਵਸਥਾ ਵਿਚ ਹੋਰ ਸਭ ਕੁਝ ਫਿੱਕਾ ਲੱਗਦਾ ਹੈ। ਆਨੰਦ ਦਾ ਸਵਾਦ ਗੂੰਗੇ ਦੇ ਗੁੜ ਖਾਣ ਵਾਂਗ ਹੈ।[314]

ਗੁਰੂ ਰਵਿਦਾਸ ਜੀ ਅਤੇ ਗੁਰੂ ਨਾਨਕ ਦੇਵ ਜੀ ਨੇ ਵੀ ਆਪਣੀ ਬਾਣੀ ਵਿੱਚ ਇਸ ਆਨੰਦ ਜਾਂ ਅਲੌਕਿਕ ਸੁਖ ਦਾ ਵਰਣਨ ਕੀਤਾ ਹੈ। ਉਨ੍ਹਾਂ ਨੇ ਇਸ ਨੂੰ ਭੌਤਿਕ ਸੁਖ ਤੋਂ ਅਲੱਗ ਮੰਨਿਆ ਹੈ। ਗੁਰੂ ਰਵਿਦਾਸ ਜੀ ਰਾਮ ਰਸ ਪੀਂਦੇ ਹੋਏ ਹੀ ਇਸ ਅਵਸਥਾ ਵਿਚ ਪਹੁੰਚ ਕੇ ਆਪਾ ਭਾਵ ਮਿਟਾ ਕੇ ਸੰਸਾਰਕ ਪਦਾਰਥਾਂ ਦਾ ਤਿਆਗ ਕਰਕੇ ਹਰੀ ਰਸ ਵਿੱਚ ਖੀਵੇ ਹੋਏ ਫਿਰਦੇ ਹਨ। ਉਨ੍ਹਾਂ ਨੂੰ ਸੱਭ ਕੁੱਝ ਭੁੱਲ ਜਾਂਦਾ ਹੈ। ਪਰਮਾਤਮਾ ਦੇ ਨਾਲ ਦੀ ਖ਼ੁਮਾਰੀ ਹੀ ਚੜ੍ਹੀ ਰਹਿੰਦੀ ਹੈ। ਇਸ ਦੀ ਪ੍ਰਾਪਤੀ ਲਈ ਗੁਰੂ ਜੀ ਨੇ ਅਬਿਨਾਸ਼ੀ ਪਰਮਾਤਮਾ ਦੇ ਭਜਨ ਅਤੇ ਗੁਰੂ ਦੀ ਪ੍ਰਾਪਤੀ ਤੇ ਜ਼ੋਰ ਦਿੱਤਾ ਹੈ:-

(1) ਪੀਆ ਰਾਮ ਰਸੁ ਪੀਆ ਰੇ।।ਟੇਕ।।
ਭਰਿ ਭਰਿ ਦੇਵੈ ਸੁਰਤਿ ਕਲਾਲੀ ਦਰਿਆ ਦਰਿਆ ਪੀਨਾ ਰੇ।
ਪੀਵਤੁ ਪੀਵਤੁ ਆਪਾ ਜਗੁ ਭੂਲਾ, ਹਰਿ ਰਸ ਮਾਂਹਿ ਖੈਰਾਨਾ ਰੇ।

ਦਰ ਘਰਿ ਵਿਸਰਿ ਗਯੋ ਰਵਿਦਾਸਾ, ਉਨਮਨਿ ਸਦ ਮਤਵਾਰੋ ਰੇ।
ਪਲੁ ਪਲੁ ਪ੍ਰੇਮ ਪਿਆਲਾ ਚਾਲੈ, ਛੂਟੇ ਨਾਂਹਿ ਖੁਮਾਰੀ ਰੇ।[315]

(2) ਰੇ ਪਾਯੋ ਰੀ ਰਾਮ ਅਮੀਰਸ।। ਰਸ ਜਿਨਿ ਮਗਨ ਹੁਵੈ ਰਹਿਆ, ਰਰੰਕਾਰ ਰਾਖੈ ਨਿਤ ਰਸਨਾ।।

------

ਅਭਿ ਅੰਤਰ ਭਜੋ ਨਿਤ ਅਵਿਗਤ, ਇਹਿ ਉਪਾਇ ਅਤਰਿੰ ਭੋ ਤਰਨਾ।।[316]

(3) ਰਾਮਾਨੰਦ ਮੋਹਿ ਗੁਰੂ ਮਿਲਯੋ, ਪਾਯਾ ਬ੍ਰਹਮ ਵਿਸਾਸ।
ਰਾਮ ਨਾਮ ਅਮੀ ਰਸ ਪਿਯੋ, ਰਵਿਦਾਸ ਹੀ ਭਯੋ ਖਲਾਸ।।[317]

ਗੁਰਬਾਣੀ ਵਿਚ ਇਸਨੂੰ **ਸੁਖ**-ਸਹਿਜ ਵੀ ਕਿਹਾ ਗਿਆ ਹੈ। ਪਰ ਕਈ ਥਾਈ ਸਹਿਜ-ਸੁਖ, ਸਹਜ ਸੁਖ, ਸਹਜ ਅਨੰਦ ਅਤੇ ਸਾਂਤਿ ਸਹਜ ਵੀ ਕਿਹਾ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਲਿਖਦੇ ਹਨ ਕਿ ਜਿਹੜਾ ਮਨੁੱਖ ਆਤਮਕ ਜੀਵਨ ਦੇਣ ਵਾਲਾ ਨਾਮ ਜਲ ਪੀਂਦਾ ਹੈ ਉਸ ਦੇ ਮਨ ਦੀ ਭਟਕਣਾ ਖਤਮ ਹੋ ਜਾਂਦੀ ਹੈ। ਉਹ ਸਦਾ ਆਤਮਕ ਅਡੋਲਤਾ ਵਿਚ ਟਿਕਿਆ ਰਹਿੰਦਾ ਹੈ। ਉਹ ਮਨੁੱਖ ਉਹ ਆਤਮਕ ਦਰਜਾ ਪ੍ਰਾਪਤ ਕਰ ਲੈਂਦਾ ਹੈ ਜਿਥੇ ਆਤਮਕ ਮੌਤ ਨੇੜੇ ਨਹੀਂ ਢੁੱਕਦੀ:-

(1) ਅਪਿਉ ਪੀਵੈ ਜੋ ਨਾਨਕਾ ਭ੍ਰਮੁ ਭ੍ਰਮਿ ਸਮਾਵੈ।।
ਸਹਜੇ ਸਹਜੇ ਮਿਲਿ ਰਹੈ ਅਮਰਾਪਦੁ ਪਾਵੈ।।[318]

(2) ਨਾਨਕ ਸਾਂਤਿ ਸਹਜ ਸੁਖੁ ਪਾਵੈ ਜੇ ਹਰਿ ਵਰੁ ਘਰਿ ਧਨ ਪਾਏ।।[319]

ਗੁਰੂ ਨਾਨਕ ਦੇਵ ਜੀ ਤੋਂ ਬਿਨਾਂ ਹੋਰ ਗੁਰੂ ਸਾਹਿਬਾਨ ਨੇ ਵੀ ਅਲੌਕਿਕ ਸੁਖ ਦਾ ਵਰਣਨ ਕੀਤਾ ਹੈ:-

(1) ਸਹਜ ਸੂਖ ਆਨੰਦ ਨਾਮ ਰਸ ਹਰਿ ਸੰਤੀ ਮੰਗਲੁ ਗਾਇਆ।।[320]

(2) ਸੂਖ ਸਿਮਰਤ ਸੁਆਮੀ ਕਿਲਵਿਖ ਨਾਸੇ।। ਸੂਖ ਸਹਜ ਆਨੰਦ ਨਿਵਾਸੇ।।

------

ਸੂਖ ਸਹਜ ਸਾਂਤਿ ਆਨੰਦਾ।। ਜਪਿ ਜਪਿ ਜੀਵੇ ਪਰਮਾਨੰਦਾ।।

------

ਸੂਖ ਸਹਜ ਰਸ ਮਹਾ ਅਨੰਦਾ।। ਜਪਿ ਜਪਿ ਜੀਵੇ ਪਰਮਾਨੰਦਾ।।[321]

ਚੌਥੇ ਗੁਰੂ ਰਾਮਦਾਸ ਜੀ ਲਿਖਦੇ ਹਨ, ਜਿਸ ਮਨੁੱਖ ਦੇ ਮਨ ਵਿੱਚ ਪਰਮਾਤਮਾ ਦੀ ਸਿਫ਼ਤ-ਸਲਾਹ ਪਿਆਰੀ ਲੱਗਦੀ ਹੈ ਉਸਦੇ ਹਿਰਦੇ ਘਰ ਵਿੱਚ ਸਦਾ ਆਨੰਦ ਬਣਿਆ ਰਹਿੰਦਾ

ਹੈ। ਉਸਨੂੰ ਇਵੇਂ ਲੱਗਦਾ ਹੈ ਜਿਵੇਂ ਸਾਰੇ ਸੁਆਦਲੇ ਮਿੱਠੇ ਰਸ ਉਸ ਦੇ ਮੂੰਹ ਵਿਚ ਪੈ ਰਹੇ ਹਨ। ਉਸ ਦੇ ਮਨ ਵਿੱਚ ਆਤਮਕ ਅਡੋਲਤਾ ਦਾ ਸੁਖ ਪੈਦਾ ਹੋਣ ਕਰਕੇ ਉਹ ਆਪਣਾ ਆਪ ਗੁਰੂ ਅੱਗੇ ਵੇਚ ਦਿੰਦਾ ਹੈ:--

(1) ਮੰਦਰਿ ਘਰਿ ਆਨੰਦ ਹਰਿ ਹਰਿ ਜਸੁ ਮਨਿ ਭਾਵੈ।।
ਸਭ ਰਸ ਮੀਠੇ ਮੁਖਿ ਲਗਹਿ ਜਾ ਹਰਿ ਗੁਣ ਗਾਵੈ।।[322]
(2) ਸਹਜ ਅਨੰਦੁ ਭਇਆ ਮਨਿ ਮੋਰੈ ਗੁਰ ਆਗੈ ਆਪੁ ਵੇਚਾਇਆ।।[323]

ਸ੍ਰੀ ਗੁਰੂ ਨਾਨਕ ਦੇਵ ਜੀ ਸੰਸਾਰਕ ਸੁਖਾਂ ਨੂੰ ਦਿਖਾਵਾ ਮਾਤਰ ਆਖਦੇ ਹਨ। ਸਰੀਰ ਪਰ ਚੋਆ ਚੰਦਨ ਮਲਣਾ, ਰੇਸ਼ਮੀ ਕਪੜੇ ਪਹਿਨਣਾ ਸ਼ਾਹੀ ਠਾਠ ਬਾਠ, ਸੁੰਦਰ ਭਵਨ, ਸੁਖਦਾਇਕ ਬਿਸਤਰੇ, ਰਿਧੀਆਂ ਸਿਧੀਆਂ ,ਫੌਜਾਂ,ਵਾਜੇ-ਨੇਜੇ, ਬਾਦਸ਼ਾਹ ਬਣਨਾ ਆਦਿ ਸਾਰੀਆਂ ਚੀਜ਼ਾਂ ਨਾਸ਼ਵਾਨ ਤੇ ਤੁੱਛ ਹਨ। ਇਨ੍ਹਾਂ ਤੋਂ ਅਸਲੀ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ। ਅਲੌਕਿਕ ਸੁਖ ਤਾਂ ਪ੍ਰਭੂ ਦਾ ਨਾਮ ਜਪਣ ਅਤੇ ਗੁਰੂ ਦੇ ਸ਼ਬਦ ਰਾਹੀਂ ਹੀ ਮਿਲਦਾ ਹੈ।[324] ਜਿਸ ਵੀ ਮਨੁੱਖ ਨੇ ਪ੍ਰਭੂ ਦਾ ਨਾਮ ਸਿਮਰਿਆ ਹੈ। ਉਸ ਨੇ ਸੁਖ ਹਾਸਲ ਕੀਤਾ ਹੈ। ਉਹ ਮਨੁੱਖ ਸਦਾ ਆਤਮਕ ਅਡੋਲਤਾ ਵਿੱਚ ਟਿਕਿਆ ਰਹਿ ਕੇ ਪ੍ਰਭੂ ਦੇ ਨਾਮ ਵਿਚ ਲੀਨ ਹੋ ਜਾਂਦਾ ਹੈ:--

ਜਿਨਿ ਹਰਿ ਸੇਵਿਆ ਤਿਨਿ ਸੁਖ ਪਾਇਆ।।
ਸਹਜੇ ਹੀ ਹਰਿ ਨਾਮਿ ਸਮਾਇਆ।।[325]

## ਅਲੌਕਿਕ ਸੁੱਖਾਂ ਦੀ ਪ੍ਰਾਪਤੀ ਦੇ ਸਾਧਨ

ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਜਿਥੇ ਸੁਖ, ਅਲੌਕਿਕ ਸੁਖਾਂ ਦਾ ਵਰਣਨ ਹੈ। ਉਥੇ ਇਨ੍ਹਾਂ ਸੁਖਾਂ ਦੀ ਪ੍ਰਾਪਤੀ ਦੇ ਸਾਧਨ ਵੀ ਦਰਸਾਏ ਹਨ। ਦੋਵੇਂ ਹੀ ਗੁਰੂਆਂ ਨੇ ਅਲੌਕਿਕ ਸੁਖਾਂ ਦੀ ਪ੍ਰਾਪਤੀ ਲਈ ਪ੍ਰਭੂ ਚਿਤਵਨ ਤੇ ਗੁਣਗਾਨ ਕਰਨ ਤੇ ਜ਼ੋਰ ਦਿੱਤਾ ਹੈ। ਪ੍ਰਭੂ ਦਾ ਭਜਨ ਕਰਨ ਨਾਲ ਜਮ ਦਾ ਡਰ ਦੂਰ ਹੋ ਜਾਂਦਾ ਹੈ। ਦੁੱਖ ਦੂਰ ਹੋ ਜਾਂਦੇ ਹਨ ਅਤੇ ਸੁਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ:--

(1) ਤੁਮਰੇ ਭਜਨ ਕਟਹਿ ਜਮ ਫਾਸਾ, ਭਗਤਿ ਹੇਤ ਗਾਵੈ ਰਵਿਦਾਸਾ।।[326]
(2) ਅਭਿਅੰਤਰ ਭੌ ਨਿਤ ਅਵਿਗਤ, ਇਹਿ ਉਪਾਇ ਅਤਰਿੰ ਭੈ ਤਰਨਾ।।[327]

(3) ਰੇਤੈ ਨਹਿ ਅਲਪੁ ਮਤਿ ਮੂਰਖਿ, ਛਾਂਡਿ ਅੰਮ੍ਰਿਤ ਵਿਖੁ ਖਾਤ ਰੇ।।
ਕਹਿ ਰਵਿਦਾਸ ਆਸਤਜ ਔਰੇ, ਸ੍ਰੀ ਗੋਪਾਲਹ ਰੰਗ ਰਾਚ ਰੇ।।[328]

(4) ਜੌ ਤੁਮ ਗੋਪਾਲਹਿੰ ਨਹੀਂ ਗੈਹੋ। ਤੋ ਤੁਮ ਕੌਂ ਸੁਖ ਮੇਂ ਦੁਖ ਉਪਜੈ, ਸੁਖਹਿ ਕਹਾਂ ਤੈ ਪੈਹੋ।।[329]

(5) ਜੋ ਸੁਖ ਹੋਤ ਸਾਧ ਕੂੰ ਭੇਂਟੇ, ਗਾਵਤ ਸਯਾਮ ਸਕਲ ਦੁਖ ਮੇਟੇ।।[330]

ਸ੍ਰੀ ਗੁਰੂ ਨਾਨਕ ਦੇਵ ਜੀ ਵੀ ਲਿਖਦੇ ਹਨ ਕਿ ਪ੍ਰਭੂ ਦਾ ਨਾਮ ਗਾਉਣ, ਸੁਣਨ ਤੇ ਨਾਮ ਨਾਲ ਪਿਆਰ ਕਰਨ ਨਾਲ ਦੁੱਖਾਂ ਦਾ ਖਾਤਮਾ ਹੋ ਜਾਂਦਾ ਹੈ ਤੇ ਸੁਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ:-

ਗਾਵੀਐ ਸੁਣੀਐ ਮਨਿ ਰਖੀਐ ਭਾਉ।
ਦੁਖ ਪਰਹਰਿ ਸੁਖੁ ਘਰਿ ਲੈ ਜਾਇ।।[331]

ਜਿਹੜਾ ਜੀਵ ਅਕਾਲ ਪੁਰਖ ਦਾ ਨਾਮ ਸੁਣ ਕੇ ਆਪਣੀ ਸੁਰਤੀ ਉਸ ਵਿਚ ਜੋੜਕੇ ਮਨ ਵਿਚ ਪਿਆਰ ਪਾਲਿਆ ਹੈ। ਉਸ ਨੇ ਆਪਣੇ ਅੰਦਰਲੇ ਤੀਰਥ ਵਿਚ ਇਸ਼ਨਾਨ ਕਰ ਲਿਆ ਹੈ ਤੇ ਆਪਣੇ ਮਨ ਦੀ ਮੈਲ ਲਾਹ ਲਈ ਹੈ:-

ਸੁਣਿਆ ਮੰਨਿਆ ਮਨਿ ਕੀਤਾ ਭਾਉ।। ਅੰਤਰਗਤਿ ਤੀਰਥਿ ਮਲਿ ਨਾਉ।।[332]

ਗੁਰੂ ਅਮਰ ਦਾਸ ਜੀ ਵੀ ਲਿਖਦੇ ਹਨ ਕਿ ਜਿਹੜੇ ਜੀਵ ਸਦਾ ਸਦਾ ਪਰਮਾਤਮਾ ਦੇ ਗੁਣ ਯਾਦ ਕਰਦੇ ਰਹਿੰਦੇ ਹਨ। ਉਨ੍ਹਾਂ ਦੇ ਅੰਦਰ ਆਤਮਕ ਅਡੋਲਤਾ ਦੀ ਸਮਾਧੀ ਬਣੀ ਰਹਿੰਦੀ ਹੈ। ਦੁਖ-ਸੁਖ ਵਿਚ ਅਡੋਲ-ਚਿਤ ਤੇ ਅਨੰਦ ਦੀ ਅਵਸਥਾ ਵਿਚ ਰਹਿੰਦੇ ਹਨ।[333]

ਪ੍ਰਭੂ ਦੇ ਗੁਣ-ਗਾਇਨ ਕਰਨ ਤੋਂ ਇਲਾਵਾ ਅਲੌਕਿਕ ਸੁਖਾਂ ਦੀ ਪ੍ਰਾਪਤੀ ਲਈ ਗੁਰੂ ਦੀ ਸ਼ਰਨ ਵਿਚ ਜਾਣਾ ਤੇ ਗੁਰੂ ਦੀ ਮਤ ਲੈਣਾ ਵੀ ਜ਼ਰੂਰੀ ਹੈ। ਸੰਸਾਰ ਵਿਚ ਕੰਵਲ ਦੇ ਫੁੱਲ ਦੀ ਤਰ੍ਹਾਂ ਨਿਰਲੇਪ ਰਹਿਕੇ ਗੁਰੂ ਚਰਨਾਂ ਵਿਚ ਚਿੱਤ ਜੋੜਨ ਨਾਲ ਹੀ ਦੁੱਖਾਂ ਦੇ ਫੰਦੇ ਨੂੰ ਕੱਟਿਆ ਜਾ ਸਕਦਾ ਹੈ। ਭਟਕਣਾ ਖਤਮ ਹੋ ਜਾਂਦੀ ਹੈ। ਮਾਨ, ਮਦੁ ਛੁੱਟ ਜਾਂਦਾ ਹੈ। ਪ੍ਰਭੂ ਦੇ ਨਾਮ ਰੂਪੀ ਅੰਮ੍ਰਿਤ ਦੀ ਪ੍ਰਾਪਤੀ ਹੋ ਜਾਂਦੀ ਹੈ।

(1) ਬਿਸ਼ਧਨ ਰਤੁ ਸੰਸਾ ਭ੍ਰਮ ਅਟਕਯੋ, ਭੰਵਰ ਫੰਦ ਮਹਿੰ ਰਹਿਯੋ।
ਜਗ ਮਹਿੰ ਰਹਹੁ ਕੰਵਲ ਜਲ ਜਇਸੈ, ਗੁਰ ਚਰਨਾ ਚਿਤ ਰਹਿਏ।[334]

(2) ਤੁਮਰੀ ਸਰਨ ਰਹੌਂ ਨਿਸ ਬਾਸਰ, ਭਰਮਤ ਫਿਰੌਂ ਨ ਹੌਂ ਹਰਿ ਰਾਈ।
ਤੁਮਰੀ ਅਨੁਕੰਪ ਮਾਨ ਪਦੁ ਛੂਟੈ, ਰਾਮ ਰਸਾਇਨੁ ਅਮ੍ਰਿਤ ਪਾਈ।।[335]

ਗੁਰੂ ਨਾਨਕ ਦੇਵ ਜੀ ਵੀ ਦੁੱਖ ਮਿਟਾਉਣ ਤੇ ਅਲੌਕਿਕ ਸੁਖਾਂ ਦੀ ਪ੍ਰਾਪਤੀ ਲਈ ਗੁਰੂ ਦੀ ਸਰਣ ਜ਼ਰੂਰੀ ਦੱਸਦੇ ਹੋਏ ਲਿਖਦੇ ਹਨ ਕਿ ਗੁਰੂ ਹੀ ਆਤਮਕ ਜੀਵਨ ਦੇਣ ਵਾਲਾ ਹਰੀ ਨਾਮ ਦੇਂਦਾ ਹੈ। ਗੁਰੂ ਦੀ ਸ਼ਰਨ ਪੈ ਕੇ ਨਾਮ ਜਪਣ ਨਾਲ ਸ੍ਰੇਸ਼ਟ ਸੁਖ ਮਿਲਦੇ ਹਨ। ਜਿਸ ਮਨੁੱਖ ਤੇ ਗੁਰੂ ਦੀ ਮਿਹਰ ਹੋ ਜਾਂਦੀ ਹੈ ਉਸ ਨੂੰ ਸਦਾ-ਥਿਰ ਹਰੀ-ਨਾਮ ਹਿਰਦੇ ਵਿਚ ਪੱਕਾ ਕਰਾ ਦਿੰਦਾ ਹੈ। ਉਸਨੂੰ ਜ਼ਿੰਦਗੀ ਦੇ ਸਹੀ ਰਸਤੇ ਪਾ ਉਸਦੇ ਸਾਰੇ ਦੁੱਖ ਮਿਟਾ ਦਿੰਦਾ ਹੈ:-

(1) ਅਮ੍ਰਿਤ ਨਾਮੁ ਗੁਰੂ ਵਡਦਾਣਾ ਨਾਮੁ ਜਪਹੁ ਸੁਖ ਸਾਰਾ ਹੇ।।
ਸਤਿਗੁਰੁ ਤੁਠਾ ਸਚੁ ਦ੍ਰਿੜਾਏ।। ਸਭ ਦੁਖ ਮੇਟੇ ਮਾਰਗਿ ਪਾਏ।।[336]

(2) ਦੁਖ ਮਹਿ ਜਨਮੈ ਦੁਖ ਮਹਿ ਮਰਣਾ।। ਦੂਖੁ ਨ ਮਿਟੈ ਬਿਨੁ ਗੁਰ ਕੀ ਸਰਣਾ।।[337]

(3) ਸਗਲੇ ਦੂਖ ਮਿਟਹਿ ਗੁਰ ਸੇਵਾ ਨਾਨਕ ਨਾਮੁ ਸਖਾਈ।।[338]

ਅਲੌਕਿਕ ਸੁਖਾਂ ਦੀ ਪ੍ਰਾਪਤੀ ਲਈ ਤੀਜਾ ਸਾਧਨ ਗੁਰੂ ਸਾਹਿਬਾਨ ਨੇ ਨਾਮ ਦਾ ਜਾਪ ਕਰਨਾ ਦੱਸਿਆ ਹੈ। ਇਸ ਦਾ ਜਾਪ ਕਰਨ ਨਾਲ ਸਭ ਸੁਖ ਤੇ ਰਿਧੀਆਂ ਸਿਧੀਆਂ ਦੀ ਪ੍ਰਾਪਤੀ ਹੋ ਜਾਂਦੀ ਹੈ:-

(1) ਸੁਰਸਰਿ ਮੈਂ ਜੁ ਸੁਰਾ ਪਰਯੋ, ਕੋ ਕਰੈ ਨ ਵਿਚਾਰ।
ਰਾਮ ਨਾਮ ਹਿਰਦੈ ਬਸੈ, ਸਬ ਸੁਖ ਨਿਧਿ ਸਾਰ।।[339]

(2) ਸੁਖ ਕੀ ਸਾਰ ਸੁਹਾਗਨਿ ਜਾਨੈ, ਤਨ ਮਨ ਦੇਇ ਅੰਤਰ ਨਹਿੰ ਆਨੈ।
ਆਨ ਸੁ ਨਾਂਵ ਔਰ ਨਹਿੰ ਭਾਖੈ, ਰਾਮ ਰਸਾਇਣ ਰਸਨਾ ਚਾਖੈ।।[340]

ਗੁਰੂ ਨਾਨਕ ਦੇਵ ਜੀ ਅਨੁਸਾਰ:-

(1) ਨਾਮੁ ਜਪਹੁ ਸੁਖ ਸਾਰਾ ਹੇ।।[341] - - - ਨਾਮ ਵਿਸਾਰਿ ਕਹਾ ਸੁਖੁ ਪਾਵਹਿ।।

(2) ਹਰਿ ਹਰਿ ਨਾਮੁ ਜਪਹੁ ਰਸੁ ਮੀਠਾ।।[342]

(3) ਜਨਮ ਮਰਨ ਦੁਖੁ ਕਾਟੀਐ ਨਾਨਕ ਛੂਟੀਐ ਨਾਇ।।[343]

ਸਤਿਗੁਰ ਦੀ ਸੇਵਾ ਮਨ ਦੀ ਪਵਿੱਤਰਤਾ ਲਈ ਜ਼ਰੂਰੀ ਹੈ ਤਾਂ ਹੀ ਸੁਖਾਂ ਦਾ ਵਾਸਾ ਪਵਿਤਰ ਮਨ ਵਿਚ ਹੋ ਸਕਦਾ ਹੈ। ਗੁਰੂ ਰਾਮਾਨੰਦ ਦੀ ਸੇਵਾ ਕਰਨ ਨਾਲ ਹੀ ਗੁਰੂ ਰਵਿਦਾਸ ਨੂੰ ਇਸ ਪਦ ਦੀ ਪ੍ਰਾਪਤੀ ਹੋਈ:-

(1) ਰਾਮਾਨੰਦ ਮੋਹਿ ਗੁਰੂ ਮਿਲਯੋ, ਪਾਯਾ ਬ੍ਰਹਮ ਵਿਸਾਸ।
ਰਾਮ ਨਾਮ ਅਮੀ ਰਸ ਪਿਯੋ, ਰਵਿਦਾਸ ਹੀ ਭਯੋ ਖਲਾਸ।।[344]
(2) ਸਤਿਗੁਰ ਸੇਵਹੁ ਸੰਕ ਨ ਕੀਜੈ।।ਆਸਾ ਮਾਹਿ ਨਿਰਾਸ ਰਹੀਜੈ।[345]
ਸੰਸਾ ਦੂਖ ਬਿਨਾਸਨੁ ਸੇਵਹੁ ਫਿਰਿ ਬਾਹੁੜਿ ਰੋਗੁ ਨ ਲਾਇਆ।।

ਸੋ ਗੁਰੂ ਰਵਿਦਾਸ ਜੀ ਦੁੱਖਾਂ, ਸੁੱਖਾਂ ਤੋਂ ਨਿਵਿਰਤ ਹੋਕੇ ਇਨ੍ਹਾਂ ਨੂੰ ਸਮਾਨ ਸਮਝਦਿਆਂ, ਆਸਾ ਤੇ ਨਿਰਾਸ਼ਾ ਨੂੰ ਛੱਡਦਿਆਂ, ਕਾਮ, ਕ੍ਰੋਧ, ਹੰਕਾਰ, ਤ੍ਰਿਸਨਾ ਆਦਿ ਨੂੰ ਤਿਆਗਦਿਆਂ ਗੁਰੂ ਚਰਨਾਂ ਵਿਚ ਰਹਿੰਦਿਆਂ ਪ੍ਰਭੂ ਪ੍ਰੇਮ ਦੇ ਬੰਧਨ ਵਿਚ ਬੱਝਣ ਅਤੇ ਉਸ ਪ੍ਰਭੂ ਨੂੰ ਪ੍ਰੇਮ ਡੋਰੀ ਵਿਚ ਬੰਨ੍ਹ ਕੇ ਸਦੀਵੀ ਇਕਮਿਕਤਾ ਪ੍ਰਾਪਤ ਕਰਨ ਦੀ ਸਿੱਖਿਆ ਦਿੰਦੇ ਹਨ। ਇਸ ਤਰ੍ਹਾਂ ਜੀਵ ਨੂੰ 'ਸੁਖਮਣੀ' ਪ੍ਰਾਪਤ ਹੋ ਜਾਂਦੀ ਹੈ ਅਤੇ ਉਹ ਪਰਮ ਅਨੰਦ ਜਾਂ ਉਨਮਨ ਅਵਸਥਾ ਦਾ ਧਾਰਨੀ ਹੋ ਜਾਂਦਾ ਹੈ। ਫਿਰ ਉਹ 'ਬੇਗਮਪੁਰੇ' ਸ਼ਹਿਰ ਦਾ ਵਾਸੀ ਹੋ ਜਾਂਦਾ ਹੈ ਜਿਥੇ ਕੋਈ ਦੁੱਖ ਨਹੀਂ:-

(1) ਛਾਂਡੈ ਆਸ ਨਿਰਾਸ ਪਰਮਪਦ, ਤਬ ਸੁਖ ਸਤਿ ਕਰ ਹੋਇ।
ਕਹੈ ਰਵਿਦਾਸ 'ਜਾਸੂੰ' ਅਉਰ ਕਹਤ ਹੈ, ਪਰਮਤੱਤ ਹੈ ਸੋਇ।।[346]
(2) ਕਾਮ ਕ੍ਰੋਧ ਹੰਕਾਰ ਨਿਵਾਰਉ, ਤ੍ਰਿਸਨਾ ਤਯਾਗਹੁ ਸੰਤ ਜਨਾ।
ਕਹਿ ਰਵਿਦਾਸ ਭਇਓ ਸੀਤਲ ਕਾਯਾ, ਜਯੋ ਹੌਂ ਲਾਗੋ ਗੁਰ ਚਰਨਾ।[347]
(3) ਅਬ ਹਮ ਖੂਬ ਵਤਨ ਘਰ ਪਾਯਾ, ਊਂਚਾ ਖੈਰ ਸਦਾ ਮੁਹਿ ਮਨ ਭਾਯਾ।
ਬੇਗਮਪੁਰਾ ਸਹਰ ਕਾ ਨਾਉ, ਦੂਖੁ ਅੰਦੋਹੁ ਨਹੀ ਤਿਹਿ ਠਾਉ।।[348]

ਸੋ ਗੁਰੂ ਨਾਨਕ ਦੇਵ ਜੀ ਵੀ ਗੁਰੂ ਰਵਿਦਾਸ ਵਾਂਗ ਅਲੌਕਿਕ ਸੁਖਾਂ ਦੀ ਪ੍ਰਾਪਤੀ ਲਈ ਦੁਖ-ਸੁਖ ਨੂੰ ਸਮਾਨ ਸਮਝਣ ਅਤੇ ਅਹੰਕਾਰ ਦਾ ਤਿਆਗ ਕਰਨ ਦੀ ਪ੍ਰੇਰਨਾ ਕਰਦੇ ਹਨ। ਜਿਨ੍ਹਾਂ ਮਨੁੱਖਾਂ ਨੇ ਹਉਮੈ ਅਤੇ ਤ੍ਰਿਸਨਾ ਨੂੰ ਮਾਰ ਕੇ ਸਚ ਦੀ ਪਛਾਣ ਕਰ

ਲਈ ਹੈ ਅਸਲ ਵਿਚ ਉਹ ਜੀਵ ਹੀ ਸੁਖਾਂ ਦੀ ਪ੍ਰਾਪਤੀ ਕਰਦੇ ਹਨ। ਇਹ ਹਉਮੈ ਪਵਿੱਤਰ ਹਰਿ ਨਾਮ ਨਾਲ ਹੀ ਧੋਤੀ ਜਾਂਦੀ ਹੈ ਤੇ ਫਿਰ ਸਦਾ ਥਿਰ ਪ੍ਰਭੂ ਦੀ ਭਗਤੀ ਦੀ ਬਰਕਤ ਨਾਲ ਮਨੁੱਖ ਦੇ ਅੰਦਰ ਸਦਾ ਆਤਮਕ ਆਨੰਦ ਬਣਿਆ ਰਹਿੰਦਾ ਹੈ:-

(1) ਜਿਨੀ ਸਚੁ ਪਛਾਣਿਆ ਸੇ ਸੁਖੀਏ ਜੁਗ ਚਾਰਿ॥
ਹਉਮੈ ਤ੍ਰਿਸਨਾ ਮਾਰਿ ਕੈ ਸਚੁ ਰਖਿਆ ਉਰਧਾਰਿ॥[349]

(2) ਛੋਡਹੁ ਕਾਮ ਕ੍ਰੋਧ ਬੁਰਿਆਈ॥ ਹਉਮੈ ਧੰਧ ਛੋਡਹੁ ਲੰਪਟਾਈ॥
ਸਤਗੁਰਿ ਸਰਣਿ ਪਰਹੁ ਤਾ ਉਬਰਹੁ ਇਉ ਤਰੀਐ ਭਵਜਲ ਭਾਈ ਹੇ॥[350]

(3) ਨਿਰਮਲ ਨਾਮਿ ਹਉਮੈ ਮਲੁ ਧੋਇ॥ ਸਾਚੀ ਭਗਤਿ ਸਦਾ ਸੁਖੁ ਹੋਇ॥[351]

(4) ਸੁਖ ਦੁਖ ਸਮ ਕਰਿ ਜਾਣੀਅਹਿ ਸਬਦਿ ਭੇਦਿ ਸੁਖੁ ਹੋਇ॥[352]

ਗੁਰੂ ਦੀ ਕ੍ਰਿਪਾ ਨਾਲ ਜਿਨ੍ਹਾਂ ਮਨੁੱਖਾਂ ਨੇ ਆਪਣੇ ਹਿਰਦੇ ਵਿਚ ਟਿਕ ਕੇ ਅਕਾਲ ਪੁਰਖ ਨੂੰ ਲੱਭ ਲਿਆ ਹੈ ਉਹ ਅੰਤਰ ਆਤਮੇ ਸਿਮਰਨ ਕਰਦੇ ਹੋਏ ਵੀ ਤੇ ਜਗਤ ਨਾਲ ਪ੍ਰੇਮ ਕਰਦੇ ਹੋਏ ਵੀ ਸੁਖੀ ਰਹਿੰਦੇ ਹਨ। ਸਾਰਾਤਮਕ ਸੁਖ ਹਿਰਦੇ ਵਿਚ ਟਿਕੇ ਰਹਿਣ ਵਿਚ ਹੈ, ਬਾਹਰ ਭਟਕਣ ਵਿਚ ਨਹੀਂ:-

(1) ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ॥
ਬਾਹਰਿ ਢੂੰਢਤ ਬਹੁਤ ਦੁਖੁ ਪਾਵਹਿ ਘਰਿ ਅੰਮ੍ਰਿਤ ਘਟ ਮਾਹੀ ਜੀਉ॥[353]

ਇਸ ਸਾਰੇ ਵਿਚਾਰ ਪਿਛੋਂ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਭਾਵੇਂ ਸ੍ਰੀ ਗੁਰੂ ਰਵਿਦਾਸ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਸਾਰ ਨੂੰ ਦੁੱਖਮਈ ਮੰਨਿਆ ਹੈ। ਪ੍ਰੰਤੂ ਫਿਰ ਵੀ ਉਨ੍ਹਾਂ ਨੇ ਜੀਵ ਨੂੰ ਨਿਰਾਸ਼ਾਵਾਦੀ ਨਹੀਂ, ਆਸ਼ਾਵਾਦੀ ਬਣਾਇਆ ਹੈ। ਉਨ੍ਹਾਂ ਨੇ ਜੀਵ ਨੂੰ ਗੁਰੂ ਦੀ ਸ਼ਰਨ ਵਿਚ ਜਾ ਕੇ ਪ੍ਰਭੂ ਦੀ ਭਗਤੀ ਕਰਦਿਆਂ ਤੇ ਨਾਮ ਜਪਦਿਆਂ ਇਨ੍ਹਾਂ ਦੁੱਖਾਂ ਨੂੰ ਕੱਟਣ ਦਾ ਰਾਹ ਦੱਸਿਆ ਹੈ। ਦੋਹਾਂ ਹੀ ਗੁਰੂਆਂ ਨੇ ਦੁੱਖਾਂ ਤੋਂ ਭੱਜਣਾ ਨਹੀਂ ਸਿਖਾਇਆ ਸਗੋਂ ਦੁੱਖਾਂ ਨਾਲ ਜੂਝਣਾ ਸਿਖਾਇਆ ਹੈ। ਜੂਝਣਾ ਤੇ ਜਿੱਤ ਪ੍ਰਾਪਤ ਕਰਨਾ ਹੀ ਸੁਖ-ਸਹਿਜ ਜਾਂ ਅਲੌਕਿਕ ਸੁਖਾਂ ਦੀ ਪ੍ਰਾਪਤੀ ਅਤੇ ਜੀਵਨ ਦ੍ਰਿਸ਼ਟੀਕੋਣ ਦਾ ਬਦਲਣਾ ਹੈ। ਸ੍ਰੀ ਗੁਰੂ ਨਾਨਕ

ਦੇਵ ਜੀ ਤਾਂ ਸੁਖ ਤੇ ਦੁੱਖ ਨੂੰ ਰੋਗ ਅਤੇ ਪ੍ਰਭੂ ਦੀ ਦੇਣ ਸਮਝਦੇ ਹਨ। ਇਨ੍ਹਾਂ ਦੋਹਾਂ ਤੋਂ ਵਧੀਆ ਅਲੌਕਿਕ ਸੁਖ ਹਨ। ਦੁੱਖਾਂ ਦੀ ਅਵਸਥਾ ਵਿਚ ਹੀ ਅਲੌਕਿਕ ਸੁਖਾਂ ਦੀ ਪ੍ਰਾਪਤੀ ਹੋ ਸਕਦੀ ਹੈ। ਇਨ੍ਹਾਂ ਦੀ ਪ੍ਰਾਪਤੀ ਲਈ ਪ੍ਰਭੂ ਸਿਮਰਣ, ਗੁਰੂ ਦੀ ਸ਼ਰਨ, ਨਾਮ ਜਪਣਾ, ਅਹੰਕਾਰ ਦਾ ਤਿਆਗ, ਸਮ ਦ੍ਰਿਸ਼ਟੀ ਅਤੇ ਸੇਵਾ ਦੀ ਭਾਵਨਾ ਜ਼ਰੂਰੀ ਹੈ। ਗੁਰੂ ਸਾਹਿਬਾਨ ਦੇ ਇਹ ਵਿਚਾਰ ਗੀਤਾ ਅਤੇ ਵੇਦਾਂਤ ਨਾਲ ਜਾ ਮਿਲਦੇ ਹਨ। ਪਰੰਤੂ ਸੂਫੀਮੱਤ ਅਤੇ ਬੁੱਧਮੱਤ ਦੇ ਦੁੱਖਵਾਦ ਜਿਸ ਵਿਚ ਨਿਰਾਸ਼ਤਾ ਦੀ ਭਾਵਨਾ ਦਾ ਬੋਲਬਾਲਾ ਹੈ, ਗੁਰੂ ਸਾਹਿਬਾਨ ਦੀ ਬਾਣੀ ਇਸ ਤੋਂ ਮੁਕਤ ਹੈ। ਗੁਰੂ ਸਾਹਿਬ ਨੇ ਅਲੌਕਿਕ ਸੁਖ ਪ੍ਰਾਪਤ ਜੀਵ ਨੂੰ ਗੁਰਮੁਖਿ, ਬ੍ਰਹਮ ਗਿਆਨੀ, ਸਾਧ, ਭਗਤ, ਜੀਵਨ-ਮੁਕਤਿ ਆਦਿ ਸ਼ਬਦਾਂ ਨਾਲ ਯਾਦ ਕੀਤਾ ਹੈ। ਭਾਰਤੀ ਅਧਿਆਤਮਿਕ ਪਰੰਪਰਾ ਵਿਚ ਵੀ ਸਦਾ ਤੋਂ ਹੀ ਇਕ ਅਜਿਹੇ ਆਤਮ-ਦਰਸ਼ੀ ਆਦਰਸ਼ ਪੁਰਸ਼ ਦੀ ਕਲਪਣਾ ਕੀਤੀ ਗਈ ਹੈ ਜਿਹੜਾ ਆਂਤਰਿਕ ਰੂਪ ਵਿਚ ਪਰਮਾਤਮਾ ਨਾਲ ਜੁੜਿਆ ਹੋਵੇ ਅਤੇ ਉਸ ਨੂੰ ਸੰਸਾਰ ਦੇ ਬਾਹਰੀ ਸੁਖ ਅਤੇ ਦੁਖ ਦੋਵੇਂ ਪ੍ਰਭਾਵਿਤ ਨਾ ਕਰਦੇ ਹੋਣ। ਕਠੋਪਨਿਸ਼ਦ ਵਿਚ ਅਜਿਹੇ ਵਿਅਕਤੀ ਨੂੰ 'ਧੀਰ' ਆਖਿਆ ਗਿਆ ਹੈ।[354] ਗੀਤਾ ਵਿਚ ਅਜਿਹੇ ਵਿਅਕਤੀ ਦੇ ਲੱਛਣ ਇਸ ਪ੍ਰਕਾਰ ਦੱਸੇ ਹਨ, ਜਿਹੜਾ ਸੁਖ ਅਤੇ ਦੁਖ ਨੂੰ ਬਰਾਬਰ ਸਮਝਦਾ ਹੈ, ਜਿਹੜਾ ਆਪਣੀ ਆਤਮਾ ਵਿਚ ਹੀ ਸਥਿਤ ਰਹਿੰਦਾ ਹੈ, ਜਿਹੜਾ ਮਿੱਟੀ ਦੇ ਢਲੇ, ਪੱਥਰ ਅਤੇ ਸੋਨੇ ਨੂੰ ਸਮਾਨ ਸਮਝਦਾ ਹੈ। ਜਿਸਦਾ ਮਨ ਸਥਿਰ ਹੈ, ਜਿਹੜਾ ਨਿੰਦਾ ਅਤੇ ਵਡਿਆਈ ਨੂੰ ਇਕੋ ਜਿਹਾ ਸਮਝਦਾ ਹੈ। ਜਿਹੜਾ ਮਾਨ ਅਤੇ ਅਪਮਾਨ ਵਿਚ ਸਮਾਨ ਰਹਿੰਦਾ ਹੈ। ਜਿਹੜਾ ਸਭ ਕਰਮਾਂ ਦਾ ਤਿਆਗ ਕਰ ਦਿੰਦਾ ਹੈ, ਉਸਨੂੰ ਗੁਣ-ਅਤੀਤ ਕਹਿੰਦੇ ਹਨ।[355] ਇਹੋ ਨੇ ਅਲੌਕਿਕ ਸੁਖ ਜੋ ਸ੍ਰੀ ਗੁਰੂ ਰਵਿਦਾਸ ਜੀ ਤੇ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ। ਤੇ ਗੀਤਾ ਦਾ ਗੁਣ-ਅਤੀਤ ਵਿਅਕਤੀ ਗੁਰਬਾਣੀ ਦਾ ਸਾਧ, ਭਗਤ, ਗੁਰਮੁਖਿ ਜਾਂ ਬ੍ਰਹਮ-ਗਿਆਨੀ ਹੈ। ਇਹ ਉਹ ਸੁਭਾਵਕ ਜੀਵਨ ਬਿਤਾਉਂਦਿਆਂ ਪ੍ਰਾਪਤ ਕਰ ਸਕਦਾ ਹੈ ਪਰ ਉਸਨੇ ਨਿਜ ਸਰੂਪ ਨੂੰ ਪਛਾਣ ਲਿਆ ਹੋਵੇ। ਇਸ ਬਿਨਾ ਸੁਭਾਵਿਕਤਾ ਨਹੀਂ ਅਤੇ ਸੁਭਾਵਿਕਤਾ ਬਿਨਾ ਅਡੋਲ ਸੁਖ ਨਹੀਂ। ਸਪਸ਼ਟ ਹੈ ਸੁਖ-ਸਹਿਜ ਜਾਂ ਅਲੌਕਿਕ ਸੁਖ ਦਾ ਭਾਵ ਹੈ ਅਕਾਲ ਪੁਰਖ ਨਾਲ ਅਭੇਦ ਸੁਭਾਵਿਕ ਜੀਵਨ ਦਾ ਸੁਖ। ਸ੍ਰੀ ਗੁਰੂ ਰਵਿਦਾਸ ਜੀ ਦਾ 'ਬੇਗਮਪੁਰਾ' ਸ਼ਹਿਰ ਦਾ ਸੰਕਲਪ ਇਸੇ ਜੀਵਨ ਦਾ ਧਾਰਨੀ ਹੈ। ਇਸ ਵਿਚ ਦਰਸਾਈ ਮੁਕਤ ਅਵਸਥਾ ਵਿਚ ਹੀ ਅਲੌਕਿਕ ਸੁਖ ਭੋਗਿਆ ਜਾ ਸਕਦਾ ਹੈ। ਇਸ ਵਿਚ ਨਿਰੰਤਰ ਅਡੋਲਤਾ ਹੈ। ਕੋਈ ਅੰਦਰੋਂ ਬਾਹਰੋਂ, ਚਿੰਤਾ, ਡਰ ਜਾਂ ਘਬਰਾਹਟ ਨਹੀਂ। ਆਤਮਾ ਆਪਣੇ 'ਬੇਗਮਪੁਰੇ' ਵਿਚ ਪੂਰਨ ਸੁਤੰਤਰ ਹੈ। ਮਾਇਆ ਦੇ ਬੰਧਨ ਟੁੱਟ ਚੁਕੇ ਹਨ, ਦ੍ਵੈਤ ਭਾਵਨਾ ਖਤਮ ਹੋ ਚੁੱਕੀ ਹੈ। ਦ੍ਰਿਸ਼ਟੀ ਵਿਚ ਸਮਾਨਤਾ ਆ ਗਈ ਹੈ। ਇਹ ਆਤਮਿਕ ਸਦਾ ਸੁਖ ਦੀ ਅਵਸਥਾ ਵਕਤੀ ਨਹੀਂ, ਸਗੋਂ ਸਦਾ ਕਾਇਮ-ਦਾਇਮ ਹੈ।

ਪਰ ਕੀ ਇਹ ਸੁਖ-ਸਹਿਜ, ਜਾਂ ਅਲੌਕਿਕ ਸੁਖ ਦੀ ਅਵਸਥਾ ਨੂੰ ਪੂਰੀ ਤਰ੍ਹਾਂ ਦੱਸਿਆ ਜਾਂ ਸਮਝਾਇਆ ਜਾ ਸਕਦਾ ਹੈ ? ਇਹ ਇਕ ਰਹੱਸ ਅਨੁਭੂਤੀ ਹੈ ਜਿਸਨੂੰ ਪੂਰੀ ਤਰ੍ਹਾਂ ਬਿਆਨ ਕਰਨਾ ਅਸੰਭਵ ਹੈ। ਸੰਤ ਬਾਣੀ ਜਾਂ ਗੁਰਬਾਣੀ ਦਾ ਉਚਾਰਣ ਇਸ ਅਵਸਥਾ ਦੀ ਅਨੁਭੂਤੀ ਨੂੰ ਦੂਜਿਆਂ ਨਾਲ ਸਾਂਝੀ ਕਰਨ ਦੇ ਸਿੱਟੇ ਵਜੋਂ ਹੀ ਹੋਇਆ ਹੈ, ਪਰ ਫਿਰ ਵੀ ਇਸ ਦਾ ਕਥਨ ਕਰਨਾ 'ਕਰੜਾ ਸਾਰ' ਹੈ। ਕਿਉਂ ਕਿ ਇਸ ਅਵਸਥਾ ਵਿਚ ਮਨੁੱਖ ਨੂੰ ਬੇਅੰਤ ਖੰਡ, ਮੰਡਲ, ਬ੍ਰਹਿਮੰਡ, ਭਵਣ, ਆਕਾਰ ਦਿਸਦੇ ਹਨ ਅਨੇਕਾਂ ਨਾਦ ਵੱਜਦੇ ਹਨ ਪਰ ਬਿਆਨ ਨਹੀਂ ਕੀਤਾ ਜਾ ਸਕਦਾ:—

(1) ਤਿਥੈ ਖੰਡ ਮੰਡਲ ਵਰਭੰਡ।। ਜੇ ਕੋ ਕਥੈ, ਤ ਅੰਤ ਨ ਅੰਤ।।
ਤਿਥੈ ਲੋਅ ਲੋਅ ਆਕਾਰ।। ਜਿਵ ਜਿਵ ਹੁਕਮ ਤਿਵੈ ਤਿਵਕਾਰ।।
ਵੇਖੈ ਵਿਗਸੈ, ਕਰ ਵੀਚਾਰੁ।। ਨਾਨਕ ਕਥਨਾ ਕਰੜਾ ਸਾਰ।।[356]
(2) ਪਖੰਡ ਪਰੈ ਜੀਵ ਜਿਸ ਘਰਿ ਜਾਤਾ, ਸਬਦ ਅਤੀਤ ਅਨਾਹਦ ਰਾਤਾ।[357]

ਅਧਿਆਤਮਿਕ ਖੇਤਰ ਵਿੱਚ ਇਸਦੀ ਅਕਥਨੀਅਤਾ ਦੇ ਸੰਬੰਧ ਵਿਚ 'ਗੂੰਗੇ' ਦੇ ਗੁੜ ਖਾਣ ਪਰ ਸੁਆਦ ਨਾ ਦੱਸ ਸਕਣ ਦਾ ਦ੍ਰਿਸ਼ਟਾਂਤ ਦਿੱਤਾ ਜਾਂਦਾ ਹੈ:—

(1) ਜਾ ਪਰਿ ਕ੍ਰਿਪਾ ਸੋਇ ਭਲ ਜਾਨੈ, ਗੂੰਗੈ ਸਾਕਰ ਕਹਾ ਬਖਾਨੈ।[358]
(2) ਜਿਨ ਚਾਖਿਆ ਸੇਈ ਸਾਦੁ ਜਾਣਨਿ ਜਿਉ ਗੂੰਗੇ ਮਿਠਿਆਈ।
ਅਕਥੈ ਕਾ ਕਿਆ ਕਥੀਐ ਭਾਈ ਚਾਲਉ ਸਦਾ ਰਜਾਈ।।[359]

## ਮਾਇਆ ਸਿਧਾਂਤ

<u>ਪ੍ਰੰਪਰਾ</u>:— ਸ੍ਰੀ ਗੁਰੂ ਰਵਿਦਾਸ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਾਇਆ ਸਿਧਾਂਤ ਤੇ ਵਿਚਾਰ ਕਰਨ ਤੋਂ ਪਹਿਲਾਂ ਅਤੇ ਇਨ੍ਹਾਂ ਦੇ ਸਿਧਾਂਤ ਨੂੰ ਚੰਗੀ ਤਰ੍ਹਾਂ ਸਮਝਣ ਲਈ ਮਾਇਆ ਸਿਧਾਂਤ ਦੀ ਪ੍ਰੰਪਰਾ ਤੇ ਵਿਚਾਰ ਕਰ ਲੈਣੀ ਲਾਹੇਵੰਦ ਰਹੇਗੀ। ਕਿਉਂਕਿ ਸ੍ਰੀ ਗੁਰੂ ਰਵਿਦਾਸ ਅਤੇ ਗੁਰੂ ਨਾਨਕ ਤੋਂ ਪਹਿਲਾਂ ਇਕ ਲੰਮੀ ਪਰੰਪਰਾ ਮੌਜੂਦ ਸੀ।

ਮਾਇਆ ਦਾ ਸਿਧਾਂਤ ਭਾਰਤੀ ਦਰਸ਼ਨ ਵਿਚ ਵਿਸ਼ੇਸ਼ ਥਾਂ ਰੱਖਦਾ ਹੈ। ਮਾਇਆ ਵਿਰੋਧਾਤਮਕ ਗੁਣਾਂ ਵਾਲੀ ਸ਼ਕਤੀ ਹੈ। ਇਹ ਅਜਿਹੀ ਵੇਲ ਹੈ ਜਿਸ ਨੂੰ ਜੇ ਕੱਟ ਕੇ ਖਾਧਾ

ਜਾਵੇ ਤਾਂ ਅਧਿਕ ਫੈਲਦੀ ਹੈ ਅਤੇ ਜੇ ਪਰਮਾਤਮਾ ਦੇ ਧਿਆਨ ਰੂਪੀ ਜਲ ਨਾਲ ਸਿੰਜਿਆ ਜਾਵੇ ਤਾਂ ਆਪਣੇ ਆਪ ਕੁਮਲਾ ਜਾਂਦੀ ਹੈ। ਸਾਧਕ ਦੇ ਮਨ ਵਿਚ ਵੈਰਾਗ ਦੀ ਭਾਵਨਾ ਉਤਪੰਨ ਹੋਣ ਤੇ ਮਾਇਆ ਦਾ ਆਦਰ ਘਟ ਜਾਂਦਾ ਹੈ ਅਤੇ ਇਹ ਨਿਰਾਸ਼ ਹੋ ਕੇ ਆਪਣਾ ਆਧਾਰ ਬਦਲ ਲੈਂਦੀ ਹੈ।[360]

'ਵੇਦਾਂ' ਵਿਚੋਂ ਰਿਗਵੇਦ ਅਤੇ ਯਜੁਰਵੇਦ ਵਿਚ ਇਸ ਵਿਆਪਕ ਸ਼ਕਤੀ ਤੋਂ ਹੀ ਸਾਰੀ ਸ੍ਰਿਸ਼ਟੀ ਦੀ ਉਤਪਤੀ ਮੰਨੀ ਗਈ ਹੈ। ਸਭ ਤੋਂ ਵੱਡਾ ਇੰਦਰ ਦੇਵਤਾ ਆਪਣੀ ਮਾਇਆ ਸ਼ਕਤੀ ਰਾਹੀਂ ਅਨੇਕ ਭਾਂਤ ਦੇ ਰੂਪ ਧਾਰਦਾ ਹੈ।[361]

ਉਪਨਿਸ਼ਦਾਂ ਵਿਚ ਮਾਇਆ ਨੂੰ ਸ੍ਰਿਸ਼ਟੀ ਪ੍ਰਪੰਚ, ਅਵਿਦਿਆ ਅਤੇ ਪ੍ਰਕ੍ਰਿਤੀ ਕਿਹਾ ਗਿਆ ਹੈ। ਸਵੇਤਾਸ਼ਵਤਰੋਪਨਿਸ਼ਦ ਵਿਚ ਕਿਹਾ ਗਿਆ ਹੈ ਕਿ 'ਮਾਇਆ ਨੂੰ ਪ੍ਰਕ੍ਰਿਤੀ ਜਾਣਨਾ ਚਾਹੀਦਾ ਹੈ ਅਤੇ ਮਾਇਆ ਨਾਲ ਯੁਕਤ ਆਤਮਾ ਨੂੰ ਈਸ਼ਵਰ'। ਮਾਇਆ ਦੀ ਉਪਾਧੀ ਪਾ ਕੇ ਬ੍ਰਹਮ ਨਿਰਗੁਣ ਨਹੀਂ ਰਹਿ ਜਾਂਦਾ, ਸਗੋਂ ਸਗੁਣ ਹੋ ਜਾਂਦਾ ਹੈ। ਉਸ ਦੀ ਸੰਗਿਆ ਈਸ਼ਵਰ ਹੋ ਜਾਂਦੀ ਹੈ। ਮਾਇਆ ਦੇ ਸਹਿਯੋਗ ਨਾਲ ਸਕਿਰਿਆ ਹੋਕੇ ਉਹ ਜਗਤ ਦੀ ਰਚਨਾ ਕਰਦਾ ਹੈ। ਇਸ ਜਗਤ ਦੇ ਕਾਰ-ਵਿਹਾਰ ਦੀ ਕਾਰਣ ਸ਼ਕਤੀਆਂ ਦਾ ਸਾਮੂਹਿਕ ਰੂਪ ਮਾਇਆ ਹੈ। ਇਹ ਜਗਤ ਬ੍ਰਹਮ ਦਾ ਵਿਵਰਤ ਹੈ। ਪਰੰਤੂ ਮਾਇਆ ਦਾ ਪਰਿਣਾਮ ਹੈ। ਮਾਇਆ ਪਰਮੇਸ਼ਰ ਦੀ ਬੀਜ ਸ਼ਕਤੀ ਹੈ। ਇਸ ਨੂੰ ਈਸ਼ਵਰ ਦੀ ਇੱਛਾ ਸ਼ਕਤੀ ਵੀ ਕਿਹਾ ਗਿਆ ਹੈ। ਪਰ ਬ੍ਰਹਮ ਤੋਂ ਬਿਨ੍ਹਾਂ ਇਸ ਸੰਸਾਰ ਵਿਚ ਮਾਇਆ ਜਾਂ ਕਿਸੀ ਹੋਰ ਚੀਜ਼ ਦਾ ਅਸਤਿੱਤਵ ਨਹੀਂ। ਅੱਗ ਦੀ ਜਲਣ ਸ਼ਕਤੀ ਜਿਵੇਂ ਅੱਗ ਤੋਂ ਅਲੱਗ ਨਹੀਂ, ਉਸੇ ਤਰ੍ਹਾਂ ਮਾਇਆ ਵੀ ਬ੍ਰਹਮ ਤੋਂ ਅਲੱਗ ਨਹੀਂ।[362]

ਗੀਤਾ ਵਿਚ ਮਾਇਆ ਨੂੰ ਅਵਿਦਿਆ, ਭਰਮ ਅਤੇ ਪ੍ਰਕਿਰਤੀ ਮੰਨਿਆ ਗਿਆ ਹੈ। ਇਹ ਮਾਇਆ ਕ੍ਰਿਸ਼ਨ ਦੀ ਸ਼ਕਤੀ ਹੈ।[363] ਸ੍ਰੀ ਕ੍ਰਿਸ਼ਨ ਨੇ ਜਗਤ ਦੀ ਉਤਪਤੀ ਦੇ ਬਾਰੇ ਉਪਦੇਸ਼ ਦਿੰਦੇ ਦੱਸਿਆ ਹੈ ਕਿ ਜਿਥੇ ਕਿਥੇ ਵੀ, ਅਤੇ ਜਿਨ੍ਹਾਂ ਵੀ ਜੋਨੀਆਂ ਵਿਚ ਜੋ ਰੂਪ ਪੈਦਾ ਹੁੰਦੇ ਹਨ, ਉਨ੍ਹਾਂ ਸਭ ਦੀ ਯੋਨੀ ਬ੍ਰਹਮਾ ਹੈ ਅਤੇ ਮੈਂ ਬੀਜ ਪਾਉਣ ਵਾਲਾ ਪਿਤਾ ਹਾਂ। ਸਤ, ਰਜ ਅਤੇ ਤਮ ਤਿੰਨ ਗੁਣ ਪ੍ਰਕ੍ਰਿਤੀ ਤੋਂ ਪੈਦਾ ਹੋਏ ਹਨ ਅਤੇ ਇਹ ਨਾਸ਼ ਰਹਿਤ ਸਰੀਰੀ ਆਤਮਾ ਨੂੰ ਸਰੀਰ ਵਿਚ ਬੰਨ੍ਹ ਕੇ ਰੱਖਦੇ ਹਨ।[364]

ਸਾਂਖ ਦਰਸ਼ਨ ਭਗਵਦ ਗੀਤਾ ਵਾਂਗ ਮਾਇਆ ਨੂੰ ਪ੍ਰਕ੍ਰਿਤੀ ਮੰਨਦਾ ਹੈ ਅਤੇ

ਇਸਨੂੰ ਤ੍ਰਿਗੁਣਾਤਮਕ ਕਿਹਾ ਗਿਆ ਹੈ। ਪ੍ਰਕ੍ਰਿਤੀ ਨੂੰ ਜਗਤ ਦਾ ਆਦਿ ਅਤੇ ਮੂਲ ਕਾਰਣ ਮੰਨਿਆ ਗਿਆ ਹੈ। ਪਰ ਪ੍ਰਕ੍ਰਿਤੀ ਦਾ ਆਪਣਾ ਕੋਈ ਕਾਰਣ ਨਹੀਂ। ਮਾਇਆ ਮਨੁੱਖ ਲਈ ਬੰਧਨ ਦਾ ਕੰਮ ਕਰਦੀ ਹੈ।

ਸ਼ੰਕਰਾਚਾਰੀਆ ਨੂੰ ਮਾਇਆ ਸਿਧਾਂਤ ਦਾ ਬਾਨੀ ਮੰਨਿਆ ਗਿਆ ਹੈ। ਉਸ ਦੀ ਮਾਇਆ ਪਰਮੇਸ਼ਰ ਦੀ ਸ਼ਕਤੀ ਦਾ ਰੂਪ ਹੈ। ਪਰ ਸ਼ੰਕਰ ਨੇ ਮਾਇਆ ਨੂੰ ਨਿਤਯ ਨਹੀਂ ਮੰਨਿਆ, ਕਿਉਂ ਕਿ ਉਹ ਗੁਣ ਬ੍ਰਹਮ ਤੋਂ ਬਿਨ੍ਹਾਂ ਕਿਸੇ ਹੋਰ ਵਿਚ ਨਹੀਂ ਹੋ ਸਕਦੇ। ਇਹ ਅਨਿੱਤ ਵੀ ਨਹੀਂ ਕਿਉਂ ਕਿ ਉਸਦੀ 'ਭਰਮ-ਮੂਲਕਤਾ' ਅਸਲੀ ਦਿਸਦੀ ਹੈ। ਇਹ ਅਵਿਅਕਤ, ਅਨਾਦਿ, ਅਤੇ ਤ੍ਰੈਗੁਣਾਤਮਕ ਹੈ। ਮਾਇਆ-ਸ਼ਕਤੀ ਦੇ ਕਾਰਣ ਹੀ ਬ੍ਰਹਮ ਜਗਤ ਦਾ ਕਾਰਣ ਬਣਦਾ ਹੈ। ਸਾਰਾ ਪ੍ਰਪੰਚ-ਰੂਪ ਜਗਤ ਤ੍ਰੈਗੁਣਾਤਮਕ ਮਾਇਆ ਦਾ ਪਰਿਣਾਮ ਹੈ। ਪਰ ਸ਼ੰਕਰ ਦੀ ਮਾਇਆ ਪਰਮਾਰਥ ਵਿਚ ਅਸੱਤ ਹੋਣ ਦੇ ਕਾਰਣ ਨਾ ਤਾਂ ਤਾਂਤ੍ਰਿਕਾਂ ਦੀ 'ਮਹਾਮਾਯਾ ਸ਼ਕਤੀ' ਹੈ ਤੇ ਨਾ ਹੀ ਈਸ਼ਵਰ ਦੇ ਅਧੀਨ ਹੋਣ ਕਰਕੇ ਸਾਂਖ ਦੀ 'ਪ੍ਰਕ੍ਰਿਤੀ' ਹੈ। ਸ਼ੰਕਰ ਨੇ ਮਾਇਆ ਨੂੰ ਬੀਜ ਸ਼ਕਤੀ ਦੇ ਰੂਪ ਵਿਚ ਸ੍ਰਿਸ਼ਟੀ ਉਤਪਤੀ ਦਾ ਕਾਰਣ ਸਵੀਕਾਰ ਕੀਤਾ ਹੈ। ਡਾ. ਧਰਮਪਾਲ ਸਿੰਗਲ ਲਿਖਦੇ ਹਨ, ਜਗਤ, ਗੁਰੂ ਸ਼ੰਕਰਾਚਾਰੀਆ ਨੇ ਜੀਵ ਤੇ ਜਗਤ ਦੀ, ਬ੍ਰਹਮ ਤੇ ਜੀਵ ਦੀ ਏਕਤਾ-ਅਭੇਦਤਾ ਸਵੀਕਾਰ ਕਰਕੇ ਇਸ ਜਗਤ ਨੂੰ ਕੇਵਲ ਬ੍ਰਹਮ ਦਾ ਪ੍ਰਤਿਭਾਸ ਜਾਂ ਪਰਛਾਈ ਦੱਸਿਆ ਹੈ। ਜਦ ਉਹ ਕਹਿੰਦੇ ਹਨ ਕਿ ਬ੍ਰਹਮ ਸੱਤ ਹੈ ਤੇ ਜਗਤ ਮਿਥਿਆ ਹੈ, ਤਾਂ ਇਨ੍ਹਾਂ ਹੀ ਅਰਥਾਂ ਵਿਚ ਉਹ ਮਾਇਆ ਦਾ ਵਖਾਣ ਕਰਦੇ ਹਨ। ਇਹੋ ਕਾਰਨ ਹੈ ਕਿ ਉਨ੍ਹਾਂ ਦੇ ਮਤ ਨੂੰ ਅੱਜ 'ਮਾਇਆਵਾਦ' ਕਹਿ ਕੇ ਯਾਦ ਕੀਤਾ ਜਾਂਦਾ ਹੈ।[365]

ਰਾਮਾਨੁਜ ਸ਼ੰਕਰ ਦੇ ਮਾਇਆ ਸਿਧਾਂਤ ਦਾ ਖੰਡਨ ਕਰਦਾ ਹੋਇਆ ਜੀਵ ਅਤੇ ਜਗਤ ਨੂੰ ਬ੍ਰਹਮ ਦੀ ਉਪਜ ਮੰਨਦਾ ਹੈ। ਉਨ੍ਹਾਂ ਅਨੁਸਾਰ ਈਸ਼ਵਰ ਜਗਤ ਦੀ ਸਿਰਜਨਾ ਆਪਣੀ ਮਾਇਆ ਸ਼ਕਤੀ ਨਾਲ ਹੀ ਕਰਦਾ ਹੈ। ਇਹ ਮਾਇਆ ਸਤ, ਰਜ ਅਤੇ ਤਮ ਆਦਿ ਗੁਣਾਂ ਤੋਂ ਬਣੀ ਹੈ। ਮਾਇਆ ਬ੍ਰਹਮ ਦੀ ਨਿਤਯ ਅਚੇਤਨ ਸ਼ਕਤੀ ਹੈ। ਜਿਸ ਵਿਚ ਪਰਿਵਰਤਨ ਹੁੰਦਾ ਹੈ। ਇਸ ਤਰ੍ਹਾਂ ਬ੍ਰਹਮ ਦੀ ਨਿਤਯ ਸ਼ਕਤੀ ਵਿਚ ਪਰਿਵਰਤਨ ਹੋਣਾ ਮੰਨਿਆ ਗਿਆ ਹੈ। ਪਰ ਸ਼ੰਕਰ ਬ੍ਰਹਮ ਵਿਚ ਪਰਿਵਰਤਨ ਨੂੰ ਸਵੀਕਾਰ ਨਹੀਂ ਕਰਦਾ। ਰਾਮਾਨੁਜ ਅਨੁਸਾਰ ਵਿਕਾਰਾਂ ਨੂੰ ਪੈਦਾ ਕਰਨ ਕਰਕੇ ਪ੍ਰਕ੍ਰਿਤੀ, ਗਿਆਨ ਜਾਂ ਵਿੱਦਿਆ ਦੀ ਪ੍ਰਾਪਤੀ ਵਿਚ ਬਾਧਕ ਸਿੱਧ ਹੋਣ ਕਰਕੇ ਅਵਿੱਦਿਆ ਅਤੇ ਅਨੇਕ-ਰੂਪ ਜਗਤ ਦਾ ਨਿਰਮਾਣ ਕਰਨ ਕਰਕੇ ਇਸ ਨੂੰ ਮਾਇਆ ਕਹਿੰਦੇ ਹਨ। ਅਵਿੱਦਿਆ ਕਾਰਣ ਹਉਮੈ ਵਿਚ ਫਸਿਆ

ਜੀਵ ਆਪਣੀ ਹੋਂਦ ਬ੍ਰਹਮ ਤੋਂ ਵੱਖਰੀ ਸੁਤੰਤਰ ਸਮਝ ਬੈਠਦਾ ਹੈ ਅਤੇ ਪਰਮਤੱਤ ਨੂੰ ਭੁੱਲ ਜਾਂਦਾ ਹੈ।

ਦ੍ਵੈਤਵਾਦੀ ਮਾਧਵਾਚਾਰਜ ਨੇ ਮਾਇਆ ਦੇ ਦੋ ਰੂਪ ਮੰਨੇ ਹਨ। ਇੱਕ ਅਨੁਸਾਰ ਇਹ ਈਸ਼ਵਰ ਦੀ ਉਹ ਸ਼ਕਤੀ ਹੈ, ਜੋ ਸ੍ਰਿਸ਼ਟੀ ਸਿਰਜਨ ਵਿਚ ਸਹਾਇਕ ਸਿੱਧ ਹੁੰਦੀ ਹੈ ਅਤੇ ਦੂਜੇ ਅਨੁਸਾਰ ਇਹ ਜੀਵਾਂ ਉਪਰ ਅਗਿਆਨ ਅਤੇ ਅਵਿਦਿਆ ਦਾ ਪਰਦਾ ਪਾ ਦਿੰਦੀ ਹੈ। ਮਾਧਵ ਨੇ ਪਰਮਾਤਮਾ ਦੀ ਸ਼ਕਤੀ ਰੂਪ ਮਾਇਆ ਨੂੰ ਵੀ ਪਰਮਾਤਮਾ ਤੋਂ ਭਿੰਨ ਮੰਨਿਆ ਹੈ। ਇਹ ਭਿੰਨਤਾ ਸਾਂਖ ਦੇ ਪ੍ਰਕ੍ਰਿਤੀ-ਪੁਰਸ਼ ਦੇ ਸੰਕਲਪ ਨਾਲ ਮੇਲ ਖਾਂਦੀ ਹੈ।

ਪਰ ਵੱਲਭਚਾਰੀਆ ਨੇ ਮਾਇਆ ਨੂੰ ਬ੍ਰਹਮ ਦੀ ਅਨਿੱਖੜਵੀਂ ਸ਼ਕਤੀ ਮੰਨਿਆ ਹੈ। ਉਨ੍ਹਾਂ ਅਨੁਸਾਰ ਬ੍ਰਹਮ ਅਤੇ ਉਸਦੀ ਸ਼ਕਤੀ ਮਾਇਆ ਵਿਚ ਅਭੇਦ ਹੈ। ਵੱਲਭ ਅਨੁਸਾਰ ਅੰਤਿਮ ਸੱਚ ਕੇਵਲ ਸ਼ੁੱਧ ਬ੍ਰਹਮ ਹੈ ਪਰ ਜੀਵ ਅਤੇ ਜਗਤ ਵੀ ਬ੍ਰਹਮ ਵਾਂਗ ਸ਼ੁੱਧ ਸਰੂਪ ਹਨ। ਇਸੇ ਕਰਕੇ ਵੱਲਭ ਦੇ ਮੱਤ ਨੂੰ ਸ਼ੁੱਧ ਅਦਵੈਤਵਾਦ ਕਿਹਾ ਗਿਆ ਹੈ। ਵੱਲਭ ਨੇ ਮਾਇਆ ਨੂੰ ਵਿਦਿਆ ਮਾਇਆ ਅਤੇ ਅਵਿਦਿਆ ਮਾਇਆ ਦੋ ਪ੍ਰਕਾਰ ਦੀ ਮੰਨਿਆ ਹੈ ਵਿਦਿਆ-ਮਾਇਆ ਜਗਤ ਦੀ ਉਤਪਤੀ ਦਾ ਕਾਰਣ ਹੈ, ਪ੍ਰਕਿਰਤੀ ਵੀ ਹੈ। ਬ੍ਰਹਮ ਆਪਣੀ ਮਾਇਆ ਸ਼ਕਤੀ ਰਾਹੀਂ ਆਪਣੀ ਏਕਤਾ ਨੂੰ ਅਨੇਕਤਾ ਵਿਚ ਪ੍ਰਗਟ ਕਰਦਾ ਹੈ। ਅਵਿਦਿਆ ਮਾਇਆ ਜੀਵ ਦੀ ਅਗਿਆਨਤਾ ਦਾ ਕਾਰਣ ਬਣਦੀ ਹੈ ਤੇ ਉਸਨੂੰ ਬੰਧਨ ਵਿਚ ਫੜਦੀ ਹੈ।

ਚੈਤੰਨਯ ਮਹਾਂ ਪ੍ਰਭੂ ਅਨੁਸਾਰ ਮਾਇਆ ਮਿਥਿਆ ਅਤੇ ਬਾਧਕ ਸ਼ਕਤੀ ਨਹੀਂ ਸਗੋਂ ਬ੍ਰਹਮ ਦੀ ਉਹ ਅਚਿੰਤਯ ਸ਼ਕਤੀ ਹੈ ਜਿਸ ਤੋਂ ਆਤਮ ਉਤਪਾਦਨ ਦੁਆਰਾ ਈਸ਼ਵਰ ਜਗਤ ਦੀ ਸਿਰਜਨਾ ਅਤੇ ਇਸ ਦਾ ਨਿਯੰਤਰਣ ਕਰਦਾ ਹੈ।

ਨਾਥ ਸੰਪ੍ਰਦਾਇ ਅਨੁਸਾਰ ਸ਼ਕਤੀ ਜਗਤ-ਪ੍ਰਪੰਚ-ਕਾਰਜ ਦਾ ਮੂਲ ਕਾਰਣ ਹੈ। ਸ਼ਕਤੀ ਨੂੰ ਨਾਥ ਸੰਪ੍ਰਦਾਇ ਵਿਚ ਪਰਮ ਸ਼ਿਵ ਦੀ 'ਸ੍ਰਿਸ਼ਟੀ ਰਚਣ ਦੀ ਇੱਛਾ' ਮੰਨਿਆ ਗਿਆ ਹੈ। ਇਸਨੂੰ ਜ਼ਹਿਰੀ ਨਾਗਣ ਮੰਨ ਕੇ ਇਸਦੇ ਵਿਨਾਸ਼ ਤੇ ਜ਼ੋਰ ਦਿੱਤਾ ਗਿਆ ਹੈ। ਕਿਉਂ ਕਿ ਇਸਨੇ ਸਾਧਾਰਣ ਪ੍ਰਾਣੀ ਨੂੰ ਤਾਂ ਕੀ, ਦੇਵਤਿਆਂ ਨੂੰ ਵੀ ਛਲ ਲਿਆ ਹੈ।[366] ਨਾਥ

ਸੰਪ੍ਰਦਾਇ ਦੀ ਸ਼ਕਤੀ, ਗੀਤਾ ਦੀ ਮਾਇਆ ਅਤੇ ਸਾਂਖ ਦੀ ਪ੍ਰਕ੍ਰਿਤੀ ਵਾਂਗ ਹੀ ਤ੍ਰੈਗੁਣਾਤਮਕ ਹੈ।

ਉਪਰੋਕਤ ਅਧਿਐਨ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਭਾਵੇਂ ਮਾਇਆ ਸਿਧਾਂਤ ਦੇ ਬਾਨੀ ਸ਼ੰਕਰਾਚਾਰੀਆ ਨੂੰ ਮੰਨਿਆ ਜਾਂਦਾ ਹੈ ਪਰ ਫਿਰ ਵੀ ਮਾਇਆ ਸਿਧਾਂਤ ਬਹੁਤ ਪ੍ਰਾਚੀਨ ਹੈ। ਇਸ ਦਾ ਵਰਣਨ ਵੇਦਾਂ,ਉਪਨਿਸ਼ਦਾਂ ਤੋਂ ਚਲਿਆ ਆਉਂਦਾ ਹੈ। ਅਦਵੈਤ-ਵਾਦੀ ਤੇ ਵੇਦਾਂਤੀ ਵਿਦਵਾਨ ਵੀ ਇਸਦੀ ਮਹੱਤਤਾ ਸਵੀਕਾਰ ਕਰਦੇ ਹਨ। ਪਰ ਹਰ ਇੱਕ ਚਿੰਤਕ ਨੇ ਮਾਇਆ ਨੂੰ ਆਪਣੇ ਹੀ ਅਰਥਾਂ ਵਿਚ ਲਿਆ ਹੈ। ਇਕ ਗੱਲ ਜੋ ਬਹੁਤੇ ਮੱਤਾਂ ਵਿਚ ਸਾਂਝੀ ਨਜ਼ਰ ਆਉਂਦੀ ਹੈ ਉਹ ਇਹ ਕਿ ਮਾਇਆ ਬੜੀ ਪ੍ਰਬਲ ਤੇ ਤ੍ਰਿਗੁਣਾਤਮਕ ਸ਼ਕਤੀ ਹੈ। ਸ੍ਰੀ ਅਰਬਿੰਦੂ ਘੋਸ਼, ਸਵਾਮੀ ਵਿਵੇਕਾਨੰਦ ਅਤੇ ਡਾ. ਰਾਧਾਕ੍ਰਿਸ਼ਨਨ ਵਰਗੇ ਮਹਾਨ ਚਿੰਤਕਾਂ ਨੇ ਇਸ ਸਿਧਾਂਤ ਦੀ ਨਵੀਨ ਵਿਆਖਿਆ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸਨੂੰ ਪ੍ਰਕ੍ਰਿਤੀ, ਮਾਇਆ, ਸ਼ਕਤੀ, ਅਵਿਦਿਆ, ਅਗਿਆਨ ਭਰਮ ਆਦਿ ਵੀ ਕਿਹਾ ਗਿਆ ਹੈ।

ਸ੍ਰੀ ਗੁਰੂ ਰਵਿਦਾਸ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਮਾਨੁਜ ਦੀ ਤਰ੍ਹਾਂ ਮਾਇਆ ਨੂੰ ਬ੍ਰਹਮ ਦੀ ਨਿੱਤਯ ਅਚੇਤਨ ਸ਼ਕਤੀ ਮੰਨਿਆ ਹੈ। ਇਸੇ ਮਾਇਆ ਸ਼ਕਤੀ ਤੋਂ ਸੰਸਾਰ ਦੀ ਵਾਸਤਵਿਕ ਅਤੇ ਨਿਰੰਤਰ ਰਚਨਾ ਹੋ ਰਹੀ ਹੈ:-

(1) ਪੰਚ ਤਤ ਯਹ ਤ੍ਰਿਗੁਣੀ ਮਾਯਾ, ਜੋ ਦੀਸੈ ਸੋ ਸਕਲ ਉਪਾਯਾ।।[367]

(2) ਏਕਾ ਮਾਈ ਜੁਗਤਿ ਵਿਆਈ, ਤਿਨਿ ਚੇਲੇ ਪਰਵਾਣੁ।।[368]

ਸਾਂਖ ਦਰਸ਼ਨ ਵਾਂਗ ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇਵ ਜੀ ਨੇ ਵੀ ਮਾਇਆ ਨੂੰ ਤ੍ਰਿਗੁਣਾਤਮਕ ਮੰਨਿਆ ਹੈ ਅਤੇ ਗੀਤਾ ਵਾਂਗ ਜੀਵ ਦਾ ਸਰੀਰ ਬੰਧਨ ਮਾਇਆ ਦੁਆਰਾ ਹੀ ਸਵੀਕਾਰ ਕੀਤਾ ਗਿਆ ਹੈ। ਇਹ ਮਾਇਆ ਅਪਰੰਪਰ ਸਮਝ ਤੋਂ ਪਰੇ, ਮੋਹਿਨੀ, ਵਿਕਟ, ਝੂਠੀ, ਏਥੀ, ਨਾਗਣੀ ਆਦਿ ਹੈ। ਨਾਥ ਸੰਪ੍ਰਦਾਇ ਵਿਚ ਵੀ ਮਾਇਆ ਨੂੰ ਨਾਗਣੀ ਕਿਹਾ ਗਿਆ ਹੈ। ਇਸ ਨੇ ਸੱਭ ਨੂੰ ਮੋਹਿਆ ਹੋਇਆ ਹੈ, ਦੇਵਤੇ ਵੀ ਇਸਦੀ ਪਕੜ ਤੋਂ ਨਹੀਂ ਬਚ ਸਕੇ। ਇਹ ਤਾਂ ਉਸ ਬਾਜੀਗਰ ਦੀ ਬਾਜ਼ੀ ਹੈ, ਖੇਡ ਹੈ, ਨਟੂਏ ਦਾ ਸਾਂਗ ਹੈ, ਜਿਸਨੂੰ ਵੇਖ ਕੇ ਹਰ ਕੋਈ ਖਿਚਿਆ ਜਾਂਦਾ ਹੈ। ਸਪੱਸ਼ਟ ਹੈ ਕਿ ਗੁਰੂ ਰਵਿਦਾਸ

ਅਤੇ ਗੁਰੂ ਨਾਨਕ ਦੇਵ ਜੀ ਦਾ ਮਾਇਆ ਸਿਧਾਂਤ ਪੁਰਾਤਨ ਪਰੰਪਰਾ ਨਾਲ ਕਾਫੀ ਮੇਲ ਖਾਂਦਾ ਹੈ। ਪਰ ਇਨ੍ਹਾਂ ਦੇ ਮਾਇਆ ਸਿਧਾਂਤ ਨੂੰ ਪੁਰਾਤਨ ਪਰੰਪਰਾ ਦੀ ਨਕਲ ਨਹੀਂ, ਸਗੋਂ ਉਨ੍ਹਾਂ ਦੇ ਆਪਣੇ ਅਨੁਭਵ ਦਾ ਸਿੱਟਾ ਹੀ ਕਿਹਾ ਜਾ ਸਕਦਾ ਹੈ।

## ਮਾਇਆ ਦਾ ਸਰੂਪ ਅਤੇ ਪ੍ਰਭਾਵ

ਮਾਇਆ ਪ੍ਰਭੂ ਦੀ ਪ੍ਰਬਲ ਸ਼ਕਤੀ ਹੈ। ਜਿਸ ਨੇ ਸਾਰੇ ਜੀਵਾਂ ਨੂੰ ਆਪਣੀ ਪਕੜ ਵਿਚ ਲਿਆ ਹੋਇਆ ਹੈ। ਪ੍ਰਭੂ ਦੀ ਇਹ ਸ਼ਕਤੀ ਜੀਵ ਜੰਤੂਆਂ ਨਾਲੋਂ ਮਨੁੱਖ ਤੇ ਜ਼ਿਆਦਾ ਭਾਰੂ ਹੈ। ਗੁਰੂ ਰਵਿਦਾਸ ਜੀ ਅਨੁਸਾਰ ਜੀਵ-ਜੰਤੂ, ਮ੍ਰਿਗ, ਮੀਨ, ਭ੍ਰਿੰਗ, ਭੰਵਰ, ਪਤੰਗਾ, ਹਾਥੀ ਤਾਂ ਇੱਕ ਦੋਸ਼ ਦੇ ਭਾਗੀ ਹਨ, ਪਰ ਮਨੁੱਖ ਪੰਜ ਅਸਾਧ ਰੋਗਾਂ ਨਾਲ ਪੀੜਿਤ ਹੈ। ਇਨ੍ਹਾਂ ਪੰਜਾਂ ਰੋਗਾਂ ਨੇ ਮਿਲ ਕੇ ਜੀਵ ਨੂੰ ਪ੍ਰਭੂ ਤੋਂ ਵਿਛੋੜਿਆ ਹੋਇਆ ਹੈ:-

(1) ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥[369]

(2) ਦੇਵ, ਸੰਸੈ ਗਾਂਠਿ ਨ ਛੂਟੈ।
ਕਾਮ ਕ੍ਰੋਧ ਮਾਯਾ ਮਦ ਮਤਸਰ ਇਨੁ ਪੰਚਹੁ ਮਿਲਿ ਲੂਟੇ॥[370]

(3) ਨਾਥ ਕਛੂਅ ਨ ਜਾਨਿਉ, ਮਨੁ ਮਾਇਆ ਕੈ ਹਾਥਿ ਬਿਕਾਨਿਉ॥[371]

ਸ੍ਰੀ ਗੁਰੂ ਨਾਨਕ ਦੇਵ ਜੀ ਮਾਇਆ ਦੀ ਪ੍ਰਬਲਤਾ ਦਰਸਾਉਂਦੇ ਹੋਏ ਲਿਖਦੇ ਹਨ ਕਿ ਆਪਣੇ ਮਨ ਪਿਛੇ ਤੁਰਨ ਵਾਲਾ ਮਨੁੱਖ ਮਾਇਆ ਦੀ ਖਾਤਰ ਚਾਰੇ ਪਾਸੇ ਭਟਕਦਾ ਹੈ। ਉਸਦੇ ਅੰਦਰ ਤ੍ਰਿਸ਼ਨਾ ਦੀ ਅੱਗ ਭੜ-ਭੜ ਕਰਕੇ ਬਲਦੀ ਹੈ। ਜਿਹੜਾ ਮਨੁੱਖ ਗੁਰੂ ਦੀ ਸ਼ਰਨ ਪੈ ਕੇ ਕਾਮ, ਕ੍ਰੋਧ, ਅਹੰਕਾਰ, ਕਾਮਾਦਿਕ ਪੰਜ ਚੋਰਾਂ ਨੂੰ ਮਾਰਦਾ ਹੈ ਉਸ ਦੇ ਮਨ ਵਿਚੋਂ ਮਾਇਕ ਫੁਰਨੇ ਮੁੱਕ ਜਾਂਦੇ ਹਨ:-

(1) ਅੰਤਰਿ ਅਗਨਿ ਜਲੈ ਭੜਕਾਰੇ॥ ਮਨਮੁਖੁ ਤਕੇ ਕੁੰਡਾ ਚਾਰੇ॥
- - - - - - - - - - - - - - - - - - -   - - - -
ਕਾਮ ਕ੍ਰੋਧ ਅਹੰਕਾਰੁ ਨਿਵਾਰੇ॥ ਤਸਕਰ ਪੰਚ ਸਬਦਿ ਸੰਘਾਰੇ॥
ਗਿਆਨੁ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ॥[372]

(2) ਕਾਮੁ ਕ੍ਰੋਧੁ ਮਾਇਆ ਮਹਿ ਚੀਤੁ॥ ਝੂਠ ਵਿਕਾਰਿ ਜਾਗੈ ਹਿਤ ਚੀਤੁ॥[373]

ਅਸੱਤ ਨੂੰ ਸੱਤ ਸਮਝ ਲੈਣਾ ਹੀ ਮਾਇਆ ਹੈ। ਇਹ ਸੰਸਾਰ ਅਸੱਤ ਹੈ, ਪਰ ਇਸ ਅਸੱਤ ਜਗਤ ਰੂਪੀ ਮਾਇਆ ਨੇ ਸਾਰੇ ਜੀਵਾਂ ਨੂੰ ਸੰਤਾਇਆ ਹੋਇਆ ਹੈ, ਜਦੋਂ ਕਿ ਇਹ ਮਾਇਆ ਕਿਸੇ ਦੇ ਨਾਲ ਨਹੀਂ ਜਾਣੀ। ਇਹ ਤਾਂ ਥੋਥੀ, ਮਿਥਿਆ, ਭਰਮ, ਝੂਠੀ ਹੈ। ਪ੍ਰਭੂ ਤੋਂ ਬਿਨਾਂ ਜੀਵਨ ਵੀ ਥੋਥਾ ਹੈ:—

(1) ਝੂਠੀ ਮਾਯਾ ਜਗ ਡਹਕਾਯਾ, ਤੋ ਤੀਨਿ ਤਾਪ ਦਹੈ ਰੇ,
ਕਹੈ 'ਰਵਿਦਾਸ' ਰਾਮ ਜਪ ਰਸਨਾ, ਮਾਯਾ ਕਾਹੂ ਕੇ ਸੰਗ ਨ ਰਹੈ ਰੇ।[374]

(2) ਥੋਥੀ ਕਾਯਾ ਥੋਥੀ ਮਾਯਾ, ਥੋਥਾ ਹਰਿ ਬਿਨੁ ਜਨਮ ਗੰਵਾਯਾ।।[375]

(3) ਅਮਰ ਭਏ ਹਮ ਕਾਹੇ ਕੂੰ ਮਰਿ ਹੈਂ।।
ਮਿਥਿਆ ਜਗ ਮਾਯਾ ਤਜਿ ਦੀਨੀ, ਸੱਤ ਰੂਪ ਮਨੁ ਧਰਿ ਹੈਂ।
ਦੋ ਦੀਸੈ ਸਭੁ ਮਾਯਾ ਫੰਦਾ, ਤਾਂਕਿ ਜੇਵਰ ਕਤਰਿ ਹੈਂ।।[376]

ਸ੍ਰੀ ਗੁਰੂ ਨਾਨਕ ਦੇਵ ਜੀ ਮਾਇਆ ਨੂੰ ਅਸੱਤ ਸਮਝਦੇ ਹਨ। ਇਸ ਦੀ ਖੇਡ ਜੀਵਾਂ ਲਈ ਚਾਰ ਦਿਨ ਦੀ ਹੀ ਖੇਡ ਹੈ। ਚਾਰ ਦਿਨ ਦੀ ਖੇਡ ਵਿੱਚ ਅੰਨ੍ਹੇ ਹੋਏ ਜੀਵ ਨੇ ਪ੍ਰਭੂ ਦਾ ਨਾਮ ਵੀ ਇਸ ਖਾਤਰ ਵਿਸਾਰ ਦਿੱਤਾ ਹੈ। ਮਾਇਆ ਦੇ ਮੋਹ ਵਿਚ ਰੰਗਿਆ ਜੀਵ ਸੰਸਾਰਕ ਝੂਠਾ ਵਣਜ ਕਰਦਾ ਹੈ। ਉਸ ਦੇ ਆਤਮਕ ਜੀਵਨ ਦੀ [illegible] ਨੂੰ ਕਾਮਾਦਿਕ ਠੱਗ ਠਗ ਲੈਂਦੇ ਹਨ। ਪ੍ਰਭੂ ਦਾ ਨਾਮ ਭੁੱਲਣ ਕਰਕੇ ਉਹ ਸਦਾ ਦੁਖ ਪਾਉਂਦਾ ਹੈ:—

(1) ਬਾਬਾ ਮਾਇਆ ਰਚਨਾ ਧੋਹੁ।। ਅੰਧੈ ਨਾਮੁ ਵਿਸਾਰਿਆ, ਨ ਤਿਸੁ ਏਹੁ ਨ ਓਹੁ।।[377]

(2) ਕੂੜੇ ਆਵੈ ਕੂੜੇ ਜਾਵੈ।। ਕੂੜੇ ਰਾਤੀ ਕੂੜੁ ਕਮਾਵੈ।।- - - - -
ਕੂੜਿ ਮੁਠੀ ਠਗੀ ਠਗਵਾੜੀ।। ਜਿਉ ਵਾੜੀ ਓਜਾੜਿ ਉਜਾੜੀ।।
ਨਾਮ ਬਿਨਾ ਕਿਛੁ ਸਾਦਿ ਨ ਲਾਗੈ ਹਰਿ ਬਿਸਰਿਐ ਦੁਖੁ ਪਾਈ ਹੇ।।[378]

ਗੁਰੂ ਜੀ ਨੇ ਮਾਇਆ ਨੂੰ ਪ੍ਰਭੂ ਵਲੋਂ ਜੀਵ ਨੂੰ ਦਿੱਤਾ ਨਸ਼ੇ ਦਾ ਗੋਲਾ ਆਖਿਆ ਹੈ। ਜਿਸ ਦੇ ਨਸ਼ੇ ਵਿਚ ਮਸਤ ਜੀਵ ਨੇ ਮੌਤ ਨੂੰ ਵੀ ਭੁਲਾ ਦਿੱਤਾ ਹੈ।

ਅਮਲੁ ਗਲੋਲਾ ਕੂੜ ਕਾ ਦਿਤਾ ਦੇਵਣਹਾਰਿ।
ਮਤੀ ਮਰਣੁ ਵਿਸਾਰਿਆ ਖੁਸੀ ਕੀਤੀ ਦਿਨ ਚਾਰਿ।।[379]

ਮਾਇਆ ਮਨਮੋਹਣੀ ਸ਼ਕਤੀ ਹੋਣ ਕਰਕੇ ਕਈ ਪ੍ਰਕਾਰ ਦੇ ਰੂਪ ਧਾਰਣ ਕਰਕੇ ਜਗਤ ਨੂੰ ਠੱਗਦੀ ਹੈ। ਇਹ ਸ਼ਕਤੀ ਸਭ ਜੀਵਾਂ ਵਿਚ ਵਸਦੀ ਹੈ। ਇਸ ਦੀ ਨਜ਼ਰ ਜਾਦੂਗਰਨੀ ਵਰਗੀ ਹੈ। ਇਸ ਦੇ ਰੂਪ ਦੀ ਇੱਕ ਝਲਕ ਰਿਸ਼ੀਆਂ-ਮੁਨੀਆਂ, ਦੇਵੀ-ਦੇਵਤਿਆਂ, ਜਪੀਆਂ-ਤਪੀਆਂ ਦਾ ਦੀਨ ਈਮਾਨ ਵੀ ਪਲ ਵਿਚ ਭੁਲਾ ਦਿੰਦੀ ਹੈ:-

(1) ਬਰਜਿ ਹੋ ਬਰਜਿ ਬੀਠੁਲੇ, ਮਾਯਾ ਜਗੁ ਖਾਯਾ।
ਮਹਾ ਪ੍ਰਬਲ ਸਬ ਹੀ ਬਸਿ ਕੀਯੇ, ਸੁਰਨਰ ਮੁਨਿ ਭਰਮਾਯਾ।।
ਬਾਲਕ ਬਿਰਧ ਤਰਬਨ ਅਤਿ ਸੁੰਦਰਿ, ਨਾਨਾ ਭੇਖ ਬਣਾਯਾ।।
ਜੋਗੀ ਜਤੀ ਤਪੀ ਸਨਯਾਸੀ, ਪੰਡਿਤ ਰਹਯਾ ਨ ਪਾਯਾ।।[380]

(2) ਮਾਯਾ ਮੋਹਿਲਾ ਕਾਨ੍ਹ ਮੈ ਜਨ ਸੇਵਗ ਤੇਰਾ।।
ਸੰਸਾਰ ਪ੍ਰਪੰਚ ਹੌ ਵਯਾਕੁਲ ਰਾਮਾਨੰਦਾ, ਤੁਹਿ ਤੁਹਿ ਅਨਾਥ ਨਾਥ ਗੋਬਿੰਦਾ।[381]

(3) ਮੈ ਮੇਰੀ ਛੂਟਹਿ ਨਹਿ ਕਬਹੂੰ, ਮੈ ਮੰਤਾ ਮਦੁ ਬਾਂਧਯੋ।
ਲੋਭ ਮੋਹ ਮਹਿ ਰਹਯੋ ਰੁਝਾਨੋ, ਨਿਤ ਵਿਸ਼ਯਾ ਰਸ ਰੀਝਯੋ।।
ਭਯੰਭ ਕੋਹ ਮੋਹ ਮਾਯਾ ਬਸੁ, ਕਪਟ ਕੂੜ ਹੂੰ ਬੰਧਾਯੋ।।[382]

(4) ਮਾਇਆ ਦੀਪਕ ਦੇਖੁ ਕਰ ਨਰ ਪਤੰਗ ਅੰਧਿਆਇ।
ਰਵਿਦਾਸ ਗੁਰੂ ਰਾ ਗਯਾਨ ਬਿਨੁ, ਵਿਰਲਾ ਕੋ ਬਚਿ ਪਾਇ।।[383]

ਸ੍ਰੀ ਗੁਰੂ ਨਾਨਕ ਦੇਵ ਜੀ ਵੀ ਸਾਰੀ ਸਿਸ਼ਟੀ ਮੋਹਣੀ ਮਾਇਆ ਦੀ **ਮਮਤਾ**, ਵਿਚ ਅਤੇ ਹਉਮੈ, ਅਹੰਕਾਰ ਵਿਚ ਠੱਗੀ ਜਾ ਰਹੀ ਮਹਿਸੂਸ ਕਰਦੇ ਹਨ। ਪੁੱਤਰ, ਰਿਸ਼ਤੇਦਾਰ, ਘਰ ਇਸਤ੍ਰੀ ਆਦਿ ਦੇ ਕਾਰਨ ਮੋਹਣੀ ਮਾਇਆ ਦੀ ਤ੍ਰਿਸਨਾ ਜੀਵਾਂ ਨੂੰ ਵਿਆਪ ਰਹੀ ਹੈ। ਧਨ, ਜਵਾਨੀ, ਲੋਭ, ਅਹੰਕਾਰ ਨੇ ਜਗਤ ਨੂੰ ਲੁੱਟ ਲਿਆ ਹੈ। ਮੋਹ ਦੀ ਠਗ ਬੂਟੀ ਸਾਰੇ ਸੰਸਾਰ ਤੇ ਪ੍ਰਭਾਵ ਪਾ ਰਹੀ ਹੈ:-

(1) ਹਉਮੈ ਮਮਤਾ ਮੋਹਣੀ ਸਭ ਮੁਠੀ ਅਹੰਕਾਰਿ।।[384]

(2) ਤ੍ਰਿਸਨਾ ਮਾਇਆ ਮੋਹਣੀ ਸੁਤ ਬੰਧਪ ਘਰ ਨਾਰਿ।।
ਧਨਿ ਜੋਬਨਿ ਜਗੁ ਠਗਿਆ ਲਬਿ ਲੋਭ ਅਹੰਕਾਰਿ।।
ਮੋਹ ਠਗਉਲੀ ਹਉ ਮੁਈ ਸਾ ਵਰਤੈ ਸੰਸਾਰ।।[385]

ਮਨ ਕਾਮ ਆਦਿ ਚੋਰਾਂ ਦੇ ਆਖੇ ਲੱਗ ਕੇ ਮਾਇਆ ਪਿੱਛੇ ਦੌੜਦਾ ਹੈ। ਪੰਛੀ ਵਾਂਗ ਮਾਇਆ ਦੀ ਖਾਤਰ ਉਡਾਰੀਆਂ ਲਾਉਂਦਾ ਫਿਰਦਾ ਹੈ। ਜੀਵ ਦੀ ਉਮਰ ਤਾਂ ਦਿਨ

ਦਿਨ ਕਰਕੇ ਘਟਦੀ ਜਾਂਦੀ ਹੈ ਪਰ ਮਾਇਆ ਦਾ ਮੋਹ ਜੀਵ ਦੇ ਹਿਰਦੇ ਵਿੱਚ ਟਿਕਿਆ ਰਹਿੰਦਾ ਹੈ। ਸਾਰੇ ਜਗਤ ਨੂੰ ਮਾਇਆ ਦੇ ਮੋਹ ਨੇ ਪ੍ਰਭਾਵਤ ਕੀਤਾ ਹੋਇਆ ਹੈ। ਕਾਮ ਵਾਸਨਾ, ਪੁੱਤਰਾਂ ਤੇ ਸੋਨੇ ਦਾ ਪਿਆਰ ਸਭ ਨੂੰ ਜੀਵ ਆਪਣੇ ਸਮਝਦਾ ਹੈ। ਸਿਰਫ ਪਰਮਾਤਮਾ ਨੂੰ ਹੀ ਓਪਰਾ ਸਮਝਦਾ ਹੈ।—

(1) ਮਨੁ ਮਾਇਆ ਮਨੁ ਧਾਇਆ ਮਨੁ ਪੰਖੀ ਆਕਾਸਿ।।

- - - - - - - - - - - - - - - - - - -

ਦਿਨੁ ਦਿਨੁ ਆਵੈ ਤਿਲੁ ਤਿਲੁ ਛੀਜੈ ਮਾਇਆ ਮੋਹੁ ਘਟਾਇ।।[386]

(2) ਮਾਇਆ ਮੋਹਿ ਸਗਲ ਜਗੁ ਛਾਇਆ।। ਕਾਮਣਿ ਦੇਖਿ ਕਾਮਿ ਲੋਭਾਇਆ।
ਸੁਤ ਕੰਚਨ ਸਿਉ ਹੇਤੁ ਵਧਾਇਆ।। ਸਭੁ ਕਿਛੁ ਅਪਨਾ ਇਕੁ ਰਾਮੁ ਪਰਾਇਆ।।[387]

ਮਾਇਆ ਦੀ ਪ੍ਰਕ੍ਰਿਤੀ ਤ੍ਰਿਗੁਣਾਤਮਕ ਹੋਣ ਕਰਕੇ ਇਹ ਮਨੁੱਖ ਵਿਚ ਦੈਹਿਕ ਦੈਵਿਕ ਅਤੇ ਭੌਤਿਕ ਤਾਪ ਪੈਦਾ ਕਰਦੀ ਹੈ। ਜਿਸ ਨਾਲ ਮਨੁੱਖਾ ਜੀਵਨ ਵਿੱਚ ਮਾਨਸਿਕ ਵਿਕਾਰ ਪੈਦਾ ਹੁੰਦੇ ਹਨ ਜੋ ਮਨੁੱਖ ਨੂੰ ਦੁਖੀ ਕਰਦੇ ਹਨ:—

(1) ਦੈਹਿਕ ਦੈਵਿਕ ਭੌਤਿਕ ਤਾਪਾ, ਅਤਿ ਅਗਯਾਨ ਰਹੇਉ ਜਗੁ ਬਾਪਾ।
ਪ੍ਰਭੂ ਚਰਨਾ ਚਿਤ ਖਿਰੋਇਨ ਤੌ ਲੌਂ, ਰਹਿਇ ਅਗਯਾਨੁ ਹਿਰਦੈ ਮਹਿ ਜੌਲੌਂ।।[388]

(2) ਜਹਾਂ ਜਹਾਂ ਜਾਇ ਤਹਾਂ ਤਹਾਂ ਬੰਧਨ, ਤ੍ਰਿਬਿਧ ਤਾਪ ਨ ਜਾਈ।
ਕਹੈ ਰਵਿਦਾਸ ਤਬੈ ਸਚੁ ਪਾਵੈ, ਆਪਾ ਉਲਟਿ ਸਮਾਈ।।[389]

ਸ੍ਰੀ ਗੁਰੂ ਨਾਨਕ ਦੇਵ ਜੀ ਵੀ ਜੀਵਾਂ ਨੂੰ ਤਿੰਨਾਂ ਤਾਪਾਂ ਵਿਚ ਜਕੜੇ ਹੋਏ ਦੱਸਦੇ ਹਨ। ਜਿਸ ਕਰਕੇ ਆਸ਼ਾਂ ਤੇ ਸਹਿਸਿਆਂ ਦਾ ਗੇੜ ਬਣਿਆ ਰਹਿੰਦਾ ਹੈ। ਇਹ ਗੇੜ ਗੁਰੂ ਦੀ ਸ਼ਰਣ ਵਿਚ ਪੈਣ ਨਾਲ ਹੀ ਕੱਟਿਆ ਜਾ ਸਕਦਾ ਹੈ:—

ਤ੍ਰਿਬਿਧਿ ਕਰਮ ਕਮਾਈਅਹਿ ਆਸ ਅੰਦੇਸਾ ਹੋਇ।।
ਕਿਉ ਗੁਰ ਬਿਨੁ ਤ੍ਰਿਕੁਟੀ ਛੁਟਸੀ ਸਹਜਿ ਮਿਲੈ ਸੁਖ ਹੋਇ।।[390]

ਮਾਇਆ ਦਾ ਭਿਆਨਕ ਤੇ ਡਰਾਉਣਾ ਰੂਪ ਕਾਲ ਹੈ। ਸਮੇਂ ਅਨੁਸਾਰ ਮਨੁੱਖ ਮਾਇਆ ਦੇ ਭਰਮ ਜਾਲ ਵਿੱਚ ਫਸ ਜਾਂਦਾ ਹੈ। ਗੁਰੂ ਰਵਿਦਾਸ ਜੀ ਅਨੁਸਾਰ ਜੀਵ ਇਸ ਸੰਸਾਰ ਵਿਚ ਕਾਲ ਦੇ ਦੌਰੇ ਆਉਂਦਾ ਹੈ। ਕਾਲ-ਰੂਪੀ ਮਾਇਆ ਮਨੁੱਖ ਦਾ ਪਿੱਛਾ ਤਿੰਨ

ਲੋਕਾਂ ਤੱਕ ਵੀ ਕਰਦੀ ਹੈ, ਜਦੋਂ ਕਿ ਜੀਵ ਇਸ ਜੱਗ ਵਿਚ ਹੀ ਕਾਲ-ਰੂਪੀ ਮਾਇਆ ਨੂੰ ਭੁੱਲ ਜਾਂਦਾ ਹੈ:-

(1) ਕਾਲ ਕਰਾਲ ਭ੍ਰਮਤ ਕੰਦ੍ਰਕ ਜਿਉਂ ਕਰਤ ਅਚਾਨੋ ਘਾਤ ਰੇ।।
ਚੇਤੇ ਨਹਿ ਅਲਪੁ ਮਤਿ ਮੂਰਖ ਛਾਡਿ ਅੰਮ੍ਰਿਤ ਬਿਸ ਖਾਤਰੇ।।[391]
(2) ਜੀਅ ਜੰਤ ਜਹਾਂ ਜਹਾਂ ਲਗੁ ਕਰਮ ਕੇ ਬਸਿ ਜਾਇ।।
ਕਾਲ ਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ।।[392]

ਸ੍ਰੀ ਗੁਰੂ ਨਾਨਕ ਦੇਵ ਜੀ ਵੀ ਮਾਇਆ ਦੀ ਭਿਆਨਕਤਾ ਦਾ ਜ਼ਿਕਰ ਕਰਦੇ ਲਿਖਦੇ ਹਨ ਕਿ ਸਾਰਾ ਜਗਤ ਕਾਲ ਦੇ ਫੰਦੇ ਵਿਚ ਹੈ। ਸਾਰਾ ਜਗਤ ਕਾਲ ਦੇ ਡਰ ਦਾ ਬੱਧਾ ਹੋਇਆ ਹੈ। ਮੌਤ ਦਾ ਇਹ ਡਰ ਗੁਰੂ ਦੀ ਸ਼ਰਨ ਤੋਂ ਬਿਨਾਂ ਨਹੀਂ ਮਿਟਦਾ। ਜਿਵੇਂ ਬਾਜ਼ ਅਤੇ ਫਾਂਧੀ ਦੇ ਹੱਥ ਵਿਚ ਫੜੀ ਹੋਈ ਜਾਲੀ ਪੰਛੀਆਂ ਵਾਸਤੇ ਮੌਤ ਦਾ ਸੁਨੇਹਾ ਹਨ ਤਿਵੇਂ ਹੀ ਮਾਇਆ ਦਾ ਮੋਹ ਮਨੁੱਖ ਵਾਸਤੇ ਆਤਮਕ ਮੌਤ ਦਾ ਕਾਰਨ ਹੈ:-

(1) ਮਾਇਆ ਮੋਹਿ ਬਾਧਾ ਜਮਕਾਲਿ।।[393]
(2) ਸਭੁ ਜਗੁ ਬਾਧੋ ਕਾਲ ਕੋ ਬਿਨੁ ਗੁਰ ਕਾਲੁ ਅਫਾਰੁ।।
- - - - - - - - - - - - - - - - - - - - - -।।
ਸੀਚਾਨੇ ਜਿਉ ਪੰਖੀਆ, ਜਾਲੀ ਬਧਿਕ ਹਾਥ।।
ਗੁਰਿ ਰਾਖੇ ਸੇ ਉਬਰੇ ਹੋਰਿ ਫਾਥੇ ਚੋਗੈ ਸਾਥਿ।।[394]

ਗੁਰੂ ਨਾਨਕ ਦੇਵ ਜੀ ਅਨੁਸਾਰ ਜਦੋਂ ਕੋਈ ਉਦਮੀ ਜੀਵ ਗੁਰੂ ਦੀ ਸੇਵਾ, ਨਾਮ ਜਾਪ ਅਤੇ ਅਹੰਕਾਰ ਆਦਿ ਤਿਆਗ ਕੇ ਕਾਲ ਦੀ ਪਕੜ ਤੋਂ ਬਾਹਰ ਆ ਜਾਂਦਾ ਹੈ ਤਾਂ ਕਾਲ ਸ਼ਕਤੀਆਂ ਘਬਰਾ ਜਾਂਦੀਆਂ ਹਨ:-

ਕਾਲ ਬਿਕਾਲੁ ਭਏ ਦੇਵਾਨੇ ਮਨੁ ਰਾਖਿਆ ਗੁਰਿ ਠਾਏ।।
ਨਾਨਕ ਅਵਗਣ ਸਬਦਿ ਜਲਾਏ ਗੁਣ ਸੰਗਮਿ ਪ੍ਰਭੁ ਪਾਏ।।[395]

ਮਾਇਆ ਨੂੰ ਸੱਪਣੀ ਵੀ ਕਿਹਾ ਗਿਆ ਹੈ। ਇਸ ਨਾਗਿਣ ਨੇ ਸਾਰੇ ਜਗਤ ਨੂੰ ਡਸਿਆ ਹੋਇਆ ਹੈ। ਜੀਵ ਇਸ ਸੱਪਣੀ ਦੇ ਵਸ ਪਿਆ ਦ੍ਵੈਤਭਾਵ ਅਤੇ ਅਹੰਕਾਰ ਦੀ

ਭਾਵਨਾ ਦੇ ਕਾਰਣ ਇਸ ਤਰ੍ਹਾਂ ਭਟਕਦਾ ਫਿਰਦਾ ਹੈ ਜਿਵੇਂ ਰਾਤ ਨੂੰ ਸੁੱਤਾ ਮਨੁੱਖ ਸੁਪਨਿਆਂ ਵਿਚ ਹੀ ਭਟਕਦਾ ਰਹਿੰਦਾ ਹੈ। ਜੀਵ ਮਾਇਆ ਦੇ ਪ੍ਰਭਾਵ ਅਧੀਨ ਹੋਣ ਕਰਕੇ ਉਸ ਵਿਚ ਇਸ ਸੱਪਣੀ ਨੂੰ ਮਾਰਨ ਦੀ ਤਾਕਤ ਨਹੀਂ ਕਿਉਂਕਿ ਇਹ ਤਾਕਤਵਰ ਅਤੇ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਵਰਗੇ ਦੇਵਤਿਆਂ ਨੂੰ ਵੀ ਛਲ ਲੈਣ ਵਾਲੀ ਹੈ:——

ਜਿਉ ਸੁਪਨੈ ਨਿਸਿ ਭੁਲੀਐ ਜਬ ਲਗਿ ਨਿਦ੍ਰਾ ਹੋਇ।
ਇਉ ਸਰਪਨਿ ਕੈ ਵਸਿ ਜੀਅੜਾ ਅੰਤਰਿ ਹਉਮੈ ਦੋਇ।।[396]

ਗੀਤਾ ਵਿਚ ਮਾਇਆ ਨੂੰ ਅਵਿਦਿਆ ਰੂਪ ਵਿਚ ਵੀ ਵਰਣਨ ਕੀਤਾ ਗਿਆ ਹੈ। ਮਾਇਆ ਦੀ ਇਕ ਆਵਰਣ ਸ਼ਕਤੀ ਵੀ ਹੈ। ਇਸ ਸ਼ਕਤੀ ਕਾਰਣ ਹੀ ਜੀਵ, ਜਗਤ ਅਤੇ ਬ੍ਰਹਮ ਦੀ ਅਸਲੀਅਤ ਮਨੁੱਖ ਦੀ ਬੁੱਧੀ ਤੋਂ ਓਹਲੇ ਰਹਿੰਦੀ ਹੈ। ਇਸ ਸ਼ਕਤੀ ਕਾਰਣ ਮਨੁੱਖ ਕਾਮ, ਕ੍ਰੋਧ, ਲੋਭ ਮੋਹ, ਹੰਕਾਰ ਵਰਗੇ ਅਨੰਤ ਭਰਮਾਂ ਦੀ ਅਸਲੀਅਤ ਨੂੰ ਸਮਝਣ ਤੋਂ ਅਸਮਰਥ ਰਹਿੰਦਾ ਹੈ। ਡਾ. ਮਨਮੋਹਨ ਸਹਿਗਲ ਲਿਖਦੇ ਹਨ, 'ਇਹ ਆਪ ਸਿਧ ਕੀਤੀ ਗੱਲ ਹੈ ਕਿ ਮਾਇਆ ਦੇ ਆਵਰਣ ਦੇ ਕਾਰਣ ਜੀਵ ਸੱਤ ਨੂੰ ਵਿਖੇਪ ਸ਼ਕਤੀ ਦੇ ਰੂਪ ਵਿਚ ਵੇਖਦਾ ਹੈ ਤਾਂ ਅਸਲੀ ਸਤ ਨੂੰ (ਵਿਸਮਰਣ) ਕਰਕੇ ਉਸੀ ਵਿਖੇਪਤਾ ਨੂੰ ਸਤ ਸਮਝਣ ਲੱਗਦਾ ਹੈ। ਇਹੀ ਉਸਦਾ ਅਗਿਆਨ ਜਾਂ ਪਰਮਾਦ ਹੈ। ਇਸ ਦਾ ਉਦੈ ਮਾਇਆ ਦੀਆਂ ਦੋ ਸ਼ਕਤੀਆਂ ਆਵਰਣ ਅਤੇ ਵਿਖੇਪ ਰਾਹੀਂ ਹੁੰਦਾ ਹੈ ਅਤੇ ਇਸ ਕਾਰਣ ਜੀਵ ਅਸੱਤ ਨੂੰ ਸੱਤ ਮੰਨ ਕੇ ਉਸੀ ਵਿਚ ਰਮਣ ਕਰਨ ਲੱਗਦਾ ਹੈ।'[397]

ਗੁਰੂ ਰਵਿਦਾਸ ਜੀ ਵੀ ਮਾਇਆ ਦੀ ਆਵਰਣ ਸ਼ਕਤੀ ਦਾ ਜ਼ਿਕਰ ਕਰਦੇ ਲਿਖਦੇ ਹਨ ਕਿ ਮਨੁੱਖਾ ਜੀਵਨ ਭਰਮਾਂ ਤੇ ਸ਼ੰਕਿਆਂ ਨਾਲ ਭਰਪੂਰ ਹੈ। ਕਈ ਵਾਰੀ ਉਸਨੂੰ ਭਗਤੀ ਵੀ ਭਰਮ ਜਾਪਦੀ ਹੈ। ਉਸਨੂੰ ਇਹ ਵੀ ਪਤਾ ਨਹੀਂ ਲੱਗਦਾ ਕਿ ਉਹ ਭਗਤੀ ਕਿਸ ਦੀ ਕਰੇ:-

(1) ਅਤਰਿ ਸੰਸਾਰ ਅਪਾਰ ਭੈ ਸਾਗਰ, ਤਾ ਮੈਂ ਜਾਮਣ ਮਰਣ ਸੰਦੇਹ ਭਾਰੀ।
ਕਾਮ ਕ੍ਰੋਧ ਲੋਭ ਮੋਹ ਭ੍ਰਮ ਅਨੰਦ ਭ੍ਰਮ ਛੇਦਿ ਮੋ ਕਰਸਿ ਪਾਰੀ।।[398]
(2) ਸੋਈ ਆਨ ਅੰਤਰ ਕਰੈ ਹਰਿ ਸੂੰ, ਅਪਮਾਰਗ ਕੋ ਆਨੈ।
ਕਾਮ ਕ੍ਰੋਧ ਮਦ ਲੋਭ ਮੋਹ ਕੀ, ਪਲ ਪਲ ਪੂਜਾ ਠਾਨੈਂ।।[399]

ਮਾਇਆ ਦੀ ਇਸੇ ਸ਼ਕਤੀ ਕਾਰਣ ਜੀਵ ਨੂੰ ਅਵਿਦਿਆ ਜਾਂ ਅਗਿਆਨ ਕਾਰਣ ਆਪਣੀ ਹੋਂਦ ਵੀ ਸਪੱਸ਼ਟ ਵਿਖਾਈ ਨਹੀਂ ਦਿੰਦੀ। ਜੀਵ ਮਾਇਆ ਜਾਲ ਵਿਚ ਹੀ ਸਭ ਕੁਝ

ਭੁੱਲ ਜਾਂਦਾ ਹੈ:-

(1) ਕੂਪ ਭਰਿਓ ਜੈਸੇ ਦਾਦਿਰਾ ਕਉ ਦੇਸ ਬਦੇਸੁ ਨਾ ਬੂਝ।।
ਐਸੋ ਮੇਰਾ ਮਨ ਬਿਖਿਆ ਬਿਮੋਹਿਆ, ਕਛੁ ਆਰਾਪਾਰੁ ਨਾ ਸੂਝ।।

- - - - - - - - - - - - - - - - - - - - - - - -

ਮਲਿਨ ਭਈ ਮਤਿ ਮਾਧਵਾ, ਤੇਰੀ ਗਤਿ ਲਖੀ ਨ ਜਾਇ।।[400]
(2) ਬਾਟ ਪਾੜਿ ਘਰ ਮੂਸਿ ਪਰਾਯੋ, ਉਦਰਿ ਭਰਯੋ ਅਪਰਾਧੀ।
ਹਵੈ ਅਪਰਾਧੀ ਕੈਸੇ ਨ ਸਿਮਰਿਯੋ, ਇਹ ਅਵਿਦਆ ਸਾਧੀ।।[401]
(3) ਬਾਲਕ ਬੁਧਿ ਗੰਵਾਰ ਨ ਚੇਤਿਓ, ਭੂਲਾ ਮਾਯਾ ਜਾਲ ਬੇ।[402]

ਹਉਮੈ ਅਤੇ ਤ੍ਰਿਸਨਾ ਅਗਿਆਨ ਅਤੇ ਅਵਿਦਿਆ ਦੇ ਸੁਭਾਵਿਕ ਪਰਿਣਾਮ ਹਨ। ਮਾਇਆ-ਆਵਰਣ ਵਿਚ ਰੁੱਝੇ ਜੀਵ ਅੰਦਰ ਅਹੰਕਾਰ ਅਤੇ ਤ੍ਰਿਸਨਾ ਦੀ ਮਾਤਰਾ ਲਗਾਤਾਰ ਵਧਦੀ ਜਾਂਦੀ ਹੈ। ਜਿਸ ਕਰਕੇ ਉਹ ਆਪਣੇ ਆਪ ਨੂੰ ਪੰਡਿਤ ਤੇ ਗਿਆਨੀ ਸਮਝਣ ਲੱਗਦਾ ਹੈ। ਅਸਲੀਅਤ ਤੋਂ ਦੂਰ ਹੋ ਜਾਂਦਾ ਹੈ। ਗੁਰੂ ਰਵਿਦਾਸ ਜੀ ਲਿਖਦੇ ਹਨ:-

(1) ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ।
ਗਿਆਨੀ ਗੁਨੀ ਸੂਰ ਹਮਦਾਤੇ, ਇਹ ਬੁਧਿ ਕਬਹੂ ਨ ਨਾਸੀ।।[403]

ਤੋਤੇ ਦੇ ਬੇਰਾਂ ਨੂੰ ਟੁੱਕਣ ਵਾਂਗ ਹਉਮੈ ਮਨੁੱਖਾ ਜੀਵਨ ਦਾ ਨਾਸ਼ ਕਰ ਦਿੰਦੀ ਹੈ:-

(1) ਕਹੈ ਰਵਿਦਾਸ ਹੋਮੈ ਜਰਾ ਖਾਯਾ ਜਯੋ ਨਲਿਨੀ ਭੂ ਸੂਵਾ।।[404]

(2) ਹਰਿ ਪਦ ਵਿਮੁਖ ਕੁਟਿਲ ਮਾਯਾ ਰਤੁ, ਰਾਮ ਚਰਣ ਚਿਤਹੁ ਨ ਆਨੈ।
ਜਿਨ ਮਨੁ ਮਾਨੁ ਹਉਮੈ ਬਸਹਿ, ਤਿਹ ਜਨ ਸੰਤ ਕਹੌ ਕਿਮ ਮਾਨੈ।[405]
(3) ਕਾਮ ਕ੍ਰੋਧ ਲੋਭ ਮੋਹ ਫਾਂਸ ਰਾਖੇ ਭਗਤਿ ਸੇ ਦੂਰ।
ਹੰਕਾਰੀ ਬਨ ਭਗਤਿ ਕਰੇ ਰਵਿਦਾਸ ਨ ਚਮਕਸੀ ਨੂਰ।।[406]

ਗੁਰੂ ਰਵਿਦਾਸ ਜੀ ਵੇਦਾਂ ਦਾ ਅਨੁਕਰਣ ਕਰਦੇ ਹੋਏ ਮਾਇਆ ਨੂੰ ਬ੍ਰਹਮ ਦਾ ਪ੍ਰਪੰਚ, ਛਲ, ਕਪਟ ਤੇ ਧੋਖਾ ਆਖਦੇ ਹਨ। ਮਨੁੱਖ ਸਤੋ, ਰਜੋ ਤਮੋ ਗੁਣਾਂ ਕਾਰਨ ਹਉਮੈ ਤੇ ਅਹੰਕਾਰ ਵਿਚ ਫਸਿਆ ਆਵਾਗਵਨ ਦੇ ਚੱਕਰ ਵਿਚ ਫਸ ਜਾਂਦਾ ਹੈ ਤੇ ਕਈ ਤਰ੍ਹਾਂ ਦੇ ਸਾਂਗ ਰਚਦਾ ਹੈ। ਗੁਰੂ ਜੀ ਅਨੁਸਾਰ ਇਹ ਸਵਾਂਗ ਸੱਚ ਨਹੀਂ:-

1 ਸਵਾਂਗ ਦੇਖ ਨਚਹੀ ਜਗ ਡਹਕਯੋ, ਫਿਰ ਆਪਨ ਧੋਰ ਵਧਾਇ।।
ਸਾਂਗ ਯਹੁ ਸਾਂਚ ਨ ਜਾਨੈ, ਲੋਗਨ ਇਹੈ ਭਰਮਾਇ।।[407]

2 ਅਨਿਕ ਕੌਤਗ ਕਲਾ ਕਾਛੈ ਕਾਛੈ, ਬਹੁਰਿ ਸਾਂਗ ਦਿਖਾਵੈ।
ਮੂਰਖਿ ਆਪਨ ਆਪੁ ਸਮੁਝਿ ਨਹੀਂ, ਔਰਨਿ ਕਾ ਸਮੁਝਾਵੈ।[408]

ਸ੍ਰੀ ਗੁਰੂ ਨਾਨਕ ਦੇਵ ਜੀ ਵੀ ਮਾਇਆ ਦੀ ਆਵਰਣ ਸ਼ਕਤੀ ਦਾ ਜ਼ਿਕਰ ਕਰਦੇ ਹੋਏ ਦੱਸਦੇ ਹਨ ਕਿ ਜੀਵ ਮਾਇਆ ਦੀ ਆਵਰਣ ਸ਼ਕਤੀ ਕਾਰਣ ਹੀ ਮਾਇਆ ਨੂੰ ਆਪਣਾ ਉਦੇਸ਼ ਸਮਝ ਲੈਂਦਾ ਹੈ। ਪ੍ਰਭੂ ਨੂੰ ਭੁੱਲ ਜਾਂਦਾ ਹੈ। ਮਾਇਆ ਦੀ ਹੀ ਸੇਵਾ ਕਰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਜੀਵ ਨੂੰ ਸਮਝਾਉਂਦੇ ਹਨ ਕਿ ਮਾਇਆ ਵਿੱਚੋਂ ਸੁਖ ਲੱਭਣਾ ਤਾਂ ਪਾਣੀ ਵਿਚ ਰਿੜਕ ਕੇ ਮੱਖਣ ਲੱਭਣ ਦੀ ਨਿਆਈ ਹੈ:—

ਤੇਰੀ ਕੀ ਸੇਵਾ ਕਰਹਿ ਠਾਕੁਰ ਨਹੀ ਦੀਸੈ।।
ਪੋਖਰੁ ਨੀਰੁ ਵਿਰੋਲੀਐ ਮਾਖਨੁ ਨਹੀ ਰੀਸੈ।।[409]

ਭੌਰਾ, ਪਤੰਗਾ, ਹਾਥੀ, ਮੱਛੀ ਅਤੇ ਹਰਨ ਦੀ ਤਰ੍ਹਾਂ ਮਾਇਆ ਦੀ ਆਵਰਣ ਸ਼ਕਤੀ ਅਧੀਨ ਦੁਰਮਤਿ ਦਾ ਮਾਰਿਆ ਮਨੁੱਖ ਤ੍ਰਿਸ਼ਨਾ ਵਿਚ ਫਸਕੇ ਆਪਣੇ ਅਸਲੇ ਪਰਮਾਤਮਾ ਨੂੰ ਨਹੀਂ ਵੇਖਦਾ। ਕਾਮ ਵਾਸ਼ਨਾ, ਕ੍ਰੋਧ ਜੀਵਨ ਨੂੰ ਤਬਾਹ ਕਰ ਦਿੰਦਾ ਹੈ। ਪ੍ਰਭੂ ਦਾ ਨਾਮ ਵਿਸਾਰ ਕੇ ਅਜਿਹੇ ਮਨੁੱਖ ਆਪਣੀ ਇੱਜਤ ਤੇ ਅਕਲ ਗਵਾ ਲੈਂਦੇ ਹਨ। ਅਸਲ ਵਿਚ ਮਾਇਆ ਦਾ ਮੋਹ ਸਾਰੇ ਸੰਸਾਰ ਵਿਚ ਫੈਲਿਆ ਹੋਇਆ ਹੈ। ਕਿਤੇ ਇਸਤ੍ਰੀ ਨੂੰ ਵੇਖਕੇ ਕਾਮ-ਵਾਸ਼ਨਾ ਵਿਚ ਫਸਦਾ ਹੈ, ਕਿਤੇ ਇਹ ਜਗਤ, ਪੁੱਤਰਾਂ ਤੇ ਸੋਨੇ ਆਦਿ ਨਾਲ ਪਿਆਰ ਕਰਦਾ ਹੈ। ਪਰਮਾਤਮਾ ਤੋਂ ਬਿਨਾ ਬਾਕੀ ਸਭ ਕੁੱਝ ਨੂੰ ਜਗਤ ਆਪਣੀ ਸਮਝਦਾ ਹੈ:—

1 ਭ੍ਰਿੰਗ ਪਤੰਗ ਕੁੰਚਰੁ ਅਰੁ ਮੀਨਾ।। ਮਿਰਗੁ ਮਰੈ ਸਹਿ ਅਪੁਨਾ ਕੀਨਾ।।
ਕਾਮ ਚਿਤੈ ਕਾਮਣਿ ਹਿਤਕਾਰੀ।। ਕ੍ਰੋਧੁ ਬਿਨਾਸੈ ਸਗਲ ਵਿਕਾਰੀ।।
ਪਤਿ ਮਤਿ ਖੋਵਹਿ ਨਾਮੁ ਵਿਸਾਰੀ।।[410]

2 ਮਾਇਆ ਮੋਹਿ ਸਗਲ ਜਗੁ ਛਾਇਆ।। ਕਾਮਣਿ ਦੇਖਿ ਕਾਮਿ ਲੋਭਾਇਆ।
ਸੁਤ ਕੰਚਨ ਸਿਉ ਹੇਤ ਵਧਾਇਆ।। ਸਭੁ ਕਿਛੁ ਅਪਨਾ ਇਕੁ ਰਾਮੁ ਪਰਾਇਆ।।[411]

ਮਾਇਆ ਦੀ ਆਵਰਣ ਸ਼ਕਤੀ ਕਾਰਣ ਅੰਨ੍ਹਾ ਮਨੁੱਖ ਵਿਕਾਰਾਂ ਦੀ ਮੈਲ ਨਾਲ ਭਰਿਆ ਮਦਾਰੀ ਦੇ ਤਮਾਸ਼ੇ ਵਾਂਗ ਮਾਇਆ ਦੇ ਨਾਟਕਾਂ-ਚੇਟਕਾਂ ਕਾਰਨ ਭੁਲੇਖਾ ਖਾ ਜਾਂਦਾ ਹੈ। ਅਤਰ, ਚੰਦਨ, ਅਗਰ-ਕਪੂਰ ਆਦਿ ਸੁਗੰਧੀਆਂ ਅਤੇ ਮਾਇਆ ਦੇ ਮੋਹ ਵਿਚ ਮਸਤ ਹੋਕੇ ਪ੍ਰਭੂ ਤੋਂ ਦੂਰ ਹੋ ਜਾਂਦਾ ਹੈ।

1. ਅੰਧਾ ਭਰਿਆ ਭਰਿ ਭਰਿ ਧੋਵੈ ਅੰਤਰੁ ਕੀ ਮਲੁ ਕਦੇ ਨ ਲਹੈ॥
   ਨਾਮ ਬਿਨਾ ਫੋਕਟ ਸਭਿ ਕਰਮਾ ਜਿਉ ਬਾਜੀਗਰੁ ਭਰਮਿ ਭੂਲੈ॥[412]
2. ਚੋਆ ਚੰਦਨ ਅਗਰ ਕਪੂਰਿ॥ ਮਾਇਆ ਮਗਨੁ ਪਰਮ ਪਦੁ ਦੂਰਿ॥[413]

ਤ੍ਰਿਸ਼ਣਾ, ਮਾਇਆ ਮੋਹ, ਲੋਭ, ਸੰਸਾਰਿਕ ਪ੍ਰੇਮ-ਪਿਆਰ, ਅਹੰਕਾਰ ਦੇ ਮਾਧਿਅਮ ਰਾਹੀਂ ਮਨੁੱਖ ਵਿਚ ਅਗਿਆਨ ਦਾ ਆਵਰਣ ਬਣਦੀ ਹੈ। ਸੰਸਾਰਕ ਭੋਗ-ਬਿਲਾਸ ਅਤੇ ਇੰਦਰੀ ਰਸ ਵਿਚ ਮਗਨ ਜੀਵ ਭਰਮ ਤੇ ਅਵਿਦਿਆ ਕਾਰਣ ਆਪਣੇ ਆਪ ਨੂੰ ਸੁਖੀ ਮਹਿਸੂਸ ਕਰਦਾ ਹੈ।

1. ਗੈਵਰ ਹੈਵਰ ਕੰਚਨ ਸੁਤ ਨਾਰੀ॥ ਬਹੁ ਚਿੰਤਾ ਪਿੜ ਚਾਲੈ ਹਾਰੀ।
   ਜੂਐ ਖੇਲਣੁ ਕਾਚੀ ਸਾਰੀ॥[414]

ਮਾਇਆ ਦੇ ਧੰਧਿਆਂ ਵਿਚ ਭੱਜਦੌੜ ਕਰਨਾ ਵਿਅਰਥ ਕਰਮ ਹੈ। ਮੂਰਖ ਮਨੁੱਖ ਆਪਣੇ ਆਪ ਨੂੰ ਵੱਡਾ ਤੇ ਵਿਦਵਾਨ ਜ਼ਾਹਰ ਕਰਦਾ ਹੈ, ਅਸਲੀ ਕਰਮ ਨੂੰ ਨਹੀਂ ਸਮਝਦਾ। ਉਸ ਦੀਆਂ ਖਾਹਸ਼ਾਂ ਮੋਹਣੀ ਮਾਇਆ ਦੁਆਰਾ ਗ੍ਰਸਿਤ ਹੁੰਦੀਆਂ ਹਨ। ਉਸਦੇ ਬੋਲ ਉਸਨੂੰ ਖੁਆਰ ਕਰਦੇ ਹਨ। ਅਜਿਹੇ ਚੰਡਾਲਾਂ ਦਾ ਤੀਰਥ-ਇਸ਼ਨਾਨ ਵੀ ਨਿਰੀ ਠੱਗੀ ਹੁੰਦੀ ਹੈ ਉਸਦੇ ਸੁੰਦਰ ਸ਼ਿੰਗਾਰ ਵੀ ਝੂਠੇ ਹੁੰਦੇ ਹਨ:--

ਮਾਇਆ ਧੰਧਾ ਧਾਵਣੀ ਦੁਰਮਤਿ ਕਾਰ ਬਿਕਾਰ॥
ਮੂਰਖੁ ਆਪੁ ਗਣਾਇਦਾ ਬੂਝਿ ਨ ਸਕੈ ਕਾਰ॥
ਮਨਸਾ ਮਾਇਆ ਮੋਹਣੀ ਮਨਮੁਖ ਬੋਲ ਖੁਆਰ॥
ਮਜਨੁ ਝੂਠਾ ਚੰਡਾਲ ਕਾ ਫੋਕਟ ਚਾਰ ਸੀਗਾਰ॥[415]

ਅਹੰਕਾਰ ਅਤੇ ਤ੍ਰਿਸ਼ਨਾ ਅਗਿਆਨ ਦੇ ਸੁਭਾਵਿਕ ਪਰਿਣਾਮ ਹਨ। ਮਾਇਆ ਆਵਰਣ ਕਾਰਨ ਇਨ੍ਹਾਂ ਦੀ ਮਾਤਰਾ ਵਧਦੀ ਜਾਂਦੀ ਹੈ। ਸਭ ਜੀਵਾਂ ਨੂੰ ਆਪਣੇ ਨਾਲੋਂ

ਘਟੀਆ ਸਮਝਦਾ ਹੈ। ਜੀਵ ਤ੍ਰਿਸ਼ਨਾ ਅਤੇ ਮੋਹ, ਲੋਭ ਵਿਚ ਅਜਿਹਾ ਫਸਦਾ ਹੈ ਕਿ ਆਵਾਗਵਨ ਦੇ ਚੱਕਰ ਵਿਚ ਜਾ ਫਸਦਾ ਹੈ:—

ਤ੍ਰਿਸਨਾ ਮਾਇਆ ਮੋਹਣੀ ਸੁਤ ਬੰਧਪ ਘਰ ਨਾਰਿ॥
ਧਨਿ ਜੋਬਨਿ ਜਗੁ ਠਗਿਆ ਲਬਿ ਲੋਭਿ ਅਹੰਕਾਰ॥
ਮੋਹ ਠਗਉਲੀ ਹਉ ਮੁਈ ਸਾ ਵਰਤੈ ਸੰਸਾਰਿ॥[416]

ਸੱਚ ਤਾਂ ਇਹ ਹੈ ਕਿ ਪ੍ਰਭੂ ਤੋਂ ਬਿਨ੍ਹਾਂ ਸੰਸਾਰਕ ਪਦਾਰਥਾਂ ਦੀ ਝਾਕ ਕਾਰਨ ਜੀਵ ਰੂਪ ਇਸਤ੍ਰੀ ਭੈੜੀ ਮੱਤ ਕਾਰਨ ਅੰਨ੍ਹੀ ਤੇ ਬੋਲੀ ਹੋ ਜਾਂਦੀ ਹੈ। ਸਰੀਰ ਕਾਮ-ਕ੍ਰੋਧ ਨਾਲ ਭਰਿਆ ਹੋਣ ਕਰਕੇ ਆਪਣੇ ਹਿਰਦੇ ਘਰ ਵਿਚ ਵਸਦੇ ਪ੍ਰਭੂ ਨੂੰ ਪਛਾਣ ਨਹੀਂ ਸਕਦੀ। ਜਿਸ ਕਰਕੇ ਉਸ ਨੂੰ ਸਾਂਤੀ ਨਹੀਂ ਮਿਲਦੀ। ਉਸ ਤੋਂ ਮਾਇਆ ਦੀ ਮਮਤਾ ਵੀ ਨਹੀਂ ਛੁੱਟਦੀ। ਗੁਰੂ ਨਾਨਕ ਦੇਵ ਜੀ ਅਨੁਸਾਰ ਸਿਰਫ਼ ਉਹੀ ਜੀਵ ਮਾਇਆ ਦੇ ਪੰਜੇ ਵਿਚੋਂ ਖਲਾਸੀ ਪਾਉਂਦੇ ਹਨ ਜਿਹੜੇ ਪਰਮਾਤਮਾ ਦੀ ਭਗਤੀ ਵਿਚ ਰੰਗੇ ਹੋਏ ਉਸਦੇ ਗੁਣਾਂ ਦੀ ਕਾਰ ਕਰਦੇ ਹਨ:—

1. ਦੂਜੀ ਦੁਰਮਤਿ ਅੰਨ੍ਹੀ ਬੋਲੀ॥ ਕਾਮ ਕ੍ਰੋਧ ਕੀ ਕਚੀ ਚੋਲੀ॥
   ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ॥[417]
2. ਮਾਇਆ ਮਮਤਾ ਛੋਡੀ ਨ ਜਾਈ॥ ਸੇ ਛੂਟੇ ਸਚੁ ਕਾਰ ਕਮਾਈ॥
   ਅਹਿਨਿਸਿ ਭਗਤਿ ਰਤੇ ਵੀਚਾਰੀ ਠਾਕੁਰ ਸਿਉ ਬਣਿਆਈ ਹੇ॥[418]

ਮਾਇਆ ਤ੍ਰਿਗੁਣਾਤਮਕ ਸ਼ਕਤੀ ਹੈ

ਗੀਤਾ ਵਿੱਚ ਮਾਇਆ ਨੂੰ ਤ੍ਰਿਗੁਣਾਤਮਕ ਸ਼ਕਤੀ ਕਿਹਾ ਗਿਆ ਹੈ। ਮਾਇਆ ਦੇ ਇਹੋ ਤਿੰਨ ਗੁਣ ਅਬਿਨਾਸ਼ੀ ਜੀਵਾਤਮਾ ਨੂੰ ਸਰੀਰ ਵਿੱਚ ਬੰਨ੍ਹਦੇ ਹਨ। ਇਹ ਸਾਰਾ ਜਗਤ ਹੀ ਸਤੋ, ਰਜੋ, ਤਮੋ ਵਾਲੇ ਪਦਾਰਥਾਂ ਵਿਚ ਰੁਝਿਆ ਹੋਇਆ ਹੈ, ਜਿਸ ਕਰਕੇ ਪਰਮਾਤਮਾ ਨੂੰ ਭੁੱਲ ਜਾਂਦਾ ਹੈ।[419]

ਸ੍ਰੀ ਗੁਰੂ ਰਵਿਦਾਸ ਜੀ ਵੀ ਪ੍ਰਭੂ ਦੀ ਮਾਇਆ ਰੂਪੀ ਤ੍ਰਿਗੁਣਾਤਮਕ ਸ਼ਕਤੀ ਤੋਂ ਸ੍ਰਿਸ਼ਟੀ ਦੀ ਉਪਜ ਮੰਨਦੇ ਹਨ। ਉਨ੍ਹਾਂ ਅਨੁਸਾਰ ਮਾਇਆ ਸਤੋ, ਰਜੋ ਅਤੇ ਤਮੋ ਗੁਣਾਂ

ਨਾਲ ਯੁਕਤ ਹੈ। ਅਗਿਆਨੀ ਮਨੁੱਖ ਤ੍ਰਿਗੁਣਾਤਮਕ ਸ਼ਕਤੀ ਦੇ ਇਨ੍ਹਾਂ ਤਿੰਨਾਂ ਗੁਣਾਂ ਵਿਚ ਖੁਭ ਜਾਂਦਾ ਹੈ ਤੇ ਪਰਮਾਤਮਾ ਨੂੰ ਖੋਹ ਬੈਠਦਾ ਹੈ। ਗੁਰੂ ਜੀ ਅਨੁਸਾਰ ਜਦੋਂ ਤਕ ਸੰਸਾਰ ਵਿਚ ਇਹ ਤਿੰਨੇ ਗੁਣ ਵਿਆਪਤ ਹਨ ਉਦੋਂ ਤੱਕ ਨਾ ਹੀ ਭਗਤ ਬਣਿਆ ਜਾ ਸਕਦਾ ਹੈ ਤੇ ਨਾ ਹੀ ਭਗਤੀ ਹੋ ਸਕਦੀ ਹੈ:-

1. ਪੰਚ ਤੱਤ ਘਰ ਤ੍ਰਿਗੁਣੀ ਮਾਯਾ, ਜੋ ਦੀਸੈ ਸੋ ਸਕਲ ਉਪਾਯਾ।।[420]
2. ਸਤ ਰਜ ਤਮ ਮਾਯਾ ਧਨੀ, ਚੇਤਨ ਕੇ ਪ੍ਰਤੀਭਾਸ।।
ਕਰਤਾ ਹਰਤਾ ਜਗਤ ਕੇ ਭਜੋ ਤਾਹਿ ਰਵਿਦਾਸ।।[421]
3. ਸੰਤੋ ! ਅਨਿਨ ਭਗਤਿ ਯਹੁ ਨਾਹੀਂ।
ਜਬ ਲਗਿ ਸਤ ਰਜ ਤਮ ਤੀਨਯੋ ਗੁਨ, ਵਯਾਪਤ ਹੈ ਯਾ ਮਾਹੀਂ।।[422]

ਮਾਇਆ ਤ੍ਰਿਗੁਣਾਤਮਕ ਹੋਣ ਕਰਕੇ ਵਿਕਟ ਹੈ। ਇਹ ਮਨੁੱਖ ਨੂੰ ਤਿੰਨਾਂ ਤਾਪਾਂ ਨਾਲ ਤਪਾ ਕੇ ਵਿਆਕੁਲ ਕਰ ਦਿੰਦੀ ਹੈ। ਇਸ ਦੇ ਭਰਮ ਜਾਲ ਤੋਂ ਛੁਟਕਾਰਾ ਪ੍ਰਾਪਤ ਕਰਨਾ ਬਹੁਤ ਮੁਸ਼ਕਲ ਹੈ:-

1 ਕੇਸਵੇ ਵਿਕਟ ਮਾਯਾ ਤੋਰ, ਤਾਤੈ ਵਿਕਲ ਗਤਿ ਮੋਰ।

- - - - - - - - - - - - - - - - - - - -

ਇੰਦ੍ਰਯਾਦਿਕ ਦੁਖ ਦਾਰੁਨ ਅਸੰਖ ਆਦਿਕ ਪਾਪ।।
ਤੋਹਿ ਭਜਤ ਰਘੁਨਾਥ ਅੰਤਰਿ ਤਾਹਿ ਤ੍ਰਾਸ ਨ ਤਾਪ।।[423]
2 ਭਯੋ ਅਤਿ ਛੀਨ ਖੇਦ ਮਾਯਾ ਬਸ ਜਸ ਤਿਸ ਤਾਪ ਗਹਿ ਹੌਂ ਤੇ ਤਸ।
ਦ੍ਵਾਰੇ ਨੰਦ ਜਾ ਤ੍ਰਿਕੁਟ ਵਿਖੁ ਕਾਰਨ, ਭ੍ਰੂਲਿ ਪਰਯੋ ਮਨ ਯਾ ਵਿਸ਼ਯਾ ਬਨ।।[424]

ਮਾਇਆ ਦੇ ਇਹ ਤਿੰਨ ਗੁਣ ਹੀ ਮਨੁੱਖ ਵਿੱਚ ਹਉਮੈ ਦਾ ਕਾਰਣ ਬਣਦੇ ਹਨ। ਇਸ ਹਉਮੈ ਤੇ ਅਵਿਦਿਆ ਕਾਰਨ ਜਦੋਂ ਮਨੁੱਖ ਕੁਕਰਮ ਕਰਦਾ ਹੈ ਤਾਂ ਉਹ ਜੂਨਾਂ ਦੇ ਚੱਕਰ ਵਿੱਚ ਫਸਦਾ ਹੈ। ਜ਼ਿੰਦਗੀ ਵਿਚ ਅਜਿਹੇ ਭਰਮਾਂ ਦਾ ਨਿਪਟਾਰਾ ਗੁਰੂ ਗਿਆਨ ਰਾਹੀਂ ਹੀ ਹੋ ਸਕਦਾ ਹੈ। ਗੀਤਾ ਵਿਚ ਲਿਖਿਆ ਹੈ ਕਿ ਪਾਪਾਂ ਦੇ ਨਾਲ ਨਾਲ ਪੁੰਨ ਵੀ ਬੰਧਨ ਦਾ ਕਾਰਣ ਬਣਦੇ ਹਨ। ਇਸ ਲਈ ਦੋਹਾਂ ਦਾ ਤਿਆਗ ਜ਼ਰੂਰੀ ਹੈ।[425] ਸ੍ਰੀ ਗੁਰੂ ਰਵਿਦਾਸ ਜੀ ਅਨੁਸਾਰ ਵੀ ਪ੍ਰਭੂ ਮਨੁੱਖ ਦੇ ਕੀਤੇ ਕਰਮਾਂ ਦਾ ਲੇਖਾ ਜੋਖਾ ਕਰਦਾ ਹੈ। ਇਸ ਲਈ ਪੁੰਨ ਪਾਪ ਵੀ ਮਾਇਆ ਦਾ ਕਾਰਣ ਬਣਦੇ ਹਨ। ਪੁੰਨ ਅਤੇ ਪਾਪ ਦੋਹਾਂ ਦਾ

ਫਲ ਭੋਗਣ ਲਈ ਆਵਾਗਵਨ ਦੇ ਚੱਕਰ ਵਿਚ ਫਸਣਾ ਪੈਂਦਾ ਹੈ। ਇਸੇ ਕਾਰਨ ਜੀਵ ਸੰਸਾਰਿਕ ਮੋਹ-ਮਾਇਆ ਵਿਚ ਫਸਦਾ ਹੈ:-

1 ਜਪ ਤਪ ਵਿਧਿ ਨਿਸ਼ੇਧ ਕਰੁਨਾਮੈਂ, ਪਾਪ ਪੁੰਨ ਯਹੁ ਮਾਯਾ।
ਐਸੇ ਮੋਹਿਤ ਮਨ ਗਤਿ ਬਿਮੁਖ ਧਨ, ਜਨਮ ਜਨਮ ਡਹਕਾਯਾ ਹੋ ਹਰਿ।।[42]

2 ਜੀਅ ਜੰਤ ਜਹਾਂ ਜਹਾਂ ਲਗੁ ਕਰਮ ਕੇ ਬਸਿ ਜਾਇ।।
ਕਾਲ ਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ।।[427]

3 ਅਤਿ ਅਹੰਕਾਰ ਉਰ ਮਹਿ ਸਤ ਰਜ, ਤਾ ਮੈਂ ਰਹਯੋ ਉਰਝਾਈ।
ਕਰਮ ਬਸਿ ਬਝਿ ਪਰਯੋ ਕਛੂ ਨ ਸੂਝੈ, ਸ੍ਵਾਮੀ ਨਾਂਵ ਭੁਲਾਈ।।[428]

ਗੁਰੂ ਰਵਿਦਾਸ ਜੀ ਮਾਇਆ ਦੀ ਤ੍ਰਿਗੁਣਾਤਮਕ ਸ਼ਕਤੀ ਕਾਰਨ ਮਾਇਆ ਦੀ ਨਿਖੇਧੀ ਕਰਨ ਦੇ ਨਾਲ ਨਾਲ ਇਸਦੇ ਰਹੱਸਾਤਮਕ ਅਰਥਾਂ ਵਿਚ ਇਸਨੂੰ ਮਨੁੱਖ ਦੀ ਦੁਸ਼ਮਣ ਤੇ ਮਿੱਤਰ ਦੋਨੋਂ ਹੀ ਸਮਝਦੇ ਹਨ। ਮਾਇਆ ਵਿਚ ਲੀਨ ਹੋਣ ਨਾਲ ਇਸ ਦਾ ਅਸਲ ਸਰੂਪ ਸਾਹਮਣੇ ਆਉਂਦਾ ਹੈ। ਗੁਰੂ ਜੀ ਨੂੰ ਪੰਜ-ਵਿਕਾਰ ਆਪਣੇ ਪੱਕੇ ਦੋਸਤ ਜਾਪਦੇ ਹਨ ਜਿਨ੍ਹਾਂ ਨੇ ਉਸ ਨੂੰ ਪ੍ਰਭੂਨਿਧੀ ਦੇ ਦਰਸ਼ਨ ਕਰਵਾ ਦਿੱਤੇ ਹਨ:-

ਪਾਂਚੋ ਥਕਿਤ ਭਏ ਜਹਾਂ ਤਹਾਂ ਥਿਤਿ ਪਾਈ।
ਜਾ ਕਾਰਨਿ ਮੈਂ ਦੋਰਯੋ ਫਿਰਤੋ, ਸੋ ਅਬ ਘਟ ਮੈ ਆਈ।।
ਪਾਂਚੋਂ ਮੇਰੀ ਸਖੀ ਸਹੇਲੀ ਤਿਨ ਨਿਧਿ ਦਈ ਦਿਖਾਈ।।
ਅਬ ਮਨ ਫੂਲਿ ਭਯੋ ਜਗ ਮਹਿਯਾਂ, ਉਲਟਿ ਆਪ ਮਹਿ ਸਮਾਈ।।[429]

ਸ੍ਰੀ ਗੁਰੂ ਨਾਨਕ ਦੇਵ ਜੀ ਵੀ ਸ੍ਰੀ ਗੁਰੂ ਰਵਿਦਾਸ ਤੇ ਭਗਵਦ ਗੀਤਾ ਵਾਂਗ ਮਾਇਆ ਨੂੰ ਤ੍ਰਿਗੁਣਾਤਮਕ ਸ਼ਕਤੀ ਸਵੀਕਾਰ ਕਰਦੇ ਹਨ। ਸਤ, ਰਜ ਅਤੇ ਤਮ ਤਿੰਨਾਂ ਗੁਣਾਂ ਵਿਚ ਸਾਰੀ ਸ੍ਰਿਸ਼ਟੀ ਲਿਪਤ ਹੈ। ਮਨੁੱਖ ਦਾ ਸਰੀਰ ਵੀ ਮਾਇਆ ਦੇ ਤਿੰਨਾਂ ਗੁਣਾਂ ਵਿਚ ਬੱਝਾ ਹੋਇਆ ਹੈ ਅਤੇ ਇਸ ਦੇ ਅਧੀਨ ਉਹ ਆਪਣੀ ਭੌਤਿਕ ਖੇਡ ਖੇਡਦਾ ਹੈ। ਪਰਮਾਤਮਾ ਦੇ ਵਿਛੋੜੇ ਕਾਰਨ ਦੁਖੀ ਰਹਿੰਦਾ ਹੈ:-

ਤ੍ਰਿਹੁ ਗੁਣ ਬੰਧੀ ਦੇਹੁਰੀ ਜੋ ਆਇਆ ਜਗਿ ਸੋ ਖੇਲੁ।।
ਵਿਜੋਗੀ ਦੁਖਿ ਵਿਛੁੜੇ ਮਨਮੁਖਿ ਲਹਹਿ ਨ ਮੇਲੁ।।[430]

ਅਸਲ ਵਿਚ ਇਹ ਸਰੀਰ ਹੈ ਹੀ ਤ੍ਰੈ ਗੁਣੀ ਮਾਇਆ ਦਾ ਸਰੂਪ। ਇੰਦ੍ਰੇ ਸੁਤੇ ਹੀ ਮਾਇਆ ਦੇ ਮੋਹ ਵਿਚ ਫਸ ਜਾਂਦੇ ਹਨ। ਜਿਸ ਕਰਕੇ ਸਰੀਰ ਨੂੰ ਚਿੰਤਾ-ਫਿਕਰ ਤੇ ਦੁੱਖ-ਕਲੇਸ਼ ਦਬਾਈ ਰੱਖਦੇ ਹਨ। ਇਨ੍ਹਾਂ ਦੁਖ-ਕਲੇਸ਼ਾਂ, ਮਾਇਆ ਦੀ ਤ੍ਰਿਸਨਾ ਹਉਮੈਂ ਅਹੰਕਾਰ ਤੋਂ ਪਰਮਾਤਮਾ ਦੇ ਨਾਮ ਦੀ ਬਰਕਤ ਰਾਹੀਂ ਛੁਟਕਾਰਾ ਪਾਇਆ ਜਾ ਸਕਦਾ ਹੈ:-

ਏਹੁ ਸਰੀਰ ਹੈ ਤ੍ਰੈ ਗੁਣ ਧਾਤੁ॥ ਇਸ ਨੋ ਵਿਆਪੈ ਸੋਗ ਸੰਤਾਪੁ॥
ਸੋ ਸੇਵਹੁ ਜਿਸੁ ਮਾਈ ਨ ਬਾਪੁ॥ ਵਿਚਹੁ ਚੂਕੈ ਤਿਸਨਾ ਅਰੁ ਆਪੁ॥[431]

ਸੋ ਗੁਰੂ ਨਾਨਕ ਦੇਵ ਜੀ ਅਨੁਸਾਰ ਵਿਕਾਰਾਂ ਤੋਂ ਪ੍ਰਭੂ ਦੇ ਨਾਮ ਰਾਹੀਂ ਹੀ ਬਚਿਆ ਜਾ ਸਕਦਾ ਹੈ। ਪਰ ਜਿੰਨਾ ਚਿਰ ਮਨੁੱਖ ਦੇ ਤ੍ਰਿਗੁਣੀ ਇੰਦ੍ਰੇ ਸੰਸਾਰਕ ਮੋਹ ਵਿਚ ਰੁਝੇ ਹੋਏ ਹਨ ਉਦੋਂ ਤੱਕ ਉਸ ਅਲੱਖ ਪਰਮਾਤਮਾ ਨੂੰ ਸਮਝਿਆ ਨਹੀਂ ਜਾ ਸਕਦਾ। ਮਨੁੱਖ ਮਾਇਆ ਦੀ ਸ਼ੱਕਰ-ਖੰਡ ਵਰਗੀ ਪੰਡ ਸਿਰ ਤੇ ਚੁੱਕੀ ਮਾਇਆ ਮੋਹ ਦੀ ਹਨੇਰੀ ਰਾਤ ਵਿਚ ਗੁਆਚਿਆ ਹੋਇਆ ਹੈ ਤੇ ਦੂਜੇ ਪਾਸੇ ਜਮ ਰੂਪੀ ਚੂਹਾ ਜੀਵ ਦੀ ਉਮਰ ਦੀ ਲੱਜ ਟੁੱਕ ਰਿਹਾ ਹੈ:-

ਮਨ ਏਕੋ ਸਾਹਿਬੁ ਭਾਈ ਰੇ॥ ਤੇਰੇ ਤੀਨਿ ਗੁਣਾ ਸੰਸਾਰਿ ਸਮਾਵਹਿ ਅਲਖੁ ਨ ਲਖਣਾ ਜਾਈ ਰੇ॥ ਰਹਾਉ॥
ਸਕਰ ਖੰਡੁ ਮਾਇਆ ਤਨਿ ਮੀਠੀ ਹਮ ਤਉ ਪੰਡ ਉਚਾਈ ਰੇ॥
ਰਾਤਿ ਅਨੇਰੀ ਸੂਝਸਿ ਨਾਹੀ ਲਜੁ ਟੂਕਸਿ ਮੂਸਾ ਭਾਈ ਰੇ॥[432]

ਉਕਤ ਪੰਕਤੀਆਂ ਵਿਚ ਮਾਇਆ ਦੇ ਤਿੰਨ ਗੁਣ ਡਾ. ਮਨਮੋਹਨ ਸਹਿਗਲ ਅਨੁਸਾਰ ਇਸ ਪ੍ਰਕਾਰ ਹਨ, ਸ਼ਕਰ-ਖੰਡ ਦਾ ਰਸਾਸਵਾਦਨ-ਰੂਪ ਸਤੋਗੁਣ, 'ਪੰਡ ਉਚਾਣਾ' ਵਿੱਚ ਲੋਭ ਅਤੇ ਬਲ ਦਾ ਸੰਕੇਤ ਹੋਣ ਕਰਕੇ ਰਜੋ ਗੁਣ ਅਤੇ 'ਰਾਤਿ ਅਨੇਰੀ' ਵਿਚ ਅਗਿਆਨਤਾ ਦੇ ਕਾਰਣ ਤਮੋ ਗੁਣ ਦਾ ਸਰੂਪ ਚਿਤਰਿਤ ਕੀਤਾ ਗਿਆ ਹੈ।"[433]

ਤੀਜੇ ਗੁਰੂ ਅਮਰਦਾਸ ਜੀ ਵੀ ਮਾਇਆ ਨੂੰ ਤ੍ਰਿਗੁਣਾਤਮਕ ਦੱਸਦੇ ਹੋਏ ਲਿਖਦੇ ਹਨ ਕਿ ਪ੍ਰਭੂ ਨੇ ਆਪਣੇ ਨਿਰਗੁਣ ਸਰੂਪ ਤੋਂ ਆਪਣਾ ਸਰਗੁਣ ਸਰੂਪ ਪਰਗਟ ਕਰਕੇ ਫਿਰ ਤਿੰਨਾਂ ਗੁਣਾਂ ਵਾਲੀ ਮਾਇਆ ਰਚ ਦਿੱਤੀ।[434] ਸਾਰਾ ਸੰਸਾਰ ਇਨ੍ਹਾਂ ਤਿੰਨਾਂ ਗੁਣਾਂ ਵਿਚ ਬੀਨ੍ਹਿਆ ਹੋਇਆ ਹੈ। ਇਨ੍ਹਾਂ ਤਿੰਨਾਂ ਗੁਣਾਂ ਦੇ ਪ੍ਰਭਾਵ ਕਾਰਨ ਹੀ ਪੰਡਿਤ ਤੇ ਹੋਰ

ਸਿਆਣੇ ਧਾਰਮਿਕ ਪੁਸਤਕਾਂ ਪੜ੍ਹ ਪੜ੍ਹ ਕੇ ਵੀ ਉਸ ਆਤਮਕ ਅਵਸਥਾ ਦੀ ਸੂਝ ਪ੍ਰਾਪਤ ਨਹੀਂ ਕਰ ਸਕਦੇ ਜਿਹੜੀ ਮਾਇਆ ਦੇ ਤਿੰਨਾਂ ਗੁਣਾਂ ਦੇ ਪ੍ਰਭਾਵ ਤੋਂ ਉਤਾਂਹ ਟਿਕਾਈ ਰਖਦੀ ਹੈ।[435] ਅਸਲ ਵਿੱਚ ਪਰਮਾਤਮਾ ਤੋਂ ਖੁੰਝ ਕੇ ਜੀਵ ਤ੍ਰਿਗੁਣੀ ਮਾਇਆ ਦੇ ਮੋਹ ਵਿੱਚ ਹੀ ਗਲਤਾਨ ਰਹਿੰਦਾ ਹੈ। ਗੁਰੂ ਦੀ ਕ੍ਰਿਪਾ ਨਾਲ ਕੋਈ ਵਿਰਲਾ ਜੀਵ ਹੀ ਇਸ ਗੱਲ ਨੂੰ ਸਮਝ ਕੇ ਤਿੰਨਾਂ ਗੁਣਾਂ ਦੀ ਮਾਰ ਤੋਂ ਉਤਲੀ ਆਤਮਕ ਅਵਸਥਾ ਵਿਚ ਟਿਕ ਕੇ ਪਰਮਾਤਮਾ ਦੇ ਚਰਨਾਂ ਵਿਚ ਸੁਰਤੀ ਜੋੜ ਸਕਦਾ ਹੈ:-

ਮਾਇਆ ਮੋਹੁ ਜਗਤ ਸਬਾਇਆ।। ਤ੍ਰੈ ਗੁਣ ਦੀਸਹਿ ਮੋਹੇ ਮਾਇਆ।।
ਗੁਰ ਪਰਸਾਦੀ ਕੋ ਵਿਰਲਾ ਬੂਝੈ ਚਉਥੈ ਪਦਿ ਲਿਵ ਲਾਵਣਿਆ।।[436]

ਸ੍ਰੀ ਗੁਰੂ ਨਾਨਕ ਦੇਵ ਜੀ ਵੀ ਸਿੱਧਾਂ ਨਾਲ ਗੱਲਬਾਤ ਸਮੇਂ ਦੱਸਦੇ ਹਨ ਕਿ ਗੁਰੂ ਦੇ ਸ਼ਬਦ ਰਾਹੀਂ ਮਾਇਕ ਆਸ਼ਾਂ ਸਾੜ ਕੇ ਗੁਰੂ ਦੇ ਰੱਬੀ ਪ੍ਰਕਾਸ਼ ਦੀ ਬਰਕਤ ਨਾਲ ਮਾਇਆ ਦੇ ਤਿੰਨਾਂ ਗੁਣਾਂ ਤਮੋ, ਰਜੋ, ਸਤੋ ਦੇ ਅਸਰ ਤੋਂ ਬਚਿਆ ਜਾ ਸਕਦਾ ਹੈ। ਪਰ ਤਾਰਣਹਾਰ ਪ੍ਰਭੂ ਆਪ ਹੀ ਤਾਰਦਾ ਹੈ:-

ਮਨਸਾ ਆਸਾ ਸਬਦਿ ਜਲਾਈ।। ਗੁਰਮੁਖਿ ਜੋਤਿ ਨਿਰੰਤਰਿ ਪਾਈ।।
ਤ੍ਰੈਗੁਣ ਮੇਟੇ ਖਾਈਐ ਸਾਰੁ।। ਨਾਨਕ ਤਾਰੇ ਤਾਰਣਹਾਰੁ।।[437]

ਮਾਇਆ ਦੇ ਤਿੰਨਾਂ ਗੁਣਾਂ ਦੇ ਅਧੀਨ ਰਹਿ ਕੇ ਕਰਮ ਕਰਨ ਕਰਕੇ ਹੀ ਜੀਵ ਲਈ ਆਸਾਂ ਤੇ ਸਹਸਿਆਂ ਦਾ ਗੇੜ ਬਣਿਆ ਰਹਿੰਦਾ ਹੈ। ਗੁਰੂ ਦੀ ਸ਼ਰਨ ਪੈਣੇ ਹੀ ਇਸ ਗੇੜ ਤੋਂ ਬਚਿਆ ਜਾ ਸਕਦਾ ਹੈ ਅਤੇ ਆਤਮਕ ਆਨੰਦ ਪ੍ਰਾਪਤ ਹੋ ਸਕਦਾ ਹੈ:-

ਤ੍ਰਿਬਿਧ ਕਰਮ ਕਮਾਈਅਹਿ ਆਸ ਅੰਦੇਸਾ ਹੋਇ।।
ਕਿਉ ਗੁਰ ਬਿਨੁ ਤ੍ਰਿਕੁਟੀ ਛੁਟਸੀ ਸਹਜਿ ਮਿਲਿਐ ਸੁਖੁ ਹੋਇ।।[438]

ਕਿਹਾ ਜਾ ਸਕਦਾ ਹੈ ਕਿ ਸ੍ਰੀ ਗੁਰੂ ਰਵਿਦਾਸ ਜੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਾਇਆ ਦੀ ਪ੍ਰਬਲਤਾ ਨੂੰ ਸਵੀਕਾਰ ਕਰਦਿਆਂ ਹੋਇਆਂ ਇਸ ਨੂੰ ਪਰਮਾਤਮਾ ਦੀ ਖੇਡ ਆਖਿਆ ਹੈ। ਜੀਵ ਪਰਮਾਤਮਾ ਨੂੰ ਭੁੱਲ ਕੇ ਮਾਇਆ ਦੀ ਖਾਤਰ ਚਾਰੇ ਪਾਸੇ ਭਟਕਦਾ

ਹੈ ਅਤੇ ਕਾਮ,ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਵਿਸ਼ੇ ਵਿਕਾਰਾਂ ਦਾ ਸ਼ਿਕਾਰ ਹੋਣ ਕਰਕੇ ਪਰਮਾਤਮਾ ਤੋਂ ਦੂਰ ਹੋ ਜਾਂਦਾ ਹੈ। ਅਸੱਤ ਜਗਤ ਨੂੰ ਸੱਤ ਸਮਝ ਬੈਠਦਾ ਹੈ। ਮਾਇਆ ਦੇ ਰੰਗ ਵਿਚ ਰੰਗਿਆ ਝੂਠਾ ਸੰਸਾਰਕ ਵਣਜ ਕਰਦਾ ਹੈ। ਪਰ ਇਹ ਮਾਇਆ ਪ੍ਰਭੂ ਵਲੋਂ ਜੀਵ ਨੂੰ ਦਿੱਤਾ ਨਸ਼ੇ ਦਾ ਗੋਲਾ ਹੈ ਜਿਸ ਦੀ ਮਸਤੀ ਵਿਚ ਜੀਵ ਅਸਲੀਅਤ ਖੋਹ ਬੈਠਦਾ ਹੈ। ਦੋਵੇਂ ਹੀ ਗੁਰੂ ਸਾਹਿਬਾਨ ਨੇ ਮਾਇਆ ਨੂੰ ਗੀਤਾ ਵਾਂਗ ਅਵਿਦਿਆ ਤੇ ਆਵਰਣ ਸ਼ਕਤੀ ਵੀ ਕਿਹਾ ਹੈ। ਇਸੇ ਸ਼ਕਤੀ ਕਾਰਣ ਜੀਵ, ਜਗਤ ਅਤੇ ਬ੍ਰਹਮ ਦੀ ਅਸਲੀਅਤ ਮਨੁੱਖ ਦੀ ਬੁੱਧੀ ਤੋਂ ਓਹਲੇ ਰਹਿੰਦੀ ਹੈ। ਇਸ ਸ਼ਕਤੀ ਕਾਰਣ ਹੀ ਮਨੁੱਖ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਰਗੇ ਅਨੰਤ ਭਰਮਾਂ ਦੀ ਅਸਲੀਅਤ ਨੂੰ ਸਮਝਣ ਤੋਂ ਅਸਮਰਥ ਰਹਿੰਦਾ ਹੈ। ਵੇਦਾਂ ਵਾਂਗ ਗੁਰੂ ਸਾਹਿਬਾਨ ਨੇ ਮਾਇਆ ਨੂੰ ਬ੍ਰਹਮ ਦਾ ਪ੍ਰਪੰਚ, ਛਲ, ਕਪਟ ਤੇ ਧੋਖਾ ਆਖਿਆ ਹੈ। ਇਸ ਪ੍ਰਪੰਚ, ਛਲ, ਕਪਟ ਤੇ ਧੋਖੇ ਦਾ ਸ਼ਿਕਾਰ ਹੋ ਕੇ ਜਗਤ ਮਾਇਆ ਦੇ ਬੰਧਨ ਵਿਚ ਬੱਝ ਕੇ ਆਵਾਗਵਨ ਦੇ ਚੱਕਰ ਵਿਚ ਪੈ ਜਾਂਦਾ ਹੈ। ਜਗਤ ਸਰਪਣੀ ਦੇ ਡੰਗ ਵਾਂਗ ਇਸਦੇ ਡੰਗ ਤੋਂ ਨਹੀਂ ਬਚ ਸਕਦਾ। ਗੀਤਾ ਦੀ ਨਿਆਈਂ ਹੀ ਗੁਰੂ ਸਾਹਿਬਾਨ ਨੇ ਮਾਇਆ ਨੂੰ ਤ੍ਰਿਗੁਣਾਤਮਕ ਸ਼ਕਤੀ ਦੱਸਦਿਆਂ ਇਸ ਸ਼ਕਤੀ ਤੋਂ ਹੀ ਸ੍ਰਿਸ਼ਟੀ ਦੀ ਉਤਪਤੀ ਮੰਨੀ ਹੈ। ਇਹ ਤਿੰਨੇ ਗੁਣ ਹੀ ਮਨੁੱਖ ਵਿਚ ਹਉਮੈਂ ਦਾ ਕਾਰਣ ਬਣਦੇ ਹਨ। ਹਉਮੈਂ ਨਾਲ ਗ੍ਰਸਿਆ ਜੀਵ ਪ੍ਰਭੂ ਤੋਂ ਦੂਰ ਹੋ ਕੇ ਸੰਸਾਰਕ ਧੰਦ ਵਿਚ ਰੁੱਝ ਜਾਂਦਾ ਹੈ। ਇਸ ਤਰ੍ਹਾਂ ਦੋਵੇਂ ਹੀ ਗੁਰੂ ਸਾਹਿਬਾਨ ਨੇ ਸ਼ੁਧ-ਅਦਵੈਤੀ ਢੰਗ ਨਾਲ ਮਾਇਆ ਨੂੰ ਬ੍ਰਹਮ ਦੀ ਸ਼ਕਤੀ ਸਵੀਕਾਰ ਕੀਤਾ ਹੈ।

## ਮਾਇਆ ਦਾ ਪਰਿਵਾਰ

ਮਾਇਆ ਦੇ ਪਰਿਵਾਰ ਵਿੱਚ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਹਉਮੈ, ਦਵੇਸ਼, ਕਾਲ, ਦੁਬਿਧਾ,ਤ੍ਰਿਸ਼ਨਾ, ਦੁਰਮਤਿ ਆਦਿ ਅਤੇ ਉਸਦੇ ਹੋਰ ਬਹੁਤ ਸਾਰੇ ਸਾਥੀ ਆਉਂਦੇ ਹਨ। ਇਨ੍ਹਾਂ ਦੀ ਹੋਂਦ ਕਾਰਨ ਮਨੁੱਖੀ ਮਨ ਵਿੱਚ ਵਿਕਾਰ ਪੈਦਾ ਹੋਣ ਨਾਲ ਮਨੁੱਖ ਚੁਰਾਸੀ ਦੇ ਗੇੜ ਵਿਚ ਫਸ ਜਾਂਦਾ ਹੈ। ਇਨ੍ਹਾਂ ਵਿਕਾਰਾਂ ਕਾਰਨ ਹੋਰ ਬਹੁਤ ਸਾਰੇ ਵਿਕਾਰ ਪੈਦਾ ਹੋ ਜਾਂਦੇ ਹਨ।

ਸ੍ਰੀ ਗੁਰੂ ਰਵਿਦਾਸ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਾਇਆ ਦੇ ਇਸ ਪਰਿਵਾਰ ਦਾ ਵਰਣਨ ਆਪਣੀ-ਆਪਣੀ ਬਾਣੀ ਵਿਚ ਕੀਤਾ ਹੈ। ਗੁਰੂ ਰਵਿਦਾਸ ਜੀ ਨੇ ਪੰਜ-ਵਿਕਾਰਾਂ ਦਾ ਜ਼ਿਕਰ ਕਰਦਿਆਂ ਦੱਸਿਆ ਹੈ ਕਿ ਸ੍ਰਿਸ਼ਟੀ ਦੇ ਜੀਵਾਂ ਵਿਚੋਂ ਕੇਵਲ

ਮਨੁੱਖ ਹੀ ਇਨ੍ਹਾਂ ਪੰਜ ਅਸਾਧ ਰੋਗਾਂ ਨਾਲ ਪੀੜਤ ਹੁੰਦਾ ਹੈ।

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਸ਼ ਵਿਨਾਸ਼।
ਪੰਚ ਵਯਾਧਿ ਅਸਾਧਿ ਇਤਿ ਤਨ ਕਵਨ ਤਾਕੀ ਆਸ।।[439]

ਇਨ੍ਹਾਂ ਪੰਜਾਂ ਵਿਕਾਰਾਂ ਨੇ ਮਨੁੱਖ ਨੂੰ ਸੰਸਿਆਂ ਵਿੱਚ ਪਾਕੇ ਲੁੱਟ ਲਿਆ ਹੈ। ਜਿਸ ਕਰਕੇ ਜੀਵ ਆਪਣੇ ਅਸਲੇ ਤੋਂ ਟੁੱਟ ਜਾਂਦਾ ਹੈ। ਇਨ੍ਹਾਂ ਸੰਸਿਆਂ ਵਿਚ ਗ੍ਰਸਿਆ ਜੀਵ ਪਰਮਾਤਮਾ ਤੋਂ ਦੂਰ ਹੁੰਦਾ ਜਾਂਦਾ ਹੈ:–

1 ਦੇਵ ਸੰਸੈ ਗਾਂਠਿ ਨ ਛੂਟੈ।।
ਕਾਮ ਕ੍ਰੋਧ ਮਾਇਆ ਮਦ ਮਤਸਰ ਇਨੁ ਪੰਚਹੁ ਮਿਲਿ ਲੂਟੇ।।[440]
2 ਇਨੁ ਪੰਚਹੁ ਮੇਰੋ ਮਨੁ ਜੁ ਬਿਗਾਰਿਓ।
ਪਲੁ ਪਲੁ ਹਰਿ ਜੀਤੇ ਅੰਤਰਿ ਪਾਰਿਓ।।[441]

ਕਸਤੂਰੀ ਹਿਰਨ ਦੇ ਆਪਣੇ ਅੰਦਰ ਹੋਣ ਦੇ ਬਾਵਜੂਦ ਉਹ ਇਸਨੂੰ ਆਪੇ ਤੋਂ ਬਾਹਰ ਲੱਭਦਾ ਫਿਰਦਾ ਹੈ। ਇਸੇ ਤਰ੍ਹਾਂ ਜੀਵ ਵੀ ਇਨ੍ਹਾਂ ਪੰਜਾਂ ਵਿਕਾਰਾਂ ਦੀ ਮਾਰ ਵਿੱਚ ਆਕੇ ਪਰਮਾਤਮਾ ਰੂਪੀ ਕਸਤੂਰੀ ਨੂੰ ਬਾਹਰ ਭਾਲਦਾ ਫਿਰਦਾ ਹੈ:–

1. ਬਾਹਰ ਖੋਜਤ ਜਨਮ ਸਿਰਾਨੇ, ਮ੍ਰਿਗ ਤ੍ਰਿਸਨਾ ਰਹਯੋ ਉਰਝਾਯੋ।[442]
2 ਖੋਜਤ ਕਿਧੂੰ ਫਿਰੈਂ, ਤੇਰੇ ਘਟ ਮਹਿਂ ਸਿਰਜਨਹਾਰ।
ਕਿਸਤੂਰੀ ਮ੍ਰਿਗ ਪਾਸ ਹੈ ਰੇ, ਢੂੰਢਤ ਘਾਸ ਫਿਰੈ।।[443]

ਮਨੁੱਖ ਅਗਿਆਨੀ ਹੈ, ਪਰ ਇਹ ਅਗਿਆਨਤਾ ਅਵਿਦਿਆ ਕਾਰਨ ਹੈ। ਇਸ ਅਵਿਦਿਆ ਕਾਰਨ ਮਨੁੱਖ ਦੇ ਵਿਵੇਕ ਦਾ ਦੀਵਾ ਧੁੰਦਲਾ ਹੋ ਗਿਆ ਹੈ। ਇਸੇ ਅਵਿਦਿਆ ਕਾਰਨ ਮਨੁੱਖ ਕੁਕਰਮ ਕਰਦਾ ਹੈ ਅਤੇ ਪਾਗਲਾਂ ਵਾਂਗ ਇਧਰ-ਉਧਰ ਭਟਕਦਾ ਫਿਰਦਾ ਹੈ:

1. ਮਾਧੋ ਅਬਿਦਿਆ ਹਿਤ ਕੀਨ।। ਬਿਬੇਕ ਦੀਪ ਮਲੀਨ।।[444]
2. ਜਲ ਥਲ ਜੀਵ ਜੰਤ ਜਹਾਂ ਤਹਾਂ ਲੈ ਕਰਮ ਪਾ ਸਜਾਇਉ।।[445]
3. ਜਾਨਿ ਅਜਾਨ ਭਏ ਹਮ ਬਾਵਰ, ਸੋਚ ਅਸੋਚ ਦਿਵਸ ਜਾਹੀ।।[446]

ਮਾਇਆ ਦੇ ਪਰਿਵਾਰ ਵਿਚੋਂ ਜੀਵ ਦਾ ਸਭ ਦਾ ਵੱਡਾ ਦੁਸ਼ਮਨ 'ਹਉਮੈਂ' ਹੈ। ਜੋ ਮਨੁੱਖ ਨੂੰ ਵਾਸਤਵਿਕਤਾ ਤੋਂ ਕੋਹਾਂ ਦੂਰ ਲਿਜਾਂਦੀ ਹੈ। ਹਉਮੈਂ ਵਿਚ ਬਾਵਰਾ ਹੋਇਆ ਅਗਿਆਨੀ

ਮਨੁੱਖ ਵੀ ਆਪਣੇ ਆਪ ਨੂੰ ਵਿਦਵਾਨ ਤੇ ਬੁੱਧੀਮਾਨ, ਬਹਾਦਰ ਤੇ ਮਹਾਂਪੁਰਖ ਸਮਝਦਾ ਹੈ। ਹਉਮੈ ਮਨੁੱਖ ਨੂੰ ਇਵੇਂ ਨਸ਼ਟ ਕਰ ਦਿੰਦੀ ਹੈ ਜਿਵੇਂ ਤੋਤਾ ਬੇਰਾਂ ਨੂੰ ਟੁੱਕ-ਟੁੱਕ ਕੇ ਧਰਤੀ ਤੇ ਸੁੱਟ ਦਿੰਦਾ ਹੈ। ਗੁਰੂ ਰਵਿਦਾਸ ਜੀ ਅਜਿਹੇ ਮਨੁੱਖਾਂ ਨੂੰ ਸੰਤ ਨਹੀਂ ਮੰਨਦੇ:-

1. ਅਤਿ ਅਹੰਕਾਰ ਉਰ ਮਹਿ ਸਤ ਰਜ, ਤਾ ਮੈ ਰਹਯੋ ਉਰਝਾਇ।

   - - - - - - - - - - - - - - - - - - - - - -

   ਹਮ ਮਾਨੋ ਗੁਨੀ ਜੋਗ ਸੁਨਿ ਜੁਗਤਾ, ਹਮ ਮਹਾਪੁਰਖ ਰੇ ਭਾਈ।
   ਹਮ ਮਾਨੋ ਸੂਰ ਸਕਲ ਬਿਧ ਤਯਾਗੀ, ਮੈਂ ਮਮਿਤਾ ਨਹੀਂ ਮਿਟਾਇ।।[447]
2. ਹਮ ਬੜ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ।
   ਗਯਾਨੀ ਗੁਨੀ ਸੂਰ ਹਮ ਦਾਤੇ, ਇਹ ਬੁਧਿ ਕਬਹੁ ਨ ਨਾਸੀ।।[448]
3. ਕਹੈ ਰਵਿਦਾਸ ਹਉਮੈ ਜਗ ਖਾਯਾ, ਜਯੋਂ ਨਲਿਨੀ ਭੂ ਸੂਵਾ।[449]
4. ਜਿਹ ਮਨ ਮਾਨੁ ਹਉਮੈ ਬਸਹਿ, ਤਿਹ ਜਨ ਸੰਤ ਕਹੋ ਕਿਮ ਮਾਨੈ।।[450]

ਵਿਸ਼ੇ ਵਿਕਾਰਾਂ ਨਾਲ ਗ੍ਰਸਤ ਮਨੁੱਖ ਦੁੱਖ ਸਹਿਨ ਕਰਦਾ ਹੈ। ਇਸ ਮਾਇਆ ਦਾ ਜਾਲ ਧਨ, ਸੰਪਤੀ, ਜਾਇਦਾਦ, ਪਤਨੀ ,ਪੁੱਤਰ, ਧੀਆਂ ਆਦਿ ਦਾ ਮੋਹ ਹੈ। ਜੋ ਮਾਇਆ ਦਾ ਮੋਹ ਰੂਪ ਵਿਚ ਇਕ ਪੜਦਾ ਹੈ। ਜਿਸ ਕਾਰਨ ਦੂਜਾ ਪਰਦਾ ਬਿਪਤਾ ਪੈਦਾ ਹੁੰਦੀ ਹੈ। ਜੀਵ ਇਸ ਮਾਇਆ ਦੇ ਹੱਥਾਂ ਵਿਚ ਵਿਕਿਆ ਹੋਇਆ ਹੈ। ਮਾਇਆ ਰੂਪੀ ਦੀਪਕ ਨੂੰ ਵੇਖਕੇ ਮਨੁੱਖ ਪਤੰਗੇ ਦੀ ਤਰ੍ਹਾਂ ਰੁੰਧਿਆ ਜਾਂਦਾ ਹੈ:-

1. ਨਾਥ ਕਛੂਅ ਨ ਜਾਨਉ। ਮਨ ਮਾਇਆ ਕੈ ਹਾਥਿ ਬਿਕਾਨਉ।[451]
2. ਮਾਇਆ ਦੀਪਕ ਪੇਖਿ ਕਰ ਨਰ ਪਤੰਗ ਅੰਧਿਆਇ।[452]
3. ਪੁਤਰ ਕਲਤ੍ਰ ਕਾ ਕਰਹਿ ਅਹੰਕਾਰ, ਠਾਕੁਰ ਲੇਖਾ ਮਾਗਨਹਾਰ।
   ਫੇੜੇ ਕਾ ਦੁਖ ਸਹੇ ਜੀਉ। ਪਾਛੇ ਕਿਸਹਿ ਪੁਕਾਰਹਿ ਪੀਊ ਪੀਉ।।[453]
4. ਪੰਚ ਸੰਗੀ ਮਿਲਿ ਪੀੜਿਉ ਪ੍ਰਾਣੀਆ, ਜਾਇ ਨ ਸਕੋਂ ਬੇ ਰਾਗ ਭਾਗਾ।
   ਪੁਤ੍ਰ ਬਰਗ ਕੁਲਾ, ਬੰਧ ਤੇ ਭਾਰਜਾਯਾ, ਭਖੈ ਦਸੋ ਦਿਸਾ ਸਿਰਿ ਕਾਲ ਲਾਗੀ।[454]

ਮਾਇਆ ਦੇ ਪਰਿਵਾਰ ਵਿਚੋਂ 'ਕਾਮ' ਜੀਵ ਦਾ ਇੱਕ ਹੋਰ ਦੁਸ਼ਮਣ ਹੈ। ਕਾਮ ਵਸ ਪਿਆ ਮਨੁੱਖ ਕੁੱਲ ਕਾਨ ਵੀ ਛੱਡ ਕੇ ਇਸ ਹੱਥ ਵਿਕ ਜਾਂਦਾ ਹੈ। ਅਜਿਹੇ ਕਪਟ ਨਾਲ

ਪਰਮਾਤਮਾ ਖੁਸ਼ ਨਹੀਂ ਹੁੰਦਾ।[455] ਕਲੇਸ਼ ਵੀ ਸੱਚ ਦੇ ਪਾਉਣ ਵਿੱਚ ਇੱਕ ਵੱਡੀ ਰੁਕਾਵਟ ਹੈ।[456] ਪਰਾਈ ਨਿੰਦਾ ਸਾਰੀ ਸੇਵਾ ਵਿਅਰਥ ਗਵਾ ਦਿੰਦੀ ਹੈ।[457] ਆਸ, ਲੋਭ, ਭ੍ਰਮ, ਅਨੰਦ ਰੱਖਣ ਨਾਲ ਮਨੁੱਖ ਦੇ ਹਥ ਕੁਝ ਨਹੀਂ ਆਉਂਦਾ। ਸਗੋਂ ਇਹ ਤਾਂ ਪ੍ਰਤੀ ਦਿਨ ਮਨੁੱਖ ਦਾ ਪ੍ਰਭੂ ਨਾਲੋਂ ਨਾਤਾ ਤੋੜ ਕੇ ਦੂਰ ਲਿਜਾਂਦੀਆਂ ਹਨ।[458] ਚੰਚਲ ਮਨ ਚਾਰੇ ਦਿਸ਼ਾਵਾਂ ਵਲ ਭੱਜਦਾ ਹੈ। ਜੀਭ ਤੇ ਇੰਦ੍ਰੀ ਵੀ ਸਥਿਰ ਨਹੀਂ ਰਹਿੰਦੀਆਂ।[459]

ਇਸ ਤਰ੍ਹਾਂ ਮਾਇਆ ਮਨੁੱਖੀ ਜੀਵਨ ਨੂੰ ਨਸ਼ਟ ਕਰ ਦਿੰਦੀ ਹੈ। ਜੀਉਂਦੇ ਜੀਅ ਮਿੱਟੀ ਦਾ ਇਹ ਪੁਤਲਾ ਦੌੜਦਾ ਫਿਰਦਾ ਤੇ ਮਾਇਆ ਵਸ ਹੰਕਾਰ ਕਰਦਾ ਹੈ ਪਰ ਮਾਇਆ ਦੇ ਖੁਸ ਜਾਣ ਤੇ ਰੋਣ ਲੱਗਦਾ ਹੈ। ਪਰ ਮਨੁੱਖ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਰਾਮ ਨਾਮ ਨਾਲ ਜੀਵਨ ਸੰਵਾਰੇ। ਮਾਇਆ ਦੇ ਭ੍ਰਮ ਵਸ ਨਾ ਰਹੇ:–

1. ਮਾਟੀ ਕੋ ਪੁਤਰਾ ਕੈਸੇ ਨਚਤੁ ਹੈ। ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ।[460]
   ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ। ਮਾਇਆ ਗਈ ਤਬੁ ਰੋਵਨ ਲਗਤੁ ਹੈ।

2. ਰੇ ਮਨ ਰਾਮ ਨਾਮ ਸੰਭਾਰਿ। ਮਾਯਾ ਕੈ ਭ੍ਰਮਿ ਕਹਾਂ ਭੂਲਯੋ, ਜਾਹਿਗੋ ਕਰ ਝਾਰਿ।।[461]

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਆਪਣੀ ਬਾਣੀ ਵਿਚ ਮਾਇਆ ਦੇ ਇਸ ਪਰਿਵਾਰ ਦਾ ਚਿਤਰਣ ਬੜੇ ਸੁਚੱਜੇ ਢੰਗ ਨਾਲ ਕੀਤਾ ਹੈ। ਮਾਇਆ ਦੇ ਇਸ ਪਰਿਵਾਰ ਵਿਚੋਂ ਕਾਮ, ਕ੍ਰੋਧ ਅਤੇ ਅਹੰਕਾਰ ਦਾ ਜ਼ਿਕਰ ਕਰਦਿਆਂ ਗੁਰੂ ਜੀ ਲਿਖਦੇ ਹਨ ਕਿ ਮਨੁੱਖਾ ਸਰੀਰ ਇਨ੍ਹਾਂ ਨਾਲ ਭਰਿਆ ਪਿਆ ਹੈ। ਗੁਰੂ ਦੀ ਕ੍ਰਿਪਾ ਨਾਲ ਕਾਮਾਦਿਕਾਂ ਦਾ ਜੋੜ ਤੋੜਿਆ ਜਾ ਸਕਦਾ ਹੈ। ਪਰਮਾਤਮਾ ਨਾਲੋਂ ਟੁੱਟੇ ਹੋਏ ਜੀਵਨ ਨੂੰ ਅਹੰਕਾਰ ਦਾ ਕੰਡਾ ਦੁਖੀ ਕਰਦਾ ਰਹਿੰਦਾ ਹੈ ਅਤੇ ਉਹ ਆਤਮਕ ਮੌਤ ਰੂਪੀ ਕੰਡਾ ਸਹਾਰਦੇ ਹਨ।[462] ਖਾਣ ਦਾ ਲਾਲਚ, ਝੂਠ, ਠੱਗੀ, ਪਰਾਈ ਨਿੰਦਾ, ਕ੍ਰੋਧ ਆਦਿ ਜੀਵ ਦੇ ਨਿੱਤ ਦੇ ਕਰਮ ਬਣ ਚੁੱਕੇ ਹਨ। ਸੋਨਾ ਚਾਂਦੀ ਇਕੱਠਾ ਕਰਨ ਦਾ ਚਸਕਾ, ਇਸਤ੍ਰੀ ਦਾ ਚਸਕਾ, ਸੁਗੰਧੀਆਂ ਦੀ ਲਗਨ, ਘੋੜਿਆਂ ਦੀ ਸਵਾਰੀ ਦਾ ਸ਼ੌਕ, ਸੋਹਣੀਆਂ ਸੋਹਣੀਆਂ ਸੇਜਾਂ, ਮਹਲ-ਮਾੜੀਆਂ ਦੀ ਲਾਲਸਾ, ਮਿੱਠੇ ਪਦਾਰਥ ਆਦਿ ਮਨੁੱਖਾ ਸਰੀਰ ਨੂੰ ਲੱਗੇ ਚਸਕੇ ਪਰਮਾਤਮਾ ਦਾ ਨਾਮ ਹਿਰਦੇ ਵਿਚ ਟਿਕਣ

ਨਹੀਂ ਦਿੰਦੇ।[463] ਇਕੱਲੇ ਜੀਵਾਤਮਾ ਨੂੰ ਪੰਜ ਵਿਕਾਰ ਚੰਮੜੇ ਹੋਏ ਹਨ। ਇਨ੍ਹਾਂ ਵਿਕਾਰਾਂ ਤੋਂ ਜੀਵ ਦੇ ਭਲੇ ਗੁਣ ਮੁਸ਼ਕਲ ਨਾਲ ਬਚਦੇ ਹਨ। ਇਨ੍ਹਾਂ ਦੀ ਮਾਰਪੁਕਾਰ ਤੋਂ ਬਚਣ ਲਈ ਵੀ ਜੀਵ ਨੂੰ ਥਾਂ ਨਹੀਂ ਮਿਲਦਾ:-

> ਅਵਰਿ ਪੰਚ ਹਮ ਏਕ ਜਨਾ ਕਿਉ ਰਾਖਉ ਘਰ ਬਾਰੁ ਮਨਾ।।
> ਮਾਰਹਿ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ।।[464]

ਇਹ ਜਗਤ ਇਕ ਖੇਡ ਹੈ। ਜੀਵ ਇਸ ਜਗਤ ਵਿਚ ਰਹਿ ਕੇ ਲੋਭ ਤੇ ਕੂੜ ਕਮਾ ਰਿਹਾ ਹੈ ਜਿਸ ਕਰਕੇ ਸੁਆਹ ਵਾਂਗ ਰੁਲ ਰਿਹਾ ਹੈ। ਪਰਾਈ ਨਿੰਦਾ, ਝੂਠੀ ਚੁਗਲੀ, ਚੋਰੀ ਤੇ ਪਰਾਈ ਇਸਤ੍ਰੀ ਤੇ ਨਿਗਾਹ ਰੱਖਦਾ ਹੈ। ਇਸੇ ਕਰਕੇ ਕੀਮਤੀ ਮਨੁੱਖਾ ਜਨਮ ਜਾਇਆ ਕਰ ਲਿਆ ਹੈ।[465]

ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਵੀ ਲਿਖਦੇ ਹਨ ਕਿ ਮਨੁੱਖ ਕਾਮ, ਕ੍ਰੋਧ ਅਤੇ ਮੋਹ ਦੇ ਕਾਬੂ ਵਿਚ ਰਹਿੰਦਾ ਹੈ ਤੇ ਪਰਮਾਤਮਾ ਦੀ ਹਸਤੀ ਨੂੰ ਭੁਲਾਈ ਰੱਖਦਾ ਹੈ।[466]

ਮਨੁੱਖ ਕਿਉਂ ਕਿ ਸਾਰੇ ਵਿਕਾਰਾਂ ਦਾ ਹਾਰ ਪ੍ਰੋ ਕੇ ਆਪਣੇ ਗਲ ਵਿੱਚ ਪਾਈ ਫਿਰਦਾ ਹੈ ਇਸ ਲਈ ਸੁਖਾਂ ਦੀ ਮੰਗ ਕਰਦਿਆਂ ਵੀ ਦੁੱਖ ਹੀ ਵਧਦੇ ਹਨ। ਨਾਸ਼ਵੰਤ ਪਦਾਰਥਾਂ ਦੇ ਮੋਹ ਵਿੱਚ ਫਸੇ ਜੀਵ ਨੂੰ ਪਰਮਾਤਮਾ ਦੇ ਨਾਮ ਤੋਂ ਬਿਨ੍ਹਾਂ ਇਨ੍ਹਾਂ ਦੁੱਖਾਂ ਤੇ ਵਿਕਾਰਾਂ ਤੋਂ ਖਲਾਸੀ ਹਾਸਲ ਨਹੀਂ ਹੁੰਦੀ:-

> ਸੁਖੁ ਮਾਂਗਤ ਦੁਖੁ ਆਗਲ ਹੋਇ।। ਸਗਲ ਵਿਕਾਰੀ ਹਾਰੁ ਪਰੋਇ।।
> ਏਕ ਬਿਨਾ ਝੂਠੇ ਮੁਕਤਿ ਨ ਹੋਇ।। ਕਰਿ ਕਰਿ ਕਰਤਾ ਦੇਖੈ ਸੋਇ।।[467]

ਗੁਰੂ ਜੀ ਅਨੁਸਾਰ ਪਰਿਵਾਰ ਅਤੇ ਸਾਰਾ ਸੰਸਾਰਕ ਕਾਰਜ ਮੋਹ ਹੈ। ਸਾਰਾ ਸੰਸਾਰ ਹੀ ਮੋਹ ਵਿਚ ਡੁੱਬਿਆ ਹੋਇਆ ਹੈ ਜਿਸ ਕਰਕੇ ਮਨੁੱਖ ਜੂਨਾਂ ਵਿੱਚ ਪੈਂਦਾ ਹੈ ਜਮਾਂ ਦੀ ਮਾਰ ਖਾਂਦਾ ਹੈ।[468] ਜਿੰਨਾ ਵੀ ਮਾਇਆ ਦਾ ਮੋਹ ਹੈ, ਦੁਨੀਆਂ ਦੀ ਪ੍ਰੀਤ ਹੈ, ਰਸਾਂ ਦੇ ਸੁਆਦ ਹਨ ਇਹ ਸਾਰੇ ਮਨ ਵਿੱਚ ਵਿਕਾਰਾਂ ਦੀ ਕਾਲਖ ਹੀ ਪੈਦਾ ਕਰਦੇ ਹਨ। ਵਿਕਾਰਾਂ ਦੁਆਰਾ ਦਾਗੀ ਮਨੁੱਖ ਨੂੰ ਪਰਮਾਤਮਾ ਦੀ ਹਜ਼ੂਰੀ ਵਿਚ ਬੈਠਣ ਲਈ ਥਾਂ ਵੀ ਨਹੀਂ ਮਿਲਦੀ:-

ਜੇਤਾ ਮੋਹੁ ਪਰੀਤਿ ਸੁਆਦ।। ਸਭਾ ਕਾਲਖ ਦਾਗਾ ਦਾਗ।।
ਦਾਗ ਦੋਸ ਮੁਹਿ ਚਲਿਆ ਲਾਇ।। ਦਰਗਹ ਬੈਸਣ ਨਾਹੀ ਜਾਇ।।[469]

ਕਾਮ, ਕ੍ਰੋਧ ਮਨੁੱਖਾ ਸਰੀਰ ਨੂੰ ਇਵੇਂ ਨਿਰਬਲ ਕਰ ਦਿੰਦਾ ਹੈ ਜਿਵੇਂ ਸੋਹਾਗਾ ਸੋਨੇ ਨੂੰ ਨਰਮ ਕਰ ਦਿੰਦਾ ਹੈ। ਕਾਮ, ਕ੍ਰੋਧ ਨਾਲ ਨਿਰਬਲ ਹੋਇਆ ਜੀਵ ਪ੍ਰਭੂ ਦੀ ਮਿਹਰ ਨਾਲ ਗੁਰੂ ਦੀ ਸਿੱਖਿਆ ਤੇ ਚੱਲ ਕੇ ਪਰਮਾਤਮਾ ਦੀ ਨਜ਼ਰ ਵਿਚ ਕਬੂਲਿਆ ਜਾਂਦਾ ਹੈ। ਨਹੀਂ ਤਾਂ ਹਉਮੈ ਰੂਪੀ ਮੌਤ ਇਸਦੇ ਆਤਮਕ ਜੀਵਨ ਦਾ ਸੱਤਿਆਨਾਸ ਕਰ ਦਿੰਦੀ ਹੈ।[470] ਪਾਪ ਬਾਰੇ ਗੁਰੂ ਜੀ ਦਾ ਵਿਚਾਰ ਹੈ ਕਿ ਇਹ ਪਾਪੀ ਨੂੰ ਪਿਆਰਾ ਲੱਗਦਾ ਹੈ। ਪਾਪ ਨੂੰ ਛੱਡ ਕੇ ਅਸਲੇ ਦੀ ਪਛਾਣ ਕਰਨ ਨਾਲ ਚਿੰਤਾ, ਵਿਛੋੜਾ ਤੇ ਦੁੱਖ ਨਹੀਂ ਵਿਆਪਦੇ। ਪਰ ਇਸ ਪਾਪ ਕਾਰਨ ਜੀਵ ਦਾ ਜੰਮਣਾ-ਮਰਨਾ ਮੁੱਕਦਾ ਨਹੀਂ ਤੇ ਕਾਲੀਆਂ ਕਰਤੂਤਾਂ ਵਾਲਾ ਜੀਵ ਮੁੜ-ਮੁੜ ਫਾਹੀ ਵਿਚ ਫਸਦਾ ਹੈ।[471] ਜੋ ਮਨੁੱਖ ਗੁਰੂ ਸ਼ਬਦ ਰਾਹੀਂ ਆਪਣੀ ਹਉਮੈ ਅਤੇ ਮਮਤਾ ਨੂੰ ਦੂਰ ਕਰ ਲੈਂਦਾ ਹੈ, ਕਾਮ, ਕ੍ਰੋਧ ਅਤੇ ਅਹੰਕਾਰ ਨੂੰ ਮਿਟਾ ਲੈਂਦਾ ਹੈ। ਉਸ ਨੂੰ ਸੋਹਣੀ ਸੂਝ ਦੀ ਪ੍ਰਾਪਤੀ ਹੋ ਜਾਂਦੀ ਹੈ:-

ਅੰਤਰਿ ਸਬਦੁ ਨਿਰੰਤਰਿ ਮੁਦ੍ਰਾ, ਹਉਮੈ ਮਮਤਾ ਦੂਰਿ ਕਰੀ।
ਕਾਮ ਕ੍ਰੋਧ ਅਹੰਕਾਰ ਨਿਵਾਰੈ, ਗੁਰ ਕੈ ਸਬਦਿ ਸੁ ਸਮਝ ਪਰੀ।।[472]

ਮਾਇਆ ਦੇ ਪਰਿਵਾਰ ਵਿਚੋਂ 'ਦੁਰਮਤਿ' ਜੀਵ ਨੂੰ ਸੱਪਣੀ ਵਾਂਗ ਖਾਈ ਜਾ ਰਹੀ ਹੈ। ਮਨ ਦੀਆਂ ਆਸਾਂ ਜੀਵ ਨੂੰ ਦੁਖੀ ਕਰਦੀਆਂ ਹਨ। ਗੁਰੂ ਦੀ ਕ੍ਰਿਪਾ ਨਾਲ ਮਾਇਆ ਦੇ ਝਲਕਿਆਂ(ਤਮੋ,ਰਜੋ ਅਤੇ ਸਤੋ) ਅਤੇ ਆਸਾਂ ਤੋਂ ਬਚਿਆ ਜਾ ਸਕਦਾ ਹੈ।[473] ਕਿਉਂ ਕਿ ਜਿਥੇ ਆਸ਼ਾ ਮੌਜੂਦ ਹੈ, ਉਥੇ ਮਨੁੱਖ ਨਸ਼ਟ ਅਤੇ ਖੁਆਰ ਹੁੰਦਾ ਹੈ।[474] ਜਦ ਤੱਕ ਜੀਵ ਦੇ ਮਨ ਵਿੱਚ ਮਾਇਆ ਦੀਆਂ ਆਸਾਂ ਹਨ ਤਦ ਤੱਕ ਸਹਿਮ ਤੇ ਫਿਕਰ ਬਣਿਆ ਰਹਿੰਦਾ ਹੈ। ਜਦੋਂ ਮਨੁੱਖ ਆਸਾਂ ਵਿਚ ਰਹਿੰਦਾ ਹੋਇਆ ਆਸਾਂ ਤੋਂ ਨਿਰਲੇਪ ਹੋ ਜਾਂਦਾ ਹੈ ਤਾਂ ਪਰਮਾਤਮਾ ਨਾਲ ਮੇਲ ਹੋ ਜਾਂਦਾ ਹੈ:-

ਜਬ ਆਸਾ ਅੰਦੇਸਾ ਤਬ ਹੀ ਕਿਉ ਕਰਿ ਏਕੁ ਕਰੈ।।
ਆਸਾ ਭੀਤਰਿ ਰਹੈ ਨਿਰਾਸਾ ਤਉ ਨਾਨਕ ਏਕੁ ਮਿਲੈ।।[475]

ਮਾਇਆ ਦੇ ਪਰਿਵਾਰ ਦੇ ਪੰਜ ਕਾਮਾਦਿਕ ਚੋਰ ਜੀਵ ਦੇ ਮਨ ਨੂੰ ਮੋਹ ਰੱਖਦੇ ਹਨ।

ਅਜਿਹੇ ਜੀਵ ਵਿਕਾਰਾਂ ਵਿਚ ਫਸੇ ਆਪਣੇ ਹਿਰਦੇ ਘਰ ਨੂੰ ਨਹੀਂ ਖੋਜਦੇ ਜਿਸ ਕਰਕੇ ਉਨ੍ਹਾਂ ਦਾ ਸਰੀਰ ਰੂਪੀ ਮੰਦਿਰ ਢਹਿ ਢੇਰੀ ਹੋ ਜਾਂਦਾ ਹੈ। ਗੁਰੂ ਦੇ ਸ਼ਬਦ ਤੋਂ ਵਾਂਝੇ ਰਹਿਣ ਕਰਕੇ ਉਨ੍ਹਾਂ ਦੀ ਇੱਜਤ ਖੋਹੀ ਜਾਂਦੀ ਹੈ।[476] ਇਨ੍ਹਾਂ ਨੂੰ ਧਾਰਨ ਕਰਨਾ ਮੈਲੀ ਚੋਲੀ ਦੇ ਸਮਾਨ ਹੈ। ਇਹ ਸਾਰੇ ਮਾਇਕ ਫੁਰਨੇ ਹਨ। ਗੁਰੂ ਦੀ ਸ਼ਰਨ ਪੈਣੇ ਹੀ ਕਾਮ, ਕ੍ਰੋਧ, ਅਹੰਕਾਰ ਆਦਿ ਪੰਜ ਚੋਰਾਂ ਨੂੰ ਮਾਰਿਆ ਜਾ ਸਕਦਾ ਹੈ ਤੇ ਮਾਇਕ ਫੁਰਨਿਆਂ ਨੂੰ ਦਬਾਇਆ ਜਾ ਸਕਦਾ ਹੈ:-

ਦੂਜੀ ਦੁਰਮਤਿ ਅੰਨੀ ਬੋਲੀ॥ ਕਾਮ ਕ੍ਰੋਧ ਕੀ ਕਚੀ ਚੋਲੀ॥

- - - - - - - - - - - - - - - - - - - - - - - - -॥

ਕਾਮ ਕ੍ਰੋਧ ਅਹੰਕਾਰ ਨਿਵਾਰੇ॥ ਤਸਕਰ ਪੰਚ ਸਬਦਿ ਸੰਘਾਰੇ॥[477]

ਮਾਇਆ ਦੇ ਪਰਿਵਾਰ ਦੇ ਇਹ ਨਾਮਾਤਰ ਨਰ ਜੀਵ ਦੀ ਆਤਮਕ ਬਗੀਚੀ ਨੂੰ ਇਵੇਂ ਨੋਚ ਲੈਂਦੇ ਹਨ ਜਿਵੇਂ ਕੋਈ ਫੁਲਵਾੜੀ ਉਜਾੜ ਵਿਚ ਉੱਜੜ ਜਾਂਦੀ ਹੈ।[478] ਉਸ ਜੀਵ ਨੂੰ ਆਤਮਕ ਮੌਤ ਪਹੁੰਚਾ-ਪਹੁੰਚਾ ਕੇ ਮਾਰਦੀ ਹੈ। ਹਉਮੈ ਉਸ ਨੂੰ ਖੁਆਰ ਕਰਦੀ ਹੈ। ਪਰਾਈ ਈਰਖਾ ਤੇ ਪਰਾਈ ਨਿੰਦਿਆ ਕਾਰਨ ਉਸ ਨੂੰ ਆਤਮਕ ਸਾਂਤੀ ਨਹੀਂ ਮਿਲਦੀ। ਇਸੇ ਕਰਕੇ ਗੁਰੂ ਜੀ ਨੇ ਇਨ੍ਹਾਂ ਵਿਕਾਰਾਂ ਤੋਂ ਬਚਣ ਅਤੇ ਸੰਸਾਰ-ਸਮੁੰਦਰ ਤੋਂ ਪਾਰ ਲੰਘਣ ਲਈ ਗੁਰੂ ਦੀ ਸ਼ਰਨ ਵਿਚ ਪੈਣ ਲਈ ਪ੍ਰੇਰਨਾ ਕੀਤੀ ਹੈ। ਨਹੀਂ ਤਾਂ ਨਿੰਦਾ, ਤਾਤਿ ਪਰਾਈ, ਕਾਮ, ਕ੍ਰੋਧ, ਬੁਰਿਆਈ ਵਾਲੇ ਜੀਵਨ ਵਿਚ ਪੈਣ ਨਾਲ ਇਨ੍ਹਾਂ ਦੇ ਅੰਗ ਸੰਗੀਆਂ ਨਾਟਾਂ ਮਨੁੱਖ ਦੇ ਆਤਮਕ ਜੀਵਨ ਨੂੰ ਮਾਰ ਮੁਕਾਂਦੀਆਂ ਹਨ। ਜਿਥੇ ਉਸ ਦਾ ਕੋਈ ਸਾਥੀ ਨਹੀਂ ਬਣਦਾ ਤੇ ਫਿਰ ਜੀਵ ਦੁਖੀ ਹੁੰਦੇ ਹਨ:--

ਛੋਡਹੁ ਪ੍ਰਾਣੀ ਕੂੜ ਕਬਾੜਾ॥ ਕੂੜੁ ਮਾਰੇ ਕਾਲੁ ਉਛਾਹਾੜਾ॥
ਸਾਕਤ ਕੂੜਿ ਪਚਹਿ ਮਨਿ ਹਉਮੈ ਦੁਹੁ ਮਾਰਗਿ ਪਚੈ ਪਚਾਈਹੇ॥
ਛੋਡਿਹੁ ਨਿੰਦਾ ਤਾਤਿ ਪਰਾਈ॥ ਪੜਿ ਪੜਿ ਦਝਹਿ ਸਾਤਿ ਨ ਆਈ॥
- - - - - - - - - - - - - - - - - - - - - - - - - - -॥
ਛੋਡਹੁ ਕਾਮ ਕ੍ਰੋਧ ਬੁਰਿਆਈ॥ ਹਉਮੈ ਧੰਧੁ ਛੋਡਹੁ ਲੰਪਟਾਈ॥
ਸਤਿਗੁਰ ਸਰਣਿ ਪਰਹੁ ਤਾ ਉਬਰਹੁ ਇਉ ਤਰੀਐ ~~ਤਰੀਐ~~ ਭਵਜਲੁ ਭਾਈ ਹੈ।[479]

ਸੋ ਗੁਰੂ ਨਾਨਕ ਦੇਵ ਜੀ ਪਰਮਾਤਮਾ ਨੂੰ ਆਪਣੇ ਅੰਦਰੋਂ ਲੱਭਣ ਲਈ ਕਾਮ, ਕ੍ਰੋਧ, ਪਰਾਈ ਨਿੰਦਿਆ ਦੂਰ ਕਰਨ, ਲਬ ਅਤੇ ਲੋਭ ਤਿਆਗ ਕੇ ਨਿਮ੍ਰਚਿੱਤ ਹੋ ਅਤੇ ਦੁਨਿਆਵੀ ਭਟਕਣਾ

ਦੀਆਂ ਜੰਜੀਰਾਂ ਨੂੰ ਤੋੜ ਕੇ ਨਿਰਲੇਪ ਰਹਿਣ ਦੀ ਪ੍ਰੇਰਨਾ ਕਰਦੇ ਹਨ:-

ਕਾਮ ਕ੍ਰੋਧ ਪਰਹਰੁ ਪਰ ਨਿੰਦਾ।। ਲਬੁ ਲੋਭੁ ਤਜਿ ਹੋਹੁ ਨਿਚਿੰਦਾ।।
ਭ੍ਰਮ ਕਾ ਸੰਗਲੁ ਤੋੜਿ ਨਿਰਾਲਾ ਹਰਿ ਅੰਤਰਿ ਹਰਿ ਰਸੁ ਪਾਇਆ।।[480]

ਮਾਇਆ ਦੇ ਪਰਿਵਾਰ ਵਿਚੋਂ ਮਨਮਤਿ ਹੋਛੀ ਹੈ ਅਤੇ ਹੋਛੇ ਵਚਨ ਬੋਲਣ ਵਾਲੀ ਹੈ।[481] ਕਾਮ ਕ੍ਰੋਧ ਪ੍ਰਬਲ ਹੋਣ ਤੇ ਝੂਠ ਬੋਲਣ ਦੇ ਭੈੜ ਕਾਰਨ ਜੀਵ ਪਾਪ ਤੇ ਲੋਭ ਦੀ ਰਾਸਿ ਪੂੰਜੀ ਇਕੱਠੀ ਕਰਦਾ ਹੈ।[482]

ਭੈੜੀ ਮੱਤ ਵਿਚ ਬੈਠਣ ਕਰਕੇ ਸੱਪਣੀ ਮਾਇਆ ਇਸ ਨੂੰ ਖਾਈ ਜਾ ਰਹੀ ਹੈ ਤੇ ਜੀਵ ਦਾ ਸੰਸਾਰਕ ਰਸਤਿਆਂ ਵਿਚੋਂ ਨਿਕਲਣ ਲਈ ਜੀਅ ਨਹੀਂ ਕਰਦਾ।[483] ਕੁਬੁਧਿ ਨਾਲ ਗਜ਼ੇ ਪਾਣੀ ਨੂੰ ਕਿਸੇ ਥਾਂ ਵੀ ਢੋਈ ਨਹੀਂ ਮਿਲਦੀ। ਦੁਰਮਤਿ ਦੇ ਕਾਰਨ ਜੀਵ ਪ੍ਰਭੂ ਤੋਂ ਵਿਛੜ ਕੇ ਦੁਖੀ ਹੁੰਦਾ ਹੈ। ਇਸ ਭੈੜੀ ਮੱਤ ਅਤੇ ਦੁਰਮਤਿ ਤੋਂ ਖਲਾਸੀ ਗੁਰੂ ਦੀ ਸ਼ਰਨ ਅਤੇ ਗੁਰੂ ਦੇ ਸ਼ਬਦ ਰਾਹੀਂ ਮਿਲ ਸਕਦੀ ਹੈ।[484] ਦੁਬਿਧਾ ਵਿਚ ਜੀਵ ਕਮਲਾ ਹੋ ਜਾਂਦਾ ਹੈ ਅਤੇ ਮਨ ਵੀ ਕਮਲਾ ਹੋ ਜਾਂਦਾ ਹੈ। ਇਸ ਤਰ੍ਹਾਂ ਝੂਠੇ ਲਾਲਚ ਵਿਚ ਫਸ ਕੇ ਮਨੁੱਖ ਆਪਣਾ ਜੀਵਨ ਜ਼ਾਇਆ ਕਰ ਲੈਂਦਾ ਹੈ। ਮਾਇਆ ਜੀਵ ਨੂੰ ਮੁੜ-ਮੁੜ ਭਰਮਾਉਂਦੀ ਹੈ। ਇਸਦੇ ਰਾਹ ਵਿਚ ਕੋਈ ਰੋਕ ਨਹੀਂ ਪੈ ਸਕਦੀ। ਗੁਰੂ ਦੀ ਕਿਰਪਾ ਨਾਲ ਹਿਰਦੇ ਵਿਚ ਪਰਮਾਤਮਾ ਦਾ ਨਾਮ ਵਸਣ ਨਾਲ ਮਾਇਆ ਦੇ ਪੰਜੇ ਤੋਂ ਬਚਿਆ ਜਾ ਸਕਦਾ ਹੈ ਅਤੇ ਗੁਰੂ ਦੇ ਸ਼ਬਦ ਰਾਹੀਂ ਹੀ ਅੰਦਰ ਬਾਹਰ ਸਾਰੇ ਸੰਸਾਰ ਵਿਚ ਪਰਮਾਤਮਾ ਨੂੰ ਵਸਦਾ ਸਮਝ ਕੇ ਦੁਬਿਧਾ ਨੂੰ ਨਸ਼ਟ ਕੀਤਾ ਜਾ ਸਕਦਾ ਹੈ:-

1. ਦੁਬਿਧਾ ਬਉਰੀ ਮਨੁ ਬਉਰਾਇਆ।। ਝੂਠੈ ਲਾਲਚਿ ਜਨਮੁ ਗਵਾਇਆ।।
   ਲਪਟਿ ਰਹੀ ਫੁਨਿ ਬੰਧੁ ਨ ਪਾਇਆ।। ਸਤਿਗੁਰਿ ਰਾਖੇ ਨਾਮੁ ਦ੍ਰਿੜਾਇਆ।[485]
2. ਦੁਬਿਧਾ ਚੂਕੈ ਤਾਂ ਸਬਦੁ ਪਛਾਣੁ।। ਘਰਿ ਬਾਹਰਿ ਏਕੋ ਕਰਿ ਜਾਣੁ।।[486]

ਅਸਲ ਵਿਚ ਮਾਇਆ ਦਾ ਪਰਿਵਾਰ ਏਨਾ ਵੱਡਾ ਹੈ ਕਿ ਇਸ ਮਾਇਆ ਦੇ ਮੋਹ ਨੇ ਸਾਰੇ ਜਗਤ ਨੂੰ ਆਪਣੀ ਲਪੇਟ ਵਿਚ ਲਿਆ ਹੋਇਆ ਹੈ। ਕਿਤੇ ਇਹ ਇਸਤ੍ਰੀ ਨੂੰ ਵੇਖ ਕੇ ਕਾਮ-ਵਾਸ਼ਨਾ ਵਿਚ ਫਸਦਾ ਹੈ, ਕਿਤੇ ਪੁੱਤਰਾਂ ਤੇ ਸੋਨੇ ਦੇ ਮੋਹ ਵਿਚ ਫਸਿਆ ਪਿਆ ਹੈ। ਮਾਇਆ ਦੇ ਪਰਿਵਾਰ ਦੁਆਰਾ ਗ੍ਰਸਿਆ ਜੀਵ ਪਰਮਾਤਮਾ ਤੋਂ ਬਿਨਾਂ ਸੰਸਾਰ ਦੀ ਹਰ ਚੀਜ਼ ਨੂੰ ਆਪਣੀ ਸਮਝਦਾ ਹੈ:-

ਮਾਇਆ ਮੋਹਿ ਸਗਲ ਜਗੁ ਛਾਇਆ।।ਕਾਮਣਿ ਦੇਖਿ ਕਾਮਿ ਲੋਭਾਇਆ।।
ਸੁਤ ਕੰਚਨ ਸਿਉ ਹੇਤੁ ਵਧਾਇਆ।। ਸਭੁ ਕਿਛੁ ਆਪਨਾ ਇਕੁ ਰਾਮੁ ਪਰਾਇਆ।[487]

ਜ਼ਾਹਿਰ ਹੈ ਕਿ ਮਾਇਆ ਦਾ ਪਰਿਵਾਰ ਬਹੁਤ ਵੱਡਾ ਹੈ। ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇਵ ਜੀ ਦੋਹਾਂ ਹੀ ਗੁਰੂਆਂ ਨੇ ਮਾਇਆ ਦੇ ਪਰਿਵਾਰ ਵਿੱਚ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਦੁਬਿਧਾ, ਦੁਰਮਤਿ ਆਦਿ ਤੋਂ ਬਚਣ ਦੀ ਪ੍ਰੇਰਨਾ ਕੀਤੀ ਹੈ। ਇਹੋ ਹੀ ਜੀਵ ਨੂੰ ਪ੍ਰਭੂ ਤੋਂ ਦੂਰ ਲਿਜਾਂਦੇ ਹਨ। ਇਨ੍ਹਾਂ ਤੇ ਗੁਰੂ ਦੇ ਸ਼ਬਦ, ਗੁਰੂ ਦੀ ਕ੍ਰਿਪਾ ਤੇ ਪਰਮਾਤਮਾ ਦੇ ਨਾਮ ਦੁਆਰਾ ਕਾਬੂ ਪਾਇਆ ਜਾ ਸਕਦਾ ਹੈ। ਨਹੀਂ ਤਾਂ ਜੀਵ ਇਨ੍ਹਾਂ ਦੀ ਮਾਰ ਖਾਂਦਾ ਆਪਣਾ ਜੀਵਨ ਵਿਅਰਥ ਗੁਆ ਲੈਂਦਾ ਹੈ। ਉਸਦੇ ਵਿਵੇਕ ਦਾ ਦੀਵਾ ਧੁੰਦਲਾ ਹੋ ਜਾਂਦਾ ਹੈ ਤੇ ਉਹ ਪਾਗਲਾਂ ਵਾਂਗ ਇਧਰ-ਉਧਰ ਭਟਕਦਾ ਹੈ। ਇਨ੍ਹਾਂ ਨੂੰ ਹੀ ਸਭ ਕੁਝ ਸਮਝ ਬੈਠਦਾ ਹੈ। ਪਰਮਾਤਮਾ ਤੋਂ ਖੁੰਝ ਕੇ ਇਨ੍ਹਾਂ ਸੰਸਾਰਕ ਪਦਾਰਥਾਂ ਦੇ ਸੁਆਦ ਮਾਣਦਾ ਹੈ ਜਿਸ ਕਰਕੇ ਦੁੱਖ ਵਧਦੇ ਜਾਂਦੇ ਹਨ ਤੇ ਉਸ ਜੀਵ ਦੀ ਸਾਰੀ ਉਮਰ ਦੁੱਖਾਂ ਵਿਚ ਹੀ ਗੁਜ਼ਰ ਜਾਂਦੀ ਹੈ। ਜੀਵ ਭੁੱਲ ਜਾਂਦਾ ਹੈ ਕਿ ਪਰਮਾਤਮਾ ਦੀ ਬਖ਼ਸ਼ਸ਼ ਦੇ ਸੰਜੋਗ ਨਾਲ ਉਸਨੂੰ ਇਹ ਸੋਹਣਾ ਮਨੁੱਖਾ ਸਰੀਰ ਮਿਲਿਆ ਹੈ, ਪਰ ਇਸ ਸਰੀਰ ਦੀ ਪ੍ਰਾਪਤੀ ਕਰਕੇ ਮਾਇਕ ਪਦਾਰਥਾਂ ਦਾ ਰਸ ਹੀ ਮਾਣਦਾ ਰਿਹਾ। ਪ੍ਰਭੂ ਦੀ ਰਜ਼ਾ ਵਿਚ ਮੌਤ ਆਉਣ ਤੇ ਮਨੁੱਖਾ ਸਰੀਰ ਖੁਸ ਗਿਆ ਪਰ ਅਧਿਕ ਪਦਾਰਥਾਂ ਦੇ ਭੋਗ ਕਾਰਨ ਜਨਮ-ਮਰਨ ਦੇ ਗੇੜ ਵਿਚ ਫਸ ਜਾਂਦਾ ਹੈ। ਤੇ ਜੀਵਨ ਦਾ ਸਹੀ ਰਸਤਾ ਭੁੱਲ ਜਾਂਦਾ ਹੈ।

1. ਸਾਦ ਕੀਤੇ ਦੁਖ ਪਰਫੁੜੇ ਪੂਰਬਿ ਲਿਖੇ ਮਾਇ।। ਸੁਖ ਥੋੜੇ ਦੁਖ ਅਗਲੇ ਦੂਖੇ ਦੂਖਿ ਵਿਹਾਇ।।
   ---------------------------||
   ਸੰਜੋਗੀ ਮੇਲਾਵੜਾ ਇਨਿ ਤਨਿ ਕੀਤੇ ਭੋਗ।। ਵਿਜੋਗੀ ਮਿਲਿ ਵਿਛੁੜੇ ਨਾਨਕ ਭੀ ਸੰਜੋਗ।।[438]
2. ਇਹ ਜਗਤਿ ਭਰਮਿ ਭੁਲਾਇਆ।। ਆਪਹੁ ਤੁਧੁ ਖੁਆਇਆ।।
   ਪਰਤਾਪੁ ਲਗਾ ਦੋਹਾਗਣੀ ਭਾਗ ਜਿਨਾ ਕੇ ਨਾਹਿ ਜੀਉ।।[488ੳ]

## ਮਾਇਆ ਦਾ ਪ੍ਰਭਾਵ ਖੇਤਰ

ਮਾਇਆ ਦਾ ਪ੍ਰਭਾਵ ਖੇਤਰ ਜਗਤ ਹੀ ਨਹੀਂ ਸਗੋਂ ਮਾਇਆ ਦਾ ਨਿਵਾਸ ਤਾਂ ਤਿੰਨਾਂ ਲੋਕਾਂ ਵਿਚ ਹੈ। ਸੰਤ-ਭਗਤ, ਜਪੀ-ਤਪੀ, ਰਿਸ਼ੀ-ਮੁਨੀ ਤਾਂ ਇਕ ਪਾਸੇ ਰਹੇ ਸ੍ਰਿਸ਼ਟੀ

ਦਾ ਕਰਤਾ ਵੀ ਇਸਦੇ ਪ੍ਰਭਾਵ ਤੋਂ ਨਹੀਂ ਬਚ ਸਕਿਆ। ਗੁਰੂ ਰਵਿਦਾਸ ਜੀ ਅਨੁਸਾਰ ਕੇਵਲ ਹਰਿ ਸੰਤ-ਜਨ ਪ੍ਰਭੂ ਨੂੰ ਮੋਹ-ਬੰਧਨ ਵਿਚ ਬੰਨ੍ਹ ਕੇ ਮਾਇਆ ਤੋਂ ਆਪਣਾ ਬਚਾ ਕਰ ਸਕਣ ਦੇ ਯੋਗ ਹੋਏ ਹਨ:-

1. ਸੁਆਨ ਸਤ੍ਰ ਅਜਾਤੁ ਸਭ ਤੇ, ਕ੍ਰਿਸਨ ਲਾਵੈ ਹੇਤੁ।
ਲੋਕ ਬਪੁਰਾ ਕਿਆ ਸਰਾਹੈ। ਤੀਨਿ ਲੋਕ ਪ੍ਰਵੇਸ।।[489]

2. ਬਰਜਿ ਹੋ ਬਰਜਿ ਬੀਠੁਲੇ, ਮਾਯਾਂ ਜਗੁ ਖਾਯਾ।
ਮਹਾ ਪ੍ਰਬਲ ਸਭ ਹੀ ਬਸਿ ਕੀਯੇ, ਸੁਰ ਨਰ ਮੁਨਿ ਭਰਮਾਯਾ।
ਬਾਲਕ ਬਿਰਧ ਤਰੁਨ ਅਤਿ ਸੁੰਦਰ, ਨਾਨਾ ਭੇਖ ਬਨਾਯਾ।
ਜੋਗੀ ਜਤੀ ਤਪੀ ਸਨਯਾਸੀ, ਪੰਡਿਤ ਰਹਯਾ ਨ ਪਾਯਾ।
- - - - - - - - - - - - - - - - - - - - - -।।
ਖੰਡ ਬ੍ਰਹਮੰਡ ਲੋਕ ਸਭ ਜੀਤੇ, ਇਹ ਬਿਧਿ ਤੇਜ ਜਨਾਵੈ।
ਸਭੁੰ ਭੂੰ ਕੋ ਚਿਤ ਚੋਰ ਲਿਯੋ ਹੈ, ਵਾਕੈ ਪਾਛੈ ਲਾਗਾ ਧਾਵੈ।।[490]

3. ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ।।
ਅਪਨੇ ਛੂਟਨ ਕੋ ਜਤਨੁ ਕਰਹੁ, ਹਮ ਛੂਟੇ ਤੁਮ ਆਰਾਧੇ।।[491]

ਜਦੋਂ ਮਾਇਆ ਧੀਰਾਂ ਪੀਰਾਂ ਪੈਗੰਬਰਾਂ ਤੇ ਸ੍ਰਿਸ਼ਟੀ ਦੇ ਕਰਤਾ ਨੂੰ ਆਪਣੇ ਪ੍ਰਭਾਵ ਅਧੀਨ ਕਰ ਲੈਂਦੀ ਹੈ ਤਾਂ ਮਨੁੱਖ ਦੀ ਤਾਂ ਹੋਂਦ ਹੀ ਕੀ ਹੈ। ਮਨੁੱਖ ਦੀ ਹੋਂਦ ਤੁੱਛ ਹੋਣ ਕਰਕੇ ਮਾਇਆ ਮਨੁੱਖ ਤੇ ਵਿਅਕਤੀਗਤ ਪ੍ਰਭਾਵ ਪਾਉਂਦੀ ਹੈ। ਸਾਰਾ ਮਿਥਿਆ ਸੰਸਾਰ ਵੀ ਮਾਇਆ ਦੇ ਫੰਦੇ ਵਿਚ ਹੈ। ਇਸੇ ਪ੍ਰਭਾਵ ਕਾਰਨ ਜੀਵ ਮਾਇਆ ਦੇ ਅਨੇਕਾਂ ਭਰਮਾਂ ਵਿਚ ਪੈ ਜਾਂਦਾ ਹੈ ਅਤੇ ਜਨਮਾਂ ਕਰਮਾਂ ਦੇ ਚੱਕਰ ਵਿਚ ਫਸ ਜਾਂਦਾ ਹੈ। ਮਾਇਆ ਭ੍ਰਮ, ਅਗਿਆਨ, ਅਵਿਦਿਆ, ਮਿਥਿਆ ਗਿਆਨ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਦੇ ਰੂਪ ਵਿਚ ਵਿਅਕਤੀ ਦੇ ਮਨ ਅੰਦਰ ਨਿਵਾਸ ਕਰਦੀ ਹੈ:-

1. ਭਰਮ ਕਰਮ ਜੀਅ ਬੰਧਯੋ, ਛੂਟੈ ਤੁਮ ਬਿਨ ਕੈਸੇ ਹੋ ਹਰਿ।
- - - - - - - - - - - - - - - - - - - - - - ।
ਜਪ ਤਪ ਵਿਧਿ ਨਿਸ਼ੇਧ ਕਰੁਨਾਮੈ, ਪਾਪ ਪੁੰਨਿ ਬਹੁ ਮਾਯਾ।
ਐਸੇ ਮੋਹਿਤ ਮਨ ਗਤਿ ਬਿਮੁਖ ਧਨ, ਜਨਮ ਜਨਮ ਡਹਕਾਯਾ ਹੋ ਹਰਿ।[492]

2 ਮਿਥਯਾ ਜਗਿ ਮਾਯਾ ਤਜਿ ਦੀਨੀ, ਸੱਤ ਰੂਪ ਮਨ ਧਰਿ ਹੈਂ।
ਜੋ ਦੀਸੈ ਸਭ ਮਾਯਾ ਫੰਦਾ, ਤਰਕਿ ਜੇਵੰਰਿ ਕਤਰਿ ਹੈਂ।[493]
3. ਭਯੇ ਅੰਤ ਛੀਨ ਖੇਦ ਮਾਯਾ ਬਸ, ਜਸ ਤਿਸ ਤਾਪ ਗਰਿ ਹੈਂ ਤੇ ਤਸ।।[494]

ਜੋ ਗੁਰੂ ਨਾਨਕ ਦੇਵ ਜੀ ਦਾ ਵੀ ਇਹੋ ਵਿਚਾਰ ਹੈ ਕਿ ਇਹ ਸਾਰਾ ਜਗਤ ਮਾਇਆ ਦੇ ਪ੍ਰਭਾਵ ਥੱਲੇ ਹੈ। ਇਸ ਮੋਹਣੀ ਮਾਇਆ ਨੇ ਜੀਵਾਂ ਵਿਚ ਪੁੱਤਰ, ਰਿਸ਼ਤੇਦਾਰ, ਘਰ, ਇਸਤ੍ਰੀ ਪ੍ਰਤੀ ਤ੍ਰਿਸ਼ਨਾ ਤੇ ਮੋਹ ਪੈਦਾ ਕਰਕੇ ਇਨ੍ਹਾਂ ਨੂੰ ਆਪਣੇ ਪ੍ਰਭਾਵ ਹੇਠ ਲਿਆ ਹੋਇਆ ਹੈ। ਅਸਲ ਵਿਚ ਇਹੋ ਮੋਹ ਦੀ ਠਗ ਬੂਟੀ ਸਾਰੇ ਸੰਸਾਰ ਵਿਚ ਆਪਣਾ ਜ਼ੋਰ ਪਾ ਰਹੀ ਹੈ:-

ਤ੍ਰਿਸਨਾ ਮਾਇਆ ਮੋਹਣੀ ਸੁਤ ਬੰਧਪ ਘਰ ਨਾਰਿ।।
ਧਨਿ ਜੋਬਨਿ ਜਗੁ ਠਗਿਆ ਲਬਿ ਲੋਭਿ ਅਹੰਕਾਰਿ।।
ਮੋਹ ਠਗਉਲੀ ਹਉ ਮੁਈ ਸਾ ਵਰਤੈ ਸੰਸਾਰਿ।।[495]

ਕਿਉਂ ਕਿ ਸਾਰੀ ਸ੍ਰਿਸ਼ਟੀ ਮਾਇਆ ਦੇ ਜਾਲ ਵਿਚ ਫਸੀ ਹੋਈ ਹੈ ਇਸ ਲਈ ਜੀਵ ਤਾਂਘਦਾ ਹੋਇਆ ਵੀ ਗੁਰੂ ਦੀ ਸ਼ਰਨ ਤੋਂ ਬਿਨਾਂ ਪ੍ਰਭੂ ਦੇ ਨਾਮ ਦੀ ਪ੍ਰਾਪਤੀ ਨਹੀਂ ਕਰ ਸਕਦਾ।

ਸਤਿਗੁਰ ਬਾਝੁ ਨ ਪਾਈਐ ਸਭ ਮੋਹੀ ਮਾਇਆ ਜਾਲਿ ਜੀਉ।।[496]

ਇਥੋਂ ਤੱਕ ਕਿ ਪਰਮਾਤਮਾ ਨੇ ਆਪ ਹੀ ਜਗਤ ਪੈਦਾ ਕਰਕੇ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਪੈਦਾ ਕਰਕੇ ਉਨ੍ਹਾਂ ਨੂੰ ਵੀ ਮਾਇਆ ਦੇ ਪ੍ਰਭਾਵ ਤੋਂ ਵਾਂਝੇ ਨਹੀਂ ਰਹਿਣ ਦਿੱਤਾ।[497] ਤੀਜੇ ਗੁਰੂ ਅਮਰਦਾਸ ਜੀ ਵੀ ਲਿਖਦੇ ਹਨ ਕਿ ਸਾਰੇ ਦੇਵੀ ਦੇਵਤੇ ਮਾਇਆ ਨੇ ਮੋਹੇ ਹੋਏ ਹਨ। ਮਾਇਆ ਦਾ ਮੋਹ ਸਾਰੇ ਜਗਤ ਵਿਚ ਵਿਆਪ ਰਿਹਾ ਹੈ। ਸਾਰੇ ਜੀਵ ਤਿੰਨਾਂ ਗੁਣਾਂ ਦੇ ਪ੍ਰਭਾਵ ਹੇਠ ਮਾਇਆ ਦੇ ਮੋਹੇ ਹੋਏ ਹਨ।[498]

ਮਾਇਆ ਮੋਹੇ ਦੇਵੀ ਸਭਿ ਦੇਵਾ।।[499]

ਜਦੋਂ ਦੇਵੀ ਦੇਵਤੇ ਹੀ ਮਾਇਆ ਦੇ ਪ੍ਰਭਾਵ ਜਾਲ ਵਿਚ ਫਸੇ ਹੋਏ ਹਨ ਤਾਂ ਜੀਵ ਤਾਂ ਵਿਚਾਰਾ ਹੈ ਹੀ ਕੀ ? ਪਰਮਾਤਮਾ ਤੋਂ ਵਿੱਥ ਪਾਉਣ ਵਾਲੀ ਮਾਇਆ ਨੇ ਜੀਵਾਂ ਦੇ ਮਨਾਂ ਵਿਚ ਟਿਕਾਣਾ ਕਰਕੇ ਕਾਮ, ਕ੍ਰੋਧ, ਅਹੰਕਾਰ ਆਦਿ ਦੇ ਰੂਪ ਵਿੱਚ ਜੀਵ ਨੂੰ ਆਪਣੇ ਜਾਲ ਵਿਚ

ਲਪੇਟਿਆ ਹੋਇਆ ਹੈ ਤੇ ਜੀਵਾਂ ਦੇ ਆਤਮਕ ਵਿਨਾਸ਼ ਦਾ ਕਾਰਣ ਬਣ ਰਹੀ ਹੈ:–

ਦੂਜੀ ਮਾਇਆ ਜਗਤ ਚਿਤ ਵਾਸੁ॥ ਕਾਮ ਕ੍ਰੋਧ ਅਹੰਕਾਰ ਬਿਨਾਸੁ॥[500]

ਚਉਧਰੀ ਰਾਜੇ, ਸ਼ਾਹ ਸੱਭ ਮਾਇਆ ਜੋੜਨ ਤੇ ਲੱਗੇ ਹੋਏ ਹਨ। ਇਸ ਲਈ ਉਹ ਆਤਮਕ ਮੌਤੇ ਮਰ ਜਾਂਦੇ ਹਨ।[501] ਜੀਵ ਇਨ੍ਹਾਂ ਦੁਨਿਆਵੀ ਮਲਕੀਅਤਾਂ ਦਾ ਮਾਣ ਕਰਦਾ ਖਸਮ ਪ੍ਰਭੂ ਦੇ ਹੁਕਮ ਅਨੁਸਾਰ ਛੱਡਕੇ ਜਗਤ ਤੋਂ ਤੁਰ ਜਾਂਦਾ ਹੈ:–

ਲਿਖੁ ਦਾਤਿ ਜੋਤਿ ਵਡਿਆਈ॥ ਮਿਲਿ ਮਾਇਆ ਸੁਰਤਿ ਗਵਾਈ॥[502]

ਮਾਇਆ ਦੀ ਮਮਤਾ ਦੇ ਖਿਆਲਾਂ ਵਿਚ ਪਿਆ ਜੀਵ ਜਮਰਾਜ ਦੁਆਰਾ ਬੇਇੱਜ਼ਤ ਕੀਤਾ ਹੈ।[503] ਕੋਈ ਵੀ ਮਾਇਆ ਦੀ ਤ੍ਰਿਸ਼ਨਾ ਨੂੰ ਨਹੀਂ ਮਿਟਾ ਸਕਦਾ। ਮਾਇਆ ਭਾਵੇਂ ਚੰਦਰੇ ਕੋਲ ਹੋਵੇ ਤਾਂ ਵੀ ਉਸ ਦੀ ਮਾਇਆ ਕਾਰਨ ਅਮੀਰ ਗਰੀਬ ਉਸ ਅੱਗੇ ਨਿਵਦੇ ਹਨ। ਮਾਇਆ ਕਾਰਨ ਮੂਰਖ ਵੀ ਸਿਆਣਾ ਮੰਨਿਆ ਜਾਂਦਾ ਹੈ।[504] ਜੀਵ ਜਗਤ ਵਿਚ ਆਉਂਦਾ ਤਾਂ ਕੁਝ ਖੱਟਣ ਦੀ ਖਾਤਰ ਹੈ ਪਰ ਮਾਇਆ ਦਾ ਗੁਲਾਮ ਬਣ ਕੇ ਮੋਹ ਤੇ ਮਾਇਆ ਹੱਥੋਂ ਜੀਵਨ ਬਾਜੀ ਹਾਰ ਜਾਂਦਾ ਹੈ। ਸ਼ਰਧਾਵਾਨ ਜੀਵ ਜੋ ਪਰਮਾਤਮਾ ਦਾ ਨਾਮ ਖੱਟਦਾ ਕਮਾਂਦਾ ਹੈ ਤੇ ਉਹ ਪਰਮਾਤਮਾ ਦੇ ਦਰ ਘਰ ਤੋਂ ਇੱਜਤ ਪਾਉਂਦਾ ਹੈ:–

ਲਾਹੇ ਕਾਰਣਿ ਆਇਆ ਜਗਿ॥ ਹੋਇ ਮਜੂਰੁ, ਗਇਆ ਠਗਾਇ ਠਗਿ॥
ਲਾਹਾ ਨਾਮੁ ਪੂੰਜੀ ਵੇਸਾਹੁ॥ ਨਾਨਕ ਸਚੀ ਪਤਿ ਸਚਾ ਪਾਤਿਸਾਹੁ॥[505]

ਜਿੰਨਾ ਚਿਰ ਜੀਵ ਨੂੰ ਬਾਹਰਲੀ ਦਿਸਦੀ ਮਾਇਆ ਪ੍ਰਭਾਵਿਤ ਕਰਦੀ ਰਹਿੰਦੀ ਹੈ ਉਨਾ ਚਿਰ ਉਸਦੇ ਅੰਦਰ ਸਹਿਮ ਬਣਿਆ ਰਹਿੰਦਾ ਹੈ ਤੇ ਉਹ ਸਦਾ ਦੁਖੀ ਰਹਿੰਦਾ ਹੈ:–

ਅੰਤਰਿ ਸਹਸਾ ਬਾਹਰਿ ਮਾਇਆ ਨੈਣੀ ਲਾਗਸਿ ਬਾਣੀ॥
ਪ੍ਰਣਵਤਿ ਨਾਨਕੁ ਦਾਸਨਿ ਦਾਸਾ ਪਰਤਾਪਹਿਗਾ ਪ੍ਰਾਣੀ॥[506]

ਸਪਸ਼ਟ ਹੈ ਮਾਇਆ ਦਾ ਪ੍ਰਭਾਵ ਖੇਤਰ ਜਗਤ ਹੀ ਨਹੀਂ ਸਗੋਂ ਤਿੰਨਾਂ ਲੋਕਾਂ ਵਿਚ ਇਸ ਦਾ ਪਸਾਰ ਹੈ। ਸਾਧਾਰਣ ਜੀਵ ਤਾਂ ਕੀ; ਦੇਵੀ ਦੇਵਤੇ ਵੀ ਇਸਦੇ ਪ੍ਰਭਾਵ ਤੋਂ ਨਹੀਂ ਬਚ ਸਕੇ। ਮਾਇਆ ਜੀਵ ਦੇ ਮਨ ਵਿਚ ਕਈ ਤਰ੍ਹਾਂ ਦੇ ਭਰਮ ਪੈਦਾ ਕਰਕੇ ਕਾਮ, ਕ੍ਰੋਧ ,

ਲੋਭ,ਮੋਹ, ਅਗਿਆਨ, ਅਹੰਕਾਰ ਦੇ ਰੂਪ ਵਿਚ ਸੰਸਾਰ ਨੂੰ ਜਕੜੀ ਬੈਠੀ ਹੈ।

<u>ਮਾਇਆ ਅਤੇ ਸੰਸਾਰ</u>

ਮਾਇਆ ਵਿਸ਼ੇ ਵਿਕਾਰਾਂ ਦਾ ਖੂਹ ਹੈ ਤੇ ਮਾਇਆ ਸੰਸਾਰ ਦਾ ਦੂਜਾ ਰੂਪ ਹੈ। ਸੰਸਾਰ ਇਨ੍ਹਾਂ ਹੀ ਵਿਸ਼ੇ ਵਿਕਾਰਾਂ ਦਾ ਰੁਸਿਆ ਹੋਇਆ ਹੈ। ਇਹ ਸੰਸਾਰ ਮਾਇਆ ਦੀ ਤਰ੍ਹਾਂ ਵਿਸ਼ੇ ਵਿਕਾਰਾਂ ਦਾ ਘਣਾ ਜੰਗਲ ਹੈ, ਜਿਸਨੇ ਜਗਤ ਨੂੰ ਭਰਮਾਂ ਤੇ ਬੰਧਨਾਂ ਵਿਚ ਬੰਨ੍ਹਿਆ ਹੋਇਆ ਹੈ। ਮਾਇਆ ਸਾਰੇ ਜੱਗ ਨੂੰ ਲੁੱਟਣ ਵਾਲੀ ਲੁਟੇਰੀ ਹੈ। ਮਾਇਆ ਬਿਖੁ ਹੈ ਤੇ ਸੰਸਾਰ ਇਸ ਬਿਖੁ ਨੂੰ ਚੱਖੀ ਫਿਰਦਾ ਹੈ:-

1 ਯਹੁ ਸੰਸਾਰ ਸਘਨ ਬਨ, ਵਿਖੁ ਹੈ, ਤਾ ਮੈ ਬਹੁ ਦੁਖ ਦੰਦ ਬਯਾਲਾਈ।।[507]
2 ਰਾਮ ਨਾਮ ਹਮ ਲਾਦਯੋ, ਤਾਥੈਂ ਬਿਖੁ ਲਾਦਯੋ ਸੰਸਾਰ ਹੋ।।[508]

ਸ੍ਰੀ ਗੁਰੂ ਨਾਨਕ ਦੇਵ ਜੀ ਵੀ ਮਾਇਆ ਅਤੇ ਸੰਸਾਰ ਵਿਚ ਕੋਈ ਅੰਤਰ ਨਹੀਂ ਸਮਝਦੇ। ਉਨ੍ਹਾਂ ਅਨੁਸਾਰ ਸਾਰਾ ਸੰਸਾਰ ਹੀ ਤ੍ਰਿਸ਼ਨਾ ਦੀ ਅੱਗ ਵਿਚ ਸੜ ਰਿਹਾ ਹੈ। ਵਿਕਾਰਾਂ ਵਿਚ ਸੜ ਸੜ ਕੇ ਦੁਖੀ ਹੋ ਰਿਹਾ ਹੈ:-

1 ਤ੍ਰਿਸਨਾ ਅਗਨਿ ਜਲੈ ਸੰਸਾਰਾ।। ਜਲਿ ਜਲਿ ਖਪੈ ਬਹੁਤ ਵਿਕਾਰਾ।।[509]

ਸੰਸਾਰ ਵਿਚ ਜੋ ਕੁਝ ਵੀ ਹੈ ਮਾਇਆ ਦਾ ਮਿੱਠਾ ਮੋਹ ਹੈ ਤੇ ਉਸ ਪ੍ਰਭੂ ਦੀ ਹੀ ਖੇਡ ਹੈ।[510] ਮਾਇਆ ਤੇ ਸੰਸਾਰ ਦਾ ਸੰਬੰਧ ਬਹੁਤ ਗੂੜ੍ਹਾ ਹੈ। ਜੀਵ ਜਗਤ ਵਿਚ ਜਨਮ ਲੈਣ ਤੋਂ ਮਰਨ ਤੱਕ ਸੰਸਾਰਕ ਪਦਾਰਥ ਇਕੱਠੇ ਕਰਨ ਤੇ ਲੱਗਾ ਰਹਿੰਦਾ ਹੈ ਪਰ ਅਖੀਰ ਵੇਲੇ ਕੋਈ ਵੀ ਨਾਲ ਨਹੀਂ ਜਾਂਦਾ:-

ਜੀਵਨ ਮਰਣਾ ਜਾਇ ਕੈ, ਏਥੈ ਖਾਜੈ ਕਾਲਿ।।
ਜਿਥੈ ਬਹਿ ਸਮਝਾਈਐ ਤਿਥੈ ਕੋਇ ਨ ਚਲਿਓ ਨਾਲਿ।।[511]

ਜੀਵ ਦੇ ਤ੍ਰਿਗੁਣੀ ਇੰਦ੍ਰੇ ਸੰਸਾਰ ਦੇ ਮੋਹ ਵਿਚ ਰੁੱਝੇ ਹੋਏ ਹਨ। ਉਸ ਅਲੱਖ ਪਰਮਾਤਮਾ ਨੂੰ ਨਹੀਂ ਜਾਣਦੇ। ਸੰਸਾਰਕ ਜੀਵਾਂ ਨੇ ਮਾਇਆ ਦੀ ਪੰਡ ਸਿਰ ਉੱਤੇ ਚੁੱਕੀ

ਹੋਈ ਹੈ ਤੇ ਜੀਵ ਨੂੰ ਮਾਇਆ ਸ਼ੱਕਰ ਵਰਗੀ ਮਿੱਠੀ ਜਾਪਦੀ ਹੈ ਜਿਸ ਕਾਰਨ ਜੀਵ ਨੂੰ ਸੰਸਾਰਕ ਪਦਾਰਥਾਂ ਤੋਂ ਬਿਨਾਂ ਹੋਰ ਕੁਝ ਨਜ਼ਰ ਹੀ ਨਹੀਂ ਆਉਂਦਾ:–

ਤੇਰੇ ਤੀਨਿ ਗੁਣਾ ਸੰਸਾਰਿ ਸਮਾਵਹਿ ਅਲਖੁ ਨ ਲਖਣਾ ਜਾਈ ਰੇ॥ਰਹਾਉ॥
ਸਕਰ ਖੰਡੁ ਮਾਇਆ ਤਨਿ ਮੀਠੀ ਹਮ ਤਉ ਪੰਡ ਉਚਾਈ ਰੇ॥[512]

ਅਸਲ ਵਿਚ ਸਾਰਾ ਜਗਤ ਮਾਇਆ ਦਾ ਸਾਕਾਰ ਰੂਪ, ਛਾਇਆ ਮਾਤਰ ਹੈ। ਇਸ ਮਾਇਆ ਨੇ ਸਾਰੇ ਜਗਤ ਨੂੰ ਮੋਹਿਆ ਹੋਇਆ ਹੈ ਪਰ ਇਸ ਸਚਾਈ ਨੂੰ ਕੋਈ ਵਿਰਲਾ ਗੁਰਮੁਖਿ ਹੀ ਜਾਣ ਸਕਦਾ ਹੈ:–

1 ਸਭ ਜਗੁ ਦੇਖਿਆ ਮਾਇਆ ਛਾਇਆ।
ਨਾਨਕ ਗੁਰਮਤਿ ਨਾਮ ਧਿਆਇਆ॥[513]
2 ਇਨਿ ਮਾਇਆ ਜਗੁ ਮੋਹਿਆ ਬਿਰਲਾ ਬੂਝੈ ਕੋਇ॥[514]

ਸੰਸਾਰੀ ਜੀਵ ਮਾਇਆ ਆਦਿ ਦੇ ਅਹੰਕਾਰ ਕਾਰਨ ਆਫਰਿਆ ਹੋਣ ਕਰਕੇ ਸੰਸਾਰ-ਸਮੁੰਦਰ ਤੋਂ ਕਿਸੇ ਹਾਲਤ ਵਿਚ ਵੀ ਪਾਰ ਨਹੀਂ ਲੰਘ ਸਕਦਾ। ਗੁਰੂ ਦੀ ਸ਼ਰਨ ਪਿਆਂ ਹੀ ਮਾਇਆ ਦੇ ਪ੍ਰਭਾਵ ਨੂੰ ਦੂਰ ਕੀਤਾ ਜਾ ਸਕਦਾ ਹੈ ਤੇ ਸੰਸਾਰ ਸਮੁੰਦਰ ਨੂੰ ਪਾਰ ਕੀਤਾ ਜਾ ਸਕਦਾ ਹੈ:–

ਸੰਸਾਰੁ ਭਵਜਲੁ ਕਿਉ ਤਰੈ॥ ਗੁਰਮੁਖਿ ਨਾਮੁ ਨਿਰੰਜਨੁ ਪਾਈਐ ਅਫਰਿਓ ਭਾਰੁ ਅਫਾਰੁ ਟਰੈ॥[515]

ਮਾਇਆ ਤ੍ਰਿਸਨਾ ਹੈ ਤੇ ਇਹ ਜਗਤ ਤ੍ਰਿਸ਼ਨਾ ਦੀ ਕੋਠੀ ਹੈ। ਜੋ ਇਸ ਵਿਚ ਫਸ ਜਾਂਦਾ ਹੈ। ਉਹ ਇਸ ਤ੍ਰਿਸ਼ਨਾ ਦੀ ਅੱਗ ਵਿਚ ਸੜ ਜਾਂਦਾ ਹੈ:–

ਏਹੁ ਸੰਸਾਰੁ ਤਿਸੈ ਕੀ ਕੋਠੀ ਜੋ ਪੈਸੇ ਸੋ ਗਰਬਿ ਜਰੈ॥[516]

ਸਪੱਸ਼ਟ ਹੈ ਕਿ ਸ੍ਰੀ ਗੁਰੂ ਰਵਿਦਾਸ ਜੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਸਾਰ ਨੂੰ ਮਾਇਆ ਦਾ ਸਾਕਾਰ ਰੂਪ ਮੰਨਿਆ ਹੈ। ਮਾਇਆ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਵਿਸ਼ੇ-ਵਿਕਾਰਾਂ ਦਾ ਖੂਹ ਹੈ ਅਤੇ ਸੰਸਾਰ ਇਨ੍ਹਾਂ ਵਿਸ਼ੇ ਵਿਕਾਰਾਂ ਵਿਚ ਗ੍ਰਸਿਆ ਆਪਣੇ ਅਸਲੇ ਤੋਂ ਲਾਂਭੇ ਜਾ ਰਿਹਾ ਹੈ।

## ਮਾਇਆ ਅਤੇ ਮਨ

ਮਾਇਆ ਅਤੇ ਮਨ ਦਾ ਬਹੁਤ ਡੂੰਘਾ ਰਿਸ਼ਤਾ ਹੈ। ਕਿਉਂਕਿ ਮਾਇਆ ਦਾ ਪ੍ਰਭਾਵ ਤੇ ਜ਼ੋਰ ਸਭ ਤੋਂ ਪਹਿਲਾਂ ਮਨ ਤੇ ਹੁੰਦਾ ਹੈ। ਅਸਲ ਵਿਚ ਮਾਇਆ ਦਾ ਨਿਵਾਸ ਸਥਾਨ ਹੀ ਮਨੁੱਖੀ ਮਨ ਹੈ। ਮਾਇਆ ਕਿਉਂਕਿ ਕਾਮ, ਕ੍ਰੋਧ, ਲੋਭ, ਮੋਹ, ਭ੍ਰਮ, ਅਹੰਕਾਰ, ਅਵਿਦਿਆ, ਅਗਿਆਨ ਆਦਿ ਵਿਸ਼ੇ ਵਿਕਾਰਾਂ ਦਾ ਖੂਹ ਹੈ ਅਤੇ ਇਨ੍ਹਾਂ ਵਿਸ਼ੇ ਵਿਕਾਰਾਂ ਅਤੇ ਅਨੰਤ ਭ੍ਰਮਾਂ ਦਾ ਅਸਰ ਮਨ ਤੇ ਹੁੰਦਾ ਹੈ। ਸ੍ਰੀ ਗੁਰੂ ਰਵਿਦਾਸ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਮਾਇਆ ਅਤੇ ਮਨ ਦੇ ਗੂੜ੍ਹੇ ਰਿਸ਼ਤੇ ਨੂੰ ਸਵੀਕਾਰਦਿਆਂ ਮਾਇਆ ਦਾ ਸਭ ਤੋਂ ਵਧ ਪ੍ਰਭਾਵ ਅਤੇ ਜ਼ੋਰ ਮਨ ਤੇ ਮੰਨਿਆ ਹੈ। ਸ੍ਰੀ ਗੁਰੂ ਰਵਿਦਾਸ ਜੀ ਅਨੁਸਾਰ ਮਨ ਚੰਚਲ ਹੋਣ ਕਰਕੇ ਮੋਹ-ਮਾਇਆ ਦੇ ਜਾਲ ਵਿਚ ਫਸ ਜਾਂਦਾ ਹੈ। ਮਾਇਆ ਦੀ ਪਕੜ ਵਿਚ ਜਕੜਿਆ ਮਨ ਮੁੜ ਮੁਸ਼ਕਲ ਨਾਲ ਹੀ ਨਿਕਲ ਸਕਦਾ ਹੈ। ਸਗੋਂ ਨਿਕਲਣ ਦੀ ਥਾਂ ਇਹ ਤਾਂ ਮਾਇਆ ਦੇ ਹੱਥਾਂ ਵਿਚ ਖਿਡੌਣਾ ਬਣ ਜਾਂਦਾ ਹੈ, ਸਮਝਾਇਆਂ ਵੀ ਨਹੀਂ ਸਮਝਦਾ ਤੇ ਹਮੇਸ਼ਾ ਲਈ ਮਾਇਆ ਹੱਥ ਵਿਕ ਜਾਂਦਾ ਹੈ। ਚੰਗੇ-ਬੁਰੇ ਦੀ ਪਰਖ ਕਰਨ ਦੇ ਵੀ ਸਮਰੱਥ ਨਹੀਂ ਰਹਿੰਦਾ। ਇੱਕ ਥਾਂ ਟਿਕਦਾ ਨਹੀਂ ਸਗੋਂ ਰਾਤ ਦਿਨ ਮਾਇਆ ਦੇ ਲਾਲਚ ਵਿਚ ਇੱਧਰ ਉਧਰ ਭਟਕਦਾ ਫਿਰਦਾ ਹੈ। ਜਿਸ ਕਰਕੇ ਪਰਮਾਤਮਾ ਤੇ ਇਸ ਮਨ ਵਿਚਕਾਰ ਅੰਤਰ ਵਧਦਾ ਜਾਂਦਾ ਹੈ। ਗੁਰੂ ਰਵਿਦਾਸ ਜੀ ਇਸ ਅੰਤਰ ਨੂੰ ਦੂਰ ਕਰਨ ਲਈ ਸੰਸਾਰਕ ਪਦਾਰਥਾਂ ਦਾ ਤਿਆਗ ਕਰਕੇ ਗੁਰੂ ਦੀ ਸ਼ਰਨ ਵਿਚ ਜਾਣ ਦੀ ਪ੍ਰੇਰਨਾ ਕਰਦੇ ਹਨ:-

1. ਨਾਥ ਕਛੂਅ ਨ ਜਾਨਉ, ਮਨ ਮਾਇਆ ਕੈ ਹਾਥਿ ਬਿਕਾਨਉ।
   ਇਨ ਪੰਚਨ ਮੇਰੋ ਮਨ ਜੁ ਬਿਗਾਰਿਓ, ਪਲ,ਪਲ ਹਰਿ ਜੀ ਤੇ ਅੰਤਰਿ ਪਾਰਿਓ।[517]
2. ਅਨਿਕ ਕੌਤਗ ਕਲਾ ਕਾਛੈ ਕਾਛੈ, ਬਹੁਰਿ ਸਾਂਗ ਦਿਖਾਵੈ।।
   ਮੂਰਖਿ ਆਪਨ ਆਪ ਸਮੁਝਿ ਨਹੀਂ, ਔਰਨਿ ਕਾ ਸਮੁਝਾਵੈ।।
   ਆਸ ਕਰੇ ਵੈਕੁੰਠ ਗਵਨ ਕਉ ਚਲ ਮਨ ਕਬਹੁ ਨ ਥਿਰਾਯੋ।।
   ਜੌ ਲੌ ਮਨ ਵਸਿ ਨਹੀਂ ਹੂਤੋਂ, ਤੌ ਲਗਿ ਸਭੁ ਜੁਠਰਾਯੋ।।[518]
3. ਕਾਮ ਕ੍ਰੋਧ ਲੰਪਟ ਮਨ ਮੋਰਾ, ਕੈਸੇ ਭਜਨ ਕਰੌ ਮੈਂ ਤੋਰਾ।।[519]
4. ਮਨ ਮੇਰੋ ਥਿਰ ਨ ਰਹਾਈ, ਕੋਟਿ ਕੌਤਿਗ ਕਰਿ ਦਿਖਰਾਵੈ, ਇਤ ਉਤ ਜਗ ਮਹਿ ਧਾਈ।।

   ਮਾਯਾ ਮਮਤਾ ਮੋਹ ਲਪਟਾਨੇ, ਦਿਨ ਦਿਨ ਉਰਝਤ ਜਾਈ।।

   - - - - - - - - - - - - - - - - - - - - - - - -।

ਕਹਿ ਰਵਿਦਾਸ ਮਨ ਥਿਰ ਹ੍ਵੈਸੀ, ਚਲਿ ਸਬ ਛਾਂਡੀ ਗੁਰ ਸਰਣਾਈ।।[520]

ਮਨ ਚੰਚਲ ਹੋਣ ਕਰਕੇ ਇਸ ਦੀ ਸਥਿਤੀ ਵੀ ਅਨੋਖੀ ਹੈ। ਕਿਹਾ ਜਾਂਦਾ ਹੈ ਕਿ ਸਭ ਤੋਂ ਵਧ ਤੇਜ਼ ਮਨ ਦੌੜਦਾ ਹੈ। ਜੀਵ ਸਰੀਰਕ ਤੌਰ ਤੇ ਕਿਤੇ ਤੇ ਮਾਨਸਿਕ ਤੌਰ ਤੇ ਕਿਤੇ ਬੈਠਾ ਹੁੰਦਾ ਹੈ। ਕਿਉਂਕਿ ਇਸਨੂੰ ਬੰਨ੍ਹਣਾ ਮੁਸ਼ਕਲ ਹੈ। ਸਰੀਰ ਬੰਨ੍ਹਿਆ ਜਾ ਸਕਦਾ ਹੈ ਪਰ ਮਨ ਨਹੀਂ। ਮਨ ਤਾਂ ਗੁਰੂ ਦੀ ਕ੍ਰਿਪਾ ਨਾਲ ਚਲਾਇਮਾਨ ਸੰਸਾਰ ਜਾਂ ਮਾਇਆ ਤੇ ਕਾਬੂ ਪਾਕੇ ਹੀ ਬੰਨ੍ਹਿਆ ਜਾ ਸਕਦਾ ਹੈ। ਮਨੁੱਖੀ ਮਨ ਦੀ ਇਹੋ ਚੰਚਲਤਾ ਹੀ ਗਿਆਨ ਇੰਦਰੀਆਂ ਨੂੰ ਪ੍ਰਭਾਵਿਤ ਕਰਦੀ ਹੈ। ਵਿਸ਼ੇ ਵਿਕਾਰਾਂ ਕਾਰਨ ਮਨ ਵਿਚ ਤਰ੍ਹਾਂ ਤਰ੍ਹਾਂ ਦੇ ਵਿਚਾਰ ਉਤਪੰਨ ਹੁੰਦੇ ਹਨ ਤੇ ਉਨ੍ਹਾਂ ਵਿਚਾਰਾਂ ਪਿਛੇ ਮਨ ਇੱਧਰ-ਉਧਰ ਦੌੜਦਾ ਹੈ। ਜੀਵਨ ਮਨ ਦੀ ਇਸ ਚੰਚਲਤਾ ਕਾਰਨ ਹੀ ਅਜਾਈਂ ਬੀਤ ਜਾਂਦਾ ਹੈ।

1 ਚੰਚਲ ਮਨਵਾਂ ਚਹੁੰ ਦਿਸ ਧਾਵੈ, ਜਿਤਯਾ ਇੰਦ੍ਰੀ ਥਿਰ ਨ ਰਹਾਵੈ।
ਇਨ ਮਿਲਿ ਮੇਰੋ ਮਨ ਜੁ ਬਿਗਾਰਿਯੋ, ਦਿਨ ਦਿਨ ਹਰਿ ਜੀ ਸੂ ਅੰਤਰ ਪਾਰਿਯੋ।।[521]

2 ਐਸੋਈ ਹਰਿ ਕਯੂੰ ਪਾਇਬੋ, ਮਨੁ ਚੰਚਲੁ ਰੇ ਭਾਈ।
ਚਪਲ ਭਯੋ ਚਹੂੰ ਦਿਸ ਧਾਵਈ, ਰਾਖਯੋ ਨ ਰਹਾਈ।।[522]

3. ਮਨ ਮੇਰਾ ਮਾਯਾ ਮਹਿ ਲਪਟਾਨੋ।।
ਬਿਸਾ ਸਕਤ ਰਹਿਯੋ ਨਿਸਵਾਸਰ, ਅਜਹੂੰ ਨਾਹਿ ਅਘਾਨੋ।
ਕਾਮੀ ਕੁਟਿਲ ਲਵਾਰ ਕੁਚਾਲੀ, ਸਮਝਾਇ ਨਹੀਂ ਸਮਝਾਨੋ।।
- - - - - - - - - - - - - - - - - - - - - - - -।।
ਮਾਯਾ ਮਹਿ ਹਿਲਿ ਮਿਲਿ ਰਹਿਯੋ, ਕੋਟਿ ਸਾਟੇ ਜਨਮ ਗੰਵਾਨੋ।
ਕਹਿ 'ਰਵਿਦਾਸ' ਕਛੁ ਚੇਤ ਬਾਵਰੇ, ਰਾਮ ਨਾਮ ਬਿਨੁ ਨਾਹਿ ਉਵਰਾਨੋ।।[523]

ਡਾ. ਮਨਮੋਹਨ ਸਹਿਗਲ ਲਿਖਦੇ ਹਨ ਕਿ ਮਨੁੱਖੀ ਮਨ ਬਿਰਤੀਆਂ ਅਤੇ ਸੰਵੇਦਨਾਵਾਂ ਦਾ ਪੁੰਜ ਹੈ। ਹਰ ਪਲ ਇਸ ਵਿਚ ਵਿਕਾਰ ਉਤਪੰਨ ਹੋਕੇ ਮਨੁੱਖ ਨੂੰ ਕਰਮ-ਰਤ ਕਰਦੇ ਰਹਿੰਦੇ ਹਨ। ਇਸ ਤਰ੍ਹਾਂ ਇਕ ਚੇਤਨਾ ਪ੍ਰਵਾਹ ਚਲਦਾ ਹੈ। - - - - ਤ੍ਰਿਗੁਣਾਤਮਕ ਮਾਇਆ ਆਪਣੇ

ਗੁਣਾਂ ਦੇ ਕਾਰਨ ਮਨੁੱਖੀ ਮਨ ਦੀ ਉਕਤ ਬਿਰਤੀਆਂ ਨੂੰ ਪ੍ਰੇਰਿਤ ਅਤੇ ਸਜੀਵ ਬਣਾ ਰੱਖਣ ਦੇ ਸਮਰਥ ਹੈ।[524]

ਸ੍ਰੀ ਗੁਰੂ ਨਾਨਕ ਦੇਵ ਜੀ ਮਾਇਆ ਅਤੇ ਮਨ ਦਾ ਸੰਬੰਧ ਬਿਆਨਦੇ ਹੋਏ ਮਨ ਦੇ ਦੋ ਰੂਪ ਪ੍ਰਕਾਸ਼ਮਈ ਅਤੇ ਅੰਧਕਾਰਮਈ ਮਨ ਮੰਨਦੇ ਹਨ। ਮਾਇਆ ਤੋਂ ਮੁਕਤ ਮਨ ਪ੍ਰਕਾਸ਼ਮਈ ਮਨ ਹੈ ਅਤੇ ਮਾਇਆ ਯੁਕਤ ਮਨ ਅੰਧਕਾਰਮਈ ਮਨ ਹੈ। ਜੀਵ ਦਾ ਮਾਇਆ ਮੁਖੀ ਹੋਣਾ ਜਾਂ ਮਨਮੁੱਖ ਹੋਣਾ ਅੰਧਕਾਰਮਈ ਮਨ ਦਾ ਰੂਪ ਹੈ। ਮਾਇਆ ਦੇ ਪ੍ਰਭਾਵ ਦੇ ਨਸ਼ਟ ਹੋਣ ਤੇ ਮਨ ਅੰਧਕਾਰਮਈ ਨਹੀਂ ਹੁੰਦਾ ਤਦ ਤੱਕ ਜੀਵ ਆਪਣੇ ਅਸਲੀ ਸਰੂਪ ਨੂੰ ਪ੍ਰਾਪਤ ਨਹੀਂ ਕਰ ਸਕਦਾ।[525] ਪਰ ਮਨੁੱਖਾ ਮਨ ਜਿੰਦਗੀ ਦੀਆਂ ਮਾਇਕ ਖਾਹਿਸ਼ਾਂ ਕਾਰਨ ਮਾਇਆ ਦੇ ਅੰਨ੍ਹੇ ਖੂਹ ਵਿਚ ਡਿਗਿਆ ਪਿਆ ਹੈ। ਮਾਲਿਕ-ਪ੍ਰਭੂ ਦੀ ਸਹਾਇਤਾ ਤੋਂ ਬਿਨ੍ਹਾਂ ਇਹ ਇਸ ਅੰਨ੍ਹੇ ਖੂਹ ਵਿਚੋਂ ਨਹੀਂ ਨਿਕਲ ਸਕਦਾ। ਜਦ ਤੱਕ ਜੀਵ ਦੇ ਮਨ ਵਿਚ ਮਾਇਕ ਆਸਾਂ ਹਨ ਤਦ ਤੱਕ ਸਹਿਮ, ਫ਼ਿਕਰ ਬਣਿਆ ਰਹਿੰਦਾ ਹੈ। ਜੀਵ ਕਿਸੇ ਵੀ ਤਰ੍ਹਾਂ ਪਰਮਾਤਮਾ ਨੂੰ ਨਹੀਂ ਸਿਮਰ ਸਕਦਾ:-

ਅੰਧ ਕੂਪਿ ਮਾਇਆ ਮਨੁ ਗਾਡਿਆ ਕਿਉ ਕਰਿ ਉਤਰਉ ਪਾਰਿ ਸੁਆਮੀ।।
- - - - - - - - - - - - - - - - - - - - - - - - - - - - - -।।
ਜਬ ਆਸਾ ਅੰਦੇਸਾ ਤਬ ਹੀ ਕਿਉ ਕਰਿ ਏਕੁ ਕਰੈ।।[526]

ਮਨੁੱਖੀ ਮਨ ਵਿਚ ਜਦੋਂ ਤਕ ਸੰਸੇ ਮੌਜੂਦ ਹਨ ਅਤੇ ਬਾਹਰ ਅੱਖਾਂ ਵਿਚ ਮਾਇਆ ਦੀ ਸੁੰਦਰਤਾ ਦੀ ਖਿੱਚ ਪਾ ਰਹੀ ਹੈ ਉਦੋਂ ਤੱਕ ਜੀਵ ਦੁੱਖੀ ਰਹਿੰਦਾ ਹੈ:-

ਅੰਤਰਿ ਸਹਸਾ ਬਾਹਰਿ ਮਾਇਆ ਨੈਣੀ ਲਾਗਸਿ ਬਾਣੀ।।
ਪ੍ਰਣਵਤਿ ਨਾਨਕ ਦਾਸਨਿ ਦਾਸਾ ਪਰਤਾਪਹਿਗਾ ਪ੍ਰਾਣੀ।।[527]

ਮਾਇਆ ਗ੍ਰਸੇ ਮਨੁੱਖ ਦਾ ਇਹ ਮਨ ਮੂਰਖ ਹੈ, ਲਾਲਚੀ ਹੈ, ਹਰ ਵੇਲੇ ਲੋਭ ਵਿਚ ਫਸਿਆ ਰਹਿੰਦਾ ਹੈ। ਜਿਸ ਕਰਕੇ ਗੁਰੂ ਦੇ ਸ਼ਬਦ ਤੋਂ ਵਾਂਝਿਆ ਰਹਿਣ ਕਰਕੇ ਇਸ ਭੈੜੀ ਮੱਤ ਦੇ ਕਾਰਨ ਜਨਮ-ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ। ਮਾਇਆ ਦੇ ਰੰਗ ਵਿਚ

ਰੰਗ ਵਿਚ ਰੰਗਿਆ ਹੋਣ ਕਰਕੇ ਇਸਤੇ ਮਜ਼ਹਬੀ ਮਸਲਿਆਂ ਤੇ ਅਮਲਾਂ ਦਾ ਕੋਈ ਅਸਰ ਨਹੀਂ ਹੁੰਦਾ:-

1 ਏਹੁ ਮਨੋ ਮੂਰਖੁ ਲੋਭੀਆ ਲੋਭੇ ਲਗਾ ਲੋਭਾਨੁ ॥
ਸਬਦਿ ਨ ਭੀਜੈ ਸਾਕਤਾ ਦੁਰਮਤਿ ਆਵਨੁ ਜਾਨੁ ॥[528]
2 ਆਖਣੁ ਸੁਨਣਾ ਪਉਣ ਕੀ ਬਾਣੀ ਇਹੁ ਮਨੁ ਰਤਾ ਮਾਇਆ ॥[529]

ਮਾਇਆ ਨੇ ਮਨ ਨੂੰ ਸੰਸਾਰਕ ਮੋਹ ਦੇ ਜਾਲ ਵਿਚ ਬੀਨ੍ਹਿਆ ਹੋਇਆ ਹੈ। ਹਰ ਮਨੁੱਖ ਦੇ ਮਨ ਵਿੱਚ ਇਹ ਜਾਲ ਵਿਛਿਆ ਹੋਇਆ ਹੈ ਅਤੇ ਇਹ ਜਾਲ ਮਾਇਆ ਰੂਪੀ ਜ਼ਹਿਰ ਨਾਲ ਪਰੁੰਨ੍ਹਿਆ ਹੋਇਆ ਹੈ। ਇਸ ਲਈ ਜੋ ਵੀ ਜਨਮ ਲੈਂਦਾ ਹੈ ਉਹ ਆਤਮਕ ਮੌਤ ਦੇ ਵਸ ਵਿਚ ਹੈ। ਇਥੋਂ ਤੱਕ ਕਿ ਮਨੁੱਖ ਦੀ ਬੁੱਧੀ ਵੀ ਮਨ ਦੇ ਅਧੀਨ ਹੋਣ ਕਰਕੇ ਪਾਪ-ਪੁੰਨ ਬਾਰੇ ਵੀ ਨਿਰਣਾ ਨਹੀਂ ਕਰ ਸਕਦਾ। ਮਾਇਆ ਦੇ ਨਸ਼ੇ ਵਿਚ ਮਸਤ ਮਨ ਨੂੰ ਮਾਇਆ ਵੱਲੋਂ ਰਜ ਨਹੀਂ ਆਉਂਦਾ:-

ਮਨੁ ਮਾਇਆ ਬੀਧਓ ਸਰ ਜਾਲਿ ॥ ਘਟਿ ਘਟਿ ਬਿਆਪਿ ਰਹਿਓ ਬਿਖੁ ਨਾਲਿ ॥
ਜੋ ਆਂਜੈ ਸੋ ਦੀਸੈ ਕਾਲਿ ॥ ---------------
ਮਨ ਕਾ ਕਹਿਆ ਮਨਸਾ ਕਰੈ ॥ ਇਹੁ ਮਨੁ ਪੁੰਨੁ ਪਾਪੁ ਉਚਰੈ ॥
ਮਾਇਆ ਮਦਿ ਮਾਤੇ ਤ੍ਰਿਪਤਿ ਨ ਆਵੈ ॥[530]

ਸ੍ਰੀ ਗੁਰੂ ਨਾਨਕ ਦੇਵ ਜੀ ਰਾਗੁ ਆਸਾ ਵਿਚ ਲਿਖਦੇ ਹਨ ਕਿ ਕਲਿਜੁਗ 'ਸ਼ਰਾਬ ਪਿਲਾਉਣ ਵਾਲੀ ਕਲਵਾਰਿਨ ਹੈ। ਮਾਇਆ ਮਧੁਰ ਸ਼ਰਾਬ ਅਤੇ ਮਤਵਾਲਾ ਮਨ ਇਸ ਨੂੰ ਪੀਣ ਵਾਲਾ ਸ਼ਰਾਬੀ ਹੈ। ਇਸ ਤਰ੍ਹਾਂ ਮਾਇਆ ਅਨੇਕ ਤਰ੍ਹਾਂ ਦੇ ਰੂਪ ਧਾਰਣ ਕਰਦੀ ਹੈ। ਕਦੇ ਸਾਕੀ, ਕਦੇ ਸ਼ਰਾਬ ਅਤੇ ਕਦੇ ਸ਼ਰਾਬੀ ਬਣ ਜਾਂਦੀ ਹੈ:-

ਕਲਿ ਕਲਵਾਲੀ ਮਾਇਆ ਮਦੁ ਮੀਠਾ ਮਨੁ ਮਤਵਾਲਾ ਪੀਵਤੁ ਰਹੈ ॥
ਆਪੇ ਰੂਪਿ ਕਰੇ ਬਹੁਭਾਂਤੀ ਨਾਨਕੁ ਬਪੁੜਾ ਏਵ ਕਹੈ ॥[531]

ਮਨ ਮਾਇਕ ਵਿਸ਼ੇ ਵਿਕਾਰਾਂ ਵਿਚ ਫਸਿਆ ਆਪਾ-ਭਾਵ ਦਾ ਸ਼ਿਕਾਰ ਹੋ ਜਾਂਦਾ ਹੈ। ਜਦੋਂ ਤੱਕ ਆਪਾ-ਭਾਵ ਖਤਮ ਨਹੀਂ ਹੁੰਦਾ, ਉਦੋਂ ਤੱਕ ਮਨੁੱਖ ਪੂਰਨਤਾ ਗ੍ਰਹਿਣ ਨਹੀਂ ਕਰ ਸਕਦਾ। ਸਗੋਂ ਮਨ ਮਾਇਆ ਦੇ ਛਲ ਕਾਰਨ ਦ੍ਵੈਤ ਵਿਚ ਫਸਿਆ ਰਹਿੰਦਾ ਹੈ ਅਤੇ ਸੰਸਾਰਕ

ਚੱਕਰ ਵਿਚ ਆਉਂਦਾ ਜਾਂਦਾ ਅਤੇ ਭਰਮਾਂਦਾ ਰਹਿੰਦਾ ਹੈ। ਮਾਇਆ ਦੀ ਖ਼ਾਤਰ ਲਾਲਚੀ ਹੋਇਆ ਮਨ ਮੱਛੀ ਦੇ ਗਲ ਪਈ ਕੁੰਡੀ ਵਾਂਗ ਮਾਇਆ ਦੀ ਗੁਲਾਮੀ ਵਿਚ ਆਪਣੇ ਆਪ ਨੂੰ ਫਸਾ ਲੈਂਦਾ ਹੈ। ਕੁਰਾਹੇ ਪਿਆ ਮਨ ਭੌਰੇ ਵਾਂਗ ਭਟਕਦਾ ਹੈ। ਹਾਥੀ ਦੀ ਤਰ੍ਹਾਂ ਮਾਇਕ ਸੰਗਲ ਨਾਲ ਬੰਨ੍ਹਿਆ ਮਨ ਦੁੱਖ ਸਹਿਨ ਕਰਦਾ ਹੈ। ਸ਼੍ਰੀ ਗੁਰੂ ਨਾਨਕ ਦੇਵ ਜੀ ਇਸ ਚੰਚਲ ਮਨ ਨੂੰ ਵਿਸ਼ੇ ਵਿਕਾਰਾਂ ਵਲੋਂ ਰੋਕ ਕੇ ਇੱਜ਼ਤ ਤੇ ਇਤਬਾਰ ਪ੍ਰਾਪਤ ਕਰਨ ਲਈ ਪਰਮਾਤਮਾ ਦੇ ਨਾਮ-ਰਸ ਵਿਚ ਰੰਗੇ ਜਾਣ ਦੀ ਪ੍ਰੇਰਨਾ ਕਰਦੇ ਹਨ:-

1 ਪਰਪੰਚ ਵਿਆਪਿ ਰਹਿਆ ਮਨੁ ਦੋਇ॥ ਥਿਰੁ ਨਾਰਾਇਣੁ ਕਰੇ ਸੁ ਹੋਇ॥[532]
2 ਮਨੁ ਭੂਲਉ ਭਰਮਸਿ ਆਇ ਜਾਇ॥ ਅਤਿ ਲੁਬਧ ਲੁਭਾਨਉ ਬਿਖਮ ਮਾਇ॥
ਨਹ ਅਸਥਿਰੁ ਦੀਸੈ ਏਕ ਭਾਇ॥ ਜਿਉ ਮੀਨ ਕੁੰਡਲੀਆ ਕੰਠਿ ਪਾਇ॥
- - - - - - - - - - - - - - - - - - - - - - - - - - - - - -॥
ਮਨੁ ਚਲੈ ਨ ਜਾਣੈ ਨਾਕਿ ਰਾਖੁ॥ ਬਿਨੁ ਹਰਿ ਰਸ ਰਾਤੇ ਪਤਿ ਨ ਸਾਖੁ॥[533]

ਪਰ ਮਾਇਕ ਮੋਹ ਵਿਚ ਫਸ ਕੇ ਚੰਚਲ ਹੋ ਚੁੱਕਾ ਮਨ ਆਪਣੇ ਉੱਦਮ ਨਾਲ ਚੰਚਲਤਾ ਵਿਚੋਂ ਨਿਕਲ ਨਹੀਂ ਸਕਦਾ। ਮਨ ਨੂੰ ਟਿਕਾਉ ਨਹੀਂ ਆਉਂਦਾ ਜਿਸ ਕਰਕੇ ਦੁੱਖ ਸਹਾਰ ਸਹਾਰ ਕੇ ਇਸ ਦੀ ਆਤਮਕ ਮੌਤ ਹੋ ਜਾਂਦੀ ਹੈ।

ਚੰਚਲੁ ਚੀਤੁ ਨ ਪਾਵੈ ਪਾਰਾ॥ ਆਵਤ ਜਾਤ ਨ ਲਾਗੈ ਬਾਰਾ॥
ਦੂਖੁ ਘਣੋ ਮਰੀਐ ਕਰਤਾਰਾ॥ ਬਿਨੁ ਪ੍ਰੀਤਮ ਕੋ ਕਰੈ ਨ ਸਾਰਾ॥[534]

ਮਾਇਆ ਦੇ ਮੋਹ ਕਾਰਨ ਹੀ ਮਤਿ ਕਮਲੀ ਤੇ ਮਨ ਕਮਲਾ ਹੋ ਜਾਂਦਾ ਹੈ। ਇਸ ਤਰ੍ਹਾਂ ਝੂਠੇ ਲਾਲਚ ਵਿਚ ਫਸ ਕੇ ਮਨੁੱਖ ਆਪਣਾ ਜੀਵਨ ਅਜਾਈਂ ਗੁਆ ਲੈਂਦਾ ਹੈ। ਮਾਇਆ ਮਨੁੱਖ ਨੂੰ ਮੁੜ ਮੁੜ ਚੰਬੜਦੀ ਹੈ। ਪਰ ਇਸ ਨੂੰ ਰੋਕਿਆ ਨਹੀਂ ਜਾ ਸਕਦਾ। ਕਿਉਂਕਿ ਜਦੋਂ ਤਕ ਮਨ ਨਹੀਂ ਮਰਦਾ ਉਦੋਂ ਤੱਕ ਮਾਇਆ ਨਹੀਂ ਮਰਦੀ। ਅਜਿਹੀ ਅਵਸਥਾ ਵਿਚ ਗੁਰੂ ਦੇ ਸ਼ਬਦ ਰਾਹੀਂ ਹੀ ਦੁਬਿਧਾ ਤੋਂ ਬਚਿਆ ਜਾ ਸਕਦਾ ਹੈ ਅਤੇ ਸੰਸਾਰ-ਸਮੁੰਦਰ ਨੂੰ ਪਾਰ ਕੀਤਾ ਜਾ ਸਕਦਾ ਹੈ:-

ਦੁਬਿਧਾ ਬਉਰੀ ਮਨੁ ਬਉਰਾਇਆ॥ ਝੂਠੈ ਲਾਲਚਿ ਜਨਮੁ ਗਵਾਇਆ॥
- - - - - - - - - - - - - - - - - - - - - - - - - - - - ॥

ਨ ਮਨੁ ਮਰੈ ਨ ਮਾਇਆ ਮਰੈ॥
ਜਿਨੁ ਕਿਛੁ ਕੀਆ ਸੋਈ ਜਾਣੈ ਸਬਦੁ ਵੀਚਾਰਿ ਭਉ ਸਾਗਰੁ ਤਰੈ॥
- - - - - - - - - - - - - - - - - - - - - - - -॥
ਦੁਬਿਧਾ ਚੂਕੈ ਤਾਂ, ਸਬਦੁ ਪਛਾਣੁ॥ ਘਰ ਬਾਹਰ ਏਕੋ ਕਰਿ ਜਾਣੁ॥[535]

ਨਹੀਂ ਤਾਂ ਮਾਇਕ ਮੋਹ ਦੇ ਕਾਰਨ ਇਸ ਮਨ ਦੀ ਆਤਮਕ ਮੌਤ ਹੋ ਜਾਂਦੀ ਹੈ। ਪਰ ਇਸ ਅਟੱਲ ਨਿਯਮ ਦੀ ਉਲੰਘਣਾ ਨਹੀਂ ਕੀਤੀ ਜਾ ਸਕਦੀ। ਕੋਈ ਵਿਰਲਾ ਹੀ ਇਸ ਗੱਲ ਦੀ ਸੋਝੀ ਪ੍ਰਾਪਤ ਕਰਦਾ ਹੈ ਕਿ ਪ੍ਰਭੂ ਦੇ ਨਾਮ ਤੋਂ ਬਿਨਾਂ ਮਾਇਆ ਦੇ ਮੋਹ ਤੋਂ ਛੁਟਕਾਰਾ ਪ੍ਰਾਪਤ ਨਹੀਂ ਕੀਤਾ ਜਾ ਸਕਦਾ:-

ਇਸੁ ਮਨੁ ਮਾਇਆ ਮੋਹਿ ਬਿਨਾਸੁ॥ ਧੁਰਿ ਹੁਕਮਿ ਲਿਖਿਆ ਤਾਂ ਕਹੀਐ ਕਾਸੁ
ਗੁਰਮੁਖਿ ਵਿਰਲਾ ਚੀਨੈ ਕੋਈ॥ ਨਾਮ ਬਿਹੂਨਾ ਮੁਕਤਿ ਨ ਹੋਈ॥[536]

ਸਪੱਸ਼ਟ ਹੈ ਕਿ ਮਾਇਆ ਅਤੇ ਮਨ ਦਾ ਬਹੁਤ ਗੂੜ੍ਹਾ ਸੰਬੰਧ ਹੈ। ਮਨ ਚੰਚਲ ਹੋਣ ਕਰਕੇ ਮੋਹ-ਮਾਇਆ ਦੇ ਜਾਲ ਵਿਚ ਫਸ ਤਾਂ ਜਾਂਦਾ ਹੈ ਪਰ ਫਿਰ ਇਸ ਲਈ ਨਿਕਲਣਾ ਮੁਸ਼ਕਲ ਹੋ ਜਾਂਦਾ ਹੈ। ਜਿਸ ਕਰਕੇ ਮਨੁੱਖੀ ਮਨ ਅਤੇ ਪ੍ਰਭੂ ਦੀ ਦੂਰੀ ਵਧਦੀ ਜਾਂਦੀ ਹੈ। ਇਹ ਦੂਰੀ ਮਨ ਨੂੰ ਮਾਰ ਕੇ ਹੀ ਦੂਰ ਕੀਤੀ ਜਾ ਸਕਦੀ ਹੈ ਪਰ ਮਨ ਨੂੰ ਮਾਰਨ ਲਈ ਪਹਿਲਾਂ ਮਾਇਆ ਨੂੰ ਮਾਰਨਾ ਪੈਂਦਾ ਹੈ। ਇਹ ਕੰਮ ਗੁਰੂ ਦੀ ਕ੍ਰਿਪਾ ਤੇ ਪ੍ਰਭੂ ਦੇ ਨਾਮ ਰਾਹੀਂ ਹੀ ਸੰਭਵ ਹੋ ਸਕਦਾ ਹੈ। ਇਸ ਲਈ ਮਨ ਤੇ ਮਾਇਆ ਨੂੰ ਜਿੱਤਣ ਲਈ ਸ੍ਰੀ ਗੁਰੂ ਰਵਿਦਾਸ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰੂ ਦੇ ਸ਼ਬਦ ਅਤੇ ਪ੍ਰਭੂ ਦੇ ਨਾਮ ਤੇ ਜ਼ੋਰ ਦਿੱਤਾ ਹੈ। ਜਿਸ ਰਾਹੀਂ ਮਨ ਤੇ ਜਿੱਤ ਪ੍ਰਾਪਤ ਕੀਤੀ ਜਾ ਸਕਦੀ ਹੈ। 'ਮਨ ਜੀਤੈ ਜਗੁ ਜੀਤ'॥[537] ਅਤੇ ਮਨ ਨੂੰ ਨਿਰਵਿਕਾਰ ਕੀਤਾ ਜਾ ਸਕਦਾ ਹੈ। ਸ੍ਰੀਮਦ ਭਗਵਦ ਗੀਤਾ ਵਿਚ ਵੀ ਮਨ ਦੀ ਨਿਰਵਿਕਾਰ ਸਥਿਤੀ ਦੀ ਪ੍ਰਸੰਸਾ ਕੀਤੀ ਗਈ ਹੈ। ਗੀਤਾ ਵਿਚ ਲਿਖਿਆ ਹੈ ਕਿ ਜਿਨ੍ਹਾਂ ਦਾ ਮਨ ਸਮਅਵਸਥਾ ਵਿਚ ਸਥਿਤ ਹੋ ਗਿਆ ਹੈ ਉਨ੍ਹਾਂ ਨੇ ਇਸ ਸ੍ਰਿਸ਼ਟੀ ਨੂੰ ਜਿੱਤ ਲਿਆ ਹੈ।[538] ਉਪਨਿਸ਼ਦਾਂ ਵਿਚ ਵੀ ਮਨ ਨੂੰ ਮਨੁੱਖ ਦੇ ਬੰਧਨ ਅਤੇ ਮੁਕਤੀ ਦਾ ਕਾਰਣ ਮੰਨਿਆ ਗਿਆ ਹੈ।

ਇਸ ਤਰ੍ਹਾਂ ਸ੍ਰੀ ਗੁਰੂ ਰਵਿਦਾਸ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਾਇਆ ਅਤੇ ਮਨ ਸੰਬੰਧੀ ਵਿਚਾਰ ਉਪਨਿਸ਼ਦਾਂ ਅਤੇ ਗੀਤਾ ਦੇ ਵਿਚਾਰਾਂ ਨਾਲ ਜਾ ਮੇਲ ਖਾਂਦੇ ਹਨ।

## ਮਾਇਆ ਤੋਂ ਮੁਕਤੀ

ਸ੍ਰੀ ਗੁਰੂ ਰਵਿਦਾਸ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਜਿਥੇ ਮਨੁੱਖ ਨੂੰ ਮਾਇਆ ਵਿਚ ਲੀਨ ਅਤੇ ਗ੍ਰਸਿਆ ਹੋਇਆ ਦਰਸਾਇਆ ਹੈ ਉਥੇ ਗੁਰੂ ਸਾਹਿਬਾਨ ਦੀ ਬਾਣੀ ਇਸ ਮਾਇਆ ਤੋਂ ਮਨੁੱਖ ਨੂੰ ਮੁਕਤੀ ਦਾ ਰਾਹ ਵੀ ਦਰਸਾਉਂਦੀ ਹੈ। ਵਿਸ਼ੇ ਵਿਕਾਰਾਂ ਨਾਲ ਪੀੜਿਤ ਜੀਵ ਨੂੰ ਮਾਇਆ ਤੋਂ ਮੁਕਤ ਹੋਣ ਲਈ ਗੁਰੂ ਸਾਹਿਬਾਨ ਦੀ ਬਾਣੀ ਵਿਚ ਕਈ ਉਪਰਾਲੇ ਦੱਸੇ ਗਏ ਹਨ। ਜਿਨ੍ਹਾਂ ਵਿਚੋਂ ਗੁਰੂ ਅਤੇ ਪਰਮਾਤਮਾ ਦੀ ਕ੍ਰਿਪਾ, ਹਰਿ ਭਗਤੀ, ਨਾਮ-ਜਾਪ, ਗੁਰੂ ਦੀ ਸ਼ਰਣ ਅਤੇ ਸਾਧ ਸੰਗਤਿ ਹਉਮੈਂ ਦਾ ਤਿਆਗ ,ਨਿਰਮਾਣਤਾ ਆਦਿ ਬਹੁਤ ਜ਼ਰੂਰੀ ਹਨ।

ਅੱਜ ਦੇ ਕਲਜੁਗ ਦੇ ਸਮੇਂ ਵਿਚ ਮਨੁੱਖ ਲਈ ਮਾਇਆ ਤੋਂ ਮੁਕਤੀ ਦਾ ਮੁੱਖ ਸਾਧਨ ਹਰਿ ਭਗਤੀ ਹੈ ਅਤੇ ਹਰਿ ਭਗਤੀ ਲਈ ਨਾਮ-ਜਾਪ ਜ਼ਰੂਰੀ ਹੈ। ਸ੍ਰੀ ਗੁਰੂ ਰਵਿਦਾਸ ਜੀ ਵੀ ਨਾਮ ਸਿਮਰਨ ਤੇ ਜ਼ੋਰ ਦਿੰਦਿਆਂ ਲਿਖਦੇ ਹਨ:-

ਸਤਿਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾ ਚਾਰ ॥
ਤੀਨੌ ਜੁਗ ਤੀਨੌ ਦਿੜੈ ਕਲਿ ਕੇਵਲ ਨਾਮ ਅਧਾਰ।।੧।।ਪਾਰ ਕੈਸੇ ਪਾਇਬੋਰੇ।[539]

ਸ੍ਰੀ ਗੁਰੂ ਨਾਨਕ ਦੇਵ ਜੀ ਵੀ ਜੀਵ ਦੀ ਮੁਕਤੀ ਲਈ ਪਰਮਾਤਮਾ ਦੇ ਨਾਮ ਦਾ ਜਾਪ ਜ਼ਰੂਰੀ ਦੱਸਦੇ ਹਨ ਕਿਉਂਕਿ ਪਰਮਾਤਮਾ ਦੇ ਨਾਮ ਤੋਂ ਬਿਨਾ ਮਾਇਆ ਤੇ ਵਿਕਾਰਾਂ ਤੋਂ ਖਲਾਸੀ ਨਹੀਂ ਹੋ ਸਕਦੀ। ਇਸ ਖਲਾਸੀ ਲਈ ਪਰਮਾਤਮਾ ਦੇ ਨਾਮ ਤੋਂ ਸ੍ਰੇਸ਼ਟ ਹੋਰ ਕੋਈ ਚੀਜ਼ ਨਹੀਂ:-

ਕਲ ਮਹਿ ਰਾਮ ਨਾਮੁ ਸਾਰੁ।। - - - - -
ਬਿਨੁ ਨਾਮ ਹਰਿ ਕੇ ਮੁਕਤ ਨਾਹੀ ਕਹੈ ਨਾਨਕ ਦਾਸ।।[540]

ਪਰਮਾਤਮਾ ਅਤੇ ਆਤਮਾ ਵਿਚਾਲੇ ਭੇਦ ਪਾਉਣ ਵਾਲੀ ਸ਼ਕਤੀ ਮਾਇਆ ਹੈ। ਇਹ ਬੜੀ ਪ੍ਰਬਲ ਸ਼ਕਤੀ ਹੈ। ਸਾਰਾ ਸੰਸਾਰ ਇਸ ਦੇ ਪ੍ਰਭਾਵ ਅਧੀਨ ਹੈ। ਮਨੁੱਖ ਦੀ ਚਿੰਤਨ ਸ਼ਕਤੀ

ਵਿੱਚ ਇਸੇ ਦੇ ਪ੍ਰਭਾਵ ਹੇਠ ਵਿਕਾਰ ਪੈਦਾ ਹੁੰਦੇ ਹਨ ਜਿਸ ਕਰਕੇ ਜੀਵ ਆਪਣੇ ਮੂਲ ਨੂੰ ਭੁੱਲ ਕੇ ਸੰਸਾਰਕ ਮਾਇਆ ਨੂੰ ਹੀ ਸਭ ਕੁਝ ਸਮਝ ਬੈਠਦਾ ਹੈ। ਸ੍ਰੀ ਗੁਰੂ ਰਵਿਦਾਸ ਜੀ ਮਨੁੱਖ ਨੂੰ ਇਸ ਦੇ ਮੋਹ ਜਾਲ ਤੋਂ ਮੁਕਤ ਹੋਣ ਲਈ ਹਰਿ ਸ਼ਰਨ ਵਿਚ ਜਾਣ ਦੀ ਪ੍ਰੇਰਨਾ ਕਰਦੇ ਹਨ। ਥੋਥੀ ਮਾਇਆ ਦੇ ਪ੍ਰਭਾਵ ਤੋਂ ਬਚਣ ਲਈ ਹਰਿ ਭਗਤੀ ਜ਼ਰੂਰੀ ਹੈ।

1 ਮਨ ਮਾਯਾ ਕੇ ਹਾਥਿ ਬਿਕਾਨੋ।।
ਚੰਚਲ ਮਨਵਾਂ ਚਹੁੰ ਦਿਸ ਧਾਵੈ, ਜਿਭਯਾ ਇੰਦ੍ਰੀ ਥਿਰ ਨ ਰਹਾਵੈ।।
ਇਨ ਮਿਲਿ ਮੇਰੋ ਮਨ ਜੁ ਬਿਗਾਰਿਯੋ, ਦਿਨ ਦਿਨ ਹਰਿ ਜੀ ਸੂੰ ਅੰਤਰ ਪਾਰਿਯੋ।
- - - - - - - - - - - - - - - - - - - - - - - - - - - - - -।।
ਕੇਵਲ ਰਾਮ ਨਾਮ ਨਹਿੰ ਲੀਯਾ, ਸੰਤੁਤਿ ਬਿਖੈ ਸਵਾਦ ਚਿਤ ਦੀਯਾ।
ਕਹੈ 'ਰਵਿਦਾਸ' ਕਹਾਂ ਲਗ ਕਹਿਯੈ, ਬਿਨ ਜਗਨਾਥ ਬਹੁਤ ਦੁਖ ਸਹਿਯੈ।।[541]

2 ਯਹ ਮਾਯਾ ਸਬ ਥੋਥਰੀ, ਭਗਤਿ ਹੈ ਪਤਿ ਪਾਰਿ
ਕਹੈ 'ਰਵਿਦਾਸ' ਸਤਿ ਵਚਨ ਗੁਰ ਕੇ, ਸੋ ਨ ਜੀਅ ਤੈਂ ਟਾਰਿ।।[542]

ਸ੍ਰੀ ਗੁਰੂ ਨਾਨਕ ਦੇਵ ਜੀ ਵੀ ਮਾਇਆ ਤੋਂ ਮੁਕਤੀ ਪ੍ਰਾਪਤ ਕਰਨ, ਅਹੰਕਾਰ ਤਿਆਗਣ ਅਤੇ ਆਤਮਕ ਮੌਤ ਤੇ ਜਿੱਤ ਪ੍ਰਾਪਤ ਕਰਨ ਲਈ ਪ੍ਰਭੂ ਮਿਲਾਪ ਅਤੇ ਗੁਰੂ ਮਿਲਾਪ ਜ਼ਰੂਰੀ ਦੱਸਦੇ ਹਨ। ਕਿਉਂ ਕਿ ਸਤਿਗੁਰ ਦੀ ਦੱਸੀ ਕਾਰ ਤੋਂ ਬਿਨ੍ਹਾਂ ਪ੍ਰਭੂ ਨਾਲ ਮੇਲ ਨਹੀਂ ਹੁੰਦਾ ਅਤੇ ਗੁਰੂ ਤੋਂ ਬਿਨ੍ਹਾਂ ਮੁਕਤੀ ਨਹੀਂ ਹੁੰਦੀ। ਪਰ ਕੋਈ ਵਿਰਲਾ ਹੀ ਇਸ ਗੱਲ ਦੀ ਸੋਝੀ ਪ੍ਰਾਪਤ ਕਰਦਾ ਹੈ ਕਿ ਪ੍ਰਭੂ ਦੇ ਨਾਮ ਤੋਂ ਬਿਨ੍ਹਾਂ ਮਾਇਆ ਦੇ ਮੋਹ ਤੋਂ ਖਲਾਸੀ ਨਹੀਂ ਹੋ ਸਕਦੀ:-

1 ਬਿਨੁ ਸਤਿਗੁਰ ਭੇਟੇ ਮੁਕਤਿ ਨ ਕੋਈ।। ਬਿਨੁ ਸਤਿਗੁਰ ਭੇਟੇ ਨਾਮ ਪਾਇਆ ਨ ਜਾਇ।।
ਬਿਨੁ ਸਤਿਗੁਰ ਭੇਟੇ ਮਹਾਂ ਦੁਖੁ ਪਾਇ।।[543]
2 ਗੁਰਮੁਖਿ ਵਿਰਲਾ ਜਾਣੈ ਕੋਈ।। ਨਾਮ ਬਿਹੂਣਾ ਮੁਕਤਿ ਨ ਹੋਈ।।[544]

ਇਹ ਸਰੀਰ ਕਿਉਂ ਕਿ ਤ੍ਰੈਗੁਣੀ ਮਾਇਆ ਦਾ ਸਰੂਪ ਹੈ। ਇਸ ਲਈ ਅੰਦਰੋਂ ਮਾਇਆ ਦੀ ਤ੍ਰਿਸਨਾ, ਹਉਮੈਂ ਅਹੰਕਾਰ ਖਤਮ ਕਰਨ ਤੇ ਮਾਇਆ ਤੋਂ ਮੁਕਤੀ ਪ੍ਰਾਪਤ ਕਰਨ ਲਈ ਪਰਮਾਤਮਾ ਦੇ ਨਾਮ ਦਾ ਸਿਮਰਨ ਜ਼ਰੂਰੀ ਹੈ। ਪਰਮਾਤਮਾ ਦਾ ਨਾਮ ਗੁਰੂ ਦੀ ਸ਼ਰਨ ਪਿਆਂ ਹੀ ਜਪਿਆ ਜਾ ਸਕਦਾ ਹੈ:—

ਏਹੁ ਸਰੀਰੁ ਹੈ ਤ੍ਰੈਗੁਣ ਧਾਤੁ।। ਇਸ ਨੋ ਵਿਆਪੈ ਸੋਗ ਸੰਤਾਪੁ।।- - - -
ਜਹ ਜਹ ਦੇਖਾ ਤਹ ਤਹ ਸੋਈ।। ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ।।[545]

ਗੁਰੂ ਦੀ ਸ਼ਰਨ ਅਤੇ ਪਰਮਾਤਮਾ ਦੇ ਨਾਮ ਦਾ ਜਾਪ ਕਰਨ ਦੇ ਨਾਲ ਨਾਲ ਮਾਇਆ ਤੋਂ ਮੁਕਤੀ ਹਾਸਲ ਕਰਨ ਲਈ 'ਹਉਮੈਂ' ਦਾ ਤਿਆਗ ਅਤੇ ਨਿਰਮਾਣਤਾ ਵੀ ਬਹੁਤ ਜ਼ਰੂਰੀ ਹੈ। ਮਨੁੱਖ ਕੁਕਰਮ ਕਰਦਾ ਹੈ। ਇਹ ਜੀਵ ਰੂਪੀ ਬੇੜੀ ਕੁਕਰਮ ਰੂਪੀ ਪੱਥਰਾਂ ਦੇ ਭਾਰ ਨਾਲ ਲੋਭ-ਰੂਪੀ ਤਰੰਗਾਂ ਦੇ ਥਪੇੜੇ ਖਾਕੇ ਸੰਸਾਰ ਰੂਪੀ ਸਾਗਰ ਵਿਚ ਡੁੱਬ ਜਾਂਦੀ ਹੈ। ਹੰਕਾਰ ਦਾ ਤਿਆਗ ਅਤੇ ਨਿਰਮਾਣਤਾ ਧਾਰਨ ਕਰਕੇ ਅਤੇ ਪ੍ਰਭੂ ਦੀ ਪ੍ਰੇਮ ਭਗਤੀ ਨਾਲ ਹੀ ਇਹ ਮਨ ਰੂਪੀ ਮਛਲੀ ਮਾਇਆ ਰੂਪੀ ਸਾਗਰ ਨੂੰ ਤਰ ਸਕਦੀ ਹੈ:—

1. ਲੋਹ ਕੀ ਨਾਵ ਪਖਾਨਨ ਬੋਝੀ, ਸੁਕ੍ਰਿਤ ਭਗਤਿ ਬਿਹੂਨਾ।
ਲੋਭ ਤਰੰਗ ਮੋਹ ਭਯੋ ਗਾਲੈ, ਮਨ ਮੀਨ ਭਯੋ ਜਲ ਲੀਨਾ।।[546]
2. ਲਿਯੋ ਵਿਵਿਧ ਜੋਨਿ ਬਾਸ, ਜਮ ਕੀ ਅਗਮ ਤ੍ਰਾਸ, ਤੁਮਰੇ ਭਜਨ ਬਿਨ ਭ੍ਰਮਤ ਫਿਰਯੋ।
ਮਮਤਾ ਅਹ ਵਿਸ਼ੈ ਮਦ ਮਾਤੇ, ਇਸ ਸੁਖ ਕਬਹੂੰ ਨ ਦੁਤਰ ਤਿਰਯੋ।।[547]
3. ਤਜਿ ਅਭਿਮਾਨ ਮੇਟਿ ਆਪਾ ਪਰ, ਪਿਪਲਕ ਹੋਇ ਚੁਣਿ ਖਾਵੈ।।[548]

ਗੁਰੂ ਰਵਿਦਾਸ ਜੀ ਅਨੁਸਾਰ ਗੁਰੂ ਦੇ ਗਿਆਨ ਅਤੇ ਪ੍ਰੇਮ ਭਗਤੀ ਨਾਲ ਮਾਇਆ ਦੇ ਅਨੇਕ ਭਰਮਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਗੁਰੂ ਦੇ ਦੱਸੇ ਰਾਹ ਤੇ ਚੱਲਣ ਨਾਲ ਹੀ ਮਨ ਦੀ ਤ੍ਰਿਸ਼ਨਾ ਤੇ ਸੰਤਾਪ ਮਿਟ ਸਕਦਾ ਹੈ:—

1. ਗੁਰੂ ਕੋ ਗਯਾਨ ਪ੍ਰੇਮ ਕੀ ਸਾਂਟੀ, ਕੁਬੁਧ ਕੁਕਰਮ ਛੁਡਾਈ।
ਕਹਿ ਰਵਿਦਾਸ ਮਨ ਥਿਰ ਹ੍ਵੈਸੀ, ਚਲਿ ਸਬ ਛਾਂਡੀ ਗੁਰ ਸਰਣਾਈ।।[549]

2 ਧਨ ਦਾਰਾ ਮਹਿ ਰਹਿਯੋ ਮਗਨ ਨਿਤ, ਗੁਨਯੋ ਨ ਮਿਥੁ ਕੌ ਤਾਪ।।
ਕਹਿ ਰਵਿਦਾਸ ਗੁਰ ਰਾਹ ਦਿਖਾਵਹਿ ਤ੍ਰਿਖਾ ਬੁਝਿ ਮਿਟਿ ਮਨ ਸੰਤਾਪ।।[550]
3 ਕਹੈ ਰਵਿਦਾਸ ਰਾਮ ਜਪ ਰਸਨਾ, ਮਾਯਾ ਕਾਹੂ ਕੇ ਸੰਗ ਨ ਰਹੈ ਰੇ।।[551]

ਸ੍ਰੀ ਗੁਰੂ ਨਾਨਕ ਦੇਵ ਜੀ ਵੀ ਗੁਰੂ ਦੀ ਮਹਿਮਾ ਗਾਉਂਦੇ ਹੋਏ ਲਿਖਦੇ ਹਨ ਕਿ ਗੁਰੂ ਦੀ ਕ੍ਰਿਪਾ ਨਾਲ ਪ੍ਰਭੂ ਦੇ ਦਰਸ਼ਨ ਕਰਕੇ ਜੀਵ ਨੂੰ ਇਸ ਗੱਲ ਦੀ ਸੋਝੀ ਹੋ ਜਾਂਦੀ ਹੈ ਕਿ ਪ੍ਰਭੂ ਜੰਮਦਾ-ਮਰਦਾ ਨਹੀਂ ਤੇ ਨਾਹੀ ਜੀਵਾਤਮਾ ਮਰਦੀ ਹੈ ਸਗੋਂ ਮਨੁੱਖ ਦੇ ਅੰਦਰੋਂ ਮਾਇਆ ਦੀ ਮਮਤਾ-ਰੂਪੀ ਚੁੜੇਲ ਮਰ ਜਾਂਦੀ ਹੈ:-

ਹਉ ਨ ਮੂਆ ਮੇਰੀ ਮੁਈ ਬਲਾਇ।। ਓਹੁ ਨ ਮੂਆ ਜੋ ਰਹਿਆ ਸਮਾਇ।।
ਕਹੁ ਨਾਨਕ ਗੁਰਿ ਬ੍ਰਹਮ ਦਿਖਾਇਆ।। ਮਰਤਾ ਜਾਤਾ ਨਦਰਿ ਨ ਆਇਆ।[552]

ਮਾਇਆ ਤੋਂ ਮੁਕਤੀ ਪ੍ਰਾਪਤ ਕਰਨ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪ੍ਰਭੂ ਦੇ ਹੁਕਮ ਵਿਚ ਚੱਲਣ ਦਾ ਉਪਦੇਸ਼ ਦਿੱਤਾ ਹੈ। ਆਪਣੇ ਆਪ ਨੂੰ ਪ੍ਰਭੂ ਦੇ ਸਮਰਪਣ ਕਰ ਦੇਣ ਅਤੇ ਪ੍ਰਭੂ ਦੇ ਨਾਮ ਦਾ ਸਿਮਰਨ ਕਰਨ ਨਾਲ ਵੀ ਮਾਇਆ ਰੂਪੀ ਕੂੜ ਦਾ ਪਰਦਾ ਤੋੜਿਆ ਜਾ ਸਕਦਾ ਹੈ ਅਤੇ ਮਾਇਆ ਦੇ ਝੰਜਟਾਂ ਦਾ ਅੰਤ ਕੀਤਾ ਜਾ ਸਕਦਾ ਹੈ:-

ਕਿਵ ਸਚਿਆਰਾ ਹੋਈਐ, ਕਿਵ ਕੂੜੈ ਤੁਟੈ ਪਾਲਿ।।
ਹੁਕਮਿ ਰਜਾਈ ਚਲਣਾ, ਨਾਨਕ ਲਿਖਿਆ ਨਾਲਿ।।[553]

ਆਤਮ ਸਮਰਪਣ ਦੇ ਨਾਲ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਮਨੁੱਖ ਨੂੰ ਹਉਮੈ ਤੇ ਅਹੰਕਾਰ ਦਾ ਤਿਆਗ ਕਰਕੇ ਨਿਮਰਤਾ ਧਾਰਨ ਕਰਨ ਦਾ ਉਪਦੇਸ਼ ਦਿੰਦੇ ਲਿਖਦੇ ਹਨ ਕਿ ਇਹ ਮਾਇਆ ਦੀ ਮਮਤਾ, ਹਉਮੈ ਤੇ ਅਹੰਕਾਰ ਉਨ੍ਹਾਂ ਨੂੰ ਹੀ ਠਗਦੀ ਹੈ ਜੋ ਦੁਨਿਆਵੀ ਕਾਰ ਵਿਚ ਲੱਗਕੇ ਪਰਮਾਤਮਾ ਦਾ ਨਾਮ ਭੁਲਾ ਬੈਠੇ ਹਨ ਗੁਰੂ ਦੀ ਕ੍ਰਿਪਾ ਨਾਲ ਜਿਸ ਗੁਰਮੁਖਿ ਨੇ ਗਿਆਨ ਇੰਦ੍ਰੀਆਂ ਤੇ ਕਾਬੂ ਪਾ ਲਿਆ ਹੈ ਉਸ ਨੂੰ ਪ੍ਰਭੂ ਦਾ ਮਿਲਾਪ ਪ੍ਰਾਪਤ ਹੋ ਜਾਂਦਾ ਹੈ। ਮਾਇਆ ਪਦਾਰਥਾਂ ਨਾਲ ਪਿਆਰ ਖਤਮ ਹੋ ਜਾਂਦਾ ਹੈ ਅਤੇ ਮਾਇਆ ਦੀ ਮਮਤਾ ਖਤਮ ਹੋ ਜਾਂਦੀ ਹੈ:-

ਹਉਮੈ ਮਮਤਾ ਮੋਹਣੀ ਸਭ ਮੁਠੀ ਅਹੰਕਾਰਿ।।ਰਹਾਉ।।

ਜਿਨੀ ਨਾਮੁ ਵਿਸਾਰਿਆ ਦੂਜੀ ਕਾਰੈ ਲਗਿ।। ਦੁਬਿਧਾ ਲਾਗੇ ਪਚਿ ਮੁਏ ਅੰਤਰਿ ਤ੍ਰਿਸਨਾ ਅਗਿ।

ਗੁਰਿ ਰਾਖੇ ਸੇ ਉਬਰੇ ਹੋਰਿ ਮੁਠੀ ਧੰਧੈ ਠਗਿ।।

ਮੁਈ ਪਰੀਤਿ ਪਿਆਰੁ ਗਇਆ ਮੁਆ ਵੈਰੁ ਵਿਰੋਧੁ।।

ਧੰਧਾ ਥਕਾ ਹਉ ਮੁਈ ਮਮਤਾ ਮਾਇਆ ਕ੍ਰੋਧੁ।।

ਕਰਮਿ ਮਿਲੈ ਸਚੁ ਪਾਈਐ ਗੁਰਮੁਖਿ ਸਦਾ ਨਿਰੋਧੁ।।[554]

ਇਸ ਤਰ੍ਹਾਂ ਸ੍ਰੀ ਗੁਰੂ ਰਵਿਦਾਸ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਾਇਆ ਤੋਂ ਮੁਕਤੀ ਪ੍ਰਾਪਤ ਕਰਨ ਲਈ ਗੁਰੂ ਗਿਆਨ, ਗੁਰੂ ਦੀ ਸ਼ਰਨ, ਗੁਰੂ ਕ੍ਰਿਪਾ, ਨਾਮ-ਜਪ, ਆਤਮ ਸਮਰਪਣ, ਹਉਮੈ ਅਤੇ ਅਹੰਕਾਰ ਦਾ ਤਿਆਗ ਜ਼ਰੂਰੀ ਦੱਸਿਆ ਹੈ। ਗੁਰੂ ਨੂੰ ਆਤਮ-ਸਮਰਪਣ ਕਰਕੇ ਪ੍ਰਭੂ ਦਾ ਨਾਮ ਜਪਦਿਆਂ ਹਉਮੈ ਅਤੇ ਅਹੰਕਾਰ ਦਾ ਤਿਆਗ ਕਰਕੇ ਮਾਇਕ ਪਦਾਰਥਾਂ ਨਾਲ ਪਿਆਰ ਖਤਮ ਹੋਣ ਤੇ ਹੀ ਮਾਇਆ ਤੋਂ ਮੁਕਤੀ ਮਿਲ ਸਕਦੀ ਹੈ।

ਸ੍ਰੀ ਗੁਰੂ ਰਵਿਦਾਸ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਾਇਆ ਸੰਬੰਧੀ ਵਿਚਾਰਾਂ ਦਾ ਅਧਿਐਨ ਕਰਨ ਪਿਛੋਂ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਉਨ੍ਹਾਂ ਦਾ 'ਮਾਇਆ' ਸੰਬੰਧੀ ਖਿਆਲ ਭਾਰਤੀ ਮਤਾਂ ਵਿਚ 'ਵੇਦਾਂਤ' ਦੇ ਜ਼ਿਆਦਾ ਨਜ਼ਦੀਕ ਹੈ। ਗੀਤਾ ਅਤੇ ਉਪਨਿਸ਼ਦਾਂ ਦਾ ਪ੍ਰਭਾਵ ਵੀ ਕਿਤੇ ਕਿਤੇ ਵੇਖਣ ਨੂੰ ਮਿਲਦਾ ਹੈ। ਦੋਵੇਂ ਗੁਰੂ ਇਸ ਵਿਚਾਰ ਨਾਲ ਸਹਿਮਤ ਹਨ ਕਿ ਸੰਸਾਰਕ ਪ੍ਰਪੰਚ ਮਾਇਆ ਦਾ ਹੀ ਪਸਾਰ ਹੈ। ਇਹ ਮਾਇਆ ਵੀ ਸ੍ਰਿਸ਼ਟੀ ਹੈ। ਇਸਦੀ ਸਿਰਜਣਾ ਪਰਮਾਤਮਾ ਦੁਆਰਾ ਹੋਕੇ ਉਸੇ ਵਿਚ ਸਮਾ ਜਾਂਦੀ ਹੈ। ਮਾਇਆ ਮਿਥਿਆ ਹੈ। ਸੰਸਾਰ ਮਾਇਆ ਦਾ ਪ੍ਰਪੰਚ ਹੋਣ ਕਰਕੇ ਸੰਸਾਰ ਵੀ ਮਿਥਿਆ ਹੈ। ਸੱਚ ਕੇਵਲ ਬ੍ਰਹਮ ਹੈ। ਮਾਇਆ ਮਨੁੱਖੀ ਮਨ ਦੀ ਉਪਜ ਹੈ ਤੇ ਮਨਮੋਹਣੀ ਸ਼ਕਤੀ ਹੋਣ ਕਰਕੇ ਇਸ ਨੇ ਜੀਵ ਨੂੰ ਸੰਸਾਰਕ ਮੋਹ ਨਾਲ ਗ੍ਰਸਿਆ ਹੋਇਆ ਹੈ। ਡਾ. ਸ਼ੇਰ ਸਿੰਘ ਲਿਖਦੇ ਹਨ ਕਿ ਮਾਇਆ ਗੁਰੂ ਸਾਹਿਬ ਦੇ ਖਿਆਲ ਅਨੁਸਾਰ ਅਚਲ ਨਿਯਮ ਨਹੀਂ ਹੈ ਇਹ ਮਨੁਖਾ ਮਨ ਬੁੱਧੀ ਕਰਕੇ ਰੂਪ ਧਾਰਦੀ ਹੈ। ਏਸਦੀ ਹੋਂਦ ਮਨ-ਬੁੱਧੀ ਦੀ ਹੋਂਦ ਦੇ ਨਾਲ ਕਾਇਮ ਹੈ। ਮਨ-ਬੁੱਧੀ-ਮਾਇਆ ਸਭ ਹਉਮੈ ਦੇ ਅੰਦਰ ਹਨ। ਇਸ ਲਈ ਮਨੁੱਖ ਨੂੰ ਏਸ ਮਾਇਆ ਦਾ ਗਿਆਨ ਅਨੁਭਵੀ ਨਹੀਂ ਹੈ। - - - - - ਸਭ ਕੁਝ ਚਲਾਇਮਾਨ ਹੈ। ਜੇ ਕੋਈ ਤੱਤ ਸੱਤ ਹੈ ਤਾਂ ਉਹ ਅਫੁਰ ਬ੍ਰਹਮ ਹੈ। ਉਸ ਤੋਂ ਬਿਨ੍ਹਾਂ ਜੋ ਕੁਝ ਵੀ ਪਸਾਰਾ ਹੈ ਸਭ ਅਸੱਤ ਹੈ। ਇਹ ਝੂਠ ਨਹੀਂ ਹੈ

ਧੋਖਾ ਨਹੀਂ ਹੈ ਪਰ ਰਲਾਇਮਾਨ ਜ਼ਰੂਰ ਹੈ। ਏਸ ਰਲਾਇਮਾਨਤਾ ਦੇ ਨਿਯਮ ਦਾ ਨਾਉਂ ਮਾਇਆ ਹੈ।"[555] ਗੁਰੂ ਜੀ ਅਨੁਸਾਰ ਮਾਇਆ ਅਨਿਰਵਚਨੀਯ ਸ਼ਕਤੀ ਹੈ। ਇਹ ਅਵਿਦਿਆ ਜਾਂ ਅਗਿਆਨਤਾ ਹੀ ਹੈ। ਇਹ ਬ੍ਰਹਮ ਦੀ ਸਮਰਥਕ ਸ਼ਕਤੀ ਨਾ ਹੋ ਕੇ ਤ੍ਰੈਗੁਣਾਤਮਕ ਅਤੇ ਵਿਕਟ ਹੈ। ਇਹ ਜੀਵ ਦੇ ਕਰਮਾਂ ਦਾ ਫਲ ਹੈ ਇਹ ਸ਼ੱਕਰ ਵਰਗੀ ਮਿੱਠੀ, ਨਾਗਣ ਵਰਗੀ ਜ਼ਹਿਰੀ ਕਾਲ-ਰੂਪੀ, ਭਰਮਾਂ ਦਾ ਪੁੰਜ, ਛੁੱਟੜ ਇਸਤ੍ਰੀ ਵਰਗੀ ਅਤੇ ਜਾਲ ਦੀ ਤਰ੍ਹਾਂ ਬੰਧਨ-ਰੂਪ ਹੈ। ਮਾਇਆ ਦੇ ਪ੍ਰਭਾਵ ਕਾਰਨ ਹੀ ਮਨੁੱਖੀ ਮਨ ਵਿਚ ਵਿਕਾਰ ਪੈਦਾ ਹੁੰਦੇ ਹਨ ਅਤੇ ਜੀਵ ਆਪਣੇ ਮੂਲ ਰੂਪ ਨੂੰ ਭੁੱਲ ਕੇ ਸੰਸਾਰਕ ਪ੍ਰਪੰਚ ਜਾਂ ਮਾਇਆ ਨੂੰ ਹੀ ਸਭ ਕੁਝ ਸਮਝ ਬੈਠਦਾ ਹੈ। ਜਿਸ ਕਰਕੇ ਮਨੁੱਖ ਕਰਮਾਂ ਦੇ ਗੇੜ ਵਿਚ ਜਾ ਫਸਦਾ ਹੈ ਅਤੇ ਪ੍ਰਭੂ ਤੋਂ ਦੂਰ ਹੋ ਜਾਂਦਾ ਹੈ। ਪਰ ਇਹ ਮਾਇਆ ਵੀ ਦੋ ਕਿਸਮ ਦੀ ਹੈ। ਇਕ ਪ੍ਰਭੂ ਨੂੰ ਮਿਲਾਉਣ ਵਾਲੀ ਅਤੇ ਦੂਜੀ ਉਸ ਤੋਂ ਵਿਛੋੜਨ ਵਾਲੀ। ਇਸ ਤਰ੍ਹਾਂ ਗੁਰੂ ਜੀ ਨੇ ਮਾਇਆ ਨੂੰ ਹਉਮੈ ਰੂਪ ਵਿਚ ਚਿਤਰਕੇ ਇਸ ਦੇ ਦੋ ਰੂਪ ਦੱਸੇ ਹਨ। ਇਸ ਤਰ੍ਹਾਂ ਜਗਤ ਤੇ ਮਾਇਆ ਮਿਥਿਆ ਹੈ ਤੇ ਬ੍ਰਹਮ ਦਾ ਪਸਾਰਾ ਹੈ। ਇਥੇ ਗੁਰੂ ਜੀ ਦਾ ਇਹ ਵਿਚਾਰ ਸ਼ੰਕਰਾਚਾਰੀਆ ਦੇ ਮਾਇਆਵਾਦ ਨਾਲ ਮੇਲ ਖਾਂਦਾ ਹੈ। ਡਾ. ਧਰਮਪਾਲ ਸਿੰਗਲ ਵੀ ਇਸ ਗੱਲ ਦੇ ਹਾਮੀ ਹਨ ਉਨ੍ਹਾਂ ਅਨੁਸਾਰ ਜਦ ਸ਼ੰਕਰਾਚਾਰੀਆ ਬ੍ਰਹਮ ਨੂੰ ਸੱਤ ਤੇ ਜਗਤ ਨੂੰ ਮਿਥਿਆ ਕਹਿੰਦੇ ਹਨ ਤਾਂ ਇਨ੍ਹਾਂ ਹੀ ਅਰਥਾਂ ਵਿਚ ਉਹ ਮਾਇਆ ਦਾ ਵਖਾਣ ਕਰਦੇ ਹਨ। ਉਨ੍ਹਾਂ ਨੇ ਅਗਿਆਨ, ਅਵਿਦਿਆ, ਭ੍ਰਮ ਤੇ ਨਾਮ ਰੂਪਾਤਮਕ ਜਗਤ ਨੂੰ ਮਾਇਆ ਦਾ ਨਾਂ ਦਿੱਤਾ ਹੈ।[556]

ਇੰਨਾ ਕੁਝ ਹੋਣ ਦੇ ਬਾਵਜੂਦ ਵੀ ਮਾਇਆ ਪ੍ਰਭੂ ਦੇ ਅਧੀਨ ਹੈ। ਇਸਦੀ ਆਪਣੀ ਕੋਈ ਸੁਤੰਤਰ ਹੋਂਦ ਨਹੀਂ ਹੈ। ਪ੍ਰਭੂ ਦੇ ਹੁਕਮ ਨਾਲ ਹੀ ਜੀਵ ਮਾਇਆ ਵਿਚ ਜਕੜਿਆ ਜਾਂਦਾ ਹੈ ਅਤੇ ਗੁਰੂ ਦੀ ਸ਼ਰਣ, ਪ੍ਰਭੂ ਪ੍ਰਾਪਤੀ, ਨਾਮ-ਜਪ, ਹਉਮੈ ਅਤੇ ਅਹੰਕਾਰ ਦਾ ਤਿਆਗ ਕਰਕੇ ਅਤੇ ਨਿਰਮਾਣਤਾ ਧਾਰਨ ਕਰ ਰੱਬ ਦੀ ਰਜ਼ਾ ਵਿਚ ਚੱਲਣ ਨਾਲ ਇਸ ਮਾਇਆ ਤੋਂ ਬਚਿਆ ਜਾ ਸਕਦਾ ਹੈ। ਮਾਇਆ ਅਤੇ ਮਨ ਦਾ ਬੜਾ ਗੂੜ੍ਹਾ ਸੰਬੰਧ ਹੈ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਦੁਬਿਧਾ, ਤ੍ਰੈਗੁਣ ਆਦਿ ਇਸਦੇ ਪਰਿਵਾਰ ਦੇ ਮੈਂਬਰ ਹਨ। ਇਹੋ ਹੀ ਜੀਵ ਨੂੰ ਪ੍ਰਭੂ ਤੋਂ ਦੂਰ ਲਿਜਾਂਦੇ ਹਨ। ਇਸ ਮਾਇਆ ਦਾ ਪ੍ਰਭਾਵ ਜਗਤ, ਤਿੰਨ ਲੋਕ ਅਤੇ ਦੇਵੀ ਦੇਵਤਿਆਂ, ਰਿਸ਼ੀ ਮੁਨੀ, ਜਪੀ-ਤਪੀ, ਸੰਤ-ਭਗਤਾਂ ਤੇ ਵੀ ਹੈ। ਮਾਇਆ ਆਪਣੇ ਪਰਿਵਾਰ ਦੇ ਇਨ੍ਹਾਂ ਮੈਂਬਰਾਂ ਰਾਹੀਂ ਮਨੁੱਖਾ ਮਨ ਤੇ ਜਾਦੂਮਈ ਅਸਰ ਕਰਦੀ ਹੈ। ਮਨ ਚੰਚਲ ਹੋਣ ਕਰਕੇ ਇਸਦੇ ਜਾਲ ਵਿਚ

ਡਮ ਜਾਂਦਾ ਹੈ। ਪ੍ਰਭੂ ਤੇ ਜੀਵ ਵਿਚਲੀ ਦੂਈ ਨੂੰ ਖਤਮ ਕਰਨ ਲਈ ਮਨ ਨੂੰ ਮਾਰਨਾ ਪੈਂਦਾ ਹੈ। ਪਰ ਮਨ ਨੂੰ ਮਾਰਨ ਲਈ ਪਹਿਲਾਂ ਇਸ ਮਾਇਆ ਨੂੰ ਮਾਰਨਾ ਪੈਂਦਾ ਹੈ। ਇਹ ਕੰਮ ਗੁਰੂ ਦੀ ਕ੍ਰਿਪਾ ਅਤੇ ਪ੍ਰਭੂ ਦੇ ਨਾਮ ਰਾਹੀਂ ਹੀ ਸੰਭਵ ਹੋ ਸਕਦਾ ਹੈ। ਪਰ ਇਸਦੇ ਨਾਲ ਨਾਲ ਗੁਰੂ ਗਿਆਨ, ਗੁਰੂ ਦੀ ਸ਼ਰਣ, ਆਤਮ ਸਮਰਪਣ, ਹਉਮੈ ਅਤੇ ਅਹੰਕਾਰ ਦਾ ਤਿਆਗ ਵੀ ਜ਼ਰੂਰੀ ਹੈ।

ਇਸ ਤਰ੍ਹਾਂ ਸ੍ਰੀ ਗੁਰੂ ਰਵਿਦਾਸ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਾਇਆ ਸੰਬੰਧੀ ਵਿਚਾਰਧਾਰਾ ਆਪਸ ਵਿਚ ਮੇਲ ਖਾਣ ਦੇ ਨਾਲ ਨਾਲ ਵੇਦਾਂਤ, ਗੀਤਾ, ਉਪਨਿਸ਼ਦਾਂ ਅਤੇ ਸ਼ੰਕਰ ਦੇ ਮਾਇਆਵਾਦ ਨਾਲ ਵੀ ਜਾ ਮਿਲਦੀ ਹੈ। ਪਰ ਇਨ੍ਹਾਂ ਦੀ ਵਿਚਾਰਧਾਰਾ ਵਿਚ ਨਵੀਨਤਾ ਤੇ ਮੌਲਿਕਤਾ ਹੈ। ਨਾਂ ਕਿ ਪੁਰਾਤਨ ਭਾਰਤੀ ਵਿਚਾਰਧਾਰਾ ਦੀ ਨਕਲ। ਕਿਉਂਕਿ ਹਰ ਨਵੀਨ ਵਿਚਾਰ-ਧਾਰਾ ਤੇ ਪੁਰਾਤਨ ਵਿਚਾਰਧਾਰਾ ਦਾ ਪਰਛਾਵਾਂ ਜ਼ਰੂਰ ਪੈਂਦਾ ਹੈ। ਇਹ ਨਵੀਨ ਵਿਚਾਰਧਾਰਾ ਤੇ ਨਿਰਭਰ ਕਰਦਾ ਹੈ ਕਿ ਉਹ ਉਸ ਪਰਛਾਵੇਂ ਨੂੰ ਕਿੰਨਾ ਕੁ ਕਬੂਲਦੀ ਹੈ। ਸ੍ਰੀ ਗੁਰੂ ਰਵਿਦਾਸ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਾਇਆ ਸੰਬੰਧੀ ਆਪਣੀ ਵਿਚਾਰਧਾਰਾ ਪੇਸ਼ ਕਰਨ ਤੋਂ ਪਹਿਲਾਂ ਇਸ ਪੁਰਾਤਨ ਵਿਚਾਰਧਾਰਾ ਨੂੰ ਜ਼ਰੂਰ ਘੋਖਿਆ ਹੋਵੇਗਾ।

## ਟਿੱਪਣੀਆਂ ਤੇ ਹਵਾਲੇ

1. ਡਾ. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ ਪੰਨਾ- 35-36.
2. ਬ੍ਰਹਮਦਾਰਣਕ 1.4.1.
3. ਛਾਂਦੋਗਯ ਉਪਨਿਸ਼ਦ 1.9.1.
4. ਕਠੋਪਨਿਸ਼ਦ 2.2.9.
5. ਤੈਤਰੀਯ ਉਪਨਿਸ਼ਦ 3.1.
6. ਗੀਤਾ 7/6.
7. ਗੀਤਾ 7/7
8. ਡਾ. ਸਤੀਸ਼ ਚੰਦਰ ਚਟੋਪਾਧਿਆਇ- ਭਾਰਤੀਯ ਦਰਸ਼ਨ ਪੰਨਾ-20.
9. ਭਾਈ ਜੋਧ ਸਿੰਘ, ਗੁਰੂ ਨਾਨਕ ਤੇ ਭਾਰਤੀ ਧਰਮ ਦਰਸ਼ਨ, ਪੰਨਾ-8.
10. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ- 87.
11. ਭਾਈ ਜੋਧ ਸਿੰਘ, ਗੁਰੂ ਨਾਨਕ ਤੇ ਭਾਰਤੀ ਧਰਮ ਦਰਸ਼ਨ, ਪੰਨਾ- 12.
12. -ਉਹੀ- ਪੰਨਾ- 13.
13. ਪ੍ਰੋ. ਸ਼ੇਰ ਸਿੰਘ ਗਿਆਨੀ, ਗੁਰਮਤਿ ਦਰਸ਼ਨ, ਪੰਨਾ- 234.
14. ਡਾ. ਸਤੀਸ਼ ਚੰਦਰ ਚਟੋਪਾਧਿਆਇ, ਭਾਰਤੀਯ ਦਰਸ਼ਨ, ਪੰਨਾ-30.
15. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ- 424.
16. ਭਾਈ ਜੋਧ ਸਿੰਘ, ਗੁਰੂ ਨਾਨਕ ਤੇ ਭਾਰਤੀ ਧਰਮ ਦਰਸ਼ਨ, ਪੰਨਾ-42.
17. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ- 413.
18. ਭਾਈ ਜੋਧ ਸਿੰਘ ਗੁਰੂ ਨਾਨਕ ਤੇ ਭਾਰਤੀ ਧਰਮ ਦਰਸ਼ਨ, ਪੰਨਾ-44.
19. -ਉਹੀ- ਪੰਨਾ- 47-48.
20. ਪਦ, 126.
21. ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਸੁਖਮਨੀ ਮ:5, ਪੰਨਾ- 276.
22. " ਸਿਰੀ ਮ:1, ਪੰਨਾ- 20.
23. " ਮਾਰੂ ਸੋਲਹੇ ਮ:1, ਪੰਨਾ- 1034.
24. ਤੇ 25. ਪਦ, 126, 46.
26. ਸੰਤ ਜਰਬੀਰ ਸਿੰਘ-ਰਵਿਦਾਸ ਮਹਾਤਮ, ਪੰਨਾ- 57.

27. ਸਾਖੀ ਭਾਗ, 93.

28 ਤੇ 29. ਪਦ, 121, 18.

30. ਸਾਖੀ ਭਾਗ, 77.

31 ਤੋਂ 33. ਰਮੈਣੀ, 17, 13, 14.

34. ਪਦ 48.

35. ਪਦ, 182.

36 ਤੋਂ 38. ਪਦ, 14, 27, 136.

39. ਰਮੈਣੀ 9.

40 ਤੇ 41. ਪਦ, 121, 137.

42. ਸਿਰੀ ਰਾਗੁ ਅਸਟਪਦੀਆਂ ਮ: 1, ਪੰਨਾ-53.

43. ਸਿਰੀ ਰਾਗ ਮ: 1, ਪੰਨਾ 20.

44. ਸ੍ਰਿ ਮਾਝ ਅਸਟਪਦੀਆਂ ਮ:3, ਪੰਨਾ 112.

45. ਮਾਝ ਅਸ਼ਟਪਦੀਆਂ ਮ:5, ਪੰਨਾ 131.

46. ਮਾਝ ਕੀ ਵਾਰ ਮ:1, ਪੰਨਾ 138.

47. ਮਲਾਰ ਕੀ ਵਾਰ ਮ:1, ਪੰਨਾ 1279.

48 ਤੇ 49. ਵਾਰ ਆਸਾ ਮ:1, ਪੰਨਾ 467, 463.

50. ਸਿਰੀ ਅਸ਼ਟਪਦੀਆਂ ਮ:1, ਪੰਨਾ 61.

51 ਤੋਂ 54. ਮਾਰੂ ਸੋਲਹੇ ਮ:1, ਪੰਨਾ 1025, 1035, 1023, 1026.

55. ਵਾਰ ਗੂਜਰੀ ਮ:3, ਪੰਨਾ 509.

56. ਤੇ 57. ਸਿਧ ਗੋਸ਼ਟਿ, ਪੰਨਾ 940.

58. ਮਾਰੂ ਸੋਲਹੇ ਮ:1, ਪੰਨਾ 1037.

59. ਗਉੜੀ ਸੁਖਮਨੀ ਮ:5, ਪੰਨਾ 276.

60. ਸਿਰੀ ਰਾਗੁ ਮਹਲਾ 3, ਪੰਨਾ 37.

61. ਸੋਰਠਿ ਮ:4, ਪੰਨਾ 604.

62. ਮਾਝ ਮ:5, ਪੰਨਾ 102.

63. ਵਾਰ ਮਾਰੂ ਮ:5, ਪੰਨਾ 1095.

64. ਜਪੁਜੀ ਸਾਹਿਬ, ਪੰਨਾ 1.

65. ਸੁਖਮਨੀ ਮ:5, ਪੰਨਾ 277.

66. ਮਾਰੂ ਸੋਲਹੇ ਮ:1, ਪੰਨਾ 1036.

67. ਡਾ. ਸ਼ੇਰ ਸਿੰਘ, ਗੁਰਮਤਿ ਦਰਸ਼ਨ, ਪੰਨਾ 235.

68. ਡਾ. ਮੋਹਨ ਸਿੰਘ, ਪੰਜਾਬੀ ਭਾਖਾ ਵਿਗਿਆਨ ਅਤੇ ਗੁਰਮਤ ਗਿਆਨ, ਪੰਨਾ-30.

69. ਜਪੁਜੀ ਮ:1, ਪੰਨਾ 3.

70. ਗਉੜੀ ਮ:1 ਅਸਟਪਦੀਆਂ, ਪੰਨਾ 223.

71. ਮਾਰੂ ਮ:5, ਪੰਨਾ 1003.

72. ਜਪੁਜੀ, ਪਉੜੀ 21.

73. ਰਾਮਕਲੀ ਓਅੰਕਾਰ ਮ:1, ਪੰਨਾ 929-30.

74. ਮਾਰੂ ਮ:5, ਪੰਨਾ 1003.

75. ਪ੍ਰੋ. ਸ਼ੇਰ ਸਿੰਘ, ਗੁਰਮਤਿ ਦਰਸ਼ਨ, ਪੰਨਾ 237.

76. ਵਾਰ ਆਸਾ ਮ:1, ਪੰਨਾ 466.

77. ਰਾਮਕਲੀ ਸਿਧ ਗੋਸਟਿ, ਪੰਨਾ 946.

78. ਸਿਰੀ ਰਾਗ ਮ:1, ਪੰਨਾ-19.

79. ਪ੍ਰਭਾਤੀ ਅਸਟਪਦੀਆਂ ਮ:1, ਪੰਨਾ 1345.

80. ਮਲਾਰ ਕੀ ਵਾਰ, ਮ:1, ਪੰਨਾ 1283.

81. ਗਉੜੀ ਸੁਖਮਨੀ ਮ:5, ਪੰਨਾ 276.

82. ਸਿਰੀ ਮ:1, ਪੰਨਾ 510.

83. ਮਾਰੂ ਸੋਲਹੇ ਮ:1, ਪੰਨਾ 1037.

84. ਗਉੜੀ ਸੁਖਮਨੀ ਮ:5, ਪੰਨਾ 276.

85 ਤੋਂ 88. ਪਦ,- 1, 3,22,33.

89. ਮਲਾਰ ਕੀ ਵਾਰ,ਮ:1, ਪੰਨਾ 1286.

90. ਸਿਰੀ ਅਸਟਪਦੀਆਂ ਮ:1, ਪੰਨਾ 64.

91ਤੇ 92. ਮਾਝ ਕੀ ਵਾਰ ਮ:1, ਪੰਨਾ 144,141.

93 ਤੇ 94. ਪਦ,66,30.

95. ਗਉੜੀ ਮ:9, ਪੰਨਾ 219.

96. ਦੇਵਗੰਧਾਰੀ ਮ:9, ਪੰਨਾ 536.

96ੳ. ਗਉੜੀ ਮ:1, ਪੰਨਾ 222.

97. ਸਾਖੀ ਭਾਗ, 10.

98. ਪਦ ,47.

99. ਸਿਰੀ ਮ:1, ਪੰਨਾ 23.

10 . ਮਲਾਰ ਮ:1, ਪੰਨਾ 1256.

101. ਮਾਰੂ ਅਸਟਪਦੀਆਂ ਮ:1, ਪੰਨਾ 1015.

102. ਵਾਰ ਸੋਰਠਿ ਮ:4, ਪੰਨਾ- 645.

103 ਤੋਂ 109. ਪਦ , 89,56,82,126,7,50,168.

110. ਗੁਰੂ ਰਵਿਦਾਸ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ- 487.

111. ਸ੍ਰੀ ਗੁਰੂ ਗ੍ਰੰਥ ਸਾਹਿਬ ,ਤਿਲੰਗ ਮ:1, ਪੰਨਾ- 721.

112. " ਮਲਾਰ ਕੀ ਵਾਰ ਮ:1, ਪੰਨਾ- 1291.

113. " ਪਉੜੀ ਨਵੀਂ ਮ:5, ਪੰਨਾ- 1291.

114. " ਰਾਮਕਲੀ ਅਸਟਪਦੀਆਂ ਮ:3, ਪੰਨਾ- 908.

115,116. ਸਿਰੀ ਰਾਗੁ ਅਸਟਪਦੀਆਂ ਮ:1, ਪੰਨਾ- 54,64.

116. ਵਾਰ ਆਸਾ ਮ:1, ਪੰਨਾ- 473.

117 ਤੇ 118. ਮਾਝ ਕੀ ਵਾਰ ਮ:1, ਪੰਨਾ-144,138.

119. ਮਲਾਰ ਕੀ ਵਾਰ ਮ:1, ਪੰਨਾ- 1283.

120. ਤਿਲੰਗ ਮ:5, ਪੰਨਾ- 723.

121. ਗਉੜੀ ਮ:1 ਅਸਟਪਦੀਆਂ, ਪੰਨਾ- 227.

122 ਤੇ 123. ਬਸੰਤ ਮ:9, ਪੰਨਾ- 1186-87.

124. ਮਾਰੂ ਸੋਲਹੇ ਮ:1, ਪੰਨਾ- 1020.

125 ਤੋਂ 130 ਪਦ, 82,83,1,16,27,101.

131. ਡਾ. ਬੀ.ਪੀ.ਸ਼ਰਮਾ, ਸੰਤ ਰਵਿਦਾਸ ਬਾਣੀ, 101.

132. ਪਦ, 54.

133. ਸ੍ਰੀ ਗੁਰੂ ਗ੍ਰੰਥ ਸਾਹਿਬ-ਰਵਿਦਾਸ ਮਲਾਰ, ਪੰਨਾ- 1293.

134. ਡਾ. ਧਰਮਪਾਲ ਸਿੰਗਲ ,ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪ੍ਰਹਲਾਦ ਚਰਿਤ੍ਰ,3.

135 ਤੇ 136. ਪਦ, 7,92.

137. ਵਾਰ ਆਸਾ ਮ:1, ਪੰਨਾ- 463.

138 ਤੇ 139. ਮਾਝ ਕੀ ਵਾਰ, ਮ:1, ਪੰਨਾ- 147,147.

140. ਮਾਰੂ ਸੋਲਹੇ ਮ:1, ਪੰਨਾ- 1040.

141. ਮਾਝ ਕੀ ਵਾਰ ਮ:1, ਪੰਨਾ- 145.

142. ਗੂਜਰੀ ਮ:3, ਪੰਨਾ- 490.

143. ਗਉੜੀ ਸੁਖਮਨੀ ਮ:5, ਪੰਨਾ- 263.

144. ਵਡਹੰਸ ਅਲਾਹੁਣੀਆਂ ਮ:1, ਪੰਨਾ- 581.

145. ਪਦ, 150.

146. ਸਿਰੀ ਅਸਟਪਦੀਆਂ ਮ:1, ਪੰਨਾ 63.

147. ਮਲਾਰ ਕੀ ਵਾਰ,ਮ:1, ਪੰਨਾ 1291.

148 ਤੋਂ 152. ਪਦ, 30,121,22,33,95.

153. ਆਸਾ ਮ:1, ਪੰਨਾ 353.

154 ਤੋਂ 56. ਪ੍ਰਭਾਤੀ ਮ:1, ਪੰਨਾ 1331,1327,1327.

157. ਸਾਖੀ ਭਾਗ, 130.

158. ਪਦ, 144.

159. ਮਾਰੂ ਸੋਲਹੇ ਮ:1, ਪੰਨਾ 1028.

160 ਤੇ 161. ਮਾਝ ਕੀ ਵਾਰ ਮ:1, ਪੰਨਾ 144,145.

162. ਸਿਰੀ ਅਸਟਪਦੀਆਂ ਮ:1, ਪੰਨਾ 55.

163 ਤੋਂ 165. ਪਦ, 16,136,154.

166. ਸਾਖੀ ਭਾਗ, 126.

167. ਮਾਰੂ ਮ:1 ਸੋਲਹੇ, ਪੰਨਾ 1023.

168. ਗਉੜੀ ਮ:5, ਪੰਨਾ 206.

169. ਆਸਾ ਮ; 1 ਅਸਟਪਦੀ, ਪੰਨਾ 422.

170. ਆਸਾ ਮ:5, ਪੰਨਾ 403.

171. ਆਸਾ ਮ:1 ਪੱਟੀ, ਪੰਨਾ 433-34.

172. ਗਉੜੀ ਮ:1 ਅਸਟਪਦੀਆਂ, ਪੰਨਾ 222.

173. ਬਿਲਾਵਲ ਮ:1, ਪੰਨਾ 840.

174. ਰਾਮਕਲੀ ਓਅੰਕਾਰੁ ਮ:1, ਪੰਨਾ 930.

175 ਤੇ 176. ਮਲਾਰ ਅਸਟਪਦੀਆਂ ਮ:1, ਪੰਨਾ 1273.

177. ਪਦ, 167.

178. ਮਾਰੂ ਮ:1, ਅਸਟਪਦੀਆਂ, ਪੰਨਾ 1015.

179 ਤੋਂ 180. ਮਲਾਰ ਕੀ ਵਾਰ ਮ:1, ਪੰਨਾ 1285,1288.

181 ਤੇ 182. ਪਦ, 46,34.

183. ਧਨਾਸਰੀ ਮ:1, ਪੰਨਾ 663.

184. ਰਾਮਕਲੀ ਅਸਟਪਦੀਆਂ ਮ:1, ਪੰਨਾ 907.

185 ਤੋਂ 188. ਪਦ, 48,36,77,53.

189 ਤੋਂ 90. ਸਾਖੀ ਭਾਗ, 51,54.

191. ਮਾਝ ਮ:5, ਪੰਨਾ 102.

192. ਰਾਮਕਲੀ ਮ:1, ਪੰਨਾ 878.

193. ਵਾਰ ਆਸਾ ਮ:1, ਪੰਨਾ 463.

194. ਸਲੋਕ ਵਾਰਾਂ ਤੇ ਵਧੀਕ ਮ:1, ਪੰਨਾ 1412.

195. ਰਾਗ ਸੂਹੀ ਛੰਤ ਮ:1, ਪੰਨਾ 764.

196. ਮਾਰੂ ਸੋਲਹੇ ਮ:1, ਪੰਨਾ 1035.

197. ਜਪੁਜੀ, ਪਉੜੀ 31.

198. ਜਪੁਜੀ, ਪਉੜੀ 24.

199. ਵਾਰ ਆਸਾ ਮ:1, ਪੰਨਾ 463.

200 ਤੋਂ 202. ਸੁਖਮਨੀ ਮ:5, ਪੰਨਾ 285,285,284.

203. ਮਾਝ ਕੀ ਵਾਰ ਮ:1, ਪੰਨਾ 145.

204. ਰਾਮਕਲੀ ਮ:3, ਅਨੰਦੁ, ਪੰਨਾ 922.

205. ਗਉੜੀ ਮ:1 ਅਸਟਪਦੀਆਂ, ਪੰਨਾ 224.

206. ਪਦ, 10.

207. ਰਾਮਕਲੀ ਸਿਧ ਗੋਸਟਿ, ਪੰਨਾ 940.

208. ਡਾ. ਐਸ.ਐਨ.ਗੁਪਤਾ, ਦਰਸ਼ਨ ਸ਼ਾਸਤਰ ਦੀ ਨਵੀਨ ਰੂਪ ਰੇਖਾ, ਪੰਨਾ 179.

209 ਤੋਂ 210. ਸਾਖੀ ਭਾਗ, 11,20.

211. ਪਦ, 7.

212. ਆਸਾ ਮ:1, ਪੰਨਾ 355.

213. ਮਾਰੂ ਸੋਲਹੇ ਮ:1, ਪੰਨਾ 1031.

214. ਸਿਰੀ ਅਸਟਪਦੀ, ਪੰਨਾ 63.

215. ਬਿਲਾਵਲੁ ਮ:5, ਪੰਨਾ 801.

216. ਸਿਰੀ ਰਾਗੁ ਮ:4, ਪੰਨਾ 40.

217 ਤੋਂ 218. ਪਦ, 52,152.

219. ਰਾਮਕਲੀ ਮ:1, ਪੰਨਾ 944.

220. ਗੋਂਡ ਮ:5, ਪੰਨਾ 864.

221. ਮਾਰੂ ਸੋਲਹੇ ਮ:1, ਪੰਨਾ 1025.

222 ਤੋਂ 224. ਪਦ, 101,76,19.

225 ਤੇ 226. ਸਾਖੀ ਭਾਗ, 124,159.

227. ਮਾਰੂ ਸੋਲਹੇ ਮ:1, ਪੰਨਾ 1042.

228. ਵਾਰ ਮਾਰੂ ਮ:1, ਪੰਨਾ 1009.

229. ਡਾ. ਰਤਨ ਸਿੰਘ ਜੱਗੀ: ਗੁਰੂ ਨਾਨਕ:ਵਿਅਕਤਿਤੱਵ,ਕ੍ਰਿੱਤਵ ਔਰ ਚਿੰਤਨ, ਪੰਨਾ 592.

230. ਰਾਮਕਲੀ ਸਿਧ ਗੋਸਟਿ, ਪੰਨਾ 938.

231. ਭੈਰਉ ਮ:1, ਪੰਨਾ 1126.

232. ਮਾਰੂ ਸੋਲਹੇ ਮ:1, ਪੰਨਾ 1040.

233. ਸਲੋਕ ਵਾਰਾਂ ਤੇ ਵਧੀਕ ਮ:1, ਪੰਨਾ 1410.

234. ਸਿਰੀ ਅਸਟਪਦੀਆਂ ਮ:1, ਪੰਨਾ 57.

235. ਸੂਹੀ ਮ:1, ਪੰਨਾ 729.

236 ਤੋਂ 238. ਸਿਧ ਗੋਸਟਿ, ਪੰਨਾ 941,941,944.

239. ਬਿੱਲੀ ਗਰਾਹਮ, ਪਰਮੇਸਰ ਨਾਲ ਮੇਲ, ਪੰਨਾ 55.

240. ਹਿੰਦੀ ਸਾਹਿਤਯ ਕੋਸ਼ ਭਾਗ-1, ਪੰਨਾ 855.

241. ਡਾ. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ 187.

242. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ:ਵਿਅਕਤਿੱਤਵ,ਕ੍ਰਿੱਤਵ ਔਰ ਚਿੰਤਨ,ਪੰਨਾ 432.

243. ਯੋਗ ਦਰਸ਼ਨ ਅਧਿਆਇ-2,ਸੂਤ. 15,

244. ਗੀਤਾ ਅਧਿਆਇ 9, ਸਲੋਕ 33.

245. ਸਾਖੀ ਭਾਗ, 42.

246. ਪਦ,167.

247. ਰਾਮਕਲੀ ਸਲੋਕ ਮ:1, ਪੰਨਾ 953.

248. ਸਾਰੰਗ ਕੀ ਵਾਰ ਸਲੋਕ ਮ:1, ਪੰਨਾ 1240.

249. ਸ੍ਰੀ ਗੁਰੂ ਗ੍ਰੰਥ ਸਾਹਿਬ, [illegible] ਫਰੀਦ, ਪੰਨਾ 1382.

250. ਗੂਜਰੀ ਮ:5, ਪੰਨਾ 497.

251. ਜਪੁਜੀ, ਪੰਨਾ 5.

252. ਆਸਾ ਮ:1 ਅਸਟਪਦੀਆਂ, ਪੰਨਾ 413.

253. ਰਾਮਕਲੀ ਓਅੰਕਾਰੁ ਮ:1, ਪੰਨਾ 932.

254. ਤੋਂ 257. ਪਦ, 136,137,39,41.

258 ਤੋਂ 260. ਪ੍ਰਭਾਤੀ ਮ:1, ਪੰਨਾ 1327,1330,1331.

261. ਆਸਾ ਮ:9 ,ਪੰਨਾ 411.

262. ਤੋਂ 266. ਪਦ ,83,101,92,94,167.

267 ਤੋਂ 268. ਸੂਹੀ ਮ:1, ਪੰਨਾ 729,730.

269. ਸਿਰੀ ਰਾਗੁ ਅਸਟਪਦੀਆਂ ਮ:1, ਪੰਨਾ 57.

270. ਗਉੜੀ ਅਸਟਪਦੀਆਂ ਮ:1, ਪੰਨਾ 222

271. ਮਾਝ ਕੀ ਵਾਰ ਮ:1, ਪੰਨਾ 139.

272 ਤੇ 273. ਸਾਖੀ ਭਾਗ, 83,14.

274. ਸ੍ਰੀ ਗੁਰੂ ਗ੍ਰੰਥ ਸਾਹਿਬ ਰਵਿਦਾਸ ਸੋਰਠਿ, ਪੰਨਾ 659.

275 ਤੋਂ 277. ਪਦ, 19,110,100.

278. ਸੋਹਿਲਾ, ਰਾਗੁ ਗਉੜੀ ਦੀਪਕੀ ਮ:1, ਪੰਨਾ 12.

279. ਪ੍ਰਭਾਤੀ ਮ:1, ਪੰਨਾ 1327.

280. ਸਿਰੀ ਰਾਗੁ ਮ:5, ਪੰਨਾ 51.

281. ਸਿਰੀ ਰਾਗੁ ਮ:1, ਪੰਨਾ 19.

282. ਰਮੈਣੀ, 9.

283. ਤੇ 284. ਪਦ, 121,137.

285. ਸਿਰੀ ਮ:1, ਪੰਨਾ 18.

286. ਵਾਰ ਗੂਜਰੀ ਮ:3, ਪੰਨਾ 510.

287. ਮਾਰੂ ਸੋਲਹੇ ਮ:1, ਪੰਨਾ 1028.

288. ਮਲ੍ਹਾਰ ਮ:1, ਪੰਨਾ 1256.

289. ਸ੍ਰੀ ਗੁਰੂ ਗ੍ਰੰਥ ਸਾਹਿਬ,ਗੁਰੂ ਰਵਿਦਾਸ ਜੀ, ਪੰਨਾ 973,345.

290 ਤੋਂ 297. ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਸਾਖੀ ਭਾਗ, 214,72,155,210,215,216, 217 ਤੇ 236.

298. ਮਲ੍ਹਾਰ ਮ:1, ਪੰਨਾ 1256.

299. ਗਉੜੀ ਅਸਟਪਦੀਆਂ ਮ:1, ਪੰਨਾ 225.

300. ਰਾਮਕਲੀ ਕੀ ਵਾਰ ਮ:3, ਸਲੋਕ ਮ:1, ਪੰਨਾ 953.

301. ਸਾਰਗ ਕੀ ਵਾਰ ਮ:4, ਸਲੋਕ ਮ:1, ਪੰਨਾ 1240.

302. ਮਲਾਰ, ਅਸਟਪਦੀਆਂ ਮ:1, ਪੰਨਾ 1273.

303. ਮਾਝ ਕੀ ਵਾਰ ਮ:1, ਪੰਨਾ 149.

304. ਮਾਰੂ ਸੋਲਹੇ ਮ:1, ਪੰਨਾ 1034.

305. ਮਾਝ ਕੀ ਵਾਰ ਮ:1, ਪੰਨਾ 149.

306. ਧਨਾਸਰੀ ਮ:1, ਪੰਨਾ 660.

307. ਵਾਰ ਆਸਾ ਮ:1, ਪੰਨਾ 469.

308. ਸਾਰੰਗ ਕੀ ਵਾਰ ਮ:4, ਸਲੋਕ ਮ:1, ਪੰਨਾ 1240.

309. ਸੂਹੀ ਮ:5, ਪੰਨਾ 749.

310. ਮਲਾਰ ਕੀ ਵਾਰ ਮ:1, ਪੰਨਾ 1280.

311. ਆਸਾ ਮ:5 ,ਬਿਰਹੜੇ, ਪੰਨਾ 432. 312 ਗਉੜੀ ਅਸਟਪਦੀਆਂ ਮ: ੧ — ਪੰਨਾ ੨੨੨

313. ਮਾਰੂ ਸੋਲਹੇ ਮ:1, ਪੰਨਾ 1030.

314. ਡਾ. ਰਤਨ ਸਿੰਘ ਜੱਗੀ: ਗੁਰੂ ਨਾਨਕ, ਵਿਅਕਤਿਤੱਵ ਕ੍ਰਿੱਤਵ ਔਰ ਚਿੰਤਨ, ਪੰਨਾ 434.

315 ਤੋਂ 317. ਪਦ, 130,174,14 (ਸਾਖੀ ਭਾਗ)

318. ਤਿਲੰਗ ਮ:1, ਪੰਨਾ 725.

319. ਤੁਖਾਰੀ ਛੰਤ ਮ:1, ਬਾਰਹ ਮਾਹਾ, ਪੰਨਾ 1108.

320. ਸੂਹੀ ਮ:5, ਪੰਨਾ 747.

321. ਗਉੜੀ ਮ:5, ਪੰਨਾ 194- 195.

322- 323. ਗਉੜੀ ਮ:4, ਪੰਨਾ 165,172.

324. ਗਉੜੀ ਅਸਟਪਦੀਆਂ ਮ:1, ਪੰਨਾ 225.

325. ਰਾਗੁ ਆਸਾ ਮ:4 ਸੋ ਪੁਰਖੁ, ਪੰਨਾ 11.

326 ਤੋਂ 330. ਪਦ, 75,174,23,92,94.

331-ਤੋਂ 332. ਜਪੁਜੀ, ਪਉੜੀ, 5,22.

333. ਸਲੋਕ ਵਾਰਾਂ ਤੇ ਵਧੀਕ ਮ:3, ਪੰਨਾ 1418.

334 ਤੇ 335. ਪਦ, 95,100.

336. ਤੋਂ 337. ਮਾਰੂ ਸੋਲਹੇ ਮ:1, ਪੰਨਾ 1028,1032.

338. ਭੈਰਉ ਮ:1, ਪੰਨਾ 1125.

339 ਤੇ 340. ਪਦ, 12,39.

341 ਤੇ 342. ਮਾਰੂ ਸੋਲਹੇ ਮ:1, ਪੰਨਾ 1028,1030.

343. ਪ੍ਰਭਾਤੀ ਮ:1, ਪੰਨਾ 1330.

344. ਸਾਖੀ ਭਾਗ , 14.

345. ਮਾਰੂ ਸੋਲਹੇ ਮ:1, ਪੰਨਾ 1042.

346 ਤੋਂ 348. ਪਦ, 64, 113,9.

349. ਸਿਰੀ ਰਾਗੁ ਅਸਟਪਦੀਆਂ ਮ:1, ਪੰਨਾ 54.

350. ਮਾਰੂ ਸੋਲਹੇ ਮ:1, ਪੰਨਾ 1025.

351. ਧਨਾਸਰੀ ਮ:3, ਪੰਨਾ 664.

352. ਸਿਰੀ ਅਸਟਪਦੀਆਂ ਮ:1, ਪੰਨਾ 57.

353. ਸੋਰਠਿ ਮ:1, ਪੰਨਾ 598.

354. ਕਠੋਪਨਿਸ਼ਦ, 1.2.12.

355. ਗੀਤਾ, 14/24-25.

356. ਜਪੁਜੀ, ਪੰਨਾ 8.

357 ਤੇ 358. ਪਦ, 18.

359. ਸੋਰਠਿ ਮ:1 ਅਸਟਪਦੀਆਂ, ਪੰਨਾ 635.

360. ਡਾ. ਰਤਨ ਸਿੰਘ ਜੱਗੀ: ਗੁਰੂ ਨਾਨਕ, ਵਿਅਕਤਿੱਤਵ, ਕ੍ਰਿਤਤਵ ਔਰ ਚਿੰਤਨ, ਪੰਨਾ 443.

361. ਰਿਗਵੇਦ, 6/47/18.

362. ਡਾ. ਮਨਮੋਹਨ ਸਹਿਗਲ: ਗੁਰੂ ਗ੍ਰੰਥ ਸਾਹਿਬ; ਏਕ ਸਾਂਸਕ੍ਰਿਤਕ ਸਰਵੇਖਣ, ਪੰਨਾ 270.

363-364. ਗੀਤਾ 7/13, ਗੀਤਾ 14/4-5.

365. ਡਾ. ਧਰਮਪਾਲ ਸਿੰਗਲ, ਸੰਤ ਸ਼ਿਰੋਮਣੀ ਰਵਿਦਾਸ, ਪੰਨਾ 94.

366. ਡਾ. ਪੀਤਾਂਬਰਦੱਤ ਬੜਥਵਾਲ, ਗੋਰਖਬਾਣੀ, ਗੁਰਮੁਖੀ ਸੰਸਕਰਣ, ਪੰਨਾ 14.

367. ਪਦ, 14.

368. ਜਪੁਜੀ, ਪਉੜੀ 3.

369 ਤੋਂ 371. ਪਦ, 16[illegible], 113, 123.

372. ਮਾਰੂ ਸੋਲਹੇ ਮ:1, ਪੰਨਾ 1022.

373. ਰਾਗੁ ਗਉੜੀ ਮ:1, ਪੰਨਾ 153.

374 ਤੋਂ 376. ਪਦ, 137, 107, 7.

377. ਸਿਰੀ ਰਾਗੁ ਮ:1, ਪੰਨਾ 15.

378. ਮਾਰੂ ਸੋਲਹੇ ਮ:1, ਪੰਨਾ 1024.

379. ਸਿਰੀ ਰਾਗੁ ਮ:1, ਪੰਨਾ 15.

380 ਤੋਂ 383. ਪਦ, 136, 158, 22, 17.

384 ਤੇ 385. ਸਿਰੀ ਰਾਗੁ ਮ:1, ਪੰਨਾ 19, 61.

386 ਤੇ 387. ਪ੍ਰਭਾਤੀ ਮ:1, ਪੰਨਾ 1330, 1342.

388. ਰਮੈਣੀ, 9.

389. ਪਦ, 144.

390. ਸਿਰੀ ਮ:1, ਪੰਨਾ 18.

391 ਤੇ 392. ਪਦ, 83, 166.

393. ਆਸਾ ਅਸ਼ਟਪਦੀਆਂ ਮ:1, ਪੰਨਾ 412.

394. ਸਿਰੀ ਰਾਗੁ ਅਸਟਪਦੀਆਂ ਮ:1, ਪੰਨਾ 55.

395. ਸੂਹੀ ਛੰਤ ਮ:1, ਪੰਨਾ 764.

396. ਸਿਰੀ ਅਸਟਪਦੀਆਂ ਮ:1, ਪੰਨਾ 62.

397. ਡਾ. ਮਨਮੋਹਨ ਸਹਿਗਲ, ਸੰਤ ਨਾਮਦੇਵ ਦਾ ਦਾਰਸ਼ਨਿਕ ਵਿਸ਼ਲੇਸ਼ਣ, ਪੰਨਾ 161.

398 ਤੋਂ 405. ਪਦ, 101,31,58,40,125,113,150,42.

406. ਸਾਖੀ ਭਾਗ, 253.

407 ਤੇ 408. ਪਦ, 3, 22.

409 ਤੇ 410. ਗਉੜੀ ਮ:1, ਅਸਟਪਦੀਆਂ, ਪੰਨਾ 229,226.

411 ਤੇ 412. ਪ੍ਰਭਾਤੀ ਅਸਟਪਦੀਆਂ ਮ:1, ਪੰਨਾ 1342,1343.

413 ਤੇ 414. ਗਉੜੀ ਅਸਟਪਦੀਆਂ ਮ:1, ਪੰਨਾ 226,222.

415. ਪ੍ਰਭਾਤੀ ਅਸਟਪਦੀਆਂ ਮ:1, ਪੰਨਾ 1343.

416. ਸਿਰੀ ਰਾਗੁ ਅਸਟਪਦੀਆਂ ਮ:1, ਪੰਨਾ 61.

417 ਤੋਂ 418. ਮਾਰੂ ਸੋਲਹੇ ਮ:1, ਪੰਨਾ 1022,23.

419. ਗੀਤਾ 7/13, 17/14, 7/15.

420 ਤੋਂ 424. ਪਦ, 14,27,31,57,1[illegible].

425. ਗੀਤਾ 12/17.

426 ਤੋਂ 429. ਪਦ, 6,156,3,2.

430. ਸਿਰੀ ਰਾਗੁ ਮ:1, ਪੰਨਾ 21.

431. ਪ੍ਰਭਾਤੀ ਅਸਟਪਦੀਆਂ ਮ:1, ਪੰਨਾ 1343.

432. ਗਉੜੀ ਮ:1, ਪੰਨਾ 156.

433. ਡਾ. ਮਨਮੋਹਨ ਸਹਿਗਲ: ਗੁਰੂ ਗ੍ਰੰਥ ਸਾਹਿਬ, ਏਕ ਸਾਂਸਕ੍ਰਿਤਕ ਸਰਵੇਖਣ, ਪੰਨਾ 276.

434 ਤੋਂ 436. ਰਾਗੁ ਮਾਝ ਅਸਟਪਦੀਆਂ ਮ:3, ਪੰਨਾ 113,117,129.

437. ਰਾਮਕਲੀ ਸਿਧ ਗੋਸਟਿ ਮ:1, ਪੰਨਾ 940.

438. ਸਿਰੀ ਰਾਗੁ ਮ:1, ਪੰਨਾ 18.

439 ਤੋਂ 454. ਪਦ, 151,113,123,66,63,166,161,112 ,3,113,150,42,
123,(ਸਾਖੀ ਭਾਗ 17)98,101.

455 ਤੋਂ 461. ਪਦ, 22,30,40,31,167,154,176.

462. ਰਾਗੁ ਗਉੜੀ ਪੂਰਬੀ ਮ:4, ਪੰਨਾ 13.

463. ਸਿਰੀ ਰਾਗੁ ਮ:1, ਪੰਨਾ 15.

464 ਤੋਂ 465. ਗਉੜੀ ਮ:1, ਪੰਨਾ 155,154.

466. ਗਉੜੀ ਮ:9, ਪੰਨਾ 219.

467. ਗਉੜੀ ਅਸਟਪਦੀਆਂ ਮ:1, ਪੰਨਾ 222.

468. ਆਸਾ ਮ:1, ਪੰਨਾ 356.

469. ਧਨਾਸਰੀ ਮ:1, ਪੰਨਾ 661.

470 ਤੋਂ 471. ਰਾਮਕਲੀ ਓਅੰਕਾਰੁ ਮ:1, ਪੰਨਾ 932, 935.

472 ਤੋਂ 473. ਰਾਮਕਲੀ ਸਿਧ ਗੋਸਟਿ ਮ:1, ਪੰਨਾ 939,940.

474. ਬਿਲਾਵਲੁ ਮ:1, ਪੰਨਾ 840.

475. ਰਾਮਕਲੀ ਮ:1, ਪੰਨਾ 877.

476 ਤੋਂ 480. ਮਾਰੂ ਸੋਲਹੇ ਮ:1, ਪੰਨਾ 1021,1022, 1024,1025,1042.

481 ਤੋਂ 482. ਗਉੜੀ ਮ:1, ਪੰਨਾ 151, 153.

483 ਤੋਂ 484. ਸਿਧ ਗੋਸਟਿ, ਪੰਨਾ 939, 944.

485 ਤੋਂ 487. ਪ੍ਰਭਾਤੀ ਅਸਟਪਦੀਆਂ ਮ:1, ਪੰਨਾ 1342, 1343, 1342.

488. ਮਾਰੂ ਮ:1, ਪੰਨਾ 989.

488ੳ. ਸਿਰੀ ਅਸਟਪਦੀਆਂ ਮ:1, ਪੰਨਾ 72.

489 ਤੋਂ 494. ਪਦ, 61,136,74,6,7,121.

495 ਤੋਂ 496. ਸਿਰੀ ਅਸਟਪਦੀਆਂ ਮ:1, ਪੰਨਾ 61,71.

497. ਮਾਰੂ ਸੋਲਹੇ ਮ:1, ਪੰਨਾ 1036.

498. ਰਾਗੁ ਮਾਝੁ ਅਸਟਪਦੀਆਂ, ਮ:3, ਪੰਨਾ 129.

499 ਤੋਂ 501. ਗਉੜੀ ਅਸਟਪਦੀਆਂ ਮ:1, ਪੰਨਾ 227,223,227.

502 ਅਤੇ 503. ਰਾਗੁ ਮਾਰੂ ਮ:1, ਪੰਨਾ 989, 993.

504 ਤੇ 505. ਰਾਮਕਲੀ ਓਅੰਕਾਰ, ਪੰਨਾ 931,931.

506. ਰਾਗੁ ਰਾਮਕਲੀ ਮ:1, ਪੰਨਾ 876.

507 ਤੇ 508 ਪਦ, 30,47.

509. ਮਾਰੂ ਸੋਲਹੇ ਮ:3, ਪੰਨਾ 1044.

510. ਆਸਾ ਛੰਤ ਮ:1, ਪੰਨਾ 439.

511. ਸਿਰੀ ਰਾਗੁ ਮ:1, ਪੰਨਾ 15.

512. ਰਾਗੁ ਗਉੜੀ ਮ:1, ਪੰਨਾ 156. 513 ਆਸਾ ਪਦੇ ਮ:1 — ਪੰਨਾ 354.

514. ਸੋਰਠਿ ਪਦੇ ਮ:1, ਪੰਨਾ 595.

515 ਤੇ 516. ਰਾਗੁ ਮਾਰੂ ਮ:1, ਅਸਟਪਦੀਆਂ, ਪੰਨਾ 1013, 1015.

517 ਤੋਂ 523. ਪਦ, 123,22, 106,149,167,22,153.

524. ਡਾ. ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ, ਏਕ ਸਾਂਸਕ੍ਰਿਤਕ ਸਰਵੇਖਸ਼ਣ, ਪੰਨਾ 282.

525. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ: ਵਿਅਕਤਿੱਤਵ, ਕ੍ਰਿਤਿੱਤਵ ਔਰ ਚਿੰਤਨ, ਪੰਨਾ 453.

526 ਤੇ 527. ਰਾਗੁ ਰਾਮਕਲੀ ਮ: 1, ਪੰਨਾ 876-77,876.

528 ਤੇ 529. ਸਿਰੀ ਰਾਗੁ ਮ: 1, ਪੰਨਾ 21,23.

530. ਬਿਲਾਵਲੁ ਅਸਟਪਦੀਆਂ ਮ: 1, ਪੰਨਾ 831-32.

531. ਆਸਾ ਪਦੇ ਮ: 1, ਪੰਨਾ 350.

532. ਗਉੜੀ ਮ: 1, ਪੰਨਾ 153.

533 ਤੇ 534. ਬਸੰਤ ਅਸਟਪਦੀਆਂ ਮ: 1, ਪੰਨਾ 1187-88,1189.

535 ਤੇ 535. ਰਾਗੁ ਪ੍ਰਭਾਤੀ ਅਸਟਪਦੀਆਂ ਮ: 1, ਪੰਨਾ 1342-43, 1344.

537. ਜਪੁਜੀ, ਪਉੜੀ 28.

538. ਸ੍ਰੀਮਦ ਭਗਵਤ ਗੀਤਾ 5/19.

539. ਪਦ, 25.

540. ਧਨਾਸਰੀ ਮ: 1, ਪੰਨਾ 662.

541-42. ਪਦ 167, 176.

543. ਰਾਮਕਲੀ ਸਿਧਗੋਸਟਿ, ਪੰਨਾ 946.

544 ਤੇ 545. ਰਾਗੁ ਪ੍ਰਭਾਤੀ ਅਸਟਪਦੀਆਂ ਮ: 1, ਪੰਨਾ 1344,1343.

546 ਤੋਂ 551. ਪਦ,68, 11,143,149,26,137.

552. ਗਉੜੀ ਮ: 1, ਪੰਨਾ 152.

553. ਜਪੁਜੀ, ਪੰਨਾ 1.

554. ਸਿਰੀ ਰਾਗੁ ਮ: 1, ਪੰਨਾ 19.

555. ਪ੍ਰੋ. ਸ਼ੇਰ ਸਿੰਘ ਗਿਆਨੀ, ਗੁਰਮਤਿ ਦਰਸ਼ਨ, ਪੰਨਾ 242-43.

556. ਡਾ. ਧਰਮਪਾਲ ਸਿੰਗਲ, ਸੰਤ ਸ਼ਿਰੋਮਣੀ ਰਵਿਦਾਸ, ਪੰਨਾ 94.

---

# ਅਧਿਆਇ ਪੰਜਵਾਂ

# ਸੰਤ ਰਵਿਦਾਸ ਅਤੇ ਗੁਰੂ ਨਾਨਕ ਦੀ ਮੋਕਸ਼ ਧਾਰਨਾ

# ਸੰਤ ਰਵਿਦਾਸ ਅਤੇ ਗੁਰੂ ਨਾਨਕ ਦੀ ਮੋਕਸ਼ ਧਾਰਨਾ

## ਮੁਕਤੀ ਦੀ ਪਰੰਪਰਾ ਅਤੇ ਉਦੇਸ਼

ਮੁੱਢ ਤੋਂ ਹੀ ਧਰਮ, ਅਰਥ, ਕਾਮ ਅਤੇ ਮੋਕਸ਼ ਨੂੰ ਉੱਤਮ ਮੰਨਿਆ ਗਿਆ ਹੈ ਅਤੇ ਇਸ ਦੀ ਪ੍ਰਾਪਤੀ ਮਨੁੱਖਾ ਜੀਵਨ ਦਾ ਪਰਮਾਰਥ ਤੇ ਪ੍ਰਮੁੱਖ ਉਦੇਸ਼ ਸਮਝਿਆ ਜਾਂਦਾ ਰਿਹਾ ਹੈ। ਮੁਕਤ ਅਵਸਥਾ ਵਿਚ ਜੀਵ ਸੰਸਾਰਕ ਦੁੱਖਾਂ ਅਤੇ ਸੰਤਾਪਾਂ ਤੋਂ ਨਿਵਿਰਤੀ ਪ੍ਰਾਪਤ ਕਰਕੇ ਪ੍ਰਭੂ ਨਾਲ ਇਕਮਿਕ ਹੋ ਜਾਂਦਾ ਹੈ। ਸਾਰੇ ਦਾਰਸ਼ਨਿਕ ਇਸ ਗੱਲ ਨਾਲ ਸਹਿਮਤ ਹਨ ਕਿ ਮੋਕਸ਼ ਉਸ ਅਵਸਥਾ ਦਾ ਸੂਚਕ ਹੈ ਜਦ ਮਨੁੱਖ ਤ੍ਰਿਵਿਧ ਦੁੱਖਾਂ (ਦੈਹਿਕ, ਦੈਵਿਕ ਅਤੇ ਭੌਤਕ) ਤੋਂ ਛੁਟਕਾਰਾ ਪ੍ਰਾਪਤ ਕਰ ਲੈਂਦਾ ਹੈ।

ਮਾਇਆ ਮਨੁੱਖ ਲਈ ਸੰਸਾਰਕ ਬੰਧਨਾਂ ਦਾ ਕਾਰਨ ਬਣਦੀ ਹੈ, ਇਸ ਲਈ ਮੁਕਤੀ ਪ੍ਰਾਪਤੀ ਲਈ ਮਾਇਆ ਤੋਂ ਛੁਟਕਾਰਾ ਬਹੁਤ ਜ਼ਰੂਰੀ ਹੈ। ਭਿੰਨ ਭਿੰਨ ਦਾਰਸ਼ਨਿਕਾਂ ਨੇ ਆਪਣੇ ਦ੍ਰਿਸ਼ਟੀਕੋਣ ਅਨੁਸਾਰ ਇਸ ਅਵਸਥਾ ਨੂੰ ਨਿਰਵਾਣ, ਮੋਕਸ਼, ਮੁਕਤੀ, ਕੈਵਲਯ, ਪਰਮਪਦ, ਪਰਮ ਗਤਿ, ਪਰਮਸੁੱਖ ਆਦਿ ਕਿਹਾ ਹੈ। ਵੇਦਾਂ ਅਨੁਸਾਰ ਵੈਦਿਕ ਲੋਕ ਮੁਕਤੀ ਪ੍ਰਾਪਤ ਕਰਨ ਲਈ ਗਿਆਨ ਅਤੇ ਭਗਤੀ ਮਾਰਗ ਅਪਣਾਉਂਦੇ ਸਨ। ਉਪਨਿਸ਼ਦਾਂ ਅਨੁਸਾਰ ਸੰਸਾਰਕ ਬੰਧਨਾਂ ਤੋਂ ਛੁਟਕਾਰਾ ਪ੍ਰਾਪਤ ਕਰਕੇ ਪ੍ਰਭੂ ਨਾਲ ਇਕਮਿਕ ਹੋਣਾ ਹੀ ਮੁਕਤੀ ਹੈ। ਮੁੰਡਕ ਉਪਨਿਸ਼ਦ ਅਨੁਸਾਰ ਜੋ ਉਸ ਪਾਰਬ੍ਰਹਮ ਨੂੰ ਜਾਣ ਲੈਂਦਾ ਹੈ। ਉਹ ਪਾਰਬ੍ਰਹਮ ਹੀ ਹੋ ਜਾਂਦਾ ਹੈ।[1]

ਡਾ. ਰਤਨ ਸਿੰਘ ਜੱਗੀ ਲਿਖਦੇ ਹਨ, "ਸ਼ੁਰੂ 'ਚ ਮੌਤ ਡਰ ਤੋਂ ਛੁਟਕਾਰਾ ਪਾਉਣ ਨੂੰ ਮੁਕਤੀ ਸਮਝਿਆ ਜਾਂਦਾ ਸੀ ਅਤੇ ਇਸ ਨੂੰ ਪ੍ਰਾਪਤ ਕਰਾਉਣ 'ਚ ਦੇਵਤਿਆਂ ਨੂੰ ਸਮਰਥ ਮੰਨਿਆ ਜਾਂਦਾ ਸੀ। ਦੇਵਤਿਆਂ ਨੂੰ ਪ੍ਰਸੰਨ ਕਰਨ ਲਈ ਕਈ ਤਰ੍ਹਾਂ ਦੀਆਂ ਉਪਾਸਨਾ ਵਿਧੀਆਂ ਚਾਲੂ ਹੋਈਆਂ। ਤਦਨੰਤਰ ਉਪਨਿਸ਼ਦ ਵਿਚ ਕਰਮਕਾਂਡਾਂ ਦਾ ਸਥਾਨ ਗਿਆਨ ਨੇ ਗ੍ਰਹਿਣ ਕੀਤਾ। ਇਸ ਵਿਚ ਅਗਿਆਨ ਰੂਪੀ ਬੰਧਨ ਤੋਂ ਨਿਵਿਰਤੀ ਅਤੇ ਗਿਆਨ ਰਾਹੀਂ ਜੀਵ ਅਤੇ ਬ੍ਰਹਮ ਦੀ ਅਭੇਦ ਅਨੁਭੂਤਿ ਨੂੰ ਮੁਕਤੀ ਕਿਹਾ ਗਿਆ ਹੈ।"[2]

ਗੀਤਾ ਅਨੁਸਾਰ ਪੂਰਨ ਆਤਮ ਗਿਆਨ ਹੀ ਮੋਕਸ਼ ਹੈ ਕਿਉਂਕਿ ਜਿਸਨੇ ਇੰਦਰੀਆਂ ਮਨ ਅਤੇ ਬੁੱਧੀ ਤੇ ਕਾਬੂ ਪਾਕੇ ਭੈਅ, ਇੱਛਾ ਅਤੇ ਕ੍ਰੋਧ ਸਮਾਪਤ ਕਰ ਦਿੱਤੇ ਹਨ ਉਹ ਸਦਾ ਮੁਕਤ

ਰਹਿੰਦਾ ਹੈ। ਜੀਵ ਮਾਇਆ ਦਾ ਤਿਆਗ ਕਰਕੇ ਆਤਮਾ ਤੇ ਜਿੱਤ ਪ੍ਰਾਪਤ ਕਰ ਲੈਂਦਾ ਹੈ। ਗੀਤਾ ਵਿਚ ਆਉਂਦਾ ਹੈ ਕਿ ਕਾਮ-ਕ੍ਰੋਧ ਤੋਂ ਰਹਿਤ, ਯਤਨਸ਼ੀਲ, ਸੰਜਮ-ਚਿੱਤ ਅਤੇ ਮਨ ਨੂੰ ਜਿੱਤਣ ਵਾਲੇ ਮਨੁੱਖਾਂ ਨੂੰ ਸਭ ਪਾਸਿਆਂ ਤੋਂ ਬ੍ਰਹਮ ਨਿਰਵਾਣ ਪ੍ਰਾਪਤ ਹੁੰਦਾ ਹੈ।[3] ਇਸ ਤੋਂ ਬਿਨਾਂ ਬਾਹਰੀ ਵਿਸ਼ਿਆਂ ਨੂੰ ਤਿਆਗ ਕੇ ਨੇਤਰ ਨੂੰ ਤ੍ਰਿਕੁਟੀ ਸਥਾਨ ਤੇ ਕੇਂਦਰਤ ਕਰਕੇ ਪ੍ਰਾਣ ਸਾਧਨਾ ਦੁਆਰਾ ਇੰਦ੍ਰੀਆਂ, ਮਨ-ਬੁੱਧੀ ਨੂੰ ਵਸ ਕਰਕੇ ਮਨੁੱਖ ਸਦਾ ਲਈ ਮੁਕਤੀ ਪ੍ਰਾਪਤ ਕਰ ਲੈਂਦਾ ਹੈ।[4] ਗੀਤਾ ਵਿੱਚ ਆਉਂਦਾ ਹੈ ਕਿ ਪਾਪੀ ਮਨੁੱਖ ਵੀ ਭਗਤੀ ਦੇ ਪ੍ਰਭਾਵ ਸਦਕਾ ਪਰਮਾਤਮਾ ਬਣ ਜਾਂਦਾ ਹੈ ਅਤੇ ਉਸ ਨੂੰ ਪਰਮਸ਼ਾਂਤੀ ਪ੍ਰਾਪਤ ਹੁੰਦੀ ਹੈ।[5]

ਜੈਨ ਦਰਸ਼ਨ ਵੀ ਮੁਕਤੀ ਨੂੰ ਜੀਵਨ ਦਾ ਲਕਸ਼ ਸਮਝਦਾ ਹੈ। ਦੁੱਖਾਂ ਤੋਂ ਮੁਕਤੀ ਲਈ ਪੂਰਨ ਗਿਆਨ ਜ਼ਰੂਰੀ ਹੈ। ਤਪ, ਅਹਿੰਸਾ ਆਦਿ ਕਰਮ ਕਰਨ ਨਾਲ ਕਰਮਾਂ ਦੇ ਬੰਧਨਾਂ ਦਾ ਅਭਾਵ ਹੋਣ ਤੇ ਜੀਵ ਦਾ ਪਰਲੋਕ ਵਿਚ ਜਾਣਾ ਹੀ ਮੁਕਤੀ ਹੈ। ਡਾ. ਸਤੀਸ਼ ਚੰਦਰ ਚਟੋਪਾਧਿਆਇ ਲਿਖਦੇ ਹਨ ,ਕਿ ਜੀਵ ਅਤੇ ਜੜ੍ਹ ਤੱਤ ਦਾ ਸੰਜੋਗ ਬੰਧਨ ਹੈ ਅਤੇ ਜੀਵ ਦਾ ਜੜ੍ਹ ਤੱਤ ਤੋਂ ਅਲੱਗ ਹੋਣਾ ਮੁਕਤੀ ਹੈ। ਜੜ੍ਹ ਤੱਤ ਤੋਂ ਵਿਜੋਗ ਤਾਂ ਹੀ ਹੋ ਸਕਦਾ ਹੈ ਜੇ ਨਵੇਂ ਜੜ੍ਹ ਤੱਤ ਦਾ ਪ੍ਰਵੇਸ਼ ਰੁਕ ਜਾਵੇ ਅਤੇ ਸਰੀਰ ਵਿਚ ਪਹਿਲਾਂ ਤੋਂ ਹੀ ਪ੍ਰਵੇਸ਼. ਜੜ੍ਹ. ਤੱਤ ਜੀਰਣ ਹੋ ਜਾਵੇ।[6] ਇਸ ਤਰ੍ਹਾਂ ਜੈਨ ਦਰਸ਼ਨ ਅਨੁਸਾਰ ਮੁਕਤੀ ਦਾ ਉਦੇਸ਼ ਬੰਧਨਾਂ ਤੋਂ ਮੁਕਤੀ ਪ੍ਰਾਪਤ ਕਰਕੇ ਪਰਮ-ਆਨੰਦ ਪ੍ਰਾਪਤ ਕਰਨਾ ਹੈ। ਇਸ ਦਰਸ਼ਨ ਅਨੁਸਾਰ ਨਿਰਮਲ ਅੰਤਹਕਰਣ ਵਾਲਾ ਜੀਵ ਆਪਣੇ ਸਰੀਰ ਵਿੱਚ ਸਥਿੱਤ ਆਤਮਾ ਦਾ ਦਰਸ਼ਨ ਕਰ ਸਕਦਾ ਹੈ। ਇਹ ਹੀ ਆਤਮ-ਸਾਖਿਆਤਕਾਰ ਜਾਂ ਪਰਮਪਦ ਹੈ।[7] ਇਸ ਅਵਸਥਾ ਨੂੰ ਭਾਵ ਮੋਖਸ਼ ਜਾਂ ਜੀਵਨ ਮੁਕਤੀ ਵੀ ਕਹਿੰਦੇ ਹਨ।

ਬੁੱਧ ਦਰਸ਼ਨ ਵਿੱਚ ਮੁਕਤੀ ਨੂੰ 'ਨਿਰਵਾਣ' ਕਿਹਾ ਗਿਆ ਹੈ। 'ਨਿਰਵਾਣ' ਦਾ ਅਰਥ ਹੈ ਬੁਝ ਜਾਣਾ, ਸ਼ਾਂਤ ਹੋ ਜਾਣਾ। ਮਹਾਤਮਾ ਬੁੱਧ ਸੰਸਾਰ ਨੂੰ ਦੁੱਖਾਂ ਦਾ ਘਰ ਮੰਨਦੇ ਹੋਏ ਦੁੱਖਾਂ ਦਾ ਨਾਸ਼ ਹੀ ਨਿਰਵਾਣ ਮੰਨਦੇ ਹਨ। ਪਾਣਨੀ ਦੇ ਅਨੁਸਾਰ ਨਿਰਵਾਣ ਦਾ ਅਰਥ ਹੈ 'ਚਲਦੀ ਹਵਾ ਦਾ ਰੁਕ ਜਾਣਾ' ਅਰਥਾਤ ਦੁੱਖਾਂ ਅਤੇ ਤਕਲੀਫ਼ਾਂ ਤੋਂ ਛੁਟਕਾਰਾ ਮਿਲ ਜਾਣਾ। ਨਿਰਵਾਣ ਪ੍ਰਾਪਤ ਵਿਅਕਤੀ ਪੁਨਰ-ਜਨਮ ਦੇ ਚੱਕਰ ਵਿਚ ਨਹੀਂ ਪੈਂਦਾ। ਬੁੱਧ ਦਰਸ਼ਨ ਅਨੁਸਾਰ ਨਿਰਵਾਣ ਦੀ ਪ੍ਰਾਪਤੀ ਜੀਵਨ-ਕਾਲ ਵਿਚ ਵੀ ਹੋ ਸਕਦੀ ਹੈ।[8]

ਨਿਆਂ ਦਰਸ਼ਨ ਅਨੁਸਾਰ ਮੋਖਸ਼ ਦੁੱਖਾਂ ਤੋਂ ਪੂਰਣ ਛੁਟਕਾਰਾ ਪਾਉਣ ਦੀ ਅਵਸਥਾ ਹੈ। ਉਹ ਇਸ ਨੂੰ 'ਅਪਵਰਗ' ਕਹਿੰਦੇ ਹਨ। ਆਤਮਾ ਜਦ ਤੱਕ ਸਰੀਰ ਅਤੇ ਇੰਦ੍ਰੀਆਂ ਦੇ ਬੰਧਨਾਂ

ਤੋਂ ਮੁਕਤ ਨਹੀਂ ਹੁੰਦੀ ਤਦ ਤੱਕ ਦੁੱਖਾਂ ਤੋਂ ਛੁਟਕਾਰਾ ਨਹੀਂ ਹੁੰਦਾ ਤੇ ਨਾਹੀ ਮੋਖਸ਼ ਦੀ ਪ੍ਰਾਪਤੀ ਹੁੰਦੀ ਹੈ। "ਸਰੀਰ ਗ੍ਰਸਤ ਰਹਿੰਦੇ ਹੋਏ ਆਤਮਾ ਲਈ ਦੁੱਖਾਂ ਦਾ ਪੂਰਨ ਖਾਤਮਾ ਸੰਭਵ ਨਹੀਂ ਹੈ।"[9] ਅਸ਼ਟਾਂਗ ਯੋਗ ਦੇ ਅਭਿਆਸ ਰਾਹੀਂ ਨਿਸ਼ਕਾਮ ਕਰਮ ਕਰਨ ਨਾਲ ਜੀਵਾਤਮਾ ਇੱਕੀ ਤਰ੍ਹਾਂ ਦੇ ਦੁੱਖ ਅਤੇ ਦੁੱਖਾਂ ਦੇ ਕਾਰਣਾਂ ਤੋਂ ਨਵਿਰਤੀ ਪ੍ਰਾਪਤ ਕਰਕੇ ਮੋਖਸ਼ ਪ੍ਰਾਪਤ ਕਰ ਸਕਦੀ ਹੈ।[10]

ਸਰੀਰ ਤੋਂ ਮੁਕਤ ਹੋਣ ਤੇ ਆਤਮਾ ਦੇ ਕੇਵਲ ਦੁੱਖਾਂ ਦਾ ਹੀ ਅੰਤ ਨਹੀਂ ਹੁੰਦਾ, ਬਲਕਿ ਸੁੱਖ ਵੀ ਖਤਮ ਹੋ ਜਾਂਦੇ ਹਨ। ਵੈਸ਼ੇਸ਼ਿਕ ਮਤ ਦੀ ਮੋਕਸ਼ ਕਲਪਣਾ ਨਿਆਏ ਦਰਸ਼ਨ ਦੇ ਅਨੁਰੂਪ ਹੈ। ਇਸਦੇ ਅਨੁਸਾਰ ਮੋਕਸ਼ ਪ੍ਰਾਪਤੀ ਦਾ ਸਾਧਨ ਤੱਤ-ਗਿਆਨ ਹੈ।[11]

ਸਾਂਖਯ ਦਰਸ਼ਨ ਵਿੱਚ ਵੀ ਮੁਕਤੀ ਨੂੰ ਅਪਵਰਗ ਕਿਹਾ ਗਿਆ ਹੈ। ਇਸ ਮੱਤ ਅਨੁਸਾਰ ਪੁਰਸ਼ ਦੀ ਪ੍ਰਕ੍ਰਿਤੀ ਤੋਂ ਅਲੱਗ ਸਥਿਤੀ 'ਅਪਵਰਗ' ਹੈ। ਇਸ ਮੱਤ ਅਨੁਸਾਰ ਪੁਰਸ਼ ਨੂੰ ਮੁਕਤ ਕਰਨ ਲਈ ਪ੍ਰਕ੍ਰਿਤੀ ਕਈ ਤਰ੍ਹਾਂ ਦੇ ਉਪਾਵ ਰਚਦੀ ਹੈ। ਗਿਆਨ ਦੁਆਰਾ ਅਵਿੱਦਿਆ ਦਾ ਨਾਸ਼ ਹੋਣ ਤੇ ਪ੍ਰਕ੍ਰਿਤੀ ਅਤੇ ਪੁਰਸ਼ ਆਪਣੇ ਆਪਣੇ ਸਰੂਪ ਨੂੰ ਪਹਿਚਾਣ ਲੈਂਦੇ ਹਨ ਅਤੇ ਆਪਣੇ ਆਪ ਨੂੰ ਨਿਰਲਿਪਤ ਸਮਝਣ ਲੱਗ ਪੈਂਦੇ ਹਨ। ਗਿਆਨ ਨੂੰ ਛੱਡ ਕੇ ਬੁੱਧੀ ਦੇ ਸਭ ਭਾਵਾਂ ਦਾ ਪ੍ਰਭਾਵ ਨਸ਼ਟ ਹੋ ਜਾਣ ਤੇ ਪੁਰਸ਼ 'ਕੈਵਲਯ' ਨੂੰ ਪ੍ਰਾਪਤ ਹੁੰਦਾ ਹੈ। ਇਸ ਅਵਸਥਾ ਵਿੱਚ ਮਨੁੱਖ ਦੇ ਸਰੀਰ ਦਾ ਪਤਨ ਨਹੀਂ ਹੁੰਦਾ ਕਿਉਂਕਿ ਉਸਦੇ ਪੂਰਵ ਜਨਮਾਂ ਦੇ ਸੰਸਕਾਰ ਅਜੇ ਵਿਦਮਾਨ ਹੁੰਦੇ ਹਨ। ਜਦੋਂ ਪ੍ਰਾਰੱਬਧ ਕਰਮਾਂ ਤੇ ਸੰਸਕਾਰਾਂ ਦਾ ਨਾਸ਼ ਹੋ ਜਾਂਦਾ ਹੈ ਤਾਂ ਸਰੀਰ ਦਾ ਪਤਨ ਹੋ ਜਾਂਦਾ ਹੈ ਅਤੇ ਜੀਵ ਨੂੰ 'ਵਿਦੇਹੀ ਕੈਵਲਯ' ਦੀ ਪ੍ਰਾਪਤੀ ਹੁੰਦੀ ਹੈ।[12] ਸਾਂਖਯ ਦਰਸ਼ਨ ਵਿਚ ਅਧਿਆਤਮਿਕ, ਅਧਿਭੌਤਿਕ ਅਤੇ ਅਧਿਦੈਵਿਕ ਤਿੰਨ ਤਰ੍ਹਾਂ ਦੇ ਦੁੱਖ ਮੰਨੇ ਗਏ ਹਨ।

ਅਗਿਆਨਤਾ ਵਸ ਜੀਵ ਆਪਣੇ ਆਪ ਨੂੰ ਪ੍ਰਕ੍ਰਿਤੀ ਤੋਂ ਅਭਿੰਨ ਮੰਨ ਲੈਂਦਾ ਹੈ। ਸੋ ਜਦ ਤੱਕ ਉਹ ਅਗਿਆਨਤਾ ਦੀ ਅਵਸਥਾ ਵਿਚ ਹੈ ਤਦ ਤੱਕ ਬੰਧਨ ਵਿਚ ਹੈ। ਜਿਉਂ ਹੀ ਉਸਨੂੰ ਵਿਵੇਕ ਗਿਆਨ ਹੁੰਦਾ ਹੈ। ਉਸੇ ਪਲ ਉਸਨੂੰ ਮੁਕਤੀ ਪ੍ਰਾਪਤ ਹੋ ਜਾਂਦੀ ਹੈ। ਡਾ. ਉਮੇਸ਼ ਮਿਸ਼ਰ ਨੇ 'ਪੁਰਖ ਅਤੇ ਪ੍ਰਕ੍ਰਿਤੀ ਦੇ ਕਲਪਿਤ ਸੰਬੰਧ ਨੂੰ ਹੀ ਬੰਧਨ ਕਿਹਾ ਹੈ। ਇਸੀ ਬੰਧਨ ਨੂੰ ਦੂਰ ਕਰਨਾ ਪੁਰਸ਼ ਦਾ ਆਪਣੇ ਆਪ ਨੂੰ ਪਹਿਚਾਨਣਾ, ਪ੍ਰਕ੍ਰਿਤੀ ਨੂੰ ਆਪਣੇ ਸਰੂਪ ਦਾ ਗਿਆਨ ਹੋ ਜਾਣਾ ਹੀ 'ਵਿਵੇਕ ਬੁੱਧੀ' ਹੈ। ਇਹੋ 'ਮੁਕਤੀ' ਹੈ।[13] ਪ੍ਰਾਚੀਨ ਮੀਮਾਂਸਕਾਂ ਅਨੁਸਾਰ ਸਵਰਗ ਹੀ ਜੀਵਨ ਦਾ ਲਖਸ਼ ਮੰਨਿਆ ਗਿਆ ਹੈ। ਇਨ੍ਹਾਂ ਚਿੰਤਕਾਂ ਨੇ ਕਰਮਾਂ ਦਾ ਅੰਤਮ ਉਦੇਸ਼ ਸਵਰਗ ਪ੍ਰਾਪਤੀ ਦੱਸਿਆ ਹੈ।

ਪਰ ਬਾਅਦ ਦੇ ਮੀਮਾਂਸਕਾਰ ਬਾਕੀ ਦਾਰਸ਼ਨਿਕਾਂ ਵਾਂਗ ਸਵਰਗ ਦੀ ਥਾਂ ਮੁਕਤੀ ਨੂੰ ਹੀ ਅੰਤਮ ਉਦੇਸ਼ ਮੰਨਣ ਲੱਗ ਪਏ ਹਨ। ਮੀਮਾਂਸਾ ਦਰਸ਼ਨ ਅਨੁਸਾਰ ਭੋਗ (ਸਰੀਰ), ਭੋਗ ਸਾਧਨ(ਇੰਦ੍ਰੀਆਂ) ਅਤੇ ਭੋਗਯ (ਵਿਸ਼ੇ) ਆਦਿ ਤਿੰਨ ਪ੍ਰਕਾਰ ਦੇ ਪ੍ਰਪੰਚ ਜੀਵ ਨੂੰ ਦੁੱਖ ਸੁੱਖ ਦੇ ਬੰਧਨ ਵਿਚ ਬੰਨ੍ਹਦੇ ਹਨ। ਮੁਕਤੀ ਦੀ ਅਵਸਥਾ ਵਿਚ ਦੁੱਖਾਂ ਦਾ ਅਭਾਵ ਹੁੰਦਾ ਹੈ ਪਰ ਉਸ ਵਿਚ ਆਨੰਦ ਦੀ ਪ੍ਰਾਪਤੀ ਵਿਖਾਈ ਨਹੀਂ ਦਿੰਦੀ, ਅਰਥਾਤ ਦੁੱਖਾਂ ਦੇ ਅਭਾਵ ਨਾਲ ਅਨੰਦ ਵੀ ਨਹੀਂ ਰਹਿੰਦਾ। ਪੰਡਤ ਬਲਦੇਵ ਉਪਾਧਿਆਇ ਅਨੁਸਾਰ 'ਮੋਕਸ਼ ਦਸ਼ਾ ਵਿਚ ਆਤਮਾ ਸਰੀਰ ਦਾ ਇਕਾਂ ਤੋਂ ਜੁਦਾ ਹੋ ਜਾਂਦਾ ਹੈ। ਪ੍ਰੰਤੂ ਇਸ ਦਸ਼ਾ ਵਿਚ ਆਤਮਾ ਨੂੰ ਆਨੰਦ ਦਾ ਅਨੁਭਵ ਨਹੀਂ ਹੁੰਦਾ।[14] ਇਸ ਅਵਸਥਾ 'ਚ ਸਾਰੇ ਦੁੱਖਾਂ ਦਾ ਸਦਾ ਲਈ ਅੰਤ ਹੋ ਜਾਂਦਾ ਹੈ।[15]

ਯੋਗ ਦਰਸ਼ਨ ਵੀ ਮੰਨਦਾ ਹੈ ਕਿ ਪੁਰਸ਼ ਅਗਿਆਨ ਵਸ ਆਪਣੇ ਆਪ ਨੂੰ ਪ੍ਰਕ੍ਰਿਤੀ ਤੋਂ ਅਭਿੰਨ ਮੰਨ ਲੈਂਦਾ ਹੈ ਅਤੇ ਬੰਧਨ ਵਿੱਚ ਫਸ ਜਾਂਦਾ ਹੈ। ਬੰਧਨ ਮੁਕਤ ਹੋਣ ਲਈ ਵਿਵੇਕ ਗਿਆਨ ਜ਼ਰੂਰੀ ਹੈ। ਯੋਗ ਦਰਸ਼ਨ ਅਨੁਸਾਰ ਰਾਗ-ਦਵੈਸ਼, ਵਿਸ਼ੇ ਵਿਕਾਰ, ਸੁੱਖ-ਦੁੱਖ ਆਦਿ ਦੇ ਕਾਰਨਾਂ ਦਾ ਨਾਸ਼ ਹੋਣ ਨਾਲ ਜਦੋਂ ਪੁਰਸ਼ ਨੂੰ ਅਧਿਦੈਵਿਕ, ਅਧਿਭੌਤਿਕ ਅਤੇ ਅਧਿਆਤਮਕ ਦੁੱਖਾਂ ਤੋਂ ਮੁਕਤੀ ਮਿਲਦੀ ਹੈ ਤਾਂ ਉਹ ਵਿਯੋਗ ਅਵਸਥਾ ਵਿਚ ਪਹੁੰਚ ਜਾਂਦਾ ਹੈ। ਇਹੋ 'ਕੈਵਲਯ' ਹੈ। ਇਸ ਅਵਸਥਾ ਵਿਚ ਪੁਰਸ਼ ਜਾਂ ਚਿੱਤ ਸ਼ਕਤੀ ਸ਼ੁੱਧ-ਸਰੂਪ ਜੋਤਿਮਈ ਚ ਲੀਨ ਹੋ ਕੇ ਮਿਲ ਜਾਂਦੀ ਹੈ। ਯੋਗ ਵਿੱਚ ਇਹੋ ਹੀ ਮੁਕਤੀ ਹੈ।[16] ਯੋਗ ਦਰਸ਼ਨ ਅਨੁਸਾਰ ਪੁਰਸਾਰਥ ਤੋਂ ਸ਼ੂਨਯ ਹੋਏ ਗੁਣਾਂ ਦਾ ਆਪਣੇ ਕਾਰਨ ਵਿਚ ਲੀਨ ਹੋ ਜਾਣਾ 'ਕੈਵਲਯ' ਹੈ। ਜਾਂ ਚਿਤਿ ਸ਼ਕਤੀ ਦਾ ਆਪਣੇ ਸਰੂਪ 'ਚ ਅਵਸਥਿਤ ਹੋ ਜਾਣਾ 'ਕੈਵਲਯ' ਹੈ।[17] ਜਦ ਤੱਕ ਚਿੱਤ ਵਿਚ ਵਿਕਾਰ ਅਤੇ ਪਰਿਣਾਮ ਹੁੰਦੇ ਹਨ। ਉਹ ਸੰਸਾਰਕ ਵਿਸ਼ਿਆਂ 'ਚ ਸੁੱਖ-ਦੁੱਖ ਅਨੁਭਵ ਕਰਨ ਲਗਦਾ ਹੈ।ਇਹੀ ਆਤਮਾ ਦਾ ਬੰਧਨ ਹੈ।[18] ਸੋ ਯੋਗ ਦਰਸ਼ਨ ਅਨੁਸਾਰ ਆਤਮਾ ਨੂੰ ਸੰਸਾਰਕ ਵਿਸ਼ਿਆਂ ਤੋਂ ਮੁਕਤ ਕਰਨਾ ਹੀ ਮੁਕਤੀ ਹੈ। ਯੋਗ ਅਭਿਆਸ ਰਾਹੀਂ ਅਸਾਧਾਰਨ ਸ਼ਕਤੀਆਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ ਅਤੇ ਉਹ ਸ਼ਕਤੀਆਂ ਮੁਕਤੀ ਪ੍ਰਾਪਤੀ ਦਾ ਸਾਧਨ ਮਾਰਗ ਬਣਦੀਆਂ ਹਨ।

ਅਦਵੈਤ ਵੇਦਾਂਤ ਅਨੁਸਾਰ ਵੀ ਜੀਵਨ ਦਾ ਮੁੱਖ ਉਦੇਸ਼ ਮੁਕਤੀ ਦੀ ਪ੍ਰਾਪਤੀ ਹੈ। ਅਸਲ ਵਿੱਚ ਜੀਵਾਤਮਾ ਅਤੇ ਪਰਮਾਤਮਾ ਵਿਚ ਕੋਈ ਭੇਦ ਨਹੀਂ। ਪਰ ਭਰਮ ਵਸ ਆਤਮਾ ਆਪਣੇ ਆਪ ਨੂੰ ਬ੍ਰਹਮ ਤੋਂ ਅਲੱਗ ਸਮਝਣ ਲੱਗ ਪੈਂਦੀ ਹੈ ਅਤੇ ਬੰਧਨ ਵਿਚ ਪੈ ਜਾਂਦੀ ਹੈ। ਪਰ ਜਦ ਭਰਮ ਦਾ ਪਰਦਾ ਪਾਟ ਜਾਂਦਾ ਹੈ ਤਾਂ ਆਤਮਾ ਆਪਣੇ ਆਪ ਨੂੰ ਬ੍ਰਹਮ ਜਾਣ ਲੈਂਦੀ ਹੈ ਅਤੇ ਜਨਮ ਮਰਨ ਦੇ ਚੱਕਰ ਚੋਂ ਛੁੱਟ ਜਾਂਦੀ ਹੈ। ਇਹੋ ਹੀ ਮੁਕਤੀ ਹੈ। ਸਵਾਮੀ ਸ਼ੰਕਰ ਆਚਰਯ

ਲਈ ਮੁਕਤੀ ਜਾਂ ਮੁਕਤੀ ਦੀ ਪ੍ਰਾਪਤੀ ਕੋਈ ਨਵੀਂ ਸ਼ੈਅ ਨਹੀਂ। ਪ੍ਰਾਪਤ ਵਸਤੂ ਨੂੰ ਮੁੜ ਕੇ ਪ੍ਰਾਪਤ ਕਰਨਾ ਹੀ ਮੁਕਤੀ ਹੈ। ਅਸਲ ਵਿਚ ਸਵਾਮੀ ਜੀ ਬੰਧਨ ਨੂੰ ਮਿਥਿਆ ਮੰਨਦੇ ਹਨ। ਮੁਕਤੀ ਕੇਵਲ ਦੁੱਖਾਂ ਤੋਂ ਛੁਟਕਾਰਾ ਹੀ ਨਹੀਂ ਸਗੋਂ ਆਨੰਦ ਦੀ ਅਨੁਭੂਤੀ ਵੀ ਹੈ। ਜਦੋਂ " ਬ੍ਰਹਮ ਹੀ ਮੈਂ ਹਾਂ" ਦਾ ਅਨੁਭਵ ਹੁੰਦਾ ਹੈ ਤਾਂ ਭਰਮ ਨਾਸ਼ ਹੋ ਜਾਂਦਾ ਹੈ। ਇਹੋ ਮੁਕਤੀ ਹੈ। ਸ੍ਰਵਣ, ਮਨਨ ਅਤੇ ਨਿਦਿਧਿਆਸਨ ਨਾਲ ਚਿੱਤ ਬਿਰਤੀਆਂ ਤੇ ਕਾਬੂ ਪਾ ਕੇ ਇਸ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਪੰਡਤ ਬਲਦੇਵ ਉਪਾਧਿਆਇ ਲਿਖਦੇ ਹਨ ਕਿ ਜੀਵ ਤਾਂ ਸੁਭਾਅ ਤੋਂ ਹੀ ਮੁਕਤ ਹੈ। ਪ੍ਰੰਤੂ ਜੀਵ ਇਸ ਨੂੰ ਭੁੱਲ ਕੇ ਬਾਹਰ ਲੱਭਦਾ ਫਿਰਦਾ ਹੈ - - - - ਗੁਰੂ ਦੇ ਉਪਦੇਸ਼ ਨਾਲ ਅਗਿਆਨ ਅਤੇ ਭਰਮ ਦੂਰ ਹੁੰਦਾ ਹੈ, ਵਿਵੇਕ ਪੈਦਾ ਹੁੰਦਾ ਹੈ ਅਤੇ ਮਨੁੱਖ ਸੁਭਾਵਿਕ ਮੁਕਤੀ ਨੂੰ ਪਾਕੇ ਖੁਸ਼ ਹੁੰਦਾ ਹੈ।[19] ਬਾਦਰਾਯਣ ਉਪਨਿਸ਼ਦ(ਵੇ.ਸੂ 4-4-1) ਵਿੱਚ ਮੁਕਤੀ ਬਾਰੇ ਲਿਖਿਆ ਹੈ," ਬ੍ਰਹਮ ਨੂੰ ਪ੍ਰਾਪਤ ਹੋ ਜੀਵ ਦੇ ਆਪਣੇ ਰੂਪ ਵਿਚ ਪ੍ਰਗਟ ਹੋਣ ਨੂੰ ਮੁਕਤੀ ਆਖਦੇ ਹਨ। ਜੀਵ ਦਾ ਆਪਣਾ ਸਰੂਪ ਅਵਿਦਿਆ ਨਾਲ ਢਕਿਆ ਰਹਿੰਦਾ ਹੈ ਜਿਸ ਦੇ ਖੋਲ੍ਹਣ ਦੇ ਲਈ ਉਪਨਿਸ਼ਦ ਵਿਦਿਆ ਦੀ ਜ਼ਰੂਰਤ ਪੈਂਦੀ ਹੈ।[20] ਬ੍ਰਹਮ ਸੂਤਰ ਵਿਚ ਮੁਕਤੀ ਦੀ ਅਵਸਥਾ ਬਾਰੇ ਕਿਹਾ ਗਿਆ ਹੈ ਕਿ ਕਰਮਾਂ ਦੇ ਵਿਨਾਸ਼ ਦੇ ਫਲਸਰੂਪ ਅਦ੍ਵੈਤ ਅਵਸਥਾ ਦਾ ਉਤਪੰਨ ਹੋਣਾ ਹੀ ਮੁਕਤੀ ਹੈ।[21]

ਰਾਮਾਨੁਜ ਦੇ ਵਿਸ਼ਿਸ਼ਟ ਅਦਵੈਤ ਅਨੁਸਾਰ ਪ੍ਰਭੂ ਭਗਤ ਨਾਲ ਇਕਮਿਕ ਵੀ ਹੋਣਾ ਚਾਹੁੰਦਾ ਹੈ ਅਤੇ ਅਲੱਗ ਹੋਂਦ ਵੀ ਚਾਹੁੰਦਾ ਹੈ। ਰਾਮਾਨੁਜ ਅਨੁਸਾਰ ਈਸ਼ਵਰ ਦੇ ਬਰਾਬਰ ਹੋਂਦ ਰੱਖਣ ਵਾਲਾ ਭਗਤ ਭਰਮਵਸ ਹੰਕਾਰ ਵਿਚ ਆਕੇ ਕਿਸੇ ਵੇਲੇ ਵੀ ਮੁਕਤੀ ਤੋਂ ਖੁੰਝ ਸਕਦਾ ਹੈ। ਉਮੇਸ਼ ਮਿਸਰ ਅਨੁਸਾਰ ਮੋਖਸ਼ ਦੀ ਇੱਛਾ ਰੱਖਣ ਵਾਲੇ ਜੀਵ ਸੰਸਾਰ ਤੋਂ ਵਿਰਕਤ ਹੋਕੇ ਸਤਿਸੰਗ ਤੋਂ ਵਿਵੇਕ-ਬੁੱਧੀ ਨੂੰ ਪ੍ਰਾਪਤ ਕਰਕੇ, ਪ੍ਰਭੂ ਨੂੰ ਆਤਮ ਸਮਰਪਣ ਕਰਕੇ ਉਸ ਦੀ ਆਗਿਆ ਦਾ ਪਾਲਣ ਕਰਦਿਆਂ ਅੰਤ ਨੂੰ ਮੁਕਤੀ ਪ੍ਰਾਪਤ ਕਰ ਲੈਂਦੇ ਹਨ। ਅਜਿਹੇ ਮੁਕਤ ਜੀਵ ਈਸ਼ਵਰ ਦੇ ਬਰਾਬਰ ਭੋਗ ਕਰਦੇ ਹਨ।[22]

ਦਵੈਤਮੱਤ ਅਨੁਸਾਰ ਅਗਿਆਨਤਾ ਅਤੇ ਬੰਧਨ ਤੋਂ ਮੁਕਤ ਹੋਣਾ ਹੀ ਮੁਕਤੀ ਹੈ। ਇਸ ਮੱਤ ਅਨੁਸਾਰ ਮੋਖਸ਼ ਪਰਮਾਤਮਾ ਦੇ ਅਧੀਨ ਹੋਣ ਕਰਕੇ ਇਸ ਨੂੰ ਭਗਤੀ ਦੇ ਸਾਧਨਾ ਪ੍ਰਭੂ ਸਿਮਰਨ,ਜਪ,ਕੀਰਤਨ ਆਦਿ ਰਾਹੀਂ ਪ੍ਰਾਪਤ ਕੀਤਾ ਜਾ ਸਕਦਾ ਹੈ। ਪ੍ਰਭੂਕ੍ਰਿਪਾ ਹੋਰ ਵੀ ਜ਼ਰੂਰੀ ਹੈ।

ਦਵੈਤਾਦਵੈਤ ਮੱਤ ਅਨੁਸਾਰ ਸ਼ੁੱਭ ਕਰਮ ਕਰਦਿਆਂ ਪੂਰਬਲੇ ਜਨਮ ਦੇ ਕਰਮਾਂ ਦਾ ਭੋਗ ਪੂਰਾ ਕਰਕੇ ਸੰਸਾਰਕ ਝੰਜਟਾਂ ਤੇ ਬੰਧਨਾਂ ਤੋਂ ਛੁੱਟਣਾ ਹੀ ਮੁਕਤੀ ਹੈ। ਮੁਕਤੀ ਪ੍ਰਾਪਤ ਕਰਕੇ

ਜੀਵ ਆਵਾਗਵਨ ਦੇ ਚੱਕਰ ਤੋਂ ਛੁੱਟ ਜਾਂਦਾ ਹੈ। ਮੁਕਤ-ਜੀਵ ਨੂੰ ਈਸ਼ਵਰ ਦਰਸ਼ਨ ਪ੍ਰਾਪਤ ਹੁੰਦਾ ਹੈ।[23]

ਚਾਰਵਾਕ ਦਰਸ਼ਨ ਸਰੀਰ ਤੋਂ ਵੱਖ ਆਤਮਾ ਦੀ ਸਤ੍ਹਾ ਸਵੀਕਾਰ ਹੀ ਨਹੀਂ ਕਰਦਾ ਅਤੇ ਨਾ ਹੀ ਆਤਮਾ ਦੀ ਅਮਰਤਾ, ਪਰ੍ਹ ਤੇ ਸਵਰਗ ਆਦਿ ਨੂੰ ਮੰਨਦਾ ਹੈ। ਉਸ ਅਨੁਸਾਰ ਆਤਮਾ ਸਰੀਰ ਦੇ ਨਾਲ ਹੀ ਨਸ਼ਟ ਹੋ ਜਾਂਦੀ ਹੈ। ਇਸ ਲਈ ਮੋਖਸ਼ ਪ੍ਰਾਪਤੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਲਈ ਚਾਰਵਾਕ ਦਰਸ਼ਨ ਆਤਮਾ ਦੀ ਅਮਰਤਾ ਦੇ ਨਾਲ ਨਾਲ ਮੋਖਸ਼ ਦਾ ਵੀ ਖੰਡਨ ਕਰਦਾ ਹੈ। ਨਾਥ ਪੰਥੀਆਂ ਅਨੁਸਾਰ ਮਨ ਦਾ ਨਿਰੰਜਨ(ਬ੍ਰਹਮ) ਵਿੱਚ ਲੀਨ ਹੋਣਾ ਹੀ ਮੁਕਤੀ ਹੈ।

ਸੂਫੀ ਸਾਧਕਾਂ ਦੀ 'ਇਕਮਿਕ' ਹੋਣ ਦੀ ਭਾਵਨਾ ਮੁਕਤੀ ਤੋਂ ਪ੍ਰਭਾਵਿਤ ਪ੍ਰਤੀਤ ਹੁੰਦੀ ਹੈ। ਕੁੱਝ ਸੂਫੀ ਸਾਧਕ ਇਹ ਗੱਲ ਮੰਨਦੇ ਹਨ ਕਿ ਇਹ ਅਵਸਥਾ ਮੌਤ ਤੋਂ ਬਾਅਦ ਦੀ ਅਵਸਥਾ ਹੈ। ਪ੍ਰੰਤੂ ਜ਼ਿਆਦਾ ਸੂਫੀ ਸਾਧਕ ਅਜਿਹੇ ਹਨ ਜੋ ਇਸੇ ਜੀਵਨ ਵਿਚ ਇਸ ਅਵਸਥਾ ਦੇ ਪ੍ਰਾਪਤ ਹੋਣ ਦੀ ਗੱਲ ਕਰਦੇ ਹਨ।[24]

ਇਸਾਈ ਤੇ ਇਸਲਾਮ ਧਰਮ ਅਨੁਸਾਰ ਮੁਕਤੀ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ। ਈਸਾਈ ਮੱਤ ਅਨੁਸਾਰ ਖੁਦਾ ਦੇ ਪੁੱਤਰ ਹਜ਼ਰਤ ਈਸਾ ਤੇ ਪੂਰਾ ਭਰੋਸਾ ਕਰਨ ਤੇ ਪਾਪਾਂ ਤੋਂ ਛੁਟਕਾਰਾ ਅਤੇ ਅਗੇ ਜੀਵਨ ਪਾਉਣਾ ਮੁਕਤੀ ਹੈ। ਉਨ੍ਹਾਂ ਦਾ ਖਿਆਲ ਹੈ ਕਿ ਕੋਈ ਆਦਮੀ ਬਿਨ੍ਹਾਂ ਪਾਪਾਂ ਨਹੀਂ ਅਤੇ ਪਾਪ ਦਾ ਫਲ ਮੌਤ ਹੈ। ਪੈਗੰਬਰ ਈਸਾ ਨੇ ਆਪਣੇ ਪ੍ਰਾਣ ਦੇ ਕੇ ਲੋਕਾਂ ਦੇ ਪਾਪਾਂ ਦਾ ਪ੍ਰਾਸ਼ਚਿਤ ਕੀਤਾ। ਜੋ ਉਸ ਤੇ ਈਮਾਨ ਲਿਆਉਣਗੇ ਉਹ ਪਾਪਾਂ ਤੋਂ ਛੁਟਕਾਰਾ ਪਾਉਣਗੇ ਅਤੇ ਅਵਿਨਾਸ਼ੀ ਜੀਵਨ ਪ੍ਰਾਪਤ ਕਰਨਗੇ। ਅਗੇ ਇਸਲਾਮ ਮੱਤ ਅਨੁਸਾਰ ਕੁਰਾਨ ਸਰੀਫ ਦੇ ਵਚਨਾਂ ਤੇ ਅਮਲ ਕਰਨਾ ਅਤੇ ਨਮਾਜ਼ ਰੋਜ਼ੇ ਆਦਿ ਪੰਜ ਨਮਾਜ਼ਾਂ ਤੇ ਪੱਕੇ ਰਹਿਣ, ਪੈਗੰਬਰ ਮੁਹੰਮਦ ਤੇ ਨਿਸ਼ਚਾ ਰੱਖਣਾ, ਇਸ ਤੋਂ ਕਿਆਮਤ ਦੇ ਦਿਨ ਦੇ ਫੈਸਲੇ ਅਨੁਸਾਰ ਹਮੇਸ਼ਾ ਲਈ ਬਹਿਸ਼ਤ ਦੀ ਪ੍ਰਾਪਤੀ ਮੁਕਤਿ ਹੈ। ਸੂਫੀ ਮੁਸਲਮਾਨ ਪਰਮਾਤਮਾ ਵਿਚ ਰੂਹ ਦੇ ਮਿਲਾਪ ਨੂੰ ਮੁਕਤਿ ਮੰਨਦੇ ਹਨ। ਇਹ ਮੱਤ ਵੇਦਾਂਤ ਨਾਲ ਜਾ ਮਿਲਦਾ ਹੈ।[25]

ਉਪਰਲੇ ਸਰਵੇਖਣ ਪਿੱਛੋਂ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਸ੍ਰੀ ਗੁਰੂ ਰਵਿਦਾਸ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਭਾਰਤ ਵਿਚ ਮੁਕਤੀ ਦੀ ਇਕ ਲੰਮੇਰੀ ਪ੍ਰੰਪਰਾ ਚਲੀ ਆਉਂਦੀ ਸੀ। ਜ਼ਰੂਰ ਹੀ ਇਨ੍ਹਾਂ ਸੰਤਾਂ ਨੇ ਇਸ ਪਰੰਪਰਾ ਨੂੰ ਵਾਚਿਆ ਹੋਵੇਗਾ ਅਤੇ ਇਨ੍ਹਾਂ ਦੀ ਬਾਣੀ ਤੇ ਇਸ ਦਾ ਅਸਰ ਜ਼ਰੂਰ ਪਿਆ ਹੋਵੇਗਾ।

## ਗੁਰੂ ਰਵਿਦਾਸ ਅਤੇ ਗੁਰੂ ਨਾਨਕ ਬਾਣੀ ਵਿੱਚ ਮੁਕਤੀ ਦਾ ਸਰੂਪ

ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੀ ਮੁਕਤੀ ਸੰਬੰਧੀ ਵਿਚਾਰਧਾਰਾ ਤੇ ਵੇਦਾਂਤ ਦਾ ਪ੍ਰਭਾਵ ਸਪੱਸ਼ਟ ਨਜ਼ਰ ਆਉਂਦਾ ਹੈ। ਪਰ ਗੁਰੂ ਜੀ ਦੀ ਵਿਸ਼ੇਸ਼ਤਾ ਇਸੇ ਵਿਚ ਹੈ ਕਿ ਉਹ ਕਿਸੇ ਇਕ ਦਰਸ਼ਨ ਵਿਚ ਪੂਰੀ ਤਰ੍ਹਾਂ ਨਹੀਂ ਬੱਝੇ। ਉਨ੍ਹਾਂ ਦੀ ਅੰਤਰਮੁਖਤਾ, ਫਰਾਖਦਿਲੀ ਅਤੇ ਦਿੱਵ ਦ੍ਰਿਸ਼ਟੀ ਕਾਰਨ ਉਨ੍ਹਾਂ ਦੀ ਵਿਚਾਰਧਾਰਾ ਵਿਚੋਂ ਬਾਕੀ ਦਰਸ਼ਨਾਂ ਦੇ ਅਕਸ ਨਜ਼ਰ ਆਉਂਦੇ ਹਨ।

ਗੁਰੂ ਰਵਿਦਾਸ ਨੇ ਮੁਕਤੀ ਸ਼ਬਦ ਦੀ ਵਰਤੋਂ ਵਿਸ਼ਾਲ ਅਰਥਾਂ ਵਿਚ ਕੀਤੀ ਹੈ। ਉਨ੍ਹਾਂ ਨੇ ਮੁਕਤੀ ਲਈ ਗਤਿ, ਮੁਕਤਿ, ਨਿਰਵਾਨੁ, ਜੀਵਨ ਮੁਕਤਿ, ਬੇਗਮਪੁਰਾ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਹੈ:-

1. ਕਹਿ 'ਰਵਿਦਾਸ' ਕਵਨ ਗਤਿ ਮੇਰੀ, ਸੇਵਾ ਬੰਦਗੀ ਨ ਜਾਨੈ ਰਾਮ ਤੇਰੀ।[26]
2. ਜਬ ਲਗਿ ਭਗਤਿ ਮੁਕਤਿ ਕੀ ਆਸਾ, ਪਰਮ ਤੱਤ ਸੁਨਿ ਗਾਵੈ।[27]
3. ਕਹੈ 'ਰਵਿਦਾਸ' ਸਮਝਿ ਰੇ ਸੰਤੋ, ਇਹ ਹੈ ਪਦ ਨਿਰਵਾਨੁ।[28]
4. ਘ੍ਰਿਤ ਕਾਰਨਿ ਦਧਿ ਮਥੈ ਸਯਾਨ, ਜੀਵਨ ਮੁਕਤਿ ਸਦਾ ਨ੍ਰਿਵਾਨ।।[29]
5. ਬੇਗਮਪੁਰਾ ਸਹਰ ਕੋ ਨਾਉ।। ਦੂਖੁ ਅੰਦੋਹੁ ਨਹੀਂ ਤਿਹ ਠਾਉ।।[30]

ਇਸ ਤੋਂ ਬਿਨ੍ਹਾਂ ਤਜੀਲੇ ਸਰਬ ਜੰਜਾਲ[31], ਕਟਹਿ ਜਮ ਫਾਂਸਾ[32], ਨਿਧਿ ਕਾਸੀ[33], ਭੌਸਾਗਰ ਤਰਿ ਜਾਊ[34] ਆਤਮ ਪ੍ਰਗਾਸ, ਆਦਿ ਸ਼ਬਦ ਵੀ ਮੁਕਤੀ ਲਈ ਵਰਤੇ ਗਏ ਹਨ।

ਗੁਰੂ ਜੀ ਅਨੁਸਾਰ ਮਾਇਆ ਝੂਠੀ, ਦੋਖੀ, ਤ੍ਰਿਗੁਣ, ਹੋਣ ਕਰਕੇ ਇਹ ਮਨੁੱਖ ਵਿਚ ਤਿੰਨ ਤਾਪ ਪੈਦਾ ਕਰਦੀ ਹੈ। ਮਾਇਆ ਭਰਮ ਹੈ। ਇਹ ਹੀ ਜੀਵ ਲਈ ਬੰਧਨ ਦਾ ਕਾਰਨ ਬਣਦੀ ਹੈ। ਅਗਿਆਨੀ ਜੀਵ ਇਸ ਦੀ ਖੇਡ ਨੂੰ ਨਹੀਂ ਸਮਝਦਾ। ਮਾਇਆ ਦੇ ਇਸ ਨਾਕਾਰਤਮਕ ਤੇ ਭ੍ਰਮ-ਮੂਲਕ ਸਰੂਪ ਤੋਂ ਜੀਵ ਦਾ ਛੁਟਕਾਰਾ ਪ੍ਰਾਪਤ ਕਰਨਾ ਹੀ ਮੁਕਤੀ ਹੈ। ਗੁਰੂ ਜੀ ਵੀ ਮਾਇਆ ਦੇ ਇਸ ਭ੍ਰਮ ਮੂਲਕ ਸਰੂਪ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਉਹ ਮਾਇਆ ਦੀ ਮਹਾਂਸ਼ਕਤੀਵਰ ਅਤੇ ਮਾਰੂ ਸ਼ਕਤੀ ਤੋਂ ਕਿਸੇ ਵਿਧੀ ਰਾਹੀਂ ਛੁਟਕਾਰਾ ਪ੍ਰਾਪਤ ਕਰਨਾ ਚਾਹੁੰਦੇ ਹਨ ਅਤੇ ਮਾਇਆ ਤੋਂ ਛੁਟਕਾਰੇ ਨੂੰ ਹੀ ਉਹ ਮੁਕਤੀ ਆਖਦੇ ਹਨ। ਕਿਉਂ ਕਿ ਇਸ ਝੂਠੀ ਮਾਇਆ ਨੇ ਸਾਰੇ ਸੰਸਾਰ ਨੂੰ ਆਪਣੀ ਲਪੇਟ ਵਿੱਚ ਲਿਆ ਹੋਇਆ ਹੈ। ਇਸ ਤੋਂ ਛੁਟਕਾਰਾ ਪ੍ਰਾਪਤ ਕਰਕੇ ਤ੍ਰਿਵਿਧ ਤਾਪ ਖਤਮ ਹੋ ਜਾਂਦੇ ਹਨ।

1. ਤਜਿ ਅਭਿਮਾਨ ਮੇਟਿ ਆਪਾ ਪਰ, ਪਿਪਲਕ ਹ੍ਵੈ ਚੁਣਿ ਖਾਵੈ।।[35]
2. ਤ੍ਰਿਵਿਧ ਸੰਸਾਰ ਕਵਨ ਬਿਧਿ ਤਿਰਬੋ, ਜੇ ਇਕ ਨਾਂਵ ਨ ਗਹੈਂ ਰੇ।।

ਨਾਂਵ ਛਾਡਿ ਜੈ ਭਾਂਡੇ ਬੈਸੈ, ਤੌ ਦੂਨਾ ਦੁਖ ਸਹੈਂ ਰੇ।[36]

3. ਝੂਠੀ ਮਾਯਾ ਜਗ ਡਹਕਾਯਾ, ਤੌ ਤੀਨਿ ਤਾਪ ਦਹੈ ਰੇ।

ਕਹੈ ਰਵਿਦਾਸ ਰਾਮ ਜਪ ਰਸਨਾ, ਮਾਯਾ ਕਾਹੂ ਕੇ ਸੰਗ ਨ ਰਹੈ ਰੇ।[37]

4. ਮਮਤਾ ਅਹੰ ਵਿਸੈ ਮਦ ਮਾਤੇ, ਇਸ ਦੁਖ ਕਬਹੂੰ ਨ ਦੁਤਰ ਤਿਰਯੌ[38]

5. ਜਾਕੌ ਹਰਿ ਜੂ ਆਪ ਨਿਬਾਜਤੁ, ਤਿਹਿ ਤ੍ਰਿਬਿਧਿ ਤਾਪ ਨਹੀਂ ਵਾਪੈ।[39]

6. ਕਹਿ ਰਵਿਦਾਸ ਸਭੈ ਜਗੁ ਲੂਟਿਆ, ਹਮ ਤਉ ਏਕ ਰਾਮ ਕਹਿ ਛੂਟਿਆ।[40]

7. ਤੋਹਿ ਭਜਤ ਰਘੁਨਾਥ ਅੰਤਰਿ, ਤਾਹਿ ਤ੍ਰਾਸ ਨ ਤਾਪ।[41]

ਗੁਰੂ ਜੀ ਤ੍ਰਿਵਿਧ ਤਾਪ ਨੂੰ ਵਿਸ਼ੇ ਵਿਕਾਰਾਂ ਰੂਪੀ ਬੰਧਨਾਂ ਦੀ ਉਪਜ ਮੰਨਦੇ ਹਨ। ਜੀਵ ਮਾਇਆ ਦੇ ਪੰਜੇ ਵਿਚ ਫਸ ਜਾਂਦਾ ਹੈ ਤੇ ਉਹ ਇਨ੍ਹਾਂ ਤਾਪਾਂ ਨਾਲ ਗ੍ਰਸ ਜਾਂਦਾ ਹੈ। ਇਹ ਅਗਿਆਨਤਾ ਦਾ ਸਿੱਟਾ ਹੈ। ਇਸੇ ਕਾਰਨ ਮਨੁੱਖ ਆਵਾਗਵਨ ਦੇ ਚੱਕਰ ਵਿਚ ਪੈਂਦਾ ਹੈ:-

1. ਜਹਾਂ ਜਹਾਂ ਗਯੌ ਤਹਾਂ ਜਨਮ ਕਾਛੈ, ਤ੍ਰਿਬਧ ਤਾਪ ਤ੍ਰਿਭੁਵਨ-ਪਤਿ ਪਾਛੈ।

ਭਯੇ ਅਤਿ ਛੀਨ ਖੇਦ ਮਾਯਾ ਬਸ, ਜਸ ਤਿਸ ਤਾਪ ਗਰਿ ਹੈਂ ਤੇ ਤਸ।[42]

2. ਜਹਾਂ ਜਹਾਂ ਜਾਈ ਤਹਾਂ ਬੰਧਨ ਤ੍ਰਿਵਿਧ ਤਾਪ ਨ ਜਾਈ।।

ਕਹੈ ਰਵਿਦਾਸ ਤਵੈ ਸਚੁ ਪਾਵੈ, ਆਪਾ ਉਲਟ ਸਮਾਈ।।[43]

3. ਦੈਹਿਕ, ਦੈਵਿਕ, ਭੌਤਿਕ ਤਾਪਾ, ਅਤਿ ਅਗਯਾਨ ਰਹੇਉ ਜਗੁ ਬਾਪਾ।[44]

ਇਸ ਤਰ੍ਹਾਂ ਗੁਰੂ ਜੀ ਨੇ ਯੋਗ ਦਰਸ਼ਨ ਵਾਂਗ ਤ੍ਰਿਗੁਣੀ ਮਾਇਆ ਤੋਂ ਨਿਵਿਰਤੀ ਪ੍ਰਾਪਤ ਕਰਨ ਨੂੰ ਮੁਕਤੀ ਆਖਿਆ ਹੈ। ਯੋਗ ਦਰਸ਼ਨ ਵਿੱਚ ਯੋਗ ਮਾਰਗ ਹੀ ਪ੍ਰਮੁੱਖ ਤੌਰ ਤੇ ਮੁਕਤੀ ਦਾ ਸਾਧਨ ਮੰਨਿਆ ਗਿਆ ਹੈ। ਚਿੱਤ-ਬਿਰਤੀਆਂ ਨੂੰ ਅਭਿਆਸ ਅਤੇ ਵੈਰਾਗ ਨਾਲ ਕਾਬੂ ਕੀਤਾ ਜਾਂਦਾ ਹੈ। ਵੈਰਾਗੀ ਹੋਣ ਨਾਲ ਕਿਸੇ ਪ੍ਰਕਾਰ ਦੀ ਇੱਛਾ ਨਹੀਂ ਰਹਿੰਦੀ। ਇਸ ਤਰ੍ਹਾਂ ਯੋਗ ਮਾਰਗ ਵਿਚ ਤ੍ਰਿਵਿਧ ਤਾਪ ਤੋਂ ਮੁਕਤੀ ਮਿਲ ਜਾਂਦੀ ਹੈ। ਪਰ ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇਵ ਜੀ ਤ੍ਰਿਵਿਧ ਤਾਪ ਤੋਂ ਮੁਕਤੀ ਪ੍ਰਾਪਤ ਕਰਨ ਲਈ ਵੈਰਾਗ ਧਾਰਨ ਕਰਨ ਨਾਲੋਂ ਗ੍ਰਿਹਸਤ ਮਾਰਗ ਨੂੰ ਉੱਤਮ ਮੰਨਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਵੀ 'ਹਸੰਦਿਆਂ, ਖੇਡੰਦਿਆਂ, ਪੈਨੰਦਿਆਂ' ਮੁਕਤੀ ਪ੍ਰਾਪਤ ਕਰਨ ਦਾ ਉਪਦੇਸ਼ ਦਿੰਦੇ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੁਕਤੀ ਸ਼ਬਦ ਦੀ ਵਰਤੋਂ ਵਿਸ਼ਾਲ ਅਰਥਾਂ ਵਿਚ ਕੀਤੀ ਹੈ। ਉਨ੍ਹਾਂ ਨੇ ਮੁਕਤੀ ਲਈ ਗਤਿ, ਪਾਰੰਗਤ, ਮੁਕਤਿ, ਨਿਰਵਾਣ ਪਦ, ਮੋਕਸ਼, ਪਰਮਪਦ, ਚੌਥਾ ਪਦ, ਅਮਰਪਦ, ਮਹਾਂਸੁਖ, ਤੁਰੀਆ-ਵਸਥਾ, ਨਿਰਭੈ ਪਦ, ਬੰਦ ਖਲਾਸੀ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਹੈ:-

1. ਸਾਚੈ ਸਬਦਿ ਮੁਕਤਿ ਗਤਿ ਪਾਏ।।[45]
2. ਮੰਨੈ ਪਾਵਹਿ ਮੋਖੁ ਦੁਆਰੁ।।[46]
3. ਗੁਰ ਸੇਵਾ ਪ੍ਰਭੁ ਪਾਇਆ ਸਚੁ ਮੁਕਤਿ ਦੁਆਰਾ।।[47]
4. ਗੁਰ ਪਰਸਾਦਿ ਪਰਮਪਦੁ ਪਾਈ।।[48]
5. ਐਸਾ ਦੀਵਾ ਬਾਲੈ ਕੋਇ।। ਨਾਨਕ ਸੋ ਪਾਰੰਗਤਿ ਹੋਇ।।[49]
6. ਮੁਕਤਿ ਮਹਾ ਸੁਖ ਗੁਰ ਸਬਦੁ ਬੀਚਾਰਿ।।[50]
7. ਬੰਦਿ ਖਲਾਸੀ ਭਾਣੈ ਹੋਇ।।[51]

ਗੁਰੂ ਜੀ ਦੁਆਰਾ ਵਰਤੀ ਇਹ ਸ਼ਬਦਾਵਲੀ ਭਾਵੇਂ ਪ੍ਰੰਪਰਾਗਤ ਸ਼ਬਦਾਵਲੀ ਹੈ। ਫਿਰ ਵੀ ਗੁਰੂ ਜੀ ਦੁਆਰਾ ਵਰਤੀ ਸ਼ਬਦਾਵਲੀ ਵਿਚੋਂ ਉਨ੍ਹਾਂ ਦਾ ਆਪਣਾ ਅਰਥ ਸਪਸ਼ਟ ਨਜ਼ਰੀਂ ਆਉਂਦਾ ਹੈ। ਸੋ ਗੁਰੂ ਨਾਨਕ ਦੇਵ ਜੀ ਅਨੁਸਾਰ ਮਾਇਆ ਜੀਵ ਨੂੰ ਸੰਸਾਰਕ ਬੰਧਨਾਂ ਵਿਚ ਬੰਨ੍ਹਦੀ ਹੈ। ਗੁਰੂ ਜੀ ਦੀ ਬਾਣੀ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਉਹ ਸੰਸਾਰਕ ਬੰਧਨਾਂ ਤੋਂ ਛੁਟਕਾਰਾ ਪ੍ਰਾਪਤ ਕਰਨ ਨੂੰ ਹੀ ਮੁਕਤੀ ਮੰਨਦੇ ਹਨ। ਸਿੱਖ ਮਰਿਆਦਾ ਅਨੁਸਾਰ ਕਿਸੀ ਵਿਛੜੀ ਰੂਹ ਦੀ ਸ਼ਾਂਤੀ ਅਤੇ ਪਰਮਾਤਮਾ ਦੇ ਚਰਨਾਂ ਵਿਚ ਨਿਵਾਸ ਲਈ ਕੀਤੀ ਅਰਦਾਸ ਹੀ ਉਨ੍ਹਾਂ ਦੀ ਮੁਕਤੀ ਦਾ ਆਦਰਸ਼ ਹੈ। ਗੁਰੂ ਨਾਨਕ ਦੀ ਗੱਦੀ ਦੇ ਵਾਰਸ ਚੌਥੇ ਗੁਰੂ ਰਾਮਦਾਸ ਜੀ ਨੇ ਤਪੇ ਨੂੰ ਕਿਹਾ," ਮੇਰੇ ਸਿੱਖਾਂ ਦੀ ਅਨਿਨ ਭਗਤੀ ਦਾ ਫਲ ਮੁਕਤੀ ਨਹੀਂ ਹੈ। ਉਹ ਅਜਿਹੀ ਇਸ਼ਟ ਉਪਾਸ਼ਨਾ ਜਾਂ ਪੂਜਾ ਤੋਂ ਦੂਰ ਨੱਸਦੇ ਹਨ ਜਿਹੜੀ ਲੋਕ ਜਸ ਲਈ ਕੀਤੀ ਜਾਂਦੀ ਹੈ। ਉਹ ਤਾਂ ਅਕਾਲ ਪੁਰਖ ਦੇ ਪ੍ਰੇਮ ਪਿਆਰ ਦੇ ਭੁੱਖੇ ਹਨ। ਏਹੋ ਹੀ ਉਨ੍ਹਾਂ ਲਈ ਮੁਕਤੀ ਤੇ ਏਹੋ ਹੀ ਸੁਰਗ ਹੈ।"[52]

ਕਿਉਂਕਿ ਸੰਸਾਰਕ ਬੰਧਨ ਹੀ ਮਨੁੱਖ ਦੇ ਮਨ ਨੂੰ ਅਸ਼ਾਂਤ ਕਰਦੇ ਹਨ ਜਦੋਂ ਸੰਸਾਰਕ ਬੰਧਨਾਂ ਤੋਂ ਖਲਾਸੀ ਹੋ ਜਾਂਦੀ ਹੈ ਤਾਂ ਮਨ ਸ਼ਾਂਤ ਹੋ ਜਾਂਦਾ ਹੈ। ਇਹੋ ਹੀ ਮੁਕਤੀ ਹੈ:-

ਮੁਕਤਿ ਭਏ ਬੰਧਨ ਗੁਰਿ ਖੋਲਹਿ, ਸਬਦਿ ਸੁਰਤਿ ਪਤਿ ਪਾਇ।।[53]

ਸੋ ਗੁਰੂ ਨਾਨਕ ਵੀ ਗੁਰੂ ਰਵਿਦਾਸ ਵਾਂਗ ਸਾਰੇ ਸੰਸਾਰ ਨੂੰ ਤ੍ਰਿਗੁਣਾਤਮਕ ਮਾਇਆ ਦਾ ਸਾਕਾਰ ਰੂਪ ਮੰਨਦੇ ਹਨ। ਗੁਰੂ ਜੀ ਇਸ ਸੰਸਾਰ ਨੂੰ ਮਾਇਆ ਦੇ ਮਿੱਠੇ ਮੋਹ ਦਾ ਪਸਾਰ ਆਖਦੇ ਹਨ:-

1. ਸਭੁ ਜਗੁ ਦੇਖਿਆ ਮਾਇਆ ਛਾਇਆ।।[54]
2. ਸੰਸਾਰੁ ਮਾਇਆ ਮੋਹੁ ਮੀਠਾ।।[55]

ਇਹ ਸੰਸਾਰ ਗਿਆਨ ਧਿਆਨ ਦੀਆਂ ਗੱਲਾਂ ਤਾਂ ਜ਼ਰੂਰ ਕਰਦਾ ਹੈ ਪਰ ਇਹ ਤ੍ਰਿਸ਼ਨਾ ਦੇ ਬੰਧਨਾਂ ਵਿਚ ਬੱਧਾ ਫਿਰ ਰਿਹਾ ਹੈ। ਗਿਆਨ ਧਿਆਨ ਦੀਆਂ ਗੱਲਾਂ ਇਸੇ ਤ੍ਰਿਸ਼ਨਾ ਅਧੀਨ ਕਰ ਰਿਹਾ ਹੈ। ਮਾਤਾ-ਪਿਤਾ, ਪੁੱਤਰ-ਧੀ, ਇਸਤ੍ਰੀ, ਭਾਈ, ਆਦਿ ਸਾਰੇ ਬੰਧਨ ਦਾ ਸਰੂਪ ਹਨ:-

1. ਗਿਆਨੁ ਧਿਆਨੁ ਸਭੁ ਕੋਈ ਰਵੈ।।ਬਾਂਧਨਿ ਬਾਂਧਿਆ ਸਭੁ ਜਗੁ ਭਵੈ।।[56]
2. ਬੰਧਨ ਮਾਤ ਪਿਤਾ ਸੰਸਾਰਿ।।ਬੰਧਨ ਸੁਤ ਕੰਨਿਆ ਅਰੁ ਨਾਰਿ।[57]

ਜੀਵ ਨੂੰ ਵਿਸ਼ੇ ਵਿਕਾਰਾਂ ਨੇ ਲੁੱਟ ਲਿਆ ਹੈ। ਮੂਰਖ ਮਨ ਮਾਇਆ ਹੱਥ ਵਿਕ ਜਾਣ ਕਰਕੇ ਪਰਮਾਤਮਾ ਤੋਂ ਦੂਰ ਹੋ ਜਾਂਦਾ ਹੈ। ਇਸ ਲਈ ਇਸ ਨੂੰ ਸਥਿਰ ਕਰਨਾ ਜ਼ਰੂਰੀ ਹੈ। ਗੀਤਾ ਵਿਚ ਵੀ ਵਰਣਨ ਹੈ ਕਿ ਕਾਮ-ਕ੍ਰੋਧ ਤੋਂ ਰਹਿਤ ਹੋ ਕੇ ਸੰਜਮ ਚਿੱਤ ਵਾਲੇ ਮਨ ਨੂੰ ਵਸ ਵਿਚ ਰੱਖਣ ਵਾਲੇ ਮੁਕਤੀ ਨੂੰ ਪ੍ਰਾਪਤ ਹੁੰਦੇ ਹਨ।[58] ਗੁਰੂ ਰਵਿਦਾਸ ਜੀ ਵੀ ਮੁਕਤੀ ਪ੍ਰਾਪਤ ਕਰਨ ਲਈ ਚੰਚਲ ਮਨ ਨੂੰ ਕਾਬੂ ਵਿਚ ਕਰਨ ਦੀ ਪ੍ਰੇਰਨਾ ਦਿੰਦੇ ਹਨ:-

1. ਮਨ ਮੇਰੋ ਥਿਰ ਨ ਰਹਾਈ, ਕੋਟਿ ਕੌਤਗ ਕਰਿ ਦਿਖਰਾਵੈ, ਇਤ ਉਤ ਜਗ ਮਹਿੰਧਾਈ।।

   - - - - - - - - - - - - - - - - - - - - - - - - - -

   ਕਹਿ ਰਵਿਦਾਸ ਮਨ ਥਿਰ ਹ੍ਵੈਸੀ, ਚਲਿ ਸਬ ਛਾਂਡੀ ਗੁਰ ਸਰਣਾਈ।।[59]
2. ਕਾਮ ਕ੍ਰੋਧ ਲਪਟ ਮਨ ਮੇਰਾ, ਕੈਸੇ ਭਜਨ ਕਰੌ ਮੈਂ ਤੇਰਾ।।[60]

ਸ੍ਰੀ ਗੁਰੂ ਨਾਨਕ ਦੇਵ ਜੀ ਵੀ ਲਿਖਦੇ ਹਨ ਕਿ ਮਾਇਆ ਦੇ ਪ੍ਰਭਾਵ ਕਾਰਨ ਜੀਵ ਆਪਣੇ ਅਸਲ ਸਰੂਪ ਪਰਮਾਤਮਾ ਨੂੰ ਭੁੱਲ ਜਾਂਦਾ ਹੈ। ਜੀਵ ਦੀ ਇਹ ਭੁੱਲ ਹੀ ਉਸ ਲਈ ਸੰਸਾਰਕ ਬੰਧਨ ਦਾ ਕਾਰਨ ਬਣਦੀ ਹੈ। ਇਹੋ ਹੀ ਜੀਵ ਦੀ ਅਗਿਆਨਤਾ ਹੈ। ਇਨ੍ਹਾਂ ਬੰਧਨਾਂ ਤੇ ਇਸ ਅਗਿਆਨਤਾ ਤੋਂ ਕੋਈ ਗੁਰਮੁਖ ਹੀ ਮੁਕਤੀ ਪ੍ਰਾਪਤ ਕਰ ਸਕਦਾ ਹੈ। ਜਦੋਂ ਤੱਕ ਇਹ ਬੰਧਨ ਟੁੱਟਦਾ ਨਹੀਂ, ਮੁਕਤੀ ਨਹੀਂ ਮਿਲ ਸਕਦੀ।-

1. ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰੁ।।[61]
2. ਤ੍ਰੈ ਗੁਣ ਵਖਾਵੈ ਭਰਮੁ ਨਜਾਇ ਬੰਧਨ ਨ ਤੂਟਹਿ ਮੁਕਤਿ ਨ ਪਾਇ।।[62]
3. ਤ੍ਰੈ ਗੁਣ ਮਾਇਆ ਮੋਹ ਹੈ। ਗੁਰਮੁਖਿ ਚਉਥਾ ਪਦੁ ਪਾਇ।।[63]
4. ਤ੍ਰੈ ਗੁਣ ਮੇਟੇ, ਖਾਈਐ ਸਾਰੁ।। ਨਾਨਕ ਤਾਰੇ ਤਾਰਣਹਾਰਿ।।[64]

ਮਨੁੱਖੀ ਜਾਮੇ 'ਚ ਸਿੱਖ ਨੂੰ ਗੁਰੂ ਵਿਵਹਾਰਕ ਬੰਧਨਾਂ ਦਾ ਗਿਆਨ ਕਰਾਉਂਦਾ ਹੈ। ਅਗਿਆਨ ਦਾ ਨਾਸ਼ ਕਰਦਾ, ਸਤਿ ਅਤੇ ਹਿਤ ਦਾ ਉਪਦੇਸ਼ ਦਿੰਦਾ ਮੁਕਤੀ ਦੇ ਪੰਥ ਤੇ ਚਲਾਉਂਦਾ ਹੈ ਅਤੇ ਸਿੱਖ ਦੇ ਜੀਵਨ ਵਿੱਚ ਵਿਕਾਸ ਲਿਆਉਣ ਲਈ ਮਾਰਗ ਸਪੱਸ਼ਟ ਕਰਦਾ ਹੈ:-

1. ਪਾਵੈ ਮੁਕਤਿ ਨ ਹੋਰਥੈ ਕੋਈ ਪੁਛਹੁ ਬਿਬੇਕੀਆ ਜਾਏ।।
ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ।।[65]
2. ਬਿਨੁ ਗੁਰ ਸਬਦੈ ਮੁਕਤਿ ਨ ਹੋਈ ਪਰਪੰਚੁ ਕਰਿ ਭਰਮਾਈ।[66]

ਭਾਈ ਕਾਨ੍ਹ ਸਿੰਘ ਨਾਭਾ 'ਗੁਰਮਤਿ ਮਾਰਤੰਡ' ਵਿਚ 'ਮੁਕਤਿ' ਸ਼ਬਦ ਦੀ ਵਿਆਖਿਆ ਕਰਦੇ ਹਨ, "ਭ੍ਰਮ ਮੂਲਕ ਰਸਮਾਂ ਅਗਯਾਨ ਕਲਪਿਤ ਬੰਧਨਾਂ ਤੋਂ ਛੁਟਕਾਰੇ ਦਾ ਨਾਂ ਮੁਕਤਿ ਹੈ। ਜਿਸ ਦੀ ਪ੍ਰਾਪਤੀ ਗੁਰੂ ਉਪਦੇਸ਼ ਦੇ ਵਿਚਾਰਾਂ ਤੋਂ ਸਤਯ ਗਿਆਨ ਦੁਆਰਾ ਹੁੰਦੀ ਹੈ।"[67]

ਗੁਰੂ ਜੀ ਵੀ ਇਨ੍ਹਾਂ ਭ੍ਰਮ ਮੂਲਕ ਬੰਧਨਾਂ ਨੂੰ ਸਾਧਨਾ ਦੁਆਰਾ ਕੱਟਣਾ ਹੀ ਮੁਕਤੀ ਹੈ। ਗੁਰੂ ਜੀ ਇਨ੍ਹਾਂ ਬੰਧਨਾਂ ਨੂੰ 'ਕੂੜ ਦੀ ਦੀਵਾਰ' ਮਿਥਿਆ ਦਾ ਪਰਦਾ' ਆਖਦੇ ਹਨ। ਜਗਤਿਕ ਪ੍ਰਪੰਚਾਂ ਤੋਂ ਉੱਪਰ ਉੱਠਕੇ ਜਗਿਆਸੂ ਦਾ ਗੁਰੂ ਦੇ ਮੇਲ ਨਾਲ ਪਰਮਾਤਮਾ ਨੂੰ ਪਹਿਚਾਨਣਾ ਜਾਂ ਆਤਮ ਗਿਆਨ ਪ੍ਰਾਪਤ ਕਰਨਾ ਹੀ ਮੋਕਸ਼-ਦੁਆਰਾ ਹੈ। ਮਨੁੱਖ ਦਾ ਪਰਮ-ਉਦੇਸ਼ ਹੈ:-

1. ਕਿਵ ਕੂੜੈ ਤੁਟੈ ਪਾਲਿ।।[68]
2. ਗੁਰ ਮਿਲਿਐ ਖਸਮੁ ਪਛਾਣੀਐ। ਕਹੁ ਨਾਨਕ ਮੋਖੁ ਦੁਆਰ।।[69]

ਗੁਰੂ ਰਵਿਦਾਸ ਜੀ ਅਨੁਸਾਰ ਮਨ ਚਲਾਏਮਾਨ ਹੈ, ਪਰ ਮਨੁੱਖ ਸਵਰਗ ਦੀ ਆਸ ਕਰਦਾ ਹੈ।ਇਹ ਸੰਭਵ ਨਹੀਂ ਜਦੋਂ ਤੱਕ ਮਨ ਨੂੰ ਵਸ ਨਹੀਂ ਕੀਤਾ ਜਾਂਦਾ। ਇਸੇ ਕਰਕੇ ਮਨੁੱਖ ਜੀਭ, ਇੰਦ੍ਰੀਆਂ ਤੇ ਕਾਬੂ ਨਹੀਂ ਪਾ ਸਕਦਾ। ਜਿਸ ਕਰਕੇ ਜੀਵਾਤਮਾ ਤੇ ਪਰਮਾਤਮਾ ਵਿਚਕਾਰ ਅੰਤਰ ਵਧਦਾ ਜਾਂਦਾ ਹੈ:-

1. ਆਸ ਕਰੇ ਵੈਕੁੰਠ ਗਵਨ ਕਉ, ਚਲਮਨ ਕਬਹੁ ਨ ਥਿਰਾਯੋ।
ਜੌਂ ਲੌਂ ਮਨ ਵਸਿ ਨਹੀਂ ਹੂੰ ਤੈ, ਤੌ ਲਗਿ ਸਭੁ ਜੁਠਰਾਯੋ।[70]
2. ਚੰਚਲ ਮਨਵਾਂ ਚਹੁੰ ਦਿਸ ਧਾਵੈ, ਜਿਭਯਾ ਇੰਦ੍ਰੀ ਥਿਰੁ ਨ ਰਹਾਵੈ।
ਇਨਿ ਮਿਲਿ ਮੇਰੋ ਮਨੁ ਜੁ ਬਿਗਾਰਯੋ, ਦਿਨ ਦਿਨ ਹਰਿ ਜੀ ਸੂੰ ਅੰਤਰ ਪਾਰਯੋ।[71]

ਗੁਰੂ ਰਵਿਦਾਸ ਜੀ ਅਨੁਸਾਰ ਵਿਸ਼ੇ ਵਿਕਾਰਾਂ ਨੂੰ ਤਿਆਗਣ ਤੇ ਤ੍ਰਿਸ਼ਨਾ ਦਾ ਦਾ ਨਿਵਾਰਣ ਕਰਨ ਨਾਲ ਚਲਾਏਮਾਨ ਮਨ ਸਥਿਰ ਹੋ ਜਾਣ ਕਰਕੇ ਮਨੁੱਖ ਸਮ-ਅਵਸਥਾ ਵਿਚ ਆ ਜਾਂਦਾ ਹੈ। ਇਸ ਅਵਸਥਾ ਵਿਚ ਉਸਨੂੰ ਵਿਸ਼, ਅੰਮ੍ਰਿਤ ਵਿਚ ਭੇਦ ਨਹੀਂ ਦਿਸਦਾ। ਸੁਖ-ਦੁਖ ਬਰਾਬਰ ਜਾਪਦੇ ਹਨ। ਸਾਰੇ ਪਾਸੇ ਪਰਮਤੱਤ ਹੀ ਨਜ਼ਰ ਆਉਂਦਾ ਹੈ। ਗੀਤਾ ਵਿੱਚ ਵੀ ਆਉਂਦਾ ਹੈ ਕਿ ਜੋ ਮਨੁੱਖ ਸੁੱਖ-ਦੁੱਖ, ਮਾਨ-ਅਪਮਾਨ, ਮਿੱਟੀ, ਪੱਥਰ ਅਤੇ ਸੋਨੇ ਨੂੰ ਸਮਾਨ ਸਮਝਦਾ ਹੈ। ਉਸੇ ਪਸ਼ਾਤ ਪੁਰਖ ਦੇ ਮਨ ਵਿਚ ਪਰਮਾਤਮਾ ਸਮਾਇਆ ਹੋਇਆ ਹੈ।[72] ਗੁਰੂ ਰਵਿਦਾਸ ਜੀ ਇਸ ਅਵਸਥਾ ਨੂੰ ਪ੍ਰਭੂ ਨਾਲ ਇਕਮਿਕਤਾ ਵਾਲੀ ਅਵਸਥਾ ਮੰਨਦੇ ਹਨ ਕਿਉਂ ਕਿ ਇਸ ਅਭੇਦ ਸਥਿਤੀ ਤੋਂ ਬਿਨਾਂ ਮਨੁੱਖ-ਮੁਕਤੀ ਪ੍ਰਾਪਤ ਨਹੀਂ ਕਰ ਸਕਦਾ:-

1. ਤਾ ਥੈ ਭਲੇ ਸਵਾਨ ਕੇ ਸਤਰੁ, ਹਰਿ ਚਰਨਾਂ ਚਿਤੁ ਲਾਯਾ ਰੇ।
   ਮੁਵਾਂ ਮੁਕਤਿ ਬੈਕੁੰਠਹ ਬਾਸਾ, ਜੀਵਤ ਇਹਾਂ ਜਸ ਪਾਯਾ ਰੇ।[73]
2. ਜੌ ਹਮ ਵਿਮਲ ਰਿਦੈ ਚਿਤੁ ਅੰਤਰਿ, ਦੋਸ ਕਵਨ ਪਰ ਧਰਿ ਹੌਂ।
   ਕਹੈ ਰਵਿਦਾਸ ਪ੍ਰਭੂ ਤੁਮ ਦਯਾਲ ਹੋ, ਅਬੰਧ ਮੁਕਤਿ ਕਾ ਕਰਿ ਹੌਂ।।[74]

ਅਜਿਹੀ ਅਵਸਥਾ ਵਿੱਚ ਭਗਤ ਜਾਂ ਮਨੁੱਖ ਪਰਮਾਤਮਾ ਦੇ ਨਾਮ-ਰੂਪੀ ਰਸ ਦਾ ਆਨੰਦ ਮਾਣਦਾ ਹੈ। ਉਹ ਸੰਸਾਰਕ ਬੰਧਨਾਂ ਤੋਂ ਉੱਪਰ ਉੱਠ ਕੇ ਹਰੀ ਦੇ ਰਸ ਵਿਚ ਬੈਰਾਗੀ ਹੋ ਜਾਂਦਾ ਹੈ। ਉਸ ਨੂੰ ਨਾਮ ਦੀ ਖੁਮਾਰੀ ਚੜ੍ਹੀ ਰਹਿੰਦੀ ਹੈ। ਇਸ ਰਸ ਵਿਚ ਮਗਨ ਹੋਕੇ ਉਹ ਹਰ ਰੋਜ਼ ਹਰੀ ਦਾ ਨਾਮ ਜਪਦਾ ਹੈ। ਦੁਰਲੱਭ ਜੀਵਨ ਸੰਸਾਰਕ ਲੋਕਾਂ ਵਾਂਗ ਬਿਰਥਾ ਨਹੀਂ ਗਵਾਉਂਦਾ:-

1. ਪੀਆ ਰਾਮ ਰਸ ਪੀਆ ਰੇ। - - - - - -
   ਪਲੁ ਪਲੁ ਪ੍ਰੇਮ ਪਿਯਾਲਾ ਚਾਲੈ, ਛੂਟੈ ਨਾਂਹਿ ਖੁਮਾਰੀ ਰੇ।[75]
2. ਜਨ ਰਵਿਦਾਸ ਰਾਮ ਰੰਗਿ ਰਾਤਾ, ਇਉਂ ਗੁਰਪ੍ਰਸਾਦਿ ਨਰਕ ਨਹੀਂ ਜਾਤਾ।[76]

ਸੋ ਗੁਰੂ ਨਾਨਕ ਦੇਵ ਜੀ ਵੀ ਇਸ ਚੰਚਲ ਮਨ ਨੂੰ ਕਾਬੂ ਕਰਨ ਲਈ ਵਿਸ਼ੇ ਵਿਕਾਰਾਂ ਤੇ ਕਾਬੂ ਪਾਉਣ ਲਈ ਆਖਦੇ ਹਨ। ਕਿਉਂ ਕਿ ਇਹ ਚੰਚਲ ਮਨ ਹੀ ਆਤਮਾ ਨੂੰ ਪਰਮਾਤਮਾ ਤੋਂ ਦੂਰ ਲਿਜਾਂਦਾ ਹੈ ਜਿਸ ਕਰਕੇ ਸੰਸਾਰਕ ਬੰਧਨਾਂ ਤੋਂ ਮੁਕਤੀ ਨਹੀਂ ਮਿਲਦੀ। ਪਰ ਕਿਉਂ ਕਿ ਮੁਕਤੀ ਦਾ ਇਹ ਸਿਧਾਂਤ ਬੰਧਨ ਦੀ ਪੂਰਣ ਧਾਰਨਾ ਨੂੰ ਲੈ ਕੇ ਚੱਲਦਾ ਹੈ। ਇਸ ਲਈ ਬੰਧਨ ਦੀ ਹੋਂਦ ਬਗੈਰ ਮੁਕਤੀ ਦੀ ਸਮੱਸਿਆ ਦਾ ਕਿਆਸ ਹੀ ਨਹੀਂ ਕੀਤਾ ਜਾ ਸਕਦਾ।

ਗੁਰੂ ਜੀ ਅਨੁਸਾਰ ਜੀਵ ਦੇ ਬੰਧਨ ਅਰਥਾਤ ਦੁੱਖ ਦਾ ਮੂਲ ਕਾਰਣ ਪਰਮਾਤਮਾ ਦਾ ਵਿਛੋੜਾ ਤੇ ਉਸਤੋਂ ਵਿਛੜ ਕੇ ਤ੍ਰਿਸ਼ਨਾ ਜਾਲ ਵਿਚ ਫਸਣਾ ਹੈ। ਗੁਰੂ ਜੀ ਇਸਨੂੰ 'ਭੁੱਖ' ਆਖਦੇ ਹਨ ਇਸ ਭੁੱਖ ਨੂੰ ਸਵਰਗ ਦੇ ਰਾਜ ਦੀ ਪ੍ਰਾਪਤੀ ਵੀ ਤ੍ਰਿਪਤ ਕਰਨ ਤੋਂ ਅਸਮਰਥ ਹੁੰਦੀ ਹੈ:-

1. ਦੁੱਖ ਵਿਛੋੜਾ ਇਕ ਦੁਖੁ ਭੁਖ।।ਇਕ ਦੁਖ ਸਕਤਵਾਰ ਜਮਦੂਤ।।
ਇਕ ਦੁਖ ਰੋਗ ਲਗੈ ਤਨ ਧਾਇ।। ਵੈਦ ਨ ਭੋਲੇ ਦਾਰੂ ਲਾਇ।।
ਖਸਮ ਵਿਸਾਰ ਕੀਏ ਰਸ ਭੋਗ।। ਤਾ ਤਨਿ ਉਠਿ ਖਲੋਏ ਰੋਗ।।[77]

2. ਭੁਖਿਆ ਭੁਖ ਨ ਉਤਰੀ ਜੇ ਬੰਨ੍ਹਾ ਪੁਰੀਆ ਭਾਰ।[78]

ਖਾਲਸਾ ਟੈਕਟ ਸੁਸਾਇਟੀ ਵਲੋਂ ਛਪੇ ਗੁਰੂ ਗ੍ਰੰਥ ਕੋਸ਼ ਵਿੱਚ 'ਮੁਕਤੀ' ਸੰਬੰਧੀ ਲਿਖਿਆ ਹੈ, 'ਸ਼ਾਸਤਕਾਰਾਂ ਨੇ ਇਸ ਸਰੀਰ ਨੂੰ ਦੁੱਖ ਰੂਪ ਮੰਨਿਆ ਹੈ, ਇਸ ਕਰਕੇ ਇਸ ਤੋਂ ਛੁਟਕਾਰੇ ਦਾ ਨਾਮ ਮੁਕਤੀ ਰੱਖਿਆ ਹੈ, ਪਰ ਹਰੇਕ ਦੇ ਆਦਰਸ਼ ਵਿੱਚ ਥੋੜ੍ਹਾ ਥੋੜ੍ਹਾ ਫਰਕ ਹੈ। ਮੀਮਾਂਸਾ ਵਾਲੇ ਸੁਰਗਾਂ ਵਿਚ ਅਪੜ ਜਾਣ ਨੂੰ ਮੁਕਤੀ ਮੰਨਦੇ ਹਨ। ਨਯਾਯ ਤੇ ਵੈਸ਼ੇਸ਼ਕ ਮੱਤ ਵਾਲੇ ਆਪਣੇ ਗਿਣੇ ਦੁੱਖਾਂ ਤੋਂ ਛੁੱਟ ਜਾਣ ਨੂੰ ਮੁਕਤੀ ਦੱਸਦੇ ਹਨ। ਸਾਂਖ ਵਾਲੇ ਪ੍ਰਕ੍ਰਿਤੀ ਤੋਂ ਪੁਰਖ ਦਾ ਆਪਣੇ ਆਪ ਨੂੰ ਅਸੰਗ ਜਾਨਣਾ ਮੁਕਤੀ ਦੱਸਦੇ ਹਨ। ਵੇਦਾਂਤ ਦਾ ਆਪਣੇ ਆਪ ਨੂੰ ਬ੍ਰਹਮ ਨਾਲ ਅਭੇਦ ਜਾਣ ਲੈਣਾ ਮੁਕਤੀ ਹੈ। ਚਾਰਵਾਕੀਏ ਜੋ ਰੂਹ ਨੂੰ ਮੰਨਦੇ ਹੀ ਨਹੀਂ, ਦੇਹ ਦੇ ਮਰ ਜਾਣ ਨੂੰ ਹੀ ਮੁਕਤੀ ਮੰਨਦੇ ਹਨ। ਬੋਧੀ ਆਪਣੀ ਮੁਕਤੀ ਨੂੰ ਨਿਰਬਾਣ ਦੱਸਦੇ ਹਨ ਜੋ ਸਰਬ ਇੱਛਾ ਦੇ ਤਿਆਗ ਤੋਂ ਅੱਠ ਗੁਣਾਂ ਦੇ ਧਾਰਨ ਤੋਂ ਲੱਭਦੀ ਹੈ। ਜੈਨ ਮਤਿ ਵਿਚ ਉਚੇ ਲੋਕਾਂ ਵਿਚ ਚਲੇ ਜਾਣਾ ਮੁਕਤੀ ਹੈ।[79]

ਇਨ੍ਹਾਂ ਮੁਕਤੀਆਂ ਵਿਚ ਸੰਭਾਵਨਾ ਇਹ ਮੰਨੀ ਗਈ ਹੈ ਕਿ ਇਹ ਸਰੀਰ ਦੁੱਖ ਰੂਪ ਹੈ। ਇਨ੍ਹਾਂ ਦੁਖਾਂ ਤੋਂ ਛੁਟਕਾਰਾ ਪ੍ਰਾਪਤ ਕਰਨ ਲਈ ਹਰੇਕ ਦੁਆਰਾ ਯਤਨ ਹੋਏ ਹਨ। ਇਨ੍ਹਾਂ ਦੁੱਖਾਂ ਤੋਂ ਛੁਟਕਾਰੇ ਨੂੰ ਹੀ ਮੁਕਤੀ ਮੰਨਿਆ ਗਿਆ ਹੈ। ਯਹੂਦੀ, ਈਸਾਈ, ਮੁਸਲਮਾਨ ਪੱਛਮੀ ਲੋਕਾਂ ਦੀ ਮੁਕਤੀ ਸੁਰਗ ਦੀ ਪ੍ਰਾਪਤੀ ਹੈ ਪਰ ਗੁਰਬਾਣੀ ਵਿਚ ਵਾਹਿਗੁਰੂ ਨਾਲ ਪਿਆਰ ਪੈ ਜਾਣ ਨੂੰ ਮੁਕਤੀ ਕਿਹਾ ਗਿਆ ਹੈ:-

ਰਾਜ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤ ਚਰਨ ਕਮਲਾਰੇ।[80]

ਮਨੁੱਖਾ ਜੀਵਨ ਵਿੱਚ ਕਰਮ ਜ਼ਰੂਰੀ ਹਨ। ਇਹ ਕਰਮ ਹੀ ਮਨੁੱਖ ਲਈ ਬੰਧਨ

ਦਾ ਕਾਰਣ ਬਣਦੇ ਹਨ। ਗੁਰੂ ਰਵਿਦਾਸ ਜੀ ਮੁਕਤੀ ਪ੍ਰਾਪਤ ਕਰਨ ਲਈ ਕੁਕਰਮਾਂ ਨੂੰ ਛੱਡ ਕੇ ਗੁਰੂ ਦੀ ਸ਼ਰਣ ਵਿਚ ਜਾਣ ਦੀ ਪ੍ਰੇਰਨਾ ਕਰਦੇ ਹਨ। ਮਨੁੱਖਾ ਜੀਵਨ ਵਿਚ ਦੁੱਖ, ਸੰਤਾਪ ਅਤੇ ਆਸ਼ਾ ਨਿਰਾਸ਼ਾ ਕਾਰਨ ਮਨ ਕਿਉਂ ਕਿ ਅਸਥਿਰ ਹੋ ਜਾਂਦਾ ਹੈ ਅਤੇ ਮਨੁੱਖ ਅਸਲ ਰਾਹ ਤੋਂ ਥਿੜਕ ਜਾਂਦਾ ਹੈ, ਇਸ ਲਈ ਮਨ ਦੀਆਂ ਇਛਾਵਾਂ, ਚਿੰਤਾਵਾਂ ਅਤੇ ਵਾਸ਼ਨਾਵਾਂ ਨੂੰ ਖਤਮ ਕਰਨਾ ਜ਼ਰੂਰੀ ਹੈ।

1. ਰਵਿਦਾਸ ਦਾਸ ਉਦਾਸ ਤਜੁ ਭ੍ਰਮੁ, ਤਪਨ ਤਪੁ ਗੁਰੂ ਗਯਾਨ।
   ਭਗਤ ਜਨ ਭੈ ਹਰਨ, ਪਰਮਾਨੰਦ ਕਰਹੁ ਧਯਾਨ।[81]
2. ਜਨ ਰਵਿਦਾਸ ਤਿਯਾਗੀ ਜਗ ਆਸਾ, ਲਹਹੁ ਓਟ ਹਰਿ ਚਰਨਨ ਕੀ।।[82]

ਗੀਤਾ ਵਿੱਚ ਭਗਵਾਨ ਕ੍ਰਿਸ਼ਨ ਕਹਿੰਦੇ ਹਨ ਕਿ ਮੈਨੂੰ(ਬ੍ਰਹਮ) ਨੂੰ ਪ੍ਰਾਪਤ ਕਰਨ ਵਾਲਾ ਮੁੜ ਜਨਮ ਨਹੀਂ ਲੈਂਦਾ।[83] ਇਸ ਤਰ੍ਹਾਂ ਜਨਮ-ਮਰਨ ਦੇ ਗੇੜ ਜਾਂ ਆਵਾਗਵਨ ਤੋਂ ਛੁਟਕਾਰਾ ਪ੍ਰਾਪਤ ਕਰਨਾ ਹੀ ਮੁਕਤੀ ਹੈ। ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇਵ ਜੀ ਦੇ ਵਿਚਾਰ ਗੀਤਾ ਨਾਲ ਵੀ ਕਾਫੀ ਮੇਲ ਖਾਂਦੇ ਹਨ। ਗੁਰੂ ਜੀ ਅਨੁਸਾਰ ਰਾਮ ਦਾ ਨਾਮ ਜਪਣ ਨਾਲ ਮਨੁੱਖ ਦੁਬਾਰਾ ਜਨਮ ਨਹੀਂ ਲੈਂਦਾ। ਉਹ ਜਾਤ, ਜਨਮ ਅਤੇ ਜੋਨੀਆਂ ਦੇ ਚੱਕਰ ਤੋਂ ਬਚ ਜਾਂਦਾ ਹੈ। ਗੁਰੂ ਰਵਿਦਾਸ ਜੀ ਅਨੁਸਾਰ ਸੰਸਾਰਕ ਸਫਰ ਤੋਂ ਪਿਛੋਂ ਜਦੋਂ ਮਨੁੱਖਾ ਸਰੀਰ ਦਾ ਅੰਤ ਹੋ ਜਾਂਦਾ ਹੈ ਤਾਂ ਆਤਮਾ ਰੱਬੀ ਦਰਗਾਹ ਵਿਚ ਪੇਸ਼ ਹੋਕੇ ਆਪਣੇ ਕਰਮਾਂ ਦਾ ਲੇਖਾ ਦਿੰਦੀ ਹੈ। ਮਾੜੇ ਕਰਮਾਂ ਵਾਲਿਆਂ ਨੂੰ ਜਮਾਂ ਦੀ ਮਾਰ ਪੈਂਦੀ ਹੈ ਪਰ ਚੰਗੇ ਕਰਮ ਕਰਨ ਵਾਲੇ ਜਮਾਂ ਦੀ ਫਾਹੀ ਕੱਟ ਜਾਂਦੇ ਹਨ। ਗੁਰੂ ਜੀ ਅਨੁਸਾਰ ਜਮਾਂ ਦੀ ਫਾਹੀ ਕੱਟਣਾ ਹੀ ਮੁਕਤੀ ਹੈ:-

1. ਕਹੈ ਰਵਿਦਾਸ ਰਾਮ ਜਪਿ ਭਾਈ, ਸੰਤ ਸਾਖਿ ਦੈ ਬਹੁਰਿ ਨ ਆਉਂ।[84]
2. ਕਹਿ ਰਵਿਦਾਸ ਜੋ ਜਪੈ ਨਾਮ। ਤਿਸੁ ਜਾਤਿ ਨ ਜਨਮ ਨ ਜੋਨਿ ਕਾਮ।।[85]
3. ਤੁਮਰੇ ਭਜਨ ਕਟਹਿ ਜਮ ਫਾਸਾ।। ਭਗਤਿ ਹੇਤ ਗਾਵੈ ਰਵਿਦਾਸਾ।।[86]
4. ਕਹੈ ਰਵਿਦਾਸ ਮਿਲੈ ਨਿਜਦਾਸ, ਜਨਮ ਜਨਮ ਕੈ ਕਾਟੈ ਪਾਸ।।[87]

ਪ੍ਰਭੂ ਸਾਖਿਆਤਕਾਰ ਅਤੇ ਮਨੁੱਖੀ ਆਤਮਾ ਦੇ ਪਰਮਾਤਮਾ ਨਾਲ ਮੇਲ ਲਈ ਸੰਸਾਰਕ ਬੰਧਨਾਂ ਤੋਂ ਮੁਕਤ ਹੋਣਾ ਜ਼ਰੂਰੀ ਹੈ। ਗੁਰੂ ਰਵਿਦਾਸ ਜੀ ਆਤਮ ਪ੍ਰਗਾਸ ਅਤੇ ਹਿਰਦੇ ਵਿਚਾਰ ਰਾਹੀਂ ਪ੍ਰਭੂ ਦੀ ਪ੍ਰਾਪਤੀ ਨੂੰ ਹੀ ਮੁਕਤੀ ਆਖਦੇ ਹਨ। ਫਿਰ ਜੰਗਲਾਂ ਵਿਚ ਭਟਕਣ ਦੀ ਜ਼ਰੂਰਤ ਨਹੀਂ। ਪ੍ਰਭੂ ਦੇ ਚਰਨਾਂ ਵਿਚ ਮਨ ਨੂੰ ਸਥਿਰ ਕਰਨ ਦੀ ਜ਼ਰੂਰਤ ਹੈ।

1. ਕਹਿ 'ਰਵਿਦਾਸ' ਪ੍ਰਗਾਸ ਰਿਦੈ ਧਰਿ ਜਨਮ ਮਰਨ ਭੈ ਭਾਗੀ।[88]
2. ਗਿਰਿ ਵਨ ਕਾਹੈ ਖੋਜਨ ਜਾਈ, ਘਟ ਅਭਿਅੰਤਰ ਖੋਜਹੁ ਭਾਈ।।

- - - - - - - - - - - - - - - - - - - - - - - -

ਰਾਮ ਚਰਨ ਮਹਿ ਥਿਰ ਮਨ ਰਾਖਹੁ, ਰਿਦੈ ਕੰਵਲ ਬਸੈ ਰਘੁਰਾਈ।
ਕਹਿ ਰਵਿਦਾਸ ਸੁਨਹੁ ਰੇ ਸੰਤੋ, ਰਾਮ ਭਜਨ ਬਿਨੁ ਕਿਨ ਗਤਿ ਪਾਈ।।[89]

ਗੁਰੂ ਰਵਿਦਾਸ ਜੀ ਉਪਨਿਸ਼ਦਾਂ ਦੀ ਵਿਚਾਰਧਾਰਾ ਅਨੁਸਾਰ ਦੱਸਦੇ ਹਨ ਕਿ ਜੋ ਜੀਵ ਉਸ ਬ੍ਰਹਮ ਨੂੰ ਜਾਣ ਲੈਂਦਾ ਹੈ, ਉਹ ਬ੍ਰਹਮ ਹੀ ਹੋ ਜਾਂਦਾ ਹੈ। ਉਹ ਸ਼ੋਕ ਤੋਂ ਮੁਕਤ ਹੋ ਜਾਂਦਾ ਹੈ ਅਤੇ ਪਾਪਾਂ ਤੋਂ ਨਿਰਲੇਪ ਹੋ ਜਾਂਦਾ ਹੈ। ਸੰਤ ਅਤੇ ਉਸ ਅਨੰਤ ਪਰਮਾਤਮਾ ਵਿਚ ਅੰਤਰ ਖਤਮ ਹੋ ਜਾਂਦਾ ਹੈ:-

1. ਜਾ ਸਮੈਂ ਗਾਈਹਿ ਗਾਇ ਰਹਤ ਹੈ। ਪਰਮ ਰੂਪ ਹਮ ਸੋਈ।[90]
2. ਰਵਿਦਾਸ ਭਣੈ ਜੋ ਜਾਣੈ ਸੋ ਜਾਣੁ। ਸੰਤ ਅਨੰਤਹਿ ਅੰਤਰੁ ਨਾਹੀ।[91]

ਪ੍ਰਭੂ ਦੇ ਦਰਸ਼ਨਾਂ ਦੀ ਪ੍ਰਾਪਤੀ ਵੀ ਮੁਕਤੀ ਦੀ ਸੂਚਕ ਹੈ। ਪ੍ਰਭੂ ਪ੍ਰੇਮ-ਭਗਤੀ ਦੇ ਰਾਹ ਤੇ ਚਲਦਾ ਭਗਤ ਜਾਂ ਸਾਧਕ ਪ੍ਰਭੂ ਦਰਸ਼ਨਾਂ ਲਈ ਸੰਸਾਰਕ ਵਿਸ਼ਿਆਂ, ਮੋਹ-ਮਾਇਆ, ਬੰਧਨ ਅਤੇ ਆਸ਼ਾ-ਨਿਰਾਸ਼ਾ ਨੂੰ ਤਿਆਗ ਦਿੰਦਾ ਹੈ। ਉਸ ਦੇ ਮਨ ਵਿੱਚ ਪਰਮਤੱਤ ਨੂੰ ਵੇਖਣ ਦੀ ਤਮੰਨਾ ਜਾਗਦੀ ਹੈ। ਪ੍ਰਭੂ ਭਗਤ ਨੂੰ ਵੇਖਦਾ ਹੈ ਪਰ ਜੇ ਭਗਤ ਆਪਣੇ ਮਾਲਕ ਪ੍ਰਭੂ ਨੂੰ ਨਹੀਂ ਵੇਖ ਸਕਦਾ ਤਾਂ ਇਹ ਪਿਆਰ ਅਧੂਰਾ ਤੇ ਇੱਕ ਤਰਫਾ ਹੈ। ਇਸੇ ਲਈ ਗੁਰੂ ਜੀ ਮੁਕਤੀ ਦੀਆਂ ਸਾਰੀਆਂ ਅਵਸਥਾਵਾਂ ਤੋਂ ਬਾਅਦ ਪ੍ਰਭੂ ਦਰਸ਼ਨ ਪ੍ਰਾਪਤੀ ਲਈ ਬੇਨਤੀ ਕਰਦੇ ਹਨ। ਸਗੁਣ-ਨਿਰਗੁਣ ਰੂਪ ਵਿੱਚ ਪਰਮਾਤਮਾ ਦੇ ਚਾਰੇ ਪਾਸੇ ਦਰਸ਼ਨ ਹੁੰਦੇ ਹਨ। ਗੁਰੂ ਜੀ ਇਨ੍ਹਾਂ ਦਰਸ਼ਨਾਂ ਲਈ ਇਹ ਸਾਰਾ ਜਨਮ ਪ੍ਰਭੂ ਦੇ ਲੇਖੇ ਲਾਉਣਾ ਲੋੜਦੇ ਹਨ। ਦਰਸ਼ਨਾਂ ਦੀ ਆਸ ਲਈ ਹੀ ਉਹ ਜੀਵਨ ਬਤੀਤ ਕਰ ਰਹੇ ਹਨ:-

1. ਪ੍ਰੀਤਮ ਕੂੰ ਜੋ ਦਰਸ਼ਨ ਪਾਏ, ਮਨ ਮੰਦਿਰ ਮਹੈ ਭਯੋ ਉਜਿਆਰਾ।।[92]
2. ਦਰਸ਼ਨ ਦੀਜੈ ਰਾਮ ਦਰਸ਼ਨ ਦੀਜੈ। ਦਰਸ਼ਨ ਦੀਜੈ ਹੋ ਬਿਲੰਬ ਨ ਕੀਜੈ।।
   ਦਰਸ਼ਨ ਤੋਰਾ ਜੀਵਨ ਮੋਰਾ, ਬਿਨ ਦਰਸਨ ਕਯੂੰ ਜੀਵੈ ਹੋ ਚਕੋਰਾ।।[93]
3. ਬਹੁਤ ਜਨਮ ਬਿਛੁਰੇ ਥੇ ਮਾਧਉ, ਇਹ ਜਨਮ ਤੁਮ੍ਹਾਰੇ ਲੇਖੇ।
   ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਆ ਦਰਸਨੁ ਦੇਖੇ।।[94]

ਇੰਨਾ ਕੁਝ ਹੁੰਦਿਆਂ ਹੋਇਆਂ ਵੀ ਸ੍ਰੀ ਗੁਰੂ ਰਵਿਦਾਸ ਦੁਆਰਾ ਵਰਣਿਤ ਮੁਕਤ-

ਮੰਡਲ ਦਾ ਵਰਣਨ ਕੋਈ ਵੱਖਰਾ ਸਵਰਗ ਨਹੀਂ। ਬਲਕਿ ਮੁਕਤ-ਵਿਅਕਤੀ ਦੀ ਵਿਸ਼ਵ-ਦ੍ਰਿਸ਼ਟੀ ਵਿਚ ਸਿਰਜਤ ਸੰਸਾਰ ਹੈ। ਮੁਕਤ ਵਿਅਕਤੀ ਪ੍ਰਭੂ ਨਾਲ ਲਿਵਲੀਨਤਾ ਦੀ ਅਵਸਥਾ ਵਿਚ ਆਪਣੇ ਆਪ ਨੂੰ ਅਜਿਹੇ ਮੰਡਲ ਵਿੱਚ ਟਿਕਿਆ ਅਨੁਭਵ ਕਰਦਾ ਹੈ:-

ਬੇਗਮਪੁਰਾ ਸਹਰ ਕੋ ਨਾਉ।। ਦੂਖ ਅੰਦੋਹ ਨਹੀ ਤਿਹਿ ਠਾਉ।।
ਨਾ ਤਸਵੀਸ ਖਿਰਾਜ ਨ ਮਾਲ।। ਖਉਫ ਨ ਖਤਾ ਨ ਤਰਸੁ ਜਵਾਲੁ।।
ਅਬ ਮੋਹਿ ਖੂਬ ਵਤਨ ਗਹਿ ਪਾਈ।। ਊਹਾ ਖੈਰਿ ਸਦਾ ਮੇਰੇ ਭਾਈ।।[95]

ਸ੍ਰੀ ਗੁਰੂ ਨਾਨਕ ਦੇਵ ਜੀ ਵੀ ਕਰਮਾਂ ਨੂੰ ਮਨੁੱਖ ਲਈ ਬੰਧਨ ਦਾ ਕਾਰਣ ਮੰਨਦੇ ਹਨ। ਤੇ ਬੰਧਨ ਪਰਮਾਤਮਾ ਤੋਂ ਜੀਵਾਤਮਾ ਦਾ ਵਿਛੋੜਾ ਹੈ। ਮੁਕਤੀ ਜੀਵਾਤਮਾ ਦੇ ਪਰਮਾਤਮਾ ਨਾਲ ਮੇਲ ਦੀ ਅਵਸਥਾ ਹੈ। ਇਹ ਬੰਧਨ ਜੀਵ ਦੇ ਆਪਣੇ ਅਹੰਕਾਰ ਦੇ ਕਾਰਣ ਹੈ। ਕਿਉਂ ਕਿ ਉਹ ਪਰਮਾਤਮਾ ਦੇ ਸਰੂਪ ਨੂੰ ਨਹੀਂ ਪਛਾਣਦਾ। ਮਨੁੱਖ ਇਹ ਨਹੀਂ ਜਾਣਦਾ ਕਿ ਉਹੀ ਉਸਦਾ ਅਸਲੀਅਖਘਰ ਹੈ ਅਤੇ ਉਹ ਉਸੇ ਤੇ ਨਿਰਭਰ ਕਰਦਾ ਹੈ। ਇਸ ਲਈ ਮਨੁਖ ਅਹੰਭਾਵ ਨੂੰ ਪ੍ਰਾਪਤ ਹੁੰਦਾ ਹੈ ਉਹ ਆਪਣੇ ਆਪ ਨੂੰ ਸਰਬ ਕਰਤਾ ਅਤੇ ਮਾਲਕ ਸਮਝਦਾ ਹੈ। ਇਸੇ ਅਗਿਆਨ ਦੇ ਕਾਰਣ ਜੀਵ ਬੰਧਨ ਵਿਚ ਪੈਂਦਾ ਹੈ। ਇਸ ਅਹੰਕਾਰ ਵਸ ਕੀਤੇ ਸਭ ਕਰਮ-ਧਰਮ ਬੰਧਨ ਹਨ। ਖੇਤੀ ਤੋਂ ਵਪਾਰ, ਤੱਕ, ਧਨ ਇਕੱਠਾ ਕਰਨ ਤੋਂ ਲੈ ਕੇ ਵੇਦਾਂ ਦਾ ਪਾਠ ਕਰਨ ਤੱਕ ਸਾਰੇ ਕਰਮ ਬੰਧਨ ਮਾਤਰ ਹਨ। ਗੁਰੂ ਜੀ ਇਸ ਨੂੰ ਜਨਮ-ਮਰਨ ਦਾ ਭਵ-ਚੱਕਰ ਆਖਦੇ ਹਨ। ਇਸ ਜਨਮ ਮਰਨ ਤੋਂ ਛੁਟਕਾਰਾ ਪ੍ਰਾਪਤ ਕਰਨ ਨੂੰ ਹੀ ਗੁਰੂ ਜੀ ਮੋਕਸ਼ ਜਾਂ ਮੁਕਤੀ ਆਖਦੇ ਹਨ। ਰਾਮ ਨਾਮ ਦੀ ਸ਼ਰਣ ਪੈ ਕੇ ਅਤੇ ਗੁਰੂ ਦੀ ਕ੍ਰਿਪਾ ਨਾਲ ਹੀ ਬੰਧਨ ਤੋਂ ਛੁਟਕਾਰਾ ਪ੍ਰਾਪਤ ਕੀਤਾ ਜਾ ਸਕਦਾ ਹੈ। ਮੁਕਤ ਅਵਸਥਾ ਵਿਚ ਫਿਰ ਜੀਵ ਹਉਮੈ ਤੋਂ ਨਵਿਰਤੀ ਪ੍ਰਾਪਤ ਕਰ ਲੈਂਦਾ ਹੈ:-

1. ਬੰਧਨ ਕਰਮ ਧਰਮ ਹਉ ਕੀਆ, ਬੰਧਨੁ ਪੁਤ ਕਲਤੁ ਮਨਿ ਬੀਆ।
ਬੰਧਨੁ ਕਿਰਖੀ ਕਰਹਿ ਕਿਰਸਾਨੁ, ਹਉਮੈ ਡੰਨੁ ਸਹੈ, ਰਾਜਾ ਮੰਗੈ ਦਾਨ।।
- - - - - - - - - - - - - - - - - - - - - - - - - - -
ਨਾਨਕ ਰਾਮ ਨਾਮ ਸਰਣਾਈ, ਸਤਿਗੁਰੂ ਰਾਖੇ ਬੰਧੁ ਨ ਪਾਈ।।[96]

2. ਹਉਮੈ ਜਾਈ ਤਾ ਕੰਤ ਸਮਾਈ।।
ਤਉ ਕਾਮਣਿ ਪਿਆਰੇ ਨਵਨਿਧਿ ਪਾਈ।।[97]

ਮੁਕਤ ਅਵਸਥਾ ਤੇ ਪੁੱਜਿਆ ਮਨੁੱਖ ਭੁੱਖ ਤ੍ਰਿਸ਼ਨਾ ਦੀ ਥਾਂ ਸੰਜਮ, ਸੰਤੋਖ ਤੇ ਸਬਰ ਦਾ ਧਾਰਨੀ ਬਣ ਜਾਂਦਾ ਹੈ। ਉਹ ਪਦਾਰਥਕ ਸੁੱਖਾਂ ਦੀ ਥਾਂ ਪਰਮਾਤਮਾ ਦੇ ਹੁਕਮ ਤੇ ਰਜ਼ਾ

ਵਿੱਚ ਰੱਲਣਾ ਹੀ ਆਪਣਾ ਸੁੱਖ ਪਛਾਣ ਲੈਂਦਾ ਹੈ:-

ਹੁਕਮੈ ਅੰਦਰਿ ਸਭ ਕੋ ਬਾਹਰਿ ਹੁਕਮਿ ਨ ਕੋਇ।।
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ।।[98]

ਮੁਕਤ ਮਨੁੱਖ ਦਾ ਚਿਤਰਣ ਕਰਦਿਆਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੁੱਖ-ਸੁੱਖ, ਮਾਨ-ਅਪਮਾਨ, ਉਸਤੁਤਿ-ਨਿੰਦਿਆ, ਹਰਖ-ਸੋਗ, ਵੈਰ-ਮਿਤ੍ਰਤਾ ਆਦਿ ਦੇ ਵਿਰੋਧੀ ਭਾਵਾਂ ਤੋਂ ਨਿਰਲੇਪ ਇਕ ਸਹਿਜ ਅਡੋਲ ਸਖਸ਼ੀਅਤ ਦੇ ਰੂਪ ਵਿਚ ਪੇਸ਼ ਕੀਤਾ ਹੈ। ਅਜਿਹਾ ਵਿਅਕਤੀ ਪ੍ਰਭੂ ਦੀ ਸਿਫਤ ਸਲਾਹ ਦੀ ਬਾਣੀ ਨਾਲ ਆਤਮਕ ਅਡੋਲਤਾ ਦਾ ਰਸ ਮਾਣਦਾ ਹੈ। ਜਨਮ-ਮਰਨ ਮੁੱਕ ਜਾਂਦਾ ਹੈ। ਵਿਕਾਰਾਂ ਤੋਂ ਖਲਾਸੀ ਮਿਲ ਜਾਂਦੀ ਹੈ ਤੇ ਉਹ ਬੰਧਨ ਮੁਕਤ ਹੋ ਜਾਂਦਾ ਹੈ:-

ਕਾਲੁ ਬਿਕਾਲੁ ਭਏ ਦੇਵਾਨੇ।। ਸਬਦੁ ਸਹਜ ਰਸੁ ਅੰਤਰਿ ਮਾਨੇ।।
ਆਪੇ ਮੁਕਤਿ ਤ੍ਰਿਪਤਿ ਵਰਦਾਤਾ ਭਗਤਿ ਭਾਇ ਮਨਿ ਭਾਣੀ ਹੇ।।[99]

ਜਦੋਂ ਜੀਵ ਬੰਧਨ ਮੁਕਤ ਹੋ ਜਾਂਦਾ ਹੈ ਤਾਂ ਆਤਮਾ-ਪਰਮਾਤਮਾ ਦਾ ਮੇਲ ਹੋ ਜਾਂਦਾ ਹੈ ।ਦੋਵੇਂ ਇੱਕ ਰੂਪ ਹੋ ਜਾਂਦੇ ਹਨ। ਨਿਜਤਵ ਖਤਮ ਹੋ ਜਾਂਦਾ ਹੈ।ਸ਼ੁੱਧ ਚੇਤਨ ਸਰੂਪ ਆਤਮਾ ਪਰਮ ਚੇਤਨ 'ਚ ਵਿਲੀਨ ਹੋ ਜਾਂਦੀ ਹੈ:-

ਆਤਮਾ ਪਰਮਾਤਮਾ ਏਕੋ ਕਰੈ, ਅੰਤਰਿ ਕੀ ਦੁਬਿਧਾ ਅੰਤਰਿ ਮਰੈ।।[100]

ਫਿਰ ਹਰ ਥਾਂ ਪਰਮਾਤਮਾ ਹੀ ਵਿਖਾਈ ਦਿੰਦਾ ਹੈ। ਅੰਦਰ-ਬਾਹਰ ਸਭ ਪਾਸੇ ਉਹ ਹੀ ਨਜ਼ਰ ਆਉਂਦਾ ਹੈ:-

ਤੂੰ ਨਾਹੀ ਪ੍ਰਭ ਦੂਰਿ ਜਾਣਹਿ ਸਭ ਤੂ ਹੈ।।
ਗੁਰਮੁਖਿ ਵੇਖਿ ਹਦੂਰਿ ਅੰਤਰਿ ਭੀ ਤੂ ਹੈ।।[101]

ਸ੍ਰੀ ਗੁਰੂ ਨਾਨਕ ਦੇਵ ਜੀ ਯਹੂਦੀ, ਈਸਾਈ, ਮੁਸਲਮਾਨ ਆਦਿ ਪੱਛਮੀ ਲੋਕਾਂ ਦੀ ਸੁਰਗ-ਪ੍ਰਾਪਤੀ ਦੀ ਮੁਕਤੀ ਨੂੰ ਆਤਮ-ਦਰਸ਼ਨ ਦੇ ਬਰਾਬਰ ਤੁੱਛ ਮੰਨਦੇ ਹਨ:-

ਗੁਰ ਕੀ ਸਾਖੀ ਅੰਮ੍ਰਿਤ ਬਾਣੀ, ਪੀਵਤ ਹੀ ਪਰਵਾਣੁ ਭਇਆ।
ਦਰ ਦਰਸਨੁ ਕਾ ਪ੍ਰੀਤਮ ਹੋਵੈ, ਮੁਕਤਿ ਬੈਕੁੰਠੈ ਕਰੈ ਕਿਆ।।[102]

ਸੋ ਪ੍ਰਭੂ ਸਰੂਪ ਹੋਕੇ ਪ੍ਰਭੂ ਵਿਚ ਸਮਾਇਆ ਜਾ ਸਕਦਾ ਹੈ ਅਤੇ ਇਹੋ ਮੁਕਤੀ ਹੈ ਜਿਸ ਪਿਛੋਂ ਜਨਮ-ਮਰਨ ਦਾ ਗੇੜ ਖਤਮ ਹੋ ਜਾਂਦਾ ਹੈ ਅਤੇ ਜੀਵ ਨਾ ਸਿਰਫ ਕਰਤਾਰੀ ਗੁਣਾਂ ਦਾ ਧਾਰਨੀ ਬਣ ਜਾਂਦਾ ਹੈ ਸਗੋਂ ਕਰਤਾਰ ਦਾ ਭਾਗ ਬਣ ਜਾਂਦਾ ਹੈ। ਅਤੇ ਜੀਵਾਤਮਾ ਦਾ

ਅੰਤਿਮ ਉਦੇਸ਼ ਪਰਮਾਤਮਾ ਦੀ ਮਿਹਰ ਅਤੇ ਦਰਸ਼ਨ ਪੂਰਾ ਹੋ ਜਾਂਦਾ ਹੈ, ਪਰ ਇਸ ਲਈ ਬੰਧਨ ਤੋਂ ਛੁਟਕਾਰਾ ਪ੍ਰਾਪਤ ਕਰਨਾ ਬਹੁਤ ਜ਼ਰੂਰੀ ਹੈ। ਸ੍ਰੀ ਗੁਰੂ ਰਾਮਦਾਸ ਜੀ ਵੀ ਲਿਖਦੇ ਹਨ:—

ਸੁਰਗੁ ਮੁਕਤਿ ਬੈਕੁੰਠ ਸਭਿ ਬਾਂਛਹਿ ਨਿਤਿ ਆਸਾ ਆਸ ਕਰੀਜੈ।
ਹਰਿ ਦਰਸਨੁ ਕੇ ਜਨ ਮੁਕਤਿ ਨ ਮਾਂਗਹਿ ਮਿਲਿ ਦਰਸਨ ਤ੍ਰਿਪਤਿ ਮਨੁ ਧੀਜੈ।[103]

ਸ੍ਰੀ ਗੁਰੂ ਰਵਿਦਾਸ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਅਧਿਐਨ ਕਰਨ ਪਿਛੋਂ ਅਸੀਂ ਉਨ੍ਹਾਂ ਦੇ ਮੁਕਤੀ ਦੇ ਸਿਧਾਂਤ ਬਾਰੇ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਉਨ੍ਹਾਂ ਅਨੁਸਾਰ ਸੰਸਾਰਕ ਬੰਧਨ, ਵਿਸ਼ੇ ਵਿਕਾਰ ਤੇ ਮਾਇਆ ਦਾ ਮੋਹ ਜੀਵਾਤਮਾ ਅਤੇ ਪਰਮਾਤਮਾ ਵਿਚ ਲਗਾਤਾਰ ਅੰਤਰ ਵਧਾਉਂਦੇ ਹਨ। ਮੁਕਤੀ ਪ੍ਰਾਪਤ ਕਰਨ ਲਈ ਇਨ੍ਹਾਂ ਬੰਧਨਾਂ ਤੋਂ ਮੁਕਤ ਹੋਣਾ ਜ਼ਰੂਰੀ ਹੈ। ਇਨ੍ਹਾਂ ਬੰਧਨਾਂ ਤੋਂ ਮੁਕਤ ਹੋਕੇ ਆਤਮਾ ਬ੍ਰਹਮ ਸਰੂਪ ਹੋ ਜਾਂਦੀ ਹੈ ਜਿਥੇ ਪਹੁੰਚ ਕੇ ਆਤਮਾ ਅਤੇ ਪਰਮਾਤਮਾ ਵਿਚਲਾ ਅੰਤਰ ਖਤਮ ਹੋ ਜਾਂਦਾ ਹੈ। ਗੀਤਾ ਅਨੁਸਾਰ ਕਾਮ, ਕ੍ਰੋਧ, ਲੋਭ, ਨਰਕ ਦੇ ਤਿੰਨ ਦੁਆਰ ਹਨ ਜੋ ਆਤਮਾ ਦਾ ਪਤਨ ਕਰਦੇ ਹਨ ਇਸ ਲਈ ਇਨ੍ਹਾਂ ਨੂੰ ਤਿਆਗ ਦੇਣਾ ਚਾਹੀਦਾ ਹੈ। ਇਨ੍ਹਾਂ ਤਿੰਨ੍ਹਾਂ ਦਾ ਤਿਆਗ ਕਰਨ ਵਾਲਾ ਮਨੁੱਖ ਆਪਣੇ ਕਲਿਆਣ ਦਾ ਆਚਰਣ ਕਰਦਾ ਹੋਇਆ ਪਰਮਗਤੀ ਨੂੰ ਪ੍ਰਾਪਤ ਹੁੰਦਾ ਹੈ।[104] ਸਾਂਖਯ ਦਰਸ਼ਨ ਅਨੁਸਾਰ ਪੁਰਸ਼ ਦਾ ਆਪਣੇ ਆਪ ਨੂੰ ਪਹਿਚਾਨਣਾ, ਪ੍ਰਕ੍ਰਿਤੀ ਨੂੰ ਆਪਣੇ ਸਰੂਪ ਦਾ ਗਿਆਨ ਹੋ ਜਾਣਾ ਹੀ ਵਿਵੇਕ ਬੁੱਧੀ ਹੈ, ਇਹੋ ਹੀ ਮੁਕਤੀ ਹੈ।[105] ਸ੍ਰੀ ਗੁਰੂ ਰਵਿਦਾਸ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਕਾਮ, ਕ੍ਰੋਧ, ਲੋਭ ਦੇ ਤਿਆਗ ਅਤੇ ਆਪੇ ਨੂੰ ਪਹਿਚਾਨਣ ਤੇ ਜ਼ੋਰ ਦਿੱਤਾ ਹੈ। ਇਸਤਰ੍ਹਾਂ ਇਨ੍ਹਾਂ ਦੇ ਵਿਚਾਰ ਵੇਦਾਂਤ, ਉਪਨਿਸ਼ਦਾਂ ਅਤੇ ਗੀਤਾ ਨਾਲ ਜਾ ਮਿਲਦੇ ਹਨ। ਪਰ ਉਪਨਿਸ਼ਦਾਂ ਤੇ ਬੁੱਧ ਮੱਤ ਦੋਹਾਂ ਵਿਚ ਮੁਕਤੀ ਜਾਂ ਨਿਰਵਾਣ-ਪਦ ਨੂੰ ਸੁਰਗ ਦੇ ਜੀਵਨ ਤੋਂ ਵੱਖਰਾ ਦੱਸਿਆ ਹੈ ਅਜਿਹਾ ਕਰਕੇ ਉਪਨਿਸ਼ਦਾਂ ਤੇ ਬੁੱਧ ਮੱਤ ਨੇ ਮੁਕਤੀ ਜਾਂ ਨਿਰਵਾਣਪਦ ਨੂੰ ਇੱਕ ਨਾਕਾਰਾਤਮਕ ਜਿਹੀ ਅਵਸਥਾ ਬਣਾ ਦਿੱਤਾ ਸੀ ਜਿਸ ਵਿਚ ਕੋਈ ਭਾਵਮਈ ਅਰਥ ਨਹੀਂ ਰਹਿ ਜਾਂਦਾ। ਦੂਜੇ ਪਾਸੇ ਮੁਸਲਮਾਨ ਸੂਫੀਆਂ ਨੇ ਇਸ ਆਤਮਾ-ਪਰਮਾਤਮਾ ਦੇ ਮੇਲ ਦੀ ਅਵਸਥਾ ਨੂੰ 'ਫਨਾਹ' ਦਾ ਨਾਮ ਦਿੱਤਾ ਹੈ। ਜਿਸ ਅਵਸਥਾ ਵਿਚ ਮਨੁੱਖ ਦੀ ਵੱਖਰੀ ਹਸਤੀ ਫਨਾਹ ਹੋ ਜਾਂਦੀ ਹੈ। ਪਰ ਸ੍ਰੀ ਗੁਰੂ ਰਵਿਦਾਸ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਤਿੰਨਾਂ ਧਾਰਨਾ ਤੋਂ ਵੱਖਰਾ ਅਰਥ ਆਤਮਾ-ਪਰਮਾਤਮਾ ਸੰਬੰਧ ਇੱਕ ਕਰਨਾ ਚਾਹਿਆ ਹੈ। ਉਨ੍ਹਾਂ ਨੇ ਆਤਮਾ ਤੇ ਪਰਮਾਤਮਾ ਵਿਚ ਕਿਸੀ ਤਰ੍ਹਾਂ ਦਾ ਅੰਤਰ ਨਾ ਮੰਨ ਕੇ ਦੋਹਾਂ 'ਚ ਸਾਗਰ ਤੇ ਬੂੰਦ ਦਾ ਸੰਬੰਧ ਮੰਨਿਆ ਹੈ। ਆਤਮਾ ਪਰਮਾਤਮਾ ਦਾ ਹੀ ਅੰਸ਼ ਹੈ। ਪਰ ਬ੍ਰਹਮ-ਸਰੂਪ ਹੋਣ ਲਈ ਸੰਸਾਰਕ ਬੰਧਨਾਂ ਤੋਂ ਮੁਕਤੀ ਜ਼ਰੂਰੀ ਹੈ। ਇਹ ਅਦ੍ਵੈਤ ਦੀ ਅਵਸਥਾ ਹੈ। ਇਸ ਅਦਵੈਤ ਅਵਸਥਾ ਦਾ ਵਰਣਨ ਹੀ ਦੋਹਾਂ ਗੁਰੂਆਂ ਨੇ ਆਪਣੀ ਬਾਣੀ ਵਿਚ ਕੀਤਾ ਹੈ। ਕਿਹਾ ਜਾ ਸਕਦਾ ਹੈ ਕਿ ਭਾਵੇਂ ਉਨ੍ਹਾਂ ਦੇ ਇਹ ਵਿਚਾਰ ਅਦਵੈਤ-ਵੇਦਾਂਤ ਨਾਲ ਮਿਲਦੇ ਹਨ ਪਰ ਫਿਰ ਵੀ ਉਨ੍ਹਾਂ ਦੀ ਬਾਣੀ ਵਿਚੋਂ

ਮੌਲਿਕਤਾ ਨਜ਼ਰ ਆਉਂਦੀ ਹੈ।

## ਮੁਕਤੀ ਪ੍ਰਾਪਤੀ ਦੇ ਸਾਧਨ

ਸ੍ਰੀ ਗੁਰੂ ਰਵਿਦਾਸ ਜੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਸੱਚੇ ਸਾਧਕ ਅਤੇ ਅਨੁਭਵੀ ਸੰਤ ਸਨ। ਉਹ ਕਰਨੀ ਅਤੇ ਕਥਨੀ ਦਾ ਸੁਮੇਲ ਕਰਨਾ ਚਾਹੁੰਦੇ ਸਨ। ਉਨ੍ਹਾਂ ਨੇ ਮੁਕਤੀ ਦੇ ਸਰੂਪ ਤੇ ਜ਼ੋਰ ਦੇਣ ਦੀ ਥਾਂ ਮੁਕਤੀ ਪ੍ਰਾਪਤ ਕਰਨ ਦੇ ਸਾਧਨਾਂ ਤੇ ਜ਼ਿਆਦਾ ਜ਼ੋਰ ਦਿੱਤਾ ਹੈ। ਉਪਰ ਅਸੀਂ ਵੇਖਿਆ ਹੈ ਕਿ ਸੰਸਾਰਕ ਬੰਧਨ, ਵਿਸ਼ੇ-ਵਿਕਾਰ ਅਤੇ ਮਾਇਆ ਦਾ ਮੋਹ ਜੀਵਾਤਮਾ ਅਤੇ ਪਰਮਾਤਮਾ ਵਿਚ ਲਗਾਤਾਰ ਅੰਤਰ ਵਧਾਉਂਦੇ ਹਨ। ਮੁਕਤੀ ਪ੍ਰਾਪਤ ਕਰਨ ਲਈ ਇਨ੍ਹਾਂ ਬੰਧਨਾਂ ਤੋਂ ਮੁਕਤ ਹੋਣਾ ਜ਼ਰੂਰੀ ਹੈ। ਸ਼ੰਕਰ ਦੇ ਅਦਵੈਤਵਾਦ ਅਨੁਸਾਰ ਜੀਵ ਦਾ ਇਹ ਮਾਇਆ ਰੂਪੀ ਬੰਧਨ ਅਗਿਆਨਤਾ ਕਰਕੇ ਹੈ। ਗਿਆਨ ਮਾਰਗ ਤੇ ਚੱਲ ਕੇ ਆਤਮ ਸਿਧੀ ਪ੍ਰਾਪਤ ਕੀਤੀ ਜਾ ਸਕਦੀ ਹੈ। ਸ੍ਰੀ ਗੁਰੂ ਰਵਿਦਾਸ ਜੀ ਵੀ ਦੱਸਦੇ ਹਨ ਕਿ ਗਿਆਨ ਦੀ ਅਣਹੋਂਦ ਕਾਰਨ ਜਾਂ ਅਵਿਦਿਆ ਕਾਰਨ ਮਨੁੱਖ ਦਾ ਵਿਵੇਕ-ਦੀਪ ਧੁੰਦਲਾ ਹੋ ਜਾਂਦਾ ਹੈ। ਉਹ ਵਿਸ਼ੇ ਵਿਕਾਰਾਂ ਅਤੇ ਭਰਮ ਭੁਲੇਖਿਆਂ ਵਿਚ ਫਸ ਜਾਂਦਾ ਹੈ। ਉਹ ਇਸੇ ਨੂੰ ਸਦੀਵੀ ਸਮਝ ਬੈਠਦਾ ਹੈ। ਅਗਿਆਨਤਾ ਕਾਰਨ ਆਤਮਾ ਅਤੇ ਪਰਮਾਤਮਾ ਵਿਚਲੀ ਅਦਵੈਤ/ਦਵੈਤ ਜਾਪਦੀ ਹੈ। ਮੁਕਤੀ ਹਮੇਸ਼ਾ ਮਨੁੱਖ ਕੋਲ ਹੈ। ਆਤਮ ਗਿਆਨ ਰਾਹੀਂ ਇਹ ਪਰਦਾ ਲਹਿ ਜਾਂਦਾ ਹੈ। ਮਾਇਆ ਦਾ ਆਵਰਣ ਲਹਿ ਜਾਂਦਾ ਹੈ। ਫਿਰ ਜੀਵ ਪ੍ਰਭੂ ਦੀ ਹਸਤੀ ਤੇ ਆਪਣੀ ਹਸਤੀ ਨੂੰ ਪਹਿਚਾਨਣ ਦੇ ਸਮਰੱਥ ਹੋ ਜਾਂਦਾ ਹੈ:-

1. ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ।
   ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ।।[106]
2. ਗਿਆਨੈ ਕਾਰਨ ਕਰਮ ਅਭਿਆਸੁ। ਗਿਆਨ ਭਇਆ ਤਹ ਕਰਮਹ ਨਾਸੁ।[107]
3. ਅ- ਅਗਧਾਨ ਛਾਡਿ ਮਨ ਮੂਰਖਿ ਅ-ਆਸਨ ਅਚਲ ਲਗਾਊਂ।

- - - - - - - - - - - - - - - - - - - - - - -

ਕਹੈ ਰਵਿਦਾਸ 'ਰਰੰਕਾਰ ਜਪਤਹਿ' ਭੈਸਾਗਰ ਤਰਿ ਜਾਊਂ।[108]

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵੀ ਦ੍ਰਿੜ੍ਹ, ਵਿਸ਼ਵਾਸ਼ ਹੈ ਕਿ ਅਗਿਆਨਤਾ ਕਾਰਨ ਜੀਵ ਸੰਸਾਰਕ ਬੰਧਨਾਂ ਵਿਚ ਫਸ ਜਾਂਦਾ ਹੈ। ਮਾਇਆ ਦੇ ਭਰਮ-ਜਾਲ ਵਿਚ ਫਸਿਆ ਜੀਵ ਸੰਸਾਰਕ ਪਦਾਰਥਾਂ ਨੂੰ ਹੀ ਸੱਭ ਕੁਝ ਸਮਝ ਬੈਠਦਾ ਹੈ। ਉਹ ਪਰਮਾਤਮਾ ਨੂੰ ਭੁੱਲ ਜਾਂਦਾ ਹੈ। ਪਰ ਮੁਕਤੀ ਤਾਂ ਜੀਵ ਦੇ ਆਪਣੇ ਹੱਥਾਂ ਵਿਚ ਹੈ। ਇਸ ਨੂੰ ਪ੍ਰਾਪਤ ਕਰਨ ਲਈ ਆਤਮ

ਗਿਆਨ ਦੀ ਜ਼ਰੂਰਤ ਹੈ। ਆਤਮ-ਗਿਆਨ ਰਾਹੀਂ ਮਾਇਆ ਦਾ ਆਵਰਣ ਲਹਿ ਜਾਣ ਤੇ ਉਸ ਪਰਮ ਤੱਤ ਦੀ ਸਪੱਸ਼ਟ ਅਨੁਭੂਤੀ ਹੀ ਮੁਕਤੀ ਹੈ। ਬ੍ਰਹਮ ਦੀ ਅਨੁਭੂਤੀ ਹੀ 'ਮੋਕਸ਼' ਹੈ। ਕਿਉਂਕਿ ਮਾਇਆ ਦੇ ਧੰਦੇ ਵਿਚ ਫਸੇ ਜੀਵ ਮਾਇਆ ਦੇ ਮੋਹ ਦੇ ਸਮੁੰਦਰ ਵਿਚ ਹੀ ਗੋਤੇ ਖਾਂਦੇ ਰਹਿੰਦੇ ਹਨ। ਆਤਮਕ ਮੌਤ ਉਨ੍ਹਾਂ ਦਾ ਪਿੱਛਾ ਨਹੀਂ ਛੱਡਦੀ।

ਪਿਰ ਪਿਰ ਬੂਡਹਿ ਕੂੜੁ ਕਮਾਵਹਿ ਕੂੜਿ ਕਾਲੁ ਬੈਰਾਈ ਹੇ।।[109]

ਪਵਿੱਤਰ ਬਾਈਬਲ ਦੱਸਦੀ ਹੈ ਕਿ ਅਸਲ ਵਿਚ ਦੋ ਮੌਤਾਂ ਹਨ– ਇਕ ਸਰੀਰਕ ਅਤੇ ਦੂਜੀ ਆਤਮਾ ਦੀ ਅਨੰਤ ਮੌਤ। ਸਰੀਰਕ ਮੌਤ ਤੋਂ ਨਾ ਡਰੋ, ਸਗੋਂ ਆਪਣੀ ਆਤਮਾ ਦੀ ਅਨੰਤ ਮੌਤ ਤੋਂ ਡਰੋ।[110] ਗੁਰਬਾਣੀ ਵੀ ਆਤਮਾ ਦੀ ਅਨੰਤ ਮੌਤ ਤੋਂ ਬਚਣ ਲਈ ਪ੍ਰੇਰਦੀ ਹੈ। ਇਹ ਸਿਧਾਂਤ ਅਦ੍ਵੈਤ ਵੇਦਾਂਤ ਨਾਲ ਵੀ ਮੇਲ ਖਾਂਦਾ ਹੈ। ਗੁਰੂ ਨਾਨਕ ਦੀ ਮੁਕਤੀ ਦਾ ਸਰੂਪ ਵੀ ਇਹੋ ਹੈ। ਪਰ ਮਨਮੁੱਖ ਲੋਕ ਬ੍ਰਹਮ ਦੀ ਅਨੁਭੂਤੀ ਪ੍ਰਾਪਤ ਕਰਨ ਦੇ ਸੌਖੇ ਮਾਰਗ ਨੂੰ ਤਿਆਗ ਕੇ ਮਨ ਮਰਜੀ ਦੇ ਅਨੇਕ ਰਾਹਾਂ ਉਤੇ ਚੱਲਣ ਦੀ ਭੁੱਲ ਕਰਦੇ ਹਨ । ਉਹ ਸਦਾ ਭਵ-ਸਾਗਰ ਵਿਚ ਗੋਤੇ ਖਾਂਦੇ ਰਹਿੰਦੇ ਹਨ ਅਤੇ ਚੌਰਾਸੀ ਦੀ ਅਗਨੀ ਵਿਚ ਜਲਦੇ ਰਹਿੰਦੇ ਹਨ:–

1. ਦੂਜੈ ਬਹੁਤੇ ਰਾਹ, ਮਨ ਕੀਆ ਮਤੀ ਖਿੰਡੀਆ।।
ਬਹੁਤੁ ਪਏ ਅਸਗਾਹ, ਗੋਤੇ ਖਾਹਿ ਨ ਨਿਕਲਹਿ।।[111]

2. ਕੂੜਿ ਮੁਠੀ ਚਾਲੈ ਬਹੁ ਰਾਹੀ। ਮਨਮੁਖੁ ਦਾਝੈ ਪੜਿ ਪੜਿ ਭਾਹੀ।।[112]

ਗੁਰੂ ਜੀ ਅਨੁਸਾਰ ਬ੍ਰਹਮ ਅਨੁਭੂਤੀ ਪ੍ਰਾਪਤ ਕਰਨ ਲਈ ਹੁਕਮ, ਰਜ਼ਾ ਅਤੇ ਭਾਣਾ ਮੰਨਣ ਦੀ ਜ਼ਰੂਰਤ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਅਕਾਲ ਪੁਰਖ ਨੇ ਜੀਵ ਨੂੰ ਜਗਤ ਵਿਚ ਭੇਜਦੇ ਸਮੇਂ ਕੇਵਲ ਨਾਮ ਜਪਣ ਦਾ ਹੁਕਮ ਦਿੱਤਾ ਸੀ। ਅਸਲ ਵਿਚ ਸੰਤ-ਸਤਿਗੁਰੂ ਜੀਵ ਨੂੰ ਉਸ ਇਲਾਹੀ ਹੁਕਮ ਜਾਂ ਨਾਮ ਦੀ ਸੋਝੀ ਕਰਾਉਣ ਲਈ ਹੀ ਸੰਸਾਰ ਵਿਚ ਆਉਂਦੇ ਹਨ:–

ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ।[113]

ਪਰਮਾਤਮਾ ਜਿਨ੍ਹਾਂ ਜੀਵਾਂ ਨੂੰ ਆਪਣਾ ਹੁਕਮ ਮੰਨਣ ਲਈ ਪ੍ਰੇਰਦਾ ਹੈ ਉਹ ਆਪਣੇ ਹਿਰਦੇ ਵਿਚ ਪਰਮਾਤਮਾ ਦੀ ਸਿਫ਼ਤ ਸਲਾਹ ਦੀ ਬਾਣੀ ਵਸਾਉਂਦੇ ਹਨ। ਪਰਮਾਤਮਾ ਦੀ ਰਜ਼ਾ ਵਿਚ ਤੁਰਨ ਕਰਕੇ ਮਾਇਆ ਦੀ ਭਟਕਣਾ ਖ਼ਤਮ ਹੋ ਜਾਂਦੀ ਹੈ। ਅਜਿਹੇ ਜੀਵ ਪਰਮਾਤਮਾ ਦੀ ਦਰਗਾਹ ਵਿਚ ਕਬੂਲੇ ਜਾਂਦੇ ਹਨ:–

1. ਹੁਕਮੁ ਜਿਨਾ ਨੋ ਮਨਾਇਆ।। ਤਿਨਾ ਅੰਤਰਿ ਸਬਦੁ ਵਸਾਇਆ।।

- - - - - - - - - - - - - - - - - - - - - - -

ਜਿਨਾ ਭਾਣੇ ਕਾ ਰਸੁ ਆਇਆ, ਤਿਨ੍ ਵਿਚਹੁ ਭਰਮੁ ਚੁਕਾਇਆ।[114]

2. ਸਬਦਿ ਰੰਗਾਏ ਹੁਕਮਿ ਸਬਾਏ।। ਸਚੀ ਦਰਗਹਿ ਮਹਲਿ ਬੁਲਾਏ।।[115]

ਜੀਵ ਉਹੀ ਕੰਮ ਕਰਦਾ ਹੈ, ਜਿਹੜਾ ਪਰਮਾਤਮਾ ਆਪ ਕਰਾਉਂਦਾ ਹੈ। ਦੁਨਿਆਵੀ ਮਾਇਆ ਰੂਪੀ ਕੂੜ ਦੀ ਕੰਧ ਤੋੜਨ ਲਈ ਅਤੇ ਮੁਕਤੀ ਪ੍ਰਾਪਤ ਕਰਨ ਲਈ ਪਰਮਾਤਮਾ ਦਾ ਹੁਕਮ ਅਤੇ ਭਾਣਾ ਮੰਨਣਾ ਜੀਵ ਲਈ ਜ਼ਰੂਰੀ ਹੈ। ਉਹੀ ਮਨੁੱਖ ਅਕਲ ਵਾਲਾ ਅਤੇ ਇੱਜ਼ਤ ਵਾਲਾ ਹੈ ਜਿਸ ਨੂੰ ਪਰਮਾਤਮਾ ਦਾ ਭਾਣਾ ਚੰਗਾ ਲੱਗਦਾ ਹੈ:-

1. ਹੁਕਮੁ ਭਇਆ ਰਹਿਣਾ ਨਹੀ ਧੁਰਿ ਫਾਟੇ ਚੀਰੈ।।

- - - - - - - - - - - - - - - - - -

ਪੂਰੈ ਗੁਰਿ ਬਖਸਾਈਅਹਿ ਸਭਿ ਗੁਨਹ ਫਕੀਰੈ।।[116]

2. ਹੁਕਮ ਪਛਾਣੈ ਸੁ ਹਰਿ ਗੁਣ ਵਖਾਣੈ।।[117]

3. ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।
ਹੁਕਮਿ ਰਜਾਇ ਚਲਣਾ ਨਾਨਕ ਲਿਖਿਆ ਨਾਲਿ।।[118]

4. ਬੰਦਿ ਖਲਾਸੀ ਭਾਣੈ ਹੋਇ। ਹੋਰ ਆਖਿ ਨ ਸਕੈ ਕੋਇ।।[119]

5. ਸੋਈ ਸਿਆਣਾ ਸੋ ਪਤਿਵੰਤਾ ਹੁਕਮੁ ਲਗੈ ਜਿਸੁ ਮੀਠਾ ਜੀਉ।।[120]

ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਜਪੁਜੀ' ਵਿੱਚ ਦਿੱਤੇ ਮੂਲ ਮੰਤਰ ਵਿੱਚ ਬਿਆਨੇ ਪ੍ਰਭੂ ਦੇ ਗੁਣਾਂ ਤੇ ਦ੍ਰਿਸ਼ਟੀ ਕੇਂਦਰਤ ਕਰਦੇ ਹੋਏ ਉਸਦੇ ਹੁਕਮ ਨੂੰ ਪਹਿਚਾਨਣ ਤੇ ਮੰਨਣ ਤੇ ਜ਼ੋਰ ਦਿੱਤਾ ਹੈ। ਹੁਕਮ ਅਤੇ ਬਖਸ਼ਿਸ਼ ਨਾਮ ਮਾਰਗ ਦੇ ਮੁੱਖ ਅੰਗ ਹਨ। ਹੁਕਮ ਦੁਆਰਾ ਹੀ ਮਨੁੱਖ ਨੇ ਸੰਸਾਰ ਵਿਚ ਆਪਣਾ ਕਰਤਵ ਨਿਭਾਉਣਾ ਹੈ। ਨਿੱਜੀ ਮੁਕਤੀ ਦੀ ਪ੍ਰਾਪਤੀ ਪਿੱਛੇ ਮਨੁੱਖ ਨੇ ਸਰਬ-ਮੁਕਤੀ ਲਈ ਯਤਨਸ਼ੀਲ ਹੋਣਾ ਹੈ। ਇਹੋ ਹੁਕਮ ਹੈ:-

ਹੁਕਮੈ ਅੰਦਰਿ ਸਭੁ ਕੋ ~~ਬਾਹਰਿ~~ ਬਾਹਰਿ ਹੁਕਮ ਨ ਕੋਇ।।
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ।।[121]

ਮੁਕਤੀ ਪ੍ਰਾਪਤ ਕਰਨ ਲਈ ਦੂਜੀ ਮੁੱਖ ਲੋੜ ਪ੍ਰਭੂ ਦੀ ਬਖਸ਼ਿਸ਼ ਅਤੇ ਗੁਰੂ ਕ੍ਰਿਪਾ ਦੀ ਹੈ। ਗੁਰੂ ਦੀ ਕ੍ਰਿਪਾ ਨਾਲ ਮਨੁੱਖ ਨੂੰ ਵਿਖ ਅਤੇ ਅੰਮ੍ਰਿਤ ਬਰਾਬਰ ਜਾਪਦੇ ਹਨ। ਆਪਾ ਭਾਵ ਖਤਮ ਹੋ ਜਾਂਦਾ ਹੈ। ਚੌਰਾਸੀ ਦੇ ਗੇੜ ਤੋਂ ਜੀਵ ਬਚ ਜਾਂਦਾ ਹੈ। ਗੁਰੂ ਜੀ ਸਹਜ ਸਮਾਧੀ ਤੋਂ ਪਹਿਲਾਂ ਗੁਰੂ ਦਾ ਗਿਆਨ ਵੀ ਜ਼ਰੂਰੀ ਦੱਸਦੇ ਹਨ:-

1. ਗੁਰ ਪ੍ਰਸਾਦ ਭਈ ਅਨਭੈ ਮਤਿ, ਵਿਖ ਅੰਮ੍ਰਿਤ ਸਮ ਧਯਾਵੈਗਾ।
ਕਹੈ 'ਰਵਿਦਾਸ' ਮੇਟਿ ਆਪਾ ਪਰ, ਵਾ ਠੌਰਹਿ ਪਾਵੈਗਾ।[122]

2. ਕਹਿ ਰਵਿਦਾਸ ਸਰਨਿ ਪ੍ਰਭ ਤੇਰੀ। ਜਿਉ ਜਾਨਹੁ ਤਿਉ ਕਰੁ ਗਤਿ ਮੇਰੀ।[123]

3. ਕਹਿ ਰਵਿਦਾਸ ਰਾਮ ਰੰਗਿ ਰਾਤਾ। ਇਉ ਗੁਰਪ੍ਰਸਾਦਿ ਨਰਕ ਨਹੀ ਜਾਤਾ।[124]

4. ਗੁਰ ਕੀ ਸਾਟਿ ਗਯਾਨ ਕਾ ਅੱਛਰ, ਬਿਸਰੈ ਤੌ ਸਹਜ ਸਮਾਧਿ ਲਗਾਊਂ।[125]

5. ਜੌ ਹਮ ਵਿਮਲ ਰਿਦੈ ਚਿਤ ਅੰਤਰਿ, ਦੋਸ਼ ਕਵਨ ਪਰਿ ਧਰਿ ਹੌ।
ਕਹੈ ਰਵਿਦਾਸ ਪ੍ਰਭੁ ਤੁਮ ਦਯਾਲ ਹੌ, ਅਬੰਧ ਮੁਕਤਿ ਕ੍ਯਾ ਕਰਿ ਹੌਂ।।[126]

ਸਵੇਤਾਸ਼ਵਤਰ ਉਪਨਿਸ਼ਦ ਅਨੁਸਾਰ ਰਹੱਸਮਈ ਪਰਮਾਤਮਾ ਦਾ ਅਨੁਭਵ ਕੇਵਲ ਗਿਆਨ ਨਾਲ ਨਹੀਂ ਹੁੰਦਾ। ਉਸ ਲਈ ਤਪ-ਰੂਪ ਪ੍ਰਯਤਨ ਜਰੂਰੀ ਹੈ। ਉਸਦੀ ਸਿਧੀ ਲਈ ਪ੍ਰਭੂ ਕ੍ਰਿਪਾ ਵੀ ਜਰੂਰੀ ਹੈ।[127] ਇਹ ਵਿਵਹਾਰਿਕਤਾ ਪ੍ਰਯਤਨ ਨਾਲ ਹੀ ਸੰਭਵ ਹੋ ਸਕਦੀ ਹੈ। ਸਿਰਫ ਮਨ ਤੇ ਬੁੱਧੀ ਨਾਲ ਨਹੀਂ। ਗੁਰੂ ਰਵਿਦਾਸ ਜੀ ਅਨੁਸਾਰ ਖੁਸ਼ਕ ਗਿਆਨ ਤਾਂ ਕੇਵਲ ਹਉਮੈ ਦਾ ਕਾਰਨ ਬਣਕੇ ਮੁਕਤੀ ਦੇ ਰਸਤੇ ਵਿਚ ਰੁਕਾਵਟ ਬਣਦਾ ਹੈ। ਕਿਉਂਕਿ ਹਉਮੈ ਦਾ ਗ੍ਰਸਿਆ ਮਨੁੱਖ ਪ੍ਰਭੂ ਕ੍ਰਿਪਾ ਦਾ ਪਾਤਰ ਨਹੀਂ ਬਣ ਸਕਦਾ:-

1. ਅਬ ਮੇਰੀ ਬੂਡੀ ਰੇ ਭਾਈ, ਤਾਥੈ ਚੜੀ ਲੋਕ ਬਡਾਈ।।
ਅਤਿ ਅਹੰਕਾਰ ਉਰ ਮਹਿੰਸਤ ਰਜ, ਤਾ ਮੈ ਰਹਯੋ ਉਰਝਾਈ।।
- - - - - - - - - - - - - - - - - - - - - - - - - - - - - - - - - - - - - - - - - - - - - - - - - - -।
ਹਮ ਮਾਨੌ ਅਖਿਲ ਸੁੰਨਿ ਮਨ ਸੋਧਯੋ, ਸਬ ਚੇਤਨਿ ਸੁਧਿ ਪਾਈ।
ਗਯਾਨ ਧਯਾਨ ਸਬਹੀ ਹਮ ਜਾਨੌ, ਬੂਝੈ ਕੌ ਸੁੰ ਜਾਈ।।[128]

2. ਗੁਰੂ ਸਭੁ ਰਹਸਿ ਅਗਮਹਿ ਜਾਨੈ।
ਢੂਢੈ ਕੋਉ ਖਟ ਸਾਸਤ੍ਰਨ ਮਹੀਂ, ਕਿਧੂੰ ਕੋਊ ਬੇਦ ਬਖਾਨੈ।
- - - - - - - - - - - - - - - - - - - - - - - - - - - - - - - - - - - - - - - - - - - - - - -।
ਕਹਿ ਰਵਿਦਾਸ ਮਿਲਯੋ ਗੁਰ ਪੂਰੌ, ਜਿਹ ਅੰਤਰਿ ਹਰਿ ਮਿਲਾਨੈ।[129]

3. ਪਢੈ ਸੁਨੈ ਕਛੁ ਸਮਝਿ ਨ ਪਰਹੀ, ਜੌ ਲੌ ਅਨਭੈ ਭਾਉ ਨ ਦਰਸੈ।।
ਲੋਹਾ ਕੰਚਨੁ ਹਿਰਨੁ ਹੋਇ ਕੈਸੇ, ਜਉ ਪਾਰਸਹਿੰ ਨ ਪਰਸੈ।[130]

ਨਿਆਇ ਦਰਸ਼ਨ ਅਤੇ ਸਾਂਖਯ ਦਰਸ਼ਨ ਅਨੁਸਾਰ ਗਿਆਨ ਰਾਹੀਂ ਬੰਧਨਾਂ ਤੋਂ ਆਪਣੇ ਆਪ ਨੂੰ ਛੁਟਕਾਰਾ ਦਿਵਾਉਣਾ ਹੀ ਮੁਕਤੀ ਹੈ। ਇਹ ਅਮਰਪਦ ਦੀ ਅਵਸਥਾ ਹੈ। ਯੋਗ ਦਰਸ਼ਨ ਅਨੁਸਾਰ ਵੀ ਗਿਆਨ ਦੀ ਕਮੀ ਕਾਰਣ ਵਿਸ਼ੇ ਵਿਕਾਰਾਂ ਵਿਚ ਫਸਿਆ ਜੀਵ ਯੋਗ ਅਤੇ ਗਿਆਨ ਰਾਹੀਂ ਆਪਣੀ ਬੁੱਧੀ ਨੂੰ ਨਿਰਮਲ ਕਰਕੇ 'ਕੈਵਲਯ' ਨੂੰ ਪ੍ਰਾਪਤ ਹੁੰਦਾ ਹੈ।

ਸ਼੍ਰੀ ਗੁਰੂ ਰਵਿਦਾਸ ਵੀ ਸ਼ੰਕਿਆਂ ਅਤੇ ਭਰਮਾਂ ਦਾ ਨਿਵਾਰਣ ਕਰਕੇ ਸਰਵੋਤਮ ਤਪ(ਗੁਰੂ ਦਾ ਗਿਆਨ) ਪ੍ਰਾਪਤ ਕਰਕੇ ਪਰਮਾਤਮਾ ਵਲ ਧਿਆਨ ਜੋੜਨ ਦਾ ਸੰਦੇਸ਼ ਦਿੰਦੇ ਹਨ।[131] ਕਿਉਂ ਕਿ ਉਹ ਪਰਮਾਤਮਾ ਗਿਆਨ ਰੂਪ ਵਿਚ ਜਗਤ ਵਿਚ ਸਮਾਇਆ ਹੋਇਆ

ਹੈ। ਗਿਆਨ ਨਾਲ ਬੁੱਧੀ ਵਿਵੇਕ ਹੁੰਦੀ ਹੈ।[132] ਪਰ ਇਹ ਗਿਆਨ ਸੰਤਾਂ ਦੀ ਸੰਗਤ, ਹਰੀ ਦਾ ਕੀਰਤਨ ਅਤੇ ਪ੍ਰਭੂ ਕਥਾ ਸੁਣਨ ਨਾਲ ਪ੍ਰਾਪਤ ਹੁੰਦਾ ਹੈ। ਫਿਰ ਗਿਆਨ ਪ੍ਰਾਪਤ ਹੋਣ ਨਾਲ ਅਗਿਆਨਤਾ ਦਾ ਨਾਸ਼ ਹੋਕੇ ਮਥੁਰਾ ਅਤੇ ਕਾਸ਼ੀ ਦੇ ਦਰਸ਼ਨ ਸਭ ਹਿਰਦੈ ਵਿਚ ਹੀ ਮਿਲ ਜਾਂਦੇ ਹਨ। ਮਿੱਟੀ ਵੀ ਸੋਨਾ ਹੋ ਜਾਂਦਾ ਹੈ। ਉਸੇ ਗਿਆਨ ਜੋਤਿ ਦਾ ਸਾਰੇ ਜਗਤ ਵਿਚ ਪਰਗਾਸ਼ ਹੈ:-

1. ਗੁਰੂ ਮੋਹੀ ਦੀਨੀ ਗਯਾਨ ਕਰ ਮੂਠੀ, ਰਹੇਉ ਅਚੇਤ ਸਮੁਝਿ ਨਹੀ ਸੂਠੀ।
ਗਯਾਨੁ ਧਯਾਨੁ ਪ੍ਰਭੂ ਚਰਨਨ ਪੂਜਾ, ਲਖੈਂ ਰੂਪ ਧਰਮ ਨਹੀਂ ਦੂਜਾ।।[133]
2. ਗਯਾਨਹ ਭਗਤਿ ਇਕ ਰਸ ਜਾਨਹੂੰ, ਅੰਤਰ ਆਤਮ ਰਾਮ ਪਿਛਾਨ ਹੂੰ।
ਗਯਾਨ ਰੂਪ ਜਗ ਰਹਯੋ ਸਮਾਇ, ਬਰਨਤ ਹੂੰ ਕਿਛੂ ਭਿਨ ਰਹਿ ਜਾਇ।[134]
3. ਤੇਹਿ ਮਰਮੁ ਗੁਰ ਦ੍ਰਿਸ਼ਟਿ ਪਿਛਾਨਾ, ਜੋ ਹਰਿ ਕੀਰਤਿ ਭਨਤ ਨਿਦਾਨਾ।
ਉਪਜਤ ਗਯਾਨ ਸੰਤਨ ਦਰਿ ਸੰਗਾ, ਹਰਿ ਕੀਰਤਨ ਪ੍ਰਭੂ ਕਥਾ ਪ੍ਰਸੰਗਾ।[135]
4. ਨਹਿ ਅਗਯਾਨ ਰਹਇ ਦ੍ਰਿਗ ਤਾਕੇ, ਚਰਨ ਕਮਲ ਹਿਯ ਰਹਿ ਹਰਿ ਜਾਕੇ।
ਜਿਸ ਮਨ ਗਯਾਨ ਜੋਤਿ ਪਰਗਾਸੀ, ਕਾ ਮਥੁਰਾ ਕਾ ਸੇਵੈ ਕਾਸੀ।[136]
5. ਸੁਵਰਨ ਹੋਤ ਕੁਵਰਨ ਕੁਧਾਤੁ, ਪਾਰਸ ਪਰਸ ਸੁਗਿਆਨ ਸੁਧਾਤੁ।
ਗਯਾਨ ਜੋਤਿ ਜਗ ਮਾਹਿ ਪਰਗਾਸੀ, ਸੰਤਨ ਹੇਤ ਸਰਬ ਸੁਖਰਾਸੀ।[137]
6. ਮਿਲਤ ਪਿਆਰੇ ਪ੍ਰਾਨ ਨਾਥੁ ਕਵਨ ਭਗਤਿ ਤੇ।
ਸਾਧ ਸੰਗਤਿ ਪਾਈ ਪਰਮਗਤੇ।[138]

ਇਸ ਤਰ੍ਹਾਂ ਸ੍ਰੀ ਗੁਰੂ ਰਵਿਦਾਸ ਜੀ ਨੇ ਗਿਆਨ ਮਾਰਗ ਤੇ ਬਹੁਤ ਜ਼ੋਰ ਦਿੱਤਾ ਹੈ। ਪਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗਿਆਨ ਮਾਰਗ ਨੂੰ ਬਹੁਤੀ ਤਰਜੀਹ ਨਹੀਂ ਦਿੱਤੀ ਕਿਉਂ ਕਿ ਗਿਆਨ ਮਾਰਗ ਕੇਵਲ ਉੱਚੀ ਬੌਧਿਕ ਪ੍ਰਾਪਤੀ ਵਾਲੇ ਸੀਮਤ ਵਿਅਕਤੀਆਂ ਲਈ ਲਾਭਕਾਰੀ ਮਾਰਗ ਹੈ। ਇਹੋ ਜਿਹੇ ਵਿਅਕਤੀ ਬੌਧਿਕ ਦ੍ਰਿਸ਼ਟੀ ਤੋਂ ਹੀ ਹਰ ਚੀਜ਼ ਨੂੰ ਵੇਖਣ ਪਰਖਣ ਦੇ ਆਦੀ ਹੁੰਦੇ ਹਨ। ਕੇਵਲ ਗਿਆਨ-ਮਾਰਗ ਜੋ ਬੌਧਿਕ ਕ੍ਰਿਆ ਤੱਕ ਸੀਮਤ ਹੈ, ਮਹਾਨ ਪ੍ਰਾਪਤੀ ਲਈ ਵਧੇਰੇ ਯੋਗ ਨਹੀਂ ਹੈ। ਗਿਆਨ ਮਾਰਗ ਮਨੁੱਖ ਨੂੰ ਖੁਸ਼ਕ ਗਿਆਨ, ਵਿਦਿਆ ਤੇ ਵਿਗਿਆਨ ਨਾਲ ਆ ਜੋੜਦਾ ਹੈ। ਅਜਿਹਾ ਗਿਆਨ ਹਉਮੈਂ ਦਾ ਕਾਰਣ ਬਣਦਾ ਹੈ। ਹਉਮੈਂ ਮੁਕਤੀ ਦੇ ਰਾਹ ਵਿਚ ਰੁਕਾਵਟ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਦ੍ਰਿੜ੍ਹ ਮੱਤ ਹੈ ਕਿ ਮੁਕਤੀ ਵਿਦਿਆ ਤੇ ਵਿਗਿਆਨ ਰਾਹੀਂ ਪ੍ਰਾਪਤ ਨਹੀਂ ਹੋ ਸਕਦੀ:-

ਮੁਕਤਿ ਨਹੀਂ ਬਿਦਿਆ ਬਿਗਿਆਨਿ।।[139]

ਇਹ ਹਉਮੈ ਹੀ ਜੀਵ ਅਤੇ ਪਰਮਾਤਮਾ ਵਿਚਕਾਰ ਪਰਦੇ ਵਾਂਗ ਆਕੇ ਉਸਦੇ ਸੱਚੇ ਸਰੂਪ ਨੂੰ ਪਛਾਣਨ ਨਹੀਂ ਦਿੰਦਾ। ਜਦੋਂ ਗਿਆਨ ਰਾਹੀਂ ਅਹੰਕਾਰ ਖਤਮ ਹੁੰਦਾ ਹੈ ਤਾਂ ਜੀਵ ਪਰਮ ਜੋਤੀ ਵਿਚ ਮਿਲ ਜਾਂਦਾ ਹੈ। ਅਜਿਹੇ ਜੀਵ ਪਰਮਾਤਮਾ ਦੇ ਰੰਗ ਵਿਚ ਰੰਗੇ ਰਹਿੰਦੇ ਹਨ:—

1. ਹਉਮੈ ਮਮਤਾ ਮਾਰਿ ਕੈ ਹਰਿ ਰਾਖਿਆ ਉਰਧਾਰਿ।।
   ਹਉ ਤਿਨ ਕੈ ਬਲਿਹਾਰਣੈ ਜਿਨਾ ਨਾਮੇ ਲਗਾ ਪਿਆਰ।
   ਸੇਈ ਸੁਖੀਏ ਚਹੁ ਜੁਗੀ ਜਿਨਾ ਨਾਮੁ ਅਖੁਟ ਅਪਾਰ।[140]
2. ਹਉ ਭਾਲਿ ਵਿਕੁੰਨੀ ਹੋਈ। ਆਧੇਰੈ ਰਾਹੁ ਨ ਕੋਈ।।
   ਵਿਚਿ ਹਉਮੈ ਕਰਿ ਦੁਖੁ ਰੋਈ।। ਕਹੁ ਨਾਨਕ ਕਿਨਿ ਬਿਧਿ ਗਤਿ ਹੋਈ।[141]

ਸ੍ਰੀ ਗੁਰੂ ਨਾਨਕ ਦੇਵ ਜੀ ਕਰਮਕਾਂਡੀ ਜੀਵਨ ਨੂੰ ਚੰਗਾ ਨਹੀਂ ਸਮਝਦੇ। ਅਜਿਹਾ ਜੀਵਨ ਬਿਤਾਉਂਦਿਆਂ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ। ਵਿਖਾਵੇ ਦੀ ਅਹਿੰਸਾ ਕਿਸੇ ਕੰਮ ਨਹੀਂ। ਜੈਨੀ, ਹਿੰਦੂ, ਬੋਧੀ, ਮੁਸਲਿਮ ਸਭ ਕਰਮਕਾਂਡਾਂ ਵਿਚ ਫਸੇ ਹੋਏ ਹਨ। ਜਦੋਂ ਤੱਕ ਮਨ ਵਿੱਚ ਅਹੰਕਾਰ ਦਾ ਵਾਸਾ ਹੈ। ਅਠਾਹਠ ਤੀਰਥਾਂ ਦਾ ਇਸ਼ਨਾਨ ਤੇ ਹੋਰ ਸਾਰੇ ਕਰਮ-ਕਾਂਡ ਵਿਅਰਥ ਹਨ। ਇਨ੍ਹਾਂ ਦੀ ਵਡਿਆਈ ਤਾਂ ਨਾਮਮਾਤਰ ਹੀ ਹੁੰਦੀ ਹੈ:—

1. ਅਠਸਠਿ ਤੀਰਥ ਦੇਹਿ ਨ ਧੋਈ ਬ੍ਰਹਮਣ ਅੰਨੁ ਨ ਖਾਹੀ।।[142]
2. ਤੀਰਥੁ ਤਪੁ ਦਇਆ ਦਤੁ ਦਾਨੁ।। ਜੇ ਕੋ ਪਾਵੈ ਤਿਲ ਕਾ ਮਾਨੁ।[143]

ਇੱਕ ਪਾਸੇ ਰਵਿਦਾਸ ਜੀ ਇਹ ਕਹਿੰਦੇ ਹਨ ਕਿ ਜੋ ਹਰਿ ਨੂੰ ਵਿਸਾਰ ਕੇ ਕਿਸੇ ਦੂਜੇ ਦੀ ਆਸ ਕਰਦੇ ਹਨ ਉਹ ਦੋਜ਼ਖ ਚ ਜਾਣਗੇ। ਗੁਰਬਾਣੀ ਵੀ ਇਸੇ ਵਿਚਾਰ ਦੀ ਪੋੜ੍ਹਤਾ ਕਰਦੀ ਹੈ:—

1. ਖੁਦਿ ਖਸਮ ਖਲਕ ਜਹਾਨ ਅਲਹ ਮਿਹਰਵਾਨ ਖੁਦਾਇ।।
   ਦਿਨਸੁ ਰੈਣ ਜਿ ਤੁਧੁ ਅਰਾਧੇ ਸੋ ਕਿਉ ਦੋਜਕਿ ਜਾਇ।।[144]
2. ਥਾਉ ਨ ਪਾਇਨਿ ਕੂੜਿਆਰ ਮੂਹ ਕਾਲੈ ਦੋਜਕਿ ਚਾਲਿਆ।।[145]

ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਹਰੀ ਨੂੰ ਵਿਸਾਰਨ ਦੀ ਥਾਂ ਉਸਦੀ ਮਿਹਰ ਜਾਂ ਕ੍ਰਿਪਾ ਦ੍ਰਿਸ਼ਟੀ ਦੀ ਜ਼ਰੂਰਤ ਹੈ। ਕਿਉਂਕਿ ਪਰਮਾਤਮਾ ਦੀ ਕਿਰਪਾ ਤੋਂ ਬਿਨ੍ਹਾਂ ਮੁਕਤੀ ਸੰਭਵ ਨਹੀਂ ਹੋ ਸਕਦੀ:—

1. ਨਦਰਿ ਕਰੇ ਜੇ ਆਪਣੀ ਆਪੇ ਲਏ ਰਲਾਇ ਜੀਉ।।[146]
2. ਨਦਰੀ ਮੋਖੁ ਦੁਆਰੁ।।[147]
3. ਦਰਗਾਹ ਮੁਕਤਿ ਕਰੇ ਕਰਿ ਕਿਰਪਾ ਬਖਸੇ ਅਵਗੁਣ ਕੀਤਾ ਹੇ।[148]
4. ਸਚਾ ਸਾਹਿਬੁ ਸਚੀ ਨਾਈ।। ਗੁਰ ਪਰਸਾਦੀ ਮੰਨਿ ਵਸਾਈ।।
   ਅਨਦਿਨੁ ਸਦਾ ਰਹੈ ਰੰਗਿ ਰਾਤਾ।।ਦਰਿ ਸਚੈ ਸੋਝੀ ਪਾਵਣਿਆ।[149]

ਮੁਕਤੀ ਪ੍ਰਾਪਤ ਕਰਨ ਲਈ ਮਨੁੱਖ ਨੂੰ ਕੀਤੇ ਕਰਮਾਂ ਦਾ ਲੇਖਾ-ਜੋਖਾ ਦੇਣਾ ਪੈਂਦਾ ਹੈ। ਇਹ ਲੇਖਾ ਪੂਰਾ ਕਰਨ ਲਈ ਇੱਕ ਜਨਮ ਵੀ ਲੱਗ ਸਕਦਾ ਹੈ ਅਤੇ ਕਈ ਜਨਮ ਵੀ। 'ਮਨੁੱਖ ਨੂੰ ਉਸਦੇ ਕੀਤੇ ਕਰਮਾਂ ਅਨੁਸਾਰ ਹੀ ਫਲ ਮਿਲਦਾ ਹੈ । ਚੰਗੇ ਕਰਮ ਕਰਦਿਆਂ ਜੀਵ ਪ੍ਰਭੂ ਕ੍ਰਿਪਾ ਰਾਹੀਂ ਭਗਤੀ ਕਰਦਿਆਂ ਮੁਕਤੀ ਨੂੰ ਪ੍ਰਾਪਤ ਹੁੰਦਾ ਹੈ। ਪਰ ਜੋ ਜੀਵ ਕੇਵਲ ਕਰਮ ਦੇ ਰਾਹ ਤੇ ਚੱਲਦੇ ਹਨ ਉਨ੍ਹਾਂ ਨੂੰ ਮੁਕਤੀ ਕਈ ਜਨਮਾਂ ਬਾਅਦ ਪ੍ਰਾਪਤ ਹੁੰਦੀ ਹੈ।

ਸ੍ਰੀ ਗੁਰੂ ਰਵਿਦਾਸ ਜੀ ਨੇ ਭਾਵੇਂ ਕਰਮਾਂ ਰਾਹੀਂ ਮੁਕਤੀ ਪ੍ਰਾਪਤ ਕਰਨ ਦਾ ਜ਼ਿਕਰ ਕੀਤਾ ਹੈ ਪਰ ਉਹ ਸਿਰਫ਼ ਇਸੇ ਰਾਹ ਤੇ ਚੱਲਣ ਦੀ ਹਾਮੀ ਨਹੀਂ ਭਰਦੇ।ਉਹ ਤਾਂ ਜੀਵ ਨੂੰ ਸਤਿ-ਕਰਮ ਕਰਨ ਲਈ ਪ੍ਰੇਰਦੇ ਹਨ। ਕਰਮ ਕਰਨ ਨਾਲ ਗਿਆਨ ਦੀ ਪ੍ਰਾਪਤੀ ਹੁੰਦੀ ਹੈ ਅਤੇ ਭਗਤੀ ਭਾਵ ਪੈਦਾ ਹੁੰਦਾ ਹੈ। ਗਿਆਨ ਦੀ ਪ੍ਰਾਪਤੀ ਨਾਲ ਕਰਮਾਂ ਦਾ ਨਾਸ਼ ਹੋ ਜਾਂਦਾ ਹੈ।[150] ਕਰਮ ਕਰਨਾ ਮਨੁੱਖ ਦਾ ਧਰਮ ਹੈ ਪਰ ਇਹ ਬਿਨਾਂ ਫਲ ਦੀ ਆਸ ਦੇ ਹੋਣਾ ਚਾਹੀਦਾ ਹੈ।[151] ਗੁਰੂ ਜੀ ਅਨੁਸਾਰ ਸਾਰੇ ਜੀਵ ਕਰਮਾਂ ਦੇ ਵਸ ਹਨ।ਜਿਹੋ ਜਿਹੇ ਕਰਮ ਕਰਦਾ ਹੈ ਤਿਹੋ ਜਿਹਾ ਫਲ ਪ੍ਰਾਪਤ ਕਰਦਾ ਹੈ। ਕੂੜੀ ਮਾਇਆ ਦਾ ਤਿਆਗ ਕਰਕੇ ਹਰਿ ਚਰਨਾਂ ਵਿਚ ਸੁਰਤੀ ਜੋੜਨ ਨਾਲ ਹੀ ਮੁਕਤੀ ਮਿਲ ਸਕਦੀ ਹੈ:-

1. ਜੋ ਕਛੁ ਹੋਵਾ ਲੁਨਿਐ ਸੋਈ, ਤਾ ਮੈਂ ਫੇਰ ਫਾਰ ਨਹੀਂ ਹੋਈ।
   ਛਾਡਿਆ ਕੂਰ ਭਜੈ ਹਰਿ ਚਰਨਾ,ਤਾਕਾ ਮਿਟੈ ਜਨਮ ਅਰ ਮਰਨਾ।।[152]
2. ਜੀਅ ਜੰਤ ਜਹਾਂ ਜਹਾਂ ਲਾਗੁ ਕਰਮ ਕੇ ਬਸਿ ਜਾਇ।
   ਕਾਲ ਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ।।
   ਰਵਿਦਾਸ ਦਾਸ ਉਦਾਸ ਤਜ ਭ੍ਰਮ, ਤਪਨ ਤਪੁ ਗੁਰ ਗਿਆਨ।।
   ਭਗਤ ਜਨ ਭੈ ਹਰਨ, ਪਰਮਾਨੰਦ ਕਰਹੁ ਨਿਦਾਨ।।[153]

ਸ੍ਰੀ ਗੁਰੂ ਰਵਿਦਾਸ ਜੀ ਕਰਮਾਂ ਦਾ ਫਲ ਭੋਗਣ ਲਈ ਕਈ ਜਨਮ ਇਸ ਲੇਖੇ ਨਹੀਂ ਲਾਉਣਾ ਚਾਹੁੰਦੇ, ਉਹ ਤਾਂ ਕਹਿੰਦੇ ਹਨ ਕਿ ਜੇਕਰ ਇਕ ਜਨਮ ਪ੍ਰਭੂ ਦੇ ਨਾਂ ਤੇ ਲਾ ਦਿੱਤਾ

ਜਾਵੇ ਤਾਂ ਹੀ ਮਨੁੱਖ ਮੁਕਤੀ ਪ੍ਰਾਪਤ ਕਰ ਲੈਂਦਾ ਹੈ।[154] ਹਰੀ ਦਾ ਨਾਮ ਜਪਦਿਆਂ ਤਾਂ ਕਿਤਨੇ ਹੀ ਪਾਪੀ ਤਰ ਗਏ ਹਨ। ਹਰੀ ਦਾ ਨਾਮ ਜਪਦਿਆਂ ਕਬੀਰ ਦੇ ਜਨਮ ਜਨਮ ਦੇ ਦੁੱਖ ਕੱਟੇ ਗਏ।[155] ਅਜਾਮਲ, ਪਿੰਗਲਾ, ਬਾਲਮੀਕ, ਸਬਰੀ, ਗੀਧ, ਗਨਿਕਾ ਵਰਗੇ ਭੈੜੇ ਤੇ ਪਾਪੀ ਮਨੁੱਖਾਂ ਨੇ ਵੀ ਤਾਂ ਮੁਕਤੀ ਪ੍ਰਾਪਤ ਕੀਤੀ ਹੈ:-

1. ਅਜਾਮਲੁ ਪਿੰਗੁਲਾ ਲੁਭਤ ਕੁੰਚਰ, ਗਏ ਹਰਿ ਕੈ ਪਾਸ।
   ਐਸੇ ਦੁਰਮਤਿ ਨਿਸਤਰੇ, ਤੂੰ ਕਿਉ ਨ ਤਰਹਿ ਰਵਿਦਾਸ।।[156]
2. ਸਬਰੀ ਗੀਧ ਅਜਾਮਿਲ ਸਧਨਾ, ਰਾਮ ਕ੍ਰਿਪਾ ਗਨਕਾ ਤਰਿ ਜਾਵਤ।
   ਕਵਨ ਕਵਨ ਪਾਪੀ ਜਨ ਤਾਰਿਓ, ਕਹਿ ਰਵਿਦਾਸ ਗਨਿਓ ਨਹਿੰ ਆਵਤ।[157]

ਕਿਉਂ ਕਿ ਪਰਮਾਤਮਾ ਦੀ ਪ੍ਰਾਪਤੀ ਹੀ ਮੁਕਤੀ ਹੈ ਇਸ ਲਈ ਸ਼੍ਰੀ ਗੁਰੂ ਰਵਿਦਾਸ ਜੀ ਹੱਥਾਂ ਨਾਲ ਕਾਰ ਕਰਦਿਆਂ ਜੀਭ ਨਾਲ ਪਰਮਾਤਮਾ ਨੂੰ ਜਪਣ ਦਾ ਉਪਦੇਸ਼ ਦਿੰਦੇ ਹਨ।[158] ਪਰ ਕਮਾਈ ਨੇਕ ਹੋਣੀ ਚਾਹੀਦੀ ਹੈ। ਸਤਿ ਕਰਮ ਕਰਨ ਦੀ ਜ਼ਰੂਰਤ ਹੈ। ਇਹ ਸਤਿ ਕਰਮ ਘਰ ਵਿਚ ਰਹਿੰਦਿਆਂ ਪ੍ਰਭੂ ਦੇ ਚਰਨਾਂ ਵਿਚ ਚਿੱਤ ਜੋੜਕੇ ਕੀਤੇ ਜਾ ਸਕਦੇ ਹਨ।[159] ਕਰਮ ਨੂੰ ਧਰਮ ਸਮਝਦਿਆਂ ਨਿਸ਼ਕਾਮ ਕਰਮ ਕਰਨ ਦੀ ਲੋੜ ਹੈ।[160] ਕਰਮ ਕਰਦਿਆਂ ਫਲ ਦੀ ਇੱਛਾ ਨਹੀਂ ਹੋਣੀ ਚਾਹੀਦੀ।[161] ਇਸ ਤਰ੍ਹਾਂ ਕਰਮ ਜੋਗ ਦੀ ਸਾਧਨਾ ਸਾਧਦਿਆਂ ਆਤਮਾ ਪਵਿੱਤਰ ਹੋ ਜਾਂਦੀ ਹੈ ਅਤੇ ਪਵਿੱਤਰ ਆਤਮਾ ਹੀ ਵਿਸ਼ੇ ਵਿਕਾਰਾਂ ਤੇ ਕਾਬੂ ਪਾਉਣ ਕਰਕੇ ਜੇਤੂ ਹੁੰਦੀ ਹੈ। ਮੁਕਤੀ ਪ੍ਰਾਪਤ ਕਰਦੀ ਹੈ। ਸ਼੍ਰੀ ਗੁਰੂ ਰਵਿਦਾਸ ਜੀ ਨੇ ਇਸ ਭਵਸਾਗਰ ਰੂਪੀ ਸੰਸਾਰ ਨੂੰ ਪਾਰ ਕਰਨ ਲਈ ਸੁਕਿਰਤ ਕਰਨ ਦੀ ਪ੍ਰੇਰਨਾ ਕੀਤੀ ਹੈ ਉਨ੍ਹਾਂ ਨੇ ਇਸੇ ਨੂੰ ਹੀ ਧਰਮ ਸਮਝਿਆ ਹੈ। ਇਸ ਤਰ੍ਹਾਂ ਜਿਹੜੇ ਜੀਵ, ਪ੍ਰਭੂ ਭਗਤ ਮਿਹਨਤ ਨੂੰ ਹੀ ਸਾਧਨਾ ਤੇ ਧਰਮ ਸਮਝਦੇ ਹਨ, ਉਨ੍ਹਾਂ ਦਾ ਜੀਵਨ ਸਫਲ ਹੋ ਜਾਂਦਾ ਹੈ, ਉਹ ਮੁਕਤ ਹੋ ਜਾਂਦੇ ਹਨ:-

1. ਕਰਮ ਜੋਗ ਕੀ ਸਾਧ ਸੋਂ, ਆਤਮ ਰਾਮ ਸੁਧ ਹੋਇ।
   'ਰਵਿਦਾਸ' ਬਿਜੈਤਾ ਸੋ ਭਯਾ, ਕਰਮ ਕਰੈ ਜਉ ਕੋਇ।।[162]
2. ਰਵਿਦਾਸ ਹੌਂ ਨਿਜ ਹੱਥਹਿੰ ਰਾਖੋਂ ਰਾਂਬੀ ਆਰ।
   ਸੁਕਿਰਿਤ ਹੀ ਮਮ ਧਰਮ ਹੈ, ਤਾਰੈਗਾ ਭਵ ਪਾਰ।।[163]
3. ਪ੍ਰਭ ਭਗਤਿ ਸ੍ਰਮ ਸਾਧਨਾ, ਜਗ ਮਹਂ ਜਿਨਹਿ ਪਾਸ।
   ਤਿਨਹਿੰ ਜੀਵਨ ਸਫਲ ਭਯੋ, ਸੰਤ ਭਾਖੈ ਰਵਿਦਾਸ।।[164]

ਕਰਮ ਮਾਰਗ ਬਾਰੇ ਗੁਰਬਾਣੀ ਵਿੱਚ ਪੁਰਾਤਨ ਹਿੰਦੂ ਵਿਚਾਰਧਾਰਾ ਨਾਲੋਂ

ਮਤਭੇਦ ਹੈ। ਭਾਰਤੀ ਹਿੰਦੂ ਵਿਚਾਰਧਾਰਾ ਅਨੁਸਾਰ ਕਰਮ ਆਦਿ ਕਾਲ ਤੋਂ ਹੀ ਪ੍ਰਚੱਲਿਤ ਹਨ ਤੇ ਹੋਰ ਸਭ ਪ੍ਰਾਣੀ ਆਦਿ ਕਰਮਾਂ ਕਰਕੇ ਹੀ ਜੂਨਾਂ ਵਿਚ ਪੈਂਦੇ ਹਨ। ਗੁਰੂ ਜੀ ਦੇ ਦ੍ਰਿਸ਼ਟੀਕੋਣ ਅਨੁਸਾਰ ਸ੍ਰਿਸ਼ਟੀ ਦੇ ਆਰੰਭ ਸਮੇਂ ਕਰਮ ਵਜੂਦ ਵਿੱਚ ਨਹੀਂ ਸਨ ਆਏ:–

ਕਰਮ ਧਰਮ ਨਹੀਂ ਮਾਇਆ ਮਾਖੀ।। ਜਾਤਿ ਜਨਮੁ ਨਹੀ ਦੀਸੈ ਆਖੀ।।
ਮਮਤਾ ਜਾਲ ਕਾਲ ਨਹੀ ਮਾਥੈ। ਨਾ ਕੋ ਕਿਸੈ ਧਿਆਇਦਾ।[164ੳ]

ਵੱਖ-ਵੱਖ ਧਰਮਾਂ ਰਾਹੀਂ ਪ੍ਰਚੱਲਿਤ ਕਰਮ-ਧਰਮ ਜਾਂ ਕਰਮਕਾਂਡ ਸਭ ਵਿਅਰਥ ਹਨ। ਇਨ੍ਹਾਂ ਦੁਆਰਾ ਮੁਕਤੀ ਨਹੀਂ ਮਿਲ ਸਕਦੀ। ਰਾਜੇ ਲੋਕ ਕਿਸੇ ਫਲ ਦੀ ਖਾਤਰ ਦਾਨ ਪੁੰਨ ਕਰਦੇ ਤੇ ਧਰਮ ਕਮਾਉਂਦੇ ਹਨ। ਦਾਨ-ਪੁੰਨ ਆਦਿ ਦੇ ਕਰਮ ਕਰਦੇ ਥੱਕ ਜਾਂਦੇ ਹਨ। ਇਹੋ ਜਿਹੇ ਕਰਮ ਕਰਕੇ ਮੁਕਤੀ ਮੰਗਦੇ ਹਨ। ਪਰ ਕਿਉਂ ਕਿ ਉਨ੍ਹਾਂ ਨੇ ਪ੍ਰਭੂ ਦਾ ਨਾਮ ਨਹੀਂ ਸਿਮਰਿਆ ਇਸ ਲਈ ਉਨ੍ਹਾਂ ਨੂੰ ਮੁਕਤੀ ਨਹੀਂ ਮਿਲਦੀ:–

ਰਾਜੇ ਧਰਮੁ ਕਰਹਿ ਪਰਥਾਏ।। ਆਸਾ ਬੰਧੇ ਦਾਨੁ ਕਰਾਏ।।
ਰਾਮ ਨਾਮ ਬਿਨੁ ਮੁਕਤਿ ਨ ਹੋਈ॥ ਥਾਕੇ ਕਰਮ ਕਮਾਈ ਹੇ।।
ਕਰਮ ਧਰਮ ਕਰਿ ਮੁਕਤਿ ਮੰਗਾਹੀ।। ਮੁਕਤਿ ਪਦਾਰਥੁ ਸਬਦਿ ਸਲਾਹੀ।।[164ਅ]

ਜੀਵ ਸੰਸਾਰਕ ਸੁਖ ਪ੍ਰਾਪਤ ਕਰਨ ਲਈ ਚੰਗੇ ਬੁਰੇ ਕਰਮ ਕਰਦਾ ਹੈ ਪਰ ਇਹ ਸੁਖ-ਦੁਖ ਤਾਂ ਪੂਰਬਲੇ ਜਨਮਾਂ ਦੇ ਕੀਤੇ ਕਰਮਾਂ ਅਨੁਸਾਰ ਮਿਲਦੇ ਹਨ। ਆਸਾਂ ਤੇ ਮਨ ਦੇ ਮਾਇਕ ਫੁਰਨਿਆਂ ਵਿਚ ਬੱਝਾ ਜੀਵ ਹਉਮੈ ਤੇ ਮਮਤਾ ਦੀਆਂ ਅਹੰਕਾਰ ਭਰੀਆਂ ਗੱਲਾਂ ਕਰਦਾ ਹੈ ਜਿਸ ਕਰਕੇ ਪ੍ਰਭੂ ਤੋਂ ਦੂਰ ਹੋਣ ਕਰਕੇ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ:–

ਹਉਮੈ ਮਮਤਾ ਕਰਦਾ ਆਇਆ।। ਆਸਾ ਮਨਸਾ ਬੰਧਿ ਚਲਾਇਆ।।[164ੲ]

ਇਹ ਜੀਵ ਆਪਣੀ ਸਮਝ ਅਨੁਸਾਰ ਧਾਰਮਿਕ ਕਰਮ ਕਰਦਾ ਹੈ। ਪਰ ਗੁਰੂ ਜੀ ਅਨੁਸਾਰ ਸਦੀਵੀ ਥਿਰ ਪ੍ਰਭੂ ਦੇ ਨਾਮ ਦਾ ਸਿਮਰਨ ਹੀ ਅਸਲੀ ਕਰਮ ਹੈ, ਅਸਲੀ ਧਰਮ ਹੈ ਪਰ ਇਹ ਸਭ ਕੁਝ ਪ੍ਰਭੂ ਦੇ ਅਖੁੱਟ ਭੰਡਾਰ ਵਿਚ ਮੌਜੂਦ ਹੈ :–

ਕਰਮੁ ਧਰਮੁ ਸਚੁ ਹਾਥਿ ਤੁਮਾਰੈ।। ਵੇ ਪਰਵਾਹ ਅਖੁਟ ਭੰਡਾਰੈ।[164ਸ]

ਇਸ ਤਰ੍ਹਾਂ ਗੁਰੂ ਜੀ ਅਨੁਸਾਰ ਜੀਵ ਦੀ ਸਿਰਜਣਾ ਵਿਸ਼ੇਸ਼ ਰੱਬੀ ਹੁਕਮ, ਮਨੋਰਥ ਦੀ ਪੂਰਤੀ ਲਈ ਕੀਤੀ ਗਈ ਹੈ। ਜਿਸਨੇ ਕਰਮਾਂ ਦੁਆਰਾ ਸ੍ਰਿਸ਼ਟੀ ਦੇ ਉਦੇਸ਼ ਨੂੰ

ਪੂਰਾ ਕਰਨ ਦੀ ਜ਼ਿੰਮੇਵਾਰੀ ਨੂੰ ਨਿਭਾਉਣਾ ਹੈ। ਕਰਮ ਮਨੁੱਖ ਦਾ ਹਥਿਆਰ ਹੈ। ਭਾਰਤੀ ਵਿਚਾਰਧਾਰਾ ਅਨੁਸਾਰ ਸੰਚਿਤ ਤੇ ਪ੍ਰਾਰਬੱਧ ਕਰਮਾਂ ਦਾ ਫਲ ਹਰ ਹਾਲਤ ਵਿਚ ਭੋਗਣਾ ਪੈਂਦਾ ਹੈ। ਪਰ ਗੁਰੂ ਜੀ ਅਨੁਸਾਰ ਪ੍ਰਭੂ ਦੀ ਮਿਹਰ ਨਾਲ ਕਰਮਾਂ ਦਾ ਅਸਰ ਖਤਮ ਹੋ ਜਾਂਦਾ ਹੈ। ਚੰਗੇ ਕਰਮਾਂ ਰਾਹੀਂ ਹੀ ਮੁਕਤੀ ਪ੍ਰਾਪਤ ਹੁੰਦੀ ਹੈ। ਪੰਜਵੇਂ ਗੁਰੂ ਸ੍ਰੀ ਅਰਜਨ ਦੇਵ ਜੀ ਵੀ ਫੁਰਮਾਉਂਦੇ ਹਨ ਕਿ ਕਈ ਜਨਮਾਂ ਤੱਕ ਜੀਵਨ ਰੌਅ ਵਿਕਾਸ ਗਤੀ ਵਿਚ ਘੁੰਮਦੀ ਹੈ ਤੇ ਪੂਰਣਤਾ ਜਾਂ ਮੁਕਤੀ ਪ੍ਰਾਪਤ ਕਰਨ ਲਈ ਯਤਨਸ਼ੀਲ ਰਹਿੰਦੀ ਹੈ। ਸਰੀਰ ਦੇ ਵਿਨਾਸ਼ ਨਾਲ ਆਤਮਾ ਕਰਮਾਂ ਤੇ ਸੰਸਕਾਰਾਂ ਦੇ ਰਾਹੀਂ ਕਈ ਪੜਾਅ ਤਹਿ ਕਰਕੇ ਆਪਾ-ਭਾਵ ਖਤਮ ਕਰਕੇ ਕੇਵਲ ਤਿੰਨ ਪ੍ਰਭੂ ਗੁਣ- ਪਰਮ-ਚੇਤਨਾ, ਸਰਬ ਸ਼ਕਤੀਮਾਨਤਾ ਤੇ ਸਰਬ-ਵਿਆਪਕਤਾ ਵਿਚ ਵਟ ਜਾਂਦੀ ਹੈ ਤੇ ਪ੍ਰਭੂ ਦੀ ਮਿਹਰ ਰਾਹੀਂ ਨਿਜਤਵ ਖਤਮ ਹੋ ਜਾਂਦਾ ਹੈ। ਨਿੱਜੀ ਸ਼ਕਤੀ ਸਰਬ ਸ਼ਕਤੀ ਮਾਨਤਾ ਵਿਚ ਵਟ ਜਾਂਦੀ ਹੈ। ਇਹੋ ਹੀ ਮੁਕਤੀ ਹੈ। ਇਸ ਤਰ੍ਹਾਂ ਜੀਵ ਪੂਰਣਤਾ ਪ੍ਰਾਪਤ ਕਰਦਾ ਹੋਇਆ ਜਦ ਵਿਦੇਹ ਹੋ ਜਾਂਦਾ ਹੈ ਤਾਂ ਉਹ ਵਿਲੀਨਤਾ ਦੀ ਪ੍ਰਾਪਤੀ ਕਰਦਾ ਹੈ:-

1. ਜਿਉ ਜਲ ਮੈਂ ਜਲ ਆਇ ਖਟਾਨਾ ਤਿਉ ਜੋਤੀ ਸੰਗਿ ਜੋਤ ਸਮਾਨਾ।
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ।।[164ਖ]

2. ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈਂਹਿ ਮਾਨਿ।[164 ਕ]

ਪਰ ਇਹ ਸਭ ਨਾਮ ਦੀ ਬਰਕਤ ਹੈ। ਨਾਮ ਤੋਂ ਬਿਨਾਂ ਕਰੋੜਾਂ ਕੀਤੇ ਕਰਮ ਵੀ ਨਰਕ ਵਿਚ ਲਿਜਾਂਦੇ ਹਨ।

ਨਾਮ ਸੰਗਿ ਮਨਿ ਪ੍ਰੀਤਿ ਨਾ ਲਾਵੈ।। ਕੋਟਿ ਕਰਮ ਕਰਤੋ ਨਰਕਿ ਜਾਵੈ।[165]

ਗੁਰੂ ਜੀ ਅਨੁਸਾਰ ਇਨ੍ਹਾਂ ਸਹੀ ਕਰਮਾਂ ਦੀ ਪ੍ਰੇਰਨਾ ਸਚਾਈ, ਪਿਆਰ ਤੇ ਸੰਪੂਰਨਤਾ ਦੇ ਪ੍ਰਮੁੱਖ ਆਦਰਸ਼(ਪਰਮਾਤਮਾ) ਦੇ ਸਦਾ ਸਿਮਰਨ ਵਿਚੋਂ ਮਿਲਦੀ ਹੈ। ਸਿਮਰਨ ਤੋਂ ਭਾਵ ਕਿਸੇ ਗੁਰ ਮੰਤਰ ਦਾ ਰਟਨ ਨਹੀਂ, ਸਗੋਂ ਸਚਾਈ, ਪਿਆਰ ਤੇ ਸੰਪੂਰਨਤਾ ਦੇ ਆਦਰਸ਼ ਨੂੰ ਸਾਸ ਗਰਾਸ ਚੇਤੇ ਕਰਨਾ ਤੇ ਆਪਣੇ ਜੀਵਨ ਦੀ ਸਫਲਤਾ ਨੂੰ ਨਿਰੋਲ ਏਸੇ ਆਦਰਸ਼ ਦੀ ਦਿਨੋ ਦਿਨ ਵਧਦੀ ਪ੍ਰਾਪਤੀ ਨਾਲ ਤੋਲਣਾ ਤੇ ਜ਼ਿੰਦਗੀ ਦੇ ਭੁਲਾਵੇਂ ਲਾਲਚਾਂ ਤੋਂ ਉਤਾਂਹ ਉੱਠਣਾ ਹੈ। ਸਹੀ ਸਿਮਰਨ ਦੀ ਪਰਖ ਵੀ ਇਹੋ ਹੈ ਕਿ ਲਾਲਚ ਦਿਨੋ ਦਿਨ ਬੇਅੱਰ ਹੁੰਦੇ ਜਾਣ ਤੇ ਆਤਮਾ ਆਪਣੇ ਆਦਰਸ਼ ਵਲ ਸਿੱਧੀ ਜਾਂਦੀ ਜਾਪੇ। ਇਹੋ ਹੀ ਮੁਕਤੀ ਹੈ। ਮੁਕਤੀ ਪ੍ਰਾਪਤੀ ਦਾ ਸਰਵੋਤਮ ਮਾਰਗ ਭਗਤੀ-ਮਾਰਗ ਹੈ। ਗਿਆਨ ਰਾਹੀਂ ਵਿਸ਼ੇ ਵਿਕਾਰਾਂ ਤੇ ਕਾਬੂ ਪਾਕੇ ਮਨੁੱਖ ਨੇਕ ਕਰਮ-ਕਰਨ ਵਲ ਪ੍ਰੇਰਿਤ ਹੁੰਦਾ ਹੈ। ਨੇਕ ਕਰਮ ਕਰਦਿਆਂ ਮਨੁੱਖ ਦਾ ਚੰਚਲ ਮਨ ਪਰਮਾਤਮਾ ਦੇ ਨਾਮ ਵਿਚ ਜੁੜ ਜਾਂਦਾ ਹੈ। ਮਨੁੱਖ ਪਰਮਾਤਮਾ ਦਾ ਨਾਮ ਜਪਦਾ ਹੈ ਤਾਂਕਿ ਉਹ ਮੁਕਤੀ

ਪ੍ਰਾਪਤ ਕਰ ਸਕੇ । ਪ੍ਰਭੂ ਸਿਮਰਨ ਨਾਲ ਜੀਵਨ ਸਾਰਥਕ ਹੋ ਜਾਂਦਾ ਹੈ।

ਅਸਲ ਵਿਚ ਕਰਮ-ਕਾਂਡੀ ਰੀਤਾਂ ਤੋਂ ਤੰਗ ਆ ਕੇ ਇੱਕ ਪਾਸੇ ਤਾਂ ਬੁਧਿ ਮਤਿ ਤੇ ਜੈਨੀਆਂ ਦਾ ਕੋਮਲ ਸਦਾਚਾਰੀ ਧਰਮ ਪ੍ਰਚੱਲਤ ਹੋਇਆ ਤੇ ਦੂਜੇ ਪਾਸੇ 'ਕਰਮ ਧਰਮ ਪਾਖੰਡ' ਨੇ ਭਗਤੀ ਭਾਵਨਾ ਵਾਲੇ ਮਾਰਗ ਨੂੰ ਜਨਮ ਦਿੱਤਾ। ਭਗਤੀ ਭਾਵਨਾ ਦਾ ਜਰੂਰੀ ਨਿਸ਼ਚਾ ਇਹ ਹੈ ਕਿ ਭਗਤਾਂ ਦਾ ਰੱਬ ਜਾਂ ਉਸ ਰੱਬ ਦਾ ਅਵਤਾਰ ਹਰ ਗੱਲੇ ਸੰਪੂਰਣ ਹੋਵੇ। ਉਸ ਹਸਤੀ ਦੇ ਮੁਕਾਬਲੇ ਵਿਚ ਉਪਾਸ਼ਕ ਜੀਵ ਦੀ ਹਸਤੀ ਬਿਲਕੁਲ ਨਾ ਹੋਈ ਤੇ ਕੋਡੀ ਤੁਲ ਭੀ ਨਹੀਂ ਹੁੰਦੀ। ਕੁਝ ਬਿਲਕੁਲ ਪਰਲੇ ਦਰਜੇ ਦੀ ਨਿਰਮਾਣਤਾ ਜਿਹੜੀ ਕਿ ਨਾਬੂਦਗੀ ਤੱਕ ਪਹੁੰਚ ਜਾਂਦੀ ਹੈ, ਹੁੰਦੀ ਹੈ। ਭਗਵਾਨ ਤਦ ਹੀ ਖੁਸ਼ ਹੁੰਦਾ ਹੈ ਜਦ ਉਸ ਦਾ ਉਪਾਸ਼ਕ ਬਿਲਕੁਲ ਨਿਆਸਰਾ, ਨਿਰਮਾਣ ਤੇ ਨਾਚੀਜ਼ ਹੋ ਕੇ ਜੀਵੇ। ਭਗਵਾਨ ਦਾ ਪ੍ਰੇਮ-ਪਿਆਰ ਪ੍ਰੇਮੀ ਦੇ ਮਨ ਵਿੱਚ ਸੇਵਾ ਤੇ ਕੁਰਬਾਨੀ ਦਾ ਚਾਉ ਪੈਦਾ ਕਰਦਾ ਹੈ। ਪਿਆਰ, ਸੇਵਾ ਤੇ ਕੁਰਬਾਨੀ ਦੀ ਨੀਂਹ ਹੁੰਦੀ ਹੈ। ਸ਼ਰਧਾ ਭਗਤੀ ਦੇ ਬੂਟੇ ਦੀ ਜੜ੍ਹ ਹੁੰਦੀ ਹੈ।[166]

ਸ਼੍ਰੀ ਗੁਰੂ ਰਵਿਦਾਸ ਅਤੇ ਸ਼੍ਰੀ ਗੁਰੂ ਨਾਨਕ ਦੇਵ ਜੀ ਇਸ ਕਲਿਜੁਗ ਦੇ ਸਮੇਂ ਵਿੱਚ ਹਰਿ ਭਗਤੀ ਨੂੰ ਮਨੁੱਖ ਦੀ ਮੁਕਤੀ ਦਾ ਪ੍ਰਮੁੱਖ ਆਧਾਰ ਮੰਨਦੇ ਹਨ। ਹਰਿ ਭਗਤੀ ਕਿਉਂ ਕਿ ਨਾਮ ਸਿਮਰਨ ਤੇ ਆਧਾਰਤ ਹੈ। ਇਸ ਲਈ ਸ਼੍ਰੀ ਗੁਰੂ ਨਾਨਕ ਦੇਵ ਜੀ, 'ਕਲਿਜੁਗ ਮਹਿ ਰਾਮ ਨਾਮੁ ਹੈ ਸਾਰ।' ਵਾਂਗ ਸ਼੍ਰੀ ਗੁਰੂ ਰਵਿਦਾਸ ਜੀ ਨੇ ਵੀ ਨਾਮ ਸੰਬੰਧੀ ਕਿਹਾ ਹੈ:-

ਸਤਿਜੁਗ ਸਤੁ ਤੇਤਾ ਜਗੀ ਦੁਆਪਰਿ ਪੂਜਾ ਚਾਰ।
ਤੀਨੋ ਜੁਗ ਤੀਨੋ ਦਿੜੇ ਕਲਿ ਕੇਵਲ ਨਾਮ ਅਧਾਰ।[167]

ਸ਼੍ਰੀ ਗੁਰੂ ਰਵਿਦਾਸ ਜੀ ਇਸ ਸੰਸਾਰਕ ਭਵ ਸਾਗਰ ਨੂੰ ਪਾਰ ਕਰਨ ਲਈ ਰਾਮ ਨਾਮ ਨੂੰ ਹੀ ਪਤਵਾਰ ਸਮਝਦੇ ਹਨ। ਜੀਵ ਦਾ ਕਰਤੱਵ ਹੈ, ਪ੍ਰਭੂ ਦੀ ਸ਼ਰਨ ਵਿਚ ਜਾਣਾ ਫਿਰ ਪ੍ਰਭੂ ਦਾ ਫਰਜ਼ ਹੈ, ਮੁਕਤ ਕਰਨਾ। ਇਸ ਤਰ੍ਹਾਂ ਪਰਮਤੱਤ ਨੂੰ ਸੁਣ, ਗਾਕੇ ਹੀ ਮੁਕਤੀ ਦੀ ਆਸ ਰੱਖੀ ਜਾ ਸਕਦੀ ਹੈ।

1. ਗਿਆਨੈ ਕਾਰਨ ਕਰਮ ਅਭਿਆਸੁ।। ਗਿਆਨੁ ਭਇਆ ਤਹ ਕਰਮਹ ਨਾਸੁ।।

- - - - - - - - - - - - - - - - - - - - - - - - - - - -

ਕਹਿ ਰਵਿਦਾਸ ਪਰਮ ਬੈਰਾਗ।। ਰਿਦੈ ਰਾਮੁ ਕੀ ਨ ਜਪਸਿ ਅਭਾਗ।।[168]

2. ਕਹੈ ਰਵਿਦਾਸ ਰਾਮ ਜਪਿ ਭਾਈ, ਸੰਤਿ ਸਾਖਿ ਦੈ ਬਹੁਰਿ ਨਆਊਂ।।[169]
3. ਰਾਮ ਚਰਨ ਮਹਿ ਥਿਰ ਮਨ ਰਾਖਹੁ, ਰਿਦੇ ਕੰਵਲ ਬਸੇ ਰਘੁਰਾਇ।
ਕਹਿ ਰਵਿਦਾਸ ਸੁਨਹੁ ਰੇ ਸੰਤੋ, ਰਾਮ ਭਜਨ ਬਿਨੁ ਕਿਨ ਗਤਿ ਪਾਈ।[170]
4. ਕਹਿ ਰਵਿਦਾਸ ਸਰਨਿ ਪ੍ਰਭ ਤੇਰੀ। ਜਿਉ ਜਾਨਹੁ ਤਿਉ ਕਰਿ ਗਤਿ ਮੇਰੀ।[171]
5. ਜਬ ਲਗਿ ਭਗਤਿ ਮੁਕਤਿ ਕੀ ਆਸਾ, ਪਰਮ ਤੱਤ ਸੁਨਿ ਗਾਵੈ।।[172]

ਗੁਰੂ ਜੀ ਅਨੁਸਾਰ ਜਦੋਂ ਜੀਵ ਰਾਮ ਦੀ ਬੰਦਗੀ ਜਾਣਦਾ ਹੀ ਨਹੀਂ ਤਾਂ ਉਸਨੂੰ ਮੁਕਤੀ ਕਿਵੇਂ ਮਿਲ ਸਕਦੀ ਹੈ।[173] ਜਮਾਂ ਤੇ ਮਾਰ ਤੋਂ ਵੀ ਉਹ ਹੀ ਬਚ ਸਕਦਾ ਹੈ ਜੋ ਰਾਮ ਨਾਮ ਜਪਦਾ ਹੈ।[174] ਗੱਲ ਤਾਂ ਪ੍ਰਭੂ ਦੀ ਦਿਆਲਤਾ ਦੀ ਹੈ। ਦਿਆਲਤਾ ਵਿੱਚ ਹੀ ਮੁਕਤੀ ਹੈ।[175] ਕੱਚੇ ਘੜੇ ਵਿਚ ਪਏ ਪਾਣੀ ਦੀ ਤਰ੍ਹਾਂ ਉਮਰ ਹਰ ਰੋਜ਼ ਘਟਦੀ ਜਾਂਦੀ ਹੈ ਇਸ ਲਈ ਰਤਨਫਲ(ਪ੍ਰਭੂ ਦਾ ਨਾਮ) ਲਈ ਗੋਬਿੰਦ ਦੇ ਗੁਣ ਗਾਉਣ ਦੀ ਜ਼ਰੂਰਤ ਹੈ:-

1. ਕਹੈ 'ਰਵਿਦਾਸ' ਰਤਨ ਫਲ ਕਾਰਨਿ, ਗੋਵਯੰਦ ਕੇ ਗੁਨ ਗਾਇ ਰੇ।
ਕਾਚੋਂ ਕੁੰਭ ਭਰਯੋ ਜਲ ਜੈਸੇ, ਦਿਨ ਦਿਨ ਘਟਤ ਤੋ ਜਾਇ ਰੇ।[176]

ਮੁਕਤੀ ਪ੍ਰਾਪਤ ਕਰਨ ਲਈ ਮਨੁੱਖ ਦੀ ਆਪਣੇ ਪ੍ਰਭੂ ਨਾਲ ਉਵੇਂ ਹੀ ਪ੍ਰੀਤ ਹੋਣੀ ਚਾਹੀਦੀ ਹੈ ਜਿਵੇਂ ਕੋਇਲ ਦੀ ਅੰਬ ਨਾਲ, ਚਾਤ੍ਰਿਕ ਦੀ ਪਾਣੀ ਦੀ ਬੂੰਦ ਨਾਲ, ਪ੍ਰਾਣੀ ਦੀ ਦੁੱਧ ਨਾਲ ਅਤੇ ਗਊ ਦੀ ਬਛੜੇ ਨਾਲ ਹੁੰਦੀ ਹੈ।[177] ਜੇਕਰ ਹਰੀ ਦੇ ਨਾਮ ਨੂੰ ਮਨ ਵਿਚ ਵਸਾਇਆ ਜਾਵੇ ਤਾਂ ਜਗਤ ਨਾਲ ਵਾਸਤਾ ਹੀ ਨਹੀਂ ਰਹਿੰਦਾ ਕਿਉਂ ਕਿ ਨਾਮ ਹੀ ਗਿਆਨ ਦਾ ਮੂਲ ਮੁਕਤੀ ਦਾ ਦੁਆਰ ਹੈ। ਜਿਹੜੇ ਜੀਵ ਹਰੀ ਰੂਪੀ ਹੀਰੇ ਨੂੰ ਛੱਡ ਕੇ ਹੋਰ ਸੰਸਾਰਕ ਪਦਾਰਥਾਂ ਦੀ ਆਸ ਕਰਦੇ ਹਨ ਉਹ ਨਰਕ ਦੇ ਭਾਗੀ ਬਣਦੇ ਹਨ:-

1. ਨਾਮ ਮੂਲ ਹੈ ਗਯਾਨ ਕੋ, ਨਾਮ ਮੁਕਤਿ ਕੋ ਦੁਆਰ।
ਜਾ ਹਿਰਦੈ ਹਰਿ ਬਸੈ, ਪਰਹਿੰ ਨ ਜਗ ਬੈਪਾਰ।[178]
2. ਹਰਿ ਸਾ ਹੀਰਾ ਛਾਡਿ ਕੈ, ਕਰੈ ਆਨ ਕੀ ਆਸ।
ਤੇ ਨਰ ਜਮਪੁਰ ਜਾਹਿੰਗੇ, ਸੱਤ ਭਾਖੈ ਰਵਿਦਾਸ।[179]

ਮੁਕਤੀ ਪ੍ਰਾਪਤ ਕਰਨ ਲਈ ਜਿਥੇ ਹਰੀ ਦਾ ਮੋਹ-ਪਿਆਰ ਜ਼ਰੂਰੀ ਹੈ ਉਥੇ ਪ੍ਰਭੂ ਅਤੇ ਸਤਿਗੁਰੂ ਦੀ ਕ੍ਰਿਪਾ ਦ੍ਰਿਸ਼ਟੀ ਦਾ ਵੀ ਬਹੁਤ ਮਹੱਤਵ ਹੈ। ਪ੍ਰਭੂ ਕ੍ਰਿਪਾ ਦਾ ਪਾਤਰ ਬਣ ਕੇ ਹੀ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ। ਜਿਸ ਭਗਤ ਜਨ ਤੇ ਉਸ ਪਰਮਾਤਮਾ ਦੀ ਕ੍ਰਿਪਾ ਹੁੰਦੀ ਹੈ ਉਹੀ ਜਾਣਦਾ ਹੈ, ਜਿਵੇਂ ਗੁੰਗਾ ਸ਼ੱਕਰ ਦੇ ਸੁਆਦ ਦਾ ਆਨੰਦ ਤਾਂ ਮਾਣ ਸਕਦਾ ਹੈ ਪਰ ਦੱਸ ਨਹੀਂ ਸਕਦਾ। ਰਾਮ ਦੇ ਰੰਗ ਵਿਚ ਰੰਗਿਆ ਜੀਵ ਗੁਰ-ਪਰਸਾਦ ਰਾਹੀਂ ਨਰਕ ਤੋਂ ਵੀ ਬਚ ਸਕਦਾ ਹੈ:-

1. ਜਾ ਪਰ ਕ੍ਰਿਪਾ ਸੋਇ ਭਲ ਜਾਨੈ, ਗੂੰਗੈ ਸਾਕਰ ਕਹਾ ਬਖਾਨੈ।[180]
2. ਜਨ ਰਵਿਦਾਸ ਰਾਮ ਰੰਗਿ ਰਾਤਾ। ਇਉ ਗੁਰਪ੍ਰਸਾਦਿ ਨਰਕ ਨਹੀਂ ਜਾਤਾ।[181]

ਸਾਧਾਰਣ ਤੌਰ ਤੇ ਗੁਰਬਾਣੀ ਵਿੱਚ ਦਰਸਾਏ ਮੁਕਤੀ ਦੇ ਮਾਰਗ ਨੂੰ ਭਗਤੀ ਮਾਰਗ ਆਖ ਦਿੱਤਾ ਜਾਂਦਾ ਹੈ। ਪਰ ਇਹ ਠੀਕ ਨਹੀਂ। ਕਿਉਂ ਕਿ ਗੁਰੂ ਸਾਹਿਬ ਨੇ ਭਗਤੀ ਮਾਰਗ ਸੰਬੰਧੀ ਪੁਰਾਤਨ ਵਿਚਾਰਧਾਰਾ, ਕਰਮ-ਕਾਂਡ, ਅਵਤਾਰਵਾਦ ਤੇ ਬੁੱਤ ਪੂਜਾ ਦਾ ਸਖਤ ਵਿਰੋਧ ਕੀਤਾ ਹੈ। ਪ੍ਰਭੂ ਨੂੰ ਬੁੱਤ ਦੇ ਆਕਾਰ ਵਿਚ ਸੀਮਤ ਕਰਕੇ ਵੇਖਣਾ ਅਸੀਮ ਤੇ ਨਿਰਆਕਾਰ ਨੂੰ ਹੱਦ ਵਿਚ ਬੰਨ੍ਹਣ ਦੀ ਨਿਗੁਣੀ ਜਿਹੀ ਕੋਸ਼ਿਸ਼ ਹੀ ਆਖਿਆ ਜਾ ਸਕਦਾ ਹੈ। ਭਗਤੀ-ਪਿਆਰ ਤੇ ਵਿਸ਼ਵਾਸ ਨਾਲ ਓਤਪੋਤ ਕੀਆ ਹੈ। ਗੁਰੂ ਨਾਨਕ ਦੇਵ ਜੀ ਨੇ ਪੁਰਾਤਨ ਭਾਰਤੀ ਵਿਚਾਰਧਾਰਾ ਵਿੱਚ ਪ੍ਰਚੱਲਿਤ ਕਰਮ-ਕਾਂਡਾਂ ਦੀ ਥਾਂ ਤੇ ਆਪਣਾ ਨਵੇਕਲਾ ਦ੍ਰਿਸ਼ਟੀਕੋਣ ਪੇਸ਼ ਕੀਤਾ ਹੈ। ਉਨ੍ਹਾਂ ਨੇ ਇਕ ਪਰਮਾਤਮਾ ਦਾ ਨਾਮ ਜਪਣ ਤੇ ਵਧੇਰੇ ਜ਼ੋਰ ਦਿੱਤਾ ਹੈ। ਕਿਉਂ ਕਿ ਮਨੁੱਖ ਦੇ ਮਨ ਵਿਚ ਪ੍ਰਭੂ ਦੇ ਨਾਮ ਦੀ ਲਗਨ ਪੈਦਾ ਹੋ ਜਾਣ ਤੇ ਮਨੁੱਖ ਮੁਕਤੀ ਦੇ ਰਾਹ ਵਿੱਚ ਰੁਕਾਵਟ ਬਣਨ ਵਾਲੇ ਕੂੜ ਤੋਂ ਖਲਾਸੀ ਪ੍ਰਾਪਤ ਕਰਕੇ ਮੁਕਤੀ ਪ੍ਰਾਪਤ ਕਰ ਲੈਂਦਾ ਹੈ।[182]

ਮੁਕਤੀ ਪ੍ਰਾਪਤ ਕਰਨ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਧਿਆਤਮ ਕਰਮ ਲਈ ਪ੍ਰੇਰਿਆ ਹੈ। ਹਰੀ ਦਾ ਨਾਮ ਅਧਿਆਤਮ ਕਰਮਾਂ ਵਿਚੋਂ ਇੱਕ ਹੈ। ਅਧਿਆਤਮ ਕਰਮ ਕਰਦਿਆਂ ਹੀ ਅਸਲ ਭੇਦ ਨੂੰ ਜਾਣਿਆ ਜਾ ਸਕਦਾ ਹੈ:--

1. ਨਾਮਿ ਰਤੇ ਪਾਵਹਿ ਮੋਖੁ ਦੁਆਰ।।[183]
2. ਬਿਨੁ ਨਾਮੁ ਹਰਿ ਕੇ ਮੁਕਤਿ ਨਾਹੀ ਕਹੈ ਨਾਨਕ ਦਾਸੁ।।[184]
3. ਅਧਿਆਤਮ ਕਰਮ ਕਰੇ ਤਾ ਸਾਚਾ। ਮੁਕਤਿ ਭੇਦ ਕਿਆ ਜਾਣੈ ਕਾਚਾ।।[185]

ਸੰਤਾਂ ਦੀ ਸੰਗਤ ਵਿਚ ਰਹਿਕੇ ਪਰਮਾਤਮਾ ਦਾ ਨਾਮ ਜਪਣਾ ਵੀ ਅਧਿਆਤਮ ਕਰਮ ਹੈ ਕਿਉਂ ਕਿ ਅਜਿਹੇ ਵਿਅਕਤੀਆਂ ਦਾ ਨਿਜਤਵ ਖਤਮ ਹੋ ਜਾਂਦਾ ਹੈ, ਜਿਸ ਕਰਕੇ ਉਹ ਮੁਕਤੀ ਨੂੰ ਪ੍ਰਾਪਤ ਹੁੰਦੇ ਹਨ:-

ਰਾਮ ਨਾਮੁ ਜਪਿ ਦਿਨਸੁ ਰਾਤਿ ਗੁਰਮੁਖਿ ਹਰਿ ਧਨੁ ਜਾਨੁ।।
ਸਭਿ ਸੁਖ ਹਰਿ ਰਸ ਭੋਗਣੇ ਸੰਤ ਸਭਾ ਮਿਲਿ ਗਿਆਨੁ।।[186]

ਸ੍ਰੀ ਗੁਰੂ ਅਰਜਨ ਦੇਵ ਜੀ ਨਾਮ ਜਪਣ ਨੂੰ ਹੀ ਉੱਤਮ ਧਰਮ ਮੰਨਦੇ ਹਨ:-

ਸਰਬ ਧਰਮ ਮਹਿ ਸ੍ਰੇਸਟ ਧਰਮੁ।
ਹਰਿ ਕੋ ਨਾਮੁ ਜਪੁ ਨਿਰਮਲ ਕਰਮੁ।।[187]

ਅਸਲ ਵਿੱਚ ਗੁਰਮਤਿ ਚਿੰਤਨ ਦਾ ਸਾਰ ਹੀ ਨਿਰਮਲ ਕਰਮ, ਕਿਰਤ ਕਰਨਾ, ਵੰਡ ਛਕਣਾ ਅਤੇ ਨਾਮ ਜਪਣਾ ਹੈ। ਹਰਿ ਨਾਮ ਦੀ ਲਗਨ ਲੱਗਣ ਨਾਲ ਕਾਮ ਆਦਿ ਦੂਤ ਨਸ਼ਟ ਹੋ ਜਾਂਦੇ ਹਨ ਅਤੇ ਮਨ ਪਰਮਾਤਮਾ ਵਿੱਚ ਲੀਨ ਹੋ ਜਾਂਦਾ ਹੈ:-

ਮੋਹਨਿ ਮੋਹਿ ਲੀਆ ਮਨੁ ਮੋਰਾ ਬਡੈ ਭਾਗ ਲਿਵ ਲਾਗੀ।।
ਸਾਚੁ ਬੀਚਾਰਿ ਕਿਲਵਿਖ ਦੁਖ ਕਾਟੇ ਮਨੁ ਨਿਰਮਲੁ ਅਨਰਾਗੀ।।[188]

ਸਦਾ ਥਿਰ ਪ੍ਰਭੂ ਦੇ ਨਾਮ ਦਾ ਸਿਮਰਨ ਹੀ ਤੀਰਥ ਇਸ਼ਨਾਨ ਹੈ। ਉਸਦਾ ਨਾਮ ਸਿਮਰਨ ਨਾਲ ਮੌਤ ਦਾ ਡਰ ਨਹੀਂ ਰਹਿੰਦਾ:-

ਸਚੁ ਤੀਰਥਿ ਨਾਵਹੁ ਹਰਿ ਗੁਣ ਗਾਵਹੁ।। ਤਤੁ ਵੀਚਾਰਹੁ ਹਰਿ ਲਿਵ ਲਾਵਹੁ।।
ਅੰਤਿ ਕਾਲਿ ਜਮੁ ਜੋਹਿ ਨ ਸਾਕੈ ਹਰਿ ਬੋਲਹੁ ਰਾਮੁ ਪਿਆਰਾ ਹੇ।।[189]

ਭਗਤੀ ਸਾਧਨਾ ਵਿਚ ਗੁਰੂ ਨੂੰ ਵਿਸ਼ੇਸ਼ ਮਹੱਤਤਾ ਦਿੱਤੀ ਜਾਂਦੀ ਹੈ। ਕਿਉਂ ਕਿ ਗੁਰੂ ਰਾਹੀਂ ਹੀ ਪ੍ਰਭੂ ਦਾ ਮੇਲ ਹੁੰਦਾ ਹੈ ਤੇ ਮੁਕਤੀ ਪ੍ਰਾਪਤ ਹੁੰਦੀ ਹੈ। ਸ੍ਰੀ ਗੁਰੂ ਰਵਿਦਾਸ ਜੀ ਵੀ ਮਨ ਨੂੰ ਗਿਆਨ ਰਾਹੀਂ ਬੰਨ੍ਹਣ ਲਈ ਗੁਰੂ ਦੀ ਸ਼ਰਣ ਜ਼ਰੂਰੀ ਦੱਸਦੇ ਹਨ। ਗੁਰੂ ਕ੍ਰਿਪਾ ਰਾਹੀਂ ਸੰਸਾਰਕ ਬੰਧਨਾਂ ਤੋਂ ਮੁਕਤ ਹੋ ਕੇ ਜੀਵ ਮੁਕਤੀ ਲਈ ਯਤਨਸ਼ੀਲ ਹੁੰਦਾ ਹੈ ਅਤੇ ਸਹਿਜ ਅਵਸਥਾ ਦੀ ਪ੍ਰਾਪਤੀ ਕਰ ਲੈਂਦਾ ਹੈ। ਪੂਰੇ ਗੁਰੂ ਦੇ ਮਿਲਣ ਨਾਲ ਮਨ ਅੰਦਰ ਹੀ ਪ੍ਰਭੂ ਦਾ ਮਿਲਣ ਹੋ ਜਾਂਦਾ ਹੈ।[190] ਗੁਰੂ ਰਵਿਦਾਸ ਲਈ ਗੁਰੂ ਹੀ ਕਰਤਾਰ, ਗੋਵਿੰਦ, ਪੂਰਨ ਭਗਵਾਨ, ਅਬਿਨਾਸੀ ਅਤੇ ਭਗਤ ਜਨਾਂ ਦੇ ਪ੍ਰਾਣ ਹਨ:-

1. ਗੁਰੂ ਕੈ ਗਯਾਨ ਪ੍ਰੇਮ ਕੀ ਸਾਂਟੀ, ਕੁਬੁਧ ਕਰਮ ਛੁਡਾਈ।
ਕਹਿ ਰਵਿਦਾਸ ਮਨ ਥਿਰ ਹ੍ਵੈਸੀ, ਚਲਿ ਸਬ ਛਾਂਡੀ ਗੁਰ ਸਰਣਾਈ।[191]

ਗੁਰੂ ਦੀ ਕ੍ਰਿਪਾ ਨਾਲ ਮਨੁੱਖ ਬਿਖ ਤੇ ਅੰਮ੍ਰਿਤ ਵਿਚ ਫਰਕ ਕਰਨ ਦੇ ਯੋਗ ਹੋ ਜਾਂਦਾ ਹੈ।[192] ਸ੍ਰੀ ਗੁਰੂ ਰਵਿਦਾਸ ਜੀ ਆਪਣੇ ਗੁਰੂ ਰਾਮਾਨੰਦ ਤੋਂ ਮਿਲੇ ਨਾਮ-ਮੰਤ੍ਰ ਰਾਹੀਂ ਨਿਰੰਕਾਰ ਦਾ ਜਾਪ ਕਰਦਿਆਂ ਭਵਸਾਗਰ ਤਰ ਕੇ ਮੁਕਤੀ ਪ੍ਰਾਪਤ ਕਰਨ ਦੀ ਗੱਲ ਕਰਦੇ ਹਨ। ਗੁਰੂ ਰਾਹੀਂ ਮਿਲੇ ਇਸ ਨਾਮ-ਰੂਪੀ ਅੰਮ੍ਰਿਤ ਨੂੰ ਪੀਣ ਨਾਲ ਹੀ ਉਨ੍ਹਾਂ ਦੀ ਖਲਾਸੀ ਹੋਈ ਹੈ:-

1. ਰ-ਹੰ ਰਾਮ ਮੋਹਿੰ ਗੁਰੂ ਰਮਾਦੀਨੋ, ਨਾਹਿ ਇਹੁ ਮੰਤ੍ਰ ਬਿਸਰਾਉਂ।
ਕਹੈ ਰਵਿਦਾਸ ਰਰੰਕਾਰ ਜਪਤਹਿੰ, ਭੈਸਾਗਰ ਤਰਿ ਜਾਉਂ।।[193]

ਰਾਮ ਨਾਮ ਅਮੀ ਰਸ ਪਿਐ, ਰਵਿਦਾਸ ਹੀ ਭਯੋ ਖਲਾਸ।।[194]

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਮੁਕਤੀ ਪ੍ਰਾਪਤ ਕਰਨ ਲਈ ਗੁਰੂ ਦੀ ਲੋੜ ਤੇ ਜ਼ੋਰ ਦਿੱਤਾ ਹੈ। ਕਿਉਂਕਿ ਦੁਨਿਆਵੀ ਪਦਾਰਥਾਂ ਦੇ ਸੁਆਦ ਕਾਰਨ ਹਰ ਘੜੀ, ਹਰ ਪਲ ਤੇ ਦਿਨ ਰਾਤ ਜੀਵ ਲਈ ਫਾਹੀ ਹੋ ਨਿਬੜਦੀ ਹੈ। ਮਨੁੱਖੀ ਸਰੀਰ ਅਹਿਰਣ ਹੈ ਤੇ ਮਨ ਪੰਜਾਂ ਵਿਕਾਰਾਂ ਦੀ ਅੱਗ ਵਿਚ ਸੜ ਰਿਹਾ ਹੈ। ਪਾਪ ਨਾਲ ਭਰੇ ਕਰਮ ਕੋਇਲੇ ਵਾਂਗ ਤਪਸ ਪੈਦਾ ਕਰਕੇ ਜਲਾ ਰਹੇ ਹਨ। ਪਿਘਲੇ ਲੋਹੇ ਦਾ ਕੂੜਾ ਤੇ ਗੰਦਗੀ ਮਨੂਰ ਬਣਦੀ ਹੈ, ਜੋ ਬੇਕਾਰ ਵਸਤੂ ਹੁੰਦੀ ਹੈ। ਇਸੇ ਤਰ੍ਹਾਂ ਮਨੁੱਖ ਦੀ ਮਾਨਸਕ ਅਵਸਥਾ ਵੀ ਮਨੂਰ ਵਰਗੀ ਹੈ। ਪਰ ਜੇ ਪੂਰਨ ਗੁਰੂ ਮਿਲ ਜਾਵੇ ਤਾਂ ਮਨੂਰ ਵੀ ਕੁੰਦਨ ਬਣਨ ਦੀ ਸਮਰੱਥਾ ਰੱਖਦਾ ਹੈ ਕਿਉਂਕਿ ਪੂਰਨ ਗੁਰੂ ਕੋਲ ਨਾਮ ਰੂਪੀ ਅੰਮ੍ਰਿਤ ਦੀ ਸੰਜੀਵਨੀ ਬੂਟੀ ਹੈ ਤੇ ਪਾਪੀ ਤੋਂ ਪਾਪੀ ਪੁਰਸ਼ ਵੀ ਗੁਰੂ ਦੀ ਕ੍ਰਿਪਾ ਰਾਹੀਂ ਅਮਰ ਪਦਵੀ ਪ੍ਰਾਪਤ ਕਰ ਲੈਂਦਾ ਹੈ:–

1. ਕਰਣੀ ਕਾਗਦੁ ਮਨੁ ਮਸਵਾਣੀ। ਬੁਰਾ ਭਲਾ ਦੁਇ ਲੇਖ ਪਏ।।
ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ।।
- - - - - - - - - - - - - - - - - - - - -
ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ।।
ਏਕੁ ਨਾਮੁ ਅੰਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ।।[195]

2. ਮੁਕਤਿ ਭਏ ਗੁਰਿ ਦਰਸੁ ਦਿਖਾਇਆ, ਜੁਗਿ ਜੁਗਿ ਭਗਤਿ ਸੁਭਾਈ।

ਗੁਰੂ ਤੋ ਬਿਨਾ ਸੰਸਾਰ ਦੇ ਬੰਧਨ ਤੋੜ ਕੇ ਪਰਮਾਤਮਾ ਨੂੰ ਮਿਲਣਾ ਤੇ ਮੁਕਤੀ ਪ੍ਰਾਪਤੀ ਕਰਨੀ ਬਿਲਕੁਲ ਅਸੰਭਵ ਹੈ। ਪਰ ਸੱਚਾ ਗੁਰੂ ਵੀ ਪਰਮਾਤਮਾ ਦੀ ਕ੍ਰਿਪਾ ਨਾਲ ਹੀ ਮਿਲਦਾ ਹੈ, ਜਿਸ ਦੇ ਮਿਲਾਪ ਨਾਲ ਮਨੁੱਖ ਦੀ ਮਾਇਕ ਤ੍ਰਿਸ਼ਨਾ ਦੀ ਅੱਗ ਬੁੱਝ ਜਾਂਦੀ ਹੈ:–

ਸਤਿਗੁਰ ਬਾਝਹੁ ਮੁਕਤਿ ਕਿਨੇਹੀ।। ਓਹੁ ਆਦਿ ਜੁਗਾਦੀ ਰਾਮ ਸਨੇਹੀ।
ਦਰਗਹ ਮੁਕਤਿ ਕਰੇ ਕਰਿ ਕਿਰਪਾ ਬਖਸੇ ਅਵਗੁਣ ਕੀਨਾ ਹੇ।[196]

ਪੂਰਨ ਗੁਰੂ ਤੋਂ ਬਿਨਾਂ ਪ੍ਰਭੂ ਦੀ ਨੇੜਤਾ ਤੇ ਮੁਕਤੀ ਨਹੀਂ। ਸੱਚੇ ਗੁਰੂ ਵਿਚ ਪਰਮਾਤਮਾ ਆਪ ਵਸਦਾ ਹੈ:–

ਬਿਨੁ ਸਤਿਗੁਰ ਕਿਨੈ ਨ ਪਾਇਓ, ਬਿਨੁ ਸਤਿਗੁਰ ਕਿਨੈ ਨ ਪਾਇਆ।।
ਸਤਿਗੁਰ ਵਿਚ ਆਪੁ ਰਖਿਓਨੁ, ਕਰਿ ਪਰਗਟੁ ਆਖਿ ਸੁਣਾਇਆ।।
ਸਤਿਗੁਰ ਸਦਾ ਮੁਕਤੁ ਹੈ, ਜਿਨਿ ਵਿਚਹੁ ਮੋਹੁ ਚੁਕਾਇਆ।।[197]

ਸਤਿਗੁਰੂ ਨੂੰ ਮਿਲਿਆਂ ਹੀ ਸਭ ਤੋਂ ਉੱਚੀ ਆਤਮਕ ਅਵਸਥਾ ਪ੍ਰਾਪਤ ਹੁੰਦੀ ਹੈ। ਮੁਕਤੀ ਲਈ ਜਿਸ ਨਾਮ ਪਦਾਰਥ ਨੂੰ ਦੇਵਤੇ, ਮਨੁੱਖ, ਮੋਨਧਾਰੀ ਲੋਕ ਤਰਸਦੇ ਹਨ ਉਹ ਸਤਿਗੁਰੂ ਤੋਂ ਹੀ ਪ੍ਰਾਪਤ ਹੁੰਦਾ ਹੈ। ਅਜਿਹੇ ਗੁਰੂ ਦੇ ਮਿਲਾਪ ਨਾਲ ਵਿਚਾਰ-ਰੂਪੀ ਰਤਨ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਮੁੜ ਗੁਰੂ ਦੇ ਹਵਾਲੇ ਆਪਣਾ ਮਨ ਕਰਨ ਨਾਲ ਪ੍ਰੇਮ ਦੀ ਪ੍ਰਾਪਤੀ ਹੁੰਦੀ ਹੈ ਅਤੇ ਔਗੁਣਾਂ ਨੂੰ ਮਿਟਾਉਣ ਵਾਲਾ ਮੁਕਤੀ-ਰੂਪੀ ਪਦਾਰਥ ਮਿਲਦਾ ਹੈ:-

1. ਸਤਿਗੁਰ ਕਉ ਬਲਿ ਜਾਈਐ।। ਜਿਤੁ ਮਿਲਿਐ ਪਰਮ ਗਤਿ ਪਾਈਐ।।
ਸੁਰਿ ਨਰ ਮੁਨਿ ਜਨ ਲੋਚਦੇ ਸੋ ਸਤਿਗੁਰਿ ਦੀਆ ਬੁਝਾਇ ਜੀਉ।[198]
2. ਸਤਿਗੁਰੁ ਪੂਰਾ ਜੇ ਮਿਲੈ ਪਾਈਐ ਰਤਨੁ ਬੀਚਾਰੁ।।
ਮਨੁ ਦੀਜੈ ਗੁਰ ਆਪਣੇ ਪਾਈਐ ਸਰਬ ਪਿਆਰੁ।।
ਮੁਕਤਿ ਪਦਾਰਥੁ ਪਾਈਐ ਅਵਗਣ ਮੇਟਣਹਾਰੁ।।[199]

ਇਸ ਲਈ ਸੱਚੇ ਗੁਰੂ ਦੀ ਸੇਵਾ ਕਰਨੀ ਚਾਹੀਦੀ ਹੈ। ਕਿਉਂ ਕਿ ਜਿਨ੍ਹਾਂ ਨੇ ਗੁਰੂ ਨਾਲ ਪਿਆਰ ਪਾਇਆ ਹੈ ਉਨ੍ਹਾਂ ਦੇ ਅੰਦਰੋਂ ਮਾਇਕ ਪਿਆਰ ਖਤਮ ਹੋ ਜਾਂਦਾ ਹੈ। ਅਗਿਆਨਤਾ ਮਿਟ ਜਾਂਦੀ ਹੈ। ਆਤਮਕ ਜੋਤਿ ਪਵਿੱਤ੍ਰ ਹੋ ਜਾਂਦੀ ਹੈ। ਉਨ੍ਹਾਂ ਦਾ ਜਨਮ ਸੁਫਲਾ ਹੋ ਜਾਂਦਾ ਹੈ। ਉਨ੍ਹਾਂ ਨੂੰ ਪਰਮਪਦ ਦੀ ਪ੍ਰਾਪਤੀ ਹੋ ਜਾਂਦੀ ਹੈ:-

1. ਜਿਨ ਸਤਿਗੁਰ ਸਿਉ ਚਿਤੁ ਲਾਇਆ।। ਤਿਨੀ ਦੂਜਾ ਭਾਉ ਚੁਕਾਇਆ।।
ਨਿਰਮਲ ਜੋਤਿ ਤਿਨ ਪ੍ਰਾਣੀਆ ਓਇ ਚਲੇ ਜਨਮੁ ਸਵਾਰਿ ਜੀਉ।।[200]
2. ਗੁਰ ਸੇਵਾ ਪ੍ਰਭੁ ਪਾਇਆ ਸਚੁ ਮੁਕਤਿ ਦੁਆਰਾ।।[201]
3. ਸਤਿਗੁਰ ਸੇਵਿ ਪਰਮਪਦੁ ਪਾਇ।।[202]

ਭਾਈ ਕਾਨ੍ਹ ਸਿੰਘ ਨਾਭਾ ਗੁਰੂ ਬਾਰੇ ਲਿਖਦੇ ਹਨ, " ਅਗਿਆਨ ਵਿਨਾਸ਼ਕ ਸਤਿ ਅਤੇ ਹਿਤ ਉਪਦੇਸ਼ਟਾ ਦਾ ਨਾਉਂ ਗੁਰੂ ਹੈ। ਪਰ ਇਸ ਸ਼ਬਦ ਦੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਰੂੜੀ (ਪ੍ਰਸਿੱਧ) ਸ਼ਕਤਿ ਹੈ, ਜੋ ਕਰਤਾਰ ਵਲੋਂ ਸੰਸਾਰ ਮਾਤਰ ਦੇ ਉਧਾਰ ਵਾਸਤੇ ਜਗਤ ਗੁਰੂ ਥਾਪੇ ਗਏ।"[203]

ਭਗਤੀ ਮਾਰਗ ਰਾਹੀਂ ਮੁਕਤੀ ਪ੍ਰਾਪਤ ਕਰਨ ਲਈ 'ਸ਼ਬਦ' ਦੀ ਕਮਾਈ ਬਹੁਤ ਜ਼ਰੂਰੀ ਹੈ। ਇਸੇ ਨਾਮ ਰੂਪੀ ਸ਼ਬਦ ਦੀ ਕਮਾਈ ਰਾਹੀਂ ਨਾਮਦੇਵ, ਕਬੀਰ, ਤ੍ਰਿਲੋਚਨ, ਸਧਨਾ ਤੇ ਸੈਨ ਆਦਿ ਭਗਤ ਤਰੇ ਹਨ।[204] ਪਰ ਇਹ ਉਦੋਂ ਹੀ ਸੰਭਵ ਹੈ ਜਦੋਂ ਸੁਰਤ ਅਤੇ ਸ਼ਬਦ

ਇਕ ਹੋ ਜਾਂਦੇ ਹਨ। ਫਿਰ ਪਰਮ ਆਨੰਦ ਦੀ ਪ੍ਰਾਪਤੀ ਨਾਲ ਮਨ ਅੰਦਰ ਨਾਮ ਰੂਪੀ ਦੀਵਾ ਜਗਦਾ ਹੈ ਤੇ ਹਿਰਦੇ ਅੰਦਰ ਬ੍ਰਹਮ ਆਨੰਦ ਪ੍ਰਾਪਤ ਹੋ ਜਾਂਦਾ ਹੈ।[205] ਜਿਥੇ ਸਾਰਾ ਜਗਤ ਮਾਇਆ ਰੂਪੀ ਲੁਟੇਰਿਆਂ ਰਾਹੀਂ ਲੁੱਟਿਆ ਜਾ ਰਿਹਾ ਹੈ। ਉਥੇ ਸ੍ਰੀ ਗੁਰੂ ਰਵਿਦਾਸ ਜੀ ਇਕ 'ਰਾਮ' ਸ਼ਬਦ ਦੀ ਅਰਾਧਨਾ ਨਾਲ ਛੁਟਕਾਰਾ ਪ੍ਰਾਪਤ ਕਰ ਗਏ।[206] 'ਰੰਰਕਾਰ' ਦੇ ਸਿਮਰਨ ਨਾਲ ਸੰਤ ਸਾਧੂ ਸਹਿਜੇ ਹੀ ਮੁਕਤੀ ਪ੍ਰਾਪਤ ਕਰ ਲੈਂਦੇ ਹਨ ਇਸ ਸ਼ਬਦ ਦੀ ਕਮਾਈ ਨਾਲ ਕੇਵਲ ਗਿਆਨੀ, ਬ੍ਰਹਮ ਗਿਆਨੀ ਤੇ ਸੰਤ ਸਾਧੂ ਹੀ ਨਹੀਂ ਤਰੇ ਸਗੋਂ ਅਨੇਕਾਂ ਅਧਮ ਜੀਵ ਮੁਕਤ ਹੋ ਗਏ।[207]

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਮੁਕਤੀ ਪ੍ਰਾਪਤ ਕਰਨ ਲਈ ਸੱਚੇ ਸ਼ਬਦ ਦੀ ਕਮਾਈ ਤੇ ਜ਼ੋਰ ਦਿੱਤਾ ਹੈ। ਜੋ ਜੀਵ ਪੈਦਾ ਹੋਇਆ ਹੈ ਉਸ ਨੇ ਮੌਤ ਦੇ ਮੂੰਹ ਵਿਚ ਜ਼ਰੂਰ ਜਾਣਾ ਹੈ। ਪਰ ਮੌਤ ਦੇ ਡਰ ਤੋਂ ਬਚਣ ਅਤੇ ਮੁਕਤੀ ਪ੍ਰਾਪਤ ਕਰਨ ਲਈ ਇਕੋ ਇੱਕ ਰਾਹ 'ਸ਼ਬਦ' ਦੀ ਕਮਾਈ ਹੈ:-

> ਜੋ ਉਪਜੈ ਸੋ ਕਾਲਿ ਸੰਘਾਰਿਆ।। ਹਮ ਹਰਿ ਰਾਖੇ ਗੁਰ ਸਬਦਿ ਵੀਚਾਰਿਆ।
> ਮਾਇਆ ਮੋਹੇ ਦੇਵੀ ਸਭੁ ਦੇਵਾ।। ਕਾਲੁ ਨ ਛੋਡੈ ਬਿਨੁ ਗੁਰ ਕੀ ਸੇਵਾ।।
> - - - - - - - - - - - - - - - - - - - - - - - - - -
> ਹਿਰਦੈ ਸਾਚੁ ਵਸੈ ਹਰਿਨਾਇ।। ਕਾਲੁ ਨ ਜੋਹਿ ਸਕੈ ਗੁਣ ਗਾਇ।।[208]

ਪੂਰਾ ਗੁਰੂ ਕਿਉਂਕਿ ਸਤ ਸੰਤੋਖ ਦਾ ਮਾਲਕ ਹੁੰਦਾ ਹੈ। ਜੇਹੜਾ ਮਨੁੱਖ ਅਜਿਹੇ ਗੁਰੂ ਦਾ ਸ਼ਬਦ ਮੰਨਦਾ ਹੈ ਉਹ ਵਿਕਾਰਾਂ ਤੇ ਕਾਬੂ ਪਾ ਲੈਂਦਾ ਹੈ, ਉਹ ਮੁਕਤੀ ਦੇਣ ਵਾਲਾ ਨਾਮ ਪਦਾਰਥ ਗੁਰੂ ਦੇ ਸ਼ਬਦ ਰਾਹੀਂ ਪ੍ਰਭੂ ਦੀ ਸਿਫਤ ਸਲਾਹ ਕਰਦਿਆਂ ਪ੍ਰਾਪਤ ਕਰ ਲੈਂਦਾ ਹੈ। ਕਿਸੇ ਵੀ ਜੁੱਗ ਵਿੱਚ ਗੁਰੂ ਦੇ ਸ਼ਬਦ ਤੋਂ ਬਿਨਾ ਮੁਕਤੀ ਨਹੀਂ ਮਿਲਦੀ। ਅਸਲ ਵਿਚ ਸ਼ਬਦ ਦੀ ਕਮਾਈ ਕਰਦਿਆਂ ਸਾਧਕ ਦਾ ਮਨ ਆਤਮ-ਸਰੂਪੀ ਘਰ ਵਿੱਚ ਵਸ ਜਾਂਦਾ ਹੈ ਅਤੇ ਅਮਰਪਦ ਦੀ ਪ੍ਰਾਪਤੀ ਹੋ ਜਾਂਦੀ ਹੈ:-

1. ਸਤ ਸੰਤੋਖੀ ਸਤਿਗੁਰੂ ਪੂਰਾ। ਗੁਰ ਕਾ ਸਬਦੁ ਮੰਨੇ ਸੋ ਸੂਰਾ।।
   ਕਰਮ ਧਰਮ ਕਰਿ ਮੁਕਤਿ ਮੰਗਾਹੀ।। ਮੁਕਤਿ ਪਦਾਰਥੁ ਸਬਦਿ ਸਲਾਹੀ।।
   ਬਿਨੁ ਗੁਰ ਸਬਦੈ ਮੁਕਤਿ ਨ ਹੋਈ ਪਰਪੰਚੁ ਕਰਿ ਭਰਮਾਈ ਹੇ।।[209]
2. ਸਚੀ ਬਾਣੀ ਹਰਿ ਗੁਣ ਗਾਵੈ।। ਨਿਜ ਘਰਿ ਵਾਸੁ ਅਮਰਪਦੁ ਪਾਵੈ।।[210]

ਅਸਲ ਵਿੱਚ ਗੁਰੂ ਦੇ ਸ਼ਬਦ ਵਿਚ ਅਹੰਭਾਵ ਨੂੰ ਮਾਰਕੇ ਜੀਊਣ ਨਾਲ ਹੀ ਮੋਖ

ਦੁਆਰ ਦੀ ਪ੍ਰਾਪਤੀ ਹੁੰਦੀ ਹੈ। ਕਿਉਂ ਕਿ ਹਉਮੈ ਤੇ ਮਮਤਾ ਮਨੁੱਖ ਦਾ ਮਨ ਭਗਤੀ ਵਿਚ ਜੁੜਨ ਨਹੀਂ ਦਿੰਦੇ। ਇਹ ਹਉਮੈ ਤੇ ਮਮਤਾ ਗੁਰੂ ਦੇ ਸ਼ਬਦ ਰਾਹੀਂ ਹੀ ਦੂਰ ਹੁੰਦੀ ਹੈ:-

1. ਗੁਰ ਕੈ ਸਬਦਿ ਜੋ ਮਰਿ ਜੀਵੈ ਸੋ ਪਾਇ ਮੋਖ ਦੁਆਰੁ॥[211]
2. ਹਉਮੈ ਮੇਰਾ ਸਬਦੇ ਖੋਈ॥ ਨਿਰਮਲ ਨਾਮੁ ਵਸੈ ਮਨਿ ਸੋਈ॥[212]

ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਸਤਿਗੁਰੂ ਦਾ ਸ਼ਬਦ ਹੀ ਇਸ ਜਗਤ ਵਿੱਚ ਸਭ ਤੋਂ ਉੱਤਮ ਕਰਤੱਵ ਹੈ। ਗੁਰ ਸ਼ਬਦ ਤੋਂ ਬਿਨਾਂ ਹੋਰ ਸਭ ਕੁਝ ਜੀਵ ਲਈ ਘੁਪ ਹਨੇਰਾ ਪੈਦਾ ਕਰਨ ਵਾਲਾ ਹੈ। ਜਿਹੜਾ ਜੀਵ ਗੁਰੂ ਦੇ ਸ਼ਬਦ ਰਾਹੀਂ ਆਪਣੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਟਿਕਾ ਲੈਂਦਾ ਹੈ ਉਹ ਸ਼ਬਦ ਵਿਚ ਜੁੜਕੇ ਉੱਚੀ ਆਤਮਕ ਅਵਸਥਾ ਦਾ ਧਾਰਨੀ ਬਣ ਜਾਂਦਾ ਹੈ ਅਤੇ ਉਹ ਮੁਕਤੀ ਪ੍ਰਾਪਤ ਕਰਨ ਦਾ ਰਸਤਾ ਲੱਭ ਲੈਂਦਾ ਹੈ:-

ਇਸੁ ਜਗ ਮਹਿ ਸਬਦੁ ਕਰਣੀ ਹੈ ਸਾਰੁ॥ ਬਿਨੁ ਸਬਦੈ ਹੋਰ ਮੋਹੁ ਗੁਬਾਰੁ॥
ਸਬਦੇ ਨਾਮੁ ਰਖੈ ਉਰਿ ਧਾਰਿ॥ ਸਬਦੇ ਗਤਿ ਮਤਿ ਮੋਖਿ ਦੁਆਰੁ॥[213]

ਕੇਵਲ ਸ਼ਬਦ ਦਾ ਜਾਪ ਕਰਨ ਨਾਲ ਹੀ ਮੁਕਤੀ ਨਹੀਂ ਮਿਲਦੀ, ਸਗੋਂ ਹਉਮੈ ਅਤੇ ਅਹੰਕਾਰ ਦਾ ਤਿਆਗ ਕਰਨਾ ਪੈਂਦਾ ਹੈ। ਕਿਉਂ ਕਿ ਬੰਧਨਾਂ ਅਤੇ ਵਿਕਾਰਾਂ ਵਿਚ ਫਸਿਆ ਮਨੁੱਖ ਪ੍ਰਭੂ ਤੋਂ ਦੂਰ ਹੋ ਜਾਂਦਾ ਹੈ। ਆਤਮਾ ਅਤੇ ਪਰਮਾਤਮਾ ਵਿਚ ਦਵੈਤ ਪੈਦਾ ਹੋ ਜਾਂਦਾ ਹੈ। ਜਦੋਂ ਤੱਕ ਆਤਮਾ ਪਰਮਾਤਮਾ ਨਾਲ ਮਿਲ ਨਹੀਂ ਜਾਂਦੀ, ਉਦੋਂ ਤੱਕ ਇਹ ਹੰਕਾਰ ਵਧਦਾ ਜਾਂਦਾ ਹੈ। ਰਾਮ-ਰੂਪੀ ਸਾਗਰ ਵਿਚ ਮਿਲਣ ਨਾਲ ਹੀ ਇਹ ਰੋਗ ਪੁਕਾਰ ਮਿੱਟਦੀ ਹੈ:-

1. ਸੋਈ ਆਨ ਅੰਤਰ ਕਰੈ ਹਰਿ ਸੂੰ, ਅਪ ਸਾਗਰ ਕੈ ਆਨੈ।
   ਕਾਮ ਕ੍ਰੋਧ ਮਦ ਲੋਭ ਮੋਹ ਕੀ, ਪਲ ਪਲ ਪੂਜਾ ਠਾਨੈ॥[214]
2. ਤਜਿ ਅਭਿਮਾਨ ਮੇਟਿ ਆਪਾ ਪਰ, ਪਿਪਲਕ ਹੋਇ ਚੁਣਿ ਖਾਵੈ।[215]
3. ਜਬ ਲਗਿ ਨਦੀ ਨ ਸਮੁੰਦ ਸਮਾਵੈ, ਤਬ ਲਗਿ ਬਢੈ ਹੰਕਾਰਾ।
   ਜਬ ਮਨ ਮਿਲਿਓ ਰਾਮ-ਸਾਗਰ ਸੂੰ, ਤਬ ਯਹੁ ਮਿਟੀ ਪੁਕਾਰਾ॥[216]

ਇਸ ਤੋਂ ਬਿਨਾ ਪ੍ਰਭੂ ਪ੍ਰਾਪਤੀ ਲਈ ਅਤੇ ਮੁਕਤੀ ਪ੍ਰਾਪਤ ਕਰਨ ਲਈ ਪ੍ਰਭੂ ਦੀ ਸ਼ਰਣ, ਆਤਮ ਨਿਵੇਦਨ ਅਤੇ ਆਤਮ ਸਮਰਪਣ ਵੀ ਜ਼ਰੂਰੀ ਹੈ;-

1. ਕਹਿ ਰਵਿਦਾਸ ਸਰਨਿ ਪ੍ਰਭ ਤੇਰੀ, ਜਿਉ ਜਾਨਹੁ ਤਿਉ ਕਰਿ ਗਤਿ ਮੇਰੀ।[217]
2. ਕਹੈ ਰਵਿਦਾਸ ਤਬੈ ਸਰੁ ਪਾਈ, ਆਪਾ ਉਲਟਿ ਸਮਾਈ।[218]

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਮੁਕਤੀ ਪ੍ਰਾਪਤ ਕਰਨ ਲਈ ਅਹੰਕਾਰ ਦਾ ਤਿਆਗ ਅਤੇ ਆਪਣੇ ਮਨ ਦੀ ਭਾਵਨਾ ਨੂੰ ਖਤਮ ਕਰਨ ਲਈ ਜੀਵ ਨੂੰ ਪੁਕਾਰਿਆ ਹੈ। ਕਿਉਂਕਿ ਹਉਮੈ ਜੀਵ ਨੂੰ ਖੁਆਰ ਕਰਦੀ ਹੈ। ਗੁਰੂ ਦੀ ਸਰਣਿ ਪੈ ਕੇ ਹੀ ਇਸ ਤੋਂ ਬਚਿਆ ਜਾ ਸਕਦਾ ਹੈ:-

ਸਾਕਤ ਕੂੜਿ ਪਚਹਿ ਮਨਿ ਹਉਮੈ ਦੁਹੁ ਮਾਰਗਿ ਪਚੈ ਪਚਾਈ ਹੇ।।

- - - - - - - - - - - - - - - - - - - - - -

ਛੋਡਹੁ ਕਾਮ ਕ੍ਰੋਧ ਬੁਰਿਆਈ।। ਹਉਮੈ ਧੰਧੁ ਛੋਡਹੁ ਲੰਪਟਾਈ।।
ਸਤਿਗੁਰ ਸਰਣਿ ਪਰਹੁ ਤਾ ਉਬਰਹੁ ਇਉ ਤਰੀਐ ਭਵਜਲ ਭਾਈ ਹੇ।।[219]

ਇਹ ਹਉਮੈ ਹੀ ਸ਼ਾਂਤਿ ਦੀ ਪ੍ਰਾਪਤੀ ਵਿਚ ਰੁਕਾਵਟ ਬਣਦੀ ਹੈ। ਇਸ ਦੇ ਨਸ਼ਟ ਹੋਣ ਤੇ ਹੀ ਪਰਮ ਪਦ ਦੀ ਪ੍ਰਾਪਤੀ ਹੋ ਸਕਦੀ ਹੈ। ਹਉਮੈ ਹੀ ਸਦੀਵੀ ਸੁਖ ਦੀ ਪ੍ਰਾਪਤੀ ਵਿੱਚ ਰੁਕਾਵਟ ਬਣਦੀ ਹੈ:-

1. ਹਉ ਹਉ ਕਰਤ ਨਹੀ ਸਚੁ ਪਾਈਐ।। ਹਉਮੈ ਜਾਇ ਪਰਮ ਪਦੁ ਪਾਈਐ।[220]

ਕਿਉਂਕਿ ਇਹ ਹਉਮੈ ਜੀਵ ਲਈ ਆਤਮਕ ਮੌਤ ਹੀ ਸਹੇੜਦੀ ਹੈ। ਇਹ ਜੀਵਾਂ ਨੂੰ ਸੰਸਾਰਕ ਬੰਧਨਾਂ ਵਿਚ ਬੰਨ੍ਹ ਕੇ ਜਨਮ ਮਰਨ ਦੇ ਗੇੜ ਵਿਚ ਪਾਉਂਦੀ ਹੈ। ਜੋ ਜੀਵ ਪਰਮਾਤਮਾ ਦੀ ਭਗਤੀ ਕਰਦੇ ਹਨ ਉਹ ਹੀ ਸਦੀਵੀ ਸੁਖ ਪਾਉਂਦੇ ਹਨ:-

ਹਉ ਹਉ ਕਰਿ, ਮਰਣਾ ਕਿਆ ਪਾਵੈ।। ਪੂਰਾ ਗੁਰੂ ਭੇਟੇ ਸੋ ਝਗਰੁ ਚੁਕਾਵੈ।।

- - - - - - - - - - - - - - - - - - - - - - - -

ਹਉਮੈ ਬੰਧਨ ਬੰਧ ਭਵਾਵੈ।। ਨਾਨਕ ਰਾਮ ਭਗਤਿ ਸੁਖੁ ਪਾਵੈ।।[221]

ਗੁਰੂ ਦੇ ਸ਼ਬਦ ਰਾਹੀਂ ਹੀ ਇਸ ਅਹੰਕਾਰ ਨੂੰ ਦੂਰ ਕੀਤਾ ਜਾ ਸਕਦਾ ਹੈ ਸ਼ਬਦ ਦੀ ਕਮਾਈ ਕਰਨ ਨਾਲ ਪਰਮਾਤਮਾ ਨਾਲ ਪ੍ਰੀਤ ਪੈ ਜਾਂਦੀ ਹੈ। ਮਾਇਕ ਜ਼ਹਿਰ ਦੂਰ ਹੋਣ ਕਰਕੇ ਮੌਤ ਦਾ ਡਰ ਦੂਰ ਹੋ ਜਾਂਦਾ ਹੈ। ਧਰਮ-ਕਰਮ ਬਸ ਹੋ ਜਾਂਦੇ ਹਨ ਅਤੇ ਆਤਮਕ ਸੁਖ ਮਿਲ ਜਾਂਦਾ ਹੈ। ਆਪਾਭਾਵ ਖਤਮ ਹੋ ਜਾਂਦਾ ਹੈ ਅਤੇ ਮੁਕਤੀ ਮਿਲ ਜਾਂਦੀ ਹੈ:-

1. ਉਲਟ ਭਈ ਜੀਵਤ ਮਰਿ ਜਾਗਿਆ।। ਸਬਦਿ ਰਵੇ ਮਨੁ ਹਰਿ ਸਿਉ ਲਾਗਿਆ।।
ਰਸ ਸੰਗ੍ਰਹਿ ਬਿਖੁ ਪਰਹਰਿ ਤਿਆਗਿਆ।। ਭਾਇ ਬਸੇ ਜਮ ਕਾ ਭਉ ਭਾਗਿਆ।
ਸਾਦ ਰਹੇ ਬਾਦੰ ਅਹੰਕਾਰਾ।। ਚਿਤੁ ਹਰਿ ਸਿਉ ਰਾਤਾ ਹੁਕਮਿ ਅਪਾਰਾ।।[222]

2. ਜਾਰੈ ਸਬਦਿ ਮੁਕਤਿ ਗਤਿ ਪਾਇ। ਨਾਨਕ ਵਿਚਹੁ ਆਪ ਗਵਾਇ।।[223]

ਮੁਕਤੀ ਪ੍ਰਾਪਤ ਕਰਨ ਲਈ ਸ੍ਰੀ ਗੁਰੂ ਰਵਿਦਾਸ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਦਰਸਾਏ ਸਾਧਨਾਂ ਬਾਰੇ ਉਪਰੋਕਤ ਵਿਚਾਰ ਤੋਂ ਪਿਛੋਂ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਦੋਵੇਂ ਹੀ ਗੁਰੂ ਸਾਹਿਬਾਨ ਨੇ ਗ੍ਰਿਹਸਥ ਮਾਰਗ ਵਿਚ ਰਹਿ ਕੇ ਨੇਕ ਕਮਾਈ ਤੇ ਸਤਿਕਰਮ ਕਰਦਿਆਂ, ਗੁਰੂ ਦੇ ਦਿੱਤੇ ਗਿਆਨ, ਸ਼ਬਦ ਤੇ ਪ੍ਰਕਾਸ਼ ਰਾਹੀਂ ਵਿਸ਼ਿਆਂ ਨੂੰ ਤਿਆਗ ਕੇ, ਪ੍ਰਭੂ ਦੀ ਸਰਣਿ ਵਿਚ ਰਹਿ ਕੇ ਉਸਦੀ ਮਿਹਰ ਦਿਆਲਤਾ ਪ੍ਰਾਪਤ ਕਰਕੇ, ਸਤਿਸੰਗਤ ਵਿਚ ਰਹਿ ਕੇ ਪ੍ਰਭੂ ਭਗਤੀ ਰਾਹੀਂ ਮੁਕਤੀ ਪ੍ਰਾਪਤ ਕਰਨ ਤੇ ਜ਼ੋਰ ਦਿੱਤਾ ਹੈ। ਦੋਹਾਂ ਹੀ ਗੁਰੂ ਸਾਹਿਬਾਨ ਨੇ ਮੁਕਤੀ ਦੀਆਂ ਵੱਖ ਵੱਖ ਅਵਸਥਾਵਾਂ ਪਰਮਨਿਧੀ, ਪਰਮਪਦ, ਨਿਰਵਾਣ, ਨਿਸਤਾਰਾ, ਪਰਮਗਤਿ ਆਦਿ ਦਾ ਆਨੰਦ ਮਾਣਿਆ। ਪਰ ਸੰਤ ਸ੍ਰੀ ਗੁਰੂ ਰਵਿਦਾਸ ਨੇ ਗਿਆਨ ਮਾਰਗ ਨੂੰ ਜ਼ਿਆਦਾ ਤਰਜੀਹ ਦਿੱਤੀ ਹੈ। ਗੁਰੂ ਰਵਿਦਾਸ ਨੇ ਵੀ ਗੁਰੂ ਨਾਨਕ ਵਾਂਗ ਖੁਸ਼ਕ ਗਿਆਨ ਤੇ ਕਿਤਾਬੀ ਪਾਠ-ਗਿਆਨ ਨੂੰ ਵਿਅਰਥ ਦੱਸਿਆ ਹੈ। ਕਿਉਂਕਿ ਵੇਦਾਂ-ਸ਼ਾਸਤ੍ਰਾਂ ਦਾ ਨਿਰਾ ਪਾਠ ਕਰਨਾ ਕਰਾਣਾ ਮੁਕਤੀ ਦਾ ਸਾਧਨ ਨਹੀਂ ਹੋ ਸਕਦਾ। ਬ੍ਰਹਮ ਪ੍ਰਾਪਤੀ ਪੋਥੀਆਂ ਦੇ ਪਾਠ ਤੋਂ ਨਹੀਂ ਹੋ ਸਕਦੀ:-

ਪੜਿ ਪੜਿ ਗਡੀ ਲਦੀਅਹਿ, ਪੜਿ ਪੜਿ ਭਰੀਅਹਿ ਸਾਥ।।
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ।।

- - - - - - - - - - - - - - - - - - - - -

ਨਾਨਕ ਲੇਖੈ ਇਕ ਗੱਲ ਹੋਰੁ ਹਉਮੈਂ ਝਖਣਾ ਝਾਖ।।[224]

ਦੋਹਾਂ ਹੀ ਗੁਰੂਆਂ ਨੇ ਭਗਤੀ, ਗਿਆਨ ਤੇ ਕਰਮ ਦੇ ਪਾਖੰਡੀ ਅਸਰਾਂ ਦੀ ਨਿਖੇਧੀ ਕੀਤੀ ਹੈ। ਗੁਰੂ ਸਾਹਿਬਾਨ ਨੇ ਕਰਮਕਾਂਡ ਦੇ ਮਿਮਾਂਸੀ ਭਾਵ ਦੀ ਵੀ ਨਿਖੇਧੀ ਕੀਤੀ ਹੈ। ਜਿਸ ਅਨੁਸਾਰ ਮਨੁੱਖ ਕਰਮਕਾਂਡ ਕਰੇ, ਭਾਵੇਂ ਦਿਲੋਂ ਨਾ ਹੀ ਕਰੇ। ਗੁਰੂ ਸਾਹਿਬਾਨ ਨੇ ਆਚਰਣ ਦੀ ਸ਼ੁੱਧੀ ਤੇ ਮਾਨਸਿਕ ਸਫ਼ਾਈ ਤੇ ਬਲ ਦਿੱਤਾ ਹੈ। ਵਿਖਾਵੇ ਤੇ ਫਲ ਦੀ ਇੱਛਾ ਲਈ ਕੀਤੇ ਕਰਮ-ਕਾਂਡ ਵਿਅਰਥ ਹਨ। ਇਸਦਾ ਇਹ ਮਤਲਬ ਨਹੀਂ ਕਿ ਗੁਰੂ ਜੀ ਨੇ ਕਰਮਾਂ ਨੂੰ ਕੋਈ ਥਾਂ ਨਹੀਂ ਦਿੱਤੀ। ਕਰਮ ਹਉਮੈ ਭਾਵ ਤੋਂ ਮੁਕਤ ਹੋਣੇ ਚਾਹੀਦੇ ਹਨ। ਗੁਰਸਿੱਖ ਕਰਮ ਅਕਾਲਪੁਰਖ ਦੇ ਭਾਣੇ ਅਤੇ ਉਸ ਦੀ ਮਿਹਰ ਨਾਲ ਕਰਦਾ ਹੈ। ਗੁਰੂ ਜੀ ਨੇ ਨਿਸ਼ਕਾਮ ਸੇਵਾ ਤੇ ਕਰਮਾਂ ਦੀ ਸਿੱਖਿਆ ਦਿੱਤੀ ਹੈ।

ਭਾਵੇਂ ਗੁਰਮਤਿ ਭਗਤੀ ਮਾਰਗ ਦੀ ਪ੍ਰੋੜ੍ਹਤਾ ਕਰਦਾ ਹੈ ਪਰ ਫਿਰ ਵੀ ਗੁਰਮਤਿ

ਦੀ ਆਪਣੀ ਵਿਸ਼ੇਸ਼ਤਾ ਹੈ। ਸ਼੍ਰੀ ਗੁਰੂ ਰਵਿਦਾਸ ਜੀ ਦਾ ਮੱਤ ਤੇ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਮੱਤ ਭਾਵੇਂ ਭਗਤੀ ਮੱਤ ਨਾਲ ਕਈ ਗੱਲਾਂ ਵਿਚ ਸਾਂਝਾ ਹੈ ਫਿਰ ਵੀ ਇਨ੍ਹਾਂ ਨੇ ਭਗਤੀ ਮਾਰਗ ਵਿਚ ਸਮੇਂ ਦੇ ਲਿਹਾਜ਼ ਨਾਲ ਤਬਦੀਲੀ ਲਿਆਂਦੀ। ਇਨ੍ਹਾਂ ਨੇ ਭਗਤੀ ਮਾਰਗ ਦੇ ਦ੍ਵੈਤਵਾਦ, ਅਵਤਾਰਵਾਦ ਤੇ ਬੁੱਤ ਪੂਜਾ ਦੀ ਸਖ਼ਤ ਵਿਰੋਧਤਾ ਕੀਤੀ ਹੈ। ਦੋਵੇਂ ਹੀ ਗੁਰੂ ਸਾਹਿਬਾਨ ਇਸ ਗੱਲ ਨਾਲ ਸਹਿਮਤ ਹਨ ਕਿ ਗੁਰੂ ਦੇ ਸ਼ਬਦ ਦੀ ਕਮਾਈ ਕਰਦਿਆਂ ਪ੍ਰਭੂ ਦੇ ਚਰਨਾਂ ਵਿਚ ਰਹਿ ਕੇ ਹੀ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ। ਉਨ੍ਹਾਂ ਨੇ ਸ਼ਬਦ ਦੀ ਤੋਤਾ ਰਟਣੀ ਦੀ ਥਾਂ ਬਿਬੇਕ ਬੁੱਧੀ ਤੇ ਭਾਉ ਦਾ ਸੁਮੇਲ ਕਰਨ ਦੀ ਪ੍ਰੇਰਨਾ ਕੀਤੀ ਹੈ। ਕਿਹਾ ਜਾ ਸਕਦਾ ਹੈ ਕਿ ਗੁਰੂ ਸਾਹਿਬਾਨ ਦਾ ਮੁਕਤੀ ਪ੍ਰਾਪਤ ਕਰਨ ਸੰਬੰਧੀ ਮੱਤ ਪੁਰਾਣੇ ਭਾਰਤੀ ਮੱਤਾਂ ਕਰਮ, ਭਗਤੀ, ਗਿਆਨ ਕਿਸੇ ਨਾਲ ਵੀ ਪੂਰੀ ਤਰ੍ਹਾਂ ਮੇਲ ਨਹੀਂ ਖਾਂਦਾ। ਹਾਂ ਉਨ੍ਹਾਂ ਦੇ ਅੰਸ਼ ਜ਼ਰੂਰ ਮੌਜੂਦ ਹਨ।

## ਮੋਕਸ਼ ਜਾਂ ਮੁਕਤੀ ਦੀਆਂ ਕਿਸਮਾਂ

ਹਿੰਦੂ ਧਾਰਮਿਕ ਗ੍ਰੰਥਾਂ ਵਿਚ ਕਈ ਤਰ੍ਹਾਂ ਦੀਆਂ ਮੁਕਤੀਆਂ ਦਾ ਜ਼ਿਕਰ ਆਉਂਦਾ ਹੈ। ਸਵਾਮੀ ਸ਼ੰਕਰ ਆਚਾਰਯ ਲਈ ਮੁਕਤੀ ਦੀ ਪ੍ਰਾਪਤੀ ਕੋਈ ਨਵੀਂ ਸ਼ੈਅ ਨਹੀਂ। ਉਨ੍ਹਾਂ ਅਨੁਸਾਰ ਪ੍ਰਾਪਤ ਵਸਤੂ ਨੂੰ ਮੁੜ ਪ੍ਰਾਪਤ ਕਰਨਾ ਹੀ ਮੁਕਤੀ ਹੈ। ਸਵਾਮੀ ਜੀ ਦੋ ਪ੍ਰਕਾਰ ਦੀ ਮੁਕਤੀ ਮੰਨਦੇ ਹਨ। (1) ਜੀਵਨ ਮੁਕਤੀ(2) ਵਿਦੇਹ ਮੁਕਤੀ। ਅਸਲ ਵਿਚ ਸਵਾਮੀ ਜੀ ਬੰਧਨ ਨੂੰ ਮਿਥਿਆ ਮੰਨਦੇ ਹਨ। ਸ਼ੰਕਰ ਦੇ ਅਦਵੈਤ ਵੇਦਾਂਤ ਦੇ ਅਨੁਸਾਰ ਮੁਕਤੀ ਕੇਵਲ ਦੁੱਖਾਂ ਤੋਂ ਛੁਟਕਾਰਾ ਹੀ ਨਹੀਂ ਸਗੋਂ ਆਨੰਦ ਦੀ ਅਨੁਭੂਤੀ ਵੀ ਹੈ। ਜਦੋਂ 'ਬ੍ਰਹਮ ਹੀ ਮੈਂ ਹਾਂ' ਦਾ ਅਨੁਭਵ ਹੁੰਦਾ ਹੈ, ਭਰਮ ਹਟ ਜਾਂਦਾ ਹੈ, ਇਹੋ ਮੁਕਤੀ ਹੈ।

ਦਵੈਤਾ-ਦਵੈਤ ਜਾਂ ਭੇਦ-ਅਭੇਦ ਦਰਸ਼ਨ ਜਿਸ ਦੇ ਮੋਢੀ ਨਿੰਬਾਰਕ ਹਨ ਦੇ ਅਨੁਸਾਰ ਵੀ ਮੁਕਤੀ ਦੋ ਪ੍ਰਕਾਰ ਦੀ ਹੈ:-

### (1) ਕ੍ਰਮ ਮੁਕਤੀ

ਇਹ ਮੁਕਤੀ ਕਰਮ ਕਰਨ ਨਾਲ ਪ੍ਰਾਪਤ ਹੁੰਦੀ ਹੈ। ਨਿਸ਼ਕਾਮ ਕਰਮ ਕਰਦਿਆਂ ਪਹਿਲਾਂ ਸਾਧਕ ਨੂੰ ਸਵਰਗ ਲੋਕ ਦੀ ਪ੍ਰਾਪਤੀ ਹੁੰਦੀ ਹੈ, ਉਥੇ ਉਸਨੂੰ ਸੱਤ ਲੋਕ ਵਿਚ ਸਥਾਨ ਪ੍ਰਾਪਤ ਹੁੰਦਾ ਹੈ। ਉਸ ਤੋਂ ਬਾਅਦ ਪਰਲੋ ਕਾਲ ਵਿਚ ਉਸਨੂੰ ਸਾਯੁਜਯ ਮੁਕਤੀ ਪ੍ਰਾਪਤ ਹੁੰਦੀ

ਇਸ ਦਾ ਅਧਿਕਾਰ ਕੇਵਲ ਦੇਵ ਲੋਕ ਨੂੰ ਹੀ ਹੈ।

(2) <u>ਸਦਯ ਮੁਕਤੀ</u>

ਇਸ ਮੁਕਤੀ ਲਈ ਸਾਧਕ ਸ੍ਰਵਣ ਆਦਿ ਭਗਤੀ ਸਾਧਨਾਂ ਰਾਹੀਂ ਭੌਤਿਕ ਬੰਧਨਾਂ ਤੋਂ ਛੁਟਕਾਰਾ ਪ੍ਰਾਪਤ ਕਰਕੇ ਪ੍ਰਭੂ ਦੀ ਕ੍ਰਿਪਾ ਰਾਹੀਂ ਵਿਸ਼ਨ ਲੋਕ ਵਿਚ ਜਾਂਦੇ ਹਨ।ਸ਼ਿਵ ਪੁਰਾਣ ਵਿੱਚ—(1) ਸਾਰੂਪਯ,(2) ਸਾਲੋਕਯ,(3) ਸਾਂਨਿਧਯ,(4) ਸਾਯੁਜਯ ਆਦਿ ਚਾਰ ਪ੍ਰਕਾਰ ਦੀਆਂ ਮੁਕਤੀਆਂ ਦਾ ਵਰਣਨ ਆਉਂਦਾ ਹੈ। ਸ੍ਰੀ ਮਦ ਭਗਵਤ ਗੀਤਾ ਅਨੁਸਾਰ ਮੁਕਤੀ ਪੰਜ ਪ੍ਰਕਾਰ ਦੀ ਹੈ—(1) <u>ਸਾਲੋਕਯ ਮੁਕਤੀ</u> – ਇਹ ਮੁਕਤੀ ਸਾਧਕ ਨੂੰ ਪ੍ਰਮਾਤਮਾ ਦੇ ਨਿਤਧਾਮ ਵਿਚ ਪ੍ਰਾਪਤ ਹੋਣ ਨਾਲ ਮਿਲਦੀ ਹੈ।

(2) <u>ਸਾਰਸਟੀ</u>—ਜਦੋਂ ਮਨੁੱਖ ਭਗਵਾਨ ਦੇ ਸਮਾਨ ਐਸ਼ਵਰਯ,ਭੋਗ ਆਦਿ ਗੁਣ ਪ੍ਰਾਪਤ ਕਰ ਲੈਂਦਾ ਹੈ ਤਾਂ ਉਹ ਸਾਰਸਟੀ ਮੁਕਤੀ ਪ੍ਰਾਪਤ ਕਰ ਲੈਂਦਾ ਹੈ।

(3) <u>ਸਮੀਪਯ ਮੁਕਤੀ</u> - ਪ੍ਰਭੂ ਦੇ ਨੇੜੇ ਰਹਿਣ ਵਾਲੀ ਅਵਸਥਾ ਜਾਂ ਨਿਕਟਤਾ ਪ੍ਰਾਪਤ ਹੋਣ ਨਾਲ ਸਾਮੀਪਯ ਮੁਕਤੀ ਮਿਲਦੀ ਹੈ।

(4) <u>ਸਾਰੂਪਯ ਮੁਕਤੀ</u>— ਜਦੋਂ ਸਾਧਕ ਪ੍ਰਭੂ ਨਾਲ ਇਕਮਿਕਤਾ,ਪਰਸਰੂਪਤਾ ਜਾਂ ਸਮਰੂਪਤਾ ਪ੍ਰਾਪਤ ਕਰ ਲੈਂਦਾ ਹੈ।

(5) <u>ਸਾਯੁਜਯ ਮੁਕਤੀ</u>- ਪਰਮਾਤਮਾ ਦੇ ਸਰੂਪ ਵਿਚ ਸਮਾ ਜਾਣਾ ਸਾਯੁਜਯ ਮੁਕਤੀ ਹੈ।

ਸ੍ਰੀ ਗੁਰੂ ਰਵਿਦਾਸ ਜੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਪੜ੍ਹ ਤੋਂ ਪਤਾ ਚਲਦਾ ਹੈ ਕਿ ਉਨ੍ਹਾਂ ਨੇ ਵੀ ਆਪਣੀ ਬਾਣੀ ਵਿਚ ਇਨ੍ਹਾਂ ਪੁਰਾਤਨ ਪ੍ਰਚਲਿਤ ਭਾਰਤੀ ਮੁਕਤੀਆਂ ਵਿਚੋਂ ਕਈ ਮੁਕਤੀਆਂ ਦਾ ਜ਼ਿਕਰ ਕੀਤਾ ਹੈ। ਸ੍ਰੀ ਗੁਰੂ ਰਵਿਦਾਸ ਜੀ ਨੇ ਚਾਰ ਪ੍ਰਕਾਰ ਦੀਆਂ ਮੁਕਤੀਆਂ ਦਾ ਜ਼ਿਕਰ ਕੀਤਾ ਹੈ।

(1) <u>ਸਾਲੋਕਯ ਮੁਕਤੀ</u>

ਸਾਲੋਕਯ ਮੁਕਤੀ ਬਾਰੇ ਸ੍ਰੀ ਗੁਰੂ ਰਵਿਦਾਸ ਜੀ ਦੇ ਵਿਚਾਰ ਭਾਰਤੀ ਪੁਰਾਤਨ ਪਰੰਪਰਾ ਤੋਂ ਵੱਖ ਹਨ। ਕੁਝ ਸੰਤ ਇਸ ਮੁਕਤੀ ਨੂੰ ਆਤਮਿਕ ਉਡਾਰੀ ਦੇ ਕਿਸੇ ਵਿਸ਼ੇਸ਼ ਦੇਸ਼ ਦੀ ਕਲਪਣਾ ਮੰਨਦੇ ਹਨ ਅਤੇ ਕੁਝ ਇਸੇ ਵਿਸ਼ਵ ਵਿਚ ਇਸ ਦੀ ਪ੍ਰਾਪਤੀ ਮੰਨਦੇ ਹਨ। ਇਸ ਮੁਕਤੀ ਅਨੁਸਾਰ ਜੀਵ ਪਰਮਾਤਮਾ ਦੇ ਕਲਪਿਤ ਦੇਸ਼ ਜਾ ਕੇ ਆਪਣੀ ਇੱਛਾ ਮੁਤਾਬਕ

ਭੋਗ ਕਰਦਾ ਹੈ। ਅਸਲ ਵਿਚ ਇਸ ਮੁਕਤੀ ਦੀ ਪ੍ਰਾਪਤੀ ਕਰਨੀ ਆਮ ਜੀਵ ਦੇ ਵਸ ਨਹੀਂ। ਇਸ ਦਾ ਅਨੁਭਵ ਸੰਤਾਂ ਵਰਗੀ ਸਖਸ਼ੀਅਤ ਦੀ ਅਨੁਭੂਤੀ ਦੇ ਪੱਧਰ ਤੇ ਹੀ ਪ੍ਰਾਪਤ ਹੁੰਦੀ ਹੈ। ਕਿਉਂਕਿ ਸੰਤ ਜਨ, ਸਤਿਗੁਰੂ ਤੇ ਪਰਮ-ਆਤਮਾਵਾਂ ਇਸ ਸ੍ਰਿਸ਼ਟੀ ਤੋਂ ਉਪਰ ਕਿਸੇ ਅਗੰਮੀ ਦੇਸ਼ ਦੀਆਂ ਵਾਸੀ ਹੁੰਦੀਆਂ ਹਨ। ਜਿਸ ਦੇਸ਼ ਨੂੰ 'ਬੈਕੁੰਠ ਨਗਰ' ਵੀ ਕਿਹਾ ਜਾਂਦਾ ਹੈ। ਇਹ ਦੇਸ਼ ਸਾਰੇ ਬ੍ਰਹਿਮੰਡ ਦੇ ਪਸਾਰੇ ਵਿਚ ਸਮਾਇਆ ਹੋਇਆ ਹੈ। ਸ਼੍ਰੀ ਗੁਰੂ ਰਵਿਦਾਸ ਜੀ ਅਜਿਹੇ 'ਬੈਕੁੰਠ ਨਗਰ' ਦਾ ਵਰਣਨ ਕਰਦੇ ਹੋਏ ਲਿਖਦੇ ਹਨ ਕਿ ਇਹ ਮਹਾਨ ਸਾਧਕ ਨੂੰ ਅੰਤਿਮ ਸਵਾਸ ਲੈਣ ਬਾਅਦ ਪ੍ਰਾਪਤ ਹੁੰਦਾ ਹੈ ਪਰ ਜਿਉਂਦੇ ਜੀਅ ਵੀ ਇਹੋ ਜਿਹਾ ਸਾਧਕ ਜਸ ਪ੍ਰਾਪਤ ਕਰਦਾ ਹੈ:—

ਤਾਂ ਥੈ ਭਲੋ ਸਵਾਨ ਕੋ ਸਤਰੂ, ਹਰਿ ਚਰਨਾਂ ਚਿਤ ਲਾਯਾ ਰੇ।
ਮੂਵਾਂ ਮੁਕਤਿ ਬੈਕੁੰਠਹ ਬਾਸਾ, ਜੀਵਤ ਇਹਾਂ ਜਸ ਪਾਯਾ ਰੇ।[225]

ਪਰ ਇਸ 'ਬੈਕੁੰਠ ਗਵਨ' ਦੀ ਪ੍ਰਾਪਤੀ ਉਦੋਂ ਤੱਕ ਪ੍ਰਾਪਤ ਨਹੀਂ ਹੁੰਦੀ, ਜਦੋਂ ਤੱਕ ਇਸ ਚਲਾਏਮਾਨ ਮਨ ਨੂੰ ਵਸ ਵਿਚ ਨਹੀਂ ਕੀਤਾ ਜਾਂਦਾ:—

ਆਸ ਕਰੈਂ ਬੈਕੁੰਠ ਗਵਨ ਕਉ, ਚਲ ਮਨ ਕਬਹੁ ਨ ਥਿਰਾਯੋ।
ਜੌ ਲੌਂ ਮਨ ਵਸਿ ਨਹੀਂ ਹੂੰ ਤੋ, ਤੌ ਲਗਿ ਸਭੁ ਜੁਠਰਾਯੋ।।[226]

ਸ਼੍ਰੀ ਗੁਰੂ ਰਵਿਦਾਸ ਜੀ ਅਜਿਹੇ ਦੇਸ਼ ਦਾ ਵਰਣਨ ਕਰਦੇ ਹੋਏ ਇਸ ਨੂੰ 'ਬੇਗਮਪੁਰਾ' ਵੀ ਆਖਦੇ ਹਨ। ਜਿਥੇ ਕਿਸੇ ਵੀ ਕਿਸਮ ਦਾ ਦੁੱਖ ਨਹੀਂ। ਉਥੇ ਖੌਫ, ਖਤਾ ਵੀ ਨਹੀਂ ਹੈ। ਇਸ ਦੇਸ਼ ਦਾ ਹਰ ਵਾਸੀ ਸ਼੍ਰੀ ਗੁਰੂ ਰਵਿਦਾਸ ਜੀ ਦਾ ਮੀਤ ਹੈ। ਅਸਲ ਵਿਚ ਮੁਕਤ ਵਿਅਕਤੀ ਹੀ ਇਸ ਦੇਸ਼ ਦਾ ਵਾਸੀ ਹੋ ਸਕਦਾ ਹੈ। ਗੁਰੂ ਜੀ ਇਸਨੂੰ 'ਪੂਰਨ ਸੁਖ ਧਾਮ' ਵੀ ਆਖਦੇ ਹਨ:—

1. ਬੇਗਮਪੁਰਾ ਸਹਰ ਕੋ ਨਾਉ।। ਦੂਖੁ ਅੰਦੋਹੁ ਨਹੀ ਤਿਹਿ ਠਾਉ।।
ਨਾਂ ਤਸਵੀਸ ਖਿਰਾਜੁ ਨ ਮਾਲੁ।। ਖਉਫੁ ਨ ਖਤਾ ਨ ਤਰਸੁ ਜਵਾਲੁ।।
- - - - - - - - - - - - - - - - - - - - - - - -
ਕਹਿ ਰਵਿਦਾਸ ਖਲਾਸ ਚਮਾਰਾ।। ਜੋ ਹਮ ਸਹਰੀ ਸੁ ਮੀਤੁ ਹਮਾਰਾ।।[227]

2. 'ਰਵਿਦਾਸ' ਜੁ ਹੈ ਬੇਗਮਪੁਰਾ, ਉਹ ਪੂਰਨ ਸੁਖ ਧਾਮ।
ਦੁਖ ਅੰਦੋਹ ਅਰ ਦ੍ਵੈਖ ਭਾਵ, ਨਾਹਿੰ ਬਸਹਿੰ ਤਿਹਿੰ ਠਾਮ।।[228]

ਸ੍ਰੀ ਗੁਰੂ ਰਵਿਦਾਸ ਜੀ ਅਸਲ ਵਿਚ ਉਸਨੂੰ ਹੀ ਸਾਧੂ ਮੰਨਦੇ ਹਨ ਜੋ ਨਾ ਤਾਂ ਸਵਰਗ ਭੋਗਣ ਦੀ ਇੱਛਾ ਰੱਖਦਾ ਹੈ ਅਤੇ ਨਾ ਹੀ 'ਬੈਕੁੰਠ' ਦੀ। ਉਹ ਤਾਂ ਕੇਵਲ ਪਰਮਾਤਮਾ ਦੇ ਦਰਸ਼ਨਾਂ ਲਈ ਤਾਂਘਦਾ ਹੈ। ਰਾਮ ਜਪਣ ਨਾਲ ਤਾਂ ਗਨਕਾ ਵਰਗੀ ਪਾਪਣ ਵੀ ਬੈਕੁੰਠ ਦੀ ਵਾਸਣ ਬਣ ਜਾਂਦੀ ਹੈ:-

1. ਸੂਰਗ ਭੋਗ ਇੱਛੈ ਨਹੀਂ, ਨਹਿੰ ਵੈਕੁੰਠ ਨਿਵਾਸ।
   ਚਰ ਸਰਹੈ ਸਤ ਰਾਮ ਕੇ, ਉਹੈ ਸਾਧੂ ਰੈਦਾਸੁ।।[229]
2. ਗਨਿਕਾ ਥੀ ਕਿਸ ਕਰਮਾ ਜੋਗ, ਪਰ ਪੁਰਸਨ ਸੋ ਰਮਤੀ ਭੋਗ।
   ਨਿਸਿ ਬਾਸਰ ਦੁਸਕਰਮ ਕਮਾਈ, ਰਾਮ ਕਹਤ ਬੈਕੁੰਠੇ ਜਾਈ।।[230]

2. ਸਾਮੀਪਯ ਮੁਕਤੀ

ਜਦੋਂ ਸਾਧਕ ਨੂੰ ਈਸ਼ਵਰ ਦਾ ਪਿਆਰ ਅਤੇ ਨੇੜਤਾ ਦਾ ਆਨੰਦ ਪ੍ਰਾਪਤ ਹੁੰਦਾ ਹੈ ਤਾਂ ਉਹ ਸਾਮੀਪਯ ਮੁਕਤੀ ਦਾ ਅਧਿਕਾਰੀ ਬਣ ਜਾਂਦਾ ਹੈ। ਸ੍ਰੀ ਗੁਰੂ ਰਵਿਦਾਸ ਜੀ ਇਸ ਮੁਕਤੀ ਨੂੰ ਬਾਕੀ ਮੁਕਤੀਆਂ ਨਾਲੋਂ ਸ਼੍ਰੇਸ਼ਠ ਮੰਨਦੇ ਹਨ ਕਿਉਂਕਿ ਉਹ ਹਮੇਸ਼ਾ ਪ੍ਰਭੂ ਦੇ ਚਰਨਾਂ ਵਿਚ ਉਸਦੇ ਅੰਗ-ਸੰਗ ਰਹਿਣਾ ਚਾਹੁੰਦੇ ਹਨ ਤੇ ਉਸ ਦੀ ਕ੍ਰਿਪਾ ਦ੍ਰਿਸ਼ਟੀ ਦੇ ਪਾਤਰ ਬਣਨਾ ਚਾਹੁੰਦੇ ਹਨ। ਉਹ ਤਾਂ ਪ੍ਰਭੂ ਨਾਲ ਚੰਦ ਤੇ ਚਕੋਰ ਵਾਲੀ ਪ੍ਰੀਤ ਪਾਉਣੀ ਚਾਹੁੰਦੇ ਹਨ ਤੇ ਹਰ ਸਮੇਂ ਉਸਦੀ ਸੇਵਾ ਵਿਚ ਜੁਟੇ ਰਹਿਣਾ ਚਾਹੁੰਦੇ ਹਨ ਅਜਿਹੀ ਅਵਸਥਾ ਵਿਚ ਪ੍ਰਭੂ ਤੋਂ ਇਕ ਪਲ ਦਾ ਵਿਛੋੜਾ ਵੀ ਸਾਧਕ ਨੂੰ ਜੁੱਗਾਂ ਦੇ ਬਰਾਬਰ ਜਾਪਦਾ ਹੈ। ਪ੍ਰਭੂ ਦਾ ਦਰਸ਼ਨ ਹੀ ਸਾਧਕ ਦਾ ਜੀਵਨ ਬਣ ਜਾਂਦਾ ਹੈ।-

1. ਜਉ ਤੁਮ ਗਿਰਿਵਰ ਤਉ ਹਮ ਮੋਰਾ।। ਜਉ ਤੁਮ ਚੰਦ ਹਮ ਭਏ ਹੈ ਚਕੋਰਾ।।
   ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀਂ ਤੋਰਹਿ।। ਤੁਮ ਸਿਉ ਤੋਰਿ ਕਵਨ ਸਿਉ ਜੋਰਹਿ।।
   - - - - - - - - - - - - - - - - - - - - - - - - - -
   ਜਹ ਜਹ ਜਾਉ ਤਹਾਂ ਤੇਰੀ ਸੇਵਾ।। ਤੁਮ ਸੋ ਠਾਕੁਰ ਅਉਰ ਨ ਦੇਵਾ।।
   ਤੁਮਰੇ ਭਜਨ ਕਟਹਿ ਜਮ ਫਾਂਸਾ।। ਭਗਤਿ ਹੇਤ ਗਾਵੈ ਰਵਿਦਾਸਾ।।[231]
2. ਪ੍ਰਭੁ ਜੀ ਤੁਮ ਚੰਦਨ ਹਮ ਪਾਨੀ, ਜਾਕੀ ਬਾਸ ਅੰਗ ਅੰਗ ਸਮਾਨੀ।।
   ਪ੍ਰਭੁ ਜੀ ਤੁਮ ਘਨ ਬਨ ਹਮ ਮੋਰਾ, ਜੈਸੇ ਚਿਤਵਤ ਚੰਦ ਚਕੋਰਾ।
   - - - - - - - - - - - - - - - - - - - - - - - -
   ਪ੍ਰਭੁ ਜੀ ਤੁਮ ਸੁਆਮੀ ਹਮ ਦਾਸਾ, ਐਸੀ ਭਗਤਿ ਕਰੈ ਰਵਿਦਾਸਾ।।[232]

3. ਮੋਲਿ ਦੁਹਾਗਿ ਸੁਹਾਗਨਿ ਕੀਜੈ, ਅਪਨੈ ਅੰਗਿ ਲਗਾਈ।
ਕਹੈ ਰਵਿਦਾਸ ਪ੍ਰਭੁ ਤੁਮਰੇ ਬਿਛੋਹੈਂ, ਏਕੁ ਪਲੁ ਜੁਗ ਜਾਈ।[233]

4. ਬਹੁਤ ਜਨਮ ਤੈਂ ਬਿਛੁਰੇ ਪਿਵ ਪਾਏ, ਜਨਮ ਜਨਮ ਬਿਛੁਰਾਰ।
ਕਹਿ ਰਵਿਦਾਸ ਹੌਂ ਕਛੂ ਨਹਿੰ ਜਾਨੈ, ਚਰਣ ਕੰਵਲ ਮਹੀਂ ਤੁਵ ਮੁਰਾਰ।[234]

5. ਪ੍ਰੇਮ ਕੀ ਜੇਵਰੀ ਬਾਂਧਿਓ ਤੇਰੋ ਜਨੁ। ਕਹਿ ਰਵਿਦਾਸ ਛੂਟਿਬੋ ਕਵਨ ਗੁਨ।[235]

6. ਦਰਸਨ ਤੇਰਾ ਜੀਵਨ ਮੇਰਾ। ਬਿਨੁ ਦਰਸਨ ਕਯੂੰ ਜੀਵੈ ਹੋ ਚਕੋਰਾ॥[236]

ਗੁਰੂ ਰਵਿਦਾਸ ਜੀ ਨੇ ਤਾਂ ਪ੍ਰਭੂ ਨੂੰ ਆਪਣੇ ਪ੍ਰੇਮ ਬੰਧਨ ਵਿਚ ਬੰਨ੍ਹ ਕੇ ਹੀ ਮੁਕਤ ਦਵਾਰ ਦੀ ਪ੍ਰਾਪਤੀ ਕੀਤੀ ਹੈ ਤੇ ਹੁਣ ਪਰਮਾਤਮਾ ਆਪਣੇ ਭਗਤ ਕੋਲੋਂ ਕਿਵੇਂ ਛੁਟੇ।[237] ਅਜਿਹੀ ਅਵਸਥਾ ਵਿਚ ਸਾਧਕ ਸਭ ਦੁਨਿਆਵੀ ਰਿਸ਼ਤਿਆਂ ਨੂੰ ਤੋੜਕੇ ਇਕ ਹਰੀ ਨਾਲ ਆਪਣਾ ਰਿਸ਼ਤਾ ਜੋੜ ਲੈਂਦਾ ਹੈ।[238]

ਆਦਿ ਅੰਤ ਮਧਿ ਸੰਗਿ ਤਿਹਾਰੇ, ਅਬ ਕਾਹੇ ਕਰਤਹੁ ਨਿਨਾਰੇ।
ਕਹਿ ਰਵਿਦਾਸ ਬੇਗੁ ਮਿਲੁ ਠਾਕੁਰ, ਨਿਜ ਜਨ ਕੂੰ ਲੇਹੁ ਉਬਾਰਿ॥[239]

3. ਸਾਰੂਪਯ ਮੁਕਤੀ

ਸਾਰੂਪਯ ਮੁਕਤੀ ਦੀ ਅਵਸਥਾ ਵਿਚ ਸਾਧਕ ਪ੍ਰਭੂ ਦੇ ਮਜੀਠ ਰੰਗ ਵਿਚ ਰੰਗਿਆ ਉੱਚਤਮ ਗੁਣਾਂ ਦੀ ਪ੍ਰਾਪਤੀ ਕਰਦਾ ਹੈ। ਅਸਲ ਵਿਚ ਇਸ ਮੁਕਤੀ ਰਾਹੀਂ ਜੀਵ ਈਸ਼ਵਰ ਦੇ ਗੁਣ ਅਤੇ ਰੂਪ ਧਾਰਨ ਕਰ ਲੈਂਦਾ ਹੈ। ਪਰਮਾਤਮਾ ਅਤੇ ਸਾਧਕ ਵਿਚ ਭੇਦ ਨਜ਼ਰ ਨਹੀਂ ਆਉਂਦਾ। ਇਸ ਮੁਕਤੀ ਦੀਆਂ ਦੋ ਸੀਮਾਵਾਂ ਵਿਸ਼ਿਸ਼ਟ ਉਪਰੀ ਅਤੇ ਨਿਮਨ ਹਨ। ਇਨ੍ਹਾਂ ਦੋਹਾਂ ਸੀਮਾਵਾਂ ਦੇ ਵਿਚਕਾਰਲੀ ਅਵਸਥਾ ਵਿਚ ਸਾਧਕ ਸਦਗੁਣਾਂ ਅਤੇ ਸਤਿਗੁਣਾਂ ਦਾ ਧਾਰਨੀ ਹੁੰਦਾ ਹੈ। ਅੰਤ ਵਿਚ ਉਹ ਪਰਮ ਰੂਪ ਹੋ ਜਾਂਦਾ ਹੈ। ਮੁਕਤੀ ਦੀ ਇਸ ਅਵਸਥਾ ਵਿਚ ਸਾਧਕ ਭਾਵੇਂ ਈਸ਼ਵਰ ਤਾਂ ਨਹੀਂ ਪਰ ਉਸਦੇ ਸਮਾਨ ਜ਼ਰੂਰ ਹੋ ਜਾਂਦਾ ਹੈ ਅਤੇ ਉਸਦੀ ਹੋਂਦ ਵੀ ਕਾਇਮ ਰਹਿੰਦੀ ਹੈ।

ਮੁੰਡਕੋਪਨਿਸ਼ਦ ਅਨੁਸਾਰ ਉਸ ਬ੍ਰਹਮ ਨੂੰ ਜਾਣਨ ਵਾਲਾ ਆਪ ਬ੍ਰਹਮ ਰੂਪ ਹੋ ਜਾਂਦਾ ਹੈ। ਸ਼੍ਰੀ ਗੁਰੂ ਰਵਿਦਾਸ ਜੀ ਵੀ ਆਪਣੀ ਬਾਣੀ ਵਿੱਚ ਪਰਮਰੂਪ ਹੋਣ ਦੀ ਗੱਲ ਕਰਦੇ ਹਨ। ਅਤੇ ਉਹ ਪਰਮ-ਰੂਪ ਹੋਣ ਨੂੰ ਹੀ ਮੁਕਤੀ ਮੰਨਦੇ ਹਨ:-

1 ਭਣੈ ਰਵਿਦਾਸ ਅਬ ਕਾ ਕਹਿ ਗਾਊਂ। ਜਉ ਹੋਈ ਐਰਹਿੰ ਹੋਈ।
ਜਾ ਸਉਂ ਗਗਿਨਹਿ ਗਾਇ ਕਰਤ ਹੈਂ, ਪਰਮ ਰੂਪ ਹਮ ਸੋਈ।।[240]

2. ਰਵਿਦਾਸ ਭਣੈ ਜੋ ਜਾਣੈ ਸੋ ਜਾਣੁ। ਸੰਤ ਅਨੰਤਹਿ ਅੰਤਰੁ ਨਾਹਿੰ।[241]

ਇਹੋ ਜਿਹੇ ਭਗਤ ਰਾਤ ਦਿਨ ਉਸ ਪ੍ਰਭੂ ਨੂੰ ਮਨ ਵਿੱਚ ਵਸਾਈ ਰੱਖਦੇ ਹਨ। ਦੁਨਿਆਵੀ ਮੋਹ ਤੋਂ ਦੂਰ ਹੁੰਦੇ ਹਨ। ਕ੍ਰੋਧ ਉਨ੍ਹਾਂ ਦੇ ਨੇੜੇ ਤੱਕ ਨਹੀਂ ਆਉਂਦਾ ਅਤੇ ਉਹ ਭਗਤ ਭਗਵੰਤ ਸਮ ਹੋ ਜਾਂਦੇ ਹਨ:–

ਰਵਿਦਾਸ ਕਹੈ ਜਾਕੇ ਹਿਰਦੈ, ਰਹੈ ਰੈਨ ਦਿਨ ਰਾਮ।
ਸੋ ਭਗਤਾ ਭਗਵੰਤ ਸਮ, ਕ੍ਰੋਧ ਨ ਬਯਾਪੈ ਕਾਮ।।[242]

4. ਸਾਯੁਜਯ ਮੁਕਤੀ

ਇਸ ਮੁਕਤੀ ਵਿਚ ਸਾਧਕ ਪਰਮਾਤਮਾ ਦਾ ਇਕ ਅੰਸ਼ ਬਣ ਜਾਂਦਾ ਹੈ। ਉਹ ਈਸ਼ਵਰ ਵਿਚ ਪ੍ਰਵੇਸ਼ ਕਰ ਜਾਂਦਾ ਹੈ ਅਤੇ ਉਸਦੇ ਸਰੀਰ ਰਾਹੀਂ ਆਨੰਦ ਭੋਗਦਾ ਹੈ। ਇਸ ਮੁਕਤੀ ਦੇ ਅਧਿਕਾਰੀ ਦੇਵ ਲੋਕ ਹੀ ਸਮਝੇ ਜਾਂਦੇ ਹਨ। ਸ੍ਰੀ ਗੁਰੂ ਰਵਿਦਾਸ ਜੀ ਨੇ ਵੀ ਜੀਵ ਨੂੰ ਪਰਮਤੱਤ ਦਾ ਅੰਸ਼ ਮੰਨਿਆ ਹੈ। ਇਨ੍ਹਾਂ ਦਾ ਸੰਬੰਧ ਅੰਸ਼ ਤੇ ਅੰਸ਼ੀ ਵਾਲਾ ਹੈ। ਉਹ ਇਕੋ ਜੋਤਿ ਸਭ ਜੀਵਾਂ ਵਿਚ ਵਿਚਰ ਰਹੀ ਹੈ। ਜੀਵ ਕਿਉਂਕਿ ਅਗਿਆਨੀ ਹੈ ਇਸ ਲਈ ਉਹ ਆਪਣੇ ਅਤੇ ਪਰਮਾਤਮਾ ਵਿਚਕਾਰ ਦਵੈਤ ਸਮਝਦਾ ਹੈ। ਪਰ ਜਦੋਂ ਸਾਧਕ ਨੂੰ ਆਤਮ ਪ੍ਰਕਾਸ਼ ਹੁੰਦਾ ਹੈ ਤਾਂ ਅਗਿਆਨਤਾ ਖਤਮ ਹੋਣ ਨਾਲ ਸਾਧਕ ਆਪਣੇ ਆਪ ਨੂੰ ਪਰਮ-ਤੱਤ ਦਾ ਅੰਸ਼ ਸਮਝਣ ਲੱਗਦਾ ਹੈ। ਭਗਤੀ ਰਾਹੀਂ ਸਾਧਕ ਦੀ ਆਤਮਾ ਪਰਮਾਤਮਾ ਵਿਚ ਲੀਨ ਹੋ ਜਾਂਦੀ ਹੈ। ਅਸਲ ਵਿਚ (ਧਰਮ) ਰਿਲੀਜਨ ਹੈ ਹੀ ਇਹੋ। ਰੀ+ਲਿਜੀਅਨ, ਰੀ=ਦੁਬਾਰਾ ਅਤੇ ਲਿਜੀਅਨ ਹੈ ਜੁੜਨਾ। ਪਰਮਾਤਮਾ ਨਾਲ ਜੁੜ ਕੇ ਦੁਬਾਰਾ ਸ਼ਕਤੀ ਬਣਨਾ।

ਸ੍ਰੀ ਗੁਰੂ ਰਵਿਦਾਸ ਜੀ ਅਨੁਸਾਰ ਮਨ ਦੇ ਰਾਮ ਸਾਗਰ ਵਿਚ ਮਿਲਣ ਨਾਲ ਸਾਰੀ ਕੂਕ-ਪੁਕਾਰ ਖਤਮ ਹੋ ਜਾਂਦੀ ਹੈ। ਇਸ ਅਵਸਥਾ ਵਿਚ ਸਾਧਕ ਤੇ ਪਰਮਾਤਮਾ ਵਿਚ ਸੋਨੇ ਤੇ ਸੋਨੇ ਦੇ ਬਣੇ ਕੜੇ ਵਰਗਾ ਸੰਬੰਧ ਸਥਾਪਤ ਹੋ ਜਾਂਦਾ ਹੈ:–

1. ਜੋਤਿ ਜੋਤਿ ਸਮ ਜੋਤਿ, ਜੋਤਿਹਿ ਮਿਲਿ ਰਹਿਐ ਏ।
ਤਨ ਮਨ ਆਤਮ ਵਾਰਿ, ਸਦਾਹਰਿ ਗਾਈਏ।
ਭਣਤ ਜਨ 'ਰਵਿਦਾਸ' ਤੁਮ ਸਰਣਾਂ ਆਈਏ।[243]

2 ਜਬ ਲਗਿ ਨਦੀ ਨ ਸਮੁੰਦ ਸਮਾਵੈ, ਤਬ ਲਗਿ ਬਢੈ ਹੰਕਾਰਾ।
ਜਬ ਮਨ ਮਿਲਿਓ ਰਾਮ-ਸਾਗਰ ਸੂੰ, ਤਬ ਯਹੁ ਮਿਟੀ ਪੁਕਾਰਾ।[244]

3. ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ, ਕਨਕ ਕਟਿਕ ਜਲ ਤਰੰਗ ਜੈਸਾ।[245]

4. ਜਿਹਿੰ ਪਦ ਸੁਰਨਰ ਪ੍ਰੇਮ ਪਿਯਾਸਾ, ਸੋਪਦ ਰਮਿ ਰਹਯੋ ਰਵਿਦਾਸਾ।[246]

ਇਸ ਤਰ੍ਹਾਂ ਗੁਰੂ ਰਵਿਦਾਸ ਜੀ ਦ੍ਵੈਤਵਾਦ ਨਾਲੋਂ ਥੋੜ੍ਹਾ ਭਿੰਨ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਭਾਵੇਂ ਆਪਣੀ ਬਾਣੀ ਵਿਚ ਮੁਕਤੀ ਦੀਆਂ ਇਨ੍ਹਾਂ ਕਿਸਮਾਂ ਦਾ ਜ਼ਿਕਰ ਕੀਤਾ ਹੈ। ਪਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚੁਰਾਸੀ ਲੱਖ ਜੂਨਾਂ ਅਤੇ ਜਨਮ-ਮਰਨ ਜਾਂ ਆਵਾਗਵਨ ਦੇ ਚੱਕਰ ਤੋਂ ਮੁਕਤੀ ਪ੍ਰਾਪਤ ਕਰਨ ਨੂੰ ਹੀ ਅਸਲ ਵਿਚ ਮੁਕਤੀ ਜਾਂ ਮੋਕਸ਼ ਕਿਹਾ ਹੈ। ਪਰ ਮੋਕਸ਼ ਪਦ ਨੂੰ ਸਾਧਕ ਹੌਲੀ ਹੌਲੀ ਪ੍ਰਾਪਤ ਕਰਦਾ ਹੈ। ਇਸ ਪਦ ਨੂੰ ਪ੍ਰਾਪਤ ਕਰਨ ਲਈ ਸਾਧਕ ਨੂੰ ਕਈ ਮੰਜ਼ਿਲਾਂ ਤੈਹ ਕਰਨੀਆਂ ਪੈਂਦੀਆਂ ਹਨ। ਜਿਨ੍ਹਾਂ ਨੂੰ ਤਿੰਨ ਕਿਸਮਾਂ ਵਿਚ ਵੰਡਿਆ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਪਰੋਕਤ ਮੁਕਤੀਆਂ ਦੀ ਥਾਂ ਮੁਕਤੀ ਦੀਆਂ ਇਨ੍ਹਾਂ ਮੰਜ਼ਿਲਾਂ ਤੇ ਵਧੇਰੇ ਜ਼ੋਰ ਦਿੱਤਾ ਹੈ। ਗੁਰੂ ਜੀ ਨੇ ਜੀਵਨ-ਮੁਕਤੀ ਨੂੰ ਸਭ ਤੋਂ ਉੱਤਮ ਦੱਸਿਆ ਹੈ।

1. ਜੀਵਨ ਮੁਕਤੀ

ਜਦੋਂ ਸਾਧਕ ਸੱਚਾ ਗਿਆਨ ਪ੍ਰਾਪਤ ਕਰ ਲੈਂਦਾ ਹੈ ਤਾਂ ਉਸ ਨੂੰ ਗੁਰੂ ਦੀ ਕ੍ਰਿਪਾ ਨਾਲ ਇਸੇ ਜੀਵਨ ਵਿਚ ਮੋਕਸ਼ ਦੀ ਪ੍ਰਾਪਤੀ ਹੋ ਜਾਂਦੀ ਹੈ। ਉਹ ਆਤਮ-ਗਿਆਨ ਅਤੇ ਭਗਤੀ ਰਾਹੀਂ ਸੰਸਾਰਕ ਬੰਧਨਾਂ ਤੋਂ ਛੁਟਕਾਰਾ ਪ੍ਰਾਪਤ ਕਰ ਲੈਂਦਾ ਹੈ। 'ਅਹੰਕਾਰ' ਖਤਮ ਹੋ ਜਾਂਦਾ ਹੈ। ਸੰਸਾਰਕ ਕਰਮ ਕਰਦਾ ਹੋਇਆ ਵੀ ਉਹ ਪੂਰੀ ਤਰ੍ਹਾਂ ਮੁਕਤ ਹੁੰਦਾ ਹੈ।

2. ਵਿਦੇਹ ਮੁਕਤੀ

ਜੀਵਨ-ਮੁਕਤ ਵਿਅਕਤੀ ਜਦੋਂ ਆਪਣੀ ਦੇਹ ਛੱਡਦਾ ਹੈ ਤਾਂ ਉਹ ਮੋਕਸ਼ ਨੂੰ ਹਾਸਲ ਕਰਦਾ ਹੈ। ਇਸ ਅਵਸਥਾ ਨੂੰ ਦੇਹ ਤੋਂ ਮੁਕਤੀ ਆਖਦੇ ਹਨ। ਦੇਹ ਮੁਕਤੀ ਪਿਛੋਂ ਵਿਅਕਤੀ ਭਵਚੱਕਰ ਤੋਂ ਛੁਟਕਾਰਾ ਹਾਸਲ ਕਰ ਲੈਂਦਾ ਹੈ ਅਤੇ ਜਨਮ ਮਰਨ ਦੇ ਚੱਕਰ ਵਿਚ ਨਹੀਂ ਪੈਂਦਾ।

3. ਨਿੱਤ ਮੁਕਤੀ

ਜਿਹੜੇ ਜੀਵ ਕਰਮ ਵਸ ਜਨਮ ਮਰਨ ਤੋਂ ਛੁਟਕਾਰਾ ਪ੍ਰਾਪਤ ਕਰ ਜਾਂਦੇ ਹਨ ਅਤੇ ਅਵਤਾਰਾਂ ਦੇ ਸਮਾਨ ਲੋਕਾਂ ਵਿਚ ਵਿਚਰਦੇ ਹਨ ਉਹ 'ਨਿੱਤਯ ਮੁਕਤ' ਕਹਾਉਂਦੇ ਹਨ। ਇਸ ਮੁਕਤੀ ਵਿਚ ਆਤਮਾ ਸਦਾ ਲਈ ਪ੍ਰਭੂ ਦਾ ਭਾਗ ਬਣ ਕੇ ਰਹਿੰਦੀ ਹੈ। ਉਹ ਖੁਦਾ ਦੇ ਹੁਕਮ ਮੁਤਾਬਕ ਸੰਸਾਰ ਦੇ ਕੁੱਝ ਕੰਮ ਪੂਰਣ ਕਰਨ ਲਈ ਜਨਮ ਵੀ ਲੈ ਸਕਦੀ ਹੈ ਪਰ ਜਨਮ ਮਰਨ ਦੇ ਬੰਧਨ ਤੋਂ ਸਦਾ ਮੁਕਤ ਰਹਿੰਦੀ ਹੈ। ਮੰਨਿਆ ਜਾਂਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਪਰਮਾਤਮਾ ਦੇ ਹੁਕਮ ਨਾਲ ਹੋਇਆ ਅਤੇ ਸਰੀਰ ਵਿਚ ਰਹਿੰਦੇ ਹੋਏ ਵੀ ਸਦਾ ਮੁਕਤ ਸਨ।

ਸ੍ਰੀ ਗੁਰੂ ਰਵਿਦਾਸ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਮੁਕਤੀ ਦੀ ਇਸ ਵੰਡ ਵਿਚ ਨਾ ਪੈ ਕੇ ਜੀਵਨ-ਮੁਕਤੀ ਨੂੰ ਸੱਭ ਤੋਂ ਉੱਤਮ ਮੰਨਦੇ ਹਨ। ਸ੍ਰੀ ਗੁਰੂ ਰਵਿਦਾਸ ਜੀ ਨੇ ਇਸ ਨੂੰ ਉਰਵਾਰ ਮੁਕਤੀ ਅਤੇ ਪਾਰ ਮੁਕਤੀ ਵੀ ਕਿਹਾ ਹੈ। ਦੋਵੇਂ ਗੁਰੂ ਇਸ ਗੱਲ ਨਾਲ ਸਹਿਮਤ ਹਨ ਕਿ ਮੁਕਤੀ ਪਰਮ-ਆਨੰਦ ਦੀ ਅਵਸਥਾ ਹੈ। ਪਰਮ-ਰੂਪਤਾ ਅਤੇ ਅਮਰਤਵ ਪ੍ਰਾਪਤ ਕਰਨਾ ਹੈ। ਇਹੋ ਹੀ ਬੈਕੁੰਠ ਧਾਮ ਹੈ। ਸ੍ਰੀ ਗੁਰੂ ਰਵਿਦਾਸ ਜੀ ਇਸ ਨੂੰ 'ਬੇਗਮਪੁਰ ਸ਼ਹਿਰ' ਵੀ ਆਖਦੇ ਹਨ।

ਦੋਵੇਂ ਗੁਰੂ ਸਾਹਿਬਾਨ ਦੀ ਮੁਕਤੀ ਸੰਬੰਧੀ ਧਾਰਨਾ ਸੰਪੂਰਨ ਜੀਵਨ-ਮੁਕਤੀ ਹੈ। ਇਹ ਇਸ ਸੰਸਾਰ ਵਿਚ ਰਹਿ ਕੇ ਸੰਸਾਰਕ ਕਾਰ-ਵਿਹਾਰ ਕਰਦਿਆਂ ਪ੍ਰਾਪਤ ਕੀਤੀ ਜਾ ਸਕਦੀ ਹੈ। ਪਰ ਇਸ ਸੰਸਾਰਕ ਮਾਇਆ ਦੇ ਭਵ ਸਾਗਰ ਨੂੰ ਪਾਰ ਕਰਨਾ ਪਵੇਗਾ। ਸਹਿਜ ਅਵਸਥਾ ਵਿਚ ਵਿਚਰਦੇ ਹੋਏ ਆਤਮ-ਪ੍ਰਗਾਸ ਰਾਹੀਂ ਉਸ ਪਰਮਜੋਤਿ ਨੂੰ ਸਾਰੇ ਜੀਵਾਂ ਵਿਚ ਪਹਿਚਾਨਣਾ ਪੈਂਦਾ ਹੈ। ਸ੍ਰੀ ਗੁਰੂ ਰਵਿਦਾਸ ਅਨੁਸਾਰ ਇਹ ਮੁਕਤੀ 'ਬੇਗਮਪੁਰਾ' ਸ਼ਹਿਰ ਦਾ ਵਾਸੀ ਬਣਨ ਨਾਲ ਪ੍ਰਾਪਤ ਹੋ ਸਕਦੀ ਹੈ।

ਇਸ ਤਰ੍ਹਾਂ ਜਿਹੜੇ ਜੀਵ ਪਰਮ-ਰੂਪ ਬਣ ਕੇ ਉਸ ਨਾਲ ਸਦੀਵੀ ਇਕਮਿਕਤਾ ਪ੍ਰਾਪਤ ਕਰ ਜਾਂਦੇ ਹਨ ਉਹ ਬੈਕੁੰਠ ਨਗਰ ਦੇ ਵਾਸੀ ਬਣ ਜਾਂਦੇ ਹਨ। ਗੁਰੂ ਰਵਿਦਾਸ ਜੀ ਇਸ ਨੂੰ ਪਾਰ ਮੁਕਤੀ ਆਖਦੇ ਹਨ:-

1 ਪਾਰ ਗਯਾ ਚਾਹੈ ਸਬ ਕੋਈ, ਰਹਿ ਉਰਵਾਰ ਪਾਰ ਨਹੀਂ ਹੋਈ।
ਪਾਰ ਕਹੈ ਉਰਵਾਰ ਸੂੰ ਪਾਰਾ, ਬਿਨ ਪਦ ਪਰਚੈ ਭ੍ਰਮੈ ਗੰਵਾਰਾ।[247]

2 ਉਰਵਾਰ ਪਾਰ ਕੇ ਦਾਨੀਆ, ਲਿਖਿ ਲੇਹੁ ਆਲ ਪਤਾਲੁ।
ਮੋਹਿ ਜਮੁ ਡੰਡੁ ਨ ਲਗਈ ਤਜੀਲੇ ਸਰਬ ਜੰਜਾਲੁ।।[248]

3. ਛੋਡਹੁ ਕਾਮ ਕ੍ਰੋਧ ਬੁਰਿਆਈ।। ਹਉਮੈ ਧੰਧੁ ਛੋਡਹੁ ਲੰਪਟਾਈ।।
ਸਤਿਗੁਰ ਸਰਣਿ ਪਰਹੁ ਤ ਉਬਰਹੁ ਇਉ ਤਰੀਐ ਭਵਜਲੁ ਭਾਈ ਹੇ।।[249]

4. ਸਤ ਸੰਤੋਖਿ ਰਹਹੁ ਜਨ ਭਾਈ।। ਖਿਮਾ ਗਹਹੁ ਸਤਿਗੁਰ ਸਰਣਾਈ।
ਆਤਮੁ ਚੀਨਿ ਪਰਾਤਮੁ ਚੀਨਹੁ ਗੁਰ ਸੰਗਤਿ ਇਹੁ ਨਿਸਤਾਰਾ ਹੇ।।[250]

5. ਸੇ ਗੁਣ ਗਾਵਹਿ ਸਾਰੇ ਭਾਵਹਿ।। ਤੁਝ ਤੇ ਉਪਜਹਿ ਤੁਝ ਮਾਹਿ ਸਮਾਵਹਿ।।
ਨਾਨਕ ਸਾਚੁ ਕਹੈ ਬੇਨੰਤੀ ਮਿਲਿ ਸਾਰੇ ਸੁਖੁ ਪਾਇਦਾ।।[251]

## ਗੁਰਮੁਖ ਦਾ ਆਦਰਸ਼ ਅਤੇ ਜੀਵਨ ਮੁਕਤੀ

ਪਹਿਲਾਂ ਕਿਹਾ ਜਾ ਚੁੱਕਾ ਹੈ ਕਿ ਸ਼੍ਰੀ ਗੁਰੂ ਰਵਿਦਾਸ ਜੀ ਅਤੇ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਜੀਵਨ ਮੁਕਤੀ ਨੂੰ ਸਭ ਤੋਂ ਸ਼੍ਰੇਸ਼ਠ ਮੰਨਿਆ ਹੈ। ਇਹ ਮੁਕਤੀ ਇਸੇ ਜੀਵਨ ਵਿਚ ਸੰਸਾਰਕ ਕਾਰ-ਵਿਹਾਰ ਕਰਦਿਆਂ ਪ੍ਰਾਪਤ ਕੀਤੀ ਜਾ ਸਕਦੀ ਹੈ। ਜੀਵਨ-ਮੁਕਤ ਵਿਅਕਤੀ ਦਾ ਜੀਵਨ ਈਸ਼ਵਰ ਵਿੱਚ ਕੇਂਦਰਤ ਹੋ ਜਾਂਦਾ ਹੈ ਅਤੇ ਉਹ ਗੁਰਮੁਖ ਕਹਾਉਂਦਾ ਹੈ।

ਮਨੁੱਖਾਂ ਨੂੰ ਦੋ ਕਿਸਮਾਂ ਵਿੱਚ ਵੰਡਿਆ ਜਾ ਸਕਦਾ ਹੈ (1) ਅੰਤਰਮੁਖੀ ,(2) ਬਾਹਰਮੁਖੀ। ਅੰਤਰਮੁਖੀ ਵਿਅਕਤੀ ਮਾਨਸਿਕ ਜੀਵਨ ਵਲ ਮੁੜਦਾ ਹੈ ਅਤੇ ਬਾਹਰਮੁਖੀ ਸੰਸਾਰ ਵਲ। ਇਹ ਦੋਵੇਂ ਪ੍ਰਵਿਰਤੀਆਂ ਠੀਕ ਨਹੀਂ। ਸ਼੍ਰੀ ਗੁਰੂ ਰਵਿਦਾਸ ਜੀ ਅਤੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੋਹਾਂ ਨੇ ਹੀ ਇਹੋ ਜਿਹੇ ਵਿਅਕਤੀਆਂ ਨੂੰ ਠੀਕ ਨਹੀਂ ਮੰਨਿਆ। ਕਿਉਂਕਿ ਮਨੁੱਖ ਸੰਸਾਰ ਦੇ ਕੰਮ 'ਅਹੰਭਾਵ' ਲਈ ਕਰਦਾ ਹੈ ਅਤੇ ਉਹ ਸਦਾ ਆਤਮ ਕੇਂਦਰਤ ਰਹਿੰਦਾ ਹੈ। ਪਰ ਜਦੋਂ ਅਹੰਕਾਰ ਨੂੰ ਤਿਆਗ ਕੇ ਜੀਵ ਦੀ ਜੀਵਨ ਦਿਸ਼ਾ ਈਸ਼ਵਰ ਵਲ ਮੁੜ ਜਾਂਦੀ ਹੈ ਤਾਂ ਅਜਿਹਾ ਜੀਵ ਗੁਰਮੁਖ ਹੁੰਦਾ ਹੈ। ਗੁਰਮੁਖ ਨਾਮ ਯੋਗ ਧਾਰਨ ਕਰਕੇ ਸੰਸਾਰਕ ਕਾਰ-ਵਿਹਾਰ ਕਰਦਾ ਹੋਇਆ ਵੀ ਪਰਮਾਤਮਾ ਨੂੰ ਯਾਦ ਕਰਦਾ ਹੈ। ਗੁਰਮੁਖ ਨੂੰ ਬ੍ਰਹਮ-ਗਿਆਨੀ ਵੀ ਕਿਹਾ ਜਾਂਦਾ ਹੈ। ਅਜਿਹੇ ਜੀਵ ਮਹਾਂਪੁਰਸ਼ਾਂ ਦੀ ਬਾਣੀ ਪੜ੍ਹ ਕੇ ਜਾਂ ਸੁਣ ਕੇ ਅਮਲ ਕਰਦੇ ਹਨ। ਉਹ ਜੀਵਨ-ਮੁਕਤ ਹੋ ਜਾਂਦੇ ਹਨ। ਉਹ ਇਸ ਭਵਜਲ ਤੋਂ ਤਰਦੇ ਹਨ ਅਤੇ ਹੋਰਾਂ ਨੂੰ ਵੀ ਤਾਰਦੇ ਹਨ।

ਆਮ ਤੌਰ ਤੇ ਜਨਮ-ਮਰਨ ਦੇ ਗੇੜ ਤੋਂ ਛੁਟਕਾਰਾ ਪ੍ਰਾਪਤ ਕਰਨ ਨੂੰ ਹੀ ਮੁਕਤ ਹੋਣਾ ਕਿਹਾ ਜਾਂਦਾ ਹੈ ਪਰ ਇਹ ਪਰਿਭਾਸ਼ਾ ਅਧੂਰੀ ਹੈ। ਜਿੰਨਾ ਚਿਰ ਪ੍ਰਭੂ ਨਾਲ ਗੁਣਾਤਮਕ ਏਕਤਾ

ਪੈਦਾ ਕਰਕੇ ,ਏਕਾਗਰਮ ਹੋਕੇ ਵਲੀਨਤਾ ਪ੍ਰਾਪਤ ਨਾ ਕੀਤੀ ਜਾਵੇ, ਉਨੀ ਦੇਰ ਤੱਕ ਮੁਕਤੀ ਦਾ ਸੰਕਲਪ ਅਪੂਰਣ ਰਹਿੰਦਾ ਹੈ। ਗੁਰੂ ਸਾਹਿਬਾਨ ਦੀ ਵਿਚਾਰਧਾਰਾ ਅਨੁਸਾਰ ਜਨਮ-ਮਰਨ ਦੇ ਗੇੜ ਤੋਂ ਛੁਟਕਾਰਾ ਪ੍ਰਾਪਤ ਕਰਕੇ ਏਕਾਗਰਸ ਹੋਕੇ ਪ੍ਰਭੂ ਵਿਚ ਅਭੇਦ ਹੋਣਾ ਹੈ। ਜਿਸ ਪਿਛੋਂ ਜਨਮ-ਮਰਨ ਦਾ ਗੇੜ ਮੁੱਕ ਜਾਂਦਾ ਹੈ ਅਤੇ ਜੀਵ ਨਾ ਕੇਵਲ ਕਰਤਾਰੀ-ਸ਼ਕਤੀਆਂ ਜਾਂ ਗੁਣਾਂ ਦਾ ਧਾਰਨੀ ਬਣ ਜਾਂਦਾ ਹੈ, ਸਗੋਂ ਕਰਤਾਰ ਦਾ ਭਾਗ ਬਣ ਜਾਂਦਾ ਹੈ। ਪ੍ਰਭੂ ਦੀ ਨਜ਼ਦੀਕੀ ਪ੍ਰਾਪਤ ਕਰ ਲੈਣੀ ਵੀ ਇਕ ਪ੍ਰਾਪਤੀ ਹੈ। ਜਿਥੇ ਪੁੱਜ ਕੇ ਅਜੇ ਉਚੇਰੀਆਂ ਮੰਜਲਾਂ ਵਲ ਵਿਕਾਸ ਕਰਨਾ ਹੁੰਦਾ ਹੈ।

ਅਜਿਹੇ ਗੁਰਮੁਖ ਲੋਕ ਸਹਜ ਅਵਸਥਾ ਵਿਚ ਵਿਚਰਦੇ ਹੋਏ ਪਰਮਾਤਮਾ ਵਿਚ ਸੁਰਤੀ ਜੋੜੀ ਰੱਖਦੇ ਹਨ। ਆਤਮ-ਪ੍ਰਕਾਸ਼ ਹੋਣ ਨਾਲ ਜਨਮ-ਮਰਨ ਦਾ ਡਰ ਖਤਮ ਹੋ ਜਾਂਦਾ ਹੈ। ਦਿਲ ਦਰਿਆ ਵਿਚੋਂ ਹੀਰੇ ਦੀ ਪ੍ਰਾਪਤੀ ਹੀ ਨਿਰਵਾਨ ਪਦ ਹੈ। ਪਰ ਇਸ ਨੂੰ ਸੰਤ ਪੁਰਖ ਹੀ ਖੋਜ ਤੇ ਬੁੱਝ ਸਕਦਾ ਹੈ। ਅਜਿਹਾ ਬ੍ਰਹਮ-ਗਿਆਨੀ ਆਪ 'ਪਰਮੇਸਰ' ਹੋਣ ਦਾ ਮਾਣ ਪ੍ਰਾਪਤ ਕਰਦਾ ਹੈ:—

1. ਸਹਜ ਸਮਾਧਿ ਉਪਾਧਿ ਰਹਤ ਫੁਨਿ ਬੜੇ ਭਾਗ ਲਿਵ ਲਾਗੀ।
ਕਹਿ 'ਰਵਿਦਾਸ' ਪ੍ਰਗਾਸ ਰਿਦੈ ਧਰਿ ਜਨਮ ਮਰਨ ਭੈ ਭਾਗੀ ।।[252]

2. ਦਿਲ ਦਰਿਯਾਬ ਹੀਰਾ ਲਾਲ ਹੈ, ਗੁਰਮੁਖਿ ਸਮਝ ਪਰੈ।
ਮਰਜੀਵਾ ਕੀ ਸੈਨ ਵਿਚਾਰੈ, ਤਉ ਹੀਰਾ ਹਾਥ ਧਰੈ।।
ਕਹਿ ਰਵਿਦਾਸ ਸਮਝਿ ਰੇ ਸੰਤਿ, ਇਹ ਪਦ ਹੈ ਨਿਰਵਾਨ।
ਇਹ ਰਹਸਿ ਕੋਊ ਖੋਜੈ ਬੁਝੈ, ਸੋਊ ਹੈ ਸੰਤ ਸੁਜਾਨ।।[253]

ਸੋ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:—

1. ਤਿਥੈ ਭਗਤ ਵਸਹਿ ਕੇ ਲੋਅ। ਕਰਹਿ ਅਨੰਦੁ ਸਚਾ ਮਨਿ ਸੋਇ।
ਸਚੁ ਖੰਡਿ ਵਸੈ ਨਿਰੰਕਾਰੁ। ਕਰਿ ਕਰਿ ਵੇਖੈ ਨਦਰਿ ਨਿਹਾਲੁ।
ਤਿਥੈ ਖੰਡ ਮੰਡਲ ਵਰਭੰਡ। ਜੇ ਕੋ ਕਥੈ ਤ ਅੰਤੁ ਨ ਅੰਤੁ।
ਤਿਥੈ ਲੋਅ ਲੋਅ ਆਕਾਰ। ਜਿਵ ਜਿਵ ਹੁਕਮੁ ਤਿਵੈ ਤਿਵ ਕਾਰ।
ਵੇਖੈ ਵਿਗਸੈ ਕਰਿ ਵੀਚਾਰੁ। ਨਾਨਕ ਕਥਨਾ ਕਰੜਾ ਸਾਰ।[254]

2. ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ।
ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ।[255]

3. ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ।
ਤੂ ਸਰਬ ਜੀਆ ਪ੍ਰਤਿਪਾਲਹੀ ਲੇਖੈ ਸਾਸ ਗਿਰਾਸ।
ਅੰਤਰਿ ਗੁਰਮੁਖਿ ਤੂ ਵਸਹਿ ਜਿਉ ਭਾਵੈ ਤਿਉ ਨਿਰਜਾਸਿ।।[256]

ਸ੍ਰੀ ਗੁਰੂ ਰਵਿਦਾਸ ਜੀ ਨੇ ਤਾਂ ਆਪਣੇ ਬ੍ਰਹਮ ਨੂੰ ਵੀ ਜੀਵਨ ਮੁਕਤਿ ਨਿਧੀ ਕਾਸੀ ਕਿਹਾ ਹੈ। ਜੀਵਨ-ਮੁਕਤ ਹੋਣਾ ਹੀ ਤਾਂ ਨਿਰਵਾਨ ਪਦ ਦੀ ਪ੍ਰਾਪਤ ਹੈ। ਇਹ ਜੀਵਨ ਮੁਕਤੀ ਗੁਰਮੁਖ, ਸੰਤ ਜਨ ਅਤੇ ਸਾਧੂ ਲੋਕ ਹੀ ਪ੍ਰਾਪਤ ਕਰ ਸਕਦੇ ਹਨ। ਇਹੋ ਜਿਹੇ ਗੁਰਮੁਖਿ ਲੋਕ ਸਾਧ ਸੰਗਤ ਵਿਚ ਬੈਠ ਕੇ ਹਰੀ ਦਾ ਜਸ ਗਾਇਣ ਕਰਦੇ ਹਨ। ਉਹ ਆਪਣਾ ਤਨ, ਮਨ ਤੇ ਧਨ ਸੰਤਾਂ ਲਈ ਵਾਰ ਦਿੰਦੇ ਹਨ। ਉਹ ਆਪ ਵੀ ਤਰ ਜਾਂਦੇ ਹਨ ਅਤੇ ਹੋਰਨਾਂ ਨੂੰ ਵੀ ਤਾਰ ਦਿੰਦੇ ਹਨ:–

1. ਕਹੈ ਰਵਿਦਾਸ ਸਹਜ ਸੁੰਨਿ ਸਤਿ।। ਜੀਵਨ ਮੁਕਤਿ ਨਿਧੀ ਕਾਸੀ।[257]
2. ਘ੍ਰਿਤ ਕਾਰਨ ਦਧਿ ਮਥੈ ਸਆਨ।। ਜੀਵਨ-ਮੁਕਤ ਸਦਾ ਨਿਰਵਾਨ।।[258]
3. ਆਂਗਨ ਬਗਰ ਭੁਵਨ ਭਯੋ ਪਾਵਨ, ਹਰਿਜਨ ਬੈਠੇ ਹਰਿ ਜਸ ਗਾਵਨ।
ਕਰੌਂ ਡੰਡੌਤ ਅਰੁ ਚਰਨ ਪਖਾਰੌਂ, ਤਨ ਮਨ ਧਨ ਸੰਤਨ ਪਰ ਵਾਰੌਂ।
ਕਥਾ ਕਹੈਂ ਅਰੁ ਅਰਥ ਵਿਚਾਰੈਂ, ਆਪ ਤਰੈਂ ਔਰਨਿ ਲੈਂ ਤਾਰੈਂ।[259]

ਸ੍ਰੀ ਗੁਰੂ ਨਾਨਕ ਦੇਵ ਜੀ ਵੀ ਅਜਿਹੇ ਹੀ ਵਿਚਾਰਾਂ ਦੇ ਧਾਰਨੀ ਸਨ। ਉਹ ਵੀ ਲਿਖਦੇ ਹਨ:-

1. ਮੰਨੈ ਪਾਵਹਿ ਮੋਖੁ ਦੁਆਰੁ। ਮੰਨੈ ਪਰਵਾਰੈ ਸਾਧਾਰੁ।
ਮੰਨੈ ਤਰੈ ਤਾਰੇ ਗੁਰ ਸਿਖ। ਮੰਨੈ ਨਾਨਕ ਭਵਹਿ ਨ ਭਿਖ।[260]
2. ਸਹਜ ਭਾਇ ਮਿਲੀਐ ਸੁਖੁ ਹੋਵੈ, ਗੁਰਮੁਖਿ ਜਾਗੈ, ਨੀਦ ਨ ਸੋਵੈ।
ਸੁੰਨ ਸਬਦ ਅਪਰੰਪਰਿ ਧਾਰੈ।। ਕਹਤੇ ਮੁਕਤੁ ਸਬਦਿ ਨਿਸਤਾਰੈ।।
ਗੁਰ ਕੀ ਦੀਖਿਆ, ਸੇ ਸਚਿ ਰਾਤੇ।। ਨਾਨਕ ਆਪੁ ਗਵਾਇ ਮਿਲਣ, ਨਹੀ ਭ੍ਰਾਤੇ।।

- - - - - - - - - - - - - - - - - - - - - - - - -

ਸਾਰੁ ਵਖਰੁ ਧਨੁ ਪਲੈ ਹੋਇ।। ਆਪਿ ਤਰੈ, ਤਾਰੇ ਭੀ ਸੋਇ।।
ਸਹਜਿ ਰਤਾ ਬੂਝੈ, ਪਤਿ ਹੋਇ।। ਤਾ ਕੀ ਕੀਮਤਿ ਕਰੈ ਨ ਕੋਇ।।
ਜਹ ਦੇਖਾ ਤਹ ਰਹਿਆ ਸਮਾਇ।। ਨਾਨਕ, ਪਾਰਿ ਪਰੈ ਸਚ ਭਾਇ।।[261]

ਗੁਰਮੁਖ ਰਾਤ ਦਿਨ ਪਰਮਾਤਮਾ ਦੇ ਨਾਮ ਦੇ ਪਿਆਲੇ ਵਿਚ ਮਸਤ ਰਹਿੰਦਾ ਹੈ ਅਤੇ ਮੁਕਤੀ ਪ੍ਰਾਪਤ ਕਰ ਲੈਂਦਾ ਹੈ। ਪਰ ਕਿਉਂਕਿ ਉਹ ਪਰਮਾਤਮਾ ਸਹਜ ਸੁੰਨ ਅਵਸਥਾ ਵਿਚ ਵਿਚਰ ਰਿਹਾ ਹੈ। ਇਸ ਲਈ ਉਸਨੂੰ ਕੋਈ ਗੁਰਮੁਖਿ ਹੀ ਪ੍ਰਾਪਤ ਕਰ ਸਕਦਾ ਹੈ ਅਜਿਹੇ ਜੀਵ ਹਰ ਸਮੇਂ ਪਰਮਾਤਮਾ ਦੀ ਰਜ਼ਾ ਵਿਚ ਰਾਜ਼ੀ ਰਹਿੰਦੇ ਹਨ:—

1. ਚੰਦ ਸੂਰ ਦੋਊ ਸਨਮੁਖ ਹੋਇ, ਪੀਵੈ ਪਿਆਲਾ ਮਰੈ ਨ ਕੋਇ।
ਸਹਜ ਸੁੰਨ ਮੈਂ ਭਾਠੀ ਸ੍ਵੈ, ਰਵਿਦਾਸ ਗੁਰਮੁਖਿ ਦ੍ਵੈ।।[262]

2. ਜੋ ਤਿਸੁ ਭਾਵੈ ਸੋ ਕਰੇ ਅਵਰੁ ਨ ਕਰਣਾ ਜਾਇ।।
ਜਿਸੁ ਤੂ ਮੇਲਹਿ ਸੋ ਮਿਲੈ, ਗੁਰਮੁਖਿ ਪਾਵਹਿ ਨਾਉ।।[263]

3.

ਅਜਿਹਾ ਪੁਰਸ਼ ਆਮ ਲੋਕਾਂ ਨੂੰ ਕੁਝ ਸਾਧਾਰਣ ਜਾਪ ਸਕਦਾ ਹੈ ਕਿਉਂ ਕਿ ਉਹ ਨਾਮ-ਖੁਮਾਰੀ, ਆਨੰਦ, ਅਮਿਤੰਰਸ ਦੇ ਸੁਆਦ ਨਾਲ ਸਰਾਬੋਰ ਹੁੰਦਾ ਹੈ। ਇਹੋ ਹੀ ਅਧਿਆਤਮਕ ਖੁਮਾਰੀ ਹੈ। ਅਸਲ ਵਿਚ ਅਜਿਹਾ ਜੀਵ ਬਾਹਰੋਂ ਭੋਲਾ ਤੇ ਸਾਧਾਰਣ ਹੁੰਦਾ ਹੈ ਪਰ ਅੰਦਰੋਂ ਗਿਆਤਾ, ਭੈਰਹਿਤ ਅਤੇ ਸੁਝਾਰੂ ਹੁੰਦਾ ਹੈ। ਆਤਰਿਕ ਅਮੀਰੀ ਪ੍ਰਾਪਤ ਕਰਕੇ ਉਹ ਸਮਾਜਿਕ ਕਰਤਵ ਦੀ ਪਾਲਣਾ ਕਰਦਾ ਹੈ। ਅੰਮ੍ਰਿਤਰਸ ਦੀ ਇਸ ਖੁਮਾਰੀ ਬਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਵੀ ਲਿਖਦੇ ਹਨ:—

1. ਜਿਉ ਜਿਉ ਸਾਹਿਬ ਮਨਿ ਵਸੈ ਗੁਰਮੁਖਿ ਅੰਮ੍ਰਿਤ ਪੇਉ।
ਮਨ ਤਨੁ ਤੇਰਾ ਤੂ ਧਣੀ ਗਰਬੁ ਨਿਵਾਰਿ ਸਮੇਉ।।[264]

2. ਗੁਰਮੁਖਿ ਆਵੈ ਜਾਇ ਨਿਸੰਗੁ।। ਪਰ ਹਰਿ ਮੈਲੁ ਜਲਾਇ ਕਲੰਕੁ।।
- - - - - - - - - - - - - - - - - - - - - - -
ਗੁਰਮੁਖਿ ਸਬਦੁ ਅੰਮ੍ਰਿਤੁ ਹੈ ਸਾਰੁ।। ਨਾਨਕ ਗੁਰਮੁਖਿ ਪਾਵੈ ਪਾਰੁ।[265]

ਸ੍ਰੀ ਗੁਰੂ ਰਵਿਦਾਸ ਜੀ ਅਜਿਹੇ ਲੋਕਾਂ ਨੂੰ ਸਾਧੂ ਵੀ ਆਖਦੇ ਹਨ ਜੋ ਹਰ ਸਮੇਂ ਪਰਮਾਤਮਾ ਵਿਚ ਲੀਨ ਰਹਿੰਦੇ ਹਨ। ਉਹ ਵਿਸ਼ੇ-ਵਿਕਾਰਾਂ ਉਤੇ ਕਾਬੂ ਪ੍ਰਾਪਤ ਕਰ ਲੈਂਦੇ ਹਨ। ਸੰਸਾਰਕ ਕਾਰ-ਵਿਹਾਰ ਕਰਦਿਆਂ ਹੋਇਆਂ ਵੀ ਉਹ ਨਿਰਲੇਪ ਰਹਿੰਦੇ ਹਨ। ਉਨ੍ਹਾਂ ਦੀ ਰੁਚੀ ਹਮੇਸ਼ਾ ਪਰਉਪਕਾਰ ਵਿਚ ਰਹਿੰਦੀ ਹੈ। ਉਹ ਹਰ ਕਾਰਜ ਪਰਮਾਤਮਾ ਦਾ ਹੁਕਮ ਮੰਨ ਕੇ ਕਰਦੇ ਹਨ, ਪਰ ਆਪਾ ਨਹੀਂ ਜਤਾਉਂਦੇ। ਉਹ ਪਰਮਾਤਮਾ ਤੇ ਕਦੇ ਵੀ ਗਿਲਾ ਸ਼ਿਕਵਾ ਨਹੀਂ ਕਰਦੇ। ਪਰਮਾਤਮਾ ਅੱਗੇ ਭੇਟ ਚੜ੍ਹਾਉਣ ਲਈ ਉਹ ਸੀਸ ਕਟਾਉਣ ਲਈ ਵੀ ਤਿਆਰ ਹੁੰਦੇ ਹਨ।

1. ਰਵਿਦਾਸ ਸੋਈ ਸਾਧੂ ਭਲੋ, ਜਉ ਜਗ ਮਹਿੰ ਲਿਪਤ ਨ ਹੋਇ।
ਗੋਬਿੰਦ ਸੋ ਰਾਂਚਾ ਰਹਈ, ਅਰੁ ਜਾਨਹਿੰ ਨਹਿੰ ਕੋਇ।।[266]
2. ਰਵਿਦਾਸ ਸੋਈ ਸਾਧੂ ਭਲੋ, ਜਿਹ ਮਨ ਨਿਰਮਲ ਹੋਇ।
ਰਾਮ ਭਜਹਿ ਵਿਸ਼ਯਾ ਤਜਹਿ, ਸਿਧ ਭਾਖੀ ਨ ਹੋਇ।।[267]
3. ਰਵਿਦਾਸ ਸੋਈ ਸਾਧੂ ਭਲੋ, ਜੋ ਪਰਉਪਕਾਰ ਕਮਾਇ।
ਜਇ ਸੋਈ ਕਹਹਿੰ, ਵਇ ਸੋਇ ਕਰਹਿ, ਆਪਾ ਨਾਹਿੰ ਜਤਾਇ।।[268]
4. ਰਵਿਦਾਸ ਸੋਈ ਸਾਧੂ ਭਲੋ, ਜੋ ਸਾਹਿਬ ਹੱਥ ਬਿਕਾਇ।
ਸਾਹਿਬ ਭੇਟ ਚਢਾਨ ਕਉ, ਅਪਨਹ ਸੀਸ ਕਟਾਇ।।[269]

ਸ੍ਰੀ ਗੁਰੂ ਰਵਿਦਾਸ ਜੀ ਅਜਿਹੇ ਗੁਰਮੁਖਿ ਜੀਵਾਂ ਨੂੰ ਸੋਧੀਆਂ ਦੇ ਸਮਾਨ ਸਮਝਦੇ ਹਨ, ਜੋ ਦੁੱਖ-ਸੁੱਖ ਨੂੰ ਬਰਾਬਰ ਜਾਣਦੇ ਹਨ। ਸੱਤ, ਸੰਤੋਖ ਅਤੇ ਸਦਾਚਾਰ ਉਨ੍ਹਾਂ ਦੇ ਜੀਵਨ ਦਾ ਆਧਾਰ ਹੁੰਦਾ ਹੈ। ਗੁਰੂ ਜੀ ਅਨੁਸਾਰ ਗੁਰਮਖਿ ਜਾਂ ਸਾਧ ਲੋਕ ਤਾਂ ਕੇਵਲ ਪ੍ਰਭੂ ਦੇ ਦਰਸ਼ਨਾਂ ਦੇ ਚਾਹਵਾਨ ਹੁੰਦੇ ਹਨ। ਉਹਨਾਂਨਾਹੀ ਸਵਰਗ ਭੋਗਣ ਦੀ ਇੱਛਾ ਰਖਦੇ ਹਨ, ਨਾ ਹੀ ਬੈਕੁੰਠ ਪ੍ਰਾਪਤੀ ਦੀ:-

1. ਸੁਖ ਦੁਖ ਹਾਨੀ ਲਾਭ ਕਉ, ਜਉ ਸਮਝਹਿੰ ਇਕ ਸਮਾਨ।
ਰਵਿਦਾਸ ਤਿਨਹਿੰ ਜਾਨੀਏ, ਜੋਗੀ ਪੁਰਸ਼ ਸੁਜਾਨ।[270]
2. ਸੱਤ, ਸੰਤੋਖ ਅਰੁ ਸਦਾਚਾਰ, ਜੀਵਨ ਕੋ ਆਧਾਰ।
ਰਵਿਦਾਸ ਭਏ ਨਰ ਦੇਵਤੇ, ਜਿਨ ਤਿਆਗੇ ਪੰਚ ਵਿਕਾਰ।[271]
3. ਸੁਰਗ-ਭੋਗ ਚਾਹੈ ਨਹੀਂ, ਨਹਿੰ ਵੈਕੁੰਠ ਨਿਵਾਸ।
ਦਰਸ ਚਹੈ ਸਤ ਰਾਮ ਕੇ, ਉਹੈ ਸਾਧ ਰੈਦਾਸ।।[272]

ਸ੍ਰੀ ਗੁਰੂ ਨਾਨਕ ਦੇਵ ਜੀ ਵੀ ਸ੍ਰੀ ਗੁਰੂ ਰਵਿਦਾਸ ਵਾਂਗ ਇਸੇ ਵਿਚਾਰ ਦੇ ਧਾਰਨੀ ਹਨ ਕਿ ਗੁਰਮੁਖਿ ਗੁਰੂ ਦੇ ਦੱਸੇ ਰਾਹ ਤੇ ਤੁਰਦਾ ਹੈ ਉਹ ਆਪਣੇ ਆਪ ਨੂੰ ਪਛਾਣਦਾ ਹੈ ਅਤੇ ਸਦਾ ਸੱਚੇ ਪ੍ਰਭੂ ਵਿਚ ਜੁੜਿਆ ਰਹਿੰਦਾ ਹੈ। ਉਹ ਸੰਸਾਰਕ ਕਾਰ-ਵਿਹਾਰ ਕਰਦਿਆਂ ਵੀ ਪਾਣੀ ਵਿਚ ਉਗੇ ਕੰਵਲ ਦੇ ਫੁੱਲ ਅਤੇ ਨਦੀ ਵਿਚ ਤਰਦੀ ਮੁਰਗਾਬੀ ਵਾਂਗ ਨਿਰਲੇਪ ਰਹਿੰਦਾ ਹੈ। ਸੰਸਾਰਕ ਆਸ਼ਾਂ ਵਲੋਂ ਨਿਰਾਸ਼ ਰਹਿੰਦਾ ਹੈ। ਸੰਸਾਰ ਵਿਚ ਰਹਿੰਦਾ ਹੋਇਆ ਵੀ ਸੰਸਾਰ ਤੋਂ ਲਾਂਭੇ ਰਹਿੰਦਾ ਹੈ। ਮਨ ਵਿਚ ਸਤਿਗੁਰ ਦੇ ਸ਼ਬਦ ਨੂੰ ਵਸਾ ਕੇ ਉਹ ਆਪਣੀ ਹਉਮੈ

ਅਤੇ ਮਮਤਾ ਨੂੰ ਦੂਰ ਕਰ ਲੈਂਦਾ ਹੈ। ਕਾਮ, ਕ੍ਰੋਧ ਅਤੇ ਅਹੰਕਾਰ ਨੂੰ ਹਮੇਸ਼ਾ ਲਈ ਆਪਣੇ ਅੰਦਰੋਂ ਖਤਮ ਕਰ ਦਿੰਦਾ ਹੈ। ਸੱਤ, ਸੰਤੋਖ ਤੇ ਸੰਜਮ ਦਾ ਧਾਰਨੀ ਹੋ ਜਾਂਦਾ ਹੈ:-

1. ਗੁਰਮੁਖਿ ਬੂਝੈ ਆਪੁ ਪਛਾਣੈ, ਸਚੇ ਸਚਿ ਸਮਾਣੈ।

- - - - - - - - - - - - - - - - - -

ਜੈਸੇ ਜਲ ਮਹਿ ਕਮਲੁ ਨਿਰਾਲਮੁ, ਮੁਰਗਾਈ ਨੈ ਸਾਣੇ॥
ਸੁਰਤਿ ਸਬਦਿ ਭਵ ਸਾਗਰੁ ਤਰੀਐ, ਨਾਨਕ ਨਾਮੁ ਵਖਾਣੇ॥
ਰਹਹਿ ਇਕਾਂਤਿ, ਏਕੋ ਮਨਿ ਵਸਿਆ, ਆਸਾ ਮਾਹਿ ਨਿਰਾਸੋ॥[273]

2. ਅੰਤਰਿ ਸਬਦੁ ਨਿਰੰਤਰਿ ਮੁਦ੍ਰਾ, ਹਉਮੈ ਮਮਤਾ ਦੂਰਿ ਕਰੀ॥
ਕਾਮੁ ਕ੍ਰੋਧੁ ਅਹੰਕਾਰੁ ਨਿਵਾਰੈ, ਗੁਰ ਕੈ ਸਬਦਿ ਸੁ ਸਮਝ ਪਰੀ॥[274]

- - - - - - - - - - - - - - - - - - - - - - - -

ਸਤੁ ਸੰਤੋਖੁ ਸੰਜਮੁ ਹੈ ਨਾਲਿ॥ ਨਾਨਕ ਗੁਰਮੁਖਿ ਨਾਮੁ ਸਮਾਲਿ॥

ਗੁਰਮੁਖਿ ਮਾਇਆ ਦੇ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ। ਉਹ ਗੁਰੂ ਦੇ ਸ਼ਬਦ ਰਾਹੀਂ ਮਨ ਤੇ ਤਨ ਕਰਕੇ ਪ੍ਰਭੂ ਵਿਚ ਜੁੜਿਆ ਰਹਿੰਦਾ ਹੈ ਤੇ ਉਸੇ ਵਿਚ ਲੀਨ ਰਹਿੰਦਾ ਹੈ:-

ਘਟਿ ਘਟਿ ਗੁਪਤਾ ਗੁਰਮੁਖਿ ਮੁਕਤਾ॥ ਅੰਤਰਿ ਬਾਹਰਿ ਸਬਦਿ ਸੁ ਜੁਗਤਾ।
ਮਨਮੁਖਿ ਬਿਨਸੈ ਆਵੈ ਜਾਇ॥ ਨਾਨਕ ਗੁਰਮੁਖਿ ਸਾਚਿ ਸਮਾਇ॥[275]

ਸ੍ਰੀ ਗੁਰੂ ਨਾਨਕ ਦੇਵ ਜੀ ਗੁਰਮੁਖਿ ਨੂੰ ਜੋਗੀ ਦੇ ਸਮਾਨ ਦਰਸਾਉਦੇ ਆਖਦੇ ਹਨ ਕਿ ਗੁਰਮੁਖਿ ਗੁਰੂ ਦੇ ਹੁਕਮ ਵਿਚ ਤੁਰਦਾ ਹੈ ਅਤੇ ਉਹ "ਅਵਿਗਤ" ਵਿਚ ਸਮਾ ਜਾਂਦਾ ਹੈ। ਉਹ ਜੀਵਨ ਦੀ ਸਹੀ ਜੁਗਤਿ ਤੇ ਸੱਚ ਨੂੰ ਜਾਣ ਲੈਂਦਾ ਹੈ। ਉਹ ਆਪਾ ਭਾਵ ਮਿਟਾ ਕੇ ਜੀਵਨ ਬਿਤਾਉਂਦਾ ਹੈ। ਗੁਰੂ ਜੀ ਅਨੁਸਾਰ ਅਜਿਹਾ ਪੁਰਖ ਹੀ ਜੋਗੀ ਅਖਵਾਉਣ ਦੇ ਯੋਗ ਹੈ:-

ਹੁਕਮੁ ਬਿਸਮਾਦੁ ਹੁਕਮਿ ਪਛਾਣੈ, ਜੀਅ ਜੁਗਤਿ ਸਚੁ ਜਾਣੈ ਸੋਈ॥
ਆਪੁ ਮੇਟਿ ਨਿਰਾਲਮੁ ਹੋਵੈ, ਅੰਤਰਿ ਸਾਚੁ, ਜੋਗੀ ਕਹੀਐ ਸੋਈ॥[276]

ਗੁਰਮੁਖਿ ਕਿਉਂਕਿ ਗੁਰੂ ਦੇ ਸ਼ਬਦ ਵਿਚ ਰੰਗੇ ਜਾਂਦੇ ਹਨ ਇਸ ਲਈ ਉਨ੍ਹਾਂ ਨੂੰ ਸਦਾ ਟਿਕੇ ਰਹਿਣ ਵਾਲਾ ਨਾਮ-ਰਸ ਮਿਲ ਜਾਂਦਾ ਹੈ। ਉਹ ਦੁੱਖ ਤੇ ਸੁੱਖ ਨੂੰ ਸਮਾਨ ਸਮਝਦੇ ਹਨ। ਉਨ੍ਹਾਂ ਨੂੰ ਮੌਤ ਦਾ ਡਰ ਪੋਹ ਨਹੀਂ ਸਕਦਾ:-

1. ਸਬਦਿ ਰਤੇ ਅੰਮ੍ਰਿਤੁ ਰਸੁ ਪਾਇਆ, ਸਾਰੇ ਰਹੇ ਅਘਾਈ।

\- - - - - - - - - - - - - - - - - - - - - -

ਨਾਨਕ ਦੁਖੁ ਸੁਖੁ ਸਮ ਕਰਿ ਜਾਪੈ, ਸਤਿਗੁਰ ਤੇ ਕਾਲੁ ਨ ਗ੍ਰਾਸੈ।[277]

2. ਸੁਖ ਦੁਖ ਸਮ ਕਰਿ ਜਾਣੀਅਹਿ, ਸਬਦਿ ਭੇਦਿ ਸੁਖੁ ਹੋਇ।।[278]

ਸ੍ਰੀ ਗੁਰੂ ਰਵਿਦਾਸ ਜੀ ਅਨੁਸਾਰ ਬ੍ਰਹਮ ਗਿਆਨੀ ਜਾਂ ਗੁਰਮੁਖਿ ਸੁੱਖ-ਦੁੱਖ ਤੋਂ ਨਿਰਲੇਪ ਹੋਣ ਕਰਕੇ 'ਸਹਿਜ ਪਦ' ਦਾ ਧਾਰਨੀ ਹੁੰਦਾ ਹੈ। ਇਸ ਆਤਮਿਕ ਅਵਸਥਾ ਵਿਚ ਸੰਸਾਰਕ ਮੋਹ-ਮਾਇਆ ਦਾ ਵਿਨਾਸ਼ ਹੋ ਜਾਂਦਾ ਹੈ। ਸੋਨੇ ਅਤੇ ਮਿੱਟੀ ਵਿਚਲਾ ਅੰਤਰ ਮਿਟ ਜਾਂਦਾ ਹੈ। ਉਸ ਨੂੰ ਅੰਮ੍ਰਿਤ ਅਤੇ ਵਿਸ਼ ਵਿਚ ਕੋਈ ਫ਼ਰਕ ਨਜ਼ਰ ਨਹੀਂ ਆਉਂਦਾ।[279] ਚਾਰੇ ਪਾਸੇ ਸਰਗੁਣ-ਨਿਰਗੁਣ ਰੂਪ ਵਿੱਚ ਉਸ ਪ੍ਰਭੂ ਦੇ ਦਰਸ਼ਨ ਹੁੰਦੇ ਹਨ।[280] ਉਸ ਨੂੰ ਸਵਰਗ-ਨਰਕ ਤੋਂ ਉਪਰ ਅਵਸਥਾ ਦੀ ਪ੍ਰਾਪਤੀ ਹੋ ਜਾਂਦੀ ਹੈ। ਸਭ ਜੀਵਾਂ ਵਿਚ ਇਕ ਪਰਮਤੱਤ ਦੀ ਇਕੋ ਜੋਤਿ ਜਗਦੀ ਨਜ਼ਰ ਆਉਂਦੀ ਹੈ। ਵੇਦ-ਕਤੇਬ, ਪੁਰਾਣ ਅਤੇ ਕੁਰਾਨ ਵਿਚੋਂ ਇਕੋ ਭਾਵਨਾ ਦੇ ਦਰਸ਼ਨ ਹੁੰਦੇ ਹਨ। ਕ੍ਰਿਸ਼ਨ, ਕਰੀਮ, ਹਰੀ ਤੇ ਰਾਘਵ ਵਿਚ ਇਕ ਪਰਮਤੱਤ ਨਜ਼ਰੀਂ ਆਉਂਦਾ ਹੈ।[281] ਮੁਕਦੀ ਗੱਲ ਉਸ ਨੂੰ ਸਾਰੇ ਬ੍ਰਹਮੰਡ ਵਿਚ ਹਰ ਭੇਦ ਅਭੇਦ ਹੋ ਜਾਂਦਾ ਹੈ। ਗੁਰੂ-ਰਵਿਦਾਸ ਜੀ ਸਹਜ-ਸੁਭਾਅ ਦੇ ਸੰਤ ਸਨ। ਉਨ੍ਹਾਂ ਦਾ ਜੀਵਨ ਸੰਘਰਸ਼ਮਈ ਹੋਣ ਦੇ ਬਾਵਜੂਦ ਵੀ ਉਨ੍ਹਾਂ ਨੇ ਮੋਹ-ਮਾਇਆ ਨੂੰ ਵਿਵਹਾਰਿਕ ਰੂਪ ਵਿੱਚ ਤਿਆਗ ਕੇ 'ਬੇਗਮਪੁਰਾ' ਸ਼ਹਿਰ ਦੇ ਵਾਸੀ ਹੋਣ ਦਾ ਮਾਣ ਪ੍ਰਾਪਤ ਕੀਤਾ। ਇਹ ਸ਼ਾਂਤ-ਚਿੱਤ ਅਵਸਥਾ ਉਨ੍ਹਾਂ ਨੇ ਦੁੱਖ, ਚਿੰਤਾ, ਗ਼ਮ ਅਤੇ ਹੋਰ ਸੰਸਾਰਕ ਝਮੇਲਿਆਂ ਤੋਂ ਨਿਰਲੇਪ ਹੋਕੇ ਪ੍ਰਾਪਤ ਕੀਤੀ ਅਤੇ ਦੁਨੀਆਂ ਲਈ ਮਾਰਗ-ਦਰਸ਼ਨ ਦਾ ਕੰਮ ਕੀਤਾ:-

1. ਰੇ ਪਾਖੰਡੀ ਰੰਗ ਰਾਮ ਅਮੀਰਸ।
ਰਸ ਜਿਨਿ ਮਗਨ ਹ੍ਵੈ ਰਹਿਯਾ, ਰਰੰਕਾਰ ਰਾਖੈ ਨਿਤ ਰਸਨਾ।

\- - - - - - - - - - - - - - - - - - - - - - - -

ਭਜੈ ਰਵਿਦਾਸ ਰਾਮ ਨਿਤ ਰਸਨਾ, ਦੁਲਭ ਜਨਮ ਬਿਰਥ ਨਹੀਂ ਗਵਨਾ।[282]

2. ਅਬ ਹਮ ਖੂਬ ਬਤਨ ਘਰ ਪਾਯਾ, ਊਂਚਾ ਖੈਰ ਸਦਾ ਮੁਹਿ ਮਨ ਭਾਯਾ।
ਬੇਗਮਪੁਰਾ ਸ਼ਹਰ ਕਾ ਨਾਉਂ, ਦੂਖੁ ਅੰਦੋਹ ਨਹੀਂ ਤਿਹਿ ਠਾਉਂ।।[283]

ਇਸ ਤਰ੍ਹਾਂ ਸ੍ਰੀ ਗੁਰੂ ਰਵਿਦਾਸ ਜੀ ਨੇ ਗੁਰਮੁਖਿ, ਸਾਧ ਤੇ ਭਗਤ ਲੋਕਾਂ ਦਾ ਜੀਵਨ ਆਦਰਸ਼ ਦਰਸਾਂਦਿਆਂ ਇਹ ਦੱਸਿਆ ਹੈ ਕਿ ਇਹ ਲੋਕ ਹੀ ਮੁਕਤੀ ਦੇ ਅਧਿਕਾਰੀ ਹੁੰਦੇ ਹਨ। ਅਜਿਹੇ ਜੀਵ ਸੰਸਾਰ ਵਿਚ ਰਹਿੰਦਿਆਂ ਹੀ ਸੰਸਾਰ ਤੋਂ ਨਿਰਲੇਪ ਰਹਿੰਦੇ ਹਨ। ਇਹੋ ਹੀ

ਜੀਵਨ ਮੁਕਤੀ ਹੈ। ਅਜਿਹੇ ਜੀਵ ਹੀ ਲੋਕ-ਪਰਲੋਕ ਵਿਚ ਮੁਕਤੀ ਪ੍ਰਾਪਤ ਕਰਦੇ ਹਨ ਅਤੇ ਜੀਵਨ-ਮੁਕਤ ਕਹਾਉਂਦੇ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਵੀ ਲਿਖਦੇ ਹਨ ਕਿ ਗੁਰਮੁਖਿ ਸਰਬ-ਸਿਰਜਣਹਾਰ ਤੇ ਸਰਬ-ਵਿਆਪਕ, ਪ੍ਰਭੂ ਦੀ ਸਿਫ਼ਤ-ਸਲਾਹ ਦੀ ਬਰਕਤ ਨਾਲ ਵਿਕਾਰਾਂ ਤੋਂ ਖਲਾਸੀ ਪ੍ਰਾਪਤ ਕਰਕੇ ਸਭ ਤੋਂ ਉੱਚੀ ਆਤਮਕ ਅਵਸਥਾ ਹਾਸਲ ਕਰ ਲੈਂਦਾ ਹੈ। ਉਹ ਗੁਰੂ ਦੀ ਬਾਣੀ ਰਾਹੀਂ ਆਪਣਾ ਮਨ ਪਰਮਾਤਮਾ ਦੇ ਪਿਆਰ ਦੇ ਰੰਗ ਵਿਚ ਰੰਗ ਲੈਂਦਾ ਹੈ। ਉਸ ਨੂੰ ਜੋਗੀਆਂ ਦੇ ਸਿੰਙੀ ਆਦਿ ਸਾਰੇ ਵਾਜੇ ਤੇ ਹਿੰਦੂ ਮਤ ਦੇ ਵੇਦ ਆਦਿ ਧਰਮ-ਪੁਸਤਕਾਂ ਦੇ ਦਰਸ਼ਨ ਗੁਰੂ ਦੀ ਬਾਣੀ ਵਿਚੋਂ ਹੀ ਹੋ ਜਾਂਦੇ ਹਨ। ਸਾਰੇ ਤੀਰਥਾਂ ਦੇ ਇਸ਼ਨਾਨ ਅਤੇ ਸਾਰੇ ਜਪ ਤਪ ਤੇ ਵਰਤ ਇਸ ਵਿਚੋਂ ਹੀ ਪ੍ਰਾਪਤ ਹੋ ਜਾਂਦੇ ਹਨ ਅਤੇ ਉਹ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ:-

1. ਐਸਾ ਗਿਆਨੁ ਬੀਚਾਰੈ ਕੋਈ।। ਤਿਸ ਤੇ ਮੁਕਤਿ ਪਰਮਗਤਿ ਹੋਈ।[284]

2. ਸਿੰਙੀ ਨਾਦ ਬੇਦ ਗੁਰਬਾਣੀ।। ਮਨੁ ਰਾਤਾ ਸਾਰਿੰਗ ਪਾਣੀ।।
ਤਹ ਤੀਰਥ ਵਰਤ ਤਪ ਸਾਰੇ।। ਗੁਰ ਮਿਲਿਆ ਹਰਿ ਨਿਸਤਾਰੇ।[285]

ਗੁਰਮੁਖ ਦੁੱਖ-ਸੁੱਖ ਨੂੰ ਸਮ ਕਰਕੇ ਜਾਣਦਾ ਹੈ। ਉਹ ਖੁਸ਼ੀ ਗ਼ਮੀ ਤੋਂ ਨਿਰਲੇਪ ਰਹਿੰਦਾ ਹੈ। ਉਸ ਅੰਦਰੋਂ ਆਪਾ ਭਾਵ ਖਤਮ ਹੋ ਜਾਂਦਾ ਹੈ ਤੇ ਉਹ ਹਮੇਸ਼ਾ ਅਡੋਲ ਆਤਮਕ ਅਵਸਥਾ ਵਿਚ ਰਹਿੰਦਾ ਹੈ। ਗੁਰੂ ਦੇ ਸ਼ਬਦ ਵਿਚ ਜੁੜ ਕੇ ਉਸਦੇ ਅੰਦਰੋਂ ਤ੍ਰਿਸ਼ਨਾ ਦੀ ਅੱਗ ਬੁਝ ਜਾਂਦੀ ਹੈ। ਅਡੋਲ ਅਵਸਥਾ ਦੀ ਪ੍ਰਾਪਤੀ ਹੋਣ ਕਰਕੇ ਉਸ ਦੀ ਮਾਇਕ ਪਦਾਰਥਾਂ ਦੀ ਭਟਕਣਾ ਖਤਮ ਹੋ ਜਾਂਦੀ ਹੈ। ਆਨੰਦ ਮੂਲਕ ਪ੍ਰਭੂ ਦੇ ਗੁਣ ਗਾਇਨ ਕਰਕੇ ਉਸ ਨੂੰ ਆਤਮਕ ਆਨੰਦ ਦੀ ਪ੍ਰਾਪਤੀ ਵੀ ਹੋ ਜਾਂਦੀ ਹੈ:-

1. ਦੁਖੁ ਸੁਖੁ ਗੁਰਮੁਖਿ ਸਮ ਕਰ ਜਾਣਾ ਹਰਖ ਸੋਗ ਤੇ ਬਿਰਕਤ ਭਇਆ।
ਆਪੁ ਮਾਰਿ ਗੁਰਮੁਖਿ ਹਰਿ ਪਾਏ, ਨਾਨਕ ਸਹਜਿ ਸਮਾਇ ਲਇਆ।[286]

2. ਤ੍ਰਿਸਨਾ ਅਗਨਿ ਸਬਦਿ ਬੁਝਾਏ।। ਦੂਜਾ ਭਰਮੁ ਸਹਜਿ ਸੁਭਾਏ।
ਗੁਰਮਤੀ ਨਾਮੁ ਰਿਦੈ ਵਸਾਏ।। ਸਾਚੀ ਬਾਣੀ ਹਰਿ ਗੁਣ ਗਾਏ।[287]

3. ਆਨੰਦ ਮੂਲ ਅਨਾਥ ਅਧਾਰੀ।। ਗੁਰਮੁਖਿ ਭਗਤਿ ਸਹਜਿ ਬੀਚਾਰੀ।[288]

ਗੁਰੂ ਜੀ ਅਨੁਸਾਰ ਮੁਕਤੀ ਇਸੇ ਜੀਵਨ ਵਿਚ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸੇ ਲਈ ਉਹ 'ਜੀਵਨ-ਮੁਕਤ' ਵਿਅਕਤੀ ਨੂੰ ਹੀ ਮੁਕਤ ਕਹਿੰਦੇ ਹਨ। ਉਨ੍ਹਾਂ ਦਾ

'ਗੁਰਮੁਖਿ' ਵਿਅਕਤੀ ਜੀਵਤ ਅਵਸਥਾ ਵਿਚ ਹੀ ਮੁਕਤ ਹੈ। ਉਹ ਸੰਸਾਰ 'ਚ ਰਹਿੰਦਿਆਂ ਸੰਸਾਰਕ ਕਾਰ-ਵਿਹਾਰ ਤੇ ਲੋਕ-ਕਲਿਆਣ ਦੇ ਕਾਰਜ ਕਰਦਾ ਹੋਇਆ ਵੀ ਜਗਤਿਕ ਪ੍ਰਪੰਚ ਤੋਂ ਨਿਰਲੇਪ ਰਹਿੰਦਾ ਹੈ। ਇਸ ਤਰ੍ਹਾਂ ਉਸ ਨੂੰ ਜੀਵਤ ਅਵਸਥਾ ਵਿਚ ਹੀ ਮੁਕਤੀ ਪ੍ਰਾਪਤ ਹੋ ਜਾਂਦੀ ਹੈ। ਉਸ ਅੰਦਰੋਂ ਹਉਮੈਂ ਖਤਮ ਹੋ ਜਾਂਦੀ ਹੈ। ਸੱਚੀ ਰਹਿਤ ਮਰਯਾਦਾ ਅਨੁਸਾਰ ਰਹਿੰਦਾ ਹੈ ਅਤੇ ਨਾਮ ਨੂੰ ਸਦਾ ਮਨ ਵਿੱਚ ਵਸਾਈ ਰੱਖਦਾ ਹੈ। ਗੁਰੂ ਜੀ ਨੇ ਅਜਿਹੇ ਵਿਅਕਤੀ ਨੂੰ ਹੀ ਜੀਵਨ-ਮੁਕਤ ਕਿਹਾ ਹੈ। ਇਸ ਤਰ੍ਹਾਂ ਗੁਰਮਤਿ ਵਿਚ ਭਾਰਤੀ ਪਰੰਪਰਾ ਵਿਚ ਪ੍ਰਚਲਿਤ ਮੁਕਤੀ ਦੇ ਪ੍ਰਕਾਰਾਂ ਵਿਚੋਂ ਜੀਵਨ-ਮੁਕਤੀ ਨੂੰ ਹੀ ਪ੍ਰਵਾਨ ਕੀਤਾ ਗਿਆ ਹੈ। ਗੁਰਮਤਿ ਮੌਤ ਪਿੱਛੋਂ ਮੁਕਤੀ ਦੇ ਸਿਧਾਂਤ 'ਚ ਵਿਸ਼ਵਾਸ਼ ਨਹੀਂ ਰੱਖਦਾ। ਸਗੋਂ ਜੇਕਰ ਇਥੇ ਮੁਕਤੀ ਪ੍ਰਾਪਤ ਨਾ ਕੀਤੀ ਤਾਂ ਅਗਾਂਹ ਕਿਧਰੇ ਨਹੀਂ ਹੋ ਸਕਦੀ।

1. ਜੀਵਨ ਮੁਕਤੁ ਸੋ ਆਖੀਐ, ਜਿਸੁ ਵਿਚਹੁ ਹਉਮੈ ਜਾਇ।।[289]
2. ਜੀਵਨ ਮੁਕਤੁ ਜਾ ਸਬਦੁ ਸੁਣਾਏ। ਸਚੀ ਰਹਤ ਸਚਾ ਸੁਖੁ ਪਾਏ।[290]
3. ਜੀਵਨ ਮੁਕਤੁ ਮਨਿ ਨਾਮੁ ਵਸਾਏ। ਗੁਰਮੁਖਿ ਹੋਇ ਤ ਸਚੁ ਸਮਾਏ।[291]
4. ਇਥੈ ਜਾਣੈ ਸੋ ਜਾਇ ਸਿਞਾਣੈ।।[292]

ਅਸਲ ਵਿਚ ਜੀਵਨ-ਮੁਕਤ ਪੁਰਸ਼ ਨੇ 'ਜਪੁਜੀ' ਵਿਚ ਦਿੱਤੇ 'ਸੱਚਖੰਡ' ਵਾਲੀ ਅਵਸਥਾ ਦੀ ਪ੍ਰਾਪਤੀ ਕਰ ਲਈ ਹੁੰਦੀ ਹੈ ਅਤੇ ਅਜੇ ਉਸ ਲਈ ਦੇਹ ਮੁਕਤ ਹੋਣ ਤੇ ਨਿੱਜੀ ਵਿਅਕਤਿਤੱਵ ਦੇ ਅਭਾਵ ਦਾ ਕੰਮ ਬਾਕੀ ਹੁੰਦਾ ਹੈ। ਨਾ ਸਿਰਫ ਸੰਸਾਰਿਕਤਾ ਦੇ ਸੰਸਕਾਰ ਉਸਨੇ ਅਜੇ ਤਿਆਗਣੇ ਹੁੰਦੇ ਹਨ ਸਗੋਂ ਵਿਅਕਤੀਗਤ ਚੇਤਨਾ ਦਾ ਅਭਾਵ ਵੀ ਕਰਨਾ ਹੁੰਦਾ ਹੈ।

'ਜੀਵਨ -ਮੁਕਤ ਵਿਅਕਤੀ ਦੇ ਕਰਮ ਕਿਉਂ ਕਿ ਸੁਤੇ ਸਿੱਧ ਪ੍ਰਭੂ ਦੇ ਹੁਕਮ ਅਨੁਸਾਰ ਹੁੰਦੇ ਹਨ। ਇਸ ਲਈ ਅਜਿਹੇ ਕਰਮ ਅਧਿਆਤਮਕ ਕਰਮ ਹੁੰਦੇ ਹਨ ਤੇ ਕੇਵਲ ਅਧਿਆਤਮਕ ਕਰਮ ਕਰਨ ਵਾਲਾ ਹੀ ਮੁਕਤੀ ਦੇ ਭੇਦ ਨੂੰ ਜਾਣ ਸਕਦਾ ਹੈ। ਅਜਿਹਾ ਵਿਅਕਤੀ ਗੁਰਮੁਖਿ ਹੀ ਹੋ ਸਕਦਾ ਹੈ। ਇਹੋ ਹੀ ਸਦਾਚਾਰਕ ਪੂਰਣਤਾ ਹੈ:-

1. ਅਧਿਆਤਮ ਕਰਮ ਕਰੇ ਤਾ ਸਾਚਾ। ਮੁਕਤਿ ਭੇਦੁ ਕਿਆ ਜਾਣੈ ਕਾਚਾ।
ਐਸਾ ਜੋਗੀ ਜੁਗਤਿ ਬੀਚਾਰੈ। ਪੰਚ ਮਾਰਿ ਸਾਚੁ ਉਰਿਧਾਰੈ।।[293]

2. ਸਰਹੁ ਓਰੈ ਸਭੁ ਕੋ ਉਪਰਿ ਸਚੁ ਆਚਾਰ।।[294]

3. ਸਚਿ ਮਿਲੈ ਸਚਿਆਰੁ ਕੂੜਿ ਨ ਪਾਈਐ।
ਸਚੇ ਸਿਉ ਚਿਤੁ ਲਾਇ ਬਹੁੜਿ ਨ ਆਈਐ।।[295]

ਗੁਰਮੁਖਿ ਮੁਕਤ ਅਵਸਥਾ ਵਿਚ ਪ੍ਰਾਰਬੱਧ ਕਰਮਾਂ ਦੇ ਫਲ ਭੋਗਣ ਲਈ ਨਹੀਂ ਸਗੋਂ ਪਰਮਾਤਮਾ ਦੇ ਹੁਕਮ ਅਤੇ ਰਜ਼ਾ ਅਨੁਸਾਰ ਜਿਊਂਦਾ ਹੈ। ਜੇ ਲੋਕ ਕਲਿਆਣ ਲਈ ਲੋੜ ਪਵੇ ਤਾਂ ਮੁਕਤ ਜੀਵ ਫਿਰ ਜਨਮ ਧਾਰਕੇ ਆ ਸਕਦਾ ਹੈ ਪਰ ਅਜਿਹਾ ਜਨਮ ਧਾਰਨ ਕਰਮ-ਗਤੀ ਜਾਂ ਆਵਾਗਵਨ ਅਨੁਸਾਰ ਨਹੀਂ ਸਗੋਂ ਵੱਡੀ ਦੈਵੀ ਇੱਛਾ ਅਨੁਸਾਰ ਲੈਂਦਾ ਹੈ:-

ਜਨਮ ਮਰਨ ਦੁਹਹੂ ਮਹਿ ਨਾਹਿ ਜਨ ਪਰਉਪਕਾਰੀ ਆਏ।
ਜੀਅ ਦਾਨ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ।।[296]

ਤੀਜੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਗੁਰਮੁਖਾਂ ਦੇ ਜੀਵਨ ਦੀ ਤਸਵੀਰ ਖਿੱਚਦੇ ਲਿਖਦੇ ਹਨ ਕਿ ਗੁਰਮੁਖ ਆਤਮਕ ਤੌਰ ਤੇ ਕਦੇ ਵੀ ਕਮਜ਼ੋਰ ਨਹੀਂ ਹੁੰਦੇ। ਉਹ ਸਦਾ ਪਰਮਾਤਮਾ ਦੇ ਗੁਣ ਯਾਦ ਕਰਦੇ ਹਨ। ਉਨ੍ਹਾਂ ਅੰਦਰ ਆਤਮਕ ਅਡੋਲਤਾ ਦੀ ਜਮਾਧੀ ਬਣੀ ਰਹਿੰਦੀ ਹੈ। ਉਹ ਚੰਗੇ ਮੰਦੇ ਕੰਮ ਦੀ ਪਰਖ ਦੇ ਆਨੰਦ ਵਿਚ ਮਗਨ ਰਹਿੰਦੇ ਹਨ। ਦੁੱਖ-ਸੁੱਖ ਵਿਚ ਅਡੋਲ ਰਹਿੰਦੇ ਹਨ। ਉਨ੍ਹਾਂ ਨੂੰ ਹਰ ਥਾਂ ਸਰਬ-ਵਿਆਪਕ ਪਰਮਾਤਮਾ ਹੀ ਵਸਦਾ ਨਜ਼ਰ ਆਉਂਦਾ ਹੈ।[297]

ਗੁਰਮੁਖ ਲੋਕ ਬਿਨਾਂ ਕਿਸੇ ਜ਼ੋਰ ਦੇ ਲੋਕਾਂ ਦੇ ਦਿਲਾਂ ਤੇ ਰਾਜ ਕਰਦੇ ਹਨ। ਪ੍ਰੋ. ਪੂਰਨ ਸਿੰਘ ਦੇ ਸ਼ਬਦਾਂ ਵਿਚ ਸੱਚੇ ਰਾਜੇ ਆਪਣੇ ਪ੍ਰੇਮ ਦੇ ਜ਼ੋਰ ਥੀਂ ਲੋਕਾਂ ਦੇ ਮਨ ਸਦਾ ਲਈ ਬੰਨ੍ਹ ਲੈਂਦੇ ਹਨ। ਦਿਲਾਂ ਤੇ ਰਾਜ ਕਰਨ ਵਾਲੇ, ਤੋਪ-ਬੰਦੂਕ, ਫੌਜ ਆਦਿ ਬਿਨਾ ਹੀ ਉਹ ਸ਼ਹਿਨਸ਼ਾਹੇ-ਜ਼ਮਾਨਾ ਹੁੰਦੇ ਹਨ।[298]

ਸਿੱਧਾਂ ਦੇ ਪ੍ਰਸ਼ਨਾਂ ਦੇ ਉੱਤਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਗੁਰਮੁਖਿ ਨੂੰ ਜੋਗੀ ਨਾਲ ਤੁਲਨਾ ਦੇਦੇਂ ਹੋਏ ਆਖਦੇ ਹਨ ਕਿ ਜੋਗੀ ਕੇਵਲ ਇਕ ਪ੍ਰਭੂ ਨੂੰ ਜਾਣਦਾ ਹੈ। ਉਸ ਨੇ ਦੂਜਾ-ਭਾਵ ਦੂਰ ਕਰ ਲਿਆ ਹੁੰਦਾ ਹੈ। ਉਹ ਸਤਿਗੁਰ ਦੇ ਸ਼ਬਦ ਨੂੰ ਸਮਝਦਾ ਹੈ। ਉਹ ਜੀਊਂਦਾ ਹੀ ਮਰਦਾ ਹੈ। ਉਹ ਜ਼ਿੰਦਗੀ ਦੇ ਹਰੇਕ ਪਹਿਲੂ ਨੂੰ ਸਮਝਦਾ ਤੇ ਸਾਰੇ ਜੀਵਾਂ ਤੇ ਦਇਆ ਕਰਦਾ ਹੈ। ਉਹ ਸਾਰੇ ਜੀਵਾਂ ਵਿਚ ਆਪਣੇ ਆਪ ਨੂੰ ਵੇਖਦਾ ਹੈ। ਉਹ ਸਤਿਗੁਰ ਅਨੁਸਾਰ ਤੁਰਦਾ ਹੈ। ਸੱਚੇ ਪ੍ਰਭੂ ਦਾ ਡਰ ਆਪਣੇ ਹਿਰਦੇ ਵਿਚ ਟਿਕਾਂਦਾ ਹੈ। ਅਜਿਹਾ ਮਨੁੱਖ ਵੇਦਾਂ ਦਾ ਗਿਆਤਾ ਹੋ ਜਾਂਦਾ ਹੈ ਅਤੇ ਗੁਰੂ ਦੀ ਮਿਹਰ ਨਾਲ ਉਹ ਸੰਸਾਰ-ਸਮੁੰਦਰ ਨੂੰ ਤਰ ਜਾਂਦਾ ਹੈ। ਉਸਦੀ ਜਨਮ-ਮਰਨ ਦੀ ਖੇਡ ਖਤਮ ਹੋ ਜਾਂਦੀ ਹੈ। ਜੀਵਨ ਬਿਤਾਂਦਿਆਂ ਹੋਇਆਂ ਹੀ ਉਹ ਮੁਕਤ ਹੁੰਦਾ ਹੈ। ਉਹ ਆਪ ਵੀ ਸੰਸਾਰ-ਸਮੁੰਦਰ ਤਰ ਜਾਂਦਾ ਹੈ ਅਤੇ

ਹੋਰਨਾਂ ਨੂੰ ਵੀ ਤਾਰ ਦੇਂਦਾ ਹੈ:-

ਸੋ ਜੋਗੀ ਗੁਰ ਸਬਦੁ ਪਛਾਣੈ, ਅੰਤਰਿ ਕਮਲੁ ਪ੍ਰਗਾਸ ਥੀਆ।।
ਜੀਵਤ ਮਰੈ ਤਾ ਸਭੁ ਕਿਛੁ ਸੂਝੈ, ਅੰਤਰਿ ਜਾਣੈ ਸਰਬ ਦਇਆ।।

- - - - - - - - - - - - - - - - - - - - - - - -

ਗੁਰਮੁਖਿ ਤਾਰੇ ਪਾਰਿ ਉਤਾਰੇ।। ਨਾਨਕ ਗੁਰਮੁਖਿ ਸਬਦਿ ਨਿਸਤਾਰੇ।[299]

ਗੁਰਮੁਖਿ ਜਗਤ ਵਿਚ ਬੰਧਨ ਰਹਿਤ ਆਉਂਦਾ ਹੈ ਤੇ ਬੰਧਨ ਰਹਿਤ ਹੀ ਇਥੋਂ ਜਾਂਦਾ ਹੈ। ਉਹ ਨਾ ਤਾਂ ਕਰਮਾਂ ਦਾ ਫਲ ਭੋਗਣ ਆਉਂਦਾ ਹੈ ਤੇ ਨਾਹੀ ਕਿਸੇ ਮੰਦੇ ਕਰਮਾਂ ਦੇ ਬੰਧਨ ਸਹੇੜ ਕੇ ਜਾਂਦਾ ਹੈ। ਕਿਉਂ ਕਿ ਉਸ ਨੇ ਮਨ ਦੀ ਮੈਲ ਦੂਰ ਕਰਕੇ ਵਿਕਾਰਾਂ ਨੂੰ ਖ਼ਤਮ ਕਰ ਲਿਆ ਹੁੰਦਾ ਹੈ। ਪ੍ਰਭੂ ਦੇ ਗੁਣਾਂ ਦੀ ਵਿਚਾਰ ਉਸ ਲਈ ਰਾਗ ਤੇ ਵੇਦਅਤੇ ਉੱਚਾ ਆਚਰਣ ਬਣਾਉਣਾ ਤੀਰਥ-ਇਸ਼ਨਾਨ ਹੁੰਦਾ ਹੈ। ਉਹ ਸਤਿਗੁਰੂ ਦੇ ਸ਼ਬਦ ਨੂੰ ਹੀ ਸ੍ਰੇਸ਼ਠ ਅੰਮ੍ਰਿਤ ਸਮਝਦਾ ਹੈ। ਗੁਰੂ ਦੇ ਸਨਮੁਖ ਰਹਿਣ ਕਰਕੇ ਉਹ ਸੰਸਾਰ-ਸਮੁੰਦਰ ਨੂੰ ਪਾਰ ਕਰ ਜਾਂਦਾ ਹੈ:-

ਗੁਰਮੁਖਿ ਆਵੈ ਜਾਇ ਨਿਸੰਗੁ।। ਪਰਹਰਿ ਮੈਲੁ ਜਲਾਇ ਕਲੰਕੁ।।
ਗੁਰਮੁਖਿ ਨਾਦ ਬੇਦ ਬੀਚਾਰੁ।। ਗੁਰਮੁਖਿ ਮਜਨੁ ਚਜੁ ਅਚਾਰੁ।।
ਗੁਰਮੁਖਿ ਸਬਦੁ ਅੰਮ੍ਰਿਤੁ ਹੈ ਸਾਰੁ।। ਨਾਨਕ ਗੁਰਮੁਖਿ ਪਾਵੈ ਪਾਰੁ।।[300]

ਕਿਹਾ ਜਾ ਸਕਦਾ ਹੈ ਕਿ ਸ੍ਰੀ ਗੁਰੂ ਰਵਿਦਾਸ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਮੁਕਤੀ ਮਾਰਗ ਕੁੱਝ ਉਪਨਿਸ਼ਦਾਂ ਵਿਚ ਦਰਸਾਏ ਜੀਵਨ-ਮੁਕਤ ਵਿਅਕਤੀ ਲਈ ਸੁਝਾਏ ਨਵਿਰਤੀ ਮਾਰਗ ਦੇ ਵਿਰੁੱਧ ਹੈ। ਗੁਰੂ ਸਾਹਿਬਾਨ ਨੇ ਸੰਸਾਰ ਵਿਚ ਰਹਿੰਦਿਆਂ ਬੰਧਨ ਰਹਿਤ ਜੀਵਨ ਬਿਤਾਉਣ ਤੇ ਜ਼ੋਰ ਦਿੱਤਾ ਹੈ। ਇਹੋ ਹੀ ਜੀਵਨ-ਮੁਕਤੀ ਹੈ ਅਤੇ ਇਹੋ ਹੀ ਗੁਰਮੁਖਿ, ਜੋਗੀ ਜਾਂ ਬ੍ਰਹਮ-ਗਿਆਨੀ ਦਾ ਜੀਵਨ ਆਦਰਸ਼ ਹੈ। ਇਨ੍ਹਾਂ ਦੇ ਮੁਕਤੀ ਸਿਧਾਂਤ ਅਨੁਸਾਰ ਮੁਕਤੀ ਪਰਮਾਤਮਾ ਨਾਲ ਮੇਲ ਦੀ ਅਵਸਥਾ ਹੈ। ਇਹ ਅਵਸਥਾ ਸਰੀਰ ਰੂਪ 'ਚ' ਰਹਿੰਦਿਆਂ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਗੁਰਮੁਖਿ ਲਈ ਜੀਵਨ-ਮੁਕਤੀ ਦੀ ਪ੍ਰਾਪਤੀ ਪਿਛੋਂ ਸੱਭ ਕੁੱਝ ਵਾਹਿਗੁਰੂ ਦੇ ਰਹੱਸਮਈ ਦੈਵੀ-ਵਿਧਾਨ(ਹੁਕਮ ਤੇ ਰਜ਼ਾ) ਅਨੁਸਾਰ ਹੁੰਦਾ ਹੈ। ਗੁਰੂ ਜੀ ਅਨੁਸਾਰ ਮੁਕਤੀ ਇਸੇ ਜੀਵਨ ਵਿਚ ਪ੍ਰਾਪਤ ਕੀਤੀ ਜਾ ਸਕਦੀ ਹੈ। ਸਾਧਕ ਜਦ ਆਪਣਾ ਹਿਰਦਾ ਨਿਰਮਲ ਕਰ ਲੈਂਦਾ ਹੈ ਅਤੇ ਮਨ ਨੂੰ ਜਿੱਤ ਕੇ ਜਦ ਉਹ ਵਿਸ਼ਿਆਂ ਰਹਿਤ,

ਨਿਰਭਉ,ਨਿਰਵੈਰ ਤੇ ਨਿਸ਼ਕਾਮ ਹੋ ਜਾਂਦਾ ਹੈ। ਸੰਸਾਰਕ ਬੰਧਨਾਂ ਵਿਚ ਰਹਿੰਦਾ ਹੋਇਆ ਵੀ ਬੰਧਨ-ਰਹਿਤ ਹੋ ਜਾਂਦਾ ਹੈ ਤਾਂ ਉਸਦਾ ਸੁਭਾਅ ਸ਼ੁੱਧ-ਬੁੱਧ ਮੁਕਤ ਹੋ ਜਾਂਦਾ ਹੈ। ਇਹੋ ਹੀ ਜੀਵਨ-ਮੁਕਤੀ ਹੈ। ਉਹ ਲੋਕ ਕਲਿਆਣ ਲਈ ਜੀਊਂਦਾ ਹੈ। ਨੇਕ ਕਰਮ ਕਰਦਾ ਪ੍ਰਭੂ ਨੂੰ ਸਿਮਰਦਾ ਉਹ ਆਪ ਵੀ ਤਰ ਜਾਂਦਾ ਹੈ ਅਤੇ ਕਈ ਹੋਰਨਾਂ ਨੂੰ ਵੀ ਤਾਰ ਦਿੰਦਾ ਹੈ। ਇਹੋ ਪ੍ਰਵਿਰਤੀ ਦੀ ਅਵਸਥਾ ਹੀ ਉਸ ਲਈ ਨਿਵਿਰਤੀ ਹੈ। ਅਸੀਂ ਡਾ. ਧਾਰਮਪਾਲ ਸਿੰਗਲ ਜੀ ਦੇ ਇਨ੍ਹਾਂ ਵਿਚਾਰਾਂ ਨਾਲ ਸਹਿਮਤ ਹਾਂ ਉਹ ਲਿਖਦੇ ਹਨ,'ਮੁਕਤੀ ਦਾ ਅਰਥ ਸੰਸਾਰ ਚੱਕਰ ਚੋ ਜਨਮ-ਮਰਨ,ਦੁੱਖਾਂ-ਸੁੱਖਾਂ, ਮੋਹ ਮਮਤਾ ਅਤੇ ਆਵਾਗਵਨ ਦੇ ਚੱਕਰ-ਵਿਊ ਵਿਚੋਂ ਛੁਟਕਾਰਾ ਹਾਸਿਲ ਕਰਕੇ ਬ੍ਰਹਮ ਦੇ ਚਰਨਾਂ ਵਿਚ ਨਿਵਾਸ ਕਰਨ ਦਾ ਨਾਮ ਹੈ। ਕਿਹਾ ਜਾਂਦਾ ਹੈ ਕਿ ਸੱਚੇ ਭਗਤ-ਜਨ ਮੁਕਤੀ ਨਹੀਂ ਚਾਹੁੰਦੇ ਸਗੋਂ ਸਦਾ ਸਦਾ ਲਈ ਪ੍ਰਭੂ ਦੀ ਭਗਤੀ ਦਾ ਦਾਨ ਮੰਗਦੇ ਹਨ ਅਤੇ ਪ੍ਰਭੂ ਚਰਨਾਂ ਵਿਚ ਨਿਵਾਸ ਮੰਗਦੇ ਹਨ ਬ੍ਰਹਮ ਨਾਲ ਏਕਾਕਾਰ ਚਾਹੁੰਦੇ ਹਨ।'[301] ਇਹ ਸਾਰੇ ਲੱਛਣ ਸ੍ਰੀ ਗੁਰੂ ਰਵਿਦਾਸ ਜੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਦਰਸ਼ ਪੁਰਸ਼ 'ਗੁਰਮੁਖਿ' ਦੇ ਹਨ ਅਤੇ ਉਨ੍ਹਾਂ ਅਨੁਸਾਰ ਗੁਰਮੁਖਿ ਹੀ ਜੀਵਨ-ਮੁਕਤ ਵਿਅਕਤੀ ਹੈ।

ਸ੍ਰੀ ਗੁਰੂ ਰਵਿਦਾਸ ਜੀ ਦੀ ਮੁਕਤੀ ਸੰਬੰਧੀ ਇਹ ਧਾਰਨਾ ਜ਼ਾਹਰ ਕਰਦੀ ਹੈ ਕਿ ਗੁਰੂ ਜੀ ਮੂਲ ਰੂਪ ਵਿਚ ਭਾਵੇਂ ਭਗਤ ਸਨ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਭਗਤ ਤੇ ਮਹਾਨ ਦਾਰਸ਼ਨਿਕ, ਪਰ ਫਿਰ ਵੀ ਗੁਰੂ ਰਵਿਦਾਸ ਜੀ ਦਾ ਅਨੁਭਵ ਅਤੇ ਪ੍ਰਭੂ ਨਾਲ ਅ ਅਭੇਦਤਾ ਵਿਚੋਂ ਉਪਜਿਆ ਗਿਆਨ ਕਿਸੇ ਵੀ ਦਾਰਸ਼ਨਿਕ ਨਾਲੋਂ ਘੱਟ ਨਹੀਂ। ਦੋਵੇਂ ਗੁਰੂ ਸਾਹਿਬਾਨ ਦੀ ਦਾਰਸ਼ਨਿਕ ਦ੍ਰਿਸ਼ਟੀ ਤੋਂ ਜੀਵਨ-ਮਨੋਰਥ ਪ੍ਰਭੂ ਨਾਲ ਅਭੇਦਤਾ ਹੈ। ਇਸੇ ਮਨੋਰਥ ਦੀ ਪੂਰਤੀ ਲਈ ਮੁਕਤੀ ਦਾ ਸੰਕਲਪ ਹੋਂਦ ਵਿਚ ਆਉਂਦਾ ਹੈ। ਉਨ੍ਹਾਂ ਅਨੁਸਾਰ ਮੁਕਤੀ ਪ੍ਰਾਪਤ ਕਰਨ ਲਈ ਗੁਰੂ-ਕ੍ਰਿਪਾ, ਪ੍ਰਭੂ ਬਖਸ਼ਿਸ਼, ਸਾਧ-ਸੰਗਤ, ਸ਼ੁਭ ਕਰਨੀ, ਨਾਮ ਜਪਣਾ ਅਤੇ ਸੰਪੂਰਨ ਆਤਮ ਸਮਰਪਣ ਕਰਨ ਦੀ ਜ਼ਰੂਰਤ ਹੈ।

ਸ੍ਰੀ ਗੁਰੂ ਰਵਿਦਾਸ ਜੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮੁਕਤੀ ਸੰਬੰਧੀ ਧਾਰਨਾ ਦੀ ਇਕ ਹੋਰ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਉਹ ਬੈਕੁੰਠ ਗਮਨ ਵਾਲੀ ਮੁਕਤੀ ਵਿਚ ਵਿਸ਼ਵਾਸ਼ ਨਹੀਂ ਰਖਦੇ। ਉਨ੍ਹਾਂ ਦੀ ਪ੍ਰਮੁੱਖ ਅਭਿਲਾਸ਼ਾ ਪ੍ਰਭੂ ਨਾਲ ਅਭੇਦਤਾ ਅਤੇ ਪ੍ਰਭੂ ਦਰਸ਼ਨ ਹੈ। ਉਨ੍ਹਾਂ ਅਨੁਸਾਰ ਅਦਵੈਤ ਅਵਸਥਾ ਹੀ ਮੁਕਤੀ ਹੈ। ਕਰਮਕਾਂਡ ਕਰਨ ਨਾਲ ਮੁਕਤੀ

ਪ੍ਰਾਪਤ ਨਹੀਂ ਹੋ ਸਕਦੀ। ਪ੍ਰਭੂ ਦਾ ਹੁਕਮ, ਰਜ਼ਾ, ਕ੍ਰਿਪਾ ਦ੍ਰਿਸ਼ਟੀ ਦੇ ਨਾਲ ਨਾਲ ਗੁਰੂ, ਗੁਰੂ ਸ਼ਬਦ, ਗੁਰੂ ਸੇਵਾ, ਭਾਵ ਭਗਤੀ ਮੁਕਤੀ ਪ੍ਰਾਪਤੀ ਲਈ ਜ਼ਰੂਰੀ ਹਨ। ਅਹੰਕਾਰ ਦਾ ਤਿਆਗ ਵੀ ਜ਼ਰੂਰੀ ਹੈ। ਮੁਕਤੀ ਦੀਆਂ ਪ੍ਰਚੱਲਤ ਤਿੰਨ ਕਿਸਮਾਂ ਵਿਚੋਂ ਉਨ੍ਹਾਂ ਨੇ ਜੀਵਨ-ਮੁਕਤੀ ਨੂੰ ਸ੍ਰੇਸ਼ਠ ਤੇ ਉੱਤਮ ਮੰਨਿਆ ਹੈ। ਇਹ ਮੁਕਤੀ ਜੀਵਤ-ਅਵਸਥਾ ਵਿਚ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ 'ਜਪੁਜੀ' ਵਿੱਚ ਦਿੱਤੇ ਪੰਜ ਖੰਡਾਂ ਦੀ ਅੰਤਹਿਕਰਣ ਰਾਹੀਂ ਯਾਤਰਾ ਕਰਨੀ ਗੁਰਮੁਖਿ ਲਈ ਜੀਵਨ-ਮੁਕਤ ਹੋਣ ਲਈ ਜ਼ਰੂਰੀ ਹੈ। ਗੁਰੂ ਜੀ ਦੀ ਮੁਕਤੀ ਸੰਬੰਧੀ ਇਸ ਧਾਰਨਾ ਦੇ ਅੰਸ਼ ਭਾਵੇਂ ਵੇਦਾਂ ਉਪਨਿਸ਼ਦਾਂ ਵਿਚ ਮਿਲਦੇ ਹਨ ਪਰ ਫਿਰ ਵੀ ਗੁਰੂ ਸਾਹਿਬਾਨ ਦੀ ਇਹ ਧਾਰਨਾ ਕਾਫ਼ੀ ਹੱਦ ਤੱਕ ਮੌਲਿਕ ਅਤੇ ਸਮੇਂ ਦੀ ਮੰਗ ਅਨੁਸਾਰ ਹੈ।

# ਟਿੱਪਣੀਆਂ ਤੇ ਹਵਾਲੇ

1. ਮੁੰਡਕਉਪਨਿਸ਼ਦ-3/2/9

2. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ: ਵਿਅੱਕਤਿਤੱਵ, ਕਰਿੱਤਤਵ ਔਰ ਚਿੰਤਨ, ਪੰਨਾ-462.

3. ਤੋਂ 5. ਗੀਤਾ 5/26, 5/27-28, 9/30-31.

6. ਡਾ. ਸਤੀਸ਼ ਚੰਦਰ ਚਟੋਪਾਧਿਆਇ; ਭਾਰਤੀਯ ਦਰਸ਼ਨ, ਪੰਨਾ-67.

7. ਉਮੇਸ਼ ਮਿਸ਼ਰ; ਭਾਰਤੀਯ ਦਰਸ਼ਨ, ਪੰਨਾ- 118-19.

8. ਤੇ 9. ਡਾ. ਸਤੀਸ਼ ਚੰਦਰ ਚਟੋਪਾਧਿਆਇ; ਭਾਰਤੀਯ ਦਰਸ਼ਨ, ਪੰਨਾ- 80, 135.

10. ਉਮੇਸ਼ ਮਿਸ਼ਰ; ਭਾਰਤੀਯ ਦਰਸ਼ਨ, ਪੰਨਾ- 187-88.

11. ਡਾ. ਰਤਨ ਸਿੰਘ ਜੱਗੀ; ਗੁਰੂ ਨਾਨਕ: ਵਿਅੱਕਤਿਤੱਵ, ਕਰਿੱਤਤਵ ਔਰ ਚਿੰਤਨ, ਪੰਨਾ-462-63.

12. ਤੇ 13. ਉਮੇਸ਼ ਮਿਸ਼ਰ; ਭਾਰਤੀਯ ਦਰਸ਼ਨ, ਪੰਨਾ- 310-11, 310.

14. ਪੰਡਤ ਬਲਦੇਵ ਉਪਾਧਿਆਇ; ਭਾਰਤੀਯ ਦਰਸ਼ਨ, ਪੰਨਾ- 334.

15. ਡਾ. ਸਤੀਸ਼ ਚੰਦਰ ਚਟੋਪਾਧਿਆਇ; ਭਾਰਤੀਯ ਦਰਸ਼ਨ, ਪੰਨਾ- 214.

16. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ- 336.

17. ਡਾ. ਰਤਨ ਸਿੰਘ ਜੱਗੀ; ਗੁਰੂ ਨਾਨਕ: ਵਿਅੱਕਤਿਤੱਵ, ਕਰਿੱਤਵ ਔਰ ਚਿੰਤਨ, ਪੰਨਾ- 463.

18. ਡਾ. ਸਤੀਸ਼ ਚੰਦਰ ਚਟੋਪਾਧਿਆਇ; ਭਾਰਤੀਯ ਦਰਸ਼ਨ, ਪੰਨਾ- 189.

19. ਪੰ. ਬਲਦੇਵ ਉਪਾਧਿਆਇ; ਭਾਰਤੀਯ ਦਰਸ਼ਨ, ਪੰਨਾ- 334.

20. ਰਾਹੁਲ ਸਾਂਕ੍ਰਤਯਾਯਨ; ਦਰਸ਼ਨ-ਦਿਗ ਦਰਸ਼ਨ, ਪੰਨਾ- 671.

21. ਬ੍ਰਹਮ ਸੂਤਰ, 4/1/19.

22 ਤੇ 23. ਉਮੇਸ ਮਿਸ਼ਰ; ਭਾਰਤੀਯ ਦਰਸ਼ਨ, ਪੰਨਾ- 417, 422.

24. ਸ਼੍ਰੀ ਰਾਮ ਪੂਜਨ ਤਿਵਾੜੀ; ਸੂਫੀ ਮੱਤ, ਸਾਧਨਾ ਅਤੇ ਸਾਹਿਤ, ਪੰਨਾ-304.

25. ਭਾਈ ਕਾਨ੍ਹ ਸਿੰਘ ਨਾਭਾ; ਮਹਾਨ ਕੋਸ਼ , ਪ੍ਰਕਾਸ਼ਕ ਭਾਸ਼ਾ ਵਿਭਾਗ ਪਟਿਆਲਾ।

26 ਤੋਂ 43. ਪਦ 39, 64, 63, 126, 140, 70, 75, 156, 152, 143, 137, 137, 11,
84, 1, 57, 121, 144

44. ਪਦ ਰਮੈਣੀ; 9.

45. ਆਸਾ ਮ: 1, ਪੰਨਾ- 352.

46. ਜਪੁਜੀ, ਪੰਨਾ-3.

47. ਗਉੜੀ ਬੈਰਾਗਣਿ ਮ: 1, ਪੰਨਾ- 228.

48. ਬਿਲਾਵਲੁ ਮ: 1 ਥਿਤੀ, ਪੰਨਾ- 838.

49. ਰਾਮਕਲੀ ਮ: 1, ਪੰਨਾ- 879.

50. ਰਾਮਕਲੀ ਸਿਧ ਗੋਸਟਿ, ਪੰਨਾ 442.

51. ਜਪੁਜੀ, ਪਉੜੀ-25, ਪੰਨਾ 5.

52. ਪ੍ਰੋ. ਸ਼ੇਰ ਸਿੰਘ ਗਿਆਨੀ; ਗੁਰਮਤਿ ਦਰਸ਼ਨ, ਪੰਨਾ 266.

53. ਮਲ੍ਹਾਰ ਮ:1, ਪੰਨਾ 1255.

54. ਆਸਾ ਮ:1, ਪੰਨਾ 354.

55. ਆਸਾ ਛੰਤ ਮ:1, ਪੰਨਾ 439.

56. ਰਾਗੁ ਸੂਹੀ ਮ:1, ਘਰੁ 2, ਪੰਨਾ 728.

57. ਆਸਾ ਅਸਟਪਦੀਆਂ ਮ:1, ਪੰਨਾ 416.

58. ਗੀਤਾ 5/27-28.

59 ਤੇ 60. ਪਦ 149, 106.

61. ਸਿਰੀ ਮ:1 ਅਸ਼ਟਪਦੀ, ਪੰਨਾ 62.

62. ਗਉੜੀ ਮ:3, ਪੰਨਾ 231.

63. ਸ਼ਿਰੀ ਮ:3, ਪੰਨਾ 30.

64. ਰਾਮਕਲੀ ਮ:1, ਸਿਧਿ ਗੋਸ਼ਟਿ, ਪੰਨਾ 940.

65. ਰਾਮਕਲੀ ਮ:3, ਪੰਨਾ 920.

66. ਮਾਰੂ ਸੋਲਹੇ ਮ:1, ਪੰਨਾ 1023.

67. ਭਾਈ ਕਾਨ੍ਹ ਸਿੰਘ ਨਾਭਾ; ਗੁਰਮਤਿ ਮਾਰਤੰਡ, ਪੰਨਾ 776.

68. ਜਪੁਜੀ, ਪੰਨਾ 1.

69. ਮਾਰੂ ਅਸਟਪਦੀ ਮ:1, ਪੰਨਾ 1009.

70-71. ਪਦ, 22, 167.

72. ਗੀਤਾ, 6/7-8.

73 ਤੋਂ 76. ਪਦ 96, 129, 130, 45.

77. ਮਲ੍ਹਾਰ ਮ:1, ਪੰਨਾ 1256.

78. ਜਪੁਜੀ, ਪੰਨਾ 1.

79. ਗੁਰੂ ਗ੍ਰੰਥ ਕੋਸ਼, ਖਾਲਸਾ ਟ੍ਰੈਕਟ ਸੁਸਾਇਟੀ, ਪੰਨਾ 1132.

80. ਦੇਵਗੰਧਾਰੀ ਮ:5, ਪੰਨਾ 534.

81. ਤੋਂ 82. ਪਦ 161, 115.

83. ਗੀਤਾ 8/16.

84 ਤੋਂ 94. ਪਦ 72, 98, 75, 13, 37, 66, 4, 35.

95. ਸ੍ਰੀ ਗੁਰੂ ਗ੍ਰੰਥ ਸਾਹਿਬ ਗਉੜੀ ਰਵਿਦਾਸ, ਪੰਨਾ 345.

96. ਆਸਾ ਅਸਟਪਦੀਆਂ ਮ:1, ਪੰਨਾ 416.

97. ਸੂਹੀ ਮ:1, ਪੰਨਾ 750.

98. ਜਪੁਜੀ, ਪੰਨਾ 1.

99. ਮਾਰੂ ਸੋਲਹੇ ਮ:1 ਪੰਨਾ 1020.

100. ਧਨਾਸਰੀ ਮ:1, ਪੰਨਾ 661.

101. ਸੂਹੀ ਮ:1, ਪੰਨਾ 752.

102. ਆਸਾ ਮ:1, ਪੰਨਾ 360.

103. ਰਾਗੁ ਕਲਿਆਨ ਅਸਟਪਦੀਆਂ ਮ:4, ਪੰਨਾ 1324.

104. ਗੀਤਾ 16/21.

105. ਉਮੇਸ਼ ਚੰਦਰ ਮਿਸਰ, ਭਾਰਤੀਯ ਦਰਸ਼ਨ, ਪੰਨਾ 310.

106 ਤੋਂ 08. ਪਦ 77,138,152.

109. ਮਾਰੂ ਸੋਲਹੇ ਮ:1, ਪੰਨਾ 1024.

110. ਬਿੱਲੀ ਗਰਾਹਮ, ਪਰਮੇਸਰ ਨਾਲ ਮੇਲ, ਪੰਨਾ 81.

111. ਮਾਝ ਦੀ ਵਾਰ ਮ:1, ਪੰਨਾ 146.

112. ਮਾਰੂ ਸੋਲਹੇ ਮ:1, ਪੰਨਾ 1029.

113. ਸਿਰੀ ਰਾਗੁ ਮ:1, ਪੰਨਾ 22.

114. ਸਿਰੀ ਰਾਗੁ ਮ:1, ਪੰਨਾ 72.

115. ਮਾਝ ਅਸਟਪਦੀਆਂ ਮ:1, ਪੰਨਾ 109.

116. ਮਾਰੂ ਮ:1, ਅਸਟਪਦੀਆਂ, ਪੰਨਾ 1012.

117. ਰਾਗੁ ਮਾਝ ਅਸਟਪਦੀਆਂ ਮ:1, ਪੰਨਾ 109.

118-19. ਜਪੁਜੀ, ਪੰਨਾ 1,6.

120. ਮਾਝ ਮ:5, ਪੰਨਾ 108.

121. ਜਪੁਜੀ, ਪੰਨਾ 1.

122 ਤੋਂ 126. ਪਦ 78,29,45,72,129.

127. ਸਵੇਤਾਸ਼ਵਤਰ ਉਪਨਿਸ਼ਦ, 6/21

128 ਤੋਂ 131. ਪਦ - 3,67,113,161.

132 ਤੋਂ 137. ਰਮੈਣੀ ਪਦ-8,4,5,6,7,12.

138. ਪਦ 162.

139. ਰਾਮਕਲੀ ਅਸਟਪਦੀ ਮ:1, ਪੰਨਾ 903.

140. ਸਿਰੀ ਰਾਗੁ ਮ:3, ਪੰਨਾ 26.

141. ਮਾਝ ਕੀ ਵਾਰ ਮ:1, ਪੰਨਾ 145.

142. ਮਾਝ ਕੀ ਵਾਰ ਮ:1, ਪੰਨਾ 149.

143. ਜਪੁਜੀ, ਪਉੜੀ-21.

144. ਤਿਲੰਗ ਮ:5, ਪੰਨਾ 724.

145. ਵਾਰ ਆਸਾ ਮ:1, ਪੰਨਾ 463.

146. ਸਿਰੀ ਅਸਟਪਦੀਆਂ ਮ:1, ਪੰਨਾ 72.

147. ਜਪੁਜੀ, ਪੰਨਾ 1.

148. ਮਾਰੂ ਸੋਲਹੇ ਮ:1, ਪੰਨਾ 1027.

149. ਮਾਝ ਮ:3, ਘਰ 1. ਪੰਨਾ 110.

150.ਤੇ 51. ਸਾਖੀ ਭਾਗ; 20,145.

152 ਤੋਂ 157. ਪਦ 54, 166,44,45,61,38.

158 ਤੋਂ 164. ਸਾਖੀ ਭਾਗ -141,143,146,148,153,159,160.

164 ੳ ਤੋਂ 164ਸ. ਮਾਰੂ ਸੋਲਹੇ ਮ:1,1035,1023,1030,1033.

164ਹ. ਸੋਰਠਿ ਮ:9, ਪੰਨਾ 634.

164ਕ. ਸਲੋਕ ਵਾਰਾਂ ਤੇ ਵਧੀਕ ਮ:9, ਪੰਨਾ 1426.

165. ਗਉੜੀ ਅਸਟਪਦੀਆਂ ਮ:5, ਪੰਨਾ 240.

166. ਪ੍ਰੋ. ਸ਼ੇਰ ਸਿੰਘ ਗਿਆਨੀ, ਗੁਰਮਤਿ ਦਰਸ਼ਨ, ਪੰਨਾ 281.

167-77. ਪਦ 25,138,72,66,29,64,39,71,129,177,183.

178 ਤੇ 179. ਸਾਖੀ ਭਾਗ - 41,84.

180 ਤੇ 181. ਪਦ 18,45.

182. ਜਪੁਜੀ, ਪਉੜੀ 15.

183. ਰਾਮਕਲੀ ਮ:1 ਸਿਧ ਗੋਸਟਿ, ਪੰਨਾ 941.

184. ਧਨਾਸਰੀ ਮ:1, ਪਦੇ 8/4, ਪੰਨਾ 662.

185. ਗਉੜੀ ਮ:1, ਪੰਨਾ 223.

186. ਸਿਰੀ ਮ:1, ਪੰਨਾ 21.

187. ਗਉੜੀ ਮ:5, ਪੰਨਾ 266.

188. ਸਾਰਗ ਅਸਟਪਦੀਆ ਮ:1, ਪੰਨਾ 1232.

189. ਮਾਰੂ ਸੋਲਹੇ ਮ:1, ਪੰਨਾ 1030.

190- ਤੋਂ 94. ਪਦ 67,149,78,152,ਸਾਖੀ ਭਾਗ 14.

196. ਮਾਰੂ ਸੋਲਹੇ ਮ:1, ਪੰਨਾ 1027.

197. ਵਾਰ ਆਸਾ ਮ:1, ਪੰਨਾ 466.

198. ਸਿਰੀ ਅਸਟਪਦੀਆਂ ਮ:1, ਪੰਨਾ 72.

199 ਤੇ 200. ਸਿਰੀ ਰਾਗੁ ਮ:1, ਪੰਨਾ 59, 73.

201. ਗਉੜੀ ਅਸਟਪਦੀ ਮ:1, ਪੰਨਾ 229.

202. ਆਸਾ ਪਦੇ ਮ:1, ਪੰਨਾ 352.

203. ਭਾਈ ਕਾਨ੍ਹ ਸਿੰਘ, ਗੁਰਮਤਿ ਮਾਰਤੰਡ, ਪੰਨਾ 373.

204 ਤੋਂ 207 ਪਦ 23, (ਸਾਖੀ ਭਾਗ 120), 1, 21.

208. ਗਉੜੀ ਮ:1 ਅਸਟਪਦੀਆਂ ਪੰਨਾ 227.

209. ਮਾਰੂ ਸੋਲਹੇ ਮ:1, ਪੰਨਾ 1023.

210. ਪ੍ਰਭਾਤੀ ਅਸਟਪਦੀਆਂ ਮ:1, ਪੰਨਾ 1342.

211. ਰਾਮਕਲੀ ਸਿਧ ਗੋਸ਼ਟਿ, ਪੰਨਾ 941.

212-13. ਪ੍ਰਭਾਤੀ ਅਸਟਪਦੀਆ ਮ:1, ਪੰਨਾ 1342.

214 ਤੋਂ 218. ਪਦ 31, 143, 64, 29, 32.

219. ਮਾਰੂ ਸੋਲਹੇ ਮ:1, ਪੰਨਾ 1025.

220-ਤੋਂ 222. ਗਉੜੀ ਅਸਟਪਦੀਆਂ ਮ:1, ਪੰਨਾ 226, 227, 221.

223. ਆਸਾ ਮ:1 ਪਦੇ, ਪੰਨਾ 352.

224. ਵਾਰ ਆਸਾ ਮ:1 ਸਲੋਕ 9., ਪੰਨਾ 467.

225. ਤੋਂ 248. ਪਦ 96, 22, 140, (ਸਾਖੀ ਭਾਗ 214)(ਸਾਖੀ ਭਾਗ 259), ਪਦ 19., 75, 5, 135, 43, 50, 108, 74, 93, 155, 4, 35, (ਸਾਖੀ ਭਾਗ 140), 34, 64, 105, 36, 128, 70.

249 ਤੋਂ 251. ਮਾਰੂ ਸੋਲਹੇ ਮ:1, ਪੰਨਾ 1025, 1030, 1034.

252 ਤੇ 253. ਪਦ 37, 63.

254. ਜਪੁਜੀ, ਪੰਨਾ 8.

255. ਗਉੜੀ ਸੁਖਮਨੀ ਮ:5, ਪੰਨਾ 273.

256. ਸਿਰੀ ਰਾਗੁ ਮ:1, ਪੰਨਾ 20.

257 ਤੋਂ 259. ਪਦ 156, 126, 13.

260. ਜਪੁਜੀ, ਪੰਨਾ 3.

261. ਰਾਮਕਲੀ ਸਿਧਿ ਗੋਸਟਿ, ਪੰਨਾ 943-44.

262 ਤੇ 263. ਪਦ, 114, 183.

264. ਸਿਰੀ ਮ:1, ਪੰਨਾ 20.

266 ਤੋਂ 272. ਸਾਖੀ ਭਾਗ, 127, 130,132, 138, 152, 201, 259.

273 ਤੋਂ 277. ਸਿਧ ਗੋਸਟਿ , ਪੰਨਾ 938,939,939,940, 944.

278. ਸਿਰੀ ਰਾਗੁ ਅਸਟਪਦੀਆਂ ਮ:1, ਪੰਨਾ 57.

279 ਤੋਂ 283. ਪਦ 78, 160,171,174,9.

284 ਤੇ 285. ਰਾਗੁ ਰਾਮਕਲੀ ਮ:1, ਪੰਨਾ 878, 879.

286. ਰਾਗੁ ਰਾਮਕਲੀ ਅਸਟਪਦੀਆਂ ਮ:1, ਪੰਨਾ 906.

287. ਗਉੜੀ ਅਸਟਪਦੀਆਂ ਮ:1, ਪੰਨਾ 222.

288. ਧਨਾਸਰੀ ਮ:1 ਪੰਨਾ 685.

289. ਮਾਰੂ ਅਸਟਪਦੀਆ ਮ:1, ਪੰਨਾ 1009.

290. ਪ੍ਰਭਾਤੀ ਅਸਟਪਦੀਆਂ ਮ:1, ਪੰਨਾ 1342.

291. ਆਸਾ ਅਸਟਪਦੀਆਂ ਮ:1, ਪੰਨਾ 412.

292. ਰਾਮਕਲੀ ਮ:1, ਪੰਨਾ 952.

293. ਗਉੜੀ ਅਸਟਪਦੀਆਂ ਮ:1, ਪੰਨਾ 223.

294. ਸਿਰੀ ਰਾਗੁ ਅਸਟਪਦੀਆਂ ਮ:1, ਪੰਨਾ 62.

295. ਆਸਾ ਕਾਫੀ ਮ:1, ਅਸਟਪਦੀਆਂ, ਪੰਨਾ 419.

296. ਸੂਹੀ ਮ:5, ਪੰਨਾ 749.

297. ਸਲੋਕ ਵਾਰਾਂ ਤੇ ਵਧੀਕ ਮ:3, ਪੰਨਾ 1418.

298. ਪ੍ਰੋ. ਪੂਰਨ ਸਿੰਘ; ਪ੍ਰੋ. ਪੂਰਨ ਸਿੰਘ ਅੰਕ(ਲੇਖ-ਸੱਚੀ ਬੀਰਤਾ) ਪੰਨਾ 247.

299. ਰਾਮਕਲੀ ਸਿਧ ਗੋਸਟਿ ਮ:1, ਪੰਨਾ 940-41.

300. ਰਾਮਕਲੀ ਓਅੰਕਾਰੁ ਮ:1, ਪੰਨਾ 932.

301. ਡਾ. ਧਰਮਪਾਲ ਸਿੰਗਲ, ਸੰਤ ਸ਼ਿਰੋਮਣੀ ਰਵਿਦਾਸ, ਪੰਨਾ 96.

---

# ਸਮੁੱਚਾ ਮੁਲਿਆਂਕਣ

## ਸਮੁੱਚਾ ਮੁਲਿਆਂਕਣ

ਭਾਰਤ ਧਰਮ ਪ੍ਰਧਾਨ ਦੇਸ਼ ਹੋਣ ਕਰਕੇ ਇਸ ਦਾ ਦਰਸ਼ਨ ਨਾਲ ਗੂੜ੍ਹਾ ਸੰਬੰਧ ਰਿਹਾ ਹੈ ਅਤੇ ਇਹ ਦਰਸ਼ਨ ਪਰੰਪਰਾ ਵੇਦਾਂ ਤੇ ਉਪਨਿਸ਼ਦਾਂ ਤੋਂ ਚਲੀ ਆਉਂਦੀ ਹੈ। ਭਾਰਤੀ ਦਰਸ਼ਨ ਦੀ ਚਲੀ ਆ ਰਹੀ ਦਾਰਸ਼ਨਿਕ ਪਰੰਪਰਾ ਭਗਤੀ ਲਹਿਰ- ਦੇ ਉਦਗਮ ਨਾਲ ਇੱਕ ਨਵੇਂ ਇਤਿਹਾਸਕ ਮੋੜ ਵਲ ਮੁੜਦੀ ਹੈ। ਕਿਉਂ ਕਿ ਇਸ ਲਹਿਰ ਦੇ ਪ੍ਰਵਰਤਕ ਜਨ-ਸਾਧਾਰਨ ਵਿਚੋਂ ਸਨ ਅਤੇ ਉਨ੍ਹਾਂ ਦਾ ਭਗਤੀ ਮਾਰਗ ਅਤੇ ਭਾਵਨਾ ਵੀ ਜਨ-ਸਾਧਾਰਨ ਦੇ ਅਨੁਕੂਲ ਸੀ। ਭਗਤੀ ਲਹਿਰ ਦਾ ਮੰਤਵ ਨਿੱਜੀ ਹੋਣ ਦੀ ਥਾਂ ਕਿਉਂ ਕਿ ਲੋਕ ਕਲਿਆਣ ਸੀ, ਇਸ ਲਈ ਵੇਦਾਂ ਅਤੇ ਉਪਨਿਸ਼ਦਾਂ ਵਿਚ ਪ੍ਰਚਲਿਤ ਕਰਮ-ਕਾਂਡਾਂ ਤੋਂ ਤੰਗ ਆਈ ਜਨਤਾ ਇਸ ਲਹਿਰ ਵਲ ਖਿੱਚੀ ਗਈ ਅਤੇ ਭਗਤੀ ਕਾਲਪਨਿਕ ਤੇ ਬੌਧਿਕ ਦੀ ਥਾਂ ਜਨ-ਸਾਧਾਰਨ ਦੇ ਜੀਵਨ ਦਾ ਆਧਾਰ ਬਣ ਗਈ। ਭਗਤੀ ਲਹਿਰ ਨੇ ਨਿਰਾਸ਼ ਹੋ ਚੁੱਕੀ ਜਨਤਾ ਨੂੰ ਈਸ਼ਵਰ ਦੀ ਪ੍ਰੇਮ-ਭਗਤੀ ਵਲ ਪ੍ਰੇਰਿਤ ਕੀਤਾ। ਇਸ ਲਹਿਰ ਵਿਚ ਸ੍ਰੀ ਗੁਰੂ ਰਵਿਦਾਸ ਜੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਯੋਗਦਾਨ ਬਹੁਤ ਮਹੱਤਵ ਰੱਖਦਾ ਹੈ। ਕਿਉਂਕਿ ਉਹ ਸਮਾਂ ਹਰ ਤਰ੍ਹਾਂ ਨਾਲ ਉਥਲ-ਪੁਥਲ ਦਾ ਸਮਾਂ ਸੀ। ਇਸ ਕਰਕੇ ਸਮੇਂ ਦੀਆਂ ਸਮਾਜਿਕ, ਧਾਰਮਿਕ, ਰਾਜਨੀਤਿਕ ਅਤੇ ਸਾਹਿਤਕ ਪਰਿਸਥਿਤੀਆਂ ਨੇ ਇਨ੍ਹਾਂ ਦੇ ਯੋਗਦਾਨ ਨੂੰ ਹੋਰ ਵੀ ਜ਼ਰੂਰੀ ਤੇ ਮਹੱਤਵਪੂਰਣ ਬਣਾ ਦਿੱਤਾ। ਇਨ੍ਹਾਂ ਨੇ ਆਪਣੀ ਦਾਰਸ਼ਨਿਕ ਵਿਚਾਰਧਾਰਾ ਰਾਹੀਂ ਭਗਤੀ ਨੂੰ ਗ੍ਰਿਹਸਥ ਮਾਰਗ ਨੂੰ ਤਿਆਗਣ ਅਤੇ ਸਮਾਜਿਕ ਜ਼ਿੰਮੇਵਾਰੀਆਂ ਤੋਂ ਭਾਂਜਵਾਦੀ ਰੁਚੀਆਂ ਦੀ ਥਾਂ ਸਮਾਜਿਕ ਜ਼ਿੰਮੇਵਾਰੀਆਂ ਨਿਭਾਉਂਦਿਆਂ ਗ੍ਰਿਹਸਥ ਮਾਰਗ ਨਾਲ ਲਿਆ ਜੋੜਿਆ। ਇਸ ਦਾ ਅਰਥ ਇਹ ਵੀ ਨਹੀਂ ਲਿਆ ਜਾ ਸਕਦਾ ਕਿ ਉਨ੍ਹਾਂ ਨੇ ਪੁਰਾਣੀ ਦਾਰਸ਼ਨਿਕ ਪਰੰਪਰਾ ਨੂੰ ਬਿਲਕੁੱਲ ਹੀ ਨਕਾਰਿਆ ਹੈ। ਨਹੀਂ, ਸਗੋਂ ਪੁਰਾਣੀ ਦਾਰਸ਼ਨਿਕ ਪਰੰਪਰਾ ਦੇ ਕਲਿਆਣਕਾਰੀ ਤੱਤਾਂ ਤੇ ਸਿਧਾਂਤਾਂ ਨੂੰ ਕਿਸੇ ਨਾ ਕਿਸੇ ਰੂਪ ਵਿਚ ਅਪਣਾ ਕੇ ਮੌਲਿਕਤਾ ਪ੍ਰਦਾਨ ਕੀਤੀ ਹੈ। ਪੁਰਾਣੀ ਦਾਰਸ਼ਨਿਕ ਪਰੰਪਰਾ ਦੇ ਬਹੁਤੇ ਸਿਧਾਂਤ ਅਤੇ ਤੱਤ ਭਾਵੇਂ ਸਾਨੂੰ ਗੁਰੂ ਸਾਹਿਬਾਨ ਦੀ ਬਾਣੀ ਵਿਚ ਮਿਲਦੇ ਹਨ ਪਰ ਅਸੀਂ ਉਨ੍ਹਾਂ ਸਿਧਾਂਤਾਂ ਨੂੰ ਵੇਦਾਂ ਅਤੇ ਉਪਨਿਸ਼ਦਾਂ ਦੀ ਨਕਲ ਨਹੀਂ ਸਗੋਂ ਉਨ੍ਹਾਂ ਦੇ ਆਪਣੇ ਅਨੁਭਵ ਦਾ ਸਿੱਟਾ ਹੀ ਕਹਾਂਗੇ ।

ਬ੍ਰਹਮ ਦੀ ਕਲਪਣਾ ਮੁੱਢ ਤੋਂ ਹੀ ਕਿਸੇ ਨਾ ਕਿਸੇ ਰੂਪ ਵਿੱਚ ਕੀਤੀ ਗਈ ਹੈ। ਭਗਤੀ ਅਸਲ ਵਿੱਚ ਹੈ ਹੀ ਬ੍ਰਹਮ ਦੀ ਖੋਜ। ਸ੍ਰੀ ਗੁਰੂ ਰਵਿਦਾਸ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬ੍ਰਹਮ ਸੰਬੰਧੀ ਆਪਣੀ ਧਾਰਨਾ ਬਣਾਉਣ ਤੋਂ ਪਹਿਲਾਂ ਵੇਦਾਂ, ਉਪਨਿਸ਼ਦਾਂ ਦੀ ਧਾਰਨਾ ਅਤੇ ਹੋਰ ਪੂਰਵ-ਵਰਤੀ ਧਾਰਨਾਵਾਂ ਨੂੰ ਜ਼ਰੂਰ ਚੰਗੀ ਤਰ੍ਹਾਂ ਘੋਖਿਆ ਤੇ ਪੜਤਾਲਿਆ ਹੋਵੇਗਾ। ਪਿੱਛੋਂ ਉਨ੍ਹਾਂ ਨੇ ਆਪਣਾ ਦਰਸ਼ਨ ਲੋਕ-ਕਲਿਆਣ ਲਈ ਪੇਸ਼ ਕੀਤਾ। ਦੋਵੇਂ ਗੁਰੂ ਭਾਵੇਂ ਨਿਰਗੁਣਵਾਦੀ ਸਨ ਪਰ ਉਨ੍ਹਾਂ ਦਾ ਵਿਸ਼ਵਾਸ ਸਗੁਣ ਬ੍ਰਹਮ ਵਿੱਚ ਵੀ ਉਨਾ ਹੀ ਹੈ। ਉਨ੍ਹਾਂ ਨੇ ਬਹੁਦੇਵਵਾਦ , ਦੇਵ-ਪੂਜਾ ਆਦਿ ਦੇ ਖਿਆਲ ਦਾ ਵਿਰੋਧ ਕੀਤਾ ਅਤੇ ਸਰਬ-ਸ਼ਕਤੀਮਾਨ, ਸਰਬ-ਵਿਆਪਕ ਅਕਾਲਪੁਰਖ ਜਾਂ ਬ੍ਰਹਮ ਦੇ ਖਿਆਲ ਦਾ ਪ੍ਰਚਾਰ ਕੀਤਾ। ਗੁਰੂ ਸਾਹਿਬਾਨ ਅਨੁਸਾਰ ਬ੍ਰਹਮ ਦਾ ਖਿਆਲ ਅਕਾਲ-ਪੁਰਖ ਦੀ ਏਕਤਾ ਤੋਂ ਚੱਲਦਾ ਹੈ। ਵੇਦਾਂ ਵਿੱਚ ਅਨੇਕਤਾ ਤੋਂ ਆਰੰਭ ਹੋ ਕੇ ਏਕਤਾ ਤੇ ਸਰਬੈਕਤਾ ਤੱਕ ਪੁੱਜੀਦਾ ਹੈ ਪਰ ਗੁਰੂ ਬਾਣੀ ਅਨੁਸਾਰ ਏਕਤਾ ਤੋਂ ਆਰੰਭ ਹੋ ਕੇ ਅਨੇਕਤਾ ਦਾ ਪਸਾਰਾ ਪਸਰਦਾ ਹੈ। ਦੋਵੇਂ ਹੀ ਗੁਰੂ ਸਾਹਿਬਾਨ ਨੇ ਇੱਕ ਬ੍ਰਹਮ ਤੋਂ ਬਿਨ੍ਹਾਂ ਹੋਰ ਕਿਸੇ ਸ਼ਕਤੀ ਨੂੰ ਨਹੀਂ ਮੰਨਿਆ। ਪਰ ਸ੍ਰੀ ਗੁਰੂ ਰਵਿਦਾਸ ਜੀ ਸਗੁਣ-ਨਿਰਗੁਣ ਬ੍ਰਹਮ ਨੂੰ ਬਰਾਬਰ ਤਰਜੀਹ ਦਿੰਦੇ ਹਨ ਜਦੋਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨਿਰਗੁਣ ਬ੍ਰਹਮ ਦੇ ਜ਼ਿਆਦਾ ਉਪਾਸ਼ਕ ਸਨ। ਭਾਵੇਂ ਉਨ੍ਹਾਂ ਨੇ ਭਗਤੀ-ਭਾਵਨਾ ਅਧੀਨ ਬ੍ਰਹਮ ਦੀ ਵਿਵਹਾਰਿਕ ਸਤਾਹ ਦਾ ਪ੍ਰਤਿਪਾਦਨ ਵੀ ਕੀਤਾ ਹੈ। ਫਿਰ ਵੀ ਦੋਵੇਂ ਗੁਰੂ ਸਾਹਿਬਾਨ ਦੇ ਬ੍ਰਹਮ-ਦਰਸ਼ਨ ਦਾ ਮੂਲ ਆਧਾਰ ਇੱਕ ਬ੍ਰਹਮ ਦੀ ਅਰਾਧਨਾ ਅਤੇ ਉਸ ਇੱਕ ਨਾਲ ਅਭੇਦ ਹੋਣ ਦੀ ਸਾਧਨਾ ਹੀ ਹੈ। ਭਾਵੇਂ ਸ੍ਰੀ ਗੁਰੂ ਰਵਿਦਾਸ ਜੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਗੁਣ ਬ੍ਰਹਮ ਦਾ ਵੀ ਜ਼ਿਕਰ ਕੀਤਾ ਹੈ ਪਰ ਫਿਰ ਵੀ ਉਨ੍ਹਾਂ ਦੇ ਸਗੁਣ-ਬ੍ਰਹਮ ਸੰਬੰਧੀ ਵਿਚਾਰ ਵੈਸ਼ਨਵ ਸੰਤਾਂ ਦੇ ਈਸ਼ਵਰ ਨਾਲੋਂ ਭਿੰਨ ਹਨ। ਭਾਗਵਤ ਭਗਤਾਂ ਦਾ ਬ੍ਰਹਮ ਕਦੀ ਅਵਤਾਰਵਾਦਾਂ ਦੇ ਰੂਪ ਵਿਚ ਸਾਖਿਆਤ ਨਜ਼ਰ ਆਉਂਦਾ ਹੈ ਅਤੇ ਕਦੀ ਸਥੂਲ-ਮੂਰਤੀਆਂ ਦੇ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ। ਪਰ ਗੁਰੂ ਰਵਿਦਾਸ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਬ੍ਰਹਮ ਅਵਿਅਕਤ-ਸਗੁਣ ਹੋਣ ਕਰਕੇ ਅਵਿਅਕਤ ਰੂਪ ਵਿਚ ਕ੍ਰਿਪਾ, ਕਰੁਣਾ, ਕ੍ਰਿਪਾਲੂ, ਬਖਸ਼ਿੰਦ ਆਦਿ ਦੇ ਰੂਪ ਵਿਚ ਭਗਤਾਂ ਦੇ ਅਨੇਕਾਂ ਕਾਰਜ ਕਰਦਾ ਹੈ। ਉਨ੍ਹਾਂ ਦਾ ਬ੍ਰਹਮ ਇੱਕ, ਨਿਰਗੁਣ, ਨਿਰਾਕਾਰ, ਨਿਰਲਿਪਤ, ਨਿਰੰਜਨ, ਅਲੱਖ ਅਤੇ ਅਪਰੰਪਾਰ ਹੈ। ਬ੍ਰਹਮ ਜੋਤਿ-ਸਰੂਪ, ਸਤਿ-ਸਰੂਪ, ਸੈਭੰ-ਸਰੂਪ ਅਤੇ ਓਂਕਾਰ ਰੂਪ ਹੈ। ਬ੍ਰਹਮ ਵਿਰਾਟ-ਰੂਪ ਹੈ। ਉਹ ਅੰਤਰਜਾਮੀ, ਤੇ ਸਰਬ-ਵਿਆਪਕ ਹੈ। ਇਸ ਤੋਂ ਬਿਨਾਂ ਬ੍ਰਹਮ ਦਾ ਜੀਵਾਂ ਨਾਲ ਸਵਾਮੀ-ਸੇਵਕ, ਮਾਤਾ-ਪਿਤਾ ਵਾਲਾ ਸੰਬੰਧ

ਵੀ ਸਥਾਪਤ ਕੀਤਾ ਗਿਆ ਹੈ। ਬ੍ਰਹਮ ਸਾਰੀ ਸ੍ਰਿਸ਼ਟੀ ਦਾ ਕਰਤਾ ਹੈ। ਗੁਰੂ ਸਾਹਿਬਾਨ ਨੇ ਭਗਤੀ ਭਾਵਨਾ ਵਿਸ਼ਵਾਸ ਅਤੇ ਸ਼ਰਧਾ ਅਧੀਨ ਬ੍ਰਹਮ ਨਾਲ ਹੋਰ ਵੀ ਕਈ ਤਰ੍ਹਾਂ ਦੇ ਰਿਸ਼ਤੇ ਕਾਇਮ ਕੀਤੇ ਹਨ। ਗੁਰੂ ਰਵਿਦਾਸ ਜੀ ਨੇ ਬ੍ਰਹਮ ਦੇ ਨਿਵਾਸ ਸਥਾਨ ਤੇ ਸਮਾਧੀ ਅਵਸਥਾ ਲਈ ਸੁੰਨ ਅਤੇ ਸੁੰਨ-ਸਮਾਧੀ ਸ਼ਬਦਾਂ ਦਾ ਪ੍ਰਯੋਗ ਕੀਤਾ ਹੈ। ਬ੍ਰਹਮ ਵਿਸ਼ਵ ਵਿਆਪਕ ਹੈ। ਸ੍ਰੀ ਗੁਰੂ ਰਵਿਦਾਸ ਵਾਂਗ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਬ੍ਰਹਮ ਦੇ ਨਿਵਾਸ-ਸਥਾਨ ਅਤੇ ਸਮਾਧੀ ਅਵਸਥਾ ਲਈ 'ਸੱਚ ਖੰਡ' ਸੁੰਨ ਅਤੇ 'ਸੁੰਨ ਸਮਾਧਿ' ਆਦਿ ਸ਼ਬਦਾਂ ਦੀ ਵਰਤੋਂ ਕੀਤੀ ਹੈ। ਸਾਰੇ ਸੰਸਾਰ ਦਾ ਸਿਰਜਕ ਹੋਣ ਕਰਕੇ ਉਹ ਸਰਬ-ਵਿਆਪਕ, ਸਰਵ-ਉੱਚ ਹੈ। ਉਹ ਦਰਸ਼ਕ ਅਤੇ ਰਜਿਕ ਵੀ ਹੈ। ਜਦ ਵਿਸ਼ਵ-ਪ੍ਰਕ੍ਰਿਤੀ ਦਾ ਕੋਈ ਅਸਤਿੱਤਵ ਨਹੀਂ ਸੀ ਤਾਂ ਵੀ ਅਕਾਲ ਦਾ 'ਸ਼ਬਦ' ਮੌਜੂਦ ਸੀ। ਗੁਰੂ ਸਾਹਿਬ ਨੇ ਇਸੇ ਨੂੰ ਹੁਕਮ, ਇੱਛਾ ਅਤੇ ਕਵਾਉ ਵੀ ਕਿਹਾ ਹੈ। ਹੌਲੀ ਹੌਲੀ ਇਸ 'ਕਵਾਉ' ਤੋਂ ਹੀ ਸ੍ਰਿਸ਼ਟੀ ਦੀ ਰਚਨਾ ਹੋਈ। ਜੀਵ ਬ੍ਰਹਮ ਦਾ ਅੰਸ਼ ਹੈ। ਇਸ ਲਈ ਦੋਵੇਂ ਗੁਰੂ ਸਾਹਿਬਾਨ ਬ੍ਰਹਮ ਦਾ ਨਿਵਾਸ ਮਨੁੱਖੀ ਹਿਰਦੇ ਅੰਦਰ ਮੰਨਦੇ ਹਨ। ਉਹ ਸੱਚ-ਖੰਡ ਦਾ ਵਾਸੀ ਹੈ। ਉਸ ਦਾ ਮਹਲ ਸਦਾ-ਥਿਰ ਅਤੇ ਚੰਗਾ ਹੈ। ਅਧਿਆਤਮਿਕ ਜਗਤ ਵਿੱਚ ਇਹ ਗੁਰੂ ਜੀ ਦੀ ਨਵੀਨ ਅਤੇ ਮੌਲਿਕ ਅਨੁਭੂਤੀ ਸੀ। ਅਸਲ ਵਿਚ ਦੋਵੇਂ ਗੁਰੂ ਸਾਹਿਬਾਨ ਦਾ ਮੁੱਖ ਜੀਵਨ ਉਦੇਸ਼ ਸਰਵ-ਵਿਆਪਕ ਮਾਨਵਵਾਦ ਦੀ ਸਥਾਪਨਾ ਕਰਨਾ ਸੀ। ਪਹਿਲਾਂ ਪ੍ਰਚੱਲਿਤ ਭਗਤੀ ਸਾਧਨਾਂ ਅਤੇ ਕਰਮਕਾਂਡਾਂ ਕਾਰਨ ਗੁੰਝਲਦਾਰ ਬਣੇ ਜਨ ਸਾਧਾਰਨ ਦੇ ਜੀਵਨ ਨੂੰ ਸਵੱਛ ਬਣਾਉਣ ਅਤੇ ਲੋਕ-ਕਲਿਆਣ ਲਈ ਵਿਭਿੰਨ ਦਰਸ਼ਨਾਂ ਦੇ ਅਨੇਕਾਂ ਲੋਕ ਕਲਿਆਣਕਾਰੀ ਤੱਤਾਂ ਨੂੰ ਆਤਮ ਅਨੁਭੂਤੀ ਰਾਹੀਂ ਪੜਚੋਲਦਿਆਂ ਤੇ ਅਪਣਾਉਂਦਿਆਂ ਜਨ-ਸਾਧਾਰਨ ਲਈ ਭਗਤੀ ਦਾ ਇਕ ਸਰਲ ਮਾਰਗ ਪ੍ਰਦਾਨ ਕੀਤਾ। ਪ੍ਰਭੂ ਦੀ ਪ੍ਰਾਪਤੀ ਲਈ ਸ਼ਰਧਾ, ਨਿਮਰਤਾ, ਪ੍ਰਭੂ ਦੀ ਸ਼ਰਨ, ਗੁਰੂ ਦੀ ਪ੍ਰਾਪਤੀ, ਗੁਰ-ਪ੍ਰਸਾਦ,, ਸੰਸਾਰਕ ਬੰਧਨਾਂ ਦਾ ਤਿਆਗ, ਸਤਿਸੰਗ ਅਤੇ ਸਾਧ ਸੰਗਤਿ, ਹਉਮੈਂ ਦਾ ਤਿਆਗ ਅਤੇ ਨਿਸ਼ਕਾਮ-ਕਰਮ ਕਰਨ ਦੀ ਪ੍ਰੇਰਨਾ ਕੀਤੀ। ਨਾਮ ਨੂੰ ਪ੍ਰਮੁੱਖ ਨਿਯੰਤਰਣ ਸ਼ਕਤੀ ਦੇ ਰੂਪ ਵਿਚ ਪੇਸ਼ ਕੀਤਾ। ਬ੍ਰਹਮ ਅਜੂਨੀ ਹੈ। ਉਸ ਦੀ ਸ਼ਕਤੀ ਸਦਾ ਇਕ-ਰੂਪ, ਸਥਿਰ ਅਤੇ ਪਰਮਸ਼ਾਂਤ ਹੈ। ਉਹ ਸ੍ਰਿਸ਼ਟੀ ਦੇ ਆਦਿ, ਮੱਧ ਅਤੇ ਅੰਤ ਵਿੱਚ ਵਿਆਪਕ ਰਹਿੰਦਾ ਹੈ।

## ਜੀਵ-ਦਰਸ਼ਨ

ਸ੍ਰੀ ਗੁਰੂ ਰਵਿਦਾਸ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਤਮਾ ਅਤੇ ਪਰਮਾਤਮਾ ਦੇ ਸੰਬੰਧ ਸੰਬੰਧੀ ਪਿਛਲੇਰੀ ਲੰਮੀ ਪਰੰਪਰਾ ਨੂੰ ਕਾਇਮ ਰੱਖਦਿਆਂ ਆਪਣੀ ਬਾਣੀ ਵਿਚ ਵਿਗਿਆਨਕ

ਅਤੇ ਦਾਰਸ਼ਨਿਕ ਦ੍ਰਿਸ਼ਟੀਕੋਣ ਤੋਂ ਇਨ੍ਹਾਂ ਦੇ ਸੰਬੰਧ ਨੂੰ ਨਿਰੂਪਣ ਕੀਤਾ ਹੈ। ਗੁਰੂ ਸਾਹਿਬਾਨ ਅਨੁਸਾਰ ਮਨੁੱਖੀ ਸਰੀਰ ਨਾਸ਼ਵਾਨ ਹੈ ਪਰ ਆਤਮਾ ਨਿਤਯ(ਸੁਤੰਤਰ) ਮੁਕਤ, ਅਨੰਤ, ਅਜਰ, ਅਮਰ ਅਤੇ ਅਬਿਨਾਸ਼ੀ ਹੈ। ਮਨੁੱਖ ਅਗਿਆਨੀ ਹੈ। ਅਵਿਦਿਆ ਕਾਰਨ ਸੰਸਾਰਕ ਬੰਧਨਾਂ ਵਿਚ ਫਸਿਆ ਆਪਣੇ ਆਪ ਨੂੰ ਪਰਮਾਤਮਾ ਤੋਂ ਭਿੰਨ ਅਤੇ ਸੁਤੰਤਰ ਸਮਝਣ ਲੱਗ ਪੈਂਦਾ ਹੈ। ਵੇਦਾਂਤ ਦੀ ਤਰ੍ਹਾਂ ਸ਼੍ਰੀ ਗੁਰੂ ਰਵਿਦਾਸ ਜੀ ਨੇ ਆਤਮਾ ਅਤੇ ਪਰਮਾਤਮਾ ਵਿਚ ਅੰਸ਼-ਅੰਸ਼ੀ ਦਾ ਸੰਬੰਧ ਮੰਨਿਆ ਹੈ। ਉਨ੍ਹਾਂ ਅਨੁਸਾਰ ਬ੍ਰਹਮ ਅਤੇ ਜੀਵ ਵਿੱਚ ਅਭਾਸੀ ਦਵੈਤ ਹੈ ਜਾਂ ਅਦਵੈਤ ਹੈ। ਪਾਣੀ ਅਤੇ ਪਾਣੀ ਤੋਂ ਉਪਜੀਆਂ ਤਰੰਗਾਂ ਵਰਗੀ ਜਾਂ ਸੋਨਾ ਅਤੇ ਇਸ ਤੋਂ ਬਣੇ ਗਹਿਣਿਆਂ ਵਰਗੀ ਅਭਿੰਨਤਾ ਹੈ। ਇਹ ਉਸ ਦੀ ਅਗਿਆਨਤਾ ਦਾ ਹੀ ਸਿੱਟਾ ਹੈ ਕਿ ਉਹ ਆਪਣੇ ਆਪ ਨੂੰ ਵੱਖ ਸਮਝਣ ਲੱਗ ਪੈਂਦਾ ਹੈ। ਇਹੋ ਹੀ ਬੰਧਨ ਦਾ ਕਾਰਣ ਹੈ ਜਿਵੇਂ ਹਨੇਰੇ ਵਿੱਚ ਰੱਸੀ ਵੀ ਸੱਪ ਜਾਪਦੀ ਹੈ। ਸ਼੍ਰੀ ਗੁਰੂ ਨਾਨਕ ਦੇਵ ਜੀ ਨੂੰ ਵੀ ਆਤਮਾ ਅਤੇ ਪਰਮਾਤਮਾ ਦੀ ਏਕਤਾ ਅਤੇ ਅਦਵੈਤ ਸਤਾਹ ਵਿੱਚ ਪੂਰਾ ਵਿਸ਼ਵਾਸ਼ ਹੈ। ਗੁਰਬਾਣੀ ਵੀ ਜੀਵ ਨੂੰ ਬ੍ਰਹਮ ਨਾਲ ਉਸੇ ਤਰ੍ਹਾਂ ਅਭੇਦ ਦੱਸਦੀ ਹੈ ਜਿਵੇਂ ਸੋਨਾ ਅਤੇ ਸੋਨੇ ਤੋਂ ਬਣੇ ਗਹਿਣੇ, ਅੱਗ ਤੇ ਅੱਗ ਦੀਆਂ ਚੰਗਿਆੜੀਆਂ, ਸੂਤ ਤੇ ਸੂਤ ਤੋਂ ਬਣਿਆ ਕੱਪੜਾ। ਸਾਗਰ ਤੇ ਲਹਿਰਾਂ, ਜਲ ਤੇ ਜਲ ਦੀ ਬੂੰਦ। ਆਤਮਾ ਇਕ ਹੈ ਪਰ ਹਰ ਜੀਵ ਦੀਆਂ ਪ੍ਰਵਿਰਤੀਆਂ, ਅਨੁਭਵ, ਸੰਸਕਾਰ, ਧਰਮ, ਕਰਮਫਲ ਵਿੱਚ ਭਿੰਨਤਾ ਹੋਣ ਕਰਕੇ ਜੀਵ ਵੀ ਅਨੇਕ ਪ੍ਰਤੀਤ ਹੁੰਦੇ ਹਨ।

ਦੋਵੇਂ ਹੀ ਗੁਰੂ ਸਾਹਿਬਾਨ ਪਰਮਾਤਮਾ ਨੂੰ ਸਾਰੇ ਜੀਵਾਂ ਵਿਚ ਜੋਤਿ ਰੂਪ ਵਿੱਚ ਵਿਚਰਦਾ ਮੰਨਦੇ ਹਨ। ਇੱਕ ਪਰਮਜੋਤਿ ਦਾ ਪਸਾਰਾ ਹੀ ਸਭ ਪਾਸੇ ਹੈ। ਆਤਮਾ ਪਰਮਾਤਮਾ ਦਾ ਰੂਪ ਹੈ। ਸ਼ੁੱਧ ਅਤੇ ਮੁਕਤ-ਸਰੂਪ ਹੈ। ਜੀਵ ਬ੍ਰਹਮ ਦਾ ਅੰਸ਼ ਹੈ ਇਸ ਲਈ ਇਹ ਵੀ ਸ਼ੁੱਧ ਅਤੇ ਮੁਕਤ ਸਰੂਪ ਹੈ। ਪਰ ਕਰਮਾਂ ਵਸ ਹੈ। ਮਨੁੱਖਾ ਜੀਵਨ ਦੁਰਲੱਭ ਹੈ। ਮਨੁੱਖਾ ਜੂਨ ਸਾਰੀਆਂ ਜੂਨਾਂ ਵਿਚੋਂ ਸ੍ਰੇਸ਼ਠ ਹੈ। ਜੀਵ ਕਰਮਾਂ ਦਾ ਬੰਨ੍ਹਿਆ ਹੋਇਆ ਹੈ ਅਤੇ ਕਰਮਾਂ ਅਨੁਸਾਰ ਹੀ ਫਲ ਭੋਗਦਾ ਹੈ। ਦੋਵੇਂ ਗੁਰੂ ਸਾਹਿਬਾਨ ਕਰਮਾਂ ਦੀ ਗੱਲ ਕਰਦੇ ਹੋਏ ਪ੍ਰਭੂ ਦੀ ਮਿਹਰ ਅਤੇ ਦਇਆ ਉੱਤੇ ਵਧੇਰੇ ਜ਼ੋਰ ਦਿੰਦੇ ਹਨ। ਇਥੇ ਦੋਵੇਂ ਗੁਰੂ ਸ਼ੁੱਧ ਅਦਵੈਤਵਾਦੀ ਜਾਪਦੇ ਹਨ। ਉਹ ਜੀਵਾਤਮਾ ਅਤੇ ਪਰਮਾਤਮਾ ਵਿੱਚ ਕੋਈ ਭੇਦ ਨਹੀਂ ਮੰਨਦੇ। ਸਾਰੇ ਜੀਵ ਪਰਮਾਤਮਾ ਦੇ ਇੱਕ ਨੂਰ ਤੋਂ ਪੈਦਾ ਹੋਏ ਹਨ ਪਰ ਦੈਹਿਕ, ਦੈਵਿਕ ਅਤੇ ਭੌਤਿਕ ਤਾਪਾਂ ਨਾਲ ਗ੍ਰਸੇ ਹੋਏ ਹਨ। ਸ਼੍ਰੀ ਗੁਰੂ ਨਾਨਕ ਦੇਵ ਜੀ ਜੀਵ ਦੀ ਉਤਪਤੀ ਪਰਮਾਤਮਾ ਦੇ ਹੁਕਮ ਅਨੁਸਾਰ ਮੰਨਦੇ ਹਨ। ਹਰੀ ਦੇ ਸਿਮਰਨ ਰਾਹੀਂ ਉਪਰੋਕਤ ਤਾਪਾਂ ਤੇ ਕਾਬੂ ਪਾ ਕੇ 84 ਲੱਖ ਜੂਨਾਂ ਦੇ ਚੱਕਰ ਤੋਂ ਬਚਿਆ ਜਾ ਸਕਦਾ ਹੈ। ਪਰ ਹਉਮੈ ਵਿਚ ਫਸ ਕੇ ਜੀਵ ਆਪਣਾ ਉਦੇਸ਼ ਭੁੱਲ ਜਾਂਦਾ ਹੈ। ਭਰਮ-ਕਰਮ ਵਿੱਚ ਬੱਝਿਆ ਉਹ ਪਰਮਾਤਮਾ ਦੇ ਅਧੀਨ ਹੈ। ਪਰਮਾਤਮਾ ਦੇ ਹੁਕਮ

ਅਨੁਸਾਰ ਚੰਗੇ ਮਾੜੇ ਕੰਮ ਕਰਦਾ ਹੈ। ਪਰ 'ਅਹੰ' ਭਾਵ ਦਾ ਤਿਆਗ ਅਤੇ ਦਵੈਤ ਭਾਵ ਨੂੰ ਮਿਟਾਕੇ ਪ੍ਰਭੂ ਪ੍ਰੇਮ ਰਾਹੀਂ ਉਹ ਪ੍ਰਭੂ ਦਾ ਮਿਲਾਪ ਹਾਸਲ ਕਰ ਸਕਦਾ ਹੈ। ਨਿਸ਼ਕਾਮ ਕਰਮ ਵੀ ਜੀਵ ਲਈ ਜ਼ਰੂਰੀ ਹਨ। ਪ੍ਰਭੂ ਤੋਂ ਬੇਮੁੱਖਤਾ ਹੀ ਜੀਵ ਲਈ ਦੁੱਖਾਂ ਦਾ ਕਾਰਣ ਬਣਦਾ ਹੈ। ਪਰ ਗੁਰਮੁਖਿ ਆਪਣੇ ਅੰਦਰੋਂ ਹੀ ਪ੍ਰਭੂ ਦੀ ਪ੍ਰਾਪਤੀ ਕਰ ਲੈਂਦੇ ਹਨ ਜਦੋਂ ਕਿ ਮਨਮੁਖ ਸੰਸਾਰਕ ਪਦਾਰਥਾਂ ਕਾਰਨ ਭਟਕਦੇ ਫਿਰਦੇ ਹਨ। ਅਜਿਹੇ ਸੰਸਾਰਕ ਜੀਵਾਂ ਦੀ ਸਥਿਤੀ ਤਰਸਯੋਗ ਹੈ। ਭੰਵਰੇ ਦੀ ਤਰ੍ਹਾਂ ਵਿਸ਼ਿਆਂ-ਵਿਕਾਰਾਂ ਵਿਚ ਫਸੇ ਭਟਕਦੇ ਹਨ। ਹਿਰਨ ਦੀ ਤਰ੍ਹਾਂ ਆਪਣੇ ਅੰਦਰ ਦੀ ਨਾਮ-ਰੂਪੀ ਅਨਮੋਲ ਕਸਤੂਰੀ ਦੀ ਪਹਿਚਾਣ ਕਰਨ ਦੇ ਅਸਮਰਥ ਹਨ। ਇਹ ਸੱਭ ਹਉਮੈਂ ਕਾਰਨ ਹੈ ਜਦੋਂ ਤੱਕ ਜੀਵ ਅਗਿਆਨਤਾ ਤੇ ਅਵਿਦਿਆ ਕਾਰਨ ਹਉਮੈ ਵਿਚ ਫਸਿਆ ਰਹਿੰਦਾ ਹੈ ਆਪਣੇ ਆਪ ਨੂੰ ਪਰਮਾਤਮਾ ਤੋਂ ਭਿੰਨ ਪ੍ਰਤੀਤ ਕਰਦਾ ਹੈ। ਪਰ ਅਗਿਆਨਤਾ ਅਤੇ ਅਵਿਦਿਆ ਦੇ ਦੂਰ ਹੋਣ ਤੇ ਮਾਇਆ ਦਾ ਪ੍ਰਭਾਵ ਵੀ ਦੂਰ ਹੋ ਜਾਂਦਾ ਹੈ ਅਤੇ ਜੀਵ ਆਪਣੇ ਆਪ ਨੂੰ ਪਰਮਾਤਮਾ ਅਤੇ ਬ੍ਰਹਮ-ਰੂਪ ਪ੍ਰਤੀਤ ਕਰ ਲੈਂਦਾ ਹੈ। ਭਟਕਣਾ ਖਤਮ ਹੋ ਜਾਂਦੀ ਹੈ। ਜੀਵ ਮੁਕਤੀ ਦਾ ਅਧਿਕਾਰੀ ਬਣ ਜਾਂਦਾ ਹੈ। ਬ੍ਰਹਮ ਅਤੇ ਜੀਵ ਵਿਚਕਾਰ ਸਦੀਵੀ ਸੰਬੰਧ ਸਥਾਪਤ ਹੋ ਜਾਂਦਾ ਹੈ। ਇਹ ਸਭ ਕੁਝ ਪ੍ਰਭੂ ਕਿਰਪਾ ਅਤੇ ਨਾਮ-ਸਿਮਰਣ ਰਾਹੀਂ ਹੀ ਹੋ ਸਕਦਾ ਹੈ। ਪਰ ਗੁਰੂ ਰਵਿਦਾਸ ਜੀ ਬ੍ਰਹਮ ਅਤੇ ਜੀਵ ਵਿਚਲੇ ਇਸ ਸੰਬੰਧ ਨੂੰ ਵਿਸ਼ਿਸ਼ਟ ਅਦਵੈਤ ਮੰਨਦੇ ਹਨ ਜਦੋਂ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਸ਼ੁੱਧ ਅਦਵੈਤ ਦੇ ਧਾਰਨੀ ਹਨ।

## ਜਗਤ

ਜਗਤ ਜਾਂ ਸ੍ਰਿਸ਼ਟੀ ਦੀ ਉਤਪਤੀ ਸੰਬੰਧੀ ਵਿਚਾਰ ਵੇਦਾਂ ਤੋਂ ਚਲੇ ਆਉਂਦੇ ਹਨ। ਭਾਵੇਂ ਸ੍ਰਿਸ਼ਟੀ ਦੀ ਉਤਪਤੀ ਦੇ ਕਾਰਣ ਬ੍ਰਹਮ ਜਾਂ ਆਤਮਾ, ਜਲ, ਅਗਨੀ ,ਸੋਮ, ਵਰੁਣ ਪ੍ਰਕਾਸ਼, ਦ੍ਰਵਾਂ ਦਾ ਸੰਜੋਗ, ਵਾਯੂ, ਸਤੋ-ਰਜੋ-ਤਮੋ ਗੁਣ, ਪ੍ਰਕ੍ਰਿਤੀ ਅਤੇ ਪੁਰਸ਼ ਦਾ ਸੰਜੋਗ, ਪ੍ਰਿਥਵੀ ਆਦਿ ਮੰਨੇ ਗਏ ਹਨ ਪਰ ਜਗਤ ਰਚਨਾ ਦਾ ਮੁੱਖ ਕਾਰਣ ਇਕ ਮਾਤਰ ਬ੍ਰਹਮ ਹੀ ਹੈ। ਸ਼੍ਰੀ ਗੁਰੂ ਰਵਿਦਾਸ ਅਤੇ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਜਗਤ ਅਥਵਾ ਸ੍ਰਿਸ਼ਟੀ ਦੀ ਉਤਪਤੀ ਦਾ ਮੂਲ ਕਾਰਣ ਬ੍ਰਹਮ ਨੂੰ ਹੀ ਮੰਨਿਆ ਹੈ। ਨਮਿੱਤ ਕਾਰਣ ਵੀ ਅਤੇ ਉਪਾਦਾਨ ਕਾਰਣ ਵੀ। ਸਾਰੀ ਸ੍ਰਿਸ਼ਟੀ ਕਿਸੇ ਵਿਸ਼ੇਸ਼ ਨਿਯਮ ਅਧੀਨ ਚੱਲ ਰਹੀ ਹੈ। ਬ੍ਰਹਮ ਦੀ ਇੱਛਾ ਤੋਂ ਹੀ ਜਗਤ ਦਾ ਲੈਅ ਹੁੰਦਾ ਹੈ। ਅਰਥਾਤ ਜਗਤ ਦਾ ਲੈਅ ਉਸੇ ਬ੍ਰਹਮ ਵਿੱਚ ਹੁੰਦਾ ਹੈ ਜਿਸ ਬ੍ਰਹਮ ਤੋਂ ਉਸ ਦੀ ਉਤਪਤੀ ਹੁੰਦੀ ਹੈ। ਬ੍ਰਹਮ ਹੀ ਜਗਤ ਦੀ ਕਾਰਜ ਸ਼ਕਤੀ ਹੈ ਅਤੇ ਉਸਦੀ ਇਕੋ ਹੀ ਜੋਤਿ ਸੱਭ ਪ੍ਰਾਣੀਆਂ ਵਿਚ ਵਿਦਮਾਨ ਹੈ। ਗੁਰੂ ਰਵਿਦਾਸ ਜੀ ਅਨੁਸਾਰ ਸ੍ਰਿਸ਼ਟੀ ਦੇ ਆਰੰਭ ਵਿਚ ਸਹਜ-ਸੁੰਨ ਸੀ, ਉਸ ਪ੍ਰਭੂ ਨੇ ਇੱਛਾ ਕੀਤੀ ਤਾਂ ਸ੍ਰਿਸ਼ਟੀ ਦਾ ਨਿਰਮਾਣ

ਹੋਇਆ। ਅਦਵੈਤਵਾਦ ਦੇ ਅਨੁਸਾਰ ਵੀ ਸੰਸਾਰ ਪਰਮਾਤਮਾ ਦਾ ਪ੍ਰਤੀਬਿੰਬ ਹੈ। ਇਹ ਵਿਚਾਰਧਾਰਾ ਗੁਰੂ ਰਵਿਦਾਸ ਅਤੇ ਸ੍ਰੀ ਗੁਰੂ ਨਾਨਕ ਬਾਣੀ ਵਿਚ ਵੀ ਮਿਲਦੀ ਹੈ। ਸ੍ਰੀ ਗੁਰੂ ਰਵਿਦਾਸ ਜੀ ਸਮੁੱਚੇ ਜਗਤ ਨੂੰ ਈਸ਼ਵਰ ਦੀ ਗਿਆਨ ਸ਼ਕਤੀ ਦੀ ਅਭਿਵਿਅਕਤੀ ਮੰਨਦੇ ਹਨ। ਪ੍ਰਭੂ ਸ੍ਰਿਸ਼ਟੀ ਦੇ ਆਦਿ, ਵਰਤਮਾਨ ਅਤੇ ਭਵਿੱਖ ਵਿਚ ਵੀ ਕਰਤਾ-ਕਾਰਣ ਹੈ। ਵੇਦਾਂਤ ਅਤੇ ਉਪਨਿਸ਼ਦਾਂ ਵਾਂਗ ਗੁਰੂ ਰਵਿਦਾਸ ਜੀ ਵੀ ਪੰਜ ਤੱਤਾਂ ਤੋਂ ਸ੍ਰਿਸ਼ਟੀ ਦੀ ਰਚਨਾ ਮੰਨਦੇ ਹਨ। ਗੁਰੂ ਜੀ ਅਧਿਆਤਮਵਾਦ ਅਨੁਸਾਰ ਸੰਸਾਰ ਨੂੰ ਮਾਇਆ ਦਾ ਸਾਕਾਰ ਰੂਪ ਸਵੀਕਾਰਦੇ ਹੋਏ ਸਾਰੀ ਸ੍ਰਿਸ਼ਟੀ ਨੂੰ ਤ੍ਰਿਗੁਣੀ ਮਾਇਆ ਦੀ ਉਪਜ ਦੱਸਦੇ ਹਨ। ਪ੍ਰਭੂ ਵੀ ਇਸ ਦੀ ਪਕੜ ਤੋਂ ਨਹੀਂ ਬਚ ਸਕਿਆ।

ਸ੍ਰੀ ਗੁਰੂ ਨਾਨਕ ਦੇਵ ਜੀ ਵੀ ਜਗਤ ਅਥਵਾ ਸ੍ਰਿਸ਼ਟੀ ਦੀ ਉਤਪਤੀ ਤੇ ਵਿਨਾਸ਼ ਦਾ ਕਾਰਣ ਬ੍ਰਹਮ ਨੂੰ ਮੰਨਦੇ ਹਨ। ਪ੍ਰਭੂ ਨੇ ਆਪ ਹੀ ਆਪਣੇ ਆਪ ਨੂੰ ਸ੍ਰਿਸ਼ਟੀ ਦੇ ਰੂਪ ਵਿਚ ਪ੍ਰਗਟ ਕੀਤਾ ਹੈ। ਬ੍ਰਹਮ ਦੀ ਇੱਛਾ ਹੋਈ ਤਾਂ ਉਸਦੇ ਹੁਕਮ ਅਨੁਸਾਰ ਸ੍ਰਿਸ਼ਟੀ ਹੋਂਦ ਵਿਚ ਆਈ। ਗੁਰੂ ਜੀ ਅਨੁਸਾਰ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਅਨੰਤ ਯੁੱਗਾਂ ਤੱਕ ਅੰਧਕਾਰ ਦੀ ਅਵਸਥਾ ਸੀ। ਗੁਰਬਾਣੀ ਦੇ ਇਹ ਵਿਚਾਰ ਰਿਗਵੇਦ ਨਾਲ ਜਾ ਮਿਲਦੇ ਹਨ। ਗੁਰੂ ਜੀ ਨੇ ਸ੍ਰਿਸ਼ਟੀ ਰਚਨਾ ਦੇ ਆਦਿ ਤੱਤ ਨੂੰ 'ਸੁੰਨ' ਦਾ ਨਾਮ ਵੀ ਦਿੱਤਾ ਹੈ। ਸਾਰੇ ਦੇਵੀ-ਦੇਵਤੇ, ਖੰਡ, ਬ੍ਰਹਮੰਡ ਉਸੇ 'ਸੁੰਨ' ਤੋਂ ਪੈਦਾ ਹੋਏ। ਗੁਰੂ ਜੀ ਅਨੁਸਾਰ ਕਾਰਣ ਅਤੇ ਕਾਰਜ ਅਰਥਾਤ ਬ੍ਰਹਮ ਅਤੇ ਜਗਤ ਵਿਚ ਅਭੇਦਤਾ ਹੈ। ਕਾਰਜ ਸ੍ਰਿਸ਼ਟੀ ਦੀ ਉਤਪਤੀ ਕਾਰਣ-ਬ੍ਰਹਮ ਤੋਂ ਹੋਈ ਹੈ। ਉਸ ਨੇ ਆਪਣੇ ਨਿਰਗੁਣ ਅਤੇ ਸੂਖਮ ਰੂਪ ਤੋਂ ਹੀ ਸਥੂਲ ਰੂਪ ਧਾਰਣ ਕੀਤਾ ਹੈ। 'ਹਉਮੈਂ' ਤੋਂ ਵੀ ਸ੍ਰਿਸ਼ਟੀ ਦੀ ਉਤਪਤੀ ਮੰਨੀ ਗਈ ਹੈ। ਇਸ ਤਰ੍ਹਾਂ ਗੁਰੂ ਜੀ ਦੇ ਵਿਚਾਰ ਭਾਰਤੀ ਪੁਰਾਤਨ ਵਿਚਾਰਧਾਰਾ ਨਾਲ ਮੇਲ ਤਾਂ ਖਾਂਦੇ ਹਨ ਪਰ ਸਾਂਖ ਵੇਦਾਂਤ ਵਾਂਗ ਪ੍ਰਕ੍ਰਿਤੀ ਨੂੰ ਸ੍ਰਿਸ਼ਟੀ ਰਚਨਾ ਦਾ ਕਾਰਨ ਨਹੀਂ ਮੰਨਿਆ ਸਗੋਂ ਪ੍ਰਕ੍ਰਿਤੀ ਨੂੰ ਵੀ ਬ੍ਰਹਮ ਦੀ ਉਪਜ ਮੰਨਿਆ ਹੈ। ਇੱਕ ਤੋਂ ਅਨੇਕ ਹੋ ਜਾਣ ਦਾ ਗੁਰੂ ਜੀ ਦਾ ਵਿਚਾਰ ਉਪਨਿਸ਼ਦਾਂ ਨਾਲ ਜਾ ਮੇਲ ਖਾਂਦਾ ਹੈ।

ਸ੍ਰੀ ਗੁਰੂ ਰਵਿਦਾਸ ਜੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੋਹਾਂ ਨੇ ਹੀ ਜਗਤ ਨੂੰ ਸੱਤ ਅਤੇ ਮਿਥਿਆ ਦੋ ਪ੍ਰਕਾਰ ਦਾ ਮੰਨਿਆ ਹੈ। ਜਗਤ ਦਾ ਮੂਲ ਆਧਾਰ ਸਤਿਸਰੂਪ ਪਰਮਾਤਮਾ ਹੈ। ਇਹ ਜਗਤ ਸੱਤਿ ਹੈ ਪਰ ਇਹ ਸਤਿ ਪਰਮਾਰਥਕ ਨਹੀਂ ਸਗੋਂ ਵਿਵਹਾਰਿਕ ਹੈ। ਪਰਮਾਰਥਕ ਸਤਿ ਕੇਵਲ ਪਰਮਾਤਮਾ ਹੈ ਅਤੇ ਜਗਤ ਮਿਥਿਆ ਹੈ ਕਿਉਂ ਕਿ ਸਤਿ-ਸਰੂਪ ਤੋਂ ਬਿਨਾਂ

ਇਸ ਦੀ ਕੋਈ ਹੋਂਦ ਨਹੀਂ। ਗੁਰੂ ਸਾਹਿਬਾਨ ਨੇ ਜਗਤ ਨੂੰ ਭਵ-ਸਾਗਰ, ਦੁੱਤਰ ਸਾਗਰ ਵੀ ਕਿਹਾ ਹੈ ਅਤੇ ਇਸਨੂੰ ਗੁਰੂ ਸ਼ਬਦ ਅਤੇ ਪ੍ਰਭੂ ਸਿਮਰਨ ਅਤੇ ਨਾਮ ਰਾਹੀਂ ਪਾਰ ਕੀਤਾ ਜਾ ਸਕਦਾ ਹੈ। ਉਨ੍ਹਾਂ ਅਨੁਸਾਰ ਸੰਸਾਰ ਦੁੱਖਾਂ ਦਾ ਘਰ ਹੈ ਅਤੇ ਇਨ੍ਹਾਂ ਦੁੱਖਾਂ ਦਾ ਕਾਰਣ ਮਾਇਆ ਹੈ। ਇਹ ਦੁੱਖ ਦੈਹਿਕ, ਦੈਵਿਕ ਅਤੇ ਭੌਤਿਕ ਹਨ। ਇਨ੍ਹਾਂ ਦੁੱਖਾਂ ਤੋਂ ਛੁਟਕਾਰਾ ਪ੍ਰਾਪਤ ਕਰਨ ਅਤੇ ਸੁੱਖਾਂ ਦੀ ਪ੍ਰਾਪਤੀ ਲਈ ਪ੍ਰਭੂ ਭਗਤੀ, ਗੁਰੂ ਦੀ ਸ਼ਰਨ ਅਤੇ ਨਾਮ ਸਿਮਰਣ ਜ਼ਰੂਰੀ ਹੈ। ਗੁਰੂ ਸਾਹਿਬਾਨ ਨੇ ਆਪਣੀ ਬਾਣੀ ਰਾਹੀਂ ਜੀਵ ਨੂੰ ਸੰਸਾਰਕ ਸੁੱਖਾਂ ਦੀ ਥਾਂ ਅਧਿਆਤਮਕ ਸੁੱਖ, ਆਨੰਦ ਅਤੇ ਅਲੌਕਿਕ ਸੁੱਖ ਪ੍ਰਾਪਤ ਕਰਨ ਲਈ ਪ੍ਰੇਰਿਆ ਹੈ। ਜਿਥੇ ਦ੍ਵੈਤ ਭਾਵਨਾ ਖਤਮ ਹੋ ਜਾਂਦੀ ਹੈ ਮਾਇਆ ਦੇ ਬੰਧਨ ਟੁੱਟ ਜਾਂਦੇ ਹਨ। ਦ੍ਰਿਸ਼ਟੀ ਵਿਚ ਸਮਾਨਤਾ ਆ ਜਾਂਦੀ ਹੈ। ਸੁਖ ਦੀ ਇਹ ਅਵਸਥਾ ਸਦਾ ਕਾਇਮ-ਦਾਇਮ ਰਹਿੰਦੀ ਹੈ।

## ਮਾਇਆ

ਸ੍ਰੀ ਗੁਰੂ ਰਵਿਦਾਸ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮਾਇਆ ਦਾ ਸਿੱਧਾਂਤ ਪੁਰਾਤਨ ਪ੍ਰੰਪਰਾ ਨਾਲ ਕਾਫੀ ਮੇਲ ਖਾਂਦਾ ਹੈ। ਉਨ੍ਹਾਂ ਅਨੁਸਾਰ ਸੰਸਾਰ ਵਿੱਚ ਅਸਤਿ ਨੂੰ ਸਤਿ ਸਮਝਣਾ ਹੀ ਮਾਇਆ ਹੈ। ਇਸ ਨੂੰ ਅਵਿਦਿਆ ਵੀ ਕਿਹਾ ਗਿਆ ਹੈ। ਸੰਸਾਰ ਵਿਚ ਸਮੁੱਚੇ ਕਰਮ ਜੋ ਅਵਿਦਿਆ ਅਤੇ ਅਗਿਆਨਤਾ ਹਿੱਤ ਕੀਤੇ ਜਾਂਦੇ ਹਨ- ਮਾਇਆ ਹੈ। ਗੁਰੂ ਸਾਹਿਬਾਨ ਨੇ ਮਾਇਆ ਨੂੰ ਪ੍ਰਭੂ ਦੀ ਪ੍ਰਬਲ ਸ਼ਕਤੀ ਕਿਹਾ ਹੈ। ਇਹ ਸੰਸਾਰਕ ਪ੍ਰਪੰਚ ਹੈ। ਜਿਸ ਨੇ ਸਾਰੇ ਜੀਵਾਂ ਨੂੰ ਆਪਣੀ ਪਕੜ ਵਿਚ ਲਿਆ ਹੋਇਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਜਗਤ ਦੇ ਸਾਰੇ ਸੰਬੰਧ ਮਾਇਆ ਦਾ ਪਰਸਾਰ ਹਨ। ਗੀਤਾ ਵਿਚ ਮਾਇਆ ਨੂੰ ਅਵਿੱਦਿਆ ਅਤੇ ਉਪਨਿਸ਼ਦਾਂ ਵਿਚ ਸ੍ਰਿਸ਼ਟੀ ਪ੍ਰਪੰਚ ਕਿਹਾ ਗਿਆ ਹੈ।

ਦੋਵੇਂ ਗੁਰੂ ਸਾਹਿਬਾਨ ਅਨੁਸਾਰ ਮਾਇਆ ਥੋਥੀ, ਮਿਥਿਆ, ਭਰਮ, ਝੂਠੀ ਅਪਰੰਪਾਰ, ਮੋਹਣੀ ਅਤੇ ਤ੍ਰਿਗੁਣਾਤਮਕ ਸ਼ਕਤੀ ਹੈ। ਇਹ ਕਈ ਤਰ੍ਹਾਂ ਦੇ ਮਨਮੋਹਕ ਰੂਪ ਧਾਰ ਕੇ ਜਗਤ ਨੂੰ ਠੱਗਦੀ ਹੈ। ਦੇਵੀ-ਦੇਵਤੇ ਤੇ ਜਤੀ-ਸਤੀ ਵੀ ਇਸ ਦੀ ਮਨਮੋਹਕ ਸ਼ਕਤੀ ਤੋਂ ਨਾ ਬਚ ਸਕੇ। ਖੁਦ ਪਰਮਾਤਮਾ ਵੀ ਇਸ ਤੋਂ ਨਾ ਬਚ ਸਕਿਆ। ਮਾਇਆ ਦਾ ਭਿਆਨਕ ਤੇ ਡਰਾਉਣਾ ਰੂਪ 'ਕਾਲ' ਹੈ। ਸਾਰਾ ਜਗਤ ਕਾਲ ਦੇ ਫੰਦੇ ਵਿਚ ਹੈ। ਦੋਵੇਂ ਗੁਰੂ ਸਾਹਿਬਾਨ ਇਸ ਗੱਲ ਨਾਲ ਸਹਿਮਤ ਹਨ ਕਿ ਗੁਰੂ ਦੀ ਸੇਵਾ, ਨਾਮ ਜਾਪ ਅਤੇ ਅਹੰਕਾਰ ਆਦਿ ਤਿਆਗ ਕੇ ਕਾਲ ਦੀ ਪਕੜ ਤੋਂ ਛੁੱਟਿਆ ਜਾ ਸਕਦਾ ਹੈ। ਮਾਇਆ ਸੱਪਣੀ ਹੈ ਇਸ ਨੇ ਸਾਰੇ ਜਗਤ ਨੂੰ ਡਸਿਆ ਹੋਇਆ ਹੈ। ਜੀਵ ਇਸ ਸੱਪਣੀ ਦੇ ਵਸ ਪਿਆ ਦ੍ਵੈਤਭਾਵ ਅਤੇ ਅਹੰਕਾਰ ਦੀ ਭਾਵਨਾ ਦੇ ਕਾਰਨ ਭਟਕਦਾ ਫਿਰਦਾ ਹੈ। ਸ੍ਰੀ ਗੁਰੂ ਰਵਿਦਾਸ ਜੀ ਵੇਦਾਂ ਦਾ ਅਨੁਕਰਣ ਕਰਦੇ

ਹੋਏ ਮਾਇਆ ਨੂੰ ਬ੍ਰਹਮ ਦਾ ਪ੍ਰਪੰਚ, ਛਲ, ਕਪਟ ਤੇ ਧੋਖਾ ਆਖਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਵੀ ਮਾਇਆ ਦੀ ਆਵਰਣ ਸ਼ਕਤੀ ਦਾ ਜ਼ਿਕਰ ਕਰਦੇ ਹੋਏ ਦੱਸਦੇ ਹਨ ਕਿ ਜੀਵ ਮਾਇਆ ਦੀ ਆਵਰਣ ਸ਼ਕਤੀ ਕਾਰਨ ਹੀ ਮਾਇਆ ਨੂੰ ਆਪਣਾ ਉਦੇਸ਼ ਸਮਝ ਲੈਂਦਾ ਹੈ ਅਤੇ ਪ੍ਰਭੂ ਨੂੰ ਭੁੱਲ ਜਾਂਦਾ ਹੈ। ਮਾਇਆ ਠਗਣੀ ਹੈ ਜੋ ਮੋਹ, ਲੋਭ, ਪੰਸਾਰਕ ਪ੍ਰੇਮ-ਪਿਆਰ ਅਤੇ ਅਹੰਕਾਰ ਆਦਿ ਦੇ ਮਾਧਿਅਮ ਰਾਹੀਂ ਮਨੁੱਖ ਵਿਚ ਅਗਿਆਨ ਦਾ ਆਵਰਣ ਬਣਦੀ ਹੈ।

ਸ੍ਰੀ ਗੁਰੂ ਰਵਿਦਾਸ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਭਗਵਤ ਗੀਤਾ ਵਾਂਗ ਮਾਇਆ ਨੂੰ ਤ੍ਰਿਗੁਣਾਤਮਕ ਸ਼ਕਤੀ ਸਵੀਕਾਰ ਕਰਦੇ ਹੋਏ ਸਾਰੀ ਸ੍ਰਿਸ਼ਟੀ ਨੂੰ ਸਤ,ਰਜ ਅਤੇ ਤਮ ਗੁਣਾਂ ਵਿਚ ਲਿਪਤ ਮੰਨਦੇ ਹਨ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਹਉਮੈਂ,ਦਵੈਸ਼, ਕਾਲ, ਦੁਬਿਧਾ, ਤ੍ਰਿਸ਼ਨਾ, ਦੁਰਮਤਿ ਆਦਿ ਮਾਇਆ ਦਾ ਪਰਿਵਾਰ ਹੈ। ਇਹੋ ਹੀ ਜੀਵ ਨੂੰ ਪ੍ਰਭੂ ਤੋਂ ਦੂਰ ਲਿਜਾਂਦੇ ਹਨ। ਗੁਰੂ ਸਾਹਿਬਾਨ ਨੇ ਇਨ੍ਹਾਂ ਤੋਂ ਬਚਣ ਦੀ ਪ੍ਰੇਰਨਾ ਕੀਤੀ ਹੈ। ਮਨ ਅਤੇ ਮਾਇਆ ਦਾ ਬਹੁਤ ਗੂੜ੍ਹਾ ਰਿਸ਼ਤਾ ਹੈ। ਅਸਲ ਵਿਚ ਮਾਇਆ ਦਾ ਨਿਵਾਸ ਅਸਥਾਨ ਹੀ ਮਨੁੱਖੀ ਮਨ ਹੈ। ਮਨ ਚੰਚਲ ਹੋਣ ਕਰਕੇ ਮੋਹ-ਮਾਇਆ ਦੇ ਜਾਲ ਵਿੱਚ ਫਸ ਜਾਂਦਾ ਹੈ। ਜਿਸ ਕਰਕੇ ਜੀਵ ਪਰਮਾਤਮਾ ਤੋਂ ਦੂਰ ਹੁੰਦਾ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨ ਦੇ ਦੋ ਰੂਪ ਪ੍ਰਕਾਸ਼ਮਈ ਮਨ ਅਤੇ ਅੰਧਕਾਰਮਈ ਮਨ ਮੰਨੇ ਹਨ। ਮਾਇਆ ਤੋਂ ਮੁਕਤ ਮਨ ਪ੍ਰਕਾਸ਼ਮਈ ਮਨ ਹੈ ਅਤੇ ਮਾਇਆ ਯੁਕਤ ਮਨ ਅੰਧਕਾਰ ਮਈ ਮਨ ਹੈ। ਅੰਧਕਾਰਮਈ ਮਨ ਨੂੰ ਮਾਰਨ ਲਈ ਪਹਿਲਾਂ ਮਾਇਆ ਨੂੰ ਮਾਰਨਾ ਪੈਂਦਾ ਹੈ। ਗੁਰੂ ਦੇ ਸ਼ਬਦ ਅਤੇ ਪ੍ਰਭੂ ਦੇ ਨਾਮ ਰਾਹੀਂ ਇਸ ਮਨ ਨੂੰ ਮਾਰਿਆ ਜਾ ਸਕਦਾ ਹੈ। ਭਗਵਤ ਗੀਤਾ ਤੇ ਉਪਨਿਸ਼ਦਾਂ ਵਿਚ ਵੀ ਮਨ ਨੂੰ ਮਨੁੱਖ ਦੇ ਬੰਧਨ ਅਤੇ ਮੁਕਤੀ ਦਾ ਕਾਰਣ ਮੰਨਿਆ ਗਿਆ ਹੈ। ਇਸ ਤਰ੍ਹਾਂ ਦੋਵੇਂ ਗੁਰੂ ਸਾਹਿਬਾਨ ਦੇ ਮਨ ਅਤੇ ਮਾਇਆ ਸੰਬੰਧੀ ਵਿਚਾਰ ਉਪਨਿਸ਼ਦਾਂ ਅਤੇ ਗੀਤਾ ਵਿਚਲੇ ਵਿਚਾਰਾਂ ਨਾਲ ਮੇਲ ਖਾਂਦੇ ਹਨ।

## ਮੁਕਤੀ

ਸਾਧਾਰਣ ਤੌਰ ਤੇ ਜਨਮ-ਮਰਨ ਦੇ ਗੇੜ ਤੋਂ ਛੁਟਕਾਰਾ ਪ੍ਰਾਪਤ ਕਰਨ ਨੂੰ ਹੀ ਮੁਕਤ ਹੋਣਾ ਕਿਹਾ ਜਾਂਦਾ ਹੈ। ਪਰ ਜਿੰਨਾ ਚਿਰ ਪ੍ਰਭੂ ਨਾਲ ਗੁਣਾਤਮਕ ਏਕਤਾ ਪੈਦਾ ਕਰਕੇ ਏਕਾ ਰਸ ਹੋਕੇ ਅਭੇਦਤਾ ਅਤੇ ਵਲੀਨਤਾ ਪ੍ਰਾਪਤ ਨਾ ਕੀਤੀ ਜਾਵੇ, ਉਨੀ ਦੇਰ ਤੱਕ ਮੁਕਤੀ ਲਈ ਗਤਿ, ਮੁਕਤਿ, ਨਿਰਵਾਨੁ, ਜੀਵਨ ਮੁਕਤਿ, ਬੇਗਮਪੁਰਾ ਆਦਿ ਸ਼ਬਦਾਂ ਦੀ

ਵਰਤੋਂ ਕੀਤੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਮੁਕਤੀ ਲਈ ਗਤਿ, ਪਾਰੰਗਤ,ਮੁਕਤਿ, ਨਿਰਵਾਣ ਪਦ, ਮੋਕਸ਼, ਪਰਮਪਦ,ਚੋਥਾਪਦ, ਅਮਰਪਦ, ਮਹਾਂਸੁਖ, ਤੁਰੀਆ ਅਵਸਥਾ, ਨਿਰਭੈ ਪਦ, ਬੰਦ ਖਲਾਸੀ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਹੈ। ਸ੍ਰੀ ਗੁਰੂ ਰਵਿਦਾਸ ਜੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਸੰਸਾਰਕ ਬੰਧਨਾਂ ਤੋਂ ਛੁਟਕਾਰਾ, ਤ੍ਰਿਗੁਣੀ ਮਾਇਆ ਤੋਂ ਨਵਿਰਤੀ ਆਵਾਗਵਨ ਤੋਂ ਛੁਟਕਾਰਾ, ਜਮਾਂ ਦੀ ਫਾਹੀ ਕੱਟਣਾ, ਆਪਾ ਭਾਵ ਖਤਮ ਕਰਨਾ, ਅਮਰਪਦ ਪ੍ਰਾਪਤ ਕਰਨਾ ਅਤੇ ਪਰਮਤੱਤ ਨੂੰ ਚੀਨਣਾ ਹੀ ਮੁਕਤੀ ਹੈ। ਅਸਲ ਵਿੱਚ ਸੰਸਾਰ ਵਿਚ ਰਹਿੰਦਿਆਂ ਸੰਸਾਰਕ ਕਾਰ ਵਿਹਾਰ ਕਰਦਿਆਂ ਸੰਸਾਰ ਨਾਲੋਂ ਮੋਹ ਤੋੜ ਕੇ ਪ੍ਰਭੂ ਨਾਲ ਜੁੜਨਾ ਹੀ ਮੁਕਤੀ ਹੈ। ਪਰ ਇਸ ਪ੍ਰਾਪਤੀ ਲਈ ਚੰਚਲ ਮਨ ਨੂੰ ਕਾਬੂ ਕਰਨਾ ਬਹੁਤ ਜ਼ਰੂਰੀ ਹੈ। ਵਿਸ਼ੇ ਵਿਕਾਰਾਂ ਦਾ ਤਿਆਗ ਤੇ ਤ੍ਰਿਸ਼ਨਾ ਦਾ ਨਿਵਾਰਣ ਕਰਕੇ ਹੀ ਇਸਨੂੰ ਕਾਬੂ ਕੀਤਾ ਜਾ ਸਕਦਾ ਹੈ। ਕੁਕਰਮਾਂ ਦਾ ਤਿਆਗ ਵੀ ਮੁੱਖ ਲੋੜ ਹੈ। ਇੱਕ ਸੱਚਾ ਸਾਧਕ ਜਾਂ ਭਗਤ ਪ੍ਰਭੂ ਦੇ ਦਰਸ਼ਨਾਂ ਦੀ ਚਾਹ ਅਤੇ ਚਰਨਾਂ ਵਿਚ ਸਥਾਨ ਪ੍ਰਾਪਤ ਕਰਕੇ ਪ੍ਰਭੂ ਨਾਲ ਇਕਮਿਕਤਾ ਪ੍ਰਾਪਤ ਕਰਨਾ ਚਾਹੁੰਦਾ ਹੈ। ਇਹੋ ਹੀ ਮੁਕਤੀ ਹੈ। ਇਹ ਮੁਕਤੀ ਜਾਂ ਇਕਮਿਕਤਾ ਬਾਹਰੀ ਕਰਮ-ਕਾਂਡਾਂ ਰਾਹੀਂ ਨਹੀਂ ਹੋ ਸਕਦੀ। ਇਸ ਦੀ ਪ੍ਰਾਪਤੀ ਦੇ ਲਈ ਪਰਮਾਤਮਾ ਦਾ ਹੁਕਮ, ਰਜ਼ਾ ਅਤੇ ਭਾਣਾ ਮੰਨਣ ਦੀ ਜ਼ਰੂਰਤ ਹੈ। ਪ੍ਰਭੂ ਦੀ ਬਖ਼ਸ਼ਿਸ਼, ਗੁਰੂ ਕ੍ਰਿਪਾ, ਗਿਆਨ ਪ੍ਰਾਪਤੀ, ਹਉਮੈਂ ਦਾ ਤਿਆਗ, ਨਾਮ ਦਾ ਜਾਪ ਸਾਧ ਸੰਗਤ ਮੁਕਤੀ ਪ੍ਰਾਪਤੀ ਲਈ ਕੁਝ ਹੋਰ ਜ਼ਰੂਰੀ ਗੱਲਾਂ ਦੱਸੀਆਂ ਹਨ। ਦੋਵੇਂ ਗੁਰੂ ਸਾਹਿਬਾਨ ਇਸ ਦੀ ਪ੍ਰਾਪਤੀ ਲਈ ਗ੍ਰਿਹਸਥ ਮਾਰਗ ਨੂੰ ਉੱਤਮ ਦੱਸਦੇ ਹਨ। ਗੁਰੂ ਰਵਿਦਾਸ ਜੀ ਨੇ ਕਈ ਪ੍ਰਕਾਰ ਦੀਆਂ ਮੁਕਤੀਆਂ ਦਾ ਜ਼ਿਕਰ ਆਪਣੀ ਬਾਣੀ ਵਿਚ ਕਰਦਿਆਂ ਜੀਵਨ -ਮੁਕਤੀ ਨੂੰ ਸ੍ਰੇਸ਼ਠ ਬਿਆਨ ਕੀਤਾ ਹੈ। ਇਹ ਮੁਕਤੀ ਮਰਣ ਤੋਂ ਬਾਅਦ ਪ੍ਰਾਪਤ ਹੋਣ ਵਾਲੀ ਕੋਈ ਸ਼ੈਅ ਨਹੀਂ ਸਗੋਂ ਜੀਵਤ ਅਵਸਥਾ ਵਿਚ ਹੀ ਇਸ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਜੀਵਨ ਮੁਕਤੀ, ਨਿਤਮੁਕਤੀ ਅਤੇ ਵਿਦੇਹ ਮੁਕਤੀ ਵਿਚੋਂ ਜੀਵਨ ਮੁਕਤੀ ਨੂੰ ਸਭ ਤੋਂ ਜ਼ਿਆਦਾ ਉੱਤਮ ਤੇ ਸ੍ਰੇਸ਼ਠ ਦੱਸਿਆ ਹੈ। ਕਿਉਂਕਿ ਮਨੁੱਖਤਾ ਦੇ ਕਲਿਆਣ ਲਈ ਜੀਵਨ ਮੁਕਤ ਵਿਅਕਤੀ ਜ਼ਿਆਦਾ ਸਹਾਈ ਸਿੱਧ ਹੋ ਸਕਦਾ ਹੈ। ਭੂਤ, ਵਰਤਮਾਨ ਅਤੇ ਭਵਿੱਖ ਵਿਚ ਵੀ ਅਜਿਹੇ ਵਿਅਕਤੀ ਦੇ ਸਮਾਜ ਅਤੇ ਮਨੁੱਖਤਾ ਲਈ ਯੋਗਦਾਨ ਤੇ ਕਿੰਤੂ ਨਹੀਂ ਕੀਤਾ ਜਾ ਸਕਦਾ। ਗੁਰੂ ਜੀ ਅਜਿਹੇ ਲੋਕਾਂ ਨੂੰ ਗੁਰਮੁਖ,ਸਾਧ, ਜੋਗੀ ਜਾਂ ਬ੍ਰਹਮ ਗਿਆਨੀ ਆਖਦੇ ਹਨ। ਅਜਿਹੇ ਜੀਵ ਸਹਜ ਅਵਸਥਾ ਵਿਚ ਵਿਚਰਦੇ ਹੋਏ ਪਰਮਾਤਮਾ ਵਿਚ ਸੁਰਤੀ ਜੋੜੀ ਰੱਖਦੇ ਹਨ। ਆਤਮ-ਪ੍ਰਗਾਸ ਹੋਣ ਨਾਲ ਉਨ੍ਹਾਂ ਅੰਦਰੋਂ ਜਨਮ-ਮਰਨ ਦਾ ਡਰ ਖਤਮ ਹੋ ਜਾਂਦਾ ਹੈ। ਉਹ ਗੁਰੂ ਦੇ ਦੱਸੇ ਰਾਹ ਤੇ ਚੱਲਦੇ

ਹਨ ਅਤੇ ਅਧਿਆਤਮਕ ਕਰਮ ਕਰਦੇ ਹਨ। ਇਹ ਹੀ ਜੀਵਨ-ਮੁਕਤੀ ਹੈ। ਗੁਰੂ ਰਵਿਦਾਸ ਜੀ ਦੇ ਸ਼ਬਦਾਂ ਵਿਚ ਉਹ ਸਾਰੇ ਜਗਤ ਨੂੰ 'ਬੇਗਮਪੁਰਾ' ਬਣਾਉਣਾ ਲੋਚਦੇ ਹਨ।

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਸ੍ਰੀ ਗੁਰੂ ਰਵਿਦਾਸ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬ੍ਰਹਮ, ਜੀਵ, ਸ੍ਰਿਸ਼ਟੀ, ਮਾਇਆ ਅਤੇ ਮੁਕਤੀ ਸੰਬੰਧੀ ਦਾਰਸ਼ਨਿਕ ਵਿਚਾਰਧਾਰਾ ਆਪਸ ਵਿਚ ਕਾਫ਼ੀ ਹੱਦ ਤੱਕ ਮੇਲ ਖਾਂਦੀ ਹੈ। ਭਾਵੇਂ ਕਿਤੇ ਕਿਤੇ ਸ੍ਰੀ ਗੁਰੂ ਰਵਿਦਾਸ ਜੀ ਰਾਮਾਨੁਜ ਦੇ ਵਿਸ਼ਿਸ਼ਟਾਦ੍ਵੈਤ ਦੇ ਨੇੜੇ ਹੋ ਜਾਂਦੇ ਹਨ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਵੱਲਭ ਦੇ ਸ਼ੁੱਧ ਅਦ੍ਵੈਤ ਦੇ ਨੇੜੇ। ਕਿਉਂਕਿ ਦੋਵੇਂ ਗੁਰੂ ਸਮਕਾਲੀ ਹੋਏ ਹਨ ਦੋਹਾਂ ਨੇ ਆਪਣਾ ਜੀਵਨ ਉਦੇਸ਼ ਲੋਕ ਕਲਿਆਣ ਬਣਾਇਆ। ਹੋ ਸਕਦਾ ਹੈ ਕਿ ਉਹ ਇੱਕ ਦੂਜੇ ਨੂੰ ਮਿਲੇ ਹੋਣ ਅਤੇ ਉਨ੍ਹਾਂ ਨੇ ਆਪਸੀ ਵਿਚਾਰ ਵਟਾਂਦਰਾ ਵੀ ਕੀਤਾ ਹੋਵੇ। ਉਨ੍ਹਾਂ ਦੀ ਬਾਣੀ ਤੇ ਵੇਦਾਂ, ਉਪਨਿਸ਼ਦਾਂ ਅਤੇ ਹੋਰ ਪੁਰਾਤਨ ਦਾਰਸ਼ਨਿਕ ਵਿਚਾਰਧਾਰਾ ਦਾ ਅਸਰ ਤਾਂ ਭਾਵੇਂ ਵਿਖਾਈ ਦਿੰਦਾ ਹੈ ਪਰ ਉਨ੍ਹਾਂ ਨੇ ਕਿਸੇ ਵਿਸ਼ੇਸ਼ ਦਰਸ਼ਨ-ਪੱਧਤੀ ਦਾ ਅਨੁਕਰਣ ਨਹੀਂ ਕੀਤਾ। ਬਾਣੀ ਵਿੱਚ ਕਈ ਥਾਂ ਪੁਰਾਤਨਤਾ ਦੇ ਅੰਸ਼ ਭਾਵੇਂ ਨਜ਼ਰੀਂ ਆਉਂਦੇ ਹਨ ਫਿਰ ਵੀ ਉਨ੍ਹਾਂ ਦੀ ਦਾਰਸ਼ਨਿਕ ਵਿਚਾਰਧਾਰਾ ਦੀ ਮੌਲਿਕਤਾ ਤੇ ਨਵੀਨਤਾ ਸਾਫ਼ ਵਿਖਾਈ ਦਿੰਦੀ ਹੈ।

---

# ਸਹਾਇਕ ਪੁਸਤਕ - ਸੂਚੀ

# ਸਹਾਇਕ ਪੁਸਤਕ ਸੂਚੀ

## ਪੰਜਾਬੀ ਪੁਸਤਕਾਂ


ਊਸ਼ਾ ਖੰਨਾ (ਸੰਪਾ.) — *ਕਥਾ ਗੁਸਾਈਂ ਰਵਿਦਾਸ ਜੀ ਦੇ ਸਮਾਣ ਦੀ*, ਅਸੀਮ ਪ੍ਰਕਾਸ਼ਨ, ਜਲੰਧਰ।

ਅਰਜਨ ਦੇਵ, ਗੁਰੂ — *ਸ੍ਰੀ ਗੁਰੂ ਗ੍ਰੰਥ ਸਾਹਿਬ*

ਐਲ.ਐਮ. ਜੋਸ਼ੀ, ਜੋਧ ਸਿੰਘ — *ਵਿਸ਼ਵ ਧਰਮ ਸੰਗ੍ਰਹਿ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀ. ਪਟਿਆਲਾ, 1983 (ਦੂਜਾ ਸੰਸਕਰਣ)

ਈਸ਼ਰ ਸਿੰਘ ਨਾਰਾ — *ਵਿਸਾਖ ਨਹੀਂ ਕੌਤਕ*, ਪ੍ਰਕਾਸ਼ਕ ਆਪ, 11/3287 ਦੇਹਲੀ ਗੇਟ ਬਜ਼ਾਰ ਦਿੱਲੀ-6, 1970.

ਸੁਰਿੰਦਰ ਸਿੰਘ ਜੌਹਰ — *ਗੁਰੂ ਨਾਨਕ*, ਨਿਊ ਬੁੱਕ ਕੰਪਨੀ, ਜਲੰਧਰ, 1968.

ਸਰੂਪ ਦਾਸ ਭੱਲਾ — *ਗੁਰੂ ਨਾਨਕ ਮਹਿਮਾ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970.

ਸਰਦੂਲ ਸਿੰਘ ਕਵੀਸ਼ਰ — *ਸਿੱਖ ਧਰਮ ਦਰਸ਼ਨ*, ਪੰਜਾਬੀ ਯੂਨੀ. ਪਟਿਆਲਾ, 1969.

ਸ਼ੇਰ ਸਿੰਘ ਗਿਆਨੀ, (ਪ੍ਰੋ.) — *ਗੁਰਮਤਿ ਦਰਸ਼ਨ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1951.

ਸਾਹਿਬ ਸਿੰਘ (ਪ੍ਰੋ.) — *ਗੁਰਮਤਿ ਪ੍ਰਕਾਸ਼*, ਲਾਹੌਰ ਬੁੱਕ ਸ਼ਾਪ, ਨਿਸਬਤ ਰੋਡ ਲਾਹੌਰ, 1947.

" — *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ*, ਰਾਜ ਪਬਲਿਸ਼ਰਜ਼, ਅੱਡਾ ਹੁਸ਼ਿਆਰਪੁਰ, ਜਲੰਧਰ ਸ਼ਹਿਰ, ਦਸ ਪੋਥੀਆਂ

" — *ਗੁਰਬਾਣੀ ਤੇ ਇਤਿਹਾਸ ਬਾਰੇ*, ਸਿੰਘ ਬਰਦਰਜ਼, ਮਾਈ ਸੇਵਾਂ ਬਾਜ਼ਾਰ, ਅੰਮ੍ਰਿਤਸਰ, 1960.

ਸੁਰਿੰਦਰ ਸਿੰਘ ਕੋਹਲੀ (ਡਾ.)(ਸੰਪਾ.) — *ਗੁਰੂ ਨਾਨਕ, ਜੀਵਨ ਦਰਸ਼ਨ ਅਤੇ ਕਾਵਿ ਕਲਾ*, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀ. ਚੰਡੀਗੜ੍ਹ, 1969.

| | |
|---|---|
| ਸ.ਨ. ਗੁਪਤਾ | ਦਰਸ਼ਨ-ਸ਼ਾਸਤਰ ਦੀ ਨਵੀਨ ਰੂਪ ਰੇਖਾ, ਭਾਰਤ ਪ੍ਰਕਾਸ਼ਨ, ਜਲੰਧਰ। |
| ਸ਼ਮਸ਼ੇਰ ਸਿੰਘ ਅਸ਼ੋਕ(ਸੰਪਾ.) | ਨੀਸਾਣ ਤੇ ਹੁਕਮਨਾਮਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1967. |
| ਕਿਰਪਾਲ ਸਿੰਘ ਕਸੇਲ(ਸੰਪਾਦਕ) | ਪੰਜਾਬੀ ਸਾਹਿਤ ਦਾ ਇਤਿਹਾਸ, (ਭਾਗ ਪਹਿਲਾ) ਭਾਸ਼ਾ ਵਿਭਾਗ, ਪੰਜਾਬ, 1971(ਦੂਜਾ ਐਡੀਸ਼ਨ) |
| ਕਾਲਾ ਸਿੰਘ ਬੇਦੀ, (ਡਾ.) | ਗੁਰੂ ਨਾਨਕ ਦਰਸ਼ਨ, ਪੰਜਾਬੀ ਪ੍ਰਕਾਸ਼ਨ, ਦਿੱਲੀ, 1965. |
| ਕੇ.ਐਨ. ਉਪਾਧਿਆਇ | ਗੁਰੂ ਰਵਿਦਾਸ, ਰਾਧਾ ਸੁਆਮੀ ਸਤਿਸੰਗ, ਬਿਆਸ, 1982. |
| ਕਾਨ੍ਹ ਸਿੰਘ, (ਭਾਈ) | ਮਹਾਨ ਕੋਸ਼, ਭਾਸ਼ਾ ਵਿਭਾਗ, ਪਟਿਆਲਾ, 1960. |
| ਕਰਮ ਸਿੰਘ ਹਿਸਟੋਰੀਅਨ | ਕੱਤਕ ਕਿ ਵਿਸਾਖ, ਫੁਲਵਾੜੀ ਪੁਸਤਕ ਭੰਡਾਰ, ਰੇਲਵੇ ਰੋਡ ਲਾਹੌਰ, 1932(ਦੂਜਾ ਸੰਸਕਰਣ) |
| ਕਾਲੀ ਦਾਸ ਕਵੀ, ਪੰਡਿਤ (ਪ੍ਰੋ. ਮੋਹਨ ਸਿੰਘ ਸੰਪਾਦਕ) | ਜੀਵ ਤੇ ਮੁਕਤੀ, ਪੰਜਾਬੀ ਯੂਨੀ., ਪਟਿਆਲਾ, 1974. |
| ਕੁੰਦਰਾ ਬਾਵਾ | ਪ੍ਰਾਚੀਨ ਭਾਰਤ ਦਾ ਇਤਿਹਾਸ, ਨੀਲਮ ਪਬਲਿਸ਼ਰਜ਼, ਜਲੰਧਰ, 11ਵੀਂ ਐਡੀਸ਼ਨ |
| ਗੁਰਮੁਖ ਨਿਹਾਲ ਸਿੰਘ(ਸੰਪਾ.) | ਗੁਰੂ ਨਾਨਕ-ਜੀਵਨ, ਯੁੱਗ ਅਤੇ ਉਪਦੇਸ਼, ਗੁਰੂ ਨਾਨਕ ਫਾਉਂਡੇਸ਼ਨ, ਨਵੀਂ ਦਿੱਲੀ, 1969. |
| ਗਿਆਨ ਸਿੰਘ, (ਗਿਆਨੀ) | ਪੰਥ ਪ੍ਰਕਾਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970. |
| ਗੁਰਮੁਖ ਸਿੰਘ(ਡਾ.) | ਭਗਤ ਰਵਿਦਾਸ ਜੀ ਅਤੇ ਉਨ੍ਹਾਂ ਦੀ ਬਾਣੀ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1976. |
| ਗੁਰਬਚਨ ਸਿੰਘ ਤਾਲਿਬ(ਪ੍ਰੋ.) (ਅਨੁ. ਪ੍ਰੋ. ਜਨਕ ਸਿੰਘ) | ਧਰਮ ਦੀ ਉਤਪਤੀ ਤੇ ਵਿਕਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀ., ਪਟਿਆਲਾ, 1985. |
| ਜੋਧ ਸਿੰਘ, (ਭਾਈ) | ਭਗਤ ਰਵਿਦਾਸ-ਜੀਵਨ ਤੇ ਰਚਨਾ, ਪੰਜਾਬੀ ਯੂਨੀ. ਪਟਿਆਲਾ, 1985. |
| " | ਭਗਤ ਨਾਮਦੇਵ ਤਥਾ ਹੋਰ ਭਗਤ, ਜੀਵਨ ਤੇ ਰਚਨਾ ਪੰਜਾਬੀ ਯੂਨੀ. ਪਟਿਆਲਾ। |

| | |
|---|---|
| ਜੋਧ ਸਿੰਘ (ਭਾਈ) | ਗੁਰੂ ਨਾਨਕ ਸਿਮਰਤੀ ਵਿਖਿਆਨ, ਪੰਜਾਬੀ ਯੂਨੀ. ਪਟਿਆਲਾ, 1966-67. |
| " | ਗੁਰੂ ਨਾਨਕ ਤੇ ਭਾਰਤੀ ਧਰਮ ਦਰਸ਼ਨ, ਪੰਜਾਬੀ ਯੂਨੀ. ਪਟਿਆਲਾ, ਸੰਨ, 1982. |
| ਜੋਧ ਸਿੰਘ, (ਭਾਈ), ਗੁਰਬਚਨ ਸਿੰਘ, ਤਾਲਿਬ | ਗੁਰੂ ਗ੍ਰੰਥ ਸਾਹਿਬ ਵਿਚ ਹੁਕਮ ਦਾ ਸੰਕਲਪ, ਪੰਜਾਬੀ ਯੂਨੀ., ਪਟਿਆਲਾ, , 1971. |
| ਜਸਬੀਰ ਸਿੰਘ, ਸਾਬਰ | ਭਗਤ ਰਵਿਦਾਸ ਸ੍ਰੋਤ ਪੁਸਤਕ, ਗੁਰੂ ਨਾਨਕ ਦੇਵ ਯੂਨੀ. ਅੰਮ੍ਰਿਤਸਰ। |
| ਟੀ. ਆਰ. ਸ਼ੰਗਾਰੀ, ਕ੍ਰਿਪਾਲ ਸਿੰਘ ਖਾਕ, | ਸੰਤ ਮੱਤ ਵੀਚਾਰ, ਰਾਧਾ ਸੁਆਮੀ ਸਤਿਸੰਗ, ਬਿਆਸ। |
| ਤਾਰਨ ਸਿੰਘ (ਡਾ.) | ਗੁਰੂ ਨਾਨਕ-ਚਿੰਤਨ ਤੇ ਕਲਾ, ਕਸਤੂਰੀ ਲਾਲ ਐਂਡ ਸਨਜ਼, ਅੰਮ੍ਰਿਤਸਰ, 1963. |
| ਤਿਲਕ ਵਰਮਾ, (ਪ੍ਰੋ.) ਹਰਸ਼ ਮਹਿਤਾ (ਡਾ.) (ਅਨੁ. ਤੇ ਸੰਪਾਦਕ) | ਤਿੰਨ ਉਪਨਿਸ਼ਦ, ਦੀਪਕ ਪਬਲਿਸ਼ਰਜ਼, ਮਾਈ ਹੀਰਾਂ ਗੇਟ, ਜਲੰਧਰ, 1985. |
| ਦਲੀਪ ਸਿੰਘ ਦੀਪ (ਡਾ.) | ਜਗਤ ਗੁਰੂ ਬਾਬਾ, ਅਮਨ ਪ੍ਰਕਾਸ਼ਨ, ਸੈਕਟਰ-10-ਡੀ, ਚੰਡੀਗੜ੍ਹ। |
| " | ਸਾਧਨ ਮੇਂ ਰਵਿਦਾਸ ਸੰਤ-ਜੀਵਨ ਅਤੇ ਵਿਚਾਰ, ਪੰਜਾਬੀ ਯੂਨੀ., ਪਟਿਆਲਾ। |
| ਦਲੀਪ ਸਿੰਘ ਭੂਪਾਲ | ਬਾਬੇ ਤਾਰੇ ਚਾਰ ਚੱਕ, ਦੇਵ ਦੂਤ ਪ੍ਰਕਾਸ਼ਨ, ਲੁਧਿਆਣਾ, 1970. |
| ਦਰਬਾਰੀ, ਸੰਤ | ਸ੍ਰੀ ਰਵਿਦਾਸ ਸੱਤ ਸਰੂਪਦੀ, ਸੰਤ ਦਰਬਾਰੀ ਗੁਰਦੁਆਰਾ, ਸ੍ਰੀ ਰਵਿਦਾਸਪੁਰਾ, ਲੁਧਿਆਣਾ, 1933. |
| ਧਰਮਪਾਲ ਸਿੰਗਲ (ਪ੍ਰੋ.) | ਸੰਤ ਸ਼ਿਰੋਮਣੀ ਰਵਿਦਾਸ, ਦੀਪਕ ਪਬਲਿਸ਼ਰਜ਼, ਜਲੰਧਰ, 1983. |
| " (ਸੰਪਾ.) | ਪ੍ਰਾਚੀਨ ਜੀਵਨ ਕਥਾ-ਸ੍ਰੀ ਗੁਰੂ ਰਵਿਦਾਸ ਜੀ, ਦਲਿਤ ਵੈਲਫੇਅਰ ਐਸੋਸੀਏਸ਼ਨ, ਵੁਲਵਰਹੈਂਪਟਨ, ਯੂ.ਕੇ., 1985. |

| | |
|---|---|
| ਧਰਮਪਾਲ ਸਿੰਗਲ(ਪ੍ਰੋ.)(ਸੰਪਾ.) | ਬਾਣੀ–ਸ੍ਰੀ ਗੁਰੂ ਰਵਿਦਾਸ ਜੀ, ਗੁਰੂ ਰਵਿਦਾਸ ਚੇਅਰ, ਪੰਜਾਬ ਯੂਨੀ. ,ਚੰਡੀਗੜ੍ਹ, 1986. |
| ਨਰੈਣ ਸਿੰਘ ਗਿਆਨੀ, ਪੰਡਤ | ਭਾਈ ਗੁਰਦਾਸ ਜੀ– ਸਟੀਕ, ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ.,ਅੰਮ੍ਰਿਤਸਰ, 1986. |
| ਪਿਆਰ ਸਿੰਘ(ਸੰਪਾਦਕ) | ਆਦਿ ਸਾਖੀਆਂ, ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ। |
| ਪ੍ਰਤਾਪ ਸਿੰਘ | ਜਨਮ ਸਾਖੀ ਰਵਿਦਾਸ ਜੀ, ਭਾਈ ਜੀਵਨ ਸਿੰਘ, ਪ੍ਰਤਾਪ ਸਿੰਘ, ਅੰਮ੍ਰਿਤਸਰ। |
| ਪੀਤੰਬਰ ਦੱਤ ਬੜਥਵਾਲ(ਡਾ.) | ਗੋਰਖਬਾਣੀ, ਭਾਸ਼ਾ ਵਿਭਾਗ, ਪੰਜਾਬ,ਪਟਿਆਲਾ, 1963. |
| ਬਲਕਾਰ ਸਿੰਘ | ਗੁਰਮਤਿ ਵਿਵੇਚਨ, ਪੰਜਾਬੀ ਯੂਨੀ. ,ਪਟਿਆਲਾ। |
| ਬਰਕਤ ਸਿੰਘ ਆਨੰਦ | ਜਨਮ ਸਾਖੀ ਸ੍ਰੀ ਰਵਿਦਾਸ ਭਗਤ ਜੀ, ਜਵਾਹਰ ਸਿੰਘ,ਕਿਰਪਾਲ ਸਿੰਘ, ਅੰਮ੍ਰਿਤਸਰ। |
| ਬਿੱਲੀ ਗਰਾਹਮ,ਜੇ.ਐਮ ਸਾਖੀ, ਆਰ. ਐਮ. ਚੌਧਰੀ(ਅਨੁਵਾਦਕ) | ਪਰਮੇਸ਼ਰ ਨਾਲ ਮੇਲ, ਕ੍ਰਿਸ਼ਚਨ ਫੈਲੋਸ਼ਿਪ ਸੈਂਟਰ, 806 ਗੁਰਦੇਵ ਨਗਰ, ਲੁਧਿਆਣਾ। |
| ਮਨੀ ਸਿੰਘ,(ਭਾਈ)–(ਭਾਈ ਵੀਰ ਸਿੰਘ (ਸੰਪਾ.)) | ਸਿੱਖਾਂ ਦੀ ਭਗਤ ਮਾਲਾ, ਖਾਲਸਾ ਸਮਾਚਾਰ, ਹਾਲ ਬਾਜ਼ਾਰ, ਅੰਮ੍ਰਿਤਸਰ, 1956(ਚੌਥਾ ਸੰਸਕਰਣ) |
| ਮਨਮੋਹਨ ਸਿੰਘ(ਡਾ.) | ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਮਨਦੀਪ ਪ੍ਰਕਾਸ਼ਨ, ਮੋਤੀਬਾਗ, ਨਵੀਂ ਦਿੱਲੀ-15, 1970(ਪਹਿਲਾ ਸੰਸਕਰਣ) |
| ਮੰਗੂ ਰਾਮ ਬਰਵਾਲ,(ਕਵੀ) | ਸਾਖੀ-ਸ੍ਰੀ ਗੁਰੂ ਰਵਿਦਾਸ ਮਿਸ਼ਨ, ਅਰਨਵੈਲ ਪ੍ਰਿੰਟਿੰਗ ਪ੍ਰੈਸ, ਜਲੰਧਰ। |
| ਮੋਹਨ ਸਿੰਘ ਦੀਵਾਨਾ(ਡਾ.) | ਪੰਜਾਬੀ ਭਾਸ਼ਾ ਵਿਗਿਆਨ ਅਤੇ ਗੁਰਮਤਿ ਗਿਆਨ, ਕਸਤੂਰੀ ਲਾਲ ਐਂਡ ਸਨਜ਼, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 1952 (ਪਹਿਲਾ ਸੰਸਕਰਣ) |
| ਰਤਨ ਸਿੰਘ ਜੱਗੀ (ਡਾ.) | ਗੁਰੂ ਨਾਨਕ ਦੀ ਵਿਚਾਰਧਾਰਾ, ਨਵਯੁੱਗ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ, 1969. |

ਰਤਨ ਸਿੰਘ ਜੱਗੀ, (ਡਾ.)(ਸੰਪਾ.) ਬਾਣੀ- ਗੁਰੂ ਰਵਿਦਾਸ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1984.

ਲਾਲ ਸਿੰਘ(ਪ੍ਰਕਾਸ਼ਕ) ਭਗਤੀ ਕਾਵਿ, ਭਾਸ਼ਾ ਵਿਭਾਗ, ਪੰਜਾਬ, 1970.

ਵਿਸ਼ਵ ਨਾਥ ਤਿਵਾੜੀ(ਡਾ.) ਕ੍ਰਾਂਤੀਕਾਰੀ ਗੁਰੂ ਨਾਨਕ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀ. ਚੰਡੀਗੜ੍ਹ, 1969.

ਵਜ਼ੀਰ ਸਿੰਘ(ਡਾ.) ਗੁਰੂ ਨਾਨਕ ਸਿਧਾਂਤ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, 1969.

" ਨਾਨਕ ਬਾਣੀ ਚਿੰਤਨ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1969.

ਵੀਰ ਸਿੰਘ, ਭਾਈ (ਡਾ.), (ਸੰਪਾ.) ਪੁਰਾਤਨ ਜਨਮ ਸਾਖੀ, ਖਾਲਸਾ ਸਮਾਚਾਰ, ਅੰਮ੍ਰਿਤਸਰ, 1959.

'ਸੁੰਦਰ' ਗੁਟਕਾ ਸਟੀਕ ਜਾਪੁ ਸਾਹਿਬ, ਸਵੱਯੇ, ਖਾਲਸਾ ਬ੍ਰਦਰਜ਼, ਅੰਮ੍ਰਿਤਸਰ।

ਪ੍ਰਾਚੀਨ ਭਾਰਤ ਦਾ ਸਰਲ ਇਤਿਹਾਸ, ਸੁਰਜੀਤ ਬੁੱਕ ਡਿਪੋ, ਚੌਥਾ ਐਡੀਸ਼ਨ, 1969-70.

## ਪੱਤਰ, ਪੱਤਰਕਾਵਾਂ ਅਤੇ ਖੋਜ ਪੱਤਰ

ਸਿੰਘ ਸਭਾ ਪੱਤ੍ਰਕਾ, ਦੂਜਾ ਗੁਰੂ ਗ੍ਰੰਥ ਵਿਚਾਰ ਸੰਮੇਲਨ ਅੰਕ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ, ਅੰਮ੍ਰਿਤਸਰ, ਨਵੰਬਰ-ਦਸੰਬਰ, 1975.

" ਗੁਰੂ ਤੇਗ ਬਹਾਦਰ ਸ਼ਹੀਦੀ ਅੰਕ-(2), ਉਹੀ-, ਜਨ, ਫਰਵਰੀ, 1976

" ਮਹਾਨ ਗੁਰਮਤਿ-ਵਿਚਾਰ ਸੰਮੇਲਨ, -ਉਹੀ-, ਅਗਸਤ, 1976.

ਸੀਤਾ ਰਾਮ ਬਾਹਰੀ (ਪ੍ਰੋ.) ਨਾਨਕ ਬਾਣੀ ਵਿਚ ਫਲਸਫਾ(ਖੋਜ-ਪੱਤ੍ਰ), ਪੰਜਾਬੀ ਵਿਭਾਗ, ਪੰਜਾਬ ਪਟਿਆਲਾ, 1963.

ਕੁਲਵੰਤ ਕੌਰ ਕੋਹਲੀ(ਡਾ.), ਗੁਰੂ ਨਾਨਕ ਦਾ ਜੀਵ ਸੰਕਲਪ(ਖੋਜ-ਪੱਤ੍ਰ) ਭਾਸ਼ਾ ਵਿਭਾਗ ਪੰਜਾਬ, 1978.

ਕੰਵਰ ਜਸਵੰਤ ਸਿੰਘ ਜਸ , ਜਨਮ ਪੁਰਬ ਵਾਦ-ਵਿਵਾਦ- ਇੱਕ ਮੁਲਾਂਕਣ, ਪੰਜਾਬੀ ਟ੍ਰਿਬਿਊਨ, 5 ਨਵੰਬਰ, 1987.

ਕਾਲਾ ਸਿੰਘ ਬੇਦੀ (ਡਾ.) ਸ੍ਰੀ ਗੁਰੂ ਨਾਨਕ ਮਹਾਨ ਵਿਦਵਾਨ, ਜੱਗਬਾਣੀ, 5 ਨਵੰਬਰ, 1987.

ਖੋਜ ਪੱਤ੍ਰਿਕਾ , ਗੁਰੂ ਨਾਨਕ ਦੇਵ-ਵਿਸ਼ੇਸ਼ ਅੰਕ, ਪੰਜਾਬੀ ਯੂਨੀ., ਪਟਿਆਲਾ, 1969.

ਗੁਲਵੰਤ ਸਿੰਘ, ਪਿਆਰ ਸਿੰਘ ਅਤੇ ਗੁਰਬਚਨ ਸਿੰਘ ਤਾਲਿਬ, ਗੁਰੂ ਨਾਨਕ ਸੰਬੰਧੀ ਤਿੰਨ ਖੋਜ-ਪੱਤ੍ਰ, ਪੰਜਾਬੀ ਯੂਨੀ. ਪਟਿਆਲਾ।

ਜੀਵਨ ਲਹਿਰ (ਐਸ.ਐਸ.ਅਮੋਲ) ਲੇਖ ਨੀਚਹੁੰ ਊਚ ਕਰੈ ਮੇਰਾ ਗੋਬਿੰਦ, ਮਾਸਕ ਪੱਤਰ ਪਿੰਗਲਵਾੜਾ, ਅੰਮ੍ਰਿਤਸਰ, ਫਰਵਰੀ, 1977.

ਜੀਤ ਸਿੰਘ ਸੀਤਲ, (ਡਾ.), ਹਉ ਹਰਿ ਬਿਨੁ ਅਉਰ ਨ ਜਾਨਾ (ਲੇਖ) ਰੋਜ਼ਾਨਾ ਅਜੀਤ, 22 ਨਵੰਬਰ, 1980.


## ਹਿੰਦੀ ਪੁਸਤਕਾਂ


ਉਮੇਸ਼ ਮਿਸ਼ਰ, (ਡਾ.) ਭਾਰਤੀਯ ਦਰਸ਼ਨ, ਹਿੰਦੀ ਸਮਿਤੀ, ਸੂਚਨਾ ਵਿਭਾਗ, ਉੱਤਰ ਪ੍ਰਦੇਸ਼, ਲਖਨਊ, 1964 (ਦੂਜਾ ਸੰਸਕਰਣ)

ਅਨੰਤ ਦਾਸ ਰਵਿਦਾਸ ਕੀ ਪਾਰਸੀ, ਭੰਡਾਰਕਰ ਇੰਸਟੀਚਿਊਟ, ਪੂਨਾ।

(ਰਾਮ ਕ੍ਰਿਸ਼ਨ ਗੋਪਾਲ) ਆਰ.ਜੀ. ਭੰਡਾਰਕਰ ਵੈਸ਼ਣਵ, ਸ਼ੈਵ ਔਰ ਅੰਨਯ ਧਾਰਮਿਕ ਮੱਤ, ਭਾਰਤੀਯ ਵਿਦਿਆ ਪ੍ਰਕਾਸ਼ਨ, ਯੂ.ਬੀ. ਜਵਾਹਰ ਨਗਰ, ਦਿੱਲੀ, 1983.

ਸਤੀਸ਼ ਚੰਦਰ ਚਟੋਪਾਧਿਆਇ (ਡਾ.) ਭਾਰਤੀਯ ਦਰਸ਼ਨ, ਪੁਸਤਕ ਭੰਡਾਰ ਪਟਨਾ, 1969, ਪਹਿਲਾ ਸੰਸਕਰਣ)

ਸੁਦਰਸ਼ਨ ਸਿੰਘ ਮਜੀਠੀਆ (ਡਾ.) ਸੰਤ ਸਾਹਿਤ, ਰੂਪ ਕਮਲ ਪ੍ਰਕਾਸ਼ਨ, ਦਿੱਲੀ, 1962.

ਸ਼ਿਆਮ ਸੁੰਦਰ ਸ਼ੁਕਲ (ਡਾ.) ਹਿੰਦੀ ਕਾਵਿਯ ਕੀ ਨਿਰਗੁਣ ਧਾਰਾ ਮੇਂ ਭਕਤੀ, ਕਾਸ਼ੀ ਹਿੰਦੂ ਵਿਸ਼ਵ ਵਿਦਿਆਲਾ, ਵਾਰਾਨਸੀ, 1964.

ਸੰਗਮ ਲਾਲ ਪਾਂਡੇ — *ਸੰਤ ਰੈਦਾਸ-ਵਿਅੱਕਤਿੱਤਵ ਐਵਮ ਕਰਿੱਤਵ*, ਸਾਹਿਤ ਵਾਣੀ, ਅਲਾਹਾਬਾਦ, 1970.

ਹਜ਼ਾਰੀ ਪ੍ਰਸਾਦ ਦਿਵੇਦੀ (ਡਾ.) — *ਮੱਧਕਾਲੀਨ ਧਰਮ ਸਾਧਨਾ*, ਸਾਹਿਤਯ ਭਵਨ, ਪ੍ਰਾ. ਲਿ. ਅਲਾਹਾਬਾਦ, 1962.

" — *ਨਾਥ ਸੰਪ੍ਰਦਾਇ*, ਨੈਵੇਧ ਨਿਕੇਤਨ, ਵਾਰਾਣਸੀ-5, 1966 (ਦੂਜਾ ਸੰਸਕਰਣ)

" — *ਸੂਰ ਸਾਹਿਤ*, ਹਿੰਦੀ ਗ੍ਰੰਥ ਰਤਨਾਕਰ, ਬੰਬਈ, 1961 (ਦੂਜਾ ਸੰਸਕਰਣ)

" — *ਕਬੀਰ*, ਰਾਜ ਕਮਲ ਪ੍ਰਕਾਸ਼ਨ, ਨਵੀਂ ਦਿੱਲੀ, 1969 (ਪਹਿਲਾ ਸੰਸ०

ਕਾਲਾ ਸ਼ੁਕਲਾ — *ਸੰਤ ਰੈਦਾਸ*, ਵਿਦਿਆ ਪ੍ਰਕਾਸ਼ਨ ਮੰਦਰ ਦਰੀਆਗੰਜ, ਦਿੱਲੀ, 1974.

ਕਪਿਲ ਦੇਵ ਪਾਂਡੇਵ (ਡਾ.) — *ਮਧਕਾਲੀਨ ਸਾਹਿਤ ਮੇਂ ਅਵਤਾਰਵਾਦ*, ਚੌਖੰਬਾ ਵਿਦਿਆ ਭਵਨ, ਵਾਰਾਨਸੀ, 2020 ਬਿ.

ਗੁਰਚਰਨ ਸਿੰਘ, ਪਤਮ — *ਸੰਤ ਰਵਿਦਾਸ: ਵਿਚਾਰਕ ਔਰ ਕਵੀ*, ਨਵਚਿੰਤਨ ਪ੍ਰਕਾਸ਼ਨ, ਜਲੰਧਰ, 1977.

ਗੁਰਮੁਖ ਨਿਹਾਲ ਸਿੰਘ (ਸੰਪਾ.) — *ਗੁਰੂ ਨਾਨਕ: ਜੀਵਨੀ, ਯੁੱਗ ਐਵਮ ਸ਼ਿਕਸ਼ਾਏਂ*, ਗੁਰੂ ਨਾਨਕ ਫਾਉਂਡੇਸ਼ਨ, ਨਵੀਂ ਦਿੱਲੀ, 1970.

ਗੋਬਿੰਦ ਤ੍ਰਿਗੁਣਾਇਤ (ਡਾ.) — *ਹਿੰਦੀ ਕੀ ਨਿਰਗੁਣ ਕਾਵਿਧਾਰਾ ਔਰ ਉਸ ਕੀ ਦਾਰਸ਼ਨਿਕ ਪਿੱਠ ਭੂਮੀ*, ਸਾਹਿਤ ਨਿਕੇਤਨ, ਕਾਨ੍ਹਪੁਰ, 1961.

ਜਗਬੀਰ ਸਿੰਘ, ਸੰਤ — *ਸ੍ਰੀ ਰਵਿਦਾਸ ਬਾਣੀ ਗ੍ਰੰਥ*, ਸ਼ਾਹਦਰਾ, ਦਿੱਲੀ-95.

" — *ਸੰਤ ਰਵਿਦਾਸ ਮਹਾਤਮਯ*, ਗੋਇਲ ਪ੍ਰਿੰਟਿੰਗ ਪ੍ਰੈਸ, ਬੜੌਤ, ਮੇਰਠ, 1971.

ਡੀ. ਪੀ. ਸਰੀਨ — *ਨੀਰ ਤੇ ਉਰ ਕੀਰ ਮੇਰੇ ਸਤਿਗੁਰ*, ਐਸ. ਚੰਦ ਐਂਡ ਕੰ., ਜਲੰਧਰ, 1977.

ਡੀ.ਪੀ. ਮੈਨੀ — ਰੈਦਾਸ, ਸਾਹਿਤ ਅਕਾਦਮੀ, ਨਵੀਂ ਦਿੱਲੀ, 1979.

ਤ੍ਰਿਲੋਕੀ ਨਾਰਾਇਣ ਦੀਕਸ਼ਿਤ — ਹਿੰਦੀ ਸੰਤ ਸਾਹਿਤ, ਰਾਜ ਕਮਲ ਪ੍ਰਕਾਸ਼ਨ, ਦਿੱਲੀ, 1960.

ਦੀਨ ਦਯਾਲ ਗੁਪਤ (ਡਾ.) — ਅਸ਼ਟਛਾਪ ਔਰ ਵਲਭ ਸੰਪ੍ਰਦਾਇ, ਨਾਗਰੀ ਪ੍ਰਚਾਰਿਣੀ ਸਭਾ, ਕਾਸ਼ੀ, ਸੰਮਤ 2031 ਬਿਕਰਮੀ।

ਨਾਭਾ ਸਵਾਮੀ — ਭਗਤਮਾਲਾ, ਤੇਜ ਕੁਮਾਰ ਪ੍ਰੈਸ, ਲਖਨਊ, 1964.

ਪ੍ਰਿਥਵੀ ਸਿੰਘ ਆਜ਼ਾਦ (ਆਚਾਰਯ) — ਰਵਿਦਾਸ ਦਰਸ਼ਨ, ਸ੍ਰੀ ਗੁਰੂ ਰਵਿਦਾਸ ਸੰਸਥਾਨ, ਚੰਡੀਗੜ੍ਹ, 1973.

" — ਰਵਿਦਾਸ, ਨੈਸ਼ਨਲ ਬੁੱਕ ਟਰੱਸਟ, ਦਿੱਲੀ।

ਪਰਸ਼ੂ ਰਾਮ ਚਤੁਰਵੇਦੀ — ਉੱਤਰੀ ਭਾਰਤ ਕੀ ਸੰਤ ਪਰੰਪਰਾ, ਭਾਰਤੀ ਭੰਡਾਰ ਲੀਡਰ ਪ੍ਰੈਸ, ਅਲਾਹਾਬਾਦ, 2021 ਬਿ.

ਪਿਤੰਬਰ ਦੱਤ ਬੜਥਵਾਲ (ਡਾ.) — ਹਿੰਦੀ ਕਾਵਿਯ ਮੇਂ ਨਿਰਗੁਣ ਸੰਪ੍ਰਦਾਇ, ਅਵਧ ਪਬਲਿਸ਼ਿੰਗ ਹਾਊਸ, ਪਾਨਦਰੀਬਾ, ਲਖਨਊ, (ਪਹਿਲਾ ਸੰਸਕਰਣ)

ਬੀ.ਪੀ. ਸ਼ਰਮਾ — ਭਗਤ ਰਤਨਾਵਲੀ, ਵਿਸ਼ਵ ਭਾਰਤੀ ਪ੍ਰਕਾਸ਼ਨ, ਚੰਡੀਗੜ੍ਹ, 2039 ਬਿ.

" — ਹਿੰਦੁਸਤਾਨ ਕੀ ਪੁਰਾਨੀ ਸਭਿਅਤਾ, ਵਿਸ਼ਵ ਭਾਰਤੀ ਪ੍ਰਕਾਸ਼ਨ, ਚੰਡੀਗੜ੍ਹ।

" — ਸੰਤ ਗੁਰੂ ਰਵਿਦਾਸ ਬਾਣੀ, ਵਿਸ਼ਵ ਭਾਰਤੀ ਪ੍ਰਕਾਸ਼ਨ, ਚੰਡੀਗੜ੍ਹ, 2035 ਬਿ.

" — ਸੰਤ ਰਵਿਦਾਸ ਕੀ ਭਗਤੀ ਸਾਧਨਾ, -ਉਹੀ- ,2037 ਬਿ.

ਬਦਰੀ ਨਾਰਾਇਣ ਸ੍ਰੀ ਵਾਸਤਵ — ਰਾਮਾਨੰਦ ਸੰਪਰਦਾਇ ਤਥਾ ਸਾਹਿਤ ਪਰ ਉਨਕਾ ਪ੍ਰਭਾਵ, ਹਿੰਦੀ ਪ੍ਰੀਸ਼ਦ, ਪਰਿਆਗ, 1975.

ਬਲਦੇਵ ਉਪਾਧਿਆਇ (ਡਾ.) — ਭਾਰਤੀਯ ਦਰਸ਼ਨ, ਅਮਰ ਭਾਰਤੀ ਪ੍ਰਕਾਸ਼ਨ, ਵਾਰਾਣਸੀ, 1978 (ਪਹਿਲਾ ਸੰਸਕਰਣ)

" — ਭਾਰਤੀਯ ਧਰਮ ਔਰ ਦਰਸ਼ਨ ਕਾ ਅਨੁਸ਼ੀਲਨ, ਸ਼ਾਰਦਾ ਸੰਸਥਾਨ ਵਾਰਾਣਸੀ, 1985 (ਪਹਿਲਾ ਸੰਸਕਰਣ)

ਮਨਮੋਹਨ ਸਹਿਗਲ(ਡਾ.) — ਗੁਰੂ ਗ੍ਰੰਥ ਸਾਹਿਬ— ਏਕ ਸਾਂਸਕ੍ਰਿਤਕ ਸਰਵੇਕਸ਼ਣ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1971.

" — ਸੰਤ ਕਾਵਿ ਕਾ ਦਾਰਸ਼ਨਿਕ ਵਿਸ਼ਲੇਸ਼ਣ, ਭਾਰਤੇਂਦੂ ਭਵਨ, ਚੰਡੀਗੜ੍ਹ, 1965.

ਮੁਨਸ਼ੀ ਰਾਮ ਸ਼ਰਮਾ(ਡਾ.) — ਭਕਤੀ ਕਾ ਵਿਕਾਸ, ਚੋਖੰਬਾ ਵਿਦਿਆ ਭਵਨ, ਵਾਰਾਣਸੀ, 1958 (ਪਹਿਲਾ ਸੰਸਕਰਣ)

ਯੋਗੇਂਦਰ ਸਿੰਘ — ਸੰਤ ਰੈਦਾਸ, ਅਕਸ਼ਰ ਪ੍ਰਕਾਸ਼ਨ, ਦਿੱਲੀ, 1972.

ਰਾਮ ਪੂਜਨ ਤਿਵਾੜੀ — ਸੂਫੀ ਮੱਤ-ਸਾਧਨਾ ਔਰ ਸਾਹਿਤਯ, ਗਿਆਨ ਮੰਡਲ, ਬਨਾਰਸ

ਰਾਮ ਚੰਦਰ ਸ਼ੁਕਲ(ਡਾ.) — ਹਿੰਦੀ ਸਾਹਿਤਯ ਕਾ ਇਤਿਹਾਸ, ਕਾਸ਼ੀ ਨਾਗਰੀ ਪ੍ਰਚਾਰਿਣੀ ਸਭਾ, ਕਾਸ਼ੀ, 2012 ਸੰਮਤ(10ਵਾਂ ਸੰਸਕਰਣ)

ਰਾਹੁਲ ਸਾਂਕ੍ਰਤਯਾਯਨ(ਪੰਡਿਤ) — ਦਰਸ਼ਨ ਦਿਗ ਦਰਸ਼ਨ, ਕਿਤਾਬ ਮਹਲ ਪ੍ਰਾਈਵੇਟ ਲਿਮ.,ਇਲਾਹਾਬਾਦ 1961.

ਰਾਮ ਕੁਮਾਰ ਵਰਮਾ(ਪ੍ਰੋ.) — ਹਿੰਦੀ ਸਾਹਿਤਯ ਕਾ ਆਲੋਚਨਾਤਮਕ ਇਤਿਹਾਸ, ਰਾਮ ਨਾਰਾਯਣ ਲਾਹਲ, ਇਲਾਹਾਬਾਦ, 1948 (ਦੂਜਾ ਸੰਸਕਰਣ)

ਰਾਮ ਕੁਮਾਰ ਵਰਮਾ (ਪ੍ਰੋ.) — ਸੰਤ ਕਬੀਰ, ਸਾਹਿਤਯ ਭਵਨ ਪ੍ਰ. ਲਿ.ਇਲਾਹਾਬਾਦ, 1966 (ਪੰਜਵਾਂ ਸੰਸਕਰਣ)

ਰਤਨ ਸਿੰਘ ਜੱਗੀ(ਡਾ.) — ਗੁਰੂ ਨਾਨਕ: ਵਿਅਕਤਿੱਤਵ, ਕ੍ਰਿੱਤਤਵ ਔਰ ਚਿੰਤਨ, ਭਾਸ਼ਾ ਵਿਭਾਗ ਪੰਜਾਬ, 1975.

ਰਾਧਾ ਕ੍ਰਿਸ਼ਨਨ(ਡਾ.) — ਭਾਰਤੀਯ ਦਰਸ਼ਨ(ਭਾਗ-2), ਰਾਜਪਾਲ ਐਂਡ ਸੰਨਜ਼, ਕਸ਼ਮੀਰੀ ਗੇਟ-ਦਿੱਲੀ-6, 1969.


## ਹਿੰਦੀ ਪੱਤ੍ਰਕਾਵਾਂ


ਪੰਜਾਬ ਸੌਰਭ, ਰਵਿਦਾਸ ਵਿਸ਼ੇਸ਼ ਅੰਕ, ਭਾਸ਼ਾ ਵਿਭਾਗ, ਪੰਜਾਬ ।

ਸਾਂਡਿਲਯ ਭਕਤਿ ਸੂਤਰ — ਗੀਤਾ ਪ੍ਰੈਸ ਗੋਰਖਪੁਰ

ਸਵੇਤਾਸ਼ਵਤਰੋਪਨਿਸ਼ਦ — -ਉਹੀ-

ਕਠੋਪਨਿਸ਼ਦ — -ਉਹੀ-

ਗੀਤਾ — -ਉਹੀ-

ਛਾਂਦੋਗਯ ਉਪਨਿਸ਼ਦ — -ਉਹੀ-

ਤੈਤਰੀਯੋਪਨਿਸ਼ਦ — -ਉਹੀ-

ਨਾਰਦ ਭਗਤੀ ਸੂਤਰ — -ਉਹੀ-

ਬ੍ਰਹਮ ਸੂਤਰ — -ਉਹੀ-

ਬ੍ਰਿਹਦਾਰਣਯੋਕਪਨਿਸ਼ਦ — -ਉਹੀ-

ਭਗਵਤ ਪੁਰਾਣ — -ਉਹੀ-

ਭਗਵਤ ਗੀਤਾ — -ਉਹੀ-

ਮੁੰਡਕੋਪਨਿਸ਼ਦ — -ਉਹੀ-

ਯੋਗ ਦਰਸ਼ਨ — -ਉਹੀ-

----

ENGLISH BOOKS


Avtar Singh(Dr.) — Ethics of the Sikhs, Punjabi Uni.Patiala, 1970.

Banerjee,Anil Chander — Guru Nanak and His Times, PUnjabi Uni. Patiala,1971.

Betty Hyman — Facets of Indian Thought, George Allen and Unwin Ltd.London,1964.

Darshan Singh(Dr.) — A Study of Bhagat Ravidass, Punjabi Uni. Patiala, 1980.

Edgar, S. Brightman — An Introduction of Philosophy, Held Richart and Winston, N.York,1963.

Evelyn Underhill — Mysticism, Methuen and Co.London,1952.

Ganda Singh — The Sikhs,Shiromani Gurdwara Parbandhak Committee,Amritsar.

Gobind Singh — Guru Nanak World Teacher, Indian Book House N.Delhi,1968.

Grierson & Johns — Bhakti Marg-In the Encyclopaedia of Religion & Ethics, Andenbervi, T.T.Clarck,1964.

James Hastings — Encyclopaedia of Religion & Ethics, Vol.XII, 1964.

Jodh Singh,Bhai(Dr.) — Gospel of Guru Nanak in his own Words, Language Department, Punjab,1969.

Kohli, S.S.(Dr.) — A Critical Study of Adi-Granth,Punjabi Writers Co-operative Industrial Society Ltd. New Delhi,1961.

" — Philosophy of Guru Nanak, Publication Bureau, Punjab University,Chandigarh,1969.

Mohan Singh Diwana,(Dr.) — A History of Panjabi Literature, Bharat Parkashan,ChowK Adda Hoshiarpur,July,1971.

Mohan Singh(Dr.) — An Introduction to Panjabi Literature, Kasturi Lal & Sons, Amritsar,1958.

Macauliffe,M.A. — The Sikh Religion, Indian Print,S.Chand & Co, New Delhi,1963.

Narang, G.C. (Dr.) — Transformation of Sikhism, New Book Society of India, New Delhi-IV-1956.

Radha Krishnan (Dr.) — Indian Philosophy, George Allen & Unwin, London, 1948.

Rande, R.D. — The Bhagwat Gita As a Philosophy of God Realisation, Bhartiya Vidya Bhawan, Bombay.

Ray Chowdhery, S.C. — Social, Cultural and Economic History, of India, Surjeet Publications, 7-K. Kolhapur Road, Kamla Nagar, Delhi-1983.

Robert.C.Neville — God the Creator, University of Chicago, 1968.

Srivastava, A.L. — The Sultanate of Delhi, (4th Edition) Shiva Lal Aggarwal & Co.Agra, 1964.

Shan, Harnam Singh (Dr.) — Guru Nanak in His own Words, Chief Khalsa Diwan Amritsar, 1969-70.

Talib, G.S. (Prof.) — Guru Nanak: His Personality and Vision, Gur Dass Kapur & Sons(P)Ltd. Chauri Bazar, Delhi-6, 1969.

Tara Chand (Dr.) — Influence of Islam on Indian Culture, Indian Press, Allahabad, 1946.

Upadhyaya, K.N. — Guru Ravidass: Life & Teachings, Radha Soami Satsang, Beas, 1982.

Wazir Singh (Dr.) — Aspects of Guru Nanak's Philosophy, Lahore Book Shop, Ludhiana, 1969.

Magazine

Guru Gobind Singh, Birthday Souvenir, Third Birth Centenary Celebration Committee--Takhat Harimandirji-Patna Sahib- January, 18, 1967.


539859